# ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤ

## (Gurmat Sangeet Vich Bharti Shastri Sangeet De Vibhin Tat)

THESIS SUBMITTED
FOR THE DEGREE OF
**DOCTOR OF PHILOSOPHY**
IN THE FACULTY OF LANGUAGE
TO
**PANJAB UNIVERSITY, CHANDIGARH**
1992

**Submitted by :**
**HARJUS KAUR**

PANJAB UNIVERSITY LIBRARY

DEPARTMENT OF GURU NANAK SIKH STUDIES
PANJAB UNIVERSITY, CHANDIGARH

## ਤਤਕਰਾ


| | | ਪੰਨਾ |
|---|---|---|
| | ਆਦਿਕਾ : | ੳ |
| ਅਧਿਆਇ ਪਹਿਲਾ | : ਗੁਰਮਤਿ ਸੰਗੀਤ ਉਤਪਤੀ ਤੇ ਵਿਕਾਸ | 1 |
| ਅਧਿਆਇ ਦੂਜਾ | : ਭਾਰਤੀ ਸ਼ਾਸਤਰੀ ਸੰਗੀਤ ਪਰਿਭਾਸ਼ਾ, ਸਿਧਾਂਤ ਤੇ ਸਰੂਪ (ਮੱਧਕਾਲੀਨ ਭਾਰਤੀ ਸੰਗੀਤ ਦੇ ਸੰਦਰਭ ਵਿਚ) | 72 |
| ਅਧਿਆਇ ਤੀਜਾ | : ਭਾਰਤੀ ਸੰਗੀਤ ਦੇ ਸੰਦਰਭ ਵਿਚ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ | 132 |
| ਅਧਿਆਇ ਚੌਥਾ | : ਸਿੱਖ ਕੀਰਤਨ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਦਾ ਸ਼ਾਸਤਰੀ ਅਧਿਐਨ (ਮੱਧਕਾਲੀਨ ਭਾਰਤੀ ਕੀਰਤਨ ਪਰੰਪਰਾ ਦੇ ਪ੍ਰਸੰਗ ਵਿਚ) | 254 |
| ਅਧਿਆਇ ਪੰਜਵਾਂ | : ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤ | 342 |
| | ਉਪਸੰਹਾਰ | 383 |
| | ਪੁਸਤਕ ਸੂਚੀ : | |
| | ਪੰਜਾਬੀ - | 393 |
| | ਹਿੰਦੀ - | 399 |
| | ਸੰਸਕ੍ਰਿਤ - | 403 |
| | ਅੰਗਰੇਜ਼ੀ - | 404 |
| | ਪਤ੍ਰਕਾਵਾਂ- | 404 |

## ਭੂਮਿਕਾ

ਪ੍ਰਸੰਨਤਾ ਦਾ ਵਿਸ਼ਾ ਹੈ ਕਿ ਗੁਰਮਤਿ ਸੰਗੀਤ ਨੂੰ ਸੰਗੀਤ ਜਗਤ ਵਿਚ ਸੁਤੰਤਰ ਤੌਰ 'ਤੇ ਪਹਿਚਾਣਿਆ ਜਾਣ ਲਗ ਪਿਆ ਹੈ ਅਤੇ ਸੁਤੰਤਰ ਪਰੰਪਰਾਵਾਂ ਵਜੋਂ ਇਸਦੇ ਨਿਖੇੜੇ ਦਾ ਰੁਝਾਨ ਖੋਜੀਆਂ ਲਈ ਉਤਸ਼ਾਹ ਜਨਕ ਵਿਸ਼ੇ ਵਜੋਂ ਪ੍ਰਚਲਿਤ ਹੋ ਰਿਹਾ ਹੈ । ਗੁਰਮਤਿ ਸੰਗੀਤ ਪ੍ਰਬੰਧ ਦਾ ਆਧਾਰ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਇਤਿਹਾਸ ਤੇ ਸਿੱਖ ਪਰੰਪਰਾਵਾਂ ਹਨ। ਇਹ ਸਰੋਤ ਕਿਉਂ ਜੋ ਸਿੱਧੇ ਤੌਰ 'ਤੇ ਕਿਸੇ ਸੰਗੀਤ ਦੀ ਸਿਧਾਂਤਕ ਪਰੰਪਰਾ ਦੀ ਵਿਆਖਿਆ ਨਹੀਂ ਕਰਦੇ ਅਤੇ ਨਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਮਤਿ ਸੰਗੀਤ ਦੇ ਸਿਧਾਂਤਾਂ ਨੂੰ ਸ਼ਾਸਤਰ ਦੇ ਪੱਧਰ 'ਤੇ ਉਲੇਖ ਕਰਨ ਦਾ ਸੰਕੇਤ ਮਿਲਦਾ ਹੈ। ਇਸ ਲਈ ਅਸੀਂ ਗੁਰਮਤਿ ਸੰਗੀਤ ਦੇ ਪ੍ਰਬੰਧ ਨੂੰ ਸਮਝਣ, ਵਿਚਾਰਨ ਤੇ ਇਸਦੀ ਮੌਲਿਕਤਾ ਨੂੰ ਪਹਿਚਾਨਣ ਲਈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫੁਰਮਾਨਾਂ, ਸੰਕੇਤਾਂ ਤੇ ਸਿਰਲੇਖਾਂ ਉਤੇ ਟੇਕ ਰਖਦੇ ਹਾਂ ਉਥੇ ਸਿੱਖ ਪਰੰਪਰਾ ਤੇ ਭਾਰਤੀ ਸੰਗੀਤ ਦੀ ਪਰੰਪਰਾ ਦੇ ਸ਼ਾਸਤਰ ਨੂੰ ਵੀ ਆਧਾਰ ਰੂਪ ਵਿਚ ਪ੍ਰਵਾਨ ਕਰਦੇ ਹਾਂ। ਗੁਰਮਤਿ ਸੰਗੀਤ ਪ੍ਰਬੰਧ ਨੂੰ ਪਰਖਣ ਤੇ ਨਿਰਖਣ ਦਾ ਸਾਡੇ ਕੋਲ ਪੈਮਾਨਾ ਭਾਰਤੀ ਸ਼ਾਸਤਰੀ ਸੰਗੀਤ ਵਾਲਾ ਹੀ ਹੈ ਅਤੇ ਇਸਦੀ ਮੌਲਿਕਤਾ ਨੂੰ ਪਛਾਨਣ ਅਤੇ ਭਾਰਤੀ ਸੰਗੀਤ ਨਾਲੋਂ ਨਿਖੇੜਨ ਹਿੱਤ ਅਸੀਂ ਸੰਗੀਤ ਸ਼ਾਸਤਰ ਦੇ ਸਿਧਾਂਤਾਂ ਨੂੰ ਹੀ ਪ੍ਰਯੋਗ ਕਰ ਸਕਦੇ ਹਾਂ ਕਿਉਂ ਕਿ ਗੁਰਮਤਿ ਸੰਗੀਤ ਵਿਚ ਮੂਲ ਉਪਕਰਣ ਅਤੇ ਤੱਤ ਤਕਨੀਕੀ ਸ਼ਬਦਾਵਲੀ ਭਾਰਤੀ ਸੰਗੀਤ ਵਾਲੀ ਹੀ ਪ੍ਰਯੋਗ ਕੀਤੀ ਗਈ ਹੈ ਭਾਵੇਂ ਇਸ ਪ੍ਰਯੋਗ ਦੀ ਵਿਧੀ ਤੇ ਵਿਧਾਨ ਵਿਚ ਮੌਲਿਕਤਾ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ।

ਹਰ ਸੰਗੀਤ ਵਿਦਿਆਰਥੀ ਦਾ ਫ਼ਰਜ਼ ਹੈ ਕਿ ਉਹ ਕਿਸੇ ਵੀ ਪਰੰਪਰਾ ਦੇ ਅਧਿਐਨ ਲਈ ਸੰਗੀਤ ਵਿਗਿਆਨਕ ਪਹੁੰਚ ਅਪਨਾਵੇ । ਇਸੇ ਤਰ੍ਹਾਂ ਅਸੀਂ ਵੀ ਗੁਰਮਤਿ ਸੰਗੀਤ ਦੇ ਅਧਿਐਨ ਲਈ ਆਪਣੀ ਪਹੁੰਚ ਨੂੰ ਸੰਗੀਤ ਦੇ ਵਿਗਿਆਨ ਦੇ ਆਧਾਰ 'ਤੇ ਕਰਦਿਆਂ ਆਪਣੇ ਵਿਸ਼ੇ ਦੀ ਚੋਣ ਕੀਤੀ ਹੈ। ਇਹ ਸਚਾਈ ਹੈ ਕਿ ਜਿੰਨਾਂ ਚਿਰ ਅਸੀਂ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਨਿਖੇੜਾ ਨਹੀਂ ਕਰ ਲੈਂਦੇ ਉਤਨਾ ਚਿਰ ਇਸ ਪਰੰਪਰਾ ਦੀ ਮੌਲਿਕ ਪਹਿਚਾਣ ਸੰਭਵ ਨਹੀਂ। ਇਸ ਲਈ ਇਸ ਦ੍ਰਿਸ਼ਟੀਕੋਣ ਤੋਂ ਇਸ ਦਿਸ਼ਾ ਵੱਲ ਆਰੰਭ ਕਰਦਿਆਂ ਅਸੀਂ 'ਗੁਰਮਤਿ ਸੰਗੀਤ ਵਿੱਚ ਸ਼ਾਸਤਰੀ ਸੰਗੀਤ ਦੇ ਤੱਤਾਂ' ਦਾ ਅਧਿਐਨ ਕਰਨ ਦਾ ਵਿਸ਼ਾ ਚੁਣਿਆ ਹੈ। ਅਸੀਂ ਆਪਣੇ ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਹੈ ਜੋ ਸਾਡੇ ਖੋਜ ਵਿਸ਼ੇ ਦੇ ਅਧਿਐਨ ਦਾ ਨਿਰਮਾਣ ਕਰਨ ਵਿਚ ਸਹਾਈ ਹੁੰਦੇ ਹਨ।

ਪ੍ਰਥਮ ਅਧਿਆਇ 'ਗੁਰਮਤਿ ਸੰਗੀਤ ਉਤਪਤੀ ਤੇ ਵਿਕਾਸ' ਸਿਰਲੇਖ ਅਧੀਨ ਗੁਰਮਤਿ ਸੰਗੀਤ ਦੀ ਮੁੱਢਲੀ ਜਾਣ ਪਛਾਣ, ਇਸਦੀ ਉਤਪਤੀ ਤੇ ਵਿਕਾਸ ਨੂੰ ਕ੍ਰਮਬੱਧ ਸਿਲਸਿਲੇ ਵਾਰ ਵਿਧੀ ਦੁਆਰਾ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁਰਮਤਿ ਸੰਗੀਤ ਦੀ ਪਹਿਚਾਣ ਨੂੰ ਉਜਾਗਰ ਕਰਨ ਵਾਲੇ ਬੁਨਿਆਦੀ ਨੁਕਤੇ ਸਾਡੇ ਅਧਿਐਨ ਦਾ ਵਿਸ਼ੇਸ਼ ਆਧਾਰ ਹਨ। ਇਸ ਲਈ ਇਸ ਸੰਗੀਤ ਪਰੰਪਰਾ ਦੀਆਂ ਵਿਲੱਖਣਤਾਵਾਂ ਨੂੰ ਸਿਲਸਿਲੇ ਵਾਰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸੇ ਦ੍ਰਿਸ਼ਟੀ ਤੋਂ ਗੁਰਮਤਿ ਸੰਗੀਤ ਪ੍ਰਬੰਧ ਦੀ ਕਾਰਜਸ਼ੀਲਤਾ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਾਡੇ ਖੋਜ ਕਾਰਜ ਦਾ ਦੂਸਰਾ ਅਧਿਆਇ 'ਭਾਰਤੀ ਸ਼ਾਸਤਰੀ ਸੰਗੀਤ ਪਰਿਭਾਸ਼ਾ, ਸਿਧਾਂਤ ਤੇ ਸਰੂਪ' ਹੈ। ਇਸ ਅਧਿਆਇ ਵਿਚ ਭਾਰਤੀ ਸ਼ਾਸਤਰੀ ਸੰਗੀਤ ਨੂੰ ਪਰਿਭਾਸ਼ਿਤ ਕਰਦਿਆਂ ਇਸਦੇ ਸਿਧਾਂਤਾਂ ਤੇ ਸਰੂਪਾਂ ਨੂੰ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੇ ਸੰਦਰਭ ਵਿਚ ਵਿਚਾਰਿਆ ਗਿਆ ਹੈ ਕਿਉਂ ਜੋ ਗੁਰਮਤਿ ਸੰਗੀਤ ਦੀ ਉਤਪਤੀ ਤੇ ਵਿਕਾਸ ਮੱਧਕਾਲ ਨਾਲ ਸੰਬੰਧਿਤ ਹੈ ਇਸਲਈ ਮੱਧ ਕਾਲ ਵਿਚ ਪ੍ਰਚੱਲਿਤ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਅਧਿਐਨ ਲਾਜ਼ਮੀ ਹੋ ਜਾਂਦਾ ਹੈ। ਇਸ ਅਧਿਆਇ ਵਿਚ ਸਾਡਾ ਇਹ ਯਤਨ ਰਿਹਾ ਹੈ ਕਿ ਭਾਰਤੀ ਸ਼ਾਸਤਰੀ ਸੰਗੀਤ ਨੂੰ ਇਸਦੀਆਂ ਸਮਕਾਲੀਨ, ਮੱਧਕਾਲੀਨ ਸੰਗੀਤਕ ਪਰੰਪਰਾਵਾਂ ਦੇ ਸੰਦਰਭ ਵਿਚ ਵਿਗਿਆਨਕ ਪੱਧਰ 'ਤੇ ਵਿਸ਼ਲੇਸ਼ਿਤ ਕੀਤਾ ਜਾਵੇ ਤਾਂ ਜੋ ਇਸ ਤੋਂ ਉਘੜਨ ਵਾਲੇ ਨਕਸ਼ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤ ਲੱਭਣ ਵਿਚ ਸਹਾਈ ਹੋ ਸਕਣ।

'ਭਾਰਤੀ ਸੰਗੀਤ ਦੇ ਸੰਦਰਭ ਵਿਚ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ' ਨਾਮਕ ਤੀਸਰਾ ਅਧਿਆਇ ਹੈ ਜਿਸ ਵਿਚ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਦਾ ਸਿਧਾਂਤ ਤੇ ਸਰੂਪ ਵਿਆਖਿਆ ਸਹਿਤ ਪ੍ਰਸਤੁਤ ਕੀਤਾ ਜਾ ਰਿਹਾ ਹੈ। ਇਸ ਵਿਚ ਸਾਡੇ ਅਧਿਐਨ ਦਾ ਆਧਾਰ ਸਰੋਤ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ, ਮੱਧਕਾਲੀਨ ਸੰਗੀਤ ਗ੍ਰੰਥ, ਸਿੱਖ ਧਰਮ ਨਾਲ ਸੰਬੰਧਿਤ ਹਵਾਲਾ ਗ੍ਰੰਥ ਅਤੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਦੀ ਕਿਰਿਆਤਮਕ ਪਰੰਪਰਾ

ਰਿਹਾ ਹੈ। ਅਸੀਂ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਗੁਰਮਤਿ ਸੰਗੀਤ ਦੀ ਕਿਰਿਆਤਮਕ ਪਰੰਪਰਾ ਵਿਚ ਕਾਰਜਸ਼ੀਲ ਰਾਗੀਆਂ, ਗੁਰਮਤਿ ਸੰਗੀਤ ਆਚਾਰੀਆਂ ਅਤੇ ਇਸ ਪਰੰਪਰਾ ਨੂੰ ਮਾਨਣ ਵਾਲੇ ਵੱਖ-ਵੱਖ ਸੰਗੀਤਕਾਰਾਂ ਦੇ ਵਿਚਾਰ ਵੀ ਜਾਣੇ ਜਾਣ । ਸਾਨੂੰ ਇਸ ਸੰਬੰਧ ਵਿਚ ਕੁਝ ਕਾਮਯਾਬੀ ਵੀ ਮਿਲੀ ਹੈ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991(ਗੁਰਦੁਆਰਾ ਗੁਰ ਗਿਆਨ ਪਰਕਾਸ਼,ਜਵੱਦੀ ਕਲਾਂ,ਲੁਧਿਆਣਾ) ਦੇ ਅਵਸਰ ਉਤੇ 'ਰਾਗ ਨਿਰਣਾਇਕ ਕਮੇਟੀ' ਦੁਆਰਾ ਨਿਰਧਾਰਤ ਰਾਗਾਂ ਦੇ ਸਰੂਪ ਅਤੇ ਕਿਰਿਆਤਮਕ ਪਰੰਪਰਾ ਵਿਚੋਂ ਵੱਖ-ਵੱਖ ਵਿਦਵਾਨਾਂ ਵਲੋਂ ਮਿਲ ਕੇ ਗ੍ਰਹਿਣ ਕੀਤੇ ਸਰੂਪ ਸਾਡੇ ਯਤਨ ਦੀ ਪੁਸ਼ਟੀ ਕਰਦੇ ਹਨ। ਇਸ ਅਧਿਆਇ ਵਿਚ ਸਾਡੀ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ, ਭਾਰਤੀ ਮੱਧਕਾਲੀਨ ਸ਼ਾਸਤਰੀ ਸੰਗੀਤ ਪਰੰਪਰਾ ਦੇ ਸੰਦਰਭ ਵਿਚ ਤੁਲਨਾਤਮਕ ਅਧਿਐਨ ਕਰਨ ਦੀ ਕੋਸ਼ਿਸ਼ ਰਹੀ ਹੈ ਤਾਂ ਕਿ ਗੁਰਮਤਿ ਸੰਗੀਤ ਦੀ ਮੌਲਿਕਤਾ ਤੇ ਵਿਲੱਖਣਤਾ ਨੂੰ ਉਜਾਗਰ ਕਰਦਿਆਂ ਇਸਦੀ ਵਿਲੱਖਣਤਾ ਨੂੰ ਨਿਰੂਪਤ ਕੀਤਾ ਜਾ ਸਕੇ।

ਮੱਧਕਾਲੀਨ ਭਾਰਤੀ ਕੀਰਤਨ ਪਰੰਪਰਾ ਦੇ ਪ੍ਰਸੰਗ ਵਿੱਚ 'ਸਿੱਖ ਕੀਰਤਨ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਦਾ ਸ਼ਾਸਤਰੀ ਅਧਿਐਨ' ਸਾਡੇ ਖੋਜ ਕਾਰਜ ਦਾ ਚੌਥਾ ਅਧਿਆਇ ਹੈ। ਇਸ ਅਧਿਆਇ ਵਿਚ ਪ੍ਰਯੁਕਤ ਸਮੂਹ ਗਾਇਨ ਸ਼ੈਲੀਆਂ ਦਾ ਅਧਿਐਨ ਸਰਬ ਪ੍ਰਥਮ ਵਿਸ਼ੇ ਅਤੇ ਸਰੂਪ ਦੇ ਪੱਧਰ 'ਤੇ ਵਰਗੀਕਰਣ ਤੋਂ ਆਰੰਭ ਹੈ। ਇਸ ਤੋਂ ਉਪਰੰਤ ਇਸ ਤਕਨੀਕ ਦਾ ਭਾਰਤੀ ਸ਼ਾਸਤਰੀ ਸੰਗੀਤ ਨਾਲ ਸੰਬੰਧ, ਵਿਸ਼ਲੇਸ਼ਣ, ਸਰੂਪ, ਸੁਰ ਲਿਪੀਆਂ ਅਤੇ ਗੁਰਮਤਿ ਸੰਗੀਤ ਤੇ ਸਿੱਖੀ ਜੀਵਨ ਵਿਚ ਇਨ੍ਹਾਂ ਦਾ ਵਿਵਹਾਰਕ ਪ੍ਰਚਲਨ ਸਾਡੇ ਅਧਿਐਨ ਤੇ ਵਿਸ਼ਲੇਸ਼ਣ ਦਾ ਕ੍ਰਮਵਾਰ ਖੋਜ ਮਾਰਗ ਰਿਹਾ ਹੈ।

ਅੰਤਮ ਅਧਿਆਇ ਜੋ ਕਿ ਸਾਡੇ ਖੋਜ ਕਾਰਜ ਦਾ ਮੂਲ ਵਿਸ਼ਾ ਹੈ। 'ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤ' ਦੇ ਅੰਤਰਗਤ ਉਪਰੋਕਤ ਚਾਰ ਅਧਿਆਵਾਂ ਤੋਂ ਪ੍ਰਾਪਤ ਖੋਜ ਉਪਲੱਬਧੀਆਂ ਤੇ ਵਿਸ਼ਲੇਸ਼ਣਾਤਮਕ ਨਤੀਜਿਆਂ ਦੇ ਆਧਾਰ 'ਤੇ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਦਾ ਆਧਾਰ ਜਿਥੇ ਪਹਿਲਾਂ ਗੁਰਮਤਿ ਸੰਗੀਤ ਵਿਚ ਸੰਬੰਧਿਤ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਪ੍ਰਯੋਗ ਦਰਸਾਇਆ ਹੈ ਉਥੇ ਇਸ ਦੇ ਨਾਲ ਹੀ ਇਸ ਦਾ ਭਾਰਤੀ ਸ਼ਾਸਤਰੀ ਸੰਗੀਤ ਵਿਚ ਸਰੂਪ ਤੇ ਸਿਧਾਂਤਾਂ ਨੂੰ ਵੀ ਪ੍ਰਗਟਾਇਆ ਹੈ। ਸਾਡੀ ਕੋਸ਼ਿਸ਼ ਇਹੋ ਰਹੀ ਹੈ ਕਿ ਅਸੀਂ ਨਿਸ਼ਚਿਤ ਕਰ ਸਕੀਏ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਨੂੰ ਕਿਸ ਰੂਪ ਤੇ ਕਿਸ ਵਿਧੀ ਨਾਲ ਪ੍ਰਯੋਗ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਪ੍ਰਯੋਗ ਦੀ ਮੌਲਿਕਤਾ ਤੇ ਵਿਲੱਖਣਤਾ ਦਰਸਾਉਣ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ ਕਿਉਂਕਿ ਇਹੋ ਵਿਸ਼ਲੇਸ਼ਣ ਗੁਰਮਤਿ ਸੰਗੀਤ ਦੀ ਮੌਲਿਕਤਾ ਨੂੰ ਪਹਿਚਾਨਣ ਅਤੇ ਸਮੂਹ ਪਰੰਪਰਾਵਾਂ ਨਾਲੋਂ ਨਿਖੇੜਨ ਲਈ ਸਹਾਇਕ ਸਿੱਧ ਹੋਵੇਗਾ।

ਗੁਰਮਤਿ ਸੰਗੀਤ ਪਰੰਪਰਾ ਸੰਬੰਧੀ ਹੋਣ ਵਾਲੇ ਅਗਲੇਰੇ ਅਧਿਐਨ ਕਾਰਜਾਂ ਲਈ ਇਹ ਕਾਰਜ ਲਾਹੇਵੰਦ ਸਿੱਧ ਹੋ ਸਕੇਗਾ ਅਤੇ ਗੁਰਮਤਿ ਸੰਗੀਤ ਪਰੰਪਰਾ ਦੀ ਸੁਤੰਤਰ ਪਹਿਚਾਣ ਨੂੰ ਕਿਰਿਆਤਮਕ ਰੂਪ ਵਿਚ ਸਜੀਵ ਰੱਖ ਸਕੇ। ਇਸ ਮਨੋਰਥ ਨਾਲ ਅਸੀਂ ਇਹ ਕਾਰਜ ਸਮੂਹ ਸੰਗੀਤ ਪ੍ਰੇਮੀਆਂ ਅਤੇ ਗੁਰਮਤਿ ਸੰਗੀਤ ਪ੍ਰੇਮੀਆਂ ਦੀ ਸੇਵਾ ਵਿਚ ਪ੍ਰਸੁਤਤ ਕਰ ਰਹੇ ਹਾਂ। ਇਸ ਖੋਜ ਕਾਰਜ ਦੀਆਂ ਪ੍ਰਾਪਤੀਆਂ ਅਤੇ ਉਪਲਬਧੀਆਂ ਮੇਰੇ ਖੋਜ ਨਿਗਰਾਨਾਂ, ਸਮੂਹ ਗਿਆਨ ਸਰੋਤਾਂ ਅਤੇ ਵਿਦਵਾਨ ਲੇਖਕਾਂ ਦੀਆਂ ਰਚਨਾਵਾਂ ਸਦਕਾ ਹਨ ਇਸ ਲਈ ਮੈਂ ਇਨ੍ਹਾਂ ਸਭਨਾਂ ਦੀ ਧੰਨਵਾਦੀ ਹਾਂ। ਇਸ ਖੋਜ ਕਾਰਜ ਵਿਚ ਕਈ ਨੁਕਤੇ ਹੋਰ ਵਧੇਰੇ ਖੋਜ ਦੀ ਮੰਗ ਕਰਦੇ ਹਨ। ਇਨ੍ਹਾਂ ਨੁਕਤਿਆਂ ਨੂੰ ਉਜਾਗਰ ਕਰਨਾ ਸਾਡੀ ਇਕ ਵਿਸ਼ੇਸ਼ ਪ੍ਰਾਪਤੀ ਹੈ । ਇਸ ਖੋਜ

ਕਾਰਜ ਵਿਚ ਰਹੀਆਂ ਤ੍ਰੁਟਤਾਈਆਂ ਕਿਸੇ ਨਾ ਕਿਸੇ ਰੂਪ ਵਿਚ ਮੇਰੀਆਂ ਅਤੇ ਮੇਰੇ ਖੋਜ ਕਾਰਜ ਦੀਆਂ ਸੀਮਾਵਾਂ ਕਰਕੇ ਹਨ। ਅੰਤ ਵਿਚ ਮੈਂ ਡਾ. ਦਰਸ਼ਨ ਸਿੰਘ ਜੀ ਚੇਅਰਮੈਨ ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਡਾ. ਗੁਰਨਾਮ ਸਿੰਘ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਨੂੰ ਸਫ਼ਲਤਾ ਸਹਿਤ ਸੰਪੰਨ ਕਰਨ ਵਿਚ ਮੈਨੂੰ ਭਰਪੂਰ ਅਗਵਾਈ ਦਿੱਤੀ। ਮੇਰੇ ਮਾਤਾ ਪਿਤਾ ਅਤੇ ਪਤੀ ਸ੍ਰ. ਕੰਵਰ ਹਰਮਿੰਦਰ ਸਿੰਘ ਜੀ ਵੀ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਜੀਵਨ ਦੇ ਬੇਹਤਰੀਨ ਸਾਲਾਂ ਵਿਚ ਮੈਨੂੰ ਇਸ ਖੋਜ ਕਾਰਜ ਨੂੰ ਸੰਪੂਰਨ ਕਰਨ ਲਈ ਸਮੂਹ ਪਰਿਵਾਰਕ ਜ਼ਿੰਮੇਵਾਰੀਆਂ ਆਪਣੇ ਸਿਰ ਲਈਆਂ। ਖ਼ਾਸ ਤੌਰ 'ਤੇ ਮੇਰੇ ਮਾਤਾ ਜੀ ਜਿਨ੍ਹਾਂ ਨੇ ਕੈਂਸਰ ਦੇ ਮਰੀਜ਼ ਹੁੰਦਿਆਂ ਹੋਇਆਂ ਵੀ ਇਸ ਕਾਰਜ ਦੌਰਾਨ ਮੇਰੀ ਬੇਟੀ ਦਾ ਪਾਲਣ ਪੋਸ਼ਣ ਕੀਤਾ। ਇਸ ਸਾਰੇ ਕਾਰਜ ਦੌਰਾਨ ਮੇਰੇ ਪਿਤਾ ਜੀ(ਸਹੁਰਾ) ਸ੍ਰ. ਦਲੀਪ ਸਿੰਘ ਬੰਦਾ ਮੇਰੀ ਪ੍ਰੇਰਣਾ ਦੇ ਸਰੋਤ ਰਹੇ ਇਸ ਲਈ ਮੈ ਉਨ੍ਹਾਂ ਦੀ ਵੀ ਅਤਿ ਧੰਨਵਾਦੀ ਹਾਂ। ਗੁਰੂ ਨਾਨਕ ਦੇ ਅਲਾਹੀ ਨਾਦ ਤੋਂ ਉਤਪੰਨ ਗੁਰਮਤਿ ਸੰਗੀਤ ਦੀ ਥਾਹ, ਪਾ ਸਕਣਾ ਮੇਰੇ ਜਿਹੀ ਅਲਪ ਬੁੱਧੀ ਲਈ ਕਠਿਨ ਹੀ ਨਹੀਂ ਅਸੰਭਵ ਵੀ ਹੈ । ਫਿਰ ਵੀ ਗੁਰਮਤਿ ਸੰਗੀਤ ਸੰਬੰਧੀ ਇਹ ਨਿਮਾਣਾ ਜਿਹਾ ਯਤਨ ਆਪ ਸਭ ਦੀ ਸੇਵਾ ਵਿਚ ਪ੍ਰਸੁਤੁਤ ਹੈ।

ਹਰਜਸ ਕੌਰ

( ਹਰਜਸ ਕੌਰ )

# ਪਹਿਲਾ ਅਧਿਆਇ

************

**********

********

******

*****

***

*

# ਗੁਰਮਤਿ ਸੰਗੀਤ - ਉਤਪਤੀ ਤੇ ਵਿਕਾਸ

ਗੁਰਮਤਿ ਸੰਗੀਤ ਭਾਰਤੀ ਸੰਗੀਤ ਦੀ ਇਕ ਨਿਵੇਕਲੀ ਅਤੇ ਵਿਲੱਖਣ ਪਰੰਪਰਾ ਹੈ। ਇਹ ਸਿੱਖ ਧਰਮ ਦੁਆਰਾ ਪ੍ਰਵਾਣਿਤ ਅਤੇ ਪ੍ਰਮਾਣਿਕ ਵਿਵਹਾਰਕ ਪਰੰਪਰਾ ਵਜੋ ਮੂਰਤੀਮਾਨ ਹੁੰਦੀ ਹੈ। ਇਸ ਪਰੰਪਰਾ ਦੀ ਵਿਵਹਾਰਿਕਤਾ ਇਸਦੀ ਵਿਸ਼ਿਸ਼ਟ ਸਿਧਾਂਤਿਕਤਾ ਉਪਰ ਆਧਾਰਿਤ ਹੈ ਜਿਸ ਦੇ ਵਿਕਾਸ ਦਾ ਨਿੱਜੀ, ਵਿਲੱਖਣ ਤੇ ਮੌਲਿਕ ਇਤਿਹਾਸ ਹੈ। ਇਸ ਸੰਗੀਤ ਪਰੰਪਰਾ ਦਾ ਆਰੰਭਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬਾਣੀ ਅਤੇ ਸੰਗੀਤ ਨੂੰ ਸੰਚਾਰ ਜੁਗਤ ਵਜੋਂ ਇਸਤੇ-ਮਾਲ ਕੀਤਾ। ਬਾਣੀ ਅਤੇ ਸੰਗੀਤ ਦੇ ਸੁਮੇਲ ਦੀ ਇਹ ਪਰੰਪਰਾ ਭਾਰਤੀ ਧਰਮਾਂ ਵਿਚ ਕਾਫੀ ਪੁਰਾਤਨ ਹੈ। ਭਾਰਤੀ ਪਰੰਪਰਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵਲੇ ਧਰਮ ਅਤੇ ਸੰਗੀਤ ਦੇ **ਅਨਿੱਖੜ** ਅੰਤਰੀਵੀ ਸੰਬੰਧਾਂ ਦੇ ਆਰੰਭ ਦਾ ਪ੍ਰਮਾਣਿਕ ਸਰੋਤ ਵੇਦ ਗ੍ਰੰਥ ਹੀ ਸਵੀਕਾਰੇ ਜਾਂਦੇ ਹਨ। ਇਸ ਤੋਂ ਇਲਾਵਾ ਕਿਉਂਕਿ ਭਾਰਤੀ ਮੱਤ ਵਿਚ ਸੰਗੀਤ ਦੀ ਉਤਪਤੀ ਦਾ ਆਧਾਰ ਵੀ ਧਾਰਮਿਕ ਹੀ ਸਵੀਕਾਰਿਆ ਜਾਂਦਾ ਹੈ। ਇਸ ਲਈ ਵਿਦਵਾਨ ਸੰਗੀਤ ਨੂੰ ਅਧਿਆਤਮਕ ਪਿੱਠ ਭੂਮੀ ਵਜੋਂ ਵੈਦਿਕ ਕਾਲ ਨਾਲ ਜੋੜਦੇ ਹਨ ਪਰੰਤੂ ਵੈਦਿਕ ਕਾਲ ਤੋਂ ਪੂਰਵ ਮਾਨਵ ਭਿੰਨ-ਭਿੰਨ ਵਿਧੀਆਂ ਦੁਆਰਾ ਜੋ ਪੂਜਾ ਕਰਦਾ ਸੀ ਉਸ ਵਿਚ ਵੀ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ। ਇਹ ਤੱਥ ਸਰਬ ਪ੍ਰਵਾਣਿਤ ਹੈ ਭਾਵੇਂ ਕਿ ਇਸ ਦੇ ਸਰੂਪ ਸੰਬੰਧੀ ਨਿਸ਼ਚਿਤ ਅਤੇ ਪ੍ਰਮਾਣਿਕ ਤੌਰ'ਤੇ ਕਹਿ ਸਕਣਾ ਕਾਫੀ ਕਠਿਨ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਵੈਦਿਕ ਕਾਲ ਤੋਂ ਪਹਿਲਾਂ ਅਤੇ ਬਾਅਦ ਵਿਚ ਸੰਗੀਤ ਭਾਰਤੀ ਅਧਿਆਤਮਕ ਪਰੰਪਰਾ ਦਾ ਅੰਗ ਰਿਹਾ ਹੈ। ਵੈਦਿਕ ਕਾਲ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ

ਸਮੇਂ ਤਕ ਦੀਆਂ ਸੰਗੀਤ ਦੀਆਂ ਵਿਭਿੰਨ ਧਾਰਾਵਾਂ ਅਤੇ ਪਰੰਪਰਾਵਾਂ ਪ੍ਰਚਾਰ ਵਿਚ ਰਹੀਆਂ ਹਨ। ਮੁੱਖ ਤੌਰ 'ਤੇ ਇਸੇ ਸਮੇਂ ਦੇ ਸੰਗੀਤ ਨੂੰ ਅਸੀਂ ਮਾਰਗੀ ਅਤੇ ਦੇਸ਼ੀ ਨਾਮਕ ਦੋ ਧਾਰਾਵਾਂ ਅਨੁਸਾਰ ਵਿਭਾਜਿਤ ਕਰ ਸਕਦੇ ਹਾਂ।

ਮਾਰਗੀ ਸੰਗੀਤ:

ਪ੍ਰਾਚੀਨ ਕਾਲ ਵਿਚ ਰਿਸ਼ੀਆਂ ਮੁਨੀਆਂ ਨੇ ਮੁਕਤੀ ਦੇ ਉਦੇਸ਼ ਤੋਂ ਇਸ ਸੰਗੀਤ ਦਾ ਪ੍ਰਯੋਗ ਕੀਤਾ। ਸ਼ਾਸਤਰਕਾਰਾਂ ਦੁਆਰਾ ਨਿਰਧਾਰਿਤ ਨਿਯਮਾਂ ਦਾ ਪਾਲਣ ਕਰ ਈਸ਼ਵਰ ਦੀ ਅਰਾਧਨਾ ਦੇ ਉਦੇਸ਼ ਤੋਂ ਜਿਸ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ ਉਸ ਨੂੰ 'ਮਾਰਗ ਸੰਗੀਤ' ਕਿਹਾ ਜਾਂਦਾ ਸੀ।[1] ਮਾਰਗੀ ਸੰਗੀਤ ਵਿਅਕਤੀਗਤ ਨਿਸ਼ਠਾ, ਕਠੋਰ ਸਾਧਨਾ ਅਤੇ ਸੰਜਮ 'ਤੇ ਆਧਾਰਿਤ ਸੀ। ਮਾਰਗੀ ਸੰਗੀਤ ਦੇ ਵਿਕਾਸ ਤੇ ਸ਼ਾਸਤਰਕਾਰਾਂ ਨੇ ਇਸ ਦੇ ਸ਼ਾਸਤਰ ਦੇ ਅਧਿਐਨ ਵੱਲ ਧਿਆਨ ਦਿੱਤਾ ਅਤੇ ਇਸ ਦੇ ਅਧਿਐਨ ਉਪਰੰਤ ਸ਼ਾਸਤਰ ਬੱਧ ਸ਼ਾਸਤਰੀ ਸੰਗੀਤ ਦਾ ਜਨਮ ਹੋਇਆ। ਇਸ ਤਰ੍ਹਾਂ ਸ਼ਾਸਤਰੀ ਸੰਗੀਤ ਪ੍ਰਾਚੀਨ ਕਾਲ ਵਿਚ ਪ੍ਰਚੱਲਿਤ ਮਾਰਗੀ ਸੰਗੀਤ ਦਾ ਹੀ ਪਰਿਵਰਤਿਤ ਰੂਪ ਹੈ ਜਿਸ ਬਾਰੇ ਅਸੀਂ ਦੂਸਰੇ ਅਧਿਆਇ ਜੋ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਹੈ ਵਿਚ ਚਰਚਾ ਕਰਾਂਗੇ ।

ਦੇਸ਼ੀ ਸੰਗੀਤ:

ਸ਼ਾਸਤਰੀ ਸੰਗੀਤ ਤੋਂ ਇਲਾਵਾ ਸਮੂਹ ਸੰਗੀਤ ਦੇਸ਼ੀ ਸੰਗੀਤ ਅਖਵਾਉਂਦਾ ਹੈ। ਭਿੰਨ-ਭਿੰਨ ਦੇਸਾਂ ਦੇ ਪ੍ਰਚੱਲਿਤ ਸੰਗੀਤ ਨੂੰ ਹੀ ਸ਼ਾਸਤਰਕਾਰਾਂ ਨੇ 'ਦੇਸ਼ੀ ਸੰਗੀਤ' ਦਾ ਨਾਮ ਦਿੱਤਾ ਹੈ।[2] ਦੇਸ਼ੀ ਸੰਗੀਤ ਜਾਂ ਲੋਕ ਸੰਗੀਤ ਪਰੰਪਰਾ ਜੋ ਸ਼ਾਸਤਰ ਦੇ

---

1- ਬੰਧੋਪਾਧਿਆਇ, ਸ੍ਰੀ ਪਦ . ਸੰਗੀਤ ਭਾਸ਼੍ਯ, ਪੰਨਾ 268

2- ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 63

ਨਿਯਮਾਂ ਤੋਂ ਸੁਤੰਤਰ ਹੈ। ਇਹ ਜਨ ਸਾਧਾਰਣ ਦੀ ਲੋਕ ਰੁੱਚੀ ਅਨੁਸਾਰ ਕਾਰਜਸ਼ੀਲ ਅਤੇ ਪਰਿਵਰਤਨਸ਼ੀਲ ਹੈ। ਦੇਸ਼ੀ ਸੰਗੀਤ ਮਨੁੱਖੀ ਜੀਵਨ ਨਾਲ ਸੰਬੰਧਿਤ ਰਸਮਾਂ ਰੀਤਾਂ ਦੇ ਪ੍ਰਭਾਵ ਅਧੀਨ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਪ੍ਰਚੱਲਿਤ ਸੀ। ਇਹ ਸੰਗੀਤ ਕਿਸੇ ਇਲਾਕੇ, ਖਿੱਤੇ ਜਾਂ ਜਾਤੀਦੇ ਲੋਕਾਂ ਦੀ ਮਾਨਸਿਕਤਾ ਸੰਗ ਇਕਮਿਕ ਹੋ ਕੇ ਉਪਜਦਾ ਹੈ ਜੋ ਇਲਾਕਾਈ ਪ੍ਰਭਾਵ ਸਦਕਾ ਭਾਸ਼ਾ ਤੇ ਸੰਗੀਤ ਵਿਚ ਵਿਲੱਖਣ ਤੇ ਮੌਲਿਕ ਪਹਿਚਾਣ ਸਹਿਤ ਉਜਾਗਰ ਹੁੰਦਾ ਹੈ। ਦੇਸ਼ੀ ਸੰਗੀਤ ਵੱਖ-ਵੱਖ ਇਲਾਕਿਆਂ, ਖਿੱਤਿਆ ਅਤੇ ਜਾਤਾਂ ਦੇ ਲੋਕਾਂ ਦਾ ਜਨਮ ਤੋਂ ਮੌਤ ਤੱਕ ਦੇ ਵਿਭਿੰਨ ਗੀਤਾਂ ਅਤੇ ਗੀਤ ਪ੍ਰਕਾਰਾਂ ਦੇ ਹੋਰ ਸੰਗੀਤਕ ਰੂਪਾਂ ਨਾਲ ਭਰਪੂਰ ਸੰਗੀਤ ਰੂਪ ਹੈ।

ਦੇਸ਼ੀ ਸੰਗੀਤ ਅਧੀਨ ਵੱਖ ਵੱਖ ਸੰਤਾਂ, ਭਗਤਾਂ ਅਤੇ ਵਿਸ਼ੇਸ਼ ਕਰਕੇ ਭਗਤੀ ਲਹਿਰ ਦੇ ਸੰਤ ਕਵੀਆਂ ਨੇ ਲੋਕ ਮਾਨਸਿਕਤਾ ਦੇ ਅਨੁਕੂਲ ਅਤੇ ਅਨੁਰੂਪ ਲੋਕ ਗੀਤ ਪ੍ਰਕਾਰਾਂ ਨੂੰ ਆਪਣੀ ਬਾਣੀ ਵਿਚ ਵਿਸ਼ੇਸ਼ ਸਥਾਨ ਦਿੱਤਾ। ਉਨ੍ਹਾਂ ਜਿੱਥੇ ਭਾਸ਼ਾ ਪੱਖੋਂ ਦੇਸ਼ੀ ਸੰਗੀਤ ਦੇ ਗੀਤ ਅਤੇ ਸਰਲ ਸੁਖੈਨ ਬੋਲੀ ਦਾ ਪ੍ਰਯੋਗ ਕੀਤਾ ਉਥੇ ਵਿਭਿੰਨ ਧੁਨਾਂ, ਸੁਰਾਵਲੀਆਂ ਅਤੇ ਗਾਇਨ ਰੂਪਾਂ ਨੂੰ ਵੀ ਸੰਗੀਤ ਰੂਪ ਵਿਚ ਅਪਣਾਇਆ ਹੈ।

ਸੰਗੀਤ ਅਤੇ ਧਰਮ ਦੇ ਗਹਿਰੇ ਰਿਸ਼ਤੇ ਦੇ ਅਨੇਕ ਪ੍ਰਮਾਣ ਉਪਲੱਬਧ ਹਨ। ਸੰਗੀਤ ਦੀ ਉਤਪਤੀ ਅਤੇ ਸੰਗੀਤ ਦੇ ਵਿਕਾਸ ਦੇ ਇਤਿਹਾਸ ਦੇ ਵਿਸ਼ਲੇਸ਼ਣ ਸਮੇਂ ਵਿਦਵਾਨਾਂ ਨੇ ਸੰਗੀਤ ਦੀ ਉਤਪਤੀ ਦੇ ਦੈਵੀ ਸਰੋਤ ਸਵੀਕਾਰੇ ਹਨ। ਇਸ ਸੰਬੰਧ ਵਿਚ ਕਈ ਹਵਾਲੇ ਤੇ ਦੰਦ ਕਥਾਵਾਂ ਪ੍ਰਚੱਲਿਤ ਹਨ ਜਿਨ੍ਹਾਂ ਵਿਚ ਬ੍ਰਹਮਾ[1], ਰੱਬੀ ਫ਼ਰਿਸ਼ਤੇ ਅਲਾਕਵੇਲਾ[2],

---

1- ਚਤੁਰਵੇਦੀ ਨ੍ਰਮਦੇਸ਼ਵਰ, ਨਿਬੰਧ ਸੰਗੀਤ(ਸੰਪਾ: ਲਕਸ਼ਮੀ ਨਰਾਇਣ ਗਰਗ)ਪੰਨਾ75.

2- ਜੋਸ਼ੀ, ਉਮੇਸ਼, ਭਾਰਤੀ ਸੰਗੀਤ ਦਾ ਇਤਿਹਾਸ,ਪੰਨਾ 3.

ਹਜ਼ਰਤ ਮੂਸਾ,[3] ਈਸਾ ਮਸੀਹ[4] ਤੇ ਦੇਵਦੂਤ ਜੀਵਾ[5] ਆਦਿ ਤੋਂ ਵਿਭਿੰਨ ਧਰਮ ਮੱਤਾਂ ਅਨੁਸਾਰ ਉਤਪਤੀ ਸਵੀਕਾਰਦੀ ਹੈ। ਉਤਪਤੀ ਤੋਂ ਇਲਾਵਾ ਭਾਰਤੀ ਸੰਗੀਤ ਸੰਬੰਧੀ ਪ੍ਰਚੱਲਿਤ ਮੁੱਢਲੀਆਂ ਪਰਿਭਾਸ਼ਾਵਾਂ ਵਿਚ ਵੀ ਇਸ ਧਰਮ ਤੇ ਧਾਰਮਿਕ ਦੇਵੀ ਦੇਵਤਿਆਂ ਨਾਲ ਅਟੁੱਟ ਸੰਬੰਧ ਦਰਸਾਇਆ ਗਿਆ ਹੈ ਜਿਵੇਂ ਕਿ "ਪ੍ਰਾਚੀਨ ਕਾਲ ਵਿਚ ਜਿਸ ਸੰਗੀਤ ਨੂੰ ਆਤਮ ਗਿਆਨ ਜਾਂ ਮੋਕਸ਼ ਪ੍ਰਾਪਤ ਕਰਨ ਲਈ ਮਹਾਮਾਨਵਾਂ ਦੁਆਰਾ ਅਪਣਾਇਆ ਗਿਆ ਉਸ ਵਿਸ਼ੇਸ਼ ਪ੍ਰਕਾਰ ਦੇ ਸੰਗੀਤ ਨੂੰ ਹੀ 'ਮਾਰਗ ਸੰਗੀਤ' ਕਿਹਾ ਜਾਂਦਾ ਹੈ।[6] ਇਸੇ ਤਰ੍ਹਾਂ ਇਕ ਹੋਰ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ:

"ਬ੍ਰਹਮਾ ਦੁਆਰਾ ਉਤਪੰਨ ਇਹ ਸੰਗੀਤ ਜਿਸਦਾ ਵਰਣਨ ਭਰਤ ਨੇ ਮਹਾਂਦੇਵ ਦੇ ਸਨਮੁਖ ਕੀਤਾ, ਮੁਕਤੀਦਾਤਾ ਹੈ ਅਤੇ ਇਸ ਨੂੰ 'ਮਾਰਗੀ ਸੰਗੀਤ' ਦਾ ਨਾਮ ਦਿੱਤਾ ਜਾਂਦਾ ਹੈ।"[7]

ਉਕਤ ਪਰਿਭਾਸ਼ਾ ਤੋਂ ਧਰਮ ਅਤੇ ਸੰਗੀਤ ਦਾ ਸੰਬੰਧ ਆਦਿ ਸਮੇਂ ਤੋਂ ਹੀ ਪ੍ਰਗਟ ਹੁੰਦਾ ਹੈ। ਮਾਨਵੀ ਜੀਵਨ ਦੇ ਵਿਕਾਸ ਅਧੀਨ ਭਿੰਨ-ਭਿੰਨ ਧਾਰਾਵਾਂ ਦੇ ਅੰਤਰਗਤ ਪ੍ਰਵਾਹਿਤ ਰਿਹਾ ਹੈ। ਇਹ ਧਾਰਾਵਾਂ ਮੁੱਖ ਰੂਪ ਵਿਚ ਮਾਰਗੀ ਅਤੇ ਦੇਸ਼ੀ ਕਰਕੇ ਜਾਣੀਆਂ ਜਾਦੀਆਂ ਰਹੀਆਂ ਹਨ। ਇਨ੍ਹਾਂ ਧਾਰਾਵਾਂ ਵਿਚ ਮਾਰਗੀ ਸੰਗੀਤ ਧਾਰਾ ਆਪਣੇ ਆਰੰਭਿਕ ਰੂਪ ਕਰਕੇ ਧਰਮ ਨਾਲ ਸੰਬੰਧਿਤ ਰਹੀ ਹੈ। ਵਿਭਿੰਨ ਧਾਰਮਿਕ ਪਰੰਪਰਾਵਾਂ ਆਸਥਾਵਾਂ ਤੇ ਮੱਤਾਂ ਵਿਚ ਸੰਗੀਤ ਦੇ ਪ੍ਰਯੋਗ ਨੂੰ ਉਤਸ਼ਾਹਿਤ ਕੀਤਾ ਹੈ।

---

3- ਜੋਸ਼ੀ ਉਮੇਸ਼, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 2

4- - - ਉਹੀ - - - - - - - - - - - - - -ਪੰਨਾ 9,10

5- - - ਉਹੀ - - - - - - - - - - - - - -ਪੰਨਾ 4

6- ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼੍ਯ, ਪੰਨਾ 268

7- ਚਤੁਰਵੇਦੀ ਨ੍ਰਮਦੇਸ਼ਵਰ, ਨਿਬੰਧ ਸੰਗੀਤ, (ਸੰਪਾ: ਲਕਸ਼ਮੀ ਨਰਾਇਣ ਗਰਗ) ਪੰਨਾ 75

ਭਾਰਤੀ ਪਰੰਪਰਾ ਅਨੁਸਾਰ ਧਰਮਾਂ ਦੇ ਵਿਕਾਸ ਅਧੀਨ ਪ੍ਰਯੁਕਤ ਹੋਣ ਵਾਲੀਆਂ ਵਿਭਿੰਨ ਸੰਗੀਤ ਪਰੰਪਰਾਵਾਂ ਨੂੰ ਅਸੀਂ ਸਮੁੱਚੇ ਤੌਰ'ਤੇ ਅਧਿਆਤਮਕ ਸੰਗੀਤ(Spiritual Music ) ਦਾ ਨਾਮ ਦਿੱਤਾ ਹੈ ਜਿਸ ਦੇ ਅੰਤਰਗਤ ਵੈਦਿਕ ਸੰਗੀਤ ਤੋਂ ਲੈ ਕੇ ਗੁਰਮਤਿ ਸੰਗੀਤ ਤਕ ਦੀਆਂ ਸਮੂਹ ਧਾਰਮਿਕ ਸੰਗੀਤ ਪਰੰਪਰਾਵਾਂ ਆ ਜਾਂਦੀਆਂ ਹਨ। ਇਨ੍ਹਾਂ ਸੰਗੀਤ ਪਰੰਪਰਾਵਾਂ ਵਿਚ ਪ੍ਰਯੋਗ ਹੋਣ ਵਾਲੇ ਮੂਲ ਉਪਕਰਣ ਅਤੇ ਤੱਤ ਤਾਂ ਭਾਵੇਂ ਭਾਰਤੀ ਸੰਗੀਤ ਵਿਚੋਂ ਹੀ ਲਏ ਗਏ ਹਨ ਪਰ ਇਸ ਦੇ ਨਾਲ ਇਹ ਪਰੰਪਰਾਵਾਂ ਇਲਾਕਾਈ, ਸਮਕਾਲੀਨ ਅਤੇ ਵਿਵਿਧ ਪ੍ਰਭਾਵੀ ਸੰਗੀਤ ਪਰੰਪਰਾਵਾਂ ਤੋਂ ਵੀ ਪ੍ਰਭਾਵ ਗ੍ਰਹਿਣ ਕਰਦੀਆਂ ਹਨ। ਭਾਰਤੀ ਧਰਮਾਂ ਦੀਆਂ ਇਨ੍ਹਾਂ ਪਰੰਪਰਾਵਾਂ ਵਿੱਚ ਸੰਗੀਤ ਨੂੰ ਇਕ ਸੰਚਾਰ ਮਾਧਿਅਮ ਦੇ ਤੌਰ'ਤੇ ਸਵੀਕਾਰਿਆ ਗਿਆ ਹੈ ਅਤੇ ਇਨ੍ਹਾਂ ਵਿਚ ਸੰਗੀਤ ਦਾ ਕਿਸੇ ਗੰਭੀਰ ਚਿੰਤਨ ਜਾਂ ਵਿਕਾਸ ਆਦਿ ਦੇ ਪਹਿਲੂਆਂ ਨੂੰ ਦੂਜੈਲਾ ਸਥਾਨ ਹੀ ਪ੍ਰਾਪਤ ਹੋਇਆ ਹੈ ਕਿਉਂ ਜੋ ਇਹ ਪਰੰਪਰਾਵਾਂ ਮੂਲ ਰੂਪ ਵਿੱਚਆਪੋ ਆਪਣੇ ਧਰਮ ਪਰੰਪਰਾ ਨਾਲ ਜੁੜੀਆਂ ਹੋਈਆਂ ਸਨ। ਇਸਦੇ ਨਾਲ ਅਧਿਆਤਮਕ ਸੰਗੀਤ ਦੀਆਂ ਇਨ੍ਹਾਂ ਪਰੰਪਰਾਵਾਂ ਵਿੱਚੋਂ ਕੁਝ ਪਰੰਪਰਾਵਾਂ ਨੇ ਆਪਣੇ ਧਾਰਮਿਕ ਸੰਗੀਤ ਦੁਆਰਾ ਵਿਲੱਖਣ ਪਹਿਚਾਣ ਵੀ ਬਣਾਈ ਹੈ ਜਿਨ੍ਹਾਂ ਵਿਚੋਂ ਗੁਰਮਤਿ ਸੰਗੀਤ ਇਕ ਹੈ। ਗੁਰਮਤਿ ਸੰਗੀਤ ਪਰੰਪਰਾ ਨੇ ਵੀ ਇਕ ਸੁਨਿਸ਼ਚਿਤ ਵਿਧੀ ਪੂਰਵਕ ਅਤੇ ਵਿਗਿਆਨਕ ਅਧਿਆਤਮਕ ਸੰਗੀਤ ਪ੍ਰਬੰਧ ਵੀ ਸਿਰਜਿਆ ਹੈ ਜੋ ਸਾਡੀ ਖੋਜ ਦਾ ਵਿਸ਼ਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਪਰੰਪਰਾ ਦੀ ਉਤਪਤੀ, ਵਿਕਾਸ ਅਤੇ ਪ੍ਰਬੰਧ ਸੰਬੰਧੀ ਕੁਝ ਵਿਚਾਰ ਕਰੀਏ ਇਸ ਪਰੰਪਰਾ ਤੋਂ ਪੂਰਵਲੀਆਂ ਅਤੇ ਸਮਕਾਲੀਨ ਅਧਿਆਤਮਕ ਸੰਗੀਤ ਪਰੰਪਰਾਵਾਂ ਦਾ ਸੰਖੇਪ ਰੂਪ ਵਿਚ ਅਧਿਐਨ ਕਰਨਾ ਅਨਿਵਾਰਯ ਪ੍ਰਤੀਤ ਹੁੰਦਾ ਹੈ।

## ਗੁਰਮਤਿ ਸੰਗੀਤ ਦੀ ਪਿੱਠ ਭੂਮੀ

ਗੁਰਮਤਿ ਸੰਗੀਤ ਦੀ ਪਿੱਠ ਭੂਮੀ ਉੱਤੇ ਇਕ ਵਿਸ਼ਾਲ ਤੇ ਪ੍ਰਾਚੀਨ ਭਾਰਤੀ ਪਰੰਪਰਾ ਦਾ ਵਡੇਰਾ ਇਤਿਹਾਸ ਮੌਜੂਦ ਹੈ। ਸੰਗੀਤ ਦੇ ਸੰਦਰਭ ਵਿਚ ਇਸ ਪਰੰਪਰਾ ਦੇ ਹਵਾਲੇ ਇਤਿਹਾਸ, ਸੰਗੀਤ ਇਤਿਹਾਸ, ਸੰਗੀਤ ਦੀ ਸਿਧਾਂਤਕ ਪਰੰਪਰਾ ਤੇ ਇਸਦੀ ਸਜੀਵ ਕਿਰਿਆਤਮਕ ਪਰੰਪਰਾ 'ਚੋਂ ਉਪਲੱਬਧ ਹਨ। ਇਨ੍ਹਾਂ ਸਰੋਤਾਂ ਦੇ ਆਧਾਰ'ਤੇ ਅਸੀਂ ਸੰਗੀਤ ਦੀਆਂ ਪੂਰਵਲੀਆਂ ਤੇ ਸਮਕਾਲੀਨ ਪਰੰਪਰਾਵਾਂ ਦੇ ਸੰਦਰਭ ਵਿਚ ਸੰਗੀਤ ਇਤਿਹਾਸ ਨੂੰ ਵਿਭਿੰਨ ਕਾਲਾਂ ਦੇ ਅੰਤਰਗਤ ਵਿਚਾਰਾਂਗੇ ।

<u>ਵੈਦਿਕ ਸੰਗੀਤ</u>: ਵੇਦਾਂ ਨੂੰ ਭਾਰਤੀ ਸੰਗੀਤ ਤੇ ਸੰਗੀਤ ਪਰੰਪਰਾ ਦਾ ਆਰੰਭਿਕ ਸਰੋਤ ਸਵੀਕਾਰਿਆ ਜਾਂਦਾ ਹੈ ਅਤੇ ਵੈਦਿਕ ਸੰਗੀਤ ਭਾਰਤੀ ਅਧਿਆਤਮਕ ਸੰਗੀਤ ਦਾ ਉਪਲੱਬਧ ਪ੍ਰਾਰੰਭਿਕ ਪ੍ਰਮਾਣਿਕ ਰੂਪ ਹੈ। ਚਾਰ ਵੇਦ ਗ੍ਰੰਥਾਂ ਵਿਚੋਂ ਇਕ ਸਾਮਵੇਦ ਦਾ ਸੰਬੰਧ ਗਾਇਨ ਤੇ ਸੰਗੀਤ ਨਾਲ ਹੈ। ਇਸੇ ਨੂੰ ਭਾਰਤੀ ਸੰਗੀਤ ਸ਼ਾਸਤਰ ਦਾ ਪ੍ਰਥਮ ਸਰੋਤ ਮੰਨਿਆ ਜਾਂਦਾ ਹੈ। ਸਾਮ ਗਾਇਨ ਸੰਬੰਧੀ ਧਾਰਣਾ ਹੈ ਕਿ ਸਾਮਦੇਵ ਦੇ ਮੰਤਰਾਂ ਦਾ ਗਾਇਨ ਰਿਸ਼ੀਆਂ ਦੁਆਰਾ ਧਾਰਮਿਕ ਸਮਾਗਮਾਂ ਜਿਵੇਂ ਕਿ ਯੱਗ, ਹਵਨ ਆਦਿ ਸਮੇਂ ਦੇਵੀ-ਦੇਵਤਿਆਂ ਦੀ ਮਹਿਮਾ ਲਈ ਕੀਤਾ ਜਾਂਦਾ ਸੀ। ਵੇਦ ਵਾਕਿਆਂ ਵਿਚ ਸਮਝਾਏ ਹੋਏ ਇਸ ਸੰਗੀਤ ਨੂੰ ਉਪਯੋਗ ਵਿਚ ਲਿਆਉਂਦੇ ਹੋਏ ਬ੍ਰਾਹਮਣ ਅਤੇ ਵਿਦਵਾਨ ਜਨ ਇਸ ਲੋਕ ਅਤੇ ਪਰਲੋਕ ਦੇ ਮੋਕਸ਼ ਸੁੱਖ ਨੂੰ ਜਲਦੀ ਹੀ ਪ੍ਰਾਪਤ ਕਰ ਲੈਂਦੇ ਸਨ।[1] ਸਾਮਵੇਦ ਵਿਚ ਅੰਕਿਤ ਮੰਤਰਾਂ ਦਾ ਗਾਇਨ ਸ਼ੁਰੂ ਵਿਚ ਉਦਾਤ, ਅਨੁਦਾਤ ਅਤੇ ਸਵਰਿਤ ਤਿੰਨਾਂ ਸੁਰਾਂ'ਤੇ ਕੀਤਾ ਜਾਂਦਾ ਸੀ। ਇਨ੍ਹਾਂ ਤਿੰਨਾਂ ਤੋਂ ਬਾਅਦ ਹੌਲੀ

---

1- ਅਹੋਬਲ, ਸੰਗੀਤ ਪਾਰਿਜਾਤ,(ਅਨੁ. ਪੰਡਿਤ ਕਲਿੰਦ ਜੀ) ਪੰਨਾ 1

ਹੌਲੀ ਸਵਰਾਂ 'ਚ ਵਾਧੇ ਨਾਲ ਸੰਪੂਰਣ ਸਪਤਕ ਹੋਂਦ ਵਿਚ ਆਇਆ। ਵੈਦਿਕ ਕਾਲ ਵਿਚ ਰਿਚਾਵਾਂ(ਮੰਤਰ) ਇਕ ਜਾਤੀ ਦੇ ਰੂਪ ਵਿਚ ਉਚਾਰੇ ਜਾਂਦੇ ਸਨ। ਇਨ੍ਹਾਂ ਵਿਚੋਂ ਕੁਝ ਇਕ ਸੁਰਬੱਧ ਵੀ ਕੀਤੇ ਗਏ ਅਤੇ ਇਵੇਂ ਛੇਤੀ ਹੀ ਗਾਇਕ ਪ੍ਰੋਹਤਾਂ ਦੀ ਇਕ ਸ਼੍ਰੇਣੀ ਹੋਂਦ ਵਿਚ ਆ ਗਈ। ਇਹ ਮੰਤਰ ਠੀਕ ਉਚਾਰਨ ਦੀ ਤੇ ਖਾਸ ਸ਼ਬਦਾਂ 'ਤੇ ਵਿਸ਼ੇਸ਼ ਵਜ਼ਨ ਦੀ ਮੰਗ ਕਰਦੇ ਸਨ ਅਤੇ ਇਨ੍ਹਾਂ ਦਾ ਵਿਸਤਾਰ ਲੰਮੇ ਸਮੇਂ ਤਕ ਹੁੰਦਾ ਸੀ। ਇਸ ਲਈ ਇਨ੍ਹਾਂ ਦੇ ਉਚਾਰਨ ਲਈ ਆਵਾਜ਼ ਦੇ ਲਹਾਉ ਚੜ੍ਹਾਉ ਅਤੇ ਵਿਚਕਾਰਲੇ ਠਹਿਰਾਵਾਂ ਦੀ ਬਹੁਤ ਲੋੜ ਹੁੰਦੀ ਸੀ। ਇਸ ਪ੍ਰਕਾਰ ਅਚੇਤ ਹੀ, ਰਾਗਾਤਮਕਤਾ ਅਤੇ ਲੈਅ ਦੇ ਜ਼ਰੂਰੀ ਤੱਤ ਪ੍ਰਸਿੱਧ ਹੋ ਗਏ। ਆਰੰਭ ਵਿਚ ਗੀਤਕਾ ਜਾਂ ਗੀਤ ਦਾ ਰੂਪ ਸਾਦਾ ਤੇ ਸੰਖੇਪ ਹੋਣਾ ਕੁਦਰਤੀ ਹੀ ਸੀ। ਹੌਲੀ ਹੌਲੀ ਇਸ ਦੀਆਂ ਹੱਦਾਂ ਫੈਲੀਆਂ ਅਤੇ ਇਹ ਸਪਤਕ ਦੇ ਵੱਡੇ ਹਿੱਸੇ ਵਿਚ ਪਸਾਰ ਕਰਨ ਲੱਗਾ। ਇਹੋ ਗੱਲ ਤਾਲ ਜਾਂ ਲੈਅ ਬਾਰੇ ਠੀਕ ਸੀ। ਇਕ ਸਾਧਾਰਨ ਅੰਤਰਾਲ ਤੋਂ ਲੈਅ ਸਮੇਂ ਦੇ ਚੱਕਰਾਂ ਦੇ ਇਕ ਉਨੱਤ ਵਿਗਿਆਨ ਵਿਚ ਤਬਦੀਲ ਹੋ ਗਈ।[1]

<u>ਰਾਮਾਇਣ ਅਤੇ ਮਹਾਂਭਾਰਤ ਕਾਲ ਵਿਚ ਸੰਗੀਤ</u>: ਰਾਮਾਇਣ ਅਤੇ ਮਹਾਂਭਾਰਤ ਕਾਲ ਵਿਚ ਸਤੋਤਰ ਗਾਇਨ ਪਰੰਪਰਾ ਪ੍ਰਚੱਲਿਤ ਸੀ ਜੋ ਭਾਰਤੀ ਸੰਗੀਤ ਵਿਚ ਵਿਸ਼ਿਸ਼ਟ ਸਥਾਨ ਰੱਖਦੀ ਹੈ। ਸਤੋਤਰਾਂ ਦੇ ਗਾਇਨ ਲਈ ਸਾਮ ਅਤੇ ਸਤੋਤਰਾਂ ਤੋਂ ਬਿਨਾਂ ਜਾਤੀ ਗਾਇਨ ਵੀ ਪ੍ਰਚਾਰ ਵਿਚ ਸੀ, ਜਿਸ ਨੂੰ ਸਾਮ ਦੀ ਤਰ੍ਹਾਂ ਹੀ ਪਵਿੱਤਰ ਅਤੇ ਉੱਤਮ ਮੰਨਿਆਂ ਜਾਂਦਾ ਸੀ। ਪੰਡਿਤ ਸ਼ਾਰੰਗਦੇਵ ਨੇ ਜਾਤੀ ਦੇ ਸੰਬੰਧ ਵਿਚ ਲਿਖਿਆ ਹੈ ਕਿ 'ਜਾਤੀਆਂ ਬ੍ਰਹਮ ਹੱਤਿਆ ਦੇ ਪਾਬ ਤੋਂ ਵੀ ਮੁਕਤੀ ਦਿਵਾਉਣ ਵਾਲੀਆਂ ਹਨ। ਜਿਸ ਤਰ੍ਹਾਂ ਰਿਕ ਯਜੂ ਤੇ ਸਾਮ ਵਿਚ ਪਰਿਵਰਤਿਤ ਨਹੀਂ

---

1. Ranade, G.H. <u>Hindustani Music: Its Physics and Aesthetics</u>, Page 1-2

ਕੀਤਾ ਜਾ ਸਕਦਾ। ਉਸੇ ਤਰ੍ਹਾਂ ਸਾਮ ਤੋਂ ਉਪਜੀਆਂ ਜਾਤੀਆਂ ਵਿਚ ਵੀ ਪਰਿਵਰਤਨ ਨਹੀਂ ਹੁੰਦਾ।[1] ਸ੍ਰੀ ਕ੍ਰਿਸ਼ਨ ਜੀ ਨੂੰ ਬੰਸਰੀ ਵਾਦਨ ਦੇ ਨਾਲ-ਨਾਲ ਗਾਇਨ ਅਤੇ ਨ੍ਰਿਤ ਕਲਾ ਵਿੱਚ ਵੀ ਨਿਪੁੰਨ ਮੰਨਿਆ ਜਾਂਦਾ ਹੈ। ਇਸੇ ਕਾਲ ਦੇ ਰਾਮ ਭਗਤ ਹਨੂੰਮਾਨ ਜੀ ਬਾਰੇ ਇਹ ਕਿਹਾ ਜਾਂਦਾ ਹੈ ਕਿ 'ਰਾਗ ਗ੍ਰੰਥਕ੍ਰਿਆ' ਦਾ ਪਹਿਲੀ ਵਾਰ ਗਾਇਨ ਸ੍ਰੀ ਹਨੂੰਮਾਨ ਜੀ ਦੁਆਰਾ ਹੋਇਆ।[2]

ਰਾਮਾਇਣ ਅਤੇ ਮਹਾਂਭਾਰਤ ਕਾਲ ਵਿਚ ਮਹਾਂਰਿਸ਼ੀ ਬਾਲਮਿਕੀ ਦੁਆਰਾ ਰਚਿਤ 'ਰਾਮਾਇਣ' ਅਤੇ ਸ੍ਰੀ ਵੇਦ ਵਿਆਸ ਜੀ ਦੁਆਰਾ ਲਿਖਿਤ 'ਮਹਾਂਭਾਰਤ.'ਮਹਾਨ ਗ੍ਰੰਥ ਹਨ। ਇਹ ਗ੍ਰੰਥ ਜਿੱਥੇ ਕਾਵਿ ਪੱਖੋਂ ਉੱਤਮ ਹਨ ਉਥੇ ਇਨ੍ਹਾਂ ਵਿਚ ਸੰਗੀਤ ਸੰਬੰਧੀ ਕਈ ਹਵਾਲਿਆਂ ਦਾ ਜ਼ਿਕਰ ਮਿਲਦਾ ਹੈ। ਰਾਮਾਇਣ ਵਿਚ ਜਾਤੀ, ਗਾਇਨ ਵਿਧੀਆਂ, ਕਈ ਪ੍ਰਕਾਰ ਦੇ ਤੱਤ ਅਤੇ ਅਣੱਨਧ ਵਾਦਯ ਬਾਰੇ ਉਲੇਖ ਮਿਲਦਾ ਹੈ।[3] ਮਹਾਂਭਾਰਤ ਗ੍ਰੰਥ ਦੀ ਰਚਨਾ ਸ਼ਲੋਕ ਸ਼ੈਲੀ ਉਤੇ ਆਧਾਰਿਤ ਹੈ। ਇਸ ਵਿਚ ਸੱਤ ਸੁਰਾਂ ਬਾਰੇ ਉਲੇਖ ਮਿਲਦਾ ਹੈ।[4] ਇਸ ਕਾਲ ਦੇ ਅਧਿਆਤਮ ਸੰਗੀਤ ਦੇ ਸਮੁੱਚੇ ਰੂਪ ਨੂੰ 'ਗੰਧਰਵ ਸੰਗੀਤ' ਕਿਹਾ ਜਾਂਦਾ ਹੈ।

ਬੁੱਧ ਅਤੇ ਜੈਨ ਧਰਮ: ਬੁੱਧ ਅਤੇ ਜੈਨ ਦੋਨੋਂ ਧਰਮਾਂ ਨੇ ਵੀ ਆਪੋ ਆਪਣੇ ਧਰਮਾਂ ਦੇ ਪ੍ਰਚਾਰ ਲਈ ਸੰਗੀਤ ਦਾ ਪ੍ਰਯੋਗ ਕੀਤਾ। ਬੁੱਧ ਧਰਮ ਦੇ ਸਾਹਿੱਤ ਵਿਚ ਗਾਇਨ ਵਾਦਨ, ਨ੍ਰਿਤ ਅਤੇ ਸੰਗੀਤਕਾਰਾਂ, ਵਿਭਿੰਨ ਵਾਦਯ ਦਾ ਜ਼ਿਕਰ ਮਿਲਦਾ ਹੈ।[5]

---

1. ਸ਼ਾਰੰਗਦੇਵ(ਪੰਡਿਤ),ਸੰਗੀਤ ਰਤਨਾਕਰ(ਭਾਗ ਏਕ) ਪੰਨਾ 113.
2. C.R. Day, Music and Musical Instruments of Southern Indian and the Deccan, Page 9
3. Jaideva Singh, Indian Music: A perspective,(Ed.M. Harihana), Page 14
4. ਹਵਾਲਾ, ਜੌਹਰੀ ਪੁਸ਼ਪਾ(ਡਾ.)ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ ਪੰਨਾ12
5. ਨਿਮਲ ਘੋਸ਼, ਰਾਗ-ਤਾਲ ਕੇ ਮੂਲ ਤੱਤਵ ਔਰ ਅਭਿਨਵ ਸਵਰਲਿੱਪੀ ਪੱਧਤੀ, (ਅਨੁਵਾਦਕ: ਮਦਨ ਲਾਲ ਵਿਆਸ)ਪੰਨਾ 11

ਬੁੱਧ ਸਾਹਿਤ ਦਾ ਗਾਇਨ ਕਰਨ ਵਾਲੇ ਨੂੰ 'ਵੈਤਾਲਿਕ' ਕਿਹਾ ਜਾਂਦਾ ਸੀ। ਇਹ ਦੋ ਤਰ੍ਹਾਂ ਦੀ ਗਾਥਾ- 'ਥੇਰ ਗਾਥਾ' ਅਤੇ 'ਥੇਰੀ ਗਾਥਾ' ਗਾਉਂਦੇ ਸਨ। ਥੇਰ ਗਾਥਾ ਪੁਰਸ਼ਾਂ ਦੇ ਲਈ ਅਤੇ ਥੇਰੀ ਗਾਥਾ ਇਸਤਰੀਆਂ ਦੇ ਲਈ ਸੀ ਜਿਨ੍ਹਾਂ ਨੂੰ ਕ੍ਰਮਵਾਰ 'ਸਥਵਿਰ' ਅਤੇ 'ਸਥਵਿਰਾ' ਕਿਹਾ ਜਾਂਦਾ ਸੀ। ਜਿਨ੍ਹਾਂ ਧੁਨਾਂ 'ਤੇ ਇਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ ਉਹ ਦੇਸ਼ੀ ਸੁਰ ਸ਼ੜਜ, ਰਿਸ਼ਭ, ਗੰਧਾਰ ਆਦਿ ਤੋਂ ਬਣੀਆਂ ਸਨ ਅਤੇ ਇਹ ਵਿਭਿੰਨ ਲੈਅ ਪ੍ਰਕਾਰਾਂ 'ਤੇ ਆਧਾਰਿਤ ਸਨ।[1] ਬੁੱਧ ਕਵੀ ਅਸ਼ਵਘੋਸ਼ ਬਾਰੇ ਪ੍ਰਸਿੱਧ ਹੈ ਕਿ ਉਹ ਆਪਣੇ ਨਾਲ ਸੰਗੀਤ ਮੰਡਲੀ ਰੱਖਦਾ ਹੁੰਦਾ ਸੀ ਤੇ ਗਾ-ਗਾ ਕੇ ਬੋਧੀ ਵਿਚਾਰਾਂ ਦਾ ਪ੍ਰਚਾਰ ਕਰਦਾ ਸੀ।[2]

ਜੈਨ ਧਰਮ ਵਿਚ ਵੰਦਨਾ, ਪੂਜਾ-ਪਾਠ ਲਈ ਅਨੇਕ ਰਚਨਾਵਾਂ ਜਿਵੇਂ ਧਰੁਪਦ, ਟੇਕ, ਚਾਰਕੜੀਆਂ, ਰੰਗ ਤਲੰਗੜੀ, ਲਾਵਨੀ, ਦੋਹਾ ਸ਼ੇਰਗਜ਼ਲ, ਕਵਿੱਤ, ਮੱਤਗਯੰਦ, ਕਵਿੱਤ ਮਨਹਰ, ਇਕੱਤੀਮਾਤਰਾਂ ਦੀ ਸਰਯਾ, ਦੋ ਮਾਤਰਾਂ ਦਾ ਸਵੈਯਾ, ਛਪਯ, ਚੌਪਈ, ਸੁੰਦਰੀ, ਭੁਜੰਗ ਪ੍ਰਯਾਤ ਛੰਦ ਆਦਿ ਪ੍ਰਚਾਰ ਵਿਚ ਹਨ।[3]

ਜੈਨ ਧਰਮ ਦੀਆਂ ਪਾਲਨਪੁਰ ਮੰਡਨ ਪਾਸ਼ਰਵ ਸਤਨ, ਕ੍ਰਿਤਿ ਕੁਸੁਮਾਂਜਲੀ ਗ੍ਰੰਥਾਂ ਵਿਚ ਦਰਜ ਰਚਨਾਵਾਂ ਰਾਗ ਨਾਂਓ ਸਹਿਤ ਅੰਕਿਤ ਹਨ।

ਸਿਧ ਅਤੇ ਨਾਥ ਸੰਪ੍ਰਦਾਇ: ਅੱਠਵੀਂ ਨੌਵੀਂ ਸਦੀ ਵਿੱਚ ਬੁੱਧ ਧਰਮ ਦੀ ਪ੍ਰਚੱਲਿਤ ਮਹਾਯਾਨ ਸ਼ਾਖਾ ਦੀਤਾਂਤਰਿਕ ਪੱਧਤੀ ਦਾ ਪਰਿਵਰਤਿਤ ਰੂਪ 'ਵਜਰਯਾਨ' ਹੈ। ਇਹ ਦੇਵਤਾ, ਮੰਤ੍ਰ, ______________

1. ਨਿਖਿਲ ਘੋਸ਼, ਰਾਗ-ਤਾਲ ਕੇ ਮੂਲ ਤੱਤਵ ਔਰ ਅਭਿਨਵ ਸਵਰਲਿਪੀ ਪੱਧਤੀ, (ਅਨੁ. ਮਦਨ ਲਾਲ ਵਿਆਸ) ਪੰਨਾ 11
2. ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 266
3. ਨਰੂਲਾ, ਡੀ. ਐਸ., ਸੰਗੀਤ ਸ਼ਾਸਤਿਆ, ਪੰਨਾ 256

ਅਭਿਚਾਰ ਆਦਿ ਤਾਂਤਰਿਕ ਪ੍ਰਵਿਰਤੀਆਂ ਨਾਲ ਸੰਬੰਧਿਤ ਸੰਪਰਦਾ ਹੈ।[1] ਇਸ ਸੰਪਰਦਾ ਦੇ ਭਗਤਾਂ ਜਾ ਸਾਧਕਾਂ ਨੂੰ 'ਸਿੱਧ' ਕਿਹਾ ਜਾਂਦਾ ਹੈ। 'ਸਰਹਪਾ, ਸਵਰਪਾ, ਲੂਈਆ ਆਦਿ ਸਿੱਧਾਂ ਨੇ ਪਦਿਆਂ ਦੀ ਰਚਨਾ ਕੀਤੀ। ਵਜਰਯਾਨੀ ਸਿੱਧ ਤਾਂਤਰਿਕ ਸਾਧਨਾ ਲਈ ਸ਼ੁੱਧ ਰਾਗਾਤਮਕ ਵਿਧੀਆਂ ਦਾ ਪ੍ਰਯੋਗ ਕਰਦੇ ਸਨ।[2] ਇਸ ਪਰੰਪਰਾ ਵਿਚ ਪਦਿਆਂ ਦਾ ਗਾਇਨ ਸਰਲ ਭਾਸ਼ਾ ਯਾਨਿ ਇਨ੍ਹਾਂ ਦੀ ਭਾਸ਼ਾ ਵਿਚ ਲੋਕ-ਗਾਇਨ ਰੂਪਾਂ ਦਾ ਧਾਰਣੀ ਹੋ ਕੇ ਸਰਬ ਸਾਧਾਰਨ ਵਿਚ ਪ੍ਰਚੱਲਿਤ ਹੈ।

ਨਾਥ ਸੰਪ੍ਰਦਾਇ ਨੂੰ 'ਯੋਗ ਮਾਰਗ' ਵੀ ਕਿਹਾ ਜਾਂਦਾ ਹੈ। ਇਸ ਵਿਚ ਮਛੰਦਰ ਨਾਥ ਅਤੇ ਗੋਰਖ ਨਾਥ ਦੋ ਸ਼ਾਖਾਵਾਂ ਹਨ। ਇਸ ਵਿਚ ਗੋਰਖ ਨਾਥ ਬਾਣੀ ਦਾ ਵੇਰਵਾ ਪਾਇਆ ਜਾਂਦਾ ਹੈ ਜਿਸ ਵਿਚ ਸ਼ਬਦੀ, ਪਦ, ਸਿਖਸ਼ਾ ਦਰਸ਼ਨ, ਪ੍ਰਾਣ ਸੰਗਲੀ, ਪਦ, ਸਿਖਸ਼ਾ ਦਰਸ਼ਨ, ਨਰਵੇ ਬੋਧ, ਆਤਮ ਬੋਧ, ਮਛੰਦਰ ਗੋਰਖ ਨਾਥ, ਗਿਆਨ ਚਾਲੀਸਾ ਆਦਿ ਵਿਸ਼ੇਸ਼ ਹਨ। ਨਾਥ ਬਾਣੀ ਦੇ ਰਚਨਾਕਾਰਾਂ ਨੇ "ਪਦ" ਰੂਪ ਦੀ ਜ਼ਿਆਦਾ ਵਰਤੋਂ ਕੀਤੀ ਹੈ। ਨਾਥ ਬਾਣੀ ਦੀ ਗਾਇਨ ਵਿਧੀ ਇਸ ਕਰਕੇ ਵੀ ਵਿਸ਼ਿਸ਼ਟ ਰੂਪ ਰੱਖਦੀ ਹੈ ਕਿਉਂਕਿ ਇਸ ਵਿਚ ਸੰਗੀਤ ਅਤੇ ਰਾਗਮਈ ਸਰੂਪ ਨੂੰ ਵੀ ਸਵੀਕਾਰਿਆ ਗਿਆ ਹੈ। ਰਾਮਕਲੀ ਰਾਗ ਇਸੇ ਪਰੰਪਰਾ ਦਾ ਪ੍ਰਿਯ ਰਾਗ ਹੈ। ਇਸਦਾ ਉਲੇਖ ਗੋਰਖ ਬਾਣੀ ਵਿਚ ਵਿਸ਼ੇਸ਼ ਰੂਪ ਵਿਚ ਹੈ।[3] ਇਸ ਤੋਂ ਬਿਨਾਂ ਗੌੜ, ਮਾਰੂ, ਗੂਜਰੀ, ਪਟਮੰਜਰੀ, ਦੇਵਕਰੀ, ਦੇਨਾਖ, ਭੈਰਵੀ, ਕਾਮੋਦ, ਧਨਾਸਰੀ, ਸਿਵਾੜ (ਆਸਾਵਰੀ) ਵਰਾਟੀ, ਮਲਾਦੀ, ਮਾਲਸ਼੍ਰੀ, ਮਾਲਸਾ ਗੌਂੜ ਆਦਿ ਰਾਗਾਂ ਦੇ ਪ੍ਰਯੋਗ ਉਪਲੱਬਧਹਨ।

---

1- ਹਿੰਦੀ ਸਾਹਿਤਯ ਕੋਸ਼(ਭਾਗ ਪਹਿਲਾ) ਪੰਨਾ 751

2- ਸੀਤਲ, ਪ੍ਰਭੂਦਿਆਲ, ਬ੍ਰਜ ਕੇ ਧਰਮ ਸੰਪਰਦਾਵਾਂ ਕਾ ਇਤਿਹਾਸ, ਪੰਨਾ [illegible]

3- ਬੜਥਵਾਲ, ਪੀਤਾਂਬਰਦੱਤ(ਡਾ.), ਗੋਰਖ ਬਾਨੀ, ਪੰਨਾ 85.

<u>ਵੈਸ਼ਣਵ ਅਤੇ ਸ਼ੈਵ ਮੱਤ</u>: ਵੈਸ਼ਣਵ ਮੱਤ ਜੋ ਕਿ ਵਾਸਦੇਵ, ਸਾਤਵਤ, ਭਾਗਵਤ ਆਦਿ ਕਈ ਨਾਵਾਂ ਨਾਲ ਜਾਣਿਆਂ ਜਾਂਦਾ ਹੈ,ਲਗਭਗ ਪੰਜਵੀਂ ਸਦੀ ਵਿਚ ਆਰੰਭ ਹੋਇਆ। ਵੈਸ਼ਣਵ ਸੰਤਾਂ ਨੂੰ 'ਅਲਵਾਰ' ਕਿਹਾ ਜਾਂਦਾ ਹੈ। ਇਹ ਚਲਦੇ ਫਿਰਦੇ ਗਵਈਏ ਸਨ ਜੋ ਇਕ ਮੰਦਰ ਤੋਂ ਦੂਸਰੇ ਮੰਦਰ ਵੱਲ ਜਾਂਦੇ, ਪ੍ਰਭੂ ਦੇ ਗੁਣ ਗਾਨ ਕਰਦੇ, ਯਾਤਰਾ ਕਰਦੇ ਸਨ। ਭਗਤੀ ਅਤੇ ਭਗਤੀ ਸੰਗੀਤ ਦੇ ਵਿਕਾਸ ਵਿਚ ਦੱਖਣ ਦੇ ਬਾਰਾਂ ਵੈਸ਼ਣਵ ਅਲਵਾਰਾਂ ਦੀ ਦੇਣ ਵਿਸ਼ੇਸ਼ ਅਤੇ ਮਹੱਤਵਪੂਰਨ ਹੈ। ਇਸ ਪਰੰਪਰਾ ਦੇ ਮਹਾਨ ਪ੍ਰਚਾਰਕ ਰਾਮਾਨੁਜਚਾਰੀਆ ਹੋਏ ਹਨ। ਰਾਮਾਨੁਜਚਾਰੀਆ ਤੋਂ ਬਿਨਾਂ ਰਾਮਾਨੰਦ, ਨਿੰਬਾਰਕ, ਮਾਧਵਾਚਾਰੀਆ ਦੇ ਲਗਾਤਾਰ ਪ੍ਰਯਤਨ ਸਦਕਾ ਚੌਦਹਵੀਂ ਪੰਦਰਵੀਂ ਸਦੀ ਵਿਚ ਉੱਤਰੀ ਭਾਰਤ ਵਿਚ ਪ੍ਰਚੱਲਿਤ ਹੋ ਗਈ। ਬਾਹਰਵੀਂ ਸਦੀ ਵਿਚ ਜੈ ਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਇਸੇ ਪਰੰਪਰਾ ਦੀ ਮਹਾਨ ਰਚਨਾ ਹੈ। ਇਹ ਗ੍ਰੰਥ ਜਿੱਥੇ ਕਾਵਿ ਪੱਖ ਤੋਂ ਵਿਸ਼ੇਸ਼ ਹੈ ਉਥੇ ਸੰਗੀਤਕ ਪੱਖ ਤੋਂ ਵੀ ਮਹੱਤਵਪੂਰਨ ਹੈ। ਜੈ ਦੇਵ ਦੀਆਂ ਰਚਨਾਵਾਂ ਇਸ ਕਾਲ ਵਿਚ ਪ੍ਰਚੱਲਿਤ ਪ੍ਰਬੰਧ ਗਾਇਨ ਸ਼ੈਲੀ ਦਾ ਉੱਤਮ ਨਮੂਨਾ ਹਨ। ਜੈ ਦੇਵ ਨੇ ਆਪਣੀਆਂ ਕਾਵਿ ਰਚਨਾਵਾਂ ਲਈ ਮਾਲਵ, ਗੁਜਰੀ, ਵਸੰਤ ਰਾਮਕ੍ਰੀ, ਕਰਨਾਟ, ਦੇਸਵਰਾੜੀ, ਗੌਂਡਕ੍ਰੀ, ਭੈਰਵੀ,ਵਰਾੜੀ, ਵਿਭਾਸ ਰਾਗ ਅਤੇ ਨਿਹਾਸਰਾ, ਯਤੀ, ਏਕ ਤਾਲ ਵਰਗੇ ਤਾਲਾਂ ਦਾ ਪ੍ਰਯੋਗ ਕੀਤਾ।[1] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਜੈ ਦੇਵ ਦੁਆਰਾ ਰਚਿਤ ਰਚਨਾਵਾਂ ਰਾਗ ਗੂਜਰੀ[2], ਰਾਗ ਮਾਰੂ[3] ਅਧੀਨ ਦਰਜ ਹਨ। ਵੈਸ਼ਣਵ ਕਾਵਿ ਵਿਚ ਸਪਤਪਦੀਆਂ ਅਤੇ ਅਸ਼ਟਪਦੀਆਂ ਆਦਿ ਕਾਵਿ ਗਾਇਨ ਹਿੱਤ ਪ੍ਰਚੱਲਿਤ ਸਨ। ਵੈਸ਼ਣਵ ਮੱਤ ਦੀਆਂ ਕਈ ਸੰਪਰਦਾਵਾਂ ਪ੍ਰਚਾਰ ਵਿਚ ਆਈਆਂ।

---

1- Chatterji, Suniti Kumar, <u>Jayadeva</u>, Page 66.

2- <u>ਆਦਿ ਗ੍ਰੰਥ</u>, ਪੰਨਾ 526

3- -ਉਹੀ- , ਪੰਨਾ 1106

ਸ਼ਿਵ ਨੂੰ ਪਰਮੇਸਰ ਮੰਨਣ ਵਾਲੇ ਜਾ ਸ਼ਿਵ ਦੇ ਭਗਤਾਂ ਨੂੰ 'ਸ਼ੈਵ' ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੇ ਧਰਮ ਨੂੰ 'ਸ਼ੈਵ ਮੱਤ' । ਇਨ੍ਹਾਂ ਭਗਤਾਂ ਨੂੰ 'ਨਾਇਨਾਰ' ਕਿਹਾ ਜਾਂਦਾ ਹੈ। ਇਨ੍ਹਾਂ ਨਾਇਨਾਰ ਸੰਤਾਂ ਦੀਆਂ ਕਈ ਰਚਨਾਵਾਂ 'ਤ੍ਰਿਮੁਰਾਇ' ਨਾਮਕ ਗ੍ਰੰਥ ਵਿਚ ਅੰਕਿਤ ਹਨ। ਇਹ ਰਚਨਾਵਾਂ ਰਾਗਾਤਮਕ ਸਰੂਪ ਦੀਆਂ ਧਾਰਣੀ ਹਨ ਜਿਨ੍ਹਾਂ ਦਾ ਸ਼ਿਵ ਭਗਤਾਂ ਜਾਂ ਨਾਇਨਾਰ ਸੰਤਾਂ ਵਲੋਂ ਵਿਸ਼ਿਸ਼ਟ ਸੰਗੀਤ ਬੰਧੇਜ ਅਨੁਸਾਰ ਰਾਗ, ਤਾਲ ਸਹਿਤ ਗਾਇਨ ਕੀਤਾ ਜਾਂਦਾ ਹੈ।

ਚੈਤੰਨਯ ਸੰਪ੍ਰਦਾਇ ਜਾਂ ਗੌੜੀਯ ਸੰਪ੍ਰਦਾਇ: ਚੈਤੰਨਯ ਜਾਂ ਗੌੜੀਯ ਸੰਪ੍ਰਦਾਇ ਦੀ ਸਥਾਪਨਾ ਚੈਤੰਨਯ ਮਹਾਂ ਪ੍ਰਭੂ ਨੇ ਕੀਤੀ ਜਿਸ ਅਧੀਨ ਰਾਮ ਕ੍ਰਿਸ਼ਨ ਦੋਹਾਂ ਦੀ ਭਗਤੀ ਕੀਤੀ ਜਾਂਦੀ ਸੀ। ਚੈਤੰਨਯ ਅਨੁਸਾਰ ਕ੍ਰਿਸ਼ਨ ਦੀ ਭਗਤੀ ਲਈ ਹਰੇਕ ਨੂੰ ਸਮਾਨ ਅਧਿਕਾਰ ਹੈ। ਚੈਤੰਨਯ ਮਹਾਂਪ੍ਰਭੂ ਜੀ ਦੇ ਆਪਣੇ ਸ਼ਬਦਾਂ ਵਿਚ "ਨੀਚ ਜਾਤ ਦੇ ਹੋਣ ਨਾਲ ਕ੍ਰਿਸ਼ਨ ਭਗਤ ਦੇ ਆਯੋਗ ਅਤੇ ਉਚ ਜਾਤ ਦੇ ਬ੍ਰਾਹਮਣ ਹੋਣ ਨਾਲ ਉਸਦੇ ਯੋਗ ਨਹੀਂ ਹੋ ਜਾਈਦਾ। ਜੋ ਕ੍ਰਿਸ਼ਨ ਭਜਨ ਕਰੇ ਉਹੀ ਵੱਡਾ ਹੈ ਜੋ ਭਗਤੀ ਭਾਵਨਾ ਤੋਂ ਕੋਰਾ ਹੈ ਉਹੀ ਨੀਚ ਹੈ।"[1] ਇਸ ਸੰਪਰਦਾ ਅਧੀਨ ਭਗਤੀ ਗਾਇਨ ਵਿਧੀ ਸੰਕੀਰਤਨ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸੰਕੀਰਤਨ ਨੂੰ ਉਪਯੋਗ ਬਣਾਉਣ ਦਾ ਸਿਹਰਾ ਚੈਤੰਨਯ ਮਹਾਂਪ੍ਰਭੂ ਸਿਰ ਹੈ।[2] ਨਾਮ ਕੀਰਤਨ ਬਹੁਤ ਸਰਲ ਹੈ, ਇਸ ਦਾ ਬੰਗਾਲ ਵਿਚ ਬਹੁਤ ਮਹੱਤਵ ਹੈ।[3] ਨਾਮ ਕੀਰਤਨ ਇਸ ਪਰੰਪਰਾ ਦੀ ਵਿਸ਼ਿਸ਼ਟ ਸ਼ੈਲੀ ਹੈ ਜਿਸ ਵਿਚ ਜਲੂਸ ਦੀ ਸ਼ਕਲ ਵਿਚ ਕ੍ਰਿਸ਼ਨ ਜੀ ਦੇ ਨਾਮ ਦਾ ਸਮੂਹਿਕ ਗਾਇਨ ਕੀਤਾ ਜਾਂਦਾ ਹੈ।

---

1- ਹਵਾਲਾ, ਮਨਮੋਹਨ ਸਿੰਘ(ਡਾ.),ਗੁਰੂ ਨਾਨਕ ਅਤੇ ਭਗਤੀ ਅੰਦੋਲਨ,ਪੰਨਾ42

2- Swami Shivananda, Bhakti and Sankirtan, Page 89.

3- Swami Prajnanananda, A Historical Study of Indian Music, Page 14

ਇਸ ਵਿਚ ਖੜਤਾਲ, ਖੋਲ (ਢੋਲਕ), ਚਿਮਟਾ ਵਰਗੇ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੀਰਤਨ ਦੀ ਤਾਲ ਪੱਧਤੀ ਵਿਸ਼ੇਸ਼ ਪ੍ਰਕਾਰ ਦੀ ਹੈ। ਕੁਝ ਤਾਲਾਂ ਦੇ ਨਾਮ ਝਾਪ, ਔੜਾ (ਤੀਵਰਾ), ਡਾਂਸ਼, ਪਾਹਿੜ( 8ਮਾਤਰਾ) ਜਤ ਦੇ ਸਮਾਨ, ਚੱਚੁਪਟ (ਕਹਿਰਵਾ ਦੇ ਸਮਾਨ), ਝਾੜ (ਸੂਲ ਜੈਸਾ), ਦੋ ਠੁਕਿ (7 ਜਾਂ 14 ਪਦ ਜੈਸਾ)। 2 ਅੱਖਰ ਦੇ ਤਾਲ ਦੇ ਬਾਅਦ 4ਅੱਖਰ ਦਾ ਤਾਲ ਹੋਵੇ ਤਾਂ ਇਨ੍ਹਾ ਦੋਨਾਂ ਨੂੰ ਮਿਲਾ ਕੇ 'ਜੋੜਾ' ਜਾਂ 'ਯੁਗਮਤਾਲ' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤੋਂ ਭਿੰਨ 4 ਅੱਖਰ ਦੇ ਤਾਲਾਂ ਨੂੰ 'ਧੂਟਾ' ਜਾਂ 'ਵਿਸ਼ਲਿਸ਼ਟ ਤਾਲ'। ਇਕ ਹੀ ਤਾਲ ਦੇ ਭਿੰਨ-ਭਿੰਨ ਰੂਪ ਹੁੰਦੇ ਹਨ-ਛੋਟਾ, ਮਧਿਅਮ ਵੱਡਾ। ਤਾਲਾਂ ਵਿਚ ਕੁਝ ਵਿਸ਼ੇਸ਼ਪ੍ਰਕਾਰ ਦੀ ਨਿਸ਼ਬਦ ਕਿਰਿਆਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਵਿਸਰਜਿਤਾ, ਕ੍ਰਿਸੁਯਾ, ਵਿਕਸ਼ਿਪਤਾ, ਪਤਾਕਾ ਆਦਿ ਨਾਮ ਹਨ ਜੋ ਸੰਗੀਤ ਰਤਨਾਕਰ ਦੇ ਸਮਾਨ ਹਨ ਪਰ ਸਰੂਪ ਭਿੰਨ ਹਨ। ਕੀਰਤਨ ਵਿਚ ਲੈਅ ਦਾ ਪ੍ਰਯੋਗ ਵੀ ਵਿਭਿੰਨ ਪ੍ਰਕਾਰ ਨਾਲ ਹੁੰਦਾ ਹੈ ਜਿਵੇਂ: ਕਦੀ ਵਿਲੰਬਿਤ ਤੋਂ ਦ੍ਰੁੱਤ, ਕਦੀ ਦਰੁੱਤ ਤੋਂ ਵਿਲੰਬਿਤ। ਇਸ ਵਿਚ ਸ਼ਾਸਤਰੋਕਤ 'ਯਤਿ' ਦਾ ਕੁਝ ਰੂਪ ਹੈ। ਆਧੁਨਿਕ ਸ਼ਾਸਤਰੀ ਸੰਗੀਤ ਦੀ 'ਸਮ' ਦੀ ਧਾਰਣਾ ਕੀਰਤਨ ਵਿਚ ਨਹੀਂ ਹੈ ਕਿਉਂਕਿ ਤਾਲ ਦੇ ਪ੍ਰਥਮ ਘਾਤ ਵਿਚ ਹੀ ਕੀਰਤਨ ਦੀ ਸਮਾਪਤੀ ਅਨਿਵਾਰਯ ਨਹੀਂ ਹੈ।[1]

ਨਾਮ ਕੀਰਤਨ ਦਾ ਆਰੰਭ ਗੁਰੂ ਵੰਦਨਾ ਤੋਂ ਕੀਤਾ ਜਾਂਦਾ ਹੈ। ਉਪਰੰਤ ਤਾਲ ਵਾਦਨ ਦੁਆਰਾ ਤਾਲ ਲੈਅ ਦੀ ਸਥਾਪਤੀ ਕੀਤੀ ਜਾਂਦੀ ਹੈ ਅਤੇ ਸਮੂਹ ਭਗਤ-ਜਨਾਂ ਦੀ ਅਗਵਾਈ ਕਰਨ ਵਾਲੇ ਮੁੱਖ ਗਾਇਕ ਨੂੰ 'ਅਧਿਕਾਰੀ' ਕਿਹਾ ਜਾਂਦਾ ਹੈ । ਇਹ ਪ੍ਰਭੂ ਦੇ ਵਿਭਿੰਨ ਨਾਮਾਂ ਦਾ ਨਿਸ਼ਚਿਤ ਅਤੇ ਸੰਖੇਪ ਸ਼ਲੋਕਾਂ ਵਰਗੀਆਂ ਪੰਕਤੀਆਂ ਦੁਆਰਾ ਨਾਮ ਕੀਰਤਨ ਦਾ ਆਰੰਭ ਕਰਦਾ ਹੈ।[2] ਸਮੂਹ ਪ੍ਰਭੂ ਪ੍ਰੇਮੀ ਉਸਦੇ ਗਾਇਨ ਦਾ

---

1- ਚੌਧਰੀ, ਸੁਭਦਰਾ (ਡਾ.), ਭਾਰਤੀਯ ਸੰਗੀਤ ਮੇਂ ਤਾਲ ਔਰ ਰੂਪ ਵਿਧਾਨ, ਪੰਨਾ 290-91

2- Sinha Purnima, An Approach to the Study of Indian Music, Page 57.

ਅਨੁਕਰਣ ਕਰਦੇ ਹਨ। ਜਲੂਸ ਦੀ ਸ਼ਕਲ ਵਿਚ ਨਾਮ ਕੀਰਤਨ ਜਿੱਥੇ ਆਲੌਕਿਕ ਅਤੇ ਅਦੁੱਤੀ ਵਾਤਾਵਰਣ ਸਿਰਜਣ ਵਿਚ ਸਹਾਈ ਹੁੰਦਾ ਹੈ ਉਥੇ ਆਲੇ ਦੁਆਲੇ ਇਕੱਤਰ ਹੋਏ ਸਮੂਹ ਪ੍ਰਭੂ ਪ੍ਰੇਮੀਆਂ ਨੂੰ ਆਪਣੇ ਨਾਲ ਗਾਉਣ ਲਈ ਪ੍ਰੇਰਦਾ ਹੈ।

ਸੂਫ਼ੀ ਸੰਪਰਦਾ ਸੰਗੀਤ: ਹਿੰਦੁਸਤਾਨ ਵਿਚ ਸੱਤਵੀਂ ਅੱਠਵੀਂ ਸਦੀਤੋਂ ਬਾਅਦ ਮੁਸਲਮਾਨ ਹਮਲਾਵਰ ਪਹਿਲਾਂ ਪੰਜਾਬ ਵਿਚ ਆਏ ਅਤੇ ਫਿਰ ਸਾਰੇ ਭਾਰਤ ਵਿਚ ਹੌਲੀ-ਹੌਲੀ ਪਸਰਨ ਲੱਗੇ। ਮੁਸਲਮਾਨਾਂ ਦੇ ਆਗਮਨ ਨਾਲ ਸੂਫ਼ੀ ਫਕੀਰ ਆਪਣੀ ਸੂਫ਼ੀ ਫ਼ਿਲਾਸਫ਼ੀ ਲੈ ਕੇ ਆਏ। ਅਬਦੁੱਲ ਮਾਜਿਦ ਅਨੁਸਾਰ, "ਮੁਸਲਮਾਨਾਂ ਵਿਚ ਸ਼ੁਰੂ ਤੋਂ ਇਕ ਗਰੋਹ ਅਜਿਹਾ ਮੌਜੂਦ ਹੈ ਜਿਸਨੇ ਸਾਰੇ ਦੁਨਿਆਵੀ ਉਦੇਸ਼ਾਂ ਤੋਂ ਦ੍ਰਿਸ਼ਟੀ ਹਟਾਕੇ ਯਾਦਿਖੁਦਾ (ਖ਼ੁਦਾ ਦੀ ਯਾਦ) ਤੇ ਜ਼ਿਕਰਿ ਇਲਾਹੀ (ਇਲਾਹੀ ਦੇ ਜ਼ਿਕਰ) ਨੂੰ ਆਪਣਾ ਪਰਮ ਲਕਸ਼ ਬਣਾ ਲਿਆ ਤੇ ਸਿਦਕੋ ਸਫ਼ਾ (ਸਚਾਈ ਤੇ ਪਵਿੱਤ੍ਰਤਾ) ਸਲੂਕੋ ਇਹਸਾਨ(ਨੇਕੀ ਤੇ ਭਲਾਈ) ਦੇ ਭਿੰਨ-ਭਿੰਨ ਤਰੀਕਿਆਂਤੇ ਅਮਲ ਕੀਤਾ। ਆਰੰਭ ਵਿਚ ਇਹ ਗਰੋਹ ਕਈਨਾਵਾਂ ਨਾਲ ਸੱਦਿਆ ਜਾਂਦਾ ਰਿਹਾ ਤੇ ਇਕ ਲੰਮਾ ਸਮਾਂ ਬੀਤ ਜਾਣ ਉਤੇ ਇਸਨੂੰ "ਗਰੋਹਿ-ਸੂਫ਼ੀਆ" ਕਹਿਣ ਲੱਗ ਪਏ ਤੇ ਇਸ ਗਰੋਹ ਦੇ ਸਲੂਕ ਸਲੀਕੇ ਜਾਂ ਮਰਿਆਦਾ ਨੂੰ 'ਤਸੱਵੁੱਫ' ਕਿਹਾ ਜਾਣ ਲੱਗਾ।"[1]

ਸੂਫ਼ੀ ਮੱਤ ਇਸਲਾਮਿਕ ਸ਼ੰਰਾ ਦੇ ਬੰਧਨਾਂ ਦੀ ਕੱਟੜਤਾ ਦਾ ਧਾਰਣੀ ਨਹੀਂ ਸੀ। ਸੂਫ਼ੀਆ ਨੇ ਆਪਣੇ ਮੱਤ ਦੇ ਪ੍ਰਚਾਰ ਲਈ 'ਸੂਫ਼ੀਆਨਾ ਕਲਾਮ' ਦੀ ਰਚਨਾ ਕੀਤੀ। ਇਨ੍ਹਾਂ ਨੇ ਰੱਬ ਨੂੰ ਪ੍ਰਿਯਤਮਾ ਦਾ ਰੂਪ ਦਿੱਤਾ ਅਤੇ ਰੱਬੀ ਪ੍ਰੇਮ ਨੂੰ ਜ਼ਾਹਿਰ ਕਰਨ ਲਈ ਕਾਵਿ ਅਤੇ ਸੰਗੀਤ ਨੂੰ ਮਾਧਿਅਮ ਬਣਾਇਆ। ਸੂਫ਼ੀਆ ਨੇ ਆਪਣੇ

---

1- ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼, (ਸੰਪਾ: ਗੁਰਦੇਵ ਸਿੰਘ),ਪੰਨਾ 194

ਪੂਰਵਜਾਂ ਤੋਂ ਚੱਲੀ ਆ ਰਹੀ ਕਾਵਿਕ ਪਰੰਪਰਾ ਨੂੰ ਅਪਣਾਉਂਦੇ ਹੋਏ ਭਾਰਤੀ ਸੰਗੀਤ ਦਾ ਪ੍ਰਯੋਗ ਕੀਤਾ। ਸੂਫ਼ੀ ਮੱਤ ਨੂੰ ਸੂਫ਼ੀ ਕਾਵਿ ਅਤੇ ਸੰਗੀਤ ਦੁਆਰਾ ਸੂਫ਼ਿਆਨਾ ਅੰਦਾਜ਼ ਵਿਚ ਪ੍ਰਸਤੁਤੀ ਹੀ 'ਸੂਫ਼ੀ ਸੰਗੀਤ' ਹੈ। ਸੂਫ਼ੀਆਂ ਨੇ ਆਪਣੀ ਬਾਣੀ ਦੀ ਸੰਗੀਤਕ ਪ੍ਰਸਤੁਤੀ ਲਈ ਨਿਬੱਧ ਅਤੇ ਅਨਿਬੱਧ ਦੋਵੇਂ ਪ੍ਰਕਾਰ ਦੀਆਂ ਸ਼ੈਲੀਆਂ ਦਾ ਪ੍ਰਯੋਗ ਕੀਤਾ।

ਨਿਬੱਧ ਗਾਇਨ ਸ਼ੈਲੀਆਂ ਜੋ ਵਿਸ਼ਿਸ਼ਟ ਤਾਲ ਦੇ ਨਿਯਮਾਂ ਨਾਲ ਬੰਨ੍ਹੀਆਂ ਹੁੰਦੀਆਂ ਹਨ। ਸੂਫ਼ੀ ਸੰਗੀਤ ਦੀਆਂ ਨਿਬੱਧ ਗਾਇਨ ਸ਼ੈਲੀਆਂ ਕਾਫ਼ੀ ਅਤੇ ਕੱਵਾਲੀ ਹਨ ਜੋ ਸੰਗੀਤਕ ਸੰਕੇਤ ਰਾਗ, ਰਹਾਉ, ਅੰਕਾਂ ਸਹਿਤ ਹਨ।

ਕਾਫ਼ੀ ਸੰਗੀਤ ਦੀ ਪ੍ਰਮੁੱਖ ਅਤੇ ਕੇਂਦਰੀ ਗਾਇਨ ਸ਼ੈਲੀ ਹੈ ਜੋ ਬਾਅਦ ਵਿਚ ਭਾਰਤੀ ਸ਼ਾਸਤਰੀ ਸੰਗੀਤ ਵਿਚ ਵੀ ਪ੍ਰਚੱਲਿਤ ਹੋਈ। ਕਾਫ਼ੀ ਪੰਜਾਬੀ ਕਵਿਤਾ ਦਾ ਉਹ ਰੂਪ ਹੈ ਜਿਸ ਵਿਚ ਮੁਸਲਮਾਨ ਸੂਫ਼ੀ ਭਗਤ ਆਪਣੇ ਅਧਿਆਤਮਕ ਅਨੁਭਵ ਨੂੰ ਬਿਆਨ ਕਰਦੇ ਸਨ।[1] ਕਾਫ਼ੀ ਦਾ ਅਰਥ ਹੈ ਬਾਰ-ਬਾਰ ਗਾਉਣਾ। ਇਕ ਟੇਕ ਤੇ ਸੂਫ਼ੀ ਉਸ ਦਾ ਬਾਰ-ਬਾਰ ਗਾਇਨ ਕਰਦੇ ਸਨ ਤੇ ਉਨ੍ਹਾਂ ਦੇ ਪਿੱਛੇ ਸਾਰੀ ਮਹਿਫ਼ਿਲ ਗਾਉਂਦੀ ਸੀ।[2] ਕਾਫ਼ੀ ਸੁਤੰਤਰ ਗਾਇਨ ਸ਼ੈਲੀ ਦੇ ਤੌਰ 'ਤੇ ਪ੍ਰਚਾਰ ਵਿਚ ਸੀ ਅਤੇ ਇਸਨੂੰ ਉਪ ਸ਼ਾਸਤਰੀ ਸ਼ੈਲੀ ਠੁਮਰੀ, ਭਜਨ ਦੀ ਤਰ੍ਹਾਂ ਵੀ ਗਾਇਨ ਕੀਤਾ ਜਾਂਦਾ ਸੀ। ਕਾਫ਼ੀ ਦਾ ਗਾਇਨ ਵਿਸ਼ੇਸ਼ ਤਾਲਾਂ ਵਿਚ ਕੀਤਾ ਜਾਂਦਾ ਹੈ। ਇਹ ਜ਼ਿਆਦਾਤਰ ਕਹਿਰਵਾ ਅਤੇ ਰੂਪਕ ਤਾਲ ਵਿਚ ਗਾਈ ਜਾਂਦੀ ਹੈ। ਅੱਜ ਕਲ੍ਹ ਦਾਦਰਾ ਤਾਲ ਵਿਚ ਵੀ ਕਾਫ਼ੀ ਸੁਣਨ ਵਿਚ ਮਿਲਦੀ ਹੈ। ਜਿਸ ਕਹਿਰਵਾ ਅਤੇ ਰੂਪਕ ਤਾਲਾਂ ਵਿਚ ਇਹ ਗਾਈ ਜਾਂਦੀ ਰਹੀ ਹੈ ਉਸਦੇ ਬੋਲ ਅੱਜ ਦੇ ਪ੍ਰਚੱਲਿਤ ਕਹਿਰਵਾ ਅਤੇ ਰੂਪਕ ਤਾਲ ਤੋਂ ਭਿੰਨ ਹਨ।[3]

1- ਭੋਗਲ, ਪਿਆਰਾ ਸਿੰਘ, ਸਾਹਿੱਤਕ ਨਿਬੰਧ, ਪੰਨਾ 130
2- ਪਦਮ, ਪਿਆਰਾ ਸਿੰਘ (ਪ੍ਰੋ.) ਪੰਜਾਬੀ ਸਾਹਿੱਤ ਦੀ ਰੂਪਰੇਖਾ, ਪੰਨਾ 105
3- ਗੀਤਾ ਪੈਂਤਲ, ਪੰਜਾਬ ਕੀ ਸੰਗੀਤ ਪਰੰਪਰਾ, ਪੰਨਾ 98

ਸੂਫ਼ੀ ਸੰਗੀਤ ਪਰੰਪਰਾ ਵਿਚ ਪ੍ਰਚੱਲਿਤ ਕਾਫ਼ੀ ਗਾਇਨ ਸ਼ੈਲੀ ਉਤੇ ਭਗਤੀ ਸੰਗੀਤ ਦੀ ਪਦ ਗਾਇਨ ਸ਼ੈਲੀ ਦਾ ਕਾਫੀ ਪ੍ਰਭਾਵ ਹੈ ਜਿਸ ਅਧੀਨ ਜਿੱਥੇ ਕਾਫ਼ੀ ਰਚਨਾ ਉਪਰ ਰਹਾਉ, ਅੰਕ, ਰਾਗ ਆਦਿ ਗਾਇਨ ਹਿੱਤ ਸੰਕੇਤ ਵਿਦਮਾਨ ਹਨ ਉਥੇ ਮੁਸਲਿਮ ਕੱਵਾਲੀ ਦੇ ਅੰਦਾਜ਼ ਤੋਂ ਇਸ ਵਿਚ ਬਾਰ-ਬਾਰ ਦੁਹਰਾਅ ਕੀਤਾ ਜਾਂਦਾ ਹੈ ਪਰ ਕਾਫ਼ੀ ਸ਼ੈਲੀ ਆਪਣੀ ਪ੍ਰਕ੍ਰਿਤੀ ਅਤੇ ਸੂਫ਼ੀਆਨਾ ਅੰਦਾਜ਼ ਤੋਂ ਭਾਰਤੀ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਤੋਂ ਆਪਣਾ ਅਲੱਗ ਸਰੂਪ ਰੱਖਦੀ ਹੈ। ਸੂਫ਼ੀ ਪਰੰਪਰਾ ਅਧੀਨ ਸ਼ੇਖ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸ਼ਾਹ ਸ਼ਰਫ਼, ਸ਼ਾਹ ਮੁਰਾਦ ਆਦਿ ਨੇ ਰੱਬੀ ਇਸ਼ਕ ਦਾ ਜ਼ਿਕਰ ਕੀਤਾ।

ਕੱਵਾਲੀ ਸੂਫ਼ੀ ਸੰਗੀਤ ਦੀ ਵਿਸ਼ਿਸ਼ਟ ਗਾਇਨ ਸ਼ੈਲੀ ਹੈ ਇਸਦਾ ਵਿਸ਼ੇਸ਼ ਲੋਕਾਂ ਦੁਆਰਾ ਦਰਗਾਹ 'ਤੇ ਗਾਇਨ ਕੀਤਾ ਜਾਂਦਾ ਹੈ। ਕੱਵਾਲੀ ਦਾ ਮੂਲ ਅਰਬੀ ਸ਼ਬਦ 'ਕੌਲ' ਹੈ ਜਿਸ ਦੇ ਅਰਥਹਨ ਬਚਨ, ਸਖੁਨ, ਕਥਨ, ਬੋਲ ਆਦਿ । ਈਰਾਨੀ ਸਾਹਿਤ ਵਿਚ 'ਕੌਲ' ਤੋਂ ਦੋ-ਬੈਂਤੀ, ਚਾਰ-ਬੈਂਤੀ ਜਾਂ 'ਤਰਾਨਾ' ਦੇ ਭਾਵ ਵੀ ਲਏ ਜਾਂਦੇ ਹਨ।[1]

ਇਸ ਤਰ੍ਹਾਂ ਈਰਾਨੀ ਸਾਹਿੱਤਯ ਵਿਚ 'ਰੁਬਾਈ' ਭੀ ਕੌਲ ਹੈ ਇਸ ਲਈ ਜਿਨ੍ਹਾਂ ਰੁਬਾਈਆਂ ਦਾ ਗਾਇਨ ਕਰਨ ਲਈ ਰਚਨਾ ਕੀਤੀ ਗਈ ਉਨ੍ਹਾਂ ਨੂੰ 'ਕੌਲ' ਕਿਹਾ ਗਿਆ। ਸੂਫ਼ੀ ਸੰਗੀਤ ਅੰਤਰਗਤ ਗਾਇਕ ਨੂੰ 'ਕੱਵਾਲ' ਦਾ ਨਾਮ ਦਿੱਤਾ ਗਿਆ ਹੈ ਅਤੇ ਇਨ੍ਹਾਂ ਕੱਵਾਲਾਂ ਦੁਆਰਾ ਗਾਇਨ ਕੀਤੇ ਗਏ ਗੀਤਾਂ ਨੂੰ ਕੱਵਾਲੀ

---

1- ਪੰਜਾਬੀ ਸਾਹਿਤ ਕੋਸ਼, (ਭਾਗ ਪਹਿਲਾ), ਪੰਨਾ 219

ਕਿਹਾ ਗਿਆ ਕਿਉਂਕਿ ਕੱਵਾਲੀ ਦਾ ਆਪਣਾ ਕੋਈ ਸਾਹਿਤਕ ਰੂਪ ਨਹੀਂ ਹੈ। ਇਹ ਕੱਵਾਲਾਂ ਦੀ ਗਾਇਨ ਸ਼ੈਲੀ ਵਿਚ ਗਾਇਨ ਕੀਤੀ ਰਚਨਾ ਹੀ ਕੱਵਾਲੀ ਹੈ। ਉਦਾਹਰਣ ਦੇ ਤੌਰ'ਤੇ ਕਾਫ਼ੀ ਸ਼ੈਲੀ ਨੂੰ ਕੱਵਾਲ ਸ਼ੈਲੀ ਵਿਚ ਗਾਇਨ ਕਰਨ ਤੇ ਕਾਫ਼ੀ ਨਾ ਰਹਿ, ਕੱਵਾਲੀ ਕਹਿਲਾਉਂਦੀ ਹੈ। ਪ੍ਰਸਿੱਧ ਸੂਫ਼ੀ ਗੁਲਾਮ ਫ਼ਰੀਦ ਜੀ ਹਮੇਸ਼ਾਂ ਆਪਣੇ ਨਾਲ ਕੱਵਾਲ ਬਰਕਤ ਨੂੰ ਰੱਖਦੇ ਸਨ ਜੋ ਉਨ੍ਹਾਂ ਦੀਆਂ ਕਾਫ਼ੀਆਂ ਨੂੰ ਨਿਰਧਾਰਿਤ ਰਾਗ ਵਿਚ ਕੱਵਾਲੀ ਦੇ ਰੂਪ ਵਿਚ ਗਾਇਨ ਕਰਦਾ ਸੀ।

ਕੱਵਾਲੀ ਦਾ ਸਮੂਹਿਕ ਰੂਪ ਵਿਚ ਵਿਸ਼ਿਸ਼ਟ ਗਾਇਕਾਂ ਦੁਆਰਾ ਗਾਇਨ ਕੀਤਾ ਜਾਂਦਾ ਹੈ।ਇਸ ਵਿਚ ਦੋ ਮੁੱਖ ਕਲਾਕਾਰ ਹੁੰਦੇ ਹਨਅਤੇ ਬਾਕੀ ਉਨ੍ਹਾਂ ਦੁਆਰਾ ਉਚਾਰੀਆਂ ਗਈਆਂ ਪੰਕਤੀਆਂ ਪਦੇ ਦਾ ਅਨੁਕਰਣ ਕਰਦੇ ਹਨ।ਕੱਵਾਲੀਦੇ ਭਾਵ ਨੂੰ ਸਪਸ਼ਟ ਕਰਨਲਈ ਜਿੱਥੇ ਸਥਾਈਦੀ ਤੁਕ ਦਾ ਬਾਰ-ਬਾਰ ਗਾਇਨ ਕੀਤਾ ਜਾਂਦਾਹੈ ਉਥੇ ਅੰਤਰਿਆਂ ਦੀਆਂ ਤੁਕਾਂ ਵਿਚ ਵਿਸ਼ੇ ਨਾਲ ਸੰਬੰਧਿਤ ਸ਼ਲੋਕ ਅਤੇ ਦੋਹੜਿਆਂ ਦਾ ਗਾਇਨ ਵੀ ਕੀਤਾਜਾਂਦਾ ਹੈ।

ਅਨਿਬੱਧ ਗਾਇਨ ਸ਼ੈਲੀਆ ਤਾਲ ਦੇ ਬੰਧਨ ਤੋਂ ਆਜ਼ਾਦ ਹੁੰਦੀਆ ਹਨ। ਸੂਫ਼ੀ ਸੰਗੀਤ ਵਿਚ ਸੀਹਰਫ਼ੀ, ਦੋਹੜੇ, ਸ਼ਲੋਕ ਗਾਇਨ ਸ਼ੈਲੀਆ ਅਨਿਬੱਧ ਦਾ ਰੂਪ ਹਨ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

ਸੀਹਰਫ਼ੀ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜੋ ਅਰਬੀ ਵਰਣਮਾਲਾ ਦੇ ਤੀਹ ਅੱਖਰਾਂ 'ਤੇ ਆਧਾਰਿਤ ਹੈ। ਇਸ ਵਿਚ ਵਰਣਮਾਲਾ ਦੇ ਅੱਖਰਾਂ ਦੇ ਅਨੁਰੂਪ ਕਾਵਿ ਰਚਨਾ ਦਾ ਪਹਿਲਾ ਅੱਖਰ ਲਿਆ ਜਾਂਦਾ ਹੈ। ਫਿਰ ਇਸੀ ਦਾ ਕ੍ਰਮਵਾਰ ਇਨ੍ਹਾਂ ਅੱਖਰਾਂ ਨੂੰ ਲੈ ਕੇ ਕਾਵਿ ਰਚਨਾ ਹੁੰਦੀ ਹੈ। ਸੀਹਰਫ਼ੀ ਵਿਚਪ੍ਰਯੋਗ ਕੀਤੀ ਹਰਕਤ

ਤੇ ਟੱਪਾ ਸ਼ੈਲੀ ਅਤੇ ਲੰਬੀ ਹੇਕ ਤੋਂ ਪੰਜਾਬੀ ਲੋਕ ਸੰਗੀਤ ਦੀ ਝਲਕ ਮਿਲਦੀ ਹੈ। ਸੂਫ਼ੀ ਸੰਗੀਤ ਵਿਚ ਸੀਹਰਫ਼ੀ ਦਾ ਸੁਤੰਤਰ ਗਾਇਨ ਦੇ ਨਾਲ ਸਹਾਇਕ ਦੇ ਤੌਰ 'ਤੇ ਪ੍ਰਯੋਗ ਕਾਫ਼ੀ ਪਾਇਆ ਜਾਂਦਾ ਹੈ। ਗਾਇਨ ਸ਼ੈਲੀ ਦੇ ਰੂਪ ਵਿਚ ਸੀਹਰਫ਼ੀ ਹਰ ਸ਼ੈਲੀ ਦੀ ਮੂਲ ਧੁਨ ਵਿਚ ਖੋ ਕੇ ਆਪਣਾ ਸਰੂਪ ਧਾਰਣ ਕਰ ਲੈਂਦੀ ਹੈ।

ਦੋਹੜਾ ਚਾਰ ਤੁਕਾਂ ਦਾ ਪਦ ਹੁੰਦਾ ਹੈ ਅਤੇ ਹਰੇਕ ਦੋਹੜਾ ਦੋ ਸ਼ੇਅਰ ਦਾ ਧਾਰਣੀ ਹੁੰਦਾ ਹੈ। ਸੂਫ਼ੀ ਸੰਗੀਤ ਵਿਚ ਦੋਹੜੇ ਦਾ ਸੀਹਰਫ਼ੀ ਦੀ ਤਰ੍ਹਾਂ ਦੋ ਤਰੀਕੇ ਨਾਲ ਗਾਇਨ ਕੀਤਾ ਜਾਂਦਾ ਹੈ- ਇੱਕ ਸੁਤੰਤਰ ਰੂਪ ਵਿਚ ਦੂਸਰਾ ਸਹਾਇਕ ਦੇ ਤੌਰ 'ਤੇ ਪ੍ਰਯੋਗ ਕੀਤਾ ਜਾਂਦਾ ਹੈ।

ਸ਼ਲੋਕ ਵਿਚ ਕਿਸੇ ਮਹਾਨ ਵਿਅਕਤੀ ਦੀ ਪ੍ਰਸ਼ੰਸਾ ਜਾਂ ਗੁਣਗਾਨ ਕੀਤੇ ਜਾਂਦੇ ਹਨ। ਸ਼ਲੋਕ ਦਾ ਗਾਇਨ, ਬਿਨਾਂ ਸਾਜ਼ਾਂ ਤੋਂ ਕੀਤਾ ਜਾਂਦਾ ਹੈ। ਸੂਫ਼ੀ ਸੰਗੀਤ ਵਿਚ ਸ਼ਲੋਕ ਦਾ ਗਾਇਨ ਸੁਤੰਤਰ ਰੁਪ ਵਿਚ ਕੀਤਾ ਜਾਂਦਾ ਹੈ ਅਤੇ ਨਾਲ ਹੀ ਸੀਹਰਫ਼ੀ, ਦੋਹੜੇ ਦੀ ਤਰ੍ਹਾਂ ਕਾਫ਼ੀ ਅਤੇ ਕੱਵਾਲੀ ਸ਼ੈਲੀ ਵਿਚ ਸਹਾਇਕ ਵਜੋਂ ਕੀਤਾ ਜਾਂਦਾ ਹੈ।

<u>ਭਗਤੀ ਲਹਿਰ ਅਤੇ ਭਗਤੀ ਸੰਗੀਤ:</u> ਭਗਤੀ ਲਹਿਰ ਮੱਧ ਕਾਲ ਦਾ ਇਕ ਵਿਸ਼ਾਲ ਅੰਦੋਲਨ ਹੈ ਜਿਸਨੇ ਭਾਰਤੀ ਅਧਿਆਤਮਕ, ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਭਾਵਿਤ ਕਰਦਿਆਂ ਇਸਨੂੰ ਨਵੀਨ ਸਾਤਵਿਕ ਮੁੱਲ ਪ੍ਰਦਾਨ ਕੀਤੇ । ਭਗਤੀ ਲਹਿਰ ਦੇ ਹੋਂਦ ਵਿਚ ਆਉਣ ਬਾਰੇ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸਦਾ ਆਰੰਭ ਦੱਖਣ ਤੋਂ ਹੋਇਆ ਅਤੇ ਇਹ ਸਮਸਤ ਭਾਰਤ ਵਿਚ ਫੈਲ ਗਈ। ਭਾਰਤ ਦੇ ਦੱਖਣ ਅਤੇ ਉੱਤਰ ਵਿਚ ਦੈਵੀ ਪ੍ਰੇਮ 'ਤੇ ਆਧਾਰਿਤ ਬ੍ਰਹਮਵਾਦ ਦੀ ਅਭਿਵਿਅਕਤੀ ਇਲਾਕਾਈ ਭਾਸ਼ਾਵਾਂ ਵਿਚ ਹੋਈ। ਇਸ ਅਭਿਵਿਅਕਤੀ ਦੇ ਪ੍ਰਮੁੱਖ ਅਭਿਵਿਅਕਤਾ ਜੋ ਬਾਅਦ ਵਿਚ ਭਗਤੀ ਲਹਿਰ ਦੇ ਪ੍ਰਚਾਰਕ ਵੀ ਮੰਨੇ ਗਏ ਨੀਵੀਆਂ ਜਾਤੀਆਂ ਦੇ ਰੌਸ਼ਨ ਦਿਮਾਗ ਅਧਿਆਤਮ ਜੀਵੀ ਸਨ ।

ਭਗਤੀ ਲਹਿਰ ਦਾ ਆਰੰਭ ਇਕ ਧਾਰਮਿਕ ਅੰਦੋਲਨ ਵਜੋਂ ਹੋਇਆ। ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ-ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ-ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਭਗਤੀ ਲਹਿਰ ਆਪਣੀ ਪਿੱਠ ਭੂਮੀ ਨਾਥ ਅਤੇ ਜੋਗੀ, ਸੂਫ਼ੀ ਸੰਪਰਦਾਵਾਂ ਦੇ ਪ੍ਰਭਾਵ ਤੋਂ ਉਪਜੀ ਹੋਣ ਕਰਕੇ ਇਸਦਾ ਮੁੱਖ ਉਦੇਸ਼ ਸਰਗੁਣ ਸੀ ਜੋ ਬਾਅਦ ਵਿਚ ਨਿਰਗੁਣ ਉਪਾਸਨਾ ਦੀ ਧਾਰਣਾ ਵੀ ਬਣੀ। ਸਰਗੁਣ ਉਪਾਸਨਾ ਅੰਤਰਗਤ ਭਗਤੀ ਲਹਿਰ ਵਿਚ ਕਈ ਵੈਸ਼ਣਵ ਸੰਪਰਦਾਵਾਂ ਚੱਲੀਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

<u>ਰਾਮਾਨੰਦੀ ਜਾ ਰਾਮਾਨੁਜ ਸੰਪ੍ਰਦਾਇ:</u> ਰਾਮਾਨੁਜਚਾਰੀਆ ਦੇ ਪੈਰੋਕਾਰ ਰਾਮਾਨੰਦ ਨੂੰ ਭਗਤੀ ਲਹਿਰ ਦਾ ਪ੍ਰਥਮ ਪ੍ਰਚਾਰਕ ਮੰਨਿਆ ਜਾਂਦਾ ਹੈ। ਰਾਮਾਨੰਦ ਪਹਿਲਾਂ ਸਰਗੁਣਵਾਦੀ ਵੈਸ਼ ਸੀ ਪਰ ਬਾਅਦ ਵਿਚ ਨਿਰਗੁਣਵਾਦੀ ਹੋ ਗਿਆ ਸੀ। ਇਸ ਸੰਪਰਦਾ ਅਧੀਨ ਸਰਗੁਣ ਅਤੇ ਨਿਰਗੁਣ ਦੋ ਭਗਤੀ ਭੇਦ ਹੋਣ ਕਾਰਣ ਰਾਮਾਨੰਦ ਦੇ ਚੇਲੇ ਦੋ ਸ਼ਾਖਾਵਾਂ ਵਿਚ ਵੰਡੇ ਗਏ । ਸਰਗੁਣਵਾਦੀ ਭਗਤਾਂ ਨੂੰ 'ਵੈਰਾਗੀ' ਅਤੇ ਨਿਰਗੁਣਵਾਦੀ ਨੂੰ 'ਸੰਤ' ਨਾਮ ਨਾਲ ਪੁਕਾਰਿਆ ਜਾਂਦਾ ਸੀ। ਵੈਰਾਗੀ ਸ਼ਾਖਾ ਅਧੀਨ ਭਗਵਾਨ ਰਾਮ ਦੀ ਸਰਗੁਣ ਭਗਤੀ ਕੀਤੀ ਜਾਂਦੀ ਸੀ। ਰਾਮਾਨੰਦ ਦੇ ਚੇਲੇ ਵੈਰਾਗੀ ਜਾਂ ਸਰਗੁਣ ਭਗਤੀ ਅਨੁਸਾਰ ਅਨੰਤਾ ਨੰਦ, ਸੁਖਾ ਨੰਦ, ਯੋਗ ਨੰਦ ਆਦਿ ਤੋਂ ਬਿਨਾਂ ਤੁਲਸੀਦਾਸ ਜੀ ਦਾ ਨਾਮ ਪ੍ਰਸਿੱਧ ਹੈ ਜਿਨ੍ਹਾਂ ਦੇ ਕਾਵਿ ਦੀ ਸੰਗੀਤਕ ਮਹਾਨਤਾ ਵਿਸ਼ੇਸ਼ ਹੈ। ਇਸ ਪਰੰਪਰਾ ਅਧੀਨ 'ਸੰਤ' ਭਗਤ ਜਨਾਂ ਵਿਚ ਰਾਮ ਦੀ ਨਿਰਗੁਣ ਭਗਤੀ ਕੀਤੀ ਜਾਂਦੀ ਸੀ ਜਿਸਦਾ ਪ੍ਰਚਾਰ ਕਬੀਰ, ਰਵਿਦਾਸ ਆਦਿ ਨੇ ਕੀਤਾ। ਰਾਮਾਨੁਜਚਾਰੀਆ ਨਾਲ ਸੰਬੰਧਿਤ ਭਗਤਾਂ ਦੀਆਂ ਰਚਨਾਵਾਂ ਉਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ। ਉਨ੍ਹਾਂ ਨੇ ਆਪਣੇ

ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ ਗਾਇਆ ਅਤੇ ਪ੍ਰਚਾਰਿਆ।

ਵੱਲਭ ਸੰਪ੍ਰਦਾਇ: ਵੱਲਭ ਸੰਪ੍ਰਦਾਇ ਅਧੀਨ ਕ੍ਰਿਸ਼ਨ ਭਗਤੀ, ਸੰਗੀਤ ਦੇ ਵਿਸ਼ੇਸ਼ ਨਿਯਮਾਨੁਸਾਰ ਕੀਤੀ ਜਾਂਦੀ ਸੀ। ਅਸ਼ਟਛਾਪ ਕਵੀਆਂ ਨੇ* ਬ੍ਰਜ ਭਾਸ਼ਾ ਵਿਚ ਪ੍ਰਬੰਧ, ਪਦ ਅਤੇ ਭਜਨ ਸ਼ੈਲੀ ਦੀ ਰਚਨਾ ਕੀਤੀ ਜਿਨ੍ਹਾਂ ਉਪੱਰ ਰਾਗ ਆਦਿ ਸ਼ਾਸਤਰੀ ਸੰਕੇਤ ਵੀ ਹਨ ਜੋ ਸੰਬੰਧਿਤ ਰਾਗ ਅਧੀਨ ਗਾਇਨ ਕਰਨ ਦਾ ਸੂਚਕ ਹਨ। ਇਸ ਪਰੰਪਰਾ ਦੇ ਉਘੇ ਭਗਤ ਕਵੀ, ਗਾਇਕ ਸੂਰਦਾਸ ਅਤੇ ਮੀਰਾ ਦਾ ਨਾਮ ਵਿਸ਼ੇਸ਼ ਹੈ।ਮੀਰਾ ਨੇ ਸਾਜ਼ ਕਰਤਾਲ ਅਤੇ ਏਕ ਤਾਰਾ ਨਾਲ ਪਦਿਆਂ ਜਾਂ ਭਜਨਾਂ ਦਾ ਗਾਇਨ ਕੀਤਾ। ਮੀਰਾ ਨੇ ਗਾਇਨ ਦੇ ਨਾਲ ਨਾਲ ਨ੍ਰਿਤ ਦੁਆਰਾ ਵੀ ਕ੍ਰਿਸ਼ਨਭਗਤੀ ਕੀਤੀ।ਆਪ ਨੇ ਕਈ ਭਜਨਾਂ ਦੀ ਰਚਨਾ ਵੀ ਕੀਤੀ ਜਿਨ੍ਹਾਂ ਵਿਚ ਪ੍ਰੇਮ ਅਤੇ ਬਿਰਹੋਂ ਦੀ ਭਾਵਨਾ ਝਲਕਦੀ ਹੈ। ਭਗਤ ਸੂਰਦਾਸ ਦਾ ਲਿਖਿਆ ਗ੍ਰੰਥ 'ਸੂਰਸਾਗਰ' ਪ੍ਰਸਿੱਧ ਗ੍ਰੰਥ ਹੈ ਜਿਸ ਵਿਚ ਕ੍ਰਿਸ਼ਨ ਦੀਆਂ ਲੀਲ੍ਹਾਵਾ ਨੂੰ ਵੱਖ-ਵੱਖ ਰਾਗਾਂ ਅਧੀਨ ਅੰਕਿਤ ਕੀਤਾ ਹੈ। ਵੱਲਭ ਸੰਪਰਦਾ ਅਧੀਨ ਭਗਤੀ ਲਈ ਕਈ ਗਾਇਨ ਵਿਧੀਆਂ ਨੂੰ ਪ੍ਰਯੋਗ ਵਿਚ ਲਿਆਇਆ ਗਿਆ ਹੈ ਜੋ ਇਸ ਪ੍ਰਕਾਰ ਹਨ:

* ਵੱਲਭਚਾਰੀਆ ਦੇ ਚਾਰ ਪੁੱਤਰ ਅਤੇ ਚਾਰ ਚੇਲੇ ਕ੍ਰਮਵਾਰ ਕੁੰਭਨਦਾਸ, ਸੂਰਦਾਸ, ਕ੍ਰਿਸ਼ਨ ਦਾਸ, ਪਰਮਾਨੰਦ ਦਾਸ, ਗੋਵਿੰਦਦਾਸ, ਛੀਤਸਵਾਮੀ,ਨੰਦ ਦਾਸ, ਚਤੁਰਭੁਜ ਦਾਸ ਅਸ਼ਟਛਾਪ ਕਵੀਦੇ ਨਾਮ ਤੋਂ ਪ੍ਰਸਿੱਧ ਹਨ। ਸੰਪ੍ਰਦਾਇ ਦੇ ਇਸ਼ਟਦੇਵ ਜਾਂ ਗੁਰੂ ਸ਼੍ਰੀ ਨਾਥ ਜੀ ਦੇ ਨਜ਼ਦੀਕੀ ਇਹ ਕਵੀ ਕੀਰਤਨਕਾਰ ਸ਼ੂਖਾਭਾਵ ਤੋਂ ਉਨ੍ਹਾਂ ਦੀਪ੍ਰੇਮ ਭਗਤੀ ਝਲਕਦੀ ਹੈ। ਇਹ ਅੱਠ ਭਗਤ ਕਵੀ ਇੰਨੇ ਸਿੱਧ, ਪਰਮ ਮੰਨੇ ਜਾਦੇ ਸਨ ਕਿ ਸ੍ਰੀ ਨਾਥ ਜੀ ਨੇ ਇਨ੍ਹਾਂ ਨੂੰ ਅਸ਼ਠਸਖਾ ਵੀ ਕਿਹਾਹੈ।

(ਹਿੰਦੀ ਸਾਹਿਤ ਕੋਸ਼, ਪੰਨਾ 64)

ਕ੍ਰਿਸ਼ਨ ਦੀਆਂ ਲੀਲ੍ਹਾਵਾਂ ਦੇ ਕੀਰਤਨ ਨੂੰ ਰਾਸ ਜਾਂ ਲੀਲ੍ਹਾ ਦਾ ਨਾਮ ਦਿੱਤਾ ਜਾਂਦਾ ਹੈ। ਇਹ ਕੀਰਤਨ ਪਰੰਪਰਾ ਵੀ ਵੱਲਭ ਸੰਪ੍ਰਦਾਇ ਵਲੋਂ ਹੋਂਦ ਵਿਚ ਆਈ। ਇਸ ਵਿਚ ਅਸ਼ਟਛਾਪ ਕੀਰਤਨ ਦੀ ਵੀ ਝਲਕ ਮਿਲਦੀ ਹੈ। ਇਸ ਕੀਰਤਨ ਵਿਧੀ ਵਿਚ ਸ਼ਾਸਤਰੀ ਸੰਗੀਤ ਦੇ ਵਿਸ਼ੇਸ਼ ਨਿਯਮਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ।

ਵੱਲਭ ਸੰਪ੍ਰਦਾਇ ਦੇ ਆਚਾਰੀਆ ਦੁਆਰਾ ਅਸ਼ਟਯਾਮ ਕੀਰਤਨ ਪ੍ਰਣਾਲੀ ਦਾ ਖੂਬ ਪ੍ਰਚਾਰ ਹੋਇਆ। ਇਸ ਵਿਚ ਕ੍ਰਿਸ਼ਨ ਭਗਤੀਅਧੀਨ ਕ੍ਰਿਸ਼ਨ ਦੀਆ ਮੰਗਲਾ, ਸ਼ਿੰਗਾਰ, ਰਾਜਭੋਗ, ਉਥਾਪਨ, ਸੰਧਯਾ, ਸ਼ਯਨ ਸੇਯਾ ਵਰਗੀਆਂ ਨਿਤਾਪ੍ਰਤੀ ਦੀਆਂ ਕ੍ਰਿਆਵਾਂ ਦਾ ਦਿਨ ਦੇ ਅੱਠਾਂ ਪਹਿਰਾਂ ਵਿਚ ਨਿਰਧਾਰਿਤ ਸਮੇਂ'ਤੇ ਨਿਰਧਾਰਿਤ ਪਦਿਆਂ ਜਾਂ ਭਜਨਾ ਦਾ ਗਾਇਨ ਕੀਤਾ ਜਾਂਦਾ ਹੈ।[1]

ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀ ਸਾਲ ਭਰ ਦੇ ਤਿਓਹਾਰਾਂ ਅਤੇ ਕ੍ਰਿਸ਼ਨ, ਰਾਧਾ ਦੇ ਸੰਬੰਧ ਵਿਚ ਮਨਾਏ ਜਾਣ ਵਾਲੇ ਵਿਸ਼ੇਸ਼ ਉਤਸਵਾਂ ਦੇ ਲਈ ਪਦ ਰਚਨਾ ਕਰਦੇ ਸਨ [2] ਅਤੇ ਉਨ੍ਹਾਂ ਦਾ ਵਿਸ਼ੇਸ਼ ਮੌਕੇ'ਤੇ ਵਿਸ਼ੇਸ਼ ਮੰਤਵ ਨੂੰ ਮੁੱਖ ਰੱਖਕੇ ਉਸ ਨਾਲ ਸੰਬੰਧਿਤ ਭਗਤੀ ਗੀਤਾਂ ਦਾ ਗਾਇਨ ਕੀਤਾ ਜਾਂਦਾ ਸੀ। ਜੀਵਨ ਨਾਲ ਸੰਬੰਧਿਤ ਰਸਮਾਂ, ਰੀਤਾਂ, ਰਿਵਾਜਾਂ ਸਮੇਂ ਵੀ ਇਸ ਕੀਰਤਨ ਵਿਧੀ ਦੇ ਗਾਇਨ ਕਰਨ ਦੀ ਪਰੰਪਰਾ ਹੈ। ਇਨ੍ਹਾਂ ਵਿਸ਼ੇਸ਼ ਉਤਸਵਾਂ'ਤੇ ਉਹੀ ਪਦਿਆਂ ਦਾ ਗਾਇਨ ਕੀਤਾ ਜਾਂਦਾ ਹੈ ਜੋ ਪ੍ਰਾਚੀਨ ਪਰੰਪਰਾ ਤੋਂ ਚਲੇ ਆ ਰਹੇ ਹਨ।[3]

---

1- ਵਿਜੇਯੰਦਰ ਸਨਾਤਕ, ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ,ਪੰਨਾ241

2- ਹਿੰਦੀ ਸਾਹਿਤ ਕੋਸ਼(ਭਾਗ ਪਹਿਲਾ),ਪੰਨਾ 67

3- ਵਿਜੇਯੰਦਰ ਸਨਾਤਕ, ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ,ਪੰਨਾ242

ਅਸ਼ਟਛਾਪ ਕਵੀਆਂ ਨੇ ਦੇਵੀ-ਦੇਵਤਿਆਂ ਵਿਸ਼ੇਸ਼ ਕਰਕੇ ਕ੍ਰਿਸ਼ਨ ਦੇ ਗੁਣ ਗਾਨ ਕਰਨ ਲਈ ਯਾਤਰਾ ਕੀਰਤਨ ਸ਼ੈਲੀ ਦਾ ਪ੍ਰਯੋਗ ਕੀਤਾ। ਗਾਇਨ ਦੇ ਨਾਲ ਨ੍ਰਿਤ ਕਰਨ ਦੀ ਪਰੰਪਰਾ ਵੀ ਇਸ ਕੀਰਤਨ ਸ਼ੈਲੀ ਦਾ ਇਕ ਹਿੱਸਾ ਹੈ। ਇਹ ਕੀਰਤਨ ਵਿਧੀ ਸਮੂਹ ਲੋਕਾਂ ਨੂੰ ਕੀਰਤਨ ਕਰਨ ਲਈ ਪ੍ਰੇਰਦੀ ਹੈ। ਇਸ ਕੀਰਤਨ ਪਰਿਪਰਾ ਰਾਹੀਂ ਕਿਸੇ ਪਰਮ ਅਵਸਥਾ ਦੀ ਪ੍ਰਾਪਤੀ ਤਾਂ ਅਸੰਭਵ ਹੈ ਪਰ ਪ੍ਰਚਾਰ ਅਤੇ ਪ੍ਰਸਾਰ ਦੇ ਉਦੇਸ਼ ਤੋਂ ਇਹ ਮਹੱਤਵਪੂਰਨ ਹੈ।

ਉਹ ਗੀਤ ਜਿਨ੍ਹਾਂ ਦੀ ਸਹਾਇਤਾ ਨਾਲ ਈਸ਼ਵਰ ਦੀ ਅਰਾਧਨਾ ਕੀਤੀ ਜਾਂਦੀ ਹੈ ਜਾਂ ਜਿਨ੍ਹਾਂ ਰਾਹੀਂ ਈਸ਼ਵਰ ਦੀ ਗੁਣ ਗਾਥਾ ਕੀਤੀ ਜਾਂਦੀ ਹੈ ਉਹ ਭਜਨ ਅਖਵਾਉਂਦੇ ਹਨ।[1] ਭਜਨ ਕੀਰਤਨ ਅਧੀਨ ਉਸ ਪ੍ਰਮਾਤਮਾ ਦੀ ਸਿਫ਼ਤ ਸਲਾਹ ਨੂੰ ਗਾਇਨ ਦੁਆਰਾ ਪ੍ਰਸਤੁਤ ਕੀਤਾ ਜਾਂਦਾ ਹੈ। ਵੱਲਭ ਸੰਪ੍ਰਦਾਇ ਦੇ ਅਸ਼ਟਛਾਪ ਕਵੀਆਂ ਨੇ ਇਸ ਕੀਰਤਨ ਸ਼ੈਲੀ ਦਾ ਭਰਪੂਰ ਪ੍ਰਯੋਗ ਕੀਤਾ। ਇਹ ਕੀਰਤਨ ਕ੍ਰਿਸ਼ਨ ਜੀ ਦੀਆਂ ਲੀਲ੍ਹਾਵਾਂ ਅਤੇ ਜੀਵਨ ਚਰਿੱਤਰ ਸੰਬੰਧੀ ਭਗਤੀ ਗੀਤਾਂ 'ਤੇ ਆਧਾਰਿਤ ਹੈ। ਭਜਨ ਕੀਰਤਨ ਦਾ ਸਾਮੂਹਿਕ ਅਤੇ ਵਿਅਕਤੀਗਤ ਦੋਹਾਂ ਰੂਪਾਂ ਵਿਚ ਪ੍ਰਚਾਰ ਹੈ। ਅੱਜਕਲ੍ਹ ਭਜਨ ਕੀਰਤਨ ਦਾ ਸ਼ਾਸਤਰੀ ਸੰਗੀਤ ਦੇ ਸਮਾਰੋਹ ਵਿਚ ਵੀ ਵਿਸ਼ੇਸ਼ ਸਥਾਨ ਹੈ।[2] ਵਰਤਮਾਨ ਸਮੇਂ ਭਜਨ ਕੀਰਤਨ ਵਿਚ ਤੁਲਸੀਦਾਸ, ਮੀਰਾਬਾਈ, ਸੂਰਦਾਸ ਆਦਿ ਦੇ ਪਦੇ ਪ੍ਰਸਿੱਧ ਹਨ ਜਿਨ੍ਹਾਂ ਦੇ ਸੁਤੰਤਰ ਰੂਪ ਵਿਚ ਰਸਮੀ ਬੰਧਨਾਂ ਤੋਂ ਮੁਕਤ ਹੋ ਕੇ ਗਾਇਨ ਕਰਨ ਦੀ ਪ੍ਰਥਾ ਚਲ ਪਈ ਹੈ।

---

1- Swami Shivananda, Bhakti and Sankirtan, Page 89

2- ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 73

ਸਖੀ ਸੰਪ੍ਰਦਾਇ: ਸਖੀ ਸੰਪ੍ਰਦਾਇ ਦੇ ਸੰਸਥਾਪਕ ਸੁਆਮੀ ਹਰੀ ਦਾਸ ਜੀ ਮੰਨੇ ਜਾਂਦੇ ਹਨ। ਜਿਨ੍ਹਾਂ ਨੇ ਰਾਧਾ ਕ੍ਰਿਸ਼ਨ ਦੀ ਜੁਗਲ ਜੋੜੀ ਦੀ ਪੂਜਾ ਕੀਤੀ। ਸੰਗੀਤ ਜਗਤ ਵਿਚ ਸੁਆਮੀ ਹਰੀ ਦਾਸ ਜੀ ਮਹਾਨ ਸੰਗੀਤਾਚਾਰੀਆ ਹਨ। ਆਪ ਨੇ ਵੱਖ-ਵੱਖ ਰਾਗਾਂ ਅੰਤਰਗਤ ਪਦਿਆਂ ਦੀ ਰਚਨਾ ਕੀਤੀ ਜੋ ਆਧੁਨਿਕ ਸਮੇਂ ਧਰੁਪਦ ਗਾਇਨ ਸ਼ੈਲੀ ਦੇ ਉੱਤਮ ਨਮੂਨੇ ਵਜੋਂ ਪ੍ਰਸਿੱਧ ਹਨ। ਤਾਨਸੈਨ, ਬੈਜੂ ਬਾਵਰਾ, ਰਾਮਦਾਸ, ਗੋਪਾਲ ਨਾਇਕ ਵਰਗੇ ਮਹਾਨ ਸੰਗੀਤਕਾਰਾਂ ਨੇ ਸੰਗੀਤ ਦੀ ਦਾਤ ਆਪ ਕੋਲੋਂ ਪ੍ਰਾਪਤ ਕੀਤੀ ਸੀ।

ਸਖੀ ਸੰਪ੍ਰਦਾਇ ਅਧੀਨ ਭਾਰਤੀ ਸੰਗੀਤ ਦੀ ਵਿਸ਼ੇਸ਼ ਵਿਅਕਤੀਗਤ ਪਦ ਕੀਰਤਨਸ਼ੈਲੀ ਦਾ ਖੂਬ ਪ੍ਰਚਾਰ ਹੋਇਆ। ਪਦ ਕੀਰਤਨ ਸ਼ੈਲੀ ਸੰਗੀਤ ਦੇ ਵਿਸ਼ਿਸ਼ਟ ਨਿਯਮਾਂ ਦੀ ਧਾਰਨੀ ਹੈ। ਇਸ ਅਧੀਨ ਕਿਸੇ ਸੰਤ, ਭਗਤ ਕਵੀ ਦੁਆਰਾ ਰਚਿਤ ਪਦ (ਕਾਵਿ) ਨੂੰ ਗਾਇਆ ਜਾਂਦਾ ਹੈ। ਇਨ੍ਹਾਂ ਪਦਿਆਂ ਵਿਚ ਪ੍ਰਮਾਤਮਾ ਤੋਂ ਬਿਨਾਂ ਦੇਵੀ-ਦੇਵਤਿਆਂ ਦੀ ਉਸਤਤੀ ਕੀਤੀ ਜਾਂਦੀ ਹੈ। ਇਸ ਲਈ ਇਨ੍ਹਾਂ ਨੂੰ 'ਕੀਰਤੀ-ਗਾਥਾ-ਗਾਨਾ' ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ।[1] ਇਹ ਸ਼ੈਲੀ ਉਸ ਸਮੇਂ ਪ੍ਰਚੱਲਿਤ ਧਰੁਪਦ ਸ਼ੈਲੀ ਤੋਂ ਪ੍ਰਭਾਵਿਤ ਸੀ। ਪਦ ਕੀਰਤਨ ਦੇ ਪਦਿਆਂ ਵਿਚ ਉਸ ਸਮੇਂ ਪ੍ਰਚੱਲਿਤ 'ਧਰੁਵ' ਨੂੰ ਸਥਾਈ ਜਾਂ ਟੇਕ ਬਣਾ ਕੇ ਬਾਕੀ ਪੰਕਤੀਆਂ ਨੂੰ ਅੰਤਰਿਆਂ ਦੇ ਰੂਪ ਵਿਚ ਗਾਇਆ ਜਾਂਦਾ ਹੈ। ਪਦ ਸ਼ੈਲੀ ਨੂੰ ਗਾਇਨ ਕਰਨ ਸਮੇਂ ਪਹਿਲਾਂ ਖ਼ਿਆਲ ਦੀ ਤਰ੍ਹਾਂ ਥੋੜ੍ਹਾ ਬਹੁਤ ਅਲਾਪ ਕਰਦੇ ਹਨ। ਇਸ ਤਰ੍ਹਾਂ ਬੰਦਿਸ਼ ਅਤੇ ਪਖਾਵਜ ਦੀ ਸੰਗੀਤ ਦੀ ਦ੍ਰਿਸ਼ਟੀ ਤੋਂ ਧਰੁਪਦ ਅਤੇ ਆਲਾਪ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਖ਼ਿਆਲ ਦਾ ਰੂਪ ਇਸ ਵਿਚ ਵਿਖਾਈ ਦਿੰਦਾ ਹੈ।[2] ਪਦ ਕੀਰਤਨ ਸ਼ੈਲੀ ਨਿਯਮਾਂ ਦੀ ਧਾਰਨੀ ਹੋਣ ਕਾਰਨ ਵਿਅਕਤੀਗਤ ਗਾਇਨ ਵਿਧੀ ਵਧੇਰੇ ਪ੍ਰਚਾਰ ਵਿਚ ਸੀ। ਇਸ ਸ਼ੈਲੀ ਦੁਆਰਾ ਮੱਧ-ਕਾਲੀਨ ਭਗਤ ਸੁਆਮੀ ਹਰੀਦਾਸ ਆਦਿ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਦਾ

---

1. Swami Prajnanananda, A Historical Study of Indian Music, Page 14

2. ਚੌਧਰੀ, ਸੁਭੱਦਰਾ (ਡਾ.) ਭਾਰਤੀਯ ਸੰਗੀਤ ਮੇਂ ਤਾਲ ਔਰ ਰੂਪ ਵਿਧਾਨ, ਪੰਨਾ 288.

ਗਾਇਨਕੀਤਾ ।

ਸਿੱਖ ਧਰਮ ਅਤੇ ਸੰਗੀਤ: ਸਿੱਖ ਧਰਮ ਵਿਚ ਸੰਗੀਤ ਦਾ ਪ੍ਰਮੁੱਖ ਸਥਾਨ ਹੈ। ਇਸ ਧਰਮ ਵਿਚ ਸੰਗੀਤ ਨੂੰ ਇਕ ਵਿਸ਼ਿਸ਼ਟ ਸੰਚਾਰ ਮਾਧਿਅਮ ਵਜੋਂ ਸਵੀਕਾਰਿਆ ਹੈ। ਇਸ ਧਰਮ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਭਗਤੀ ਲਹਿਰ ਦੇ ਨਿਕਟ ਵਰਤੀ ਪ੍ਰਭਾਵਾਂ ਕਾਰਨਕੁਝਵਿਦਵਾਨ ਜਾਣੇ ਅਨਜਾਣੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਗਤੀ ਲਹਿਰ ਦੇ ਪ੍ਰਚਾਰਕ ਵਜੋਂ ਵੀਪ੍ਰਸਤੁਤ ਕਰਦੇ ਹਨ ਪਰੰਤੂ ਇਹ ਧਾਰਣਾਉਚਿਤ ਨਹੀਂ ਜਾਪਦੀ ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਵਲੇ ਭਾਰਤੀ ਧਰਮਾਂ ਅਤੇ ਭਗਤੀ ਲਹਿਰ ਵਰਗੀਆਂ ਧਾਰਮਿਕ ਪ੍ਰਣਾਲੀਆਂ ਅਤੇ ਪ੍ਰਵਿਰਤੀਆਂ ਦੇ ਚਿੰਤਨ ਉਪਰੰਤ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਇਕ ਧਰਮ ਵਜੋਂ ਪ੍ਰਚਾਰਿਆ। ਉਨ੍ਹਾਂ ਬਾਣੀ ਦੇ ਗਾਇਨ ਪ੍ਰਚਾਰਨਹਿੱਤ ਕੀਰਤਨ ਨੂੰ ਮਾਧਿਅਮ ਬਣਾਇਆ। ਇਸ ਕੀਰਤਨ ਦੀ ਜੁਗਤ ਨੂੰ ਸ਼ਬਦ ਅਤੇ ਸੰਗੀਤ ਨਾਲ ਜੋੜਿਆ ਗਿਆ। ਸ਼ਬਦ-ਕੀਰਤਨ ਦੇ ਇਸ ਸਮੁੱਚੇ ਵਿਧੀ ਵਿਧਾਨ ਅਤੇ ਪ੍ਰਸਤੁਤੀ ਪ੍ਰਕ੍ਰਿਆ ਨੂੰ 'ਗੁਰਮਤਿ ਸੰਗੀਤ' ਵਜੋਂ ਜਾਣਿਆ ਜਾਂਦਾ ਹੈ। ਇਸ ਸੰਬੰਧੀ ਸਿੱਖ ਧਰਮ ਦੇ ਆਧਾਰ ਗ੍ਰੰਥ 'ਸ੍ਰੀਗੁਰੂ ਗ੍ਰੰਥ ਸਾਹਿਬ ਜੀ' ਸਾਡੇ ਕੋਲ ਇਕ ਪ੍ਰਮਾਣਿਕ ਸਰੋਤ ਵਜੋਂ ਵਿਦਮਾਨ ਹਨ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਬਿਨਾਂ ਸੰਤਾਂ, ਭਗਤਾਂ, ਭੱਟਾਂ ਦੀ ਬਾਣੀ ਦਰਜ ਹੈ। ਸ੍ਰੀਗੁਰੂ ਗ੍ਰੰਥ ਸਾਹਿਬ ਵਿਚ ਸੰਗੀਤਕ ਪੱਖੋਂ ਬਾਣੀ ਦਾ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਪਾਲਣ ਕਰਨ ਲਈ ਬਾਣੀ ਉਪਰ ਰਾਗ, ਰਹਾਉ, ਅੰਕ, ਘਰੁ ਆਦਿ ਸੰਗੀਤਕ ਸੰਕੇਤ ਵਿਦਮਾਨ ਹਨ। ਇਸ ਪ੍ਰਬੰਧ ਅਨੁਸਾਰ ਵਿਵਹਾਰਕ ਪਰੰਪਰਾ ਮੌਜੂਦ ਹੈ ਜਿਸਦਾ ਆਧੁਨਿਕ ਸਮੇਂ ਵੀ ਪ੍ਰਚਾਰ ਹੈ।

## ਗੁਰਮਤਿ ਸੰਗੀਤ ਦੀ ਉਤਪਤੀ

ਸਿੱਖ ਧਰਮ ਵਿਚ ਸੰਗੀਤ ਦੇ ਪ੍ਰਯੋਗ ਨੂੰ ਵਧੇਰੇ ਕਰਕੇ ਇਤਿਹਾਸਕੀਆ ਦ੍ਰਿਸ਼ਟੀਕੋਣ ਤੋਂ ਹੀ ਵੇਖਿਆ ਜਾਂਦਾ ਰਿਹਾ ਹੈ ਜਦੋਂ ਕਿ ਇਹ ਪ੍ਰਯੋਗ ਇਕ ਸੁਨਿਸ਼ਚਿਤ ਅਤੇ ਵਿਸ਼ਿਸ਼ਟ ਪਰੰਪਰਾ ਦੇ ਨਿਰਮਾਣ ਦਾ ਆਧਾਰ ਹੈ। ਇਸ ਕਰਕੇ ਸਿੱਖ ਧਰਮ ਵਿਚ ਸੰਗੀਤ ਦੇ ਪ੍ਰਯੋਗ ਨੂੰ ਅਤਿ ਸੂਖਸ਼ਮ ਅਤੇ ਵਿਗਿਆਨਕ ਤਰੀਕੇ ਨਾਲ ਅਧਿਐਨ ਦਾ ਵਿਸ਼ਾ ਬਣਾਉਣ ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਅਤੇ ਸੰਗੀਤ ਨੂੰ ਸੰਯੁਕਤ ਅਤੇ ਸੰਮਿਲਿਤ ਰੂਪ ਵਿਚ ਪ੍ਰਯੋਗ ਕੀਤਾ ਹੈ। ਇੱਥੇ ਇਹ ਵਰਣਨ ਕਰਨਾ ਉਚਿਤ ਜਾਪਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਭਾਰਤੀ ਧਰਮਾਂ ਵਿਚ ਸੰਗੀਤ ਦਾ ਪ੍ਰਯੋਗ ਹੁੰਦਾ ਰਿਹਾ ਹੈ। ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਦਾ ਇਸਤੇਮਾਲ ਕੀਤਾ ਤਾਂ ਇਸ ਵਿਚ ਕਿਹੜੀਆਂ-ਕਿਹੜੀਆਂ ਵਿਲੱਖਣਤਾਵਾਂ ਵਿਦਮਾਨ ਸਨ ਅਤੇ ਉਹ ਕਿਹੜੇ ਗੁਣ ਹਨ ਜਿਹੜੇ ਇਸ ਨੂੰ ਪੂਰਵਲੀਆਂ ਅਤੇ ਸਮਕਾਲੀਨ ਅਧਿਆਤਮਕ ਸੰਗੀਤ ਪਰੰਪਰਾਵਾਂ ਨਾਲੋਂ ਨਿਖੇੜਦੇ ਹਨ। ਇਹ ਵਿਸ਼ਾ ਸੁਤੰਤਰ ਅਧਿਐਨ ਦਾ ਵਿਸ਼ਾ ਹੈ ਜਿਸ ਨੂੰ ਅਸੀਂ ਆਪਣੇ ਖੋਜ ਕਾਰਜ ਦੌਰਾਨ ਭਿੰਨ-ਭਿੰਨ ਵਿਧੀਆਂ ਦੁਆਰਾ ਛੋਹਣ ਦਾ ਯਤਨ ਰਖਾਂਗੇ। ਸਰਬ ਪ੍ਰਥਮ ਅਸੀਂ ਇੱਥੇ ਗੁਰਮਤਿ ਸੰਗੀਤ ਦੀ ਉਤਪਤੀ ਸੰਬੰਧੀ ਵਿਚਾਰ ਕਰਾਂਗੇ ਜੋ ਇਸ ਵਿਸ਼ੇ ਸੰਬੰਧੀ ਬੁਨਿਆਦੀ ਤੌਰ 'ਤੇ ਮਹੱਤਵਪੂਰਨ ਹੈ। ਸਿੱਖ ਇਤਿਹਾਸ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਮਕਾਲੀਨ ਧਾਰਮਿਕ, ਸਮਾਜਿਕ, ਰਾਜਨੀਤਕ ਹਾਲਾਤਾਂ ਨੂੰ ਸੂਖਸ਼ਮ ਨੀਝ, ਗਹਿਰੇ ਚਿੰਤਨ ਅਤੇ ਬੋਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਰੰਭਿਕ ਜੀਵਨ ਤੋਂ ਪ੍ਰਤੱਖ ਹੁੰਦਾ ਹੈ। ਇਸ ਦੇ ਨਾਲ ਹੀ ਪੂਰਵਲੇ ਧਰਮ ਅਤੇ ਉਨ੍ਹਾਂ ਦੇ ਫਲਸਫੇ ਨੂੰ ਭਲੀ-ਭਾਂਤ ਪਛਾਣਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਨ ਪੰਥ ਦੀ ਸਥਾਪਨਾ ਵੱਲ ਕਦਮ ਚੁੱਕਿਆ ਜੋ ਪੂਰਵਲੇ ਅਤੇ ਸਮਕਾਲੀਨ ਧਰਮਾਂ ਨਾਲੋਂ ਅੱਡਰਾ ਅਤੇ ਵੱਖਰਾ ਸੀ। ਇਸ ਧਰਮ ਦੀ ਸਿਧਾਂਤਕ ਵਿਆਖਿਆ ਅਤੇ ਵਿਸ਼ਲੇਸ਼ਣ ਤੋਂ ਗੁਰੇਜ਼ ਕਰਦਿਆਂ ਵਿਸ਼ੇ ਦੀ ਸੀਮਾ ਨੂੰ ਮੁੱਖ ਰੱਖਦਿਆਂ ਅਸੀਂ ਗੁਰਮਤਿ ਸੰਗੀਤ

ਦੀ ਉਤਪਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਰਜਣ ਪ੍ਰਕ੍ਰਿਆ ਨਾਲ ਜੋੜਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਖਸਮ ਦਾ ਢਾਢੀ[1] ਆਖਦਿਆਂ ਉਸ ਖਾਲਕ ਦੇ ਆਦੇਸੁ[2] ਨੂੰ ਲੋਕਾਂ ਤਕ ਸੰਚਾਰਿਤ ਕਰਨ ਲਈ ਸ਼ਬਦ ਕੀਰਤਨ ਨੂੰ ਮਾਧਿਅਮ ਬਣਾਇਆ। ਇਸ ਸ਼ਬਦ-ਕੀਰਤਨ ਵਿਚ ਸੰਗੀਤ ਦੁਆਰਾ ਖਸਮ ਦੀ ਬਾਣੀ[3] ਨੂੰ ਸਰਬ ਲੋਕਾਈ ਤਕ ਸੰਚਾਰਿਤ ਕਰਨ ਲਈ ਮੌਲਿਕ ਅਤੇ ਵਿਲੱਖਣ ਰੂਪ ਵਿਚ ਇਸਤੇਮਾਲ ਕੀਤਾ ਗਿਆ ਹੈ। ਆਪ ਜੀ ਦੀ ਬਾਣੀ ਦੀ ਆਮਦ ਅਤੇ ਬਾਣੀ ਦੀ ਪ੍ਰਸਤੁਤੀ ਦੋਹਾਂ ਵਿਚ ਸੰਗੀਤ ਦਾ ਖ਼ਾਸ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪ੍ਰਸਤੁਤੀ ਲਈ ਸੰਗੀਤ ਦਾ ਸਾਥ ਕਰਨ ਲਈ ਭਾਈ ਮਰਦਾਨੇ ਨੂੰ ਆਪਣਾ ਸੰਗੀ ਚੁਣਿਆ। ਭਾਈ ਮਰਦਾਨਾ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਮੁਖ ਆਚਾਰੀਆ ਹੋਏ ਹਨ। ਭਾਈ ਮਰਦਾਨਾ ਉਸ ਸਮੇਂ ਦੇ ਉੱਚ ਕੋਟੀ ਦੇ ਰਬਾਬ ਵਾਦਕ ਸਨ ਜਿਨ੍ਹਾਂ ਦੇ ਰਬਾਬ ਵਾਦਨ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ:

ਭਲਾ ਰਬਾਬ ਵਜਾਇੰਦਾ, ਮਜਲਸ ਮਰਾਸੀ ਮਰਦਾਨਾ।।[4]
ਇਕਿ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।।
ਦਿਤੀ ਬਾਂਗ ਨਿਮਾਜਿ ਕਰ ਸੁੰਨ ਸਮਾਨਿ ਹੋਆ ਜਹਾਨਾ।।[5]

---

1- ਖਾਲਕ ਕਉ ਆਦੇਸੁ ਢਾਢੀ ਗਾਵਣਾ।। (ਵਾਰ ਮਾਝ, ਪਉੜੀ 21, ਆਦਿ ਗ੍ਰੰਥ, ਪੰਨਾ 148)

2- ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ।। (ਮਹਲਾ ੫, ਆਦਿ ਗ੍ਰੰਥ, ਪੰਨਾ 763)

3- ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।। (ਮਹਲਾ ੧, ਆਦਿ ਗ੍ਰੰਥ ਪੰਨਾ 722

4- ਭਾਈ ਗੁਰਦਾਸ ਦੀਆਂ ਵਾਰਾਂ, ਵਾਰ 11ਵੀਂ, ਪਉੜੀ 13ਵੀਂ

5- - ਉਹੀ - , ਵਾਰ ਪਹਿਲੀ, ਪਉੜੀ 35 ਵੀਂ

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸ਼ਬਦ ਦਾ ਗਾਇਨ ਕਰਦੇ ਤਾਂ ਭਾਈ ਮਰਦਾਨਾ ਰਬਾਬ ਦੁਆਰਾ ਉਨ੍ਹਾਂ ਦੀ ਸੰਗਤ ਕਰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਬਿਹਾਗੜਾ ਅਧੀਨ(ਸਲੋਕ ਮਰਦਾਨਾ) ਸਿਰਲੇਖ ਹੇਠ ਦੋ ਸਲੋਕ ਅੰਕਿਤ ਹਨ।[1]ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਧ ਸਾਥ ਨਿਭਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਬਖਸ਼ਿਸ਼ ਕਰਦਿਆਂ ਕਿਹਾ ਸੀ,"ਮਰਦਾਨਿਆ! ਜਿੱਥੇ ਤੇਰਾ ਵਾਸਾ, ਉਥੇ ਮੇਰਾ ਵਾਸਾ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਫਿਰੰਦਾ(ਜੋ ਭਾਈ ਫੇਰੂ ਦੇ ਨਾਮ ਤੋਂ ਵੀ ਪ੍ਰਸਿੱਧ ਸੀ) ਕੋਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਰਬਾਬ ਬਣਵਾਇਆ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਨੇ ਭਾਈ ਫਿਰੰਦਾ ਕੋਲੋਂ ਰਾਗ ਵਿਦਿਆ ਦੀ ਸਿੱਖਿਆ ਲਈ।[2]

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਮਰਦਾਨੇ ਨੂੰ ਇਕ ਸਾਥੀ ਵਜੋਂ ਚੁਣਨਾ ਅਤੇ ਪ੍ਰਥਮ ਉਦਾਸੀ ਸਮੇਂ ਹੀ ਭਾਈ ਮਰਦਾਨੇ ਲਈ ਇਕ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਉਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਅਤੇ ਸੰਗੀਤ ਦੁਆਰਾ ਇਸ ਲੋਕਾਈ ਨੂੰ ਸੋਧਣ[3]ਦੀ ਪ੍ਰਕ੍ਰਿਆ ਆਰੰਭੀ।

---

1. ਬਿਹਾਗੜੇ ਕੀ ਵਾਰ ਮਹਲਾ , ਆਦਿ ਗ੍ਰੰਥ, ਪੰਨਾ 553
2. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ-ਮਹਾਨ ਕੋਸ਼, ਪੰਨਾ 816
3. ਬਾਬਾ ਪੈਧਾ ਸੱਚ ਖੰਡ
ਨਉਨਿਧਿ ਨਾਮ ਗਰੀਬੀ ਪਾਈ
ਬਾਬਾ ਦੇਖੈ ਧਿਆਨ ਧਰਿ
ਜਲਤੀ ਸਭ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤ ਲੁਕਾਈ॥(ਭਾਈ ਗੁਰਦਾਸ ਦੀਆਂ ਵਾਰਾਂ ਵਾਰ ੧ ਪਉੜੀ੨੪)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰਜਣ ਪ੍ਰਕ੍ਰਿਆ ਅਤੇ ਸੰਗੀਤ ਦੇ ਗਹਿਰੇ ਸੰਬੰਧ ਦੇ ਅਨੇਕ ਪ੍ਰਮਾਣ ਜਨਮਸਾਖੀਆਂ ਵਿਚ ਉਪਲੱਬਧ ਹੁੰਦੇ ਹਨ।*

ਇਨ੍ਹਾਂ ਪ੍ਰਸੰਗਾਂ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਅਵਤਰਣ ਸਮੇਂ ਸੰਗੀਤ ਇਕ ਮਾਧਿਅਮ ਵਜੋਂ ਆਪ ਮੁਹਾਰੇ ਹੀ ਧੁਨੀਮਾਨ ਹੁੰਦਾ ਹੈ। ਇੱਥੇ ਸ਼ਬਦ ਅਤੇ ਸੰਗੀਤ ਅਲੱਗ-ਅਲੱਗ ਨਹੀਂ ਜਾਪਦੇ ਸਗੋਂ ਇਹ ਬਾਣੀ ਰੂਪ ਸ਼ਬਦ ਅਤੇ ਸੰਗੀਤ ਦੀ ਸੰਯੁਕਤ/ਸੰਮਿਲਤ ਪੇਸ਼ਕਾਰੀ ਵਜੋਂ ਪ੍ਰਭੂ ਕੀਰਤਨ ਵਜੋਂ ਮੂਰਤੀਮਾਨ ਹੋ ਰਿਹਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਰਜਣ ਪ੍ਰਕ੍ਰਿਆ ਅਤੇ ਇਸ ਦੀ ਪ੍ਰਥਮ ਪ੍ਰਸਤੁਤੀ ਗੁਰਮਤਿ ਸੰਗੀਤ ਪਰੰਪਰਾ ਦੀ ਉਤਪਤੀ ਦਾ ਕੇਂਦਰੀ ਅਤੇ ਪ੍ਰਥਮ ਸਰੋਤ ਜਾਂ

---

* ਬਾਬੇ ਕਹਿਆ ਮਰਦਾਨਿਆ ਰਬਾਬੁ ਵਜਾਇ ਮਰਦਾਨੇ ਰਬਾਬੁ ਵਜਾਇਆ।।
ਰਾਗੁ ਆਸਾ ਕੀਤਾ(।।) ਬਾਬੇ ਸਬਦੁ ਬੋਲਿਆ।।

।। ਰਾਗ ਆਸਾ ।।

"ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ।।
. . . . . . . . . . . . . . . .
ਜੋ ਤਿਸੁ ਭਾਵੈ ਸੋ ਥੀਐ ਨਾਨਕੁ ਕਿਆ ਮਾਨੁਖ।।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਪਾ. ਪਿਆਰਾ ਸਿੰਘ ਪੰਨਾ21)

ਤਬਿ ਗੁਰੂ ਕਹਿਆ, "ਮਰਦਾਨਿਆ, ਮੂੰਹ ਉਘਾੜ, ਉਠ ਬੈਠ ਰਬਾਬ ਵਜਾਇ।' ਤਬਿ ਮਰਦਾਨਾ ਉਠਬੈਠਾ, ਰਬਾਬ ਵਜਾਇਓਸੁ। ਰਾਗ ਮਾਰੂ ਕੀਤਾ, ਬਾਬੇ ਸ਼ਬਦ ਉਠਾਇਆ:

ਮਾਰੂ ਮਹਲਾ ੫ ਘਰ ੨
੧ਓ ਸਤਿਗੁਰ ਪ੍ਰਸਾਦਿ।।

ਡਰਪੈ ਧਰਤਿ ਅਕਾਸੁ ਨਿਖਤ੍ਰਾ ਸਿਰ ਉਪਰਿ ਅਮਰੁ ਕਰਾਰਾ।।
. . . . . . . . . . . . . . . . . . . .
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਿ ਦਰਬਾਰਾ।।

(ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ ਪੂਰਬਾਰਧ, ਪੰਨਾ248)

-ਤਬ ਬਾਬੇਆਖਿਆ: 'ਮਰਦਾਨਿਆ; ਸ਼ਬਦ ਚਿਤਿ ਕਰਿ, ਤਉ ਬਾਝੁ ਬਾਣੀ ਸਿਰ ਨਹੀਂ ਆਵਦੀ। ਤਬਿ ਗੁਰੂ ਬਾਬੇ ਆਖਿਆ 'ਮਰਦਾਨਿਆ

ਬਿੰਦੂ ਹੈ। ਇਸ ਪ੍ਰਕ੍ਰਿਆ ਜਾਂ ਪ੍ਰਸਤੁਤੀ ਨੂੰ ਭਾਈ ਮਰਦਾਨਾ ਅਤੇ ਉਸਦੇ ਰਬਾਬ ਦੁਆਰਾ ਰਬਾਬ ਦੇ ਸਾਧਨਾਂ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਚੇਤ ਰੂਪ ਵਿਚ ਸਾਧਨ/ ਮਾਧਿਅਮ ਵਜੋਂ ਅਪਣਾਇਆ ਹੈ। ਬਾਣੀ ਦੀ ਇਹ ਪ੍ਰਸਤੁਤੀ/ਪੇਸ਼ਕਾਰੀ ਗੁਰਮਤਿ ਸੰਗੀਤ ਦੀ ਉਤਪਤੀ ਦੇ ਪ੍ਰਵਾਹ ਨੂੰ ਹੋਰ ਅਗਾਂਹ ਤੋਰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਕਿਤੇ ਕਿਸੇ ਨਵੀਨ ਅਸਥਾਨ ਤੇ ਜਾਂਦੇ ਉਥੇ ਸਰਬ ਪ੍ਰਥਮ ਸ਼ਬਦ ਕੀਰਤਨ ਦੀ ਧੁਨੀ ਗੁੰਜਾਰਿਤ ਕਰਦੇ।

---

ਪਿਛਲੇ ਪੰਨੇ ਦਾ ਫੁੱਟ ਨੋਟ:

ਰਬਾਬ ਵਜਾਇ ।

(ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ ਪੂਰਬਾਰਧ, ਪੰਨਾ306 )

- ਮਰਦਾਨਾ ਨੂੰ ਤਾਰ ਬਜਾਇ ।
ਸਬਦ ਭਨਿਓ ਕਿਛ ਚਿਤ ਮੇ ਆਇ ।

(ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ, ਸੰਤ ਦਾਸ ਛਿਬਰ, (ਸੰ. ਡਾ. ਗੁਰਦੇਵ ਸਿੰਘ ਪੰਨਾ 126)

- ਗੁਰ ਕਹਿਓ ਮਰਦਾਨੇ ਭਾਇ ।
ਹੇ ਪਿਆਰੇ ਤੂੰ ਤਾਰ ਬਜਾਇ ।
ਮਰਦਾਨੇ ਤਬ ਤਾਰ ਬਜਾਈ ।
ਸਗਲ ਸਭਾ ਸੁਧ ਰਹੀ ਨਾ ਕਾਈ।
ਗੁਰੂ ਨਾਨਕ ਤਬ ਸਬਦ ਉਚਾਰਾ।
ਸੁਰ ਤਿਲੰਗ ਮੇ ਲਗੈ ਪਿਆਰਾ।

(........ਉਹੀ......, ਪੰਨਾ129)

ਇਸ ਸੰਬੰਧ ਵਿਚ ਵੀ ਅਨੇਕ ਸਾਖੀਆਂ[1] ਉਪਲੱਬਧ ਹੁੰਦੀਆਂ ਹਨ। ਬਾਣੀ ਦੀ ਇਹ ਪ੍ਰਸਤੁਤੀ ਉਸ ਸਥਾਨ ਦੇ ਲੋਕਾਂ ਨੂੰ ਉਪਦੇਸ਼ ਦੇਣ ਹਿੱਤ ਕੀਤੀ ਜਾਂਦੀ ਸੀ ਅਤੇ ਸੰਚਾਰ ਦਾ ਮਾਧਿਅਮ ਸੰਗੀਤ ਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਵਿਚਲੇ ਸੰਗੀਤ ਪ੍ਰਬੰਧ ਦੇ ਵਿਵਿਧ ਰੂਪਾਂ ਤੋਂ ਇਹ ਸਪੱਸ਼ਟ ਹੈ ਕਿ ਆਪ ਨੇ ਆਪਣੀ ਸੰਗਤ ਸਰੋਤ ਸ਼੍ਰੇਣੀ ਦੇ ਪੱਧਰ 'ਤੇ ਮਾਨਸਿਕਤਾ ਨੂੰ ਮੁੱਖ ਰੱਖ ਕੇ ਸੰਚਾਰ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ , ਭਿੰਨ-ਭਿੰਨ ਰਾਗਾਂ ਦਾ ਪ੍ਰਯੋਗ ਕੀਤਾ ਜੋ ਇਸ ਤੱਥ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ।

---

ਪਿਛਲੇ ਪੰਨੇ ਦਾ ਫੁੱਟ ਨੋਟ:

- ਢਾਢੀ ਕੋ ਗੁਰ ਕਹਿਉ ਅਲਾਇ ।
ਹੇ ਮਰਦਾਨਾ ਤਾਰ ਬਜਾਇ ।
ਸ੍ਰੀ ਸਤਿਗੁਰ ਤਬ ਸਬਦ ਉਚਾਰਾ।
ਰਾਗ ਵਡਹੰਸੈ ਲਗੈ ਪਿਆਰਾ।

(<u>ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ</u>,
ਸੰਤ ਦਾਸ ਛਿਬਰ,(ਸੰ.ਡਾ. ਗੁਰਦੇਵ ਸਿੰਘ
ਪੰਨਾ 174)

1- ਤਬ ਗੁਰੂ ਬਾਬਾ ਹਰਿ ਦੁਆਰ ਕੇ ਬਿਖੈ ਬੈਠਾ ਥਾ ਅਰੁ ਵੈਸਾਖੀ ਕਾ ਨਾਵਣੁ ਹੈ, ਲੋਕ ਬਹੁਤੁ ਜੁੜੇ ਹੈ। ਤਬ ਗੁਰ ਬਾਬੇ ਕੇ ਸਾਥਿ ਸੇਵਕ ਥੇ। ਤਿਨਹੁ ਪੁਛਿਆ ਜਿ, "ਬਾਬਾ ਜੀ ਸਲਾਮਤਿ " ਬਹੁਤੁ ਲੋਕ ਆਏ ਹੈ, ਵਡਾ ਪੁਰਬੁ ਹੈ, ਕਿਛੁ ਤਉ ਲੋਕ ਕਾ ਭਲਾ ਹੈ॥ ਏਤਨੇ ਜੀਵ ਗੰਗਾ ਆਵਤੇ

ਉਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਗੁਰਮਤਿ ਸੰਗੀਤ ਦੀ ਉਤਪਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੋਈ। ਇਸ ਪਰੰਪਰਾ ਨੂੰ ਦ੍ਰਿੜ੍ਹਾਉਣ ਲਈ ਆਪ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਉਚਾਰੀ ਅਤੇ ਇਸ ਨੂੰ ਵਿਵਹਾਰਕ ਰੂਪ ਦਿੱਤਾ।

## ਗੁਰਮਤਿ ਸੰਗੀਤ ਦਾ ਵਿਕਾਸ

ਗੁਰਮਤਿ ਸੰਗੀਤ ਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨ ਦੇ ਸਮੇਂ ਨਿਰੰਤਰ ਵਿਕਾਸ ਦਾ ਧਾਰਣੀ ਰਿਹਾ ਹੈ। ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਇਸ ਪਰੰਪਰਾ ਵਿਚ ਬਾਣੀ ਅਤੇ ਸੰਗੀਤ ਦੇ

---

ਪਿਛਲੇ ਪੰਨੇ ਦਾ ਫੁੱਟ ਨੋਟ:

ਹੈ ਅਰੁ ਨਾਵਤੇ ਹੈ।"

ਤਬ ਉਸ ਪਰਥਾਇ ਗੁਰੂ ਬਾਬੇ ਬਾਨੀ ਬੋਲੀ ਧਨਾਸਰੀ ਰਾਗ ਮਹਿ ਜਿ:

ਗੁਰ ਸਾਗਰ ਰਤਨੀ ਭਰਪੂਰੇ ।। ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ ।।

... ... ... ... ... ... ... ...

ਸੁਰਤਿ ਮੂਰਤਿ ਆਦਿ ਅਨੂਪੁ ।। ਨਾਨਕੁ ਜਾਚੈ ਸਾਚੈ ਸਰੂਪ ।। ੧੨੩।।

(ਜਨਮ ਸਾਖੀ ਸ੍ਰੀਗੁਰੂ ਨਾਨਕ ਦੇਵ ਜੀ,
ਮਿਹਰਬਾਨ ਜੀ ਸੋਢੀ,
(ਸੰਪਾ. ਕਿਰਪਾਲ ਸਿੰਘ)ਪੰਨਾ 123

ਵਿਭਿੰਨ ਰੂਪਾਂ ਦੁਆਰਾ ਇਸ ਪਰੰਪਰਾ ਨੂੰ ਪ੍ਰਫੁੱਲਿਤ ਕੀਤਾ ਅਤੇ ਗੁਰਮਤਿ ਸੰਗੀਤ ਪ੍ਰਬੰਧ ਨੂੰ ਵਿਵਹਾਰਕ ਕ੍ਰਮ ਦੁਆਰਾ ਦ੍ਰਿੜ੍ਹਾਇਆ। ਇੱਥੋਂ ਤਕ ਕਿ ਗੁਰਮਤਿ ਸੰਗੀਤ ਸਿੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ। ਇਸ ਦੇ ਵਿਕਾਸ ਦੀ ਗਾਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋ ਕੇ ਦਸਾਂ ਗੁਰੂਆਂ ਦੇ ਜੀਵਨ ਕਾਲ ਤਕ ਫੈਲੀ ਹੋਈ ਹੈ। ਇਹ ਵਿਕਾਸ ਬਾਣੀ ਦੁਆਰਾ ਸਿਰਜੇ ਪ੍ਰਬੰਧ ਵਿਚੋਂ ਵੀ ਨਜ਼ਰੀਂ ਆਉਂਦਾ ਹੈ ਅਤੇ ਸਿੱਖੀ ਜੀਵਨ ਨਾਲ ਸੰਬੰਧਿਤ ਰੋਜ਼ਾਨਾ ਜੀਵਨ ਦੇ ਵਿਸ਼ੇਸ਼ ਅਵਸਰਾਂ ਉਤੇ ਇਸਦਾ ਪ੍ਰਯੋਗ ਉਜਾਗਰ ਹੁੰਦਾ ਹੈ। ਇਸ ਪਰੰਪਰਾ ਦੇ ਵਿਕਾਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਵੱਖ-ਵੱਖ ਗੁਰੂ ਸਾਹਿਬਾਨਾਂ ਦੇ ਸੰਦਰਭ ਵਿਚ ਲੜੀਵਾਰ ਵਿਚਾਰਿਆ ਜਾ ਸਕਦਾ ਹੈ।

<u>ਸ੍ਰੀ ਗੁਰੂ ਨਾਨਕ ਦੇਵ ਜੀ</u>: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਦਾ ਆਰੰਭ ਕੀਤਾ। ਉਨ੍ਹਾਂਨੇ ਜਿਨ੍ਹਾਂ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

<u>ਮੁੱਖ ਰਾਗ</u>: ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ।

<u>ਉਪਰਾਗ</u>: ਗਉੜੀ ਗੁਆਰੇਰੀ, ਗਉੜੀ ਦਖਣੀ। ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫ਼ੀ, ਵਡਹੰਸ ਦਖਣੀ, ਸੂਹੀ ਕਾਫ਼ੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਕਾਫ਼ੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ।

ਉਪਰੋਕਤ ਰਾਗਾਂ ਦੇ ਨਾਮ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਿਤ ਰਾਗਾਂ ਤੋਂ ਬਿਨਾਂ ਅਪ੍ਰਚੱਲਿਤ ਰਾਗਾਂ ਨੂੰ ਵੀ ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕੀਤਾ। ਜਿਸ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਗੀਤ ਸੰਬੰਧੀ ਸੂਖਸ਼ਮ ਸੂਝ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੋਰਠਿ ਰਾਗ ਦੇ ਸੰਬੰਧ ਵਿਚ ਫੁਰਮਾਨ ਹੈ:

ਸੋਰਠਿ ਸਦਾ ਸੋਹਾਵਣੀ
ਜੇ ਸਚਾ ਮਨਿ ਹੋਇ।।
ਦੰਦੀ ਮੈਲੁ ਨ ਕਤੁ
ਮਨਿ ਜੀਭੈ ਸਚਾ ਸੋਇ ।।[1]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਕਤ ਰਾਗਾਂ ਅਧੀਨ ਅਸ਼ਟਪਦੀ, ਪਦੇ, ਛੰਤ, ਵਾਰ ਗਾਇਨ ਸ਼ੈਲੀਆਂ ਦੀ ਵਰਤੋਂ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ (ਜੋ ਅਜਕਲ੍ਹ ਪਾਕਿਸਤਾਨ ਵਿਚ ਹੈ) ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ, ਇਸ ਦੀ ਮਹਿਮਾ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਨ ਹੈ:

ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ।।[2]

ਕਰਤਾਰਪੁਰ ਵਿਖੇ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਕੀਤਾ ਜਾਂਦਾ ਸੀ। ਜਿਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ:

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।।
ਗੁਰਮੁਖਿ ਭਾਰ ਅਥਰਬਣ ਧਾਰਾ।।[3]

---

1. ਸੋਰਠ ਮਹਲਾ ੧ ਆਦਿ ਗ੍ਰੰਥ, ਪੰਨਾ
2. ਬਿਲਾਵਲੁ ਮਹਲਾ ੫ ਆਦਿ ਗ੍ਰੰਥ, ਪੰਨਾ 316
3. ਭਾਈ ਗੁਰਦਾਸ ਦੀਆਂ ਵਾਰਾਂ ਵਾਰ 38 ਵੀ ਪਉੜੀ ੧

<u>ਸ੍ਰੀ ਗੁਰੂ ਅੰਗਦ ਦੇਵ ਜੀ</u> : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸਲੋਕਾਂ ਦੇ ਰੂਪ ਵਿਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲ੍ਹਾਰ, ਰਾਗ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ **ਬਸੰਤ** ਰਾਗ ਸੰਬੰਧੀ ਫੁਰਮਾਨ ਹੈ :

ਬਸੰਤ: ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ।।
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ।।[1]

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਕੀਰਤਨ ਪਰੰਪਰਾ ਨੂੰ ਪੂਰਨ ਨਿਸ਼ਠਾ ਅਤੇ ਲਗਨ ਸਹਿਤ ਵਿਵਹਾਰਕ ਰੂਪ ਵਿਚ **ਪ੍ਰਚਾਰਨ** ਲਈ ਦੂਜਾ ਕੀਰਤਨ ਕੇਂਦਰ 'ਖਡੂਰ ਸਾਹਿਬ' ਨੂੰ ਸੰਸਥਾਗਤ ਪੱਧਰ 'ਤੇ ਸਥਾਪਿਤ ਕੀਤਾ ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਾਈ ਸੱਤਾ ਅਤੇ ਬਲਵੰਡ ਦਾ ਫੁਰਮਾਨ ਹੈ:

" ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ ।।[2]

ਇਸਦੀ ਸਾਖ ਭਾਈ ਗੁਰਦਾਸ ਜੀ ਨੇ ਵੀ ਭਰੀ ਹੈ:

" ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।।
ਦਿਤਾ ਛੋੜਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ।।[3]

---

1- ਸਲੋਕ ਮਹਲਾ ੨ <u>ਆਦਿ ਗ੍ਰੰਥ</u>, ਪੰਨਾਂ 791

2- <u>ਆਦਿ ਗ੍ਰੰਥ</u>, ਪੰਨਾ 967

3- <u>ਭਾਈ ਗੁਰਦਾਸ ਦੀਆਂ ਵਾਰਾਂ</u>, ਵਾਰ ਪਹਿਲੀ, ਪਉੜੀ ਸੋਲਹਵੀਂ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਮਰਦਾਨੇ ਦਾ ਪੁੱਤਰ ਭਾਈ ਸਜ਼ਾਦਾ ਜਿਨ੍ਹਾਂ ਨੂੰ ਰਬਾਬ ਦੀ ਸਿੱਖਿਆ ਆਪਣੇ ਪਿਤਾ ਕੋਲੋਂ ਪ੍ਰਾਪਤ ਹੋਈ ਤੋਂ ਇਨਾਂ ਭਾਈ ਸਾਦੂ, ਭਾਈ ਬਾਦੂ[1], ਭਾਈ ਰਜ਼ਾਦਾ, ਭਾਈ ਸਜ਼ਾਦਾ[2] ਅਤੇ ਭਾਈ ਸੱਤਾ ਅਤੇ ਬਲਵੰਡ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖ ਰਹੇ ਸਨ।

<u>ਸ੍ਰੀਗੁਰੂ ਅਮਰਦਾਸ ਜੀ</u>: ਸਿੱਖਾਂ ਦੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਿਰਧ ਅਵਸਥਾ ਵਿਚ ਬਾਣੀ ਦੀ ਰਚਨਾ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਬੈਰਾਗਣਿ,ਗਉੜੀ ਪੂਰਬੀ, ਆਸਾ, ਆਸਾ ਕਾਫ਼ੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ ਬਸੰਤ, ਬਸੰਤ ਹਿੰਡੋਲ, ਸਾਰੰਗ, ਮਲ੍ਹਾਰ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਅਧੀਨ ਅੰਕ੍ਰਿਤ ਹੈ। ਸ੍ਰੀ ਗੁਰੂ ਅਮਰਦਾਸ ਜੀ ਰਾਗਾਂ ਦੀ ਸੂਖਸ਼ਮ ਸੂਝ ਰੱਖਦੇ ਸਨ। ਆਪ ਨੇ ਆਪਣੀ ਬਾਣੀ ਦੁਆਰਾ ਰਾਗਾਂ ਦੇ ਗੁਣ ਚਿਤਰੇ ਹਨ ਜਿਨ੍ਹਾਂ ਨੂੰ ਗੁਰਬਾਣੀ ਵਿਚ ਮਾਨਤਾ ਪ੍ਰਾਪਤ ਹੈ:

<u>ਸਿਰੀ</u>:

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ।।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ।।[3]

---

1- ਗਿਆਨੀ ਗਿਆਨ ਸਿੰਘ, <u>ਤਵਾਰੀਖ ਗੁਰੂ ਖਾਲਸਾ</u>, ਪੰਨਾ 294

2- ਗਿਆਨੀ ਹਰਬੰਸ ਸਿੰਘ, <u>ਨਿਰਬਾਣ ਕੀਤਰਨ</u>, ਪੰਨਾ 38

3- ਸਲੋਕ ਮਹਲਾ ੩ , <u>ਆਦਿ ਗ੍ਰੰਥ</u>, ਪੰਨਾ 83

ਗਉੜੀ:

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ।।

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।।[1]

ਵਡਹੰਸ:

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ।।

ਸਚੁ ਸੰਗ੍ਰਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ।।[2]

ਬਿਲਾਵਲ:

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ।।

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ।।[3]

ਰਾਮਕਲੀ:

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ।।

ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ।।[4]

ਕੇਦਾਰਾ:

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ।।

ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ।।[5]

---

1- ਸਲੋਕ ਮਹਲਾ ੩, ਆਦਿ ਗ੍ਰੰਥ, ਪੰਨਾ 311
2- - ਉਹੀ - ਉਹੀ ਪੰਨਾ 585
3- - ਉਹੀ- ਉਹੀ ਪੰਨਾ 849
4- - ਉਹੀ- ਉਹੀ ਪੰਨਾ 950
5- ਮਾਰੂ ਦੀ ਵਾਰ ਮ: ੩, ਸਲੋਕ ਮ: ੩ ਆਦਿ ਗ੍ਰੰਥ, ਪੰਨ; 1087

ਗੂਜਰੀ:

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ।।

ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ।।[2]

ਮਲਾਰ:

ਗੁਰਮੁਖ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ।।

ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ।।[3]

ਉਪਰੋਕਤ ਫੁਰਮਾਨਾਂ ਤੋਂ ਗੁਰੂ ਸਾਹਿਬ ਦੀ ਮਹਾਨ ਸੰਗੀਤਕ ਪ੍ਰਤਿਭਾ ਬਾਰੇ ਪਤਾ ਲੱਗਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਰਾਗਾਂ ਅਧੀਨ ਪਦੇ, ਅਸਟਪਦੀਆਂ, ਛੰਤੁ, ਸੋਲਹੇ, ਵਾਰ ਗਾਇਨ ਸ਼ੈਲੀਆਂ ਅੰਤਰਗਤ ਬਾਣੀ ਦਾ ਗਾਇਨ ਕੀਤਾ। ਰਾਮਕਲੀ ਰਾਗ ਅਧੀਨ 'ਅਨੰਦ ਸਾਹਿਬ' ਦੀ ਰਚਨਾ ਮਹਾਨ ਰਚਨਾ ਹੈ ਜੋ ਸਿੱਖ ਧਰਮ ਵਿਚ ਨਿੱਤਨੇਮ ਦੀਆਂ ਬਾਣੀਆਂ ਵਿਚ ਇਕ ਹੈ ਅਤੇ ਹਰ ਸਮਾਗਮ ਦੇ ਅੰਤ'ਤੇ ਇਸਦੇ ਗਾਇਨ ਕਰਨ ਦੀ ਪ੍ਰਥਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਅਤੇ ਸੰਗੀਤ ਦੇ ਪ੍ਰਚਾਰ ਲਈ 'ਮੰਜੀ ਪ੍ਰਥਾ' ਚਲਾਈ। ਮੰਜੀ ਤੋਂ ਭਾਵ ਗੁਰੂ ਨਾਨਕ ਦੇ ਸੰਗੀਤਮਈ ਉਪਦੇਸ਼ਾਂ ਦਾ ਪ੍ਰਚਾਰ ਕਰਨ ਲਈ ਕਿਸੇ ਉੱਚ ਜੀਵਨ ਵਾਲੇ ਸੇਵਕ ਦੀ ਨਿਯੁਕਤੀ ਕਰਨੀ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਅਤੇ ਸੰਗੀਤ ਦੇ 22 ਵਿਦਵਾਨਾਂ ਨੂੰ ਪੰਜਾਬ ਦੇ ਅੱਡ-ਅੱਡ ਭਾਗਾਂ ਵਿਚ ਭੇਜਿਆ। ਭਾਵ ਪੰਜਾਬ ਦੇ ਅਲੱਗ-ਅਲੱਗ ਸਥਾਨਾਂ 'ਤੇ 22 ਮੰਜੀਆਂ ਸਥਾਪਿਤ ਕੀਤੀਆਂ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ

---

2- ਵਾਰ ਗੂਜਰੀ ਮ: ੩ , ਸਲੋਕ ਮ: ੩ ,ਆਦਿ ਗ੍ਰੰਥ, ਪੰਨਾ 516

3- ਮਹਲਾ ੩ ਆਦਿ ਗ੍ਰੰਥ, ਪੰਨਾ 1285.

ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਵਸਾਇਆ:

'ਫੇਰਿ ਵਸਾਇਆ ਗੋਇੰਦਵਾਲੁ
ਅਚਰਜੁ ਖੇਲੁ ਨਾ ਲਖਿਆ ਜਾਈ।।[1]

ਸ੍ਰੀ ਗੋਇੰਦਵਾਲ ਸਾਹਿਬ ਦੀ ਮਹਿਮਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਬਿਆਨਿਆ ਗਿਆ ਹੈ:

-ਗੋਬਿੰਦ ਵਾਲੁ ਗੋਬਿੰਦ ਪੁਰੀ ਸਮ
ਜਲੵਨ ਤੀਰਿ ਬਿਪਾਸ ਬਨਾਯਉ
ਗਯਉ ਦੁਖੁ ਦੂਰਿ ਬਰਖਨ੍ਹ ਕੋ ਸੁ
ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ।।[2]

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਤੋਂ ਬਿਨਾਂ ਡੱਲਾ ਸਥਾਨ ਦੇ ਨਿਵਾਸੀ ਭਾਈ ਪਾਂਧਾ ਅਤੇ ਬੂਲਾ ਰਬਾਬੀ ਗੁਰਬਾਣੀ ਦਾ ਕੀਰਤਨ ਕਰਦੇ ਸਨ। ਇਨ੍ਹਾਂ ਨੇ ਕੀਰਤਨ ਦੀ ਸੇਵਾ ਦੇ ਨਾਲ-ਨਾਲ ਗੁਰਬਾਣੀ ਦੇ ਗ੍ਰੰਥ ਲਿਖ ਕੇ ਧਰਮ ਪ੍ਰਚਾਰ ਵਿਚ ਵਾਧਾ ਕੀਤਾ। ਭਾਈ ਪਾਂਧਾ ਅਤੇ ਬੂਲਾ ਬਾਰੇ ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ:

ਪਾਂਧਾ ਬੂਲਾ ਜਾਣੀਐ
ਗੁਰਬਾਣੀ ਗਾਇਣ ਲੇਖਾਰੀ।
ਡੱਲੇ ਵਾਸੀ ਸੰਗਤ ਭਾਰੀ।।[3]

---

1- ਭਾਈ ਗੁਰਦਾਸ ਦੀਆਂ ਵਾਰਾਂ, ਵਾਰ ੧ ਪਉੜੀ

2- ਸਵੈਯੇ ਮਹਲੇ ਚਉਥੇ ਕੇ, ਆਦਿ ਗ੍ਰੰਥ, ਪੰਨਾ 1400

3- ਭਾਈ ਗੁਰਦਾਸ ਦੀਆਂ ਵਾਰਾਂ, ਵਾਰ 11ਵੀਂ, ਪਉੜੀ ਸੋਲਹਵੀਂ

'ਕਾਨੂੰਨੇ ਮੌਸੀਕੀ' ਪੁਸਤਕ ਦੇ ਕਰਤਾ ਨੇ ਪੰਨਾ 306 ਉਤੇ ਇਸ ਦਾ ਉਲੇਖ ਕੀਤਾ ਹੈ ਕਿ ਤੀਜੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ 'ਸਾਰੰਦਾ' ਸਾਜ਼ ਦਾ ਨਿਰਮਾਣ ਕੀਤਾ। [1]

ਸ੍ਰੀ ਗੁਰੂ ਰਾਮਦਾਸ ਜੀ: ਗੁਰੂ ਨਾਨਕ ਗੱਦੀ ਦੇ ਚੌਥੇ ਵਾਰਿਸ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਗੁਰੂਆਂ ਦੁਆਰਾ ਚਲਾਈ ਗੁਰਬਾਣੀ ਕੀਰਤਨ ਪਰੰਪਰਾ ਨੂੰ ਹੋਰ ਵਿਕਸਿਤ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸਿਰੀ, ਮਾਝ,ਗਉੜੀ, ਗੁਆਰੇਰੀ,ਗਉੜੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਆਸਾ, ਆਸਾਵਰੀ, ਆਸਾ ਕਾਫ਼ੀ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ , ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਨਟ, ਗੌਂਡ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜ੍ਹਾ, ਕਲਿਆਣ, ਕਲਿਆਣ ਭੋਪਾਲੀ, ਪ੍ਰਭਾਤੀ, ਪ੍ਰਭਾਤੀ ਬਿਭਾਸ, ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਰਾਹੀਂ ਰਾਗਾਂ ਦੇ ਮਹੱਤਵ ਨੂੰ ਉਜਾਗਰ ਕੀਤਾ । ਸ੍ਰੀ ਗੁਰੂ ਗ੍ਰੰਥ ਸਾਹਿਬਵਿਚ ਅੰਕਿਤ ਕੁਝ ਰਾਗਾਂ ਦੇ ਸੰਬੰਧ ਵਿਚ ਗੁਰੂ ਰਾਮਦਾਸ ਜੀ ਦੇ ਫੁਰਮਾਨ ਹਨ:

---

1- ਤਾਰਾ ਸਿੰਘ (ਪ੍ਰੋ.) ਭੂਮਿਕਾ, ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ

ਸੋਰਠਿ

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ।।

ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ।।[1]

ਬਿਲਾਵਲ

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।।

ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ।।[2]

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸਨਾਤਨੀ ਅਤੇ ਲੋਕ ਕਾਵਿ ਰੂਪ ਦੀ ਧਾਰਣੀ ਹੈ, ਜਿਹੜੇ ਆਪੋ ਆਪਣਾ ਗਾਇਨ ਰੂਪ ਰੱਖਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਦੀ ਰਚਨਾ ਲਈ ਜਿੱਥੇ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ, ਪਦੇ, ਅਸਟਪਦੀਆਂ ਦੀ ਵਰਤੋਂ ਕੀਤੀ ਉਥੇ ਘੋੜੀਆਂ, ਛੰਤ, ਵਾਰ ਲੋਕ ਕਾਵਿ ਰੂਪਾਂ, ਲੋਕ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ 'ਪੜਤਾਲ' ਨਾਮਕ ਸ਼ਾਸਤਰੀ ਸ਼ੈਲੀ ਜੋ ਤਾਲ'ਤੇ ਆਧਾਰਿਤ ਹੈ ਨੂੰ ਜਨਮ ਦਿੱਤਾ। ਭਾਰਤੀ ਸੰਗੀਤ ਵਿਚ ਪੜਤਾਲ ਗਾਇਨਸ਼ੈਲੀ ਦਾ ਪ੍ਰਚਾਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਪੜਤਾਲ ਗਾਇਨ ਸ਼ੈਲੀ ਅਨੁਸਾਰ ਸ਼ਬਦ ਦੀ ਸਥਾਈ ਦੀ ਤੁਕ ਵਿਚ ਇਕੋ ਤਾਲ ਵਰਤਿਆ ਜਾਂਦਾ ਹੈ ਅਤੇ ਵੱਖ-ਵੱਖ ਅੰਤਰਿਆਂ'ਤੇ ਵੱਖ-ਵੱਖ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇਕ ਹੀ ਰਹਿੰਦਾ ਹੈ। ਪੜਤਾਲਸ਼ੈਲੀ ਗੁਰਬਾਣੀ ਸੰਗੀਤ ਲਈ ਹੀ ਨਹੀਂ ਸਗੋਂ ਭਾਰਤੀ ਸੰਗੀਤ ਵਿਚ ਵੀ ਮਹਾਨਤਾ ਅਤੇ ਵਿਲੱਖਣਤਾ ਦੀ ਧਾਰਣੀ ਹੈ।

---

1- ਮਹਲਾ ੪ , ਆਦਿ ਗ੍ਰੰਥ, ਪੰਨਾ 642

2- ਸਲੋਕ ਮ: ੪ , ਉਹੀ ,ਪੰਨਾ 849

ਸ੍ਰੀ ਗੁਰੂ ਰਾਮਦਾਸ ਜੀ ਦੀਆਂ 7 ਰਾਗਾਂ ਅਧੀਨ 19 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਲੋਕ ਕਾਵਿ ਰੂਪ ਛੰਤ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵਿਸ਼ਿਸ਼ਟ ਉੱਤਮਤਾ ਦੀ ਧਾਰਣੀ ਹੈ ਜਿਨ੍ਹਾਂ ਦਾ ਬਾਅਦ ਵਿਚ 'ਆਸਾ ਦੀ ਵਾਰ' ਵਿਚ ਗਾਇਨ ਕੀਤਾ ਜਾਣ ਲੱਗਾ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਸੰਗੀਤ ਨੂੰ ਵਿਵਹਾਰਕ ਰੂਪ ਵਿਚ ਪ੍ਰਚਾਰਨ ਲਈ ਰਾਮਦਾਸ ਪੁਰਾ ਜਾਂ ਚੱਕ ਗੁਰੂ ਦੀ ਨੀਂਹ ਰੱਖੀ ਜਿਸਨੂੰ ਬਾਅਦ ਵਿਚ 'ਅੰਮ੍ਰਿਤਸਰ' ਕਿਹਾ ਜਾਣ ਲੱਗਾ। ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਵਸਾਉਣ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ:

> ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ ।।
> ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।।[1]

ਇਹ ਮਹਾਨ ਕੀਰਤਨ ਕੇਂਦਰ 'ਸ੍ਰੀ ਹਰਿਮੰਦਰ ਸਾਹਿਬ' ਅਤੇ 'ਦਰਬਾਰ ਸਾਹਿਬ' ਦੇ ਨਾਮ ਤੋਂ ਵੀ ਪ੍ਰਸਿੱਧ ਹੈ। ਗੁਰਮਤਿ ਸੰਗੀਤ ਵਿਚ ਚੌਂਕੀਆਂ ਅਨੁਸਾਰ ਕੀਰਤਨ ਕਰਨ ਦੀ ਪਰੰਪਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਸ਼ੁਰੂ ਹੋਈ ਸੀ। ਗੁਰਮਤਿ ਸੰਗੀਤ ਵਿਚ ਚੌਂਕੀ ਚਾਰ ਸਿੱਖਾਂ ਦੇ ਜਥੇ ਨੂੰ ਕਿਹਾ ਜਾਂਦਾ ਹੈ। ਗੁਰਬਾਣੀ ਕੀਰਤਨ ਵਿਚ 'ਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ, ਸੋਦਰੁ ਦੀ ਚੌਂਕੀ, ਆਰਤੀ ਦੀ ਚੌਂਕੀ ਇਹ ਚਾਰ ਚੌਂਕੀਆਂ ਪ੍ਰਚੱਲਿਤ ਹਨ। ਇਨ੍ਹਾਂ ਚੌਂਕੀਆਂ ਅੰਤਰਗਤ ਵੱਖ-ਵੱਖ ਸਮੇਂ ਉਤੇ ਸੰਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ

---

1- ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 1425

ਸਾਹਿਬ ਅੰਦਰ ਚੌਕੀਆਂ ਅਨੁਸਾਰ ਗੁਰਬਾਣੀ ਕੀਰਤਨ ਦੀਆਂ ਨਿਰੰਤਰ ਧੁਨੀਆਂ ਅੱਜ ਵੀ ਉਸੇ ਤਰ੍ਹਾਂ ਚੱਲ ਰਹੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਪ੍ਰਸਿੱਧ ਰਬਾਬੀ ਕੀਰਤਨੀਏ ਸਵੇਰੇ-ਸ਼ਾਮ ਕੀਰਤਨ ਕਰਦੇ ਸਨ।

ਸ੍ਰੀ ਗੁਰੂ ਅਰਜਦਨ ਦੇਵ ਜੀ: ਸਿੱਖ ਲਹਿਰ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸ਼ਾਸਤਰੀ ਸੰਗੀਤ ਦਾ ਖੂਬ ਪ੍ਰਚਾਰ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫ਼ੀ, ਆਸਾਵਰੀ, ਗੂਜਰੀ ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਨਟ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ ਬਸੰਤ, ਸਾਰੰਗ, ਮਲ੍ਹਾਰ, ਕਾਨੜਾ ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ ਬਿਭਾਸ ਪ੍ਰਭਾਤੀ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਰਾਹੀਂ ਰਾਗਾਂ ਦੇ ਭਾਵਾਂ ਨੂੰ ਬਿਆਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਰਾਗਾਂ ਦੇ ਸੰਬੰਧ ਵਿਚ ਆਪ ਜੀ ਦੇ ਫ਼ੁਰਮਾਨ ਹਨ:

ਸੋਰਠਿ:

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ।।
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ।।[1]

---

1- ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 1425

ਮਾਰੂ

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ।।
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ।।[1]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਗੁਰੂ ਸਾਹਿਬਾਨ ਤੋਂ ਜ਼ਿਆਦਾ ਗੁਰਬਾਣੀ ਦੀ ਰਚਨਾ ਕੀਤੀ। ਬਾਣੀ ਦੇ ਗਾਇਨ ਲਈ ਸਭ ਤੋਂ ਜ਼ਿਆਦਾ ਰਾਗ ਅਤੇ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਆਪ ਜੀ ਨੇ ਬਾਣੀ ਲਈ ਛੰਤ, ਵਾਰ, ਸੋਲਹੇ, ਅੰਜੁਲੀਆਂ, ਲੋਕ ਕਾਵਿ ਰੂਪਾਂ ਤੋਂ ਇਲਾਵਾ ਪਦੇ, ਅਸਟਪਦੀਆਂ,ਵਰਗੇ ਸਨਾਤਨੀ ਰੂਪਾਂ ਦਾ ਵੀ ਪ੍ਰਯੋਗ ਕੀਤਾ। ਆਪ ਨੇ ਪੜਤਾਲ ਗਾਇਨ ਸ਼ੈਲੀ ਦਾ ਵੀ ਖੂਬ ਪ੍ਰਚਾਰ ਕੀਤਾ। ਆਪ ਜੀ ਦੀਆਂ 36 ਪੜਤਾਲਾਂ, ਵੱਖ-ਵੱਖ ਰਾਗਾਂ ਅਧੀਨ ਸ੍ਰੀਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਵਰਤਮਾਨ ਸਮੇਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਰਾਗਾਤਮਕ ਹੈ ਜੋ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਤੋਂ ਵਿਲੱਖਣਤਾ ਦਾ ਧਾਰਨੀ ਹੈ।

ਸ੍ਰੀਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਸੰਗੀਤ ਦੇ ਸੰਸਥਾਗਤ ਪ੍ਰਚਲਨ ਲਈ 'ਤਰਨਤਾਰਨ ਸਾਹਿਬ' ਦੀ ਸਥਾਪਨਾ ਕੀਤੀ ਅਤੇ ਸ੍ਰੀ ਹਰਿਮੰਦਰ

---

1- ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 1425

ਸਾਹਿਬ(ਅੰਮ੍ਰਿਤਸਰ) ਨੂੰ ਮੁਕੰਮਲ ਕਰਵਾਇਆ।'ਆਸਾ ਦੀ ਵਾਰ' ਦਾ ਸੰਪੂਰਨ ਗਾਇਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਸ਼ੁਰੂ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਤੋਂ ਬਿਨਾਂ ਭਾਈ ਕਿਦਾਰ, ਝਾਂਡੂ ਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀਆਂ ਨੇ ਗੁਰਬਾਣੀ ਸੰਗੀਤ ਰਾਹੀਂ ਸ਼ਾਸਤਰੀ ਸੰਗੀਤ ਦਾ ਖੂਬ ਪ੍ਰਚਾਰ ਕੀਤਾ।

ਝਾਂਡੂ ਅਤੇ ਮੁਕੰਦ ਹੈ
ਕੀਰਤਨ ਕਰੈ ਹਜੂਰ ਕਿਦਾਰਾ ।।[1]

ਗੁਰੂ ਘਰ ਦੀ ਅਧਿਆਤਮਕ ਅਤੇ ਸੰਗੀਤਕ ਪ੍ਰਸਿੱਧੀ ਸੁਣ ਕੇ ਬਾਦਸ਼ਾਹ ਅਕਬਰ ਇਕ ਵਾਰ ਜਦ ਕਸ਼ਮੀਰ ਤੋਂ ਵਾਪਸ ਆ ਰਿਹਾ ਸੀ ਤਾਂ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਗਿਆ। ਤਾਨਸੇਨ ਵੀ ਅਕਬਰ ਦੇ ਨਾਲ ਸੀ। ਦੋਹਾਂ ਨੇ ਜਦ ਸ਼ਾਸਤਰੀ ਸੰਗੀਤ ਰਾਹੀਂ ਆਨੰਦਮਈ ਕੀਰਤਨ ਸੁਣਿਆ ਤਾਂ ਅੰਤਿਅੰਤ ਪ੍ਰਭਾਵਿਤ ਹੋਏ ਅਤੇ ਸ਼ਾਸਤਰੀ ਸੰਗੀਤ ਦੇ ਉੱਚ-ਪੱਧਰ ਦੀ ਦਾਦ ਦਿੱਤੀ।[2]

ਗੁਰਮਤਿ ਸੰਗੀਤ ਪਰੰਪਰਾ ਵਿਚ ਕਾਵਿ ਅਤੇ ਸੰਗੀਤ ਦੇ ਮਾਹਿਰ ਭਾਈ ਸੱਤਾ ਅਤੇ ਬਲਵੰਡ ਦੀ ਜੋੜੀ ਦਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਦੀ ਬਾਣੀ ਵਰਤ- -ਮਾਨ ਸਮੇਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਮਕਲੀ ਦੀ ਵਾਰ, ਟਿੱਕੇ ਦੇ ਰੂਪ ਵਿਚ ਹੈ।[3]

---

1- ਭਾਈ ਗੁਰਦਾਸ ਦੀਆਂ ਵਾਰਾਂ, ਵਾਰ 11ਵੀਂ ,ਪਉੜੀ 18ਵੀਂ

2- ਤਾਰਾ ਸਿੰਘ (ਪ੍ਰੋ.), ਸੁਰਜੀਤ ਕੌਰ, ਵਾਦਨ ਕਲਾ, ਪੰਨਾ 280

3- ਆਦਿ ਗ੍ਰੰਥ, ਪੰਨਾ 966

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਮਤਿ ਸੰਗੀਤ ਦੇ ਵਿਕਾਸ ਦੇ ਕਾਰਜਾਂ ਵਿਚ ਜੁਟੇ ਹੋਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਮਿਲਣ 'ਤੇ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਗੁਰੂ ਘਰ ਦੇ ਵਿਰੋਧੀ ਹੋ ਗਏ ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਹੋਣ ਦੇ ਨਾਤੇ ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦੇ ਸਨ। ਗੁਰੂ ਘਰ ਦਾ ਹਿਸਾਬ-ਕਿਤਾਬ, ਲੈਣ-ਦੇਣ, ਗੁਰੂ ਰਾਮਦਾਸ ਜੀਦੇ ਸਮੇਂ ਤੋਂ ਹੀ ਪ੍ਰਿਥੀ ਚੰਦ ਜੀਦੇ ਹੱਥ 'ਚ ਸੀ। ਗੁਰੂ ਜੀ ਨੇ ਇਸ ਨੂੰ ਉਸੇ ਤਰ੍ਹਾਂ ਹੀ ਰਹਿਣ ਦਿੱਤਾ। ਹੁਣ ਇਸਨੇ ਜਾਲ ਇਤਨਾ ਬੰਨ੍ਹ ਲਿਆ ਕਿ ਮਸੰਦਾਂ ਦੇ ਉਗਰਾਹੀ ਕਰਨ ਸਾਰ ਹੀ ਆਪਣੇ ਹੋਰ ਨਿੱਜੀ ਸੇਵਕ ਭੇਜ ਦਿੰਦਾ ਜਾਂ ਰਾਹ ਵਿਚੋਂ ਹੀ ਕਾਰ ਭੇਟਾ ਲੈ ਕੇ ਰੱਖ ਲੈਂਦਾ। ਗੁਰੂ ਜੀ ਨੂੰ ਸਭ ਸੋਆਂ ਪੁੱਜ ਰਹੀਆਂ ਸਨ ਪਰ ਧੀਰਜ ਦੀਮੂਰਤ ਨੇ ਕੁਝ ਨਾ ਕਿਹਾ। ਸੰਗਤਾਂ ਦਾ ਉਮਾਹ ਵੱਧ ਰਿਹਾ ਸੀ, ਲੰਗਰ ਵਿਚ ਰਸਦ, ਸਮਾਨ ਨਾ ਪੁੱਜਣ ਕਾਰਨ ਲੰਗਰ ਦੀਹਾਲਤ ਮਸਤਾਨੀ ਹੁੰਦੀ ਜਾ ਰਹੀ ਸੀ। ਆਮਦਨ ਦੇ ਦਰਵਾਜੇ ਬੰਦ ਤੇ ਖਰਚ ਦਿਨੋ-ਦਿਨ ਦੂਣਾ। ਪ੍ਰਸਿੱਧ ਰਬਾਬੀ ਭਾਈ ਸੱਤਾ ਜੀ ਦੀ ਲੜਕੀ ਦੀ ਸ਼ਾਦੀ ਸੀ। ਪ੍ਰਿਥੀ ਚੰਦ ਦੇ ਕਹਿਣ ਤੇ ਭਾਈ ਸੱਤਾ ਨੇ ਮੰਗਾਲੀ ਪਾਈ। ਗੁਰੂ ਜੀ ਨੇ ਮਜ਼ਬੂਰੀ ਦੱਸੀ ਤਾਂ ਉੱਚਾ-ਨੀਵਾਂ ਬੋਲਣ ਲੱਗ ਪਏ। ਇੱਥੋਂ ਤਕ ਆਖ ਗਏ ਕਿ ਸਾਡੇ ਕਰਕੇ ਹੀ ਸੰਗਤਾਂ ਆਉਂਦੀਆਂ ਹਨ। ਜੇ ਉਹ ਕੀਰਤਨ ਨਾ ਕਰਨ ਤਾਂ ਤੁਹਾਨੂੰ ਕੋਈ ਵੀ ਗੁਰੂ ਨਾ ਆਖੇ। ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਨੂੰ ਉਨ੍ਹਾਂ ਹੀ ਜਗਤ ਪ੍ਰਸਿੱਧ ਕੀਤਾ ਹੈ। ਗੁਰੂ ਅਰਜਨ ਦੇਵ ਜੀਨੇ ਬੜੀ ਨਿਮਰਤਾ ਨਾਲ ਸਮਝਾਇਆ ਪਰ ਉਨ੍ਹਾਂ ਪਿੱਛੇ ਤਾਂ ਕੋਈ ਸ਼ਹਿ ਸੀ ਤੇ ਚੁੱਕ ਬੋਲ ਰਹੀ ਸੀ। ਜਦ ਹੋਰ ਕੁਬੋਲ ਬੋਲੇ ਤਾਂ ਆਪ ਜੀ ਨੇ ਹੁਕਮ ਕੀਤਾ, 'ਇਨ੍ਹਾਂ ਗੁਰੂਆਂ ਦੀ ਨਿੰਦਾ ਕੀਤੀ ਹੈ। ਸੋ ਇਨਾਂ ਨੂੰ ਮਥੇ ਨਾ ਲਗਾਇਆ ਜਾਵੇ'[1] ਅਤੇ ਸਾਧਾਰਣ

1- ਸਤਿਬੀਰ ਸਿੰਘ (ਪ੍ਰਿੰਸੀਪਲ), ਪਰਤਖਿ ਹਰਿ(ਜੀਵਨੀ ਗੁਰੂ ਅਰਜਨ ਦੇਵ ਜੀ) ਪੰਨਾ 46-47

ਸਿੱਖ ਸੰਗਤ ਨੂੰ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਇਸ ਤੇ ਅਸਿਖਿਅਕ ਸਾਧਾਰਣ ਸਿੱਖ ਸੰਗਤ ਨੇ ਲੋਕ ਸੰਗੀਤ ਵਜੋਂ ਗੁਰਬਾਣੀ ਦਾ ਗਾਇਨ ਸ਼ੁਰੂ ਕੀਤਾ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਬਾਣੀ ਕੀਰਤਨ ਕਿਰਿਆਤਮਕ ਤੌਰ 'ਤੇ ਰਾਗੀ ਰਬਾਬੀ ਕਸਬੀ ਲੋਕ ਯਾਨਿ ਸੁਸਿਖਿਅਕ ਲੋਕ ਅਤੇ ਅਸਿਖਿਅਕ ਸਾਧਾਰਣ ਸਿੱਖ ਸੰਗਤਾਂ ਦੋ ਵਰਗਾਂ ਵਿਚ ਪ੍ਰਵੇਸ਼ ਹੋਇਆ। ਗੁਰਬਾਣੀ ਕੀਰਤਨ ਦੀਆਂ (ਸ਼ਾਸਤਰੀ + ਲੋਕ ਸੰਗੀਤ) ਦੋਵੇਂ ਪਰੰਪਰਾਵਾਂ ਉਦੋਂ ਤੋਂ ਲੈ ਕੇ ਹੁਣ ਤਕ ਉਸੇ ਤਰ੍ਹਾਂ ਚੱਲੀਆਂ ਆ ਰਹੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਬਾਣੀ ਦੇ ਕੀਰਤਨ ਲਈ ਸਾਰੰਦਾ, ਤਬਲਾ(ਜੋੜੀ) ਸਾਜ਼, ਦਾ ਪ੍ਰਯੋਗ ਕੀਤਾ ਜਾਣ ਲੱਗਾ, ਇਸ ਤੋਂ ਪਹਿਲਾਂ ਰਬਾਬ ਅਤੇ ਮਧਿਅਮ ਵੀਣਾ(ਸਿਤਾਰ) ਅਤੇ ਤੰਬੂਰੇ ਦਾ ਪ੍ਰਯੋਗ ਜ਼ਿਆਦਾ ਹੁੰਦਾ ਸੀ।[1] ਸ੍ਰੀ ਗੁਰੂ ਅਰਜਨ ਦੇਵ ਜੀ ਸਾਰੰਦਾ ਸਾਜ਼ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਸਨ।[2]

ਸ੍ਰੀ ਗੁਰੂ ਹਰਗੋਬਿੰਦ ਜੀ: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਚਲੀ ਆ ਰਹੀ ਸਿੱਖ ਕੀਰਤਨ ਪਰੰਪਰਾ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ। ਸ੍ਰੀ ਗੁਰੂ ਹਰਗੋਬਿੰਦ ਜੀ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨੌਂ ਵਾਰਾਂ ਤੇ ਧੁਨੀਆਂ ਦੇ ਸਿਰਲੇਖ ਲਿਖੇ।[3]

---

1- ਨਰੂਲਾ, ਡੀ. ਐਸ., ਗੁਰੂ ਨਾਨਕ ਸੰਗੀਤਗਯ, ਪੰਨਾ 148

2- ਗੁਰਮਤਿ ਸੰਗੀਤ ਵਿਚ ਵਰਤੀਦੇ ਸਾਜ਼, ਪਿਆਰਾ ਸਿੰਘ, ਸਿਮ੍ਰਤੀ ਗ੍ਰੰਥ ਅਦੁੱਤੀ ਸੰਗੀਤ ਸੰਮੇਲਨ, 1991

3- ਭਾਈ ਜੋਧ ਸਿੰਘ, ਸ੍ਰੀ ਕਰਤਾਰਪੁਰ ਬੀੜ ਦੇ ਦਰਸ਼ਨ, ਪੰਨਾ 72

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਮੇਂ ਕੀਤਾ ਜਾਂਦਾ ਸੀ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਬਾਣੀ ਕੀਰਤਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ 'ਕੀਰਤਪੁਰ ਸਾਹਿਬ' ਦੀ ਸਥਾਪਨਾ ਕੀਤੀ ਜਿੱਥੇ ਸਵੇਰੇ-ਸ਼ਾਮ ਪਰੰਪਰਾ ਅਨੁਸਾਰ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਸੀ।

ਭਾਈ ਨੱਥਾ ਅਤੇ ਅਬਦੁੱਲਾ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਦੇ ਪ੍ਰਸਿੱਧ ਢਾਢੀ ਅਤੇ ਰਬਾਬੀ ਸਨ। ਇਨ੍ਹਾਂ ਨੇ ਸਿੱਖ ਸੈਨਾ ਵਿਚ ਜੋਸ਼ ਪੈਦਾ ਕਰਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ:

ਨੱਥ ਢੱਡ ਵਜਾਇਆ ਅਬਦੁੱਲਾ ਹਥ ਰਬਾਬਾ।
ਅਬਦੁੱਲਾ ਢਾਢੀ ਜਸ ਸੁਨਾਇ।[1]

ਭਾਈ ਬਾਬਕ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਰਬਾਬੀ ਦੇ ਨਾਲ-ਨਾਲ ਮਹਾਨ ਯੋਧਾ ਵੀ ਸੀ ਜਿਨ੍ਹਾਂ ਨੇ ਅੰਮ੍ਰਿਤਸਰ ਦੀ ਜੰਗ ਵਿਚ ਵੱਡੀ ਵੀਰਤਾ ਦਿਖਾਈ। ਭਾਈ ਬਾਬਕ ਦਾ ਦੇਹਾਂਤ 1669 ਵਿਚ ਕਰਤਾਰਪੁਰ ਵਿਖੇ ਹੋਇਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਰਾਗੀ ਢਾਢੀਆਂ ਤੋਂ ਇਲਾਵਾ ਭਾਈ ਸਈਆਂ ਅਤੇ ਲੰਬ ਦੋਵੇਂ ਸਮੇਂ ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਦਾ ਸਾਧਾਰਨ ਕੀਰਤਨ ਕਰਦੇ ਸਨ।

---

1. ਹਵਾਲਾ, ਗੋਸਲ, ਏ. ਐਸ. ਸਿੱਖ ਧਰਮ ਅਤੇ ਸੰਗੀਤ, ਪੰਨਾ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਹੀ ਵਾਰਾਂ ਦੇ ਗਾਇਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਸਾਰੰਗੀ ਸਾਜ਼ ਗੁਰੂ ਦਰਬਾਰ ਵਿਚ ਪ੍ਰਵੇਸ਼ ਹੋਇਆ।

<u>ਸ੍ਰੀਗੁਰੂ ਹਰਰਾਇ ਜੀ, ਸ੍ਰੀ ਗੁਰੂ ਹਰਕ੍ਰਿਸ਼ਨ ਜੀ:</u> ਸਿੱਖਾਂ ਦੇ ਸੱਤਵੇਂ ਗੁਰੂ ਹਰਰਾਇ ਜੀ ਅਤੇ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਪਰਸਥਿਤੀ ਅਨੁਕੂਲ ਨਾ ਹੋਣ ਕਾਰਨ ਬਾਣੀ ਦੀ ਰਚਨਾ ਨਹੀਂ ਕਰ ਸਕੇ ਪਰ ਇਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਕੀਰਤਨ ਦੀ ਰਹੁ ਰੀਤੀ ਨੂੰ ਬੜੇ ਪਿਆਰ ਅਤੇ ਸਤਿਕਾਰ ਨਾਲ ਕਾਇਮ ਰੱਖਿਆ।

<u>ਸ੍ਰੀ ਗੁਰੂ ਤੇਗ ਬਹਾਦਰ ਜੀ:</u> ਗੁਰੂ ਨਾਨਕ ਗੱਦੀ ਦੇ ਨੌਵੇਂ ਵਾਰਸ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗੁਰਮਤਿ ਅਤੇ ਸੰਗੀਤ ਪ੍ਰਥਾ ਦੀਆਂ ਜੋ ਲੀਹਾਂ ਪਹਿਲੇ ਪਾਈਆਂ, ਉਨ੍ਹਾਂ ਨੂੰ ਹੋਰ ਪੱਕਾ ਕੀਤਾ। ਆਪ ਨੇ ਗਉੜੀ, ਆਸਾ, ਦੇਵਗੰਧਾਰ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ ਕਾਫ਼ੀ, ਤਿਲੰਗ, ਬਿਲਾਵਲ, ਰਾਮਕਲੀ ਮਾਰੂ, ਬਸੰਤ, ਬਸੰਤ ਹਿੰਡੋਲ, ਸਾਰੰਗ, ਜੈਜਾਵੰਤੀ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਜੈਜਾਵੰਤੀ ਅਧੀਨ ਕੇਵਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਉਪਲੱਬਧ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਪਰੋਕਤ ਭਿੰਨ-ਭਿੰਨ ਰਾਗਾਂ ਅਧੀਨ ਪਦੇ, ਅਸਟਪਦੀਆਂ ਆਦਿ ਜੈਸੀਆਂ ਮਹਾਨ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਆਪ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਰਹਿ ਕੇ ਗੁਰਬਾਣੀ ਦਾ ਸੰਦੇਸ਼ ਸੰਗੀਤ ਰਾਹੀਂ ਦੂਰ-ਦੂਰ ਤਕ ਪਹੁੰਚਾਇਆ।

<u>ਸ੍ਰੀ ਗੁਰੂ ਗੋਬਿੰਦ ਸਿੰਘ ਜੀ:</u> ਸਿੱਖ ਲਹਿਰ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਤ ਕਵੀ, ਸੰਗੀਤਕਾਰ ਦੇ ਨਾਲ-ਨਾਲ ਇਕ ਮਹਾਨ ਵੀਰ ਯੋਧਾ ਸਨ ਜਿਨ੍ਹਾਂ ਨੇ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਸਿੱਖ ਕੌਮ ਅਤੇ ਸੰਗੀਤ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਰਚਨਾ ਦਾ ਸੰਗ੍ਰਹਿ

'ਦਸਮ ਗ੍ਰੰਥ' ਹੈ। ਸਿੱਖ ਧਰਮ ਵਿਚ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦੂਸਰਾ ਵਿਸਤਰਿਤ ਗ੍ਰੰਥ 'ਦਸਮ ਗ੍ਰੰਥ' ਹੈ।

ਸ੍ਰੀ ਅਨੰਦਪੁਰ ਸਾਹਿਬ ਜੋ ਗੁਰਮਤਿ ਸੰਗੀਤ ਦਾ ਪ੍ਰਚਾਰ ਕੇਂਦਰ ਸੀ ਇਹ ਸ੍ਰੀ ਗੁਰੂ ਗੋਬਿੰਦ ਸਿੰਘਜੀਦੇ ਸਮੇਂ ਕੀਰਤਨ ਕੇਂਦਰ ਦੇ ਨਾਲ ਸਿੱਖ ਸ਼ਕਤੀ ਦਾ ਕੇਂਦਰ ਬਣਿਆ। ਸ੍ਰੀ ਅਨੰਦਪੁਰ ਸਾਹਿਬ ਵਿਚ ਚਲੀ ਆ ਰਹੀ ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਦੀ ਰੀਤੀ ਨੂੰ ਜਾਰੀ ਰੱਖਿਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੱਖਾਂ ਤੁਰਕਾਨੀ ਫੌਜਾਂ ਨਾਲ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਘਿਰੇ ਰਹੇ ਪਰੰਤੂ ਉਥੇ ਵੀ ਅੰਮ੍ਰਿਤ ਵੇਲੇ'ਆਸਾ ਦੀ ਵਾਰ' ਅਤੇ ਸ਼ਾਮ ਦੇ ਸਮੇਂ ਕੀਰਤਨ ਦਰਬਾਰ ਸਜਾਉਂਦੇ ਰਹੇ।[1]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗੀਤਕ ਪ੍ਰਤਿਭਾ ਅਤੇ ਪਰੰਪਰਾ ਅਨੁਸਾਰ ਗੁਰੂ ਜੀ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ ਜੋ ਗੁਰਮਤਿ ਅਨੁਸਾਰ ਕਵਿਤਾਵਾਂ ਦੀ ਰਚਨਾ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਭਾਈ ਮੱਦੂ ਅਤੇ ਸੱਦੂ ਰਬਾਬੀ ਜਿਹੜੇ ਕਿ ਦੋਵੇਂ ਭਰਾ ਸਨ, 'ਆਸਾ ਦੀਵਾਰ' ਦਾ ਕੀਰਤਨ ਕਰਦੇ ਸਨ। ਇਨ੍ਹਾਂ ਭਰਾਵਾਂ ਬਾਰੇ ਭਾਈ ਸੰਤੋਖ ਸਿੰਘਜੀ ਲਿਖਦੇ ਹਨ:

ਸੱਦੂ ਮੱਦੂ ਆਸਾ ਵਾਰ
ਕੀਰਤਨ ਕਰਤੇ ਰਾਗ ਸੁਧਾਰ।[2]

ਸੱਦੂ ਮੱਦੂ ਦੋ ਨਹੁ ਭ੍ਰਾਤਾ।।
ਗਾਵੈ ਰਾਗ ਸੁਰਨੇ ਕੇ ਗਿਯਾਤਾ।।
ਕਰੀ ਬਿਲਾਵਲ ਚੌਕੀ ਚਾਰ।।
ਭੋਗ ਪਾਇ ਅਰਦਾਸ ਉਚਾਰ।।[3]

---

1- ਗੋਸਲ, ਏ. ਐਸ. ਸਿੱਖ ਧਰਮ ਅਤੇ ਸੰਗੀਤ, ਪੰਨਾ76
2- ਭਾਈ ਸੰਤੋਖ ਸਿੰਘ,ਗੁਰਪ੍ਰਤਾਪ ਸੂਰਜ ਗ੍ਰੰਥ , ਪੰਨਾ577
3- . .... . . ਉਹੀ -. . . . .. . ਪੰਨਾ 593

ਉਕਤ ਵਿਚਾਰ ਤੋਂ ਸਪਸ਼ਟ ਹੈ ਕਿ ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਨ੍ਹਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕ੍ਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਉਨ੍ਹਾਂ ਇਸ ਬਾਣੀ ਪ੍ਰਧਾਨ ਗਾਇਕੀ ਨੂੰ ਸ਼ਾਸਤਰੀ ਅਤੇ ਲੋਕ-ਸੰਗੀਤ ਦੇ ਵਿਭਿੰਨ ਰਾਗਾਂ, ਗਾਇਨ ਸ਼ੈਲੀਆਂ ਅਤੇ ਉਪਕਰਣਾਂ ਸਹਿਤ ਵਿਸਤਰਿਤ ਅਤੇ ਕ੍ਰਿਆਤਮਕ ਰੂਪ ਦਿੱਤਾ। ਸ਼ਾਸਤਰੀ ਅਤੇ ਲੋਕ ਸੰਗੀਤ ਦਾ ਉਕਤ ਪ੍ਰਯੋਗ ਜਿੱਥੇ ਗੁਰਮਤਿ ਸੰਗੀਤ ਲਈ ਵਿਲੱਖਣ ਅਤੇ ਲਾਭਕਾਰੀ ਸਿੱਧ ਹੋਇਆ ਉਥੇ ਭਾਰਤੀ ਸ਼ਾਸਤਰੀ ਪਰੰਪਰਾ ਲਈ ਵੀ ਇਹ ਵਡੇਰਾ ਯੋਗਦਾਨ ਸੀ। ਵੱਖ-ਵੱਖ ਗੁਰੂ ਸਾਹਿਬਾਨ ਨੇ ਸੰਗੀਤਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਬੰਧ, ਵਿਭਿੰਨ ਕੀਰਤਨ ਗਾਇਨ ਰੂਪ/ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਾਰ ਵਿਹਾਰ/ਉਤਸਵਾਂ ਦਾ ਅਨਿੱਖੜ ਅੰਗ ਬਣਾ ਕੇ ਸਜੀਵ ਅਤੇ ਵਿਵਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਣਿਤ ਵਿਕਾਸ ਸੰਖੇਪ ਰੂਪ ਵਿਚ ਹੀ ਕੀਤਾ ਗਿਆ ਹੈ ਜਦੋਂ ਕਿ ਇਸ ਸੰਬੰਧੀ ਵਿਸਤਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਸਾਡੇ ਸਾਹਮਣੇ ਇਸਦੀਆਂ ਕਈ ਵਿਲੱਖਣਤਾਵਾਂ ਉਜਾਗਰ ਹੁੰਦੀਆਂ ਹਨ।

## ਗੁਰਮਤਿ ਸੰਗੀਤ ਦੀ ਵਿਲੱਖਣਤਾ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵਲੀਆਂ ਭਿੰਨ-ਭਿੰਨ ਸੰਗੀਤ ਪਰੰਪਰਾਵਾਂ ਦੇ ਅਧਿਐਨ ਤੋਂ ਇਹ ਤੱਤ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਭਾਰਤੀ ਸੰਗੀਤ ਦੀ ਇਕ ਵਿਸ਼ਾਲ ਅਤੇ ਮਹਾਨ ਪਰੰਪਰਾ ਮੌਜੂਦ ਸੀ। ਵੱਖ-ਵੱਖ ਧਾਰਮਿਕ ਸੰਪ੍ਰਦਾਵਾਂ ਅਤੇ ਸੰਤ ਭਗਤ ਕਵੀਆਂ ਦੁਆਰਾ ਸੰਗੀਤ ਦੇ ਪ੍ਰਯੋਗ ਤੋਂ ਭਗਤੀ ਸੰਗੀਤ ਦੀ ਇਕ ਅੱਡਰੀ ਪਰੰਪਰਾ ਨਜ਼ਰ ਆਉਣ ਲੱਗ ਪਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਵੇਂ ਭਾਰਤੀ ਧਰਮ ਦਰਸ਼ਨ ਦੇ ਖੇਤਰ ਵਿਚ ਇਕ ਨਵੀਨ ਪੰਥ ਦੀ ਸਿਰਜਣਾ ਕੀਤੀ ਉਸੇ ਤਰ੍ਹਾਂ ਉਨ੍ਹਾਂ ਨੇ ਆਪਣੇ ਧਰਮ ਦੇ ਪ੍ਰਚਾਰ ਅਤੇ ਵਿਕਾਸ ਲਈ ਨਵੀਆਂ-ਨਵੀਆਂ ਸੰਚਾਰ ਜੁਗਤਾਂ ਦਾ ਇਸਤੇਮਾਲ ਵੀ ਕੀਤਾ। ਉਨ੍ਹਾਂ ਦੁਆਰਾ ਸਿਰਜਤ ਸੰਚਾਰ ਦਾ ਇਹ ਵਿਲੱਖਣ ਪ੍ਰਬੰਧ ਵਿਗਿਆਨਕ ਵਿਸ਼ਿਸ਼ਟਤਾਵਾਂ ਸਹਿਤ ਉਜਾਗਰ ਹੁੰਦਾ ਹੋਇਆ ਵਿਲੱਖਣ ਰੂਪ ਵਿਚ ਵਿਕਸਿਤ ਹੋਇਆ। ਇਸ ਸੰਚਾਰ ਪ੍ਰਬੰਧ ਦੀ ਕੇਂਦਰੀ ਅਤੇ ਮੂਲ ਜੁਗਤ ਸੰਗੀਤ ਉਪਰ ਹੀ ਆਧਾਰਿਤ ਸੀ।

'ਸ਼ਬਦ-ਕੀਰਤਨ' ਦੀ ਇਸ ਪਰੰਪਰਾ ਵਿਚ ਭਾਰਤੀ ਸੰਗੀਤ ਦੇ ਵਿਭਿੰਨ ਤੱਤਾਂ ਨੂੰ ਮੌਲਿਕ ਪ੍ਰਯੋਗ ਦੇ ਧਾਰਣੀ ਬਣਾਉਂਦਿਆਂ ਨਵੀਨ ਅਰਥ ਦਿੱਤੇ ਗਏ ਹਨ । ਇਸ ਨਵੀਨਤਾ ਸਦਕਾ ਇਹ ਪਰੰਪਰਾ ਆਪਣੀਆਂ ਸਮਕਾਲੀਨ ਧਾਰਮਿਕ ਅਤੇ ਸੰਗੀਤ ਦੀਆਂ ਪਰੰਪਰਾਵਾਂ ਨਾਲੋਂ ਸਹਿਜੇ ਹੀ ਅਲੱਗ ਹੋ ਜਾਂਦੀ ਹੈ। ਵਿਭਿੰਨਤਾ ਦਾ ਮੁੱਖ ਕਾਰਣ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਣੀ/ਸ਼ਬਦ ਦੀ ਪ੍ਰਸਤੁਤੀ ਦਾ ਸੁਨਿਸ਼ਚਿਤ ਪ੍ਰਬੰਧ ਦੀ ਸਿਰਜਣਾ ਹੈ। ਗੁਰੂ ਦੁਆਰਾ ਦਰਸਾਈ ਗਈ 'ਸ਼ਬਦ ਕੀਰਤਨ' ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਉਪਰ ਆਧਾਰਿਤ ਪ੍ਰਸਤੁਤੀ ਦੀ ਸਿਧਾਂਤਕ ਅਤੇ ਵਿਵਹਾਰਕ ਪਰੰਪਰਾ ਨੂੰ

'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਕੇਂਦਰੀ ਇਕਾਈ 'ਸ਼ਬਦ' ਹੈ । ਗੁਰੂ ਸਾਹਿਬਾਨ ਨੇ ਸ਼ਬਦ ਨੂੰ ਲੋਕਾਈ ਤਕ ਸੰਚਾਰਿਤ ਕਰਨ ਲਈ ਸੰਗੀਤ ਨੂੰ ਮਾਧਿਅਮ ਵਜੋਂ ਅਪਣਾਇਆ। ਸ਼ਬਦ ਦੀ ਪ੍ਰਸਤੁਤੀ ਲਈ ਜਿਸ ਵਿਧਾਨ ਦੀ ਸਿਰਜਣਾ ਕੀਤੀ ਗਈ ਉਸ ਸਮੁੱਚੇ ਪ੍ਰਬੰਧ ਨੂੰ 'ਗੁਰਮਤਿ ਸੰਗੀਤ ਪ੍ਰਬੰਧ' ਕਿਹਾ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਗਾਇਨ ਸ਼ੈਲੀਆਂ, ਰਹਾਉ, ਅੰਕ ਅਤੇ ਹੋਰ ਸੰਗੀਤਕ ਤੱਤ ਹਨ ਜੋ ਗਾਇਕ ਦਾ ਮਾਰਗ ਦਰਸ਼ਨ ਕਰਦੇ ਹਨ। ਗੁਰਬਾਣੀ ਸੰਗੀਤ ਦੀ ਵਿਲੱਖਣਤਾ ਨੂੰ ਜਾਣਨ ਲਈ ਅਤੇ ਗੁਰਬਾਣੀ ਅੰਤਰਨਿਹਿਤ ਪਰਮਸਤਿ ਦੇ ਬੋਧ ਲਈ ਇਸ ਦੇ ਸੰਗੀਤ ਪ੍ਰਬੰਧ ਦੀਆਂ ਵਿਭਿੰਨ ਇਕਾਈਆਂ ਨਾਲ ਸਾਂਝ ਅਤਿ ਜ਼ਰੂਰੀ ਹੈ।

<u>ਰਾਗ</u>: ਸ਼ਬਦ ਦੀ ਪ੍ਰਸਤੁਤੀ ਦਾ ਇਕ ਮਹੱਤਵਪੂਰਨ ਅਤੇ ਮੁੱਖ ਤੱਤ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸਿਰਲੇਖ ਵਜੋਂ ਵਿਦਮਾਨ ਹਨ ਜੋ ਪ੍ਰਸਤੁਤਕਾਰ ਲਈ ਸ਼ਬਦ ਨੂੰ ਨਿਰਧਾਰਿਤ ਰਾਗ ਅਧੀਨ ਗਾਇਨ ਕਰਨ ਦਾ ਨਿਰਦੇਸ਼ ਹਨ। ਰਾਗ ਸੰਬੰਧੀ ਬਾਣੀ ਵਿੱਚ ਕਈ ਕਿਸਮ ਦੇ ਫੁਰਮਾਨ ਅੰਕਿਤ ਹਨ:

- ਸਭਨਾ ਰਾਗਾਂ ਵਿਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ ।।
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ।।
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ ।।
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ
ਸਤਿਗੁਰ ਤੇ ਸੋਝੀ ਪਾਇ।।[1]

---

1- ਸਲੋਕ ਮਹਲਾ ੩ , <u>ਆਦਿ ਗ੍ਰੰਥ</u>, ਪੰਨਾ 1423

- ਰਾਗ ਨਾਦ ਸਬਦਿ ਸੋਹਣੇ
  ਜਾ ਲਾਗੈ ਸਹਜਿ ਧਿਆਨੁ ।।[1]

- ਧੰਨੁ ਸੁ ਰਾਗ ਸੁਰੰਗੜੇ
  ਆਲਾਪਤ ਸਭ ਤਿਖ ਜਾਇ।।[2]

" ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ।।
  ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ।।
  ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ।।[3]

- ਰਾਗਿ ਨਾਦਿ ਮਨੁ ਦੂਜੈ ਭਾਇ
  ਅੰਤਰਿ ਕਪਟੁ ਮਹਾ ਦੁਖੁ ਪਾਇ।।[4]

ਇਹਨਾਂ ਫੁਰਮਾਨਾਂ ਤੋਂ ਰਾਗ ਦੇ ਮਹੱਤਵ ਅਤੇ ਸਹੀ ਪ੍ਰਯੋਗ ਵਿਧੀ ਸਪਸ਼ਟ ਪ੍ਰਾਪਤ ਹੁੰਦੀ ਹੈ। ਇਸ ਵਿਚ ਰਾਗ ਦੀ ਨਾਦਾਤਮਕ ਸ਼ਕਤੀ ਨੂੰ ਸਵੀਕਾਰਿਆ ਗਿਆ ਹੈ ਅਤੇ ਰਾਗ ਉਸੇ ਨੂੰ ਚੰਗਾ ਅਤੇ ਉੱਤਮ ਦੱਸਿਆ ਗਿਆ ਹੈ ਜਿਸ ਦੇ ਗਾਇਨ ਕਰਨ ਨਾਲ ਸਭ ਤ੍ਰਿਸ਼ਨਾਵਾਂ ਮਿਟ ਜਾਣ ਅਤੇ ਉਸ ਪ੍ਰਭੂ ਪ੍ਰਮਾਤਮਾ ਦੀ ਯਾਦ ਮਨ ਵਿਚ ਵਸ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਵੀ ਰਾਗਾਤਮਕ ਹੈ। ਇਹ ਰਾਗ ਕੇਵਲ ਵਿਖਾਵੇ ਜਾਂ ਨਾਮ ਮਾਤਰ ਹੀ ਨਹੀਂ ਸਗੋਂ

---

1- ਮਹਲਾ ੩ , ਆਦਿ ਗ੍ਰੰਥ , ਪੰਨਾ 849

2- ਵਾਰ ਰਾਮਕਲੀ ਮਹਲਾ ੫, ਆਦਿ ਗ੍ਰੰਥ, ਪੰਨਾ 958

3- ਰਾਮਕਲੀ ਮਹਲਾ ੫, ਉਹੀ ਪੰਨਾ, 885

4- ਪ੍ਰਭਾਤੀ ਮਹਲਾ ੧, ਉਹੀ, ਪੰਨਾ1342

ਸ਼ਬਦ ਦੇ ਭਾਵ ਅਤੇ ਸੰਗੀਤ ਸ਼ਾਸਤਰ ਅਨੁਸਾਰ ਅਤਿ ਢੁੱਕਵੇਂ ਹਨ। ਬਾਣੀ ਦੀ ਪ੍ਰਕ੍ਰਿਤੀ ਅਤੇ ਰਾਗ ਦੀ ਪ੍ਰਕ੍ਰਿਤੀ ਵਿਚ ਅਟੁੱਟ ਸਾਂਝ ਹੈ । ਇਸ ਸਾਂਝ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬਾਨ ਨੇ ਰਾਗ ਦੇ ਕਈ ਸਰੂਪਾਂ ਨੂੰ ਪ੍ਰਯੋਗ ਵਿਚ ਲਿਆਂਦਾ ਹੈ ਜਿਵੇਂ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਮਾਝ ਆਦਿ।

**ਅੰਕੁ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਿਨਾਂ ਬਾਕੀ ਤੁਕਾਂ ਦੀ ਸਮਾਪਤੀ ਤੇ ੧,੨,੩,੪ ਆਦਿ ਅੰਕੁ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਤਾਂ ਕਿ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਵਿਚ ਇਕ ਤੁਕ ਤੋਂ ਇਲਾਵਾ ਦੋ ਜਾਂ ਤਿੰਨ ਤੁਕਾਂ ਵੀ ਪਾਈਆਂ ਜਾਂਦੀਆਂ ਹਨ। ਇਹਨਾਂ ਅੰਕਾਂ ਤੋਂ ਸ਼ਬਦ ਦੀ ਸੰਬੰਧਿਤ ਕਾਵਿ-ਸ਼ੈਲੀ ਅਤੇ ਗਾਇਨ ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਚਉਪਦੇ ਵਿਚ ਚਾਰ ਪਦੇ, ਦੁਪਦੇ ਵਿਚ ਦੋ ਪਦੇ ਅਤੇ ਅਸਟਪਦੀ ਵਿਚ ਅੱਠ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਸਾਨੂੰ ਅੰਕਾਂ ਤੋਂ ਪਤਾ ਲੱਗਦੀ ਹੈ ਕਿ ਇਸ ਸ਼ਬਦ ਦੇ ਕੁੱਲ ਕਿੰਨੇ ਬੰਦ ਹਨ। ਇਹ ਅੰਕੁ ਜਾਂ ਅੰਤਰੇ ਦੀ ਤੁਕ ਦਾ ਸੰਬੰਧ ਰਹਾਉ ਦੀ ਤੁਕ ਨਾਲ ਹੈ ਜੋ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ੍ਹ ਕਰਵਾਉਣ ਲਈ ਉਪਜਿਤ ਸਮੱਸਿਆ ਦਾ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਉਕਤੀਆਂ ਅਤੇ ਉਦਾਹਰਣਾਂ ਦਾ ਰੂਪ ਹਨ। ਬਾਣੀ ਪ੍ਰਬੰਧ ਅਨੁਸਾਰ ਅੰਤਰਿਆਂ ਦੀਆਂ ਤੁਕਾਂ ਦੇ ਗਾਇਨ ਨੂੰ ਸਪਸ਼ਟ ਰੂਪ ਵਿਚ ਸਮਝਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਜੋ ਉਨ੍ਹਾਂਨੇ ਸੱਜਣ ਠੱਗ ਦੇ ਸੰਬੰਧ ਵਿਚ ਉਚਾਰਿਆ ਸੀ, ਦਾ ਸਰੂਪ ਇਸ ਪ੍ਰਕਾਰ ਹੈ:

ਸੂਹੀ ਮਹਲਾ ੧ ਘਰੁ ੬

ੴ ਸਤਿਗੁਰ ਪ੍ਰਸਾਦਿ ।।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।।੧।।
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍।।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍।।੧।। ਰਹਾਉ ।।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।।
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ।। ੨ ।।
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ।।
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ।। ੩ ।।
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ।।
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ।। ੪ ।।
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ।।
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ।।੫।।
ਚਾਕਰੀਆ ਚੰਗਿਆਈਆ ਅਵਰ ਸਿਆਣਪਾ ਕਿਤੁ।।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।। ੬ ।।੧।। ੩ ।।[1]

ਉਪਰੋਕਤ ਸ਼ਬਦ ਵਿੱਚ ਰਹਾਉ ਦੀ ਤੁਕ ਵਿਚ ਅੰਕਿਤ ਭਾਵਾਂ ਨੂੰ ਅੰਤਰਿਆਂ ਵਿਚ ਉਦਾਹਰਣਾਂ ਦੇ ਕੇ ਸਮਝਾਇਆ ਗਿਆ ਹੈ। ਬਾਣੀ ਸੰਗੀਤ ਅਨੁਸਾਰ ਸ਼ਬਦ ਦਾ ਆਰੰਭ ਰਹਾਉ ਦੀ ਤੁਕ ਤੋਂ ਸਥਾਈ ਦੇ ਰੂਪ ਵਿਚ ਗਾਇਨ ਕਰਨ ਦੀ ਪਰੰਪਰਾ ਹੈ। ਇਸ ਸ਼ਬਦ ਦੀ ਰਹਾਉ ਦੀ ਤੁਕ ਇਸ ਪ੍ਰਕਾਰ ਹੈ:

1- ਸੂਹੀ ਮਹਲਾ ੧, ਆਦਿ ਗ੍ਰੰਥ, ਪੰਨਾ 729

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ।।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍।।੧।। ਰਹਾਉ ।।

ਇਸਰਹਾਉ ਦੀ ਤੁਕ ਵਿਚ ਸੱਜਣ ਉਸਨੂੰ ਦੱਸਿਆ ਗਿਆ ਹੈ ਜੋ ਸਮੇਂ ਸਿਰ ਕੰਮ ਆਵੇ, ਜਿਹੜਾ ਹਰ ਵੇਲੇ ਮੇਰੇ ਨਾਲ ਤੁਰੇ, ਜੋ ਇੱਥੋਂ ਸੰਸਾਰ ਤੋਂ ਤੁਰਨ ਵੇਲੇ ਵੀ ਮੇਰੇ ਨਾਲ ਹੀ ਚੱਲਣ, ਅਗਾਂਹ ਜਿੱਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ, ਉਥੇ ਨਿਝੱਕ ਹੋ ਕੇ ਹਿਸਾਬ ਦੇ ਸਕਣ, ਹਿਸਾਬ ਦੇਣ ਵਿਚ ਕਾਮਯਾਬ ਹੋ ਸਕਣ, ਭਾਵ ਬਾਹਰੀ ਦਿਖਾਵੇ ਵਾਲੇ ਸੱਜਣ ਨਹੀਂ ਹਨ।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।
ਧੋਤਿਆ ਜੂਠਿ ਨਾ ਉਤਰੈ ਜੇ ਸਉ ਧੋਵਾ ਤਿਸੁ ।।੧।।

ਸੱਜਣ ਕੌਣ ਹਨ? ਇਸਨੂੰ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਕੈਹ ਦਾ ਭਾਂਡਾ ਬੜਾ ਸਾਫ਼ ਅਤੇ ਚਮਕੀਲਾ ਹੁੰਦਾ ਹੈ ਪਰ ਜੇ ਉਸਨੂੰ ਰਗੜੀਏ ਤਾਂ ਹੱਥ ਕਾਲਾ ਹੋ ਜਾਂਦਾ ਹੈ, ਜੇ ਉਸਨੂੰ ਸੌ ਵਾਰੀ ਵੀ ਧੋਤਾ ਜਾਵੇ ਤਾਂ ਵੀ ਬਾਹਰੋਂ ਧੋਣ ਨਾਲ ਉਸਦੀ ਅੰਦਰਲੀ ਕਾਲਖ ਦੂਰ ਨਹੀਂ ਹੁੰਦੀ।

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ।।
ਢਠੀਆ ਕੰਮਿ ਨਾ ਆਵਨ੍ਹੀ ਵਿਚਹੁ ਸਖਣੀਆਹਾ।। ੨ ।।

ਦੂਸਰੀ ਉਦਾਹਰਣ ਮਹਿਲ ਤੇ ਮਾੜੀਆਂ ਦੀ ਹੈ। ਜੇ ਉਹ ਵਿਚੋਂ ਸਖਣੀਆਂ ਹਨ ਉਹ ਢਹਿ ਜਾਂਦੀਆਂ ਹਨ ਤੇ ਵੱਡੇ ਸ਼ਿੰਗਾਰ ਕਰੀ ਬੈਠੇ ਰਹੇ ਪਰ ਜਦੋਂ ਉਸ ਨੇ ਮੁੱਕ ਜਾਣਾ ਹੈ ਫਿਰ ਹਾਰ ਸ਼ਿੰਗਾਰ ਵਾਲਾ ਸਰੀਰ ਵੀ ਕੰਮ ਨਹੀਂ ਆਉਂਦਾ।

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ।।
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ।। ੩ ।।

ਤੀਸਰੀ ਉਦਾਹਰਣ ਬਗਲਿਆਂ ਦੀ ਦਿੱਤੀ ਹੈ ਕਿ ਬਗਲਿਆਂ ਦੇ ਚਿੱਟੇ ਖੰਭ ਹੁੰਦੇ ਹਨ, ਵਸਦੇ ਭੀ ਉਹ ਤੀਰਥਾਂ ਉੱਤੇ ਹੀ ਹਨ ਪਰ ਜੀਆਂ ਨੂੰ ਗਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ਼ ਸੁਥਰੇ ਨਹੀਂ ਆਖੇ ਜਾਂਦੇ।

ਸਿੰਮਲ ਰੁਖੁ ਸਰੀਰ ਮੈ ਮੈਜਨ ਦੇਖਿਭੁਲੰਨਿ੍।।
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍।। ੪ ।।

ਜਿਸ ਤਰ੍ਹਾਂ ਸਿੰਮਲ ਦਾ ਰੁੱਖ ਹੈ ਤਿਵੇਂ ਮੇਰਾ ਸਰੀਰ ਹੈ। ਸਿੰਮਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ। ਸਿੰਮਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ। ਉਹੋ ਜਿਹੇ ਹੀ ਗੁਣ ਮੇਰੇ ਸਰੀਰ ਵਿਚਹਨ।

ਅੰਧੁਲੈ ਭਾਰ ਉਠਾਇਆ ਡੂਗਰ ਵਾਟ ਬਹੁਤੁ।।
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ।।੫ ।।

ਮੈਂ ਅੰਨ੍ਹੇ ਨੇ ਸਿਰ ਉਤੇ ਵਿਕਾਰਾਂ ਦਾ ਭਾਰ ਚੁੱਕਿਆ ਹੋਇਆ ਹੈ। ਅਗਾਂਹ ਮੇਰਾ (ਜੀਵਨ ਪੰਧ) ਬੜਾ ਪਹਾੜੀ ਰਸਤਾ ਹੈ। ਅੱਖਾਂ ਨਾਲ ਭਾਲਿਆਂ ਵੀ ਮੈ ਰਾਹ-ਖਹਿੜਾ ਲੱਭ ਨਹੀਂ ਸਕਦਾ ਕਿਉਂਕਿ ਅੱਖਾਂ ਨਹੀਂ ਹਨ। ਇਸ ਹਾਲਤ ਵਿਚ ਕਿਸ ਤਰੀਕੇ ਨਾਲ ਪਹਾੜੀ ਤੇ ਚੜ੍ਹ ਕੇ ਮੈ ਪਾਰ ਲੰਘਾਂ ?

ਚਾਕਰੀਆਂ ਚੰਗਿਆਈਆ ਅਵਰ ਸਿਆਣਪ ਕਿਤੁ।।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ।।੬ ।।

ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ, ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ। ਮਾਇਆ ਦੇ ਮੋਹ ਵਿਚ ਬੱਝਿਆ ਹੋਇਆ ਤੂੰ ਇਸ ਨਾਮ ਸਿਮਰਨ ਦੇ ਰਾਹੀਂ ਹੀ ਮੌਤ ਦੇ ਬੰਧਨਾਂ ਤੋਂ ਖਲਾਸੀਪਾ ਸਕੇਂਗਾ।

ਇਸ ਸ਼ਬਦ ਦੇ ਅੰਤਰਗਤ ਰਹਾਉ(ਸਥਾਈ),ਅੰਕਾਂ(ਅੰਤਰਿਆਂ) ਦੀ ਕਾਰਜ ਪ੍ਰਕ੍ਰਿਆ ਇਸ ਪ੍ਰਕਾਰ ਹੈ:

ਰਹਾਉ।।੧।।————ਰਹਾਉ।।੧।।————ਰਹਾਉ।।੧।।

ਰਹਾਉ।।੧।।————ਅੰਤਰਾ।।੧।।————ਰਹਾਉ।।੧।।

ਰਹਾਉ।।੧।।————ਅੰਤਰਾ।।੨।।————ਰਹਾਉ।।੧।।

ਰਹਾਉ।।੧।।————ਅੰਤਰਾ।। ੩ ।।————ਰਹਾਉ।।੧।।

ਰਹਾਉ।।੧।।————ਅੰਤਰਾ।। ੪ ।।————ਰਹਾਉ।।੧।।

ਰਹਾਉ।।੧।।————ਅੰਤਰਾ।।੫।। ————ਰਹਾਉ।। ੧ ।।

ਰਹਾਉ।। ੧ ।।————ਅੰਤਰਾ।। ੬ ।।- ————ਰਹਾਉ।। ੧ ।।

ਸ਼ਬਦ ਵਿਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਕਰਵਾਉਣ ਹਿੱਤ ਰੌਸ਼ਨੀ ਪ੍ਰਦਾਨ ਕਰਦੀ ਹੈ।

ਰਹਾਉ: ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈਹੈ। ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਬਾਣੀ ਦੀ ਵਿਚਾਰ ਦੇ ਸੰਦਰਭ ਵਿਚ ਜਿੱਥੇ ਰਹਾਉ ਦੀ ਤੁਕ ਅਹਿਮ ਭੂਮਿਕਾ ਨਿਭਾਉਂਦੀ ਹੈ ਉਥੇ ਸੰਗੀਤਕ ਸੰਚਾਰ ਲਈ ਰਹਾਉਂ ਕੇਂਦਰੀ ਧੁਰਾ ਹੈ। ਮੱਧਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਪ੍ਰਬੰਧ ਅਤੇ ਧਰੁਪਦ ਗਾਇਨ ਸ਼ੈਲੀ ਦਾ ਇਕ ਧਾਤੂ 'ਧਰੁਵ' ਹੈ ਜਿਸ ਨੂੰ 'ਅਚਲ' ਜਾਂ 'ਚਿਰਸਥਾਈ' ਕਿਹਾ ਗਿਆ ਹੈ। ਧਰੁਵ ਦਾ ਹੀ ਦੂਸਰਾ ਰੂਪ ਰਹਾਉ ਹੈ ਜੋ ਵਿਚਾਰ, ਗਾਇਨ ਦੇ ਸੰਦਰਭ ਵਿਚ ਹਮੇਸ਼ਾਂ ਕਾਰਜਸ਼ੀਲ ਰਹਿੰਦਾ ਹੈ। ਰਹਾਉ ਨੂੰ ਟੇਕ ਸ਼ਬਦ ਨਾਲ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ। ਮੱਧਕਾਲੀਨ ਸੰਤ ਭਗਤ ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਲਈ ਰਹਾਉ ਲਈ ਧਰੁਵ[1] ਟੇਕ[2] ਸ਼ਬਦ ਦਾ ਪ੍ਰਯੋਗ ਕੀਤਾ ਹੈ । ਅਠਾਰਵੀਂ ਸਦੀ

1. ਸ਼੍ਰਿਤਕਮਲਾ ਕੁਚਮੰਡਲ ਧ੍ਰਿਤਕੁੰਡਲ
ਕਲਿਤਲਲਿਤਵਨਮਾਲ
ਜਯ ਜਯ ਦੇਵ ਹਰੇ ।। ਧਰੁਵ।।੧।।

2. ਚਰਖਾ ਅਜਬ ਰੰਗੀਲਾ ਵੇ
ਸੋਹੰਦ ਰਸਨਾ ਧੁਨ ਰਸ ਮੀਤ।।ਟੇਕ।।
(ਚੋਣਵੀਆਂ ਕਾਫੀਆਂ ਸੰਪਾ. ਸੁਰਿੰਦਰ ਸਿੰਘ ਕੋਹਲੀ ਪੰਨਾ 134)

ਦੇ ਕਵੀ ਦਾਦੂ, ਕਾਨ੍ਹੂ, ਸ਼ਾਹ ਹੁਸੈਨ,ਸ਼ਾਹ ਸ਼ਰਫ਼ ਦੀਆਂ ਰਚਨਾਵਾਂ ਵਿਚ ਵੀ ਰਹਾਉ ਸ਼ਬਦ ਮਿਲਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਆਮ ਤੌਰ 'ਤੇ ਸ਼ਬਦ ਦਾ ਪਹਿਲਾ ਬੰਦ ਰਹਾਉ ਦੀ ਤੁਕ ਦਾ ਹੈ ਪਰ ਗੁਰਬਾਣੀ ਵਿਚ ਜ਼ਿਆਦਾਤਰ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਰਹਾਉ ਦੀ ਤੁਕ ਆਉਂਦੀ ਹੈ। ਕਈ ਸ਼ਬਦ ਵਿਚ ਰਹਾਉ ਦੋ[1] ਰਹਾਉ ਤਿੰਨ[2] ਅਤੇ ਰਹਾਉ ਚਾਰ[3] ਵੀ ਦ੍ਰਿਸ਼ਟੀਗੋਚਰ ਹੁੰਦੇ ਹਨ,ਉਨ੍ਹਾਂ ਲਈ ਰਹਾਉ ੧, ਰਹਾਉ ੨ ਇਸ ਤਰ੍ਹਾਂ ਅੰਕ ਵਿਦਮਾਨ ਹਨ। ਗੁਰਮਤਿ ਸੰਗੀਤ ਪ੍ਰਬੰਧ ਅਨੁਸਾਰ ਸ਼ਬਦਦਾ ਗਾਇਨ ਰਹਾਉ ਦੀ ਤੁਕ ਨੂੰ ਸਥਾਈ ਮੰਨਕੇ ਹਰ ਅੰਤਰੇ ਤੋਂ ਬਾਅਦ ਬਾਰ-ਬਾਰ ਕਰਨ ਦੀ ਪਰੰਪਰਾ ਹੈ ਕਿਉਂਕਿ ਰਹਾਉ ਦੀਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੈ ਅਤੇ ਅੰਤਰਿਆਂ ਵਿਚ ਇਸ ਨੂੰ ਵਿਭਿੰਨ ਦਲੀਲਾਂ, ਪ੍ਰਮਾਣਾਂ ਸਹਿਤ ਦ੍ਰਿੜ੍ਹਾਇਆ ਹੈ। ਜਦੋਂ ਸਮਸਿਆ ਦਾ ਸਮਾਧਾਨ ਹੋ ਜਾਂਦਾ ਹੈ ਤਾਂ ਉਥੇ ਰਹਾਉ ਦੀ ਤੁਕ ਬਦਲ ਜਾਂਦੀ ਹੈ। ਇਸ ਲਈ ਰਹਾਉ ਦੂਜੇ ਦੀ ਤੁਕ ਨੂੰ ਸਥਾਈ ਤੌਰ'ਤੇ ਗਾਇਨ ਕਰਨਾ ਹੈ। ਬਾਣੀ ਪ੍ਰਬੰਧ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ਼ਬਦ ਇਸ ਪ੍ਰਕਾਰ ਹੈ:

ੴ ਸਤਿਗੁਰ ਪ੍ਰਸਾਦਿ ॥  
ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ॥  
ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥  
ਕਿਉ ਪਾਈਐ ਹਰਿ ਰਾਮ ਸਹਾਈ॥੧॥ਰਹਾਉ॥  
ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ॥  
ਊਚੇ ਮੰਦਰ ਸੁੰਦਰ ਛਾਇਆ॥

---

1- ਮਹਲਾ ੧ ਆਦਿ ਗ੍ਰੰਥ, ਪੰਨਾ 25-26  
2- ਮਹਲਾ ੧ ਆਦਿ ਗ੍ਰੰਥ, ਪੰਨਾ 154  
3- ਮਹਲਾ ੫, ਉਹੀ, ਪੰਨਾ 96-97

ਝੂਠੇ ਲਾਲਚਿ ਜਨਮੁ ਗਵਾਇਆ।।੧।।

ਹਸਤੀ ਘੋੜੇ ਦੇਖਿ ਵਿਗਾਸਾ ।।

ਲਸਕਰ ਜੋੜੇ ਨੇਬ ਖਵਾਸਾ।।

ਗਲਿ ਜੇਵੜੀ ਹਉਮੈ ਕੇ ਫਾਸਾ ।। ੨ ।।

ਰਾਜੁ ਕਮਾਵੈ ਦਹ **ਦਿਸ** ਸਾਰੀ ।।

ਮਾਣੈ ਰੰਗ ਭੋਗ ਬਹੁ ਨਾਰੀ ।।

ਜਿਉ ਨਰਪਤਿ ਸੁਪਨੈ ਭੇਖਾਰੀ।।੩ ।।

ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ।।

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ।।

ਜਨ ਨਾਨਕ ਹਉਮੈ ਮਾਰਿ ਸਮਾਇਆ ।।੪ ।।

ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ।।

ਇਉ ਪਾਈਐ ਹਰਿ ਰਾਮ ਸਹਾਈ ।। ਰਹਾਉ ਦੂਜਾ।।[1]

ਉਪਰੋਕਤ ਸ਼ਬਦ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਗਉੜੀ ਗੁਆਰੇਰੀ ਵਿਚ ਉਚਾਰਿਆ ਹੈ। ਗਉੜੀ ਗੁਆਰੇਰੀ ਦੀ ਪ੍ਰਕ੍ਰਿਤੀ ਗੰਭੀਰ ਹੋਣ ਕਰਕੇ ਇਹ ਅਤਿ ਗੰਭੀਰ ਕਿਸਮ ਦੇ ਵਿਚਾਰਾਂ ਵਾਲੇ ਸ਼ਬਦਾਂ ਲਈ ਵਧੇਰੇ ਢੁੱਕਵਾਂ ਹੈ। ਗਉੜੀ ਗੁਆਰੇਰੀ ਰਾਗ ਅਧੀਨ ਇਸ ਸ਼ਬਦ ਦਾ ਸਾਧਾਰਣ ਪਾਠ ਕਰੀਏ ਤਾਂ ਇਸ ਤੱਥ ਦਾ **ਬੋਧ** ਹੁੰਦਾ ਹੈ ਕਿ:

ਕਿਨ **ਬਿ**ਧਿ ਕੁਸਲੁ ਹੋਤ ਮੇਰੇ ਭਾਈ।।

ਕਿਉ ਪਾਈਐ ਹਰਿ ਰਾਮ ਸਹਾਈ ।।੧।। ਰਹਾਉ ।।

---

1- ਆਦਿ ਗ੍ਰੰਥ, ਪੰਨਾ 175-76

ਸ਼ਬਦ ਵਿਚ ਇਹ ਪਹਿਲੀ ਰਹਾਉ ਦੀ ਤੁਕ ਹੈ ਜਿਸ ਵਿਚ ਗੁਰੂ ਸਾਹਿਬ ਸਾਡੇ ਸਾਹਮਣੇ ਇਹ ਸਮੱਸਿਆ ਰੱਖ ਰਹੇ ਹਨ ਕਿ ਮਨੁੱਖ ਦੇ ਅੰਤਰ ਆਤਮਿਕ ਆਨੰਦ ਕਿਨ੍ਹਾਂ ਤਰੀਕਿਆਂ ਨਾਲ ਪੈਦਾ ਹੋ ਸਕਦਾ ਹੈ? ਉਹ ਹਰੀ ਪ੍ਰਮਾਤਮਾ ਕਿਸ ਤਰ੍ਹਾਂ ਮਿਲ ਸਕਦਾ ਹੈ?

ਇਸ ਰਹਾਉ ਵਾਲੀ ਤੁਕ ਵਿਚ ਦਰਜ ਸਮੱਸਿਆ ਨੂੰ ਸੁਲਝਾਉਣ ਲਈ ਅੰਤਰਿਆਂ ਦੀਆਂ ਤੁਕਾਂ ਵਿਚ ਦਲੀਲਾਂ ਹੁੰਦੀਆਂ ਹਨ।

ਅੰਤਰੇ ਦੀ ਪਹਿਲੀ ਤੁਕ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਮਾਇਆ ਦੀ ਮਮਤਾ ਦੇ ਕਾਰਨ ਘਰ ਵਿਚ ਸੁੱਖ ਨਹੀਂ ਹੈ। ਵੱਡੇ ਵੱਡੇ ਸੁੰਦਰ ਮਹਿਲ ਹੋਣ ਤਾਂ ਵੀ ਆਤਮਿਕ ਆਨੰਦ ਮਿਲਣ ਦੀ ਬਜਾਏ ਝੂਠੇ ਲਾਲਚ ਵਿਚ ਮਨੁੱਖਾ ਕੀਮਤੀ ਜਨਮ ਅਜਾਈਂ ਚਲਾ ਜਾਂਦਾ ਹੈ ॥੧॥

ਦੂਸਰੀ ਉਦਾਹਰਣ ਵਿਚ ਕਹਿੰਦੇ ਹਨ ਇਕ ਮਨੁੱਖ ਹਾਥੀ, ਘੋੜੇ ਦੇਖ ਕੇ ਖੁਸ਼ ਹੁੰਦਾ ਹੈ। ਲਸ਼ਕਰ, ਨਾਇਬ, ਮੰਤਰੀ, ਸ਼ਾਹੀ ਨੌਕਰ ਵੀ ਹੋਣ ਤਾਂ ਇਹ ਵੀ ਹਉਮੈ ਦਾ ਫੰਧਾ ਬਣ ਕੇ ਹੀ ਗਲ ਵਿਚ ਪੈਂਦੀ ਹੈ॥੨॥

ਦਸਾਂ ਦਿਸ਼ਾਂ ਭਾਵ ਸਾਰੀ ਸ੍ਰਿਸ਼ਟੀ ਉਤੇਰਾਜ ਕਰੀਏ ਇਹ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਰਾਜਾ ਸੁਪਨੇ ਵਿਚ ਮੰਗਤਾ ਬਣ ਜਾਵੇ ਭਾਵ ਇਹ ਸਭ ਜਲਦੀ ਖਤਮ ਹੋ ਜਾਣਾ ਹੈ ਅਤੇ ਫਿਰ ਅੰਤ ਸਮੇਂ ਮਨੁੱਖ ਇਉਂ ਦੁੱਖ 'ਪ੍ਰਗਟਾਉਂਦਾ ਹੈ ਜਿਵੇਂ ਰਾਜਾ ਆਪਣੇ ਆਪ ਨੂੰ ਸੁਪਨੇ ਵਿਚ ਭਿਖਾਰੀ ਦੇਖ ਕੇ ਕਰਦਾ ਹੈ॥੩॥

PANJAB UNIVERSITY LIBRARY

ਸ਼ਬਦ ਦੀ ਅਖੀਰਲੇ ਅੰਤਰੇ ਦੀ ਤੁਕ ਵਿਚ ਗੁਰੂ ਸਾਹਿਬ ਉਪਜਿਤ ਸਮੱਸਿਆ ਦਾ ਹੱਲ ਦੱਸਦੇ ਹਨ ਕਿ ਹਉਮੈ ਦਾ ਤਿਆਗ ਕਰਕੇ ਉਸ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ

541069

ਪ੍ਰਭੂ ਦੇ ਗੁਣ ਗਾਇਨ ਕਰਨ ਨਾਲ ਹੀ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਹਰੀ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।। ੪ ।।

ਇਸ ਸ਼ਬਦ ਦੇ ਅੰਤਰਗਤ ਰਹਾਉ(ਸਥਾਈ) ਅੰਕੁ(ਅੰਤਰੇ) ਦੀ ਕਾਰਜ ਪ੍ਰਕ੍ਰਿਆ ਇਸ ਪ੍ਰਕਾਰ ਹੈ:

ਰਹਾਉ।।੧।। ⟶ ਰਹਾਉ।।੧।। ⟶ ਰਹਾਉ।।੧।।

ਰਹਾਉ।।੧।। ⟶ ਅੰਕੁ ।।੧।। ⟶ ਰਹਾਉ।।੧।।

ਰਹਾਉ।।੧।। ⟶ ਅੰਕੁ।।੨।। ⟶ ਰਹਾਉ।।੧।।

ਰਹਾਉ।।੧।। ⟶ ਅੰਕੁ।। ੩ ।। ⟶ ਰਹਾਉ।।੧।।

ਰਹਾਉ।।੧।। ⟶ ਅੰਕੁ ।।੪।। ⟶ ਰਹਾਉ।। ੨ ।।

ਰਹਾਉ।।੨।। ⟶ ਰਹਾਉ।।੨।। ⟶ ਰਹਾਉ।। ੨ ।।

ਸ਼ਬਦ ਨੂੰ ਨਿਰਧਾਰਤ ਬਾਣੀ ਪ੍ਰਬੰਧ ਅਨੁਸਾਰ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਜਿੱਥੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਸਹਾਈ ਹੁੰਦੀ ਹੈ ਉੱਥੇ ਭਾਵਾਂ ਵਿੱਚ ਦ੍ਰਿੜ੍ਹਤਾ ਪ੍ਰਦਾਨ ਕਰਨ ਵਿਚ ਤੀਬਰਤਾ ਦਾ ਵਾਧਾ ਕਰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਗਾਉਣ ਵਾਲੇ ਦੀ ਮਰਜ਼ੀ ਹੈ ਕਿ ਰਹਾਉ ਦੀਆਂ ਤੁਕਾਂ ਵਿਚ ਜਿਸ ਮਰਜ਼ੀ ਤੁਕ ਨੂੰ ਸਥਾਈ ਮੰਨੇ"[1] ਪਰ ਬਾਣੀ ਦੇ ਅਰਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੇਖਿਆ ਜਾਵੇ ਤਾਂ ਇਹ ਵਿਚਾਰ ਠੀਕ ਨਹੀਂ ਬੈਠਦਾ ਕਿਉਂਕਿ ਜਿੱਥੇ ਰਹਾਉ ਦੀ ਤੁਕ ਬਦਲ ਜਾਂਦੀ ਹੈ ਉੱਥੇ ਸਮੱਸਿਆ ਵੀ ਬਦਲ ਜਾਂਦੀ ਹੈ। ਸੋ ਸ਼ਬਦ ਦੇ ਪ੍ਰਯੋਗ ਦੀ ਸਿੱਧੀ ਲਈ ਨਿਸ਼ਚਿਤ ਸੰਕੇਤਾਂ ਅਨੁਸਾਰ ਬਾਣੀ ਦਾ ਗਾਇਨ ਲਾਜ਼ਮੀ ਹੈ।

---

1- <u>ਮਹਾਨ ਕੋਸ਼</u>, ਪੰਨਾ 1014

ਘਰੁ: ਗੁਰਬਾਣੀ ਵਿਚ ਰਾਗ ਤੋਂ ਬਾਅਦ ਅਗਲਾ ਸੰਗੀਤਕ ਸੰਕੇਤ ਘਰੁ ੧,ਘਰੁ ੨ ਆਦਿ ਇਸ ਤਰ੍ਹਾਂ ਸਿਰਲੇਖ ਰੂਪ ਵਿਚ ਅੰਕਿਤ ਹਨ। ਘਰੁ ਦੀ ਕੁਲ ਗਿਣਤੀ 17 ਹੈ। ਘਰੁ ਦੇ ਸੰਬੰਧ ਵਿਚ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਭਾਈ ਵੀਰ ਸਿੰਘ ਜੀ ਅਨੁਸਾਰ,"ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ ਘਰ ਤੋਂ ਬਣਦਾ ਹੈ, ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ। ਘਰੁ ੧ ਤੋਂ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ।"[1] ਭਾਈ ਕਾਨ੍ਹ ਸਿੰਘ ਨਾਭਾ ਘਰੁ ਸੰਬੰਧੀ ਲਿਖਦੇ ਹਨ,"ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ[2] ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਘਰੁ ਪਦ ਦੇ ਅੱਗੇ ਜੋ ਅੰਕ ਹੋਵੇ ਉਸ ਅਨੁਸਾਰ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਹੈ ਕਿਉਂਕਿ ਸੁਰ,ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗੱਲਾਂ ਰਾਗ ਦਾ ਸਰੂਪ ਪ੍ਰਕਾਸ਼ਦੀਆਂ ਹਨ,ਇਸ ਲਈ ਜਿੰਨੇ-ਜਿੰਨੇ ਤਾਲ ਵਿਚ ਜੋ-ਜੋ ਰਾਗ ਦਾ ਸ਼ਬਦ ਵਾ ਬਾਣੀ ਉਚਰੀ ਸੋ-ਸੋ ਗਾਉਣ ਲਈ ਤਾਲ ਦਾ ਪਤਾ ਲਿੱਖਿਆ ਹੈ।[3] ਕੁਝ ਵਿਦਵਾਨਾਂ ਦਾ ਇਹ ਵੀਮੱਤ ਹੈ ਕਿ ਇਰਾਨੀ ਤਾਲ ਪੱਧਤੀ ਵਿਚ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਸਿਹ ਗਾਹ, ਚਾਰ ਗਾਹ ਆਦਿ ਆਖਿਆ ਜਾਂਦਾ ਹੈ।[4] ਸੋ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਗਾਹ ਜਿਸਦਾ ਅਰਥ ਘਰ ਹੈ, ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਫ਼ਾਰਸੀ ਬਹਿਰ ਦੀ ਬੁਨਿਆਦ'ਤੇ ਇਹ ਮੱਤ

---

1- ਗੁਰੂ ਗ੍ਰੰਥ ਕੋਸ਼, ਪੰਨਾ302

2- ਮਹਾਨ ਕੋਸ਼, ਪੰਨਾ 441

3- ਭਾਈ ਵੀਰ ਸਿੰਘ, ਸੰਥਯਾ: ਸ੍ਰੀਗੁਰੂ ਗ੍ਰੰਥ ਸਾਹਿਬ(ਪੋਥੀ ਪਹਿਲੀ) ਪੰਨਾ 182.

4- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ(ਪੋਥੀ ਪਹਿਲੀ)ਪੰਨਾ 74.

ਵੀ ਪ੍ਰਚਾਰ ਵਿਚ ਹੈ ਕਿ ਅਮੀਰ ਖੁਸਰੋ ਨੇ 17 ਤਾਲ ਈਜਾਦ ਕੀਤੇ ਜਿਨ੍ਹਾਂ ਦੇ ਨਾਮ ਪਸ਼ਤੋ, ਜ਼ੋਬਹਾਰ, ਕੱਵਾਲੀ, ਸੂਲਫ਼ਾਖਤਾ, ਜਤ, ਜਲਦ ਤਿਤਾਲਾ, ਸਵਾਰੀ, ਆੜਾ ਚੌਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖ਼ਮਸ, ਫ਼ਰੋਦਸਤ, ਕੈਦ, ਪਹਲਵਾਨ , ਪਟ ਅਤੇ ਚਪਕ ਹਨ।[1] ਇਹ 17 ਤਾਲ ਮੱਧ ਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਸਨ। ਸੰਭਵ ਹੈ ਕਿ ਗੁਰੂ ਸਾਹਿਬਾਨ ਦੇ ਵਰਤੇ 17 ਘਰੁ ਇਹ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਇਹ 17 ਘਰੁ ਹੀ ਹੋਣ। ਕੁਝ ਵੀ ਹੋਵੇ ਬਹੁਤ ਵਿਦਵਾਨ ਘਰੁ ਨੂੰ ਤਾਲ ਵਜੋਂ ਹੀ ਸਵੀਕਾਰਦੇ ਹਨ। ਸਮੇਂ ਦੇ ਅੰਤਰਾਲ ਸਦਕਾ ਵਿਵਹਾਰਕ ਤੌਰ'ਤੇ ਘਰੁ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ।

ਜਤਿ: ਜਤਿ ਜੋ ਭਾਰਤੀ ਸੰਗੀਤ ਵਿਚ ਯਤਿ ਦੇ ਨਾਮ ਤੋਂ ਵੀ ਪ੍ਰਚੱਲਿਤ ਹੈ। ਯਤਿ ਤੋਂ ਭਾਵ ਹੈ ਨਿਰੰਤਰ ਚਾਲ ਵਿਚ ਠਹਿਰਾਵ ਦੀਆਂ ਅਵਸਥਾਵਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਤਿ ਦਾ ਰਾਗ ਬਿਲਾਵਲ ਅਧੀਨ ਇਕ ਸਿਰਲੇਖ ਅੰਕਿਤ ਹੈ - "ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ"।[2] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਸੰਗੀਤ ਦੀ ਧਾਰਣਾ ਦਾ ਨਾਉਂ ਜਤਿ(ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿੱਥੇ ਵਿਸ਼੍ਰਾਮ ਹੋਵੇ ਉਸ ਨੂੰ ਵੀ ਜਤਿ ਦੀ ਸੰਗਯਾ ਹੈ।"[3] ਡਾ. ਚਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਲਿਖਿਆ ਹੈ, "ਜਤਿ, ਗਤਿ, ਸਪਥ, ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ ਵੇਲੇ ਸੱਜਾ ਹੱਥ ਸਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਜਦੋਂ ਦੋਹਾਂ ਹੱਥਾਂ

---

1- ਨਿਬੰਧ ਸੰਗੀਤ, ਪੰਨਾ 557-58

2- ਆਦਿ ਗ੍ਰੰਥ, ਪੰਨਾ 838

3- ਮਹਾਨ ਕੋਸ਼, ਪੰਨਾ 502

ਦੀਆਂ ਉਂਗਲੀਆਂ ਹਰਫ਼ ਕੱਢਣ ਅਤੇ ਖੱਬਾ ਹੱਥ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ। ਜਦ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹੀ ਨਿਕਲੇ( ਜਿਸ ਨੂੰ ਕੜ ਕੁਟ ਆਖਦੇ ਹਨ) ਤਾਂ ਉਸਦੀ ਸੰਗਯਾ ਸਾਥ ਹੁੰਦੀ ਹੈ।"[1] ਜਤਿ ਦਾ ਸੰਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਹੈ।[2] ਉਪਰੋਕਤ ਵਿਚਾਰਾਂ ਤੋਂ ਪਤਾ ਲੱਗਦਾ ਹੈ ਕਿ ਮੱਧਕਾਲ ਵਿਚ ਜੋੜੀ ਦੇ ਬੰਦ ਬੋਲਾਂ ਦਾ ਪ੍ਰਚਲਨ ਹੋ ਚੁੱਕਾ ਸੀ ਪਰੰਤੂ ਇਨ੍ਹਾਂ ਹਵਾਲਿਆਂ ਤੋਂ ਕੋਈ ਵੀ ਸਪੱਸ਼ਟ ਪ੍ਰਮਾਣ ਨਹੀਂ ਮਿਲਦਾ। ਵਰਤਮਾਨ ਸੰਗੀਤਾ--ਚਾਰੀਆ ਜਤਿ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ ਕਿ 'ਜਦੋਂ ਜੋੜੀ ਉਤੇ ਸੱਜਾ ਹੱਥ ਖੁੱਲ੍ਹਾ ਬੋਲ ਵਜਾਏ ਅਤੇ ਖੱਬਾ ਹੱਥ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ" ਸੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ, ਥਿਤੀਂ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿਚ ਰਖਦੇ ਹੋਏ ਦਸਵੇਂ ਘਰ ਦੀ ਲੈਅ ਵਿਚ ਇਸ ਸ਼ਬਦ ਦਾ ਗਾਇਨ ਕਰਨਾ ਹੈ।

ਗਾਇਨ ਸ਼ੈਲੀਆਂ: ਗੁਰਬਾਣੀ ਸੰਗੀਤ ਪ੍ਰਬੰਧ ਅੰਤਰਗਤ ਗੁਰੂ ਸਾਹਿਬਾਨ ਨੇ ਜਿੱਥੇ ਧਰੁਪਦ, ਪ੍ਰਬੰਧ ਅਤੇ ਪੜਤਾਲ ਜੈਸੀ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਉਥੇ ਅਲਾਹੁਣੀਆਂ, ਘੋੜੀਆਂ, ਵਾਰ, ਸੋਲਹੇ, ਛੰਤੁ, ਮੁੰਦਾਵਣੀ ਆਦਿ ਦੇਸ਼ੀ ਜਾਂ ਲੋਕ ਰੂਪਾਂ ਨੂੰ ਵੀ ਪ੍ਰਯੋਗ ਵਿਚ ਲਿਆਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਬਾਣੀ ਲਈ ਪ੍ਰਯੁਕਤ ਗਾਇਨ ਸ਼ੈਲੀਆਂ ਨੂੰ ਸੰਗੀਤ ਵਿਧਾਨ ਦੇ ਅਨੁਸ਼ਾਸਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖਕੇ ਪ੍ਰਯੋਗ ਵਿਚ ਲਿਆਇਆ ਗਿਆ ਹੈ। ਭਾਵੇਂ ਮਾਰਗੀ ਜਾਂ ਸ਼ਾਸਤਰੀ ਸ਼ੈਲੀਆਂ ਦੀ ਕੱਟੜਤਾ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਸਹਿਜ ਅਤੇ

1- ਮਹਾਨ ਕੋਸ਼, ਪੰਨਾ 502

2- ਸਾਹਿਬ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਪੋਥੀ ਛੇਵੀਂ)ਪੰਨਾ229

ਦੇਸੀ ਜਾਂ ਲੋਕ ਸ਼ੈਲੀਆਂ ਦੀ ਆਪਮੁਹਾਰੀ ਖੁੱਲ੍ਹ ਨੂੰ ਗੁਰਮਤਿ ਸੰਗੀਤ ਪ੍ਰਬੰਧ ਅਧੀਨ ਅਨੁਸ਼ਾਸਨ ਪ੍ਰਦਾਨ ਹੈ। ਗੁਰਬਾਣੀ ਵਿਚ ਮਾਰਗੀ ਸ਼ੈਲੀਆਂ ਦਾ ਰਾਗਾਤਮਕ ਨਿਰਧਾਰਣ ਵਿਵਹਾਰਕ ਰੂਪ ਵਿਚ ਗੁਰਮਤਿ ਸੰਗੀਤ ਪ੍ਰਬੰਧ ਦੀ ਵਿਲੱਖਣਤਾ ਦੀ ਪਹਿਚਾਣ ਹੈ।

ਗੁਰਮਤਿ ਸੰਗੀਤ ਪ੍ਰਬੰਧ ਦੇ ਸੰਗੀਤਕ ਸੰਕੇਤਾਂ ਤੋਂ ਇਲਾਵਾ ਸ਼ਬਦ ਦੀ ਪ੍ਰਸਤੁਤੀ ਸੰਗੀਤ ਦੀ ਕਿਸੇ ਸਾਧਾਰਣ ਪ੍ਰਸਤੁਤੀ ਤੋਂ ਭਿੰਨ ਹੈ। ਸਾਧਾਰਣ ਕਲਾਕਾਰ ਆਪਣੇ ਅੰਦਰ ਮਿਹਨਤ ਨਾਲ ਕਮਾਈ ਹੋਈ ਕਲਾ ਦੀ ਬਾਹਰਮੁਖੀ ਪ੍ਰਸਤੁਤੀ ਕਰਦਾ ਹੈ ਪਰ ਗੁਰਬਾਣੀ ਦੀ ਸ਼ਬਦ ਗਾਇਨ ਪ੍ਰਸਤੁਤੀ ਅਧੀਨ ਪ੍ਰਸਤੁਤਕਾਰ ਉਸ ਪਰਮਸਤਿ ਦਾ ਅਨੁਭਵ ਤੇ ਬੋਧ ਕਰਦਾ ਹੋਇਆ ਸਹਿਜ ਅਨੰਦ ਦੀ ਪ੍ਰਾਪਤੀ ਕਰਦਾ ਹੈ। ਸਹਿਜ ਅਨੰਦ ਦੀ ਅਵਸਥਾ ਪ੍ਰਾਪਤ ਕਰਨ ਲਈ ਗਾਇਕ ਲਈ ਗੁਰੂ ਸਾਹਿਬਾਨ ਜਿੱਥੇ ਵਿਸ਼ਿਸ਼ਟ ਸੰਗੀਤ ਪ੍ਰਬੰਧ ਦੀ ਸਿਰਜਣਾ ਕਰਦੇ ਹਨ ਉਥੇ ਪ੍ਰਸਤੁਤੀ ਦੀ ਵਿਧੀ ਤੇ ਲੱਛਣਾਂ ਦਾ ਵੀ ਵਰਣਨ ਕਰਦੇ ਹਨ ਜੋ ਗੁਰਬਾਣੀ ਦੇ ਕੁਝ ਕੁ ਫੁਰਮਾਨਾਂ ਤੋਂ ਸਪੱਸ਼ਟ ਹੈ:

- ਇਕਿ ਗਾਵਤ ਰਹੈ ਮਨਿ ਸਾਦੁ ਨ ਪਾਇ।।
  ਹਉਮੈ ਵਿਚਿ ਗਾਵਹਿ ਬਿਰਥਾ ਜਾਇ।।[1]

  ਆਪਿ ਗਵਾਏ ਸੁ ਹਰਿਗੁਨ ਗਾਉ।।[2]

  ਗੁਰਮਤਿ ਬਾਜੈ ਸਬਦੁ ਅਨਹਦੁ
  ਗੁਰਮਤਿ ਮਨੂਆ ਗਾਵੈ ।।[3]

  ਸਹਜੇ ਗਾਵਿਆ ਥਾਇ ਪਵੈ
  ਬਿਨੁ ਸਹਜੈ ਕਥਨੀ ਬਾਦਿ ।।[4]

ਉਪਰੋਕਤ ਫੁਰਮਾਨਾਂ ਤੋਂ ਸਪੱਸ਼ਟ ਹੈ ਕਿ ਸ਼ਬਦ ਦੀ ਪ੍ਰਸਤੁਤੀ ਲਈ ਹਉਮੈ

1- ਗਉੜੀ ਗੁਆਰੇਰੀ ਮਹਲਾ ੩, ਆਦਿ ਗ੍ਰੰਥ, ਪੰਨਾ 158
2- ਗਉੜੀ ਸੁਖਮਨੀ ਮ:੫, ਅਸ਼ਟਪਦੀ ੬ ਉਹੀ -, ਪੰਨਾ 270
3- ਗਉੜੀ ਪੂਰਬੀ ਮਹਲਾ ੪, ਉਹੀ , ਪੰਨਾ 172
4- ਸਿਰੀ ਰਾਗ ਮ: ੩ , ਉਹੀ, ਪੰਨਾ 68

ਦਾ ਤਿਆਗ ,ਆਪਾ ਸਮਰਪਣ, ਗੁਰਮਤਿ ਦੇ ਅਨੁਸਾਰੀ ਹੋਣ, ਸਹਿਜ ਵਿਚ ਰਹਿਣ ਵਰਗੇ ਨਿਯਮਾਂ ਨੂੰ ਪੂਰਨ ਰੂਪ ਵਿਚ ਧਾਰਣ ਕਰਨਾ ਹੈ ਕਿਉਂ ਜੋ ਬਾਣੀ ਦਾ ਆਦੇਸ਼ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਗਾਇਨ ਪ੍ਰਸਤੁਤੀ ਵਿਚ ਕਲਾ ਦੇ ਆਡੰਬਰ, ਆਕਰਸ਼ਣ ਅਤੇ ਪ੍ਰਲੋਭਨ ਦਾ ਤਿਆਗ ਬੁਨਿਆਦੀ ਤੌਰ'ਤੇ ਮਹੱਤਵਪੂਰਨ ਹੈ। ਗੁਰਮਤਿ ਸੰਗੀਤ ਦੀ ਕਿਸੇ ਵੀ ਸ਼ਬਦ ਕੀਰਤਨ ਪ੍ਰਸਤੁਤੀ ਵਿਚ ਜਦੋਂ-ਜਦੋਂ ਸ਼ਬਦ ਦੀ ਬਜਾਏ ਰਾਗ/ ਗਾਇਨ ਦਾ ਕਲਾਤਮਕ ਪੱਖ ਪ੍ਰਧਾਨ ਭਾਵੀ ਹੋਵੇਗਾ ਤਦੋਂ ਹੀ ਗੁਰਮਤਿ ਸੰਗੀਤ ਦੀ ਇਹ ਪ੍ਰਸਤੁਤੀ ਆਪਣੇ ਲਕਸ਼ ਨਾਲੋਂ ਵਿੱਛੜ ਜਾਵੇਗੀ।

ਉਕਤ ਵਰਣਿਤ ਵਿਲੱਖਣਤਾਵਾਂ ਨੂੰ ਪ੍ਰਬੰਧ ਰੂਪ ਵਿਚ ਸਵੀਕਾਰਦਿਆਂ ਗੁਰੂ ਸਾਹਿਬਾਨ ਨੇ ਵੱਖ-ਵੱਖ ਕੀਰਤਨ ਚੌਕੀਆਂ[1], ਕੀਰਤਨ ਕੇਂਦਰ,[2] ਵੱਖ-ਵੱਖ ਸਾਜ਼[3] ਅਤੇ ਪ੍ਰਮੁੱਖ ਕੀਰਤਨੀਆਂ[4] ਦੇ ਗਾਇਨ ਦੁਆਰਾ ਮੌਲਿਕ ਅਤੇ ਵਿਲੱਖਣ ਦ੍ਰਿਸ਼ਟੀ ਤੋਂ ਪ੍ਰਯੋਗ ਕੀਤਾ ਅਤੇ ਇਸ ਪਰੰਪਰਾ ਨੂੰ ਵਿਵਹਾਰਕ ਰੂਪ ਵਿਚ ਸਦੀਵੀ ਵਿਲੱਖਣਤਾ ਪ੍ਰਦਾਨ ਕੀਤੀ। ਇਹੀ ਗੁਰਮਤਿ ਸੰਗੀਤ ਪ੍ਰਬੰਧ ਜਦੋਂ ਇਨ੍ਹਾਂ ਪ੍ਰਸਤੁਤੀ ਸਹਾਇਕਾਂ ਦੀ ਕ੍ਰਿਆਤਮਕਤਾ ਦੁਆਰਾ ਸਜੀਵ/ਵਿਵਹਾਰਕ ਰੂਪ ਪ੍ਰਦਾਨ ਕਰਦਾ ਹੈ ਤਾਂ ਇਸਨੂੰ ਸਹਿਜੇ ਹੀ ਪੂਰਵਕਾਲੀਨ ਅਤੇ ਸਮਕਾਲੀਨ ਪਰੰਪਰਾਵਾਂ ਨਾਲੋਂ ਨਿਖੇੜਿਆ ਜਾ ਸਕਦਾ ਹੈ।

---

1. ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰੁ ਦੀ ਚੌਕੀ, ਕਲਿਆਣ ਦੀ ਚੌਕੀ।
2. ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਅਨੰਦਪੁਰ ਸਾਹਿਬ
3- ਰਬਾਬ, ਸਾਰੰਦਾ, ਸਾਰੰਗੀ, ਤਾਊਸ਼, ਡੱਡ ਆਦਿ
4- ਭਾਈ ਮਰਦਾਨਾ, ਭਾਈ ਸੱਤਾ ,ਭਾਈ ਬਲਵੰਡ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਸਜਾਦਾ ਆਦਿ।

ਇਹ ਵਿਸ਼ਿਸ਼ਟ ਸੰਗੀਤ ਪ੍ਰਬੰਧ ਬਾਣੀ ਦੇ ਪ੍ਰਭਾਵ ਨੂੰ ਉਜਾਗਰ ਕਰਨ ਹਿੱਤ ਜਾਂ ਬਾਣੀ ਨੂੰ ਪ੍ਰਕਾਸ਼ਮਾਨ ਕਰਨਵਿਚ ਸਹਾਈ ਹੁੰਦਾ ਹੈ। ਇਸ ਵਿਸ਼ਿਸ਼ਟ ਸੰਗੀਤ ਪ੍ਰਬੰਧ ਸੰਬੰਧੀ ਵਿਗਿਆਨਕ ਪਹੁੰਚ, ਗੁਰਮਤਿ ਸੰਗੀਤ ਦੇ ਸੰਸਥਾਗਤ ਪ੍ਰਚਲਨ ਅਤੇ ਬਾਣੀ ਦੀ ਸੰਪਾਦਨਾ ਦੇ ਅੰਤਰਗਤ ਵਿਭਿੰਨ ਸੰਗੀਤਕ ਸੰਕੇਤ, ਫੁਰਮਾਨ ਵਿਸ਼ਿਸ਼ਟ ਸੰਗੀਤ ਪ੍ਰਬੰਧ ਨੂੰ ਮੂਰਤੀਮਾਨ ਕਰਨਵਿਚ ਸਹਾਈ ਹੈ ਉਥੇ ਇਸਦੀ ਪਹਿਚਾਣ ਯੋਗ ਸਥਾਪਤੀ ਅਤੇ ਸਮਕਾਲੀਨ ਪੂਰਵਕਾਲੀਨ ਪਰੰਪਰਾਵਾਂ ਨਾਲੋਂ ਵਿਲੱਖਣਤਾ ਦਾ ਪ੍ਰਤੱਖ ਪ੍ਰਮਾਣ ਹੈ।

ਗੁਰਮਤਿ ਸੰਗੀਤ ਦੀ ਉਤਪਤੀਤੇ ਵਿਕਾਸ ਸੰਬੰਧੀ ਉਕਤ ਚਰਚਾ ਤੋਂ ਇਸ ਪਰੰਪਰਾ ਦੇ ਸਥਾਪਿਤ ਵਿਸ਼ਿਸ਼ਟ ਸਰੂਪ ਦਾ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਹਾਲਾਂ ਕਿ ਇਹ ਵਰਣਨ ਅਤੇ ਵਿਸ਼ਲੇਸ਼ਣ ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨੂੰ ਮੁੱਖ ਰੱਖਦਿਆਂ ਵਧੇਰੇ ਵਿਸਥਾਰ ਸਹਿਤ ਨਹੀਂ ਕੀਤਾ। ਗੁਰਮਤਿ ਸੰਗੀਤ ਦੀਆਂ ਪੂਰਵਕਾਲੀਨ ਸਮਕਾਲੀਨ ਧਾਰਮਿਕ ਅਤੇ ਸੰਗੀਤ ਪਰੰਪਰਾਵਾਂ ਦੇ ਸੰਦਰਭ ਵਿਚ ਇਸ ਪਰੰਪਰਾ ਦਾ ਪਹਿਚਾਣਯੋਗ ਮੁਹਾਂਦਰਾ ਸਪਸ਼ਟ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਕਤ ਵਰਣਿਤ ਸਮੂਹ ਪਰੰਪਰਾਵਾਂ ਦੇ ਅਧਿਐਨ ਅਤੇ ਚਿੰਤਨ ਉਪਰੰਤ ਸਿੱਖ ਧਰਮ ਦੀ ਸਥਾਪਨਾ ਦੇ ਨਾਲ - ਨਾਲ ਗੁਰਮਤਿ ਸੰਗੀਤ ਦੀ ਸਿਰਜਣਾ ਵੀ ਕੀਤੀ ਜੋ ਵੱਖ-ਵੱਖ ਗੁਰੂ ਸਾਹਿਬਾਨਾਂ ਦੇ ਯਤਨਾਂ, ਕਿਰਿਆਤਮਕ ਪ੍ਰਯੋਗ ਦੇ ਸਿਧਾਂਤਕ ਵਿਸ਼ਿਸ਼ਟਤਾ ਦੇ ਆਧਾਰ ਉਤੇ ਮੂਰਤੀਮਾਨ ਹੋਈ ਹੈ। ਗੁਰਮਤਿ ਸੰਗੀਤ ਦਾ ਮੱਧਕਾਲੀਨ ਭਾਰਤੀ ਸੰਗੀਤ ਵਿਚ ਨਿਵੇਕਲਾ ਸਥਾਨ ਹੈ। ਭਾਰਤੀ ਸੰਗੀਤ ਦੇ ਇਤਿਹਾਸ ਦੇ ਪ੍ਰਸੰਗ ਵਿਚ ਵਾਚੀਏ ਤਾਂ ਬਾਬਰ ਤੋਂ ਔਰੰਗਜ਼ੇਬ ਤਕ ਦੇ ਸਮੇਂ ਵਿਚੋਂ ਅਕਬਰ ਕਾਲ ਨੂੰ ਭਾਰਤੀ ਸ਼ਾਸਤਰੀ ਸੰਗੀਤ ਦਾ ਸੁਨਹਿਰਾ ਯੁਗ ਸਵੀਕਾਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਬਰ ਦੇ

ਸਮਕਾਲੀ ਸਨ ਅਤੇ ਉਨ੍ਹਾਂ ਨੇ ਪੂਰਵਕਾਲੀਨ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਦੇ ਮੰਥਨ ਤੋਂ ਆਪਣੇ ਮੱਤ ਦੇ ਪ੍ਰਚਾਰ ਲਈ ਜਿਸ ਸੰਗੀਤ ਪਰੰਪਰਾ ਦਾ ਆਰੰਭ ਕੀਤਾ ਉਹ 'ਗੁਰਮਤਿ ਸੰਗੀਤ' ਹੈ ਜਿਸਦੇ ਸਰੂਪ ਅਤੇ ਸਿਧਾਂਤਾਂ ਸੰਬੰਧੀ ਅਸੀਂ ਉਪਰ ਵਿਚਾਰ ਕਰ ਆਏ ਹਾਂ। ਇਹ ਪਰੰਪਰਾ ਲਗਭਗ ਭਾਰਤੀ ਸ਼ਾਸਤਰੀ ਸੰਗੀਤ ਦੇ ਸੁਨਹਿਰੇ ਯੁੱਗ ਦੇ ਸਮਾਨੰਤਰ ਸੁਦ੍ਰਿੜ ਅਤੇ ਸਥਾਪਿਤ ਰੂਪ ਵਿਚ ਉਜਾਗਰ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਕਬਰ ਦੇ ਸਮਕਾਲੀ ਸਨ ਅਤੇ ਗੁਰਮਤਿ ਸੰਗੀਤ ਦੇ ਵਿਕਾਸ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦਾ ਸਮਾਂ ਵੀ ਅਤਿਅੰਤ ਮਹੱਤਵਪੂਰਨ ਹੈ ਕਿਉਂ ਜੋ ਇਸ ਮਹਾਨ ਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਮੱਧਕਾਲੀਨ ਅਧਿਆਤਮਕ ਸੋਚ ਦੇ ਮੰਥਨ ਵਿਚੋਂ ਅੰਮ੍ਰਿਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਿਰਜਣਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਇਹ ਪਰੰਪਰਾ ਨਿਰੰਤਰ ਵਿਕਾਸਸ਼ੀਲ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਵਜੋਂ ਮਾਨਤਾ ਤੋਂ ਬਾਅਦ ਇਹ ਪਰੰਪਰਾ ਅੱਜ ਵੀ ਵਿਦਮਾਨ ਹੈ।

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਇਹ ਪਰੰਪਰਾ ਕੇਵਲ ਸਿੱਖ ਧਰਮ ਦੇ ਕਿਰਿਆਤਮਕ ਸੰਗੀਤ/ਕੀਰਤਨ ਦੀ ਚਲੰਤ ਜਿਹੀ ਪ੍ਰਣਾਲੀ ਨਹੀਂ ਸਗੋਂ ਇਸਦੇ ਵਿਸ਼ਿਸ਼ਟ ਸਿਧਾਂਤ, ਸਰੂਪ, ਪ੍ਰਕ੍ਰਿਤੀ ਹੈ। ਦਸ ਗੁਰੂ ਸਾਹਿਬਾਨਾਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਦੇਣਾ ਮਹਿਜ਼ ਇਤਫ਼ਾਕ ਨਹੀਂ ਸਗੋਂ ਸ਼ਬਦ ਗੁਰੂ ਦੇ ਕੇਂਦਰੀ ਗੁਰਮਤਿ ਸਿਧਾਂਤ ਨੂੰ ਸਪਸ਼ਟ ਰੂਪ ਵਿਚ ਮਾਨਤਾ ਦੇਣਾ ਹੈ। ਇਸ ਸ਼ਬਦ ਗੁਰੂ ਦਾ ਸੰਚਾਰ ਸੰਗੀਤ ਦੁਆਰਾ ਹੀ ਸੰਭਵ ਹੈ। ਅਜਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਸਪਸ਼ਟ ਹੋ ਰਿਹਾ ਹੈ ਇਸ ਲਈ ਸਿੱਖ ਧਰਮ ਵਿਚ ਸੰਗੀਤ, ਗੁਰਮਤਿ ਸੰਗੀਤ ਦੇ ਵਿਸ਼ਿਸ਼ਟ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਵੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਸੰਗ ਵਿਦਮਾਨ ਹੈ। ਇਸ ਬਾਣੀ ਦੇ ਪ੍ਰਕਾਸ਼ ਅਤੇ ਬੋਧ ਲਈ ਸੰਗੀਤ ਮੁੱਖ ਸੰਚਾਰ ਜੁਗਤ ਵਜੋਂ ਵੀ ਪ੍ਰਯੋਗ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀ ਸਿਧਾਂਤ ਪਰੰਪਰਾ ਦੇ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਅਤੇ ਬਾਣੀ ਵਿਚਲੇ ਭਿੰਨ-ਭਿੰਨ ਫੁਰਮਾਨਾਂ,ਹਵਾਲਿਆਂ ਅਤੇ ਸੰਕੇਤਾਂ ਤੋਂ ਕੀਤੇ ਜਾ ਸਕਦੇ ਹਨ। ਇਸਦੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਇਹ ਪਰੰਪਰਾ ਕਿਰਿਆਤਮਕ ਰੂਪ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਨਿਤਾਪ੍ਰਤੀਦੇ ਅਧਿਆਤਮ ਕਰਮ ਦੀ ਅਨਿੱਖੜ ਅੰਗ ਹੈ।ਇਸ ਕਿਰਿਆਤਮਕਤਾ ਨੇ ਭਾਰਤੀ ਸੰਗੀਤ ਵਿਚ ਵਿਲੱਖਣ ਅਤੇ ਪਹਿਚਾਣਯੋਗ ਥਾਂ ਬਣਾਈ ਹੈ। ਇਸ ਪਰੰਪਰਾ ਨੇ ਆਪਣੀਆਂ ਪੂਰਵਕਾਲੀਨ ਅਤੇ ਸਮਕਾਲੀਨ ਧਾਰਮਿਕ ਅਤੇ ਸੰਗੀਤ ਪਰੰਪਰਾਵਾਂ ਵਿਚੋਂ ਅਨੇਕ ਤੱਤਾਂ ਅਤੇ ਉਪਕਰਨਾਂ ਨੂੰ ਗੁਰਮਤਿ ਅਨੁਸ਼ਾਸਨ ਦਾ ਧਾਰਨੀ ਬਣਾਕੇ ਗੁਰਮਤਿ ਸੰਗੀਤ ਨਾਮ ਵਿਸ਼ਿਸ਼ਟ ਪਰੰਪਰਾ ਵਜੋਂ ਸਥਾਪਿਤ ਰੂਪ ਗ੍ਰਹਿਣ ਕੀਤਾ ਹੈ।

# ਅਧਿਆਇ ਦੂਸਰਾ

************
**********
********
******
****
**
*

## ਭਾਰਤੀ ਸ਼ਾਸਤਰੀ ਸੰਗੀਤ : ਪਰਿਭਾਸ਼ਾ, ਸਿਧਾਂਤ ਤੇ ਸਰੂਪ

( ਮੱਧਕਾਲੀਨ ਭਾਰਤੀ ਸੰਗੀਤ ਦੇ ਸੰਦਰਭ ਵਿਚ)

ਭਾਰਤੀ ਸ਼ਾਸਤਰੀ ਸੰਗੀਤ ਵਿਸ਼ਵ ਭਰ ਵਿਚ ਵਿਲੱਖਣ ਅਤੇ ਗੌਰਵਸ਼ਾਲੀ ਪਰੰਪਰਾ ਹੈ। ਇਸ ਪਰੰਪਰਾ ਦੇ ਪਿਛੋਕੜ ਉਤੇ ਭਾਰਤੀ ਅਤੇ ਏਸ਼ਿਆਈ ਸੰਗੀਤ ਦੇ ਵਿਸ਼ਾਲ ਚਿੱਤਰਪਟ ਵਿਦਮਾਨ ਹਨ। ਇਸ ਪਰੰਪਰਾ ਦੀ ਪ੍ਰਾਚੀਨਤਾ ਜਿਥੇ ਗੌਰਵਸ਼ਾਲੀ ਪਹਿਲੂ ਹੈ ਉਥੇ ਇਹ ਸਥਾਪਤੀ ਅਤੇ ਸਮ੍ਰਿਧਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ। ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਸਮ੍ਰਿਧ, ਸਮਰਥ ਅਤੇ ਸ਼ਕਤੀਸ਼ਾਲੀ ਬਣਾਉਣ ਵਾਲੇ ਸਹਾਇਕ ਸਰੋਤ ਜਾਂ ਇਸਦੇ ਸਮਾਨਾਂਤਰ ਚਲਣ ਵਾਲੀਆਂ ਸੰਗੀਤ ਪਰੰਪਰਾਵਾਂ ਵਿਚੋਂ ਧਾਰਮਿਕ ਸੰਗੀਤ ਪਰੰਪਰਾ ਅਤੇ ਲੋਕ ਸੰਗੀਤ ਪਰੰਪਰਾ ਸ਼ਾਮਿਲ ਹਨ। ਵਿਭਿੰਨ ਭਾਰਤੀ ਖਿਤਿਆਂ ਅਤੇ ਪ੍ਰਾਂਤਾਂ ਦੀ ਲੋਕ ਸੰਗੀਤ ਨਿਧੀ ਵਿਚੋਂ ਸਮੇਂ-ਸਮੇਂ ਧੁਨਾਂ, ਰਾਗਾਂ, ਗਾਇਨ ਸ਼ੈਲੀਆਂ, ਤਾਲਾਂ, ਸਾਜ਼ਾਂ ਆਦਿ ਦੇ ਰੂਪ ਵਿਚ ਬਹੁਰੰਗੀ ਰਤਨ ਸ਼ਾਸਤਰੀ ਸੰਗੀਤ ਵਿਚ ਸ਼ਾਮਿਲ ਹੁੰਦੇ ਰਹੇ ਹਨ। ਇਸੇ ਤਰ੍ਹਾਂ ਧਾਰਮਿਕ ਸੰਗੀਤ ਪਰੰਪਰਾ ਨੇ ਵੀ ਭਾਰਤੀ ਸ਼ਾਸਤਰੀ ਸੰਗੀਤ ਨੂੰ ਸਥਾਪਿਤ ਸਰੂਪ ਪ੍ਰਦਾਨ ਕਰਵਾਇਆ ਹੈ। ਵੈਦਿਕ ਪਰੰਪਰਾ ਤੋਂ ਗੁਰਮਤਿ ਸੰਗੀਤ ਤਕ ਦੀਆਂ ਧਾਰਮਿਕ ਪਰੰਪਰਾਵਾਂ ਵਿਚੋਂ ਸਾਨੂੰ ਇਹ ਤੱਥ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਵਿਸ਼ੇ ਦੇ ਪ੍ਰਯੋਜਨ ਅਨੁਕੂਲ ਭਾਰਤੀ ਸ਼ਾਸਤਰੀ ਸੰਗੀਤ ਦਾ ਮੱਧਕਾਲੀਨ ਭਾਰਤੀ ਸੰਗੀਤ ਦੇ ਸੰਦਰਭ ਵਿਚ ਅਧਿਐਨ ਕਰੀਏ ਸਾਨੂੰ ਸ਼ਾਸਤਰੀ ਸੰਗੀਤ ਸੰਬੰਧੀ ਬੁਨਿਆਦੀ ਤੌਰ 'ਤੇ ਕੁਝ ਵਿਚਾਰਾਂ ਕਰ ਲੈਣੀਆਂ ਅਨਿਵਾਰਯ ਪ੍ਰਤੀਤ ਹੁੰਦੀਆਂ ਹਨ।

ਸ਼ਾਸਤਰੀ ਸੰਗੀਤ: ਸ਼ਾਸਤਰੀ ਸੰਗੀਤ, ਸੰਗੀਤ ਦਾ ਉਹ ਰੂਪ ਹੈ, ਜੋ ਸੰਗੀਤ ਸ਼ਾਸਤਰ ਦੇ ਨਿਰਧਾਰਤ, ਸਥਾਪਿਤ, ਪ੍ਰਮਾਣਿਕ ਤੇ ਪ੍ਰਵਾਣਿਤ ਨਿਯਮਾਂ ਦਾ ਪਾਲਣ

ਕਰਦਿਆਂ ਕਾਰਜਸ਼ੀਲ ਰਹਿੰਦਾ ਹੈ। ਉਦਾਹਰਣ ਦੇ ਤੌਰ'ਤੇ ਕਿਸੇ ਰਾਗ ਦੇ ਪ੍ਰਦਰਸ਼ਨ ਲਈ ਉਸਦੇ ਨਿਰਧਾਰਤ, ਪ੍ਰਚੱਲਿਤ ਤੇ ਪ੍ਰਵਾਣਿਤ ਆਰੋਹ, ਅਵਰੋਹ, ਪਕੜ ਵਾਦੀ, ਸੰਵਾਦੀ, ਸਮਾਂ ਆਦਿ ਵਿਸ਼ੇਸ਼ ਨਿਯਮਾਂ ਦਾ ਪਰੰਪਰਾ ਅਨੁਸਾਰ ਪਾਲਣਾ ਬੁਨਿਆਦੀ ਤੌਰ'ਤੇ ਆਵੱਸ਼ਕ ਹੈ ਲੋਕ ਸੰਗੀਤ ਆਪਣੇ ਆਪ ਵਿਚ ਸਮ੍ਰਿਧ ਅਤੇ ਵਿਸ਼ਾਲ ਸੰਗੀਤ ਰੂਪ ਹੈ। ਜਦੋਂ ਇਸ ਵਿਚ ਕੁਝ ਸਮਾਨ ਸਿਧਾਂਤਾਂ ਦਾ ਨਿਰ-ਧਾਰਣ ਕੀਤਾ ਜਾਂਦਾ ਹੈ ਤਾਂ ਸੰਗੀਤ ਦੇ ਸ਼ਾਸਤਰ ਦਾ ਨਿਰਮਾਣ ਹੁੰਦਾ ਹੈ ਅਤੇ ਕੋਈ ਨਵੀਂ ਸ਼ਾਸਤਰੀ ਸੰਗੀਤ ਦੀ ਰਚਨਾ ਹੋਂਦ ਵਿਚ ਆਉਂਦੀ ਹੈ। ਇਸ ਤੋਂ ਇਲਾਵਾ ਲੋਕ ਸੰਗੀਤ, ਸ਼ਾਸਤਰੀ ਸੰਗੀਤ ਨੂੰ ਆਪਣੇ ਖਜ਼ਾਨੇ ਵਿਚੋਂ ਸਮੇਂ- ਸਮੇਂ ਕੋਈ ਨਾ ਕੋਈ ਦਾਤ ਦਿੰਦਾ ਰਹਿੰਦਾ ਹੈ। ਉਸਤਾਦ ਸੰਗੀਤਕਾਰ ਲੋਕ ਸੰਗੀਤ ਵਿਚੋਂ ਕੋਈ ਸੁਰ ਰਚਨਾ, ਸੁਰਾਵਲੀ, ਤਾਲ, ਲੈਅ, ਸਾਜ਼ ਆਦਿ ਨੂੰ ਆਪਣੇ ਫ਼ਨ ਤੇ ਰਿਆਜ਼ ਦੁਆਰਾ ਸ਼ਾਸਤਰੀ ਨਿਯਮਾਨੁਸਾਰ ਇਸ ਤਰ੍ਹਾਂ ਤਰਾਸ਼ ਤੇ ਘੜ ਲੈਂਦੇ ਹਨ ਕਿ ਸੰਬੰਧਿਤ ਰਚਨਾ ਦੀ ਤਾਜ਼ਗੀ ਅਤੇ ਮੌਲਿਕਤਾ ਸ਼ਾਸਤਰੀ ਸੰਗੀਤ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕਰ ਲੈਂਦੀ ਹੈ।

ਸੰਗੀਤ ਪ੍ਰੋੜ ਤੇ ਪ੍ਰਮਾਣਿਕ ਰੂਪ ਵਿਚ ਸ਼ਾਸਤਰੀ ਸੰਗੀਤ ਹੀ ਹੈ। ਜਦੋਂ ਮਨੁੱਖ ਕਿਸੇ ਸੰਗੀਤਕ ਰਚਨਾ ਤੋਂ ਆਨੰਦ ਪ੍ਰਾਪਤ ਕਰਦਾ ਹੈ ਤਾਂ ਉਹ ਇਸ ਰਚਨਾ ਦੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਸੰਗੀਤਕ ਰਚਨਾ ਦੇ ਸਰੂਪ ਨੂੰ ਸਮਝਣ ਅਤੇ ਪਹਿਚਾਣਨ ਦੇ ਵਿਸ਼ਲੇਸ਼ਣ ਤੋਂ ਉਪਜੇ ਲੱਛਣ ਹੀ ਇਸ ਰਚਨਾ ਦੇ ਨਿਯਮ ਬਣ ਜਾਂਦੇ ਹਨ। ਸੰਗੀਤਕ ਰਚਨਾ ਤੋਂ ਉਤਪੰਨ ਆਨੰਦ ਨੂੰ ਪ੍ਰਾਪਤ ਕਰਨ ਲਈ ਇਨ੍ਹਾਂ ਨਿਯਮਾਂ ਨੂੰ ਪ੍ਰਯੋਗ ਵਿਚ ਲਿਆਇਆ ਜਾਂਦਾ ਹੈ। ਇਹ ਨਿਰਧਾਰਤ

ਕੀਤੇ ਗਏ ਨਿਯਮਾਂ ਤੋਂ ਹੀ ਸੰਗੀਤ ਸ਼ਾਸਤਰ ਦੀ ਸਥਾਪਨਾ ਹੁੰਦੀ ਹੈ। ਕਿਸੇ ਸੰਗੀਤ ਰਚਨਾ ਵਿਚ ਸੌਂਦਰਯ ਉਤਪੰਨ ਕਰਨ ਲਈ ਉਸਦੇ ਸਰੂਪ ਨੂੰ ਵਿਭਿੰਨ ਵਿਸ਼ੇਸ਼ ਨਿਯਮਾਂ ਦੁਆਰਾ ਸੁਸਜਿਤ ਕੀਤਾ ਜਾਂਦਾ ਹੈ, ਸੌਂਦਰਯਮਈਸਰੂਪ ਦੇ ਸਫਲ ਪ੍ਰਦਰਸ਼ਨ ਦਾ ਇਹ ਮਾਰਗ ਹੀ ਸ਼ਾਸਤਰ ਅਖਵਾਉਂਦਾ ਹੈ। ਪਹਿਲਾਂ ਰਚਨਾ ਹੁੰਦੀ ਹੈ, ਉਸ ਵਿਚ ਅਨੇਕ ਵਾਦ-ਵਿਵਾਦ, ਪ੍ਰਕਾਰ, ਉਪਪ੍ਰਕਾਰ, ਕ੍ਰਿਆ, ਪ੍ਰਕ੍ਰਿਆ ਉਤਪੰਨ ਹੁੰਦੀ ਹੈ, ਉਸਦੇ ਉਪਰੰਤ ਸ਼ਾਸਤਰ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਉੱਚ ਕੋਟੀ ਦੀਆਂ ਰਚਨਾਵਾਂ ਨੂੰ ਨਿਯੰਤਰਿਤ ਕਰਨ ਲਈ ਸ਼ਾਸਤਰ ਦਿਸ਼ਾ ਕਰਦਾ ਹੈ। ਆਰੰਭ ਵਿਚ ਸ਼ਾਸਤਰ ਸਰਲ, ਸੁਗਮ ਅਤੇ ਸੰਖੇਪ ਹੁੰਦਾ ਹੈ, ਬਾਅਦ ਵਿਚ ਰਚਨਾ ਕ੍ਰਮ ਦੇ ਵਿਸਤਾਰ ਨਾਲ ਇਹ ਵੀ ਪੇਚੀਦਾ ਹੋਣ ਲਗ ਪੈਂਦਾ ਹੈ । ਫਲਸਰੂਪ ਅਨੇਕ ਨਿਯਮ, ਉਪਨਿਯਮ, ਧਾਰਾਵਾਂ, ਉਪ-ਧਾਰਾਵਾਂ ਦੀ ਰਚਨਾ ਹੁੰਦੀ ਹੈ।

ਸ਼ਾਸਤਰੀ ਸੰਗੀਤ ਆਰੰਭ ਤੋਂ ਹੀ ਪਰੰਪਰਾਗਤ ਰੂਪ ਵਿਚ ਪ੍ਰਚਾਰ ਵਿਚ ਹੈ। ਪ੍ਰਾਚੀਨ ਕਾਲ ਵਿਚ ਇਸ ਸੰਗੀਤ ਦੁਆਰਾ ਰਿਸ਼ੀ ਆਪਣੇ ਮਨ ਨੂੰ ਇਕਾਗਰ ਕਰਕੇ, ਨਾਦ ਬ੍ਰਹਮ ਵਿਚ ਲੀਨਹੋ ਕੇ ਮੁਕਤੀ ਪ੍ਰਾਪਤ ਕਰਦੇ ਸਨ। ਬ੍ਰਹਮਾ ਦੁਆਰਾ ਉਤਪੰਨ ਇਹ ਸੰਗੀਤ ਜਿਸਦਾ ਵਰਣਨ ਭਰਤ ਨੇ ਮਹਾਂਦੇਵ ਦੇ ਸਨਮੁਖ ਕੀਤਾ, ਮੁਕਤੀਦਾਤਾ ਹੈ ਅਤੇ ਇਸਨੂੰ 'ਮਾਰਗੀ ਸੰਗੀਤ'ਦਾ ਨਾਮ ਦਿੱਤਾ ਜਾਂਦਾ ਹੈ।[1] ਪ੍ਰਾਚੀਨ ਕਾਲ ਵਿਚ ਜਿਸ ਸੰਗੀਤ ਨੂੰ ਆਤਮ ਗਿਆਨ ਜਾਂ ਮੋਕਸ਼ ਪ੍ਰਾਪਤ ਕਰਨ ਲਈ ਮਹਾਂ ਮਾਨਵਾਂ ਦੁਆਰਾ ਅਪਣਾਇਆ ਗਿਆ,

---

1. ਚਤੁਰਵੇਦੀ, ਨ੍ਰਮਦੇਸ਼ਵਰ, "ਭਾਰਤੀਯ ਸੰਦਰਭ ਮੇਂ ਲੋਕ ਸੰਗੀਤ", ਨਿਬੰਧ ਸੰਗੀਤ (ਸੰਪਾ. ਲਕਸ਼ਮੀ ਨਾਰਾਇਣ ਗਰਗ), ਪੰਨਾ75

ਉਸ ਵਿਸ਼ੇਸ਼ ਪ੍ਰਕਾਰ ਦੇ ਸੰਗੀਤ ਨੂੰ ਹੀ
'ਮਾਰਗੀ ਸੰਗੀਤ' ਨੂੰ ਹੀ ਕਈ ਵਿਦਵਾ
ਹਨ। ਮਾਰਗੀ ਸੰਗੀਤ ਦਾ ਮੂਲ ਉਦੇਸ਼ ਮੋਕਸ਼ ... ਤ
ਦੇ ਵਿਕਾਸ ਤੇ ਸ਼ਾਸਤਰਕਾਰਾਂ ਨੇ ਇਸਦੇ ਸ਼ਾਸ ... ਧਾਂਤ ਵੱਲ ਧਿਆਨ
ਦਿੱਤਾ ਅਤੇ ਇਸਦੇ ਅਧਿਐਨ ਉਪਰੰਤ ਸ਼ਾਸਤਰ ਬੱਧ ਸਥਾਪਤੀ ਤੇ ਸ਼ਾਸਤਰੀ ਸੰਗੀਤ ਦਾ ਜਨਮ ਹੋਇਆ। ਇਸ ਤਰ੍ਹਾਂ ਸ਼ਾਸਤਰੀ ਸੰਗੀਤ ਪ੍ਰਾਚੀਨ ਮਾਰਗੀ ਸੰਗੀਤ ਦਾ ਹੀ ਪਰਿਵਰਤਿਤ, ਵਿਕਸਿਤ ਰੂਪ ਹੈ।

ਸ਼ਾਸਤਰੀ ਸੰਗੀਤ ਵਿਚ ਗਾਇਨ ਮੁੱਖ ਤੌਰ 'ਤੇ ਕੇਂਦਰੀ ਸਥਾਨ ਰਖਦਾ ਹੈ, ਜਿਸਦੇ ਕਈ ਰੂਪ ਹਨ। ਦੋ ਪ੍ਰਕਾਰ ਦਾ ਗਾਇਨ ਨਿਬੱਧ ਅਤੇ ਅਨਿੱਬਧ ਪ੍ਰਾਚੀਨ ਸਮੇਂ ਤੋਂ ਪ੍ਰਚਾਰ ਵਿਚ ਹੈ। ਜੋ ਪਦ, ਸੁਰ ਅਤੇ ਲੈਅ ਆਦਿ ਨਾਲ ਯੁਕਤ ਅਰਥਾਤ ਮਰਿਆਦਿਤ ਹੁੰਦਾ ਹੈ, 'ਨਿਬੱਧ ਸੰਗੀਤ' ਕਹਿਲਾਉਂਦਾ ਹੈ। ਜਿਹੜਾ ਗਾਇਨ ਨਿਬੱਧ ਨਹੀਂ ਹੈ ਅਰਥਾਤ ਕਾਵਿ-ਪਦ ਅਤੇ ਛੰਦ, ਤਾਲ, ਲੈਅ ਵਿਚ ਸੀਮਾਬਧ ਨਹੀਂ ਹੈ ਉਸਨੂੰ ਆਲਾਪਿਤ ਅਰਥਾਤ ਆਲਾਪ ਗਾਨ ਕਹਿ ਕੇ 'ਅਨਿੱਬਧ ਗਾਨ' ਮੰਨਿਆ ਜਾਂਦਾ ਹੈ।[2]

ਸ਼ਾਸਤਰੀ ਸੰਗੀਤ ਵਿਚ ਨਿਰਧਾਰਤ ਵਿਸ਼ਿਸ਼ਟ ਸ਼ਾਸਤਰ ਦੀ ਪਾਲਣਾ ਅਤਿ ਜ਼ਰੂਰੀ ਹੈ। ਕਿਸੇ ਵੀ ਗਾਇਨ ਸ਼ੈਲੀ ਵਿਚ ਸ਼ਬਦ ਅਤੇ ਸੁਰ,

---

1. ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼ਯ, ਪੰਨਾ 268
2. ਗੋਵਿੰਦ ਰਾਵ ਰਾਜੁਰਕਰ, ਸੰਗੀਤ ਸ਼ਾਸਤਰ ਪਰਾਗ, ਪੰਨਾ 42-43

ਉਸ ਵਿਸ਼ੇਸ਼ ਪ੍ਰਕਾਰ ਦੇ ਸੰਗੀਤ ਨੂੰ ਹੀ 'ਮਾਰਗ ਸੰਗੀਤ' ਕਿਹਾ ਜਾਂਦਾ ਹੈ।[1] 'ਮਾਰਗੀ ਸੰਗੀਤ' ਨੂੰ ਹੀ ਕਈ ਵਿਦਵਾਨ 'ਮਾਰਗ ਸੰਗੀਤ' ਲਿਖਦੇ ਹਨ। ਮਾਰਗੀ ਸੰਗੀਤ ਦਾ ਮੂਲ ਉਦੇਸ਼ ਮੋਕਸ਼ ਪ੍ਰਾਪਤੀ ਸੀ। ਮਾਰਗੀ ਸੰਗੀਤ ਦੇ ਵਿਕਾਸ ਤੇ ਸ਼ਾਸਤਰਕਾਰਾਂ ਨੇ ਇਸਦੇ ਸ਼ਾਸਤਰ ਦੇ ਅਧਿਐਨ ਵੱਲ ਧਿਆਨ ਦਿੱਤਾ ਅਤੇ ਇਸਦੇ ਅਧਿਐਨ ਉਪਰੰਤ ਸ਼ਾਸਤਰ ਬੱਧ ਸਥਾਪਤੀ ਤੇ ਸ਼ਾਸਤਰੀ ਸੰਗੀਤ ਦਾ ਜਨਮ ਹੋਇਆ। ਇਸ ਤਰ੍ਹਾਂ ਸ਼ਾਸਤਰੀ ਸੰਗੀਤ ਪ੍ਰਾਚੀਨ ਮਾਰਗੀ ਸੰਗੀਤ ਦਾ ਹੀ ਪਰਿਵਰਤਿਤ, ਵਿਕਸਿਤ ਰੂਪ ਹੈ।

ਸ਼ਾਸਤਰੀ ਸੰਗੀਤ ਵਿਚ ਗਾਇਨ ਮੁੱਖ ਤੌਰ 'ਤੇ ਕੇਂਦਰੀ ਸਥਾਨ ਰਖਦਾ ਹੈ, ਜਿਸਦੇ ਕਈ ਰੂਪ ਹਨ। ਦੋ ਪ੍ਰਕਾਰ ਦਾ ਗਾਇਨ ਨਿਬੱਧ ਅਤੇ ਅਨਿੱਬਧ ਪ੍ਰਾਚੀਨ ਸਮੇਂ ਤੋਂ ਪ੍ਰਚਾਰ ਵਿਚ ਹੈ। ਜੋ ਪਦ, ਸੁਰ ਅਤੇ ਲੈਅ ਆਦਿ ਨਾਲ ਯੁਕਤ ਅਰਥਾਤ ਮਰਿਆਦਿਤ ਹੁੰਦਾ ਹੈ, 'ਨਿਬੱਧ ਸੰਗੀਤ' ਕਹਿਲਾਉਂਦਾ ਹੈ। ਜਿਹੜਾ ਗਾਇਨ ਨਿਬੱਧ ਨਹੀਂ ਹੈ ਅਰਥਾਤ ਕਾਵਿ-ਪਦ ਅਤੇ ਛੰਦ, ਤਾਲ, ਲੈਅ ਵਿਚ ਸੀਮਾਬੱਧ ਨਹੀਂ ਹੈ ਉਸਨੂੰ ਆਲਾਪਿਤ ਅਰਥਾਤ ਆਲਾਪ ਗਾਨ ਕਹਿ ਕੇ 'ਅਨਿੱਬਧ ਗਾਨ' ਮੰਨਿਆ ਜਾਂਦਾ ਹੈ।[2]

ਸ਼ਾਸਤਰੀ ਸੰਗੀਤ ਵਿਚ ਨਿਰਧਾਰਤ ਵਿਸ਼ਿਸ਼ਟ ਸ਼ਾਸਤਰ ਦੀ ਪਾਲਣਾ ਅਤਿ ਜ਼ਰੂਰੀ ਹੈ। ਕਿਸੇ ਵੀ ਗਾਂਇਨ ਸ਼ੈਲੀ ਵਿਚ ਸ਼ਬਦ ਅਤੇ ਸੁਰ,

---

1. ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼੍ਯ, ਪੰਨਾ 268
2. ਗੋਵਿੰਦ ਰਾਵ ਰਾਜੁਰਕਰ, ਸੰਗੀਤ ਸ਼ਾਸਤਰ ਪਰਾਗ, ਪੰਨਾ 42-43

ਤਾਲ ਦੇ ਸੌਂਦਰਯਾਤਮਕ ਸੰਯੋਜਨ ਤੋਂ ਬਿਨਾਂ ਸੰਬੰਧਿਤ ਭਾਵ ਦਾ ਉਜਾਗਰ ਹੋਣਾ ਅਸੰਭਵ ਹੈ। ਇਸੇ ਤਰ੍ਹਾਂ ਹਰ ਗਾਇਨ ਸ਼ੈਲੀ ਆਪੋ ਆਪਣੀ ਸੰਗੀਤਕ ਪ੍ਰਕ੍ਰਿਤੀ ਅਤੇ ਸੁਭਾਅ ਦੇ ਅਨੁਰੂਪ ਵਿਸ਼ਿਸ਼ਟ ਕਾਵਿ ਦੀ ਧਾਰਨੀ ਵੀ ਹੈ। ਇਹ ਕਾਵਿ ਸੰਬੰਧਿਤ ਗਾਇਨ ਸ਼ੈਲੀ ਅਤੇ ਰਾਗ ਪ੍ਰਕ੍ਰਿਤੀ ਦੇ ਅਨੁਕੂਲ ਹੁੰਦਾ ਹੈ। ਸ਼ਾਸਤਰੀ ਸੰਗੀਤ ਦੀ ਕਿਸੇ ਵੀ ਸ਼ੈਲੀ ਦੇ ਅੰਤਰਗਤ ਰਾਗ ਵਿਸਥਾਰ, ਭਿੰਨ-ਭਿੰਨ ਸੁਰ ਸੰਗਤੀਆਂ ਅਤੇ ਇਨ੍ਹਾਂ ਦਾ ਸੁਰ ਤਾਲ ਯੁਕਤ ਪ੍ਰਸਤੁਤੀ ਦੇ ਸੌਂਦਰਯ ਬੋਧ ਅਤੇ ਰਸਾਨੁਭੂਤੀ ਨੂੰ ਹੋਰ ਤੀਖਣ ਬਣਾਉਣ ਅਤੇ ਸ਼ੈਲੀ ਦੇ ਭਾਵਾਂ ਦਾ ਪਾਸਾਰਾ ਕਰਨ ਲਈ ਕਾਵਿ ਬੋਲ ਸਹਾਈ ਹੁੰਦੇ ਹਨ। ਵੱਖੋ ਵੱਖਰੀਆਂ ਸ਼ੈਲੀਆਂ ਲਈ ਪ੍ਰਕ੍ਰਿਤੀ ਅਤੇ ਰਸ ਦੇ ਅਨੁਕੂਲ ਕਾਵਿ ਦੇ ਬੋਲਾਂ ਦਾ ਨਿਰਧਾਰਣ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ'ਤੇ ਧਰੁਪਦ ਸ਼ੈਲੀ ਗੰਭੀਰ ਪ੍ਰਕ੍ਰਿਤੀ ਦੀ ਧਾਰਨੀ ਹੈ ਇਸ ਲਈ ਇਸ ਦੇ ਅਨੁਕੂਲ ਕਾਵਿ ਬੋਲ ਹੀ ਸ਼ੈਲੀ ਦੇ ਸੁਭਾਵਿਕ ਭਾਵ ਉਜਾਗਰ ਕਰਨ ਵਿਚ ਸਫਲ ਹੁੰਦੇ ਹਨ। ਧਮਾਰ ਸ਼ੈਲੀ ਸ਼੍ਰਿੰਗਾਰ ਰਸ ਪ੍ਰਧਾਨ ਹੈ ਅਤੇ ਇਸਦੀ ਬੰਦਿਸ਼ ਵਿਚ ਕ੍ਰਿਸ਼ਨ ਅਤੇ ਉਸਦੀਆਂ ਗੋਪੀਆਂ ਦੇ ਫੱਗਣ ਮਹੀਨੇ ਦੀਆਂ ਲੀਲਾਵਾਂ ਦਾ ਵਰਣਨ ਹੁੰਦਾ ਹੈ। ਇਸ ਤੋਂ ਬਿਨਾਂ ਰਾਧਾ ਅਤੇ ਕ੍ਰਿਸ਼ਨ ਦੇ ਆਪਸ ਵਿਚ ਹੋਲੀ ਖੇਲ੍ਹਣ ਦਾ ਵੀ ਵਰਣਨ ਹੁੰਦਾ ਹੈ ਸ਼ੈਲੀ ਵਿਚ ਬੰਦਿਸ਼ ਦੇ ਬੋਲਾਂ ਤੋਂ ਇਲਾਵਾ ਤਾਲ ਦੀ ਵੀ ਮਹਾਨਤਾ ਹੈ। ਕੁਝ ਤਾਲਾਂ ਦੀਆਂ ਮਾਤ੍ਰਾ ਅਤੇ ਵਿਭਾਗ ਇਕੋ ਜਿਹੇ ਹੁੰਦੇ ਹਨ ਪਰ ਹਰ ਤਾਲ ਵਿਸ਼ੇਸ਼ ਲੈਅ (ਬਹੁਤ ਜ਼ਿਆਦਾ ਹੌਲੀ, ਹੌਲੀ, ਸਾਧਾਰਨ ਚਾਲ, ਬਹੁਤ ਤੇਜ਼) ਉਤੇ ਆਧਾਰਿਤ ਹੋਣ ਕਾਰਣ ਆਪਣਾ ਵਿਲੱਖਣ ਸਰੂਪ ਰਖਦੀ ਹੈ ਅਤੇ ਤਾਲਾਂ

ਦਾ ਪ੍ਰਯੋਗ ਸ਼ੈਲੀ ਦੇ ਅਨੁਸਾਰ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ'ਤੇ ਗੰਭੀਰ ਪ੍ਰਕ੍ਰਿਤੀ ਦੀ ਧਰੁਪਦ ਸ਼ੈਲੀ ਲਈ ਚੌਤਾਲ ਤਾਲ ਨੂੰ ਸ਼ੈਲੀ ਦੀ ਗੰਭੀਰਤਾ ਨੂੰ ਕਾਇਮ ਰੱਖਣ ਲਈ ਪਖਾਵਜ ਜਾਂ ਤਬਲੇ ਉੱਤੇ ਖੁਲ੍ਹੀ ਥਾਪ ਨਾਲ ਵਜਾਇਆ ਜਾਂਦਾ ਹੈ। ਇਸੇ ਤਰ੍ਹਾਂ ਬਾਕੀ ਸ਼ੈਲੀਆਂ ਵਿਚ ਜਿਵੇਂ ਖਿਆਲ ਸ਼ੈਲੀ ਵਿਚ ਤਿਲਵਾੜਾ, ਏਕਤਾਲ, ਝੂਮਰਾ, ਤੀਨਤਾਲ ਆਦਿ, ਟੱਪਾ ਸ਼ੈਲੀ ਵਿਚ ਪੰਜਾਬੀ, ਜਤ ਤਾਲ ਆਦਿ, ਠੁਮਰੀ ਵਿਚ ਜਤ ਤਾਲ, ਦੀਪਚੰਦੀ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਮੂਲ ਤੌਰ 'ਤੇ ਕਿਰਿਆਤਮਕ ਵਿਧੀ ਦੁਆਰਾ ਪ੍ਰਯੋਗ ਵਿਚ ਆਈ। ਕਿਰਿਆਤਮਕ ਰੂਪ ਵਿਚ ਸੀਨਾ-ਬ- -ਸੀਨਾ ਚਲੀ ਆ ਰਹੀ ਮੌਖਿਕ ਸੰਗੀਤ ਸਿਖਲਾਈ ਦੀ ਪਰੰਪਰਾ ਹੈ। ਇਸ ਪਰੰਪਰਾ ਦੇ ਅੰਤਰਗਤ ਉਸਤਾਦ ਆਪਣੇ ਸ਼ਾਗਿਰਦ ਨੂੰ ਸ਼ਾਸਤਰੀ ਸੰਗੀਤ ਦੇ ਵਿਵਿਧ ਰੂਪਾਂ ਦੀ ਸਿਖਲਾਈ ਪੂਰਨ ਸ਼ਾਸਤਰ ਅਤੇ ਸੰਪੂਰਨ ਗਾਇਨ ਅਤੇ ਅਭਿਆਸ ਦੁਆਰਾ ਕਰਵਾਉਂਦਾ ਹੈ। ਸ਼ਾਸਤਰੀ ਸੰਗੀਤ ਵਿਚ ਰਾਗ ਦਾ ਸਪਸ਼ਟੀਕਰਣ, ਸੁਰ ਦਾ ਸ਼ੁਧ ਪ੍ਰਯੋਗ, ਤਾਲ ਉੱਤੇ ਅਧਿਕਾਰ ਪ੍ਰਾਪਤ ਕਰਨਾ ਜ਼ਰੂਰੀ ਹੈ ਉੱਥੇ ਸ਼ਾਸਤਰੀ ਸੰਗੀਤ ਦੇ ਪ੍ਰਦਰਸ਼ਨ ਲਈ ਨਿਰੰਤਰ ਰਿਆਜ਼ ਦੀ ਵੀ ਜ਼ਰੂਰਤ ਹੈ। ਇਸ ਸਾਧਨਾ ਤੋਂ ਬਿਨਾਂ ਸ਼ਾਸਤਰ ਦੀ ਪ੍ਰੋੜਤਾ ਬਾਰੇ ਵੀ ਲੋੜੀਂਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸ਼ਾਸਤਰੀ ਸੰਗੀਤ ਦੀ ਸਿਖਲਾਈ ਤੇ ਗਿਆਨ ਦੀ ਇਹ ਵਿਧੀ ਕਿਰਿਆਤਮਕ ਤੱਤਾਂ ਦੁਆਰਾ ਹੀ ਮੂਰਤੀਮਾਨ ਹੁੰਦੀ ਹੈ । ਇਸਦੇ ਨਾਲ ਹੀ ਸੰਗੀਤ ਦੇ ਸ਼ਾਸਤਰ ਅਥਵਾ ਸਿਧਾਂਤਕ ਪਰੰਪਰਾ ਨੂੰ ਸੰਗੀਤ ਦੇ ਵੱਖ-ਵੱਖ ਗ੍ਰੰਥਾਂ ਵਿਚ ਸੰਗੀਤ ਵਿਦਵਾਨਾਂ ਨੇ ਅੰਕਿਤ ਕੀਤਾ ਹੈ। ਇਹ

ਸੰਗੀਤ ਗ੍ਰੰਥ ਵੀ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਕਾਸ ਲਈ ਮਹੱਤਵਪੂਰਨ ਸਰੋਤ ਹਨ। ਇਸ ਤਰ੍ਹਾਂ ਸ਼ਾਸਤਰੀ ਸੰਗੀਤ ਦੇ ਸਮੁੱਚੇ ਰੂਪ ਨੂੰ ਇਸਦੀ ਕਿਰਿਆਤਮਕ ਤੇ ਲਿਖਿਤ ਪਰੰਪਰਾਵਾਂਦੇ ਰੂਪ ਵਿਚ ਹੀ ਪਛਾਣਿਆ ਜਾਂਦਾ ਹੈ।

ਸ਼ਾਸਤਰੀ ਸੰਗੀਤ ਦਾ ਉਦੇਸ਼ ਆਨੰਦ ਪ੍ਰਦਾਨ ਕਰਨਾ ਹੈ। ਇਸ ਸੌਂਦਰਯ ਜਾਂ ਆਨੰਦ ਨੂੰ ਉਪਜਾਉਣ ਲਈ ਵਿਦਵਾਨਾਂ ਅਤੇ ਸੰਗੀਤਕਾਰਾਂ ਵਲੋਂ ਨਿਰਧਾਰਤ ਵਿਭਿੰਨ ਨਿਯਮ ਥਾਟ, ਸੁਰ, ਆਰੋਹ-ਅਵਰੋਹ, ਜਾਤੀ, ਵਾਦੀ-ਸੰਵਾਦੀ, ਅਨੁਵਾਦੀ-ਵਿਵਾਦੀ, ਮੁੱਖ ਅੰਗ, ਨਿਆਸ ਸੁਰ, ਪੂਰਵਾਂਗ-ਉਤਰਾਂਗ, ਸਮਾਂ ਤੇ ਇਲਾਵਾ ਵਰਣ ਅਧੀਨ ਸੁਰਾਂ ਦੀ ਪੁਨਰਾਵਿਰਤੀ, ਸਮੂਹ ਅਲੰਕਾਰ, ਕਣ, ਖਟਕਾ, ਮੁਰਕੀ ਅਤੇ ਕਾਕੂ ਭੇਦ ਵਰਗੀਆਂ ਵਿਭਿੰਨ ਗਾਇਨ ਕਿਰਿਆਵਾ ਆਂ ਜਾਦੀਆਂ ਹਨ ਜੋ ਇਸ ਦੇ ਪ੍ਰਯੋਜਨ ਨੂੰ ਸਿੱਧ ਕਰਨਵਿਚ ਸਹਾਈ ਹੁੰਦੀਆਂ ਹਨ। ਸ਼ਾਸਤਰੀ ਸੰਗੀਤ ਕਲਾ ਪ੍ਰਧਾਨ ਹੈ। ਇਸ ਵਿਚ ਕਲਾਕਾਰ ਨਿਰਧਾਰਿਤ ਨਿਯਮਾਂ ਅਨੁਸਾਰ ਨਿਰੰਤਰ ਅਭਿਆਸ ਦੁਆਰਾ ਆਪਣੇ ਉਦੇਸ਼ ਦੀ ਪੂਰਤੀ ਲਈ ਵਿਭਿੰਨ ਗਾਇਨ ਸ਼ੈਲੀਆ ਵਿਚ ਲੋੜੀਦੇ ਸੌਂਦਰਯਮਈ ਤੱਤਾਂ ਦੀ ਵਰਤੋਂ ਕਰਦਾ ਹੈ। ਸ਼ਾਸਤਰੀਸੰਗੀਤ ਵਿਚ ਕਲਾਕਾਰ ਦੀਉੱਚੱਤਾ ਉਸਦੀ ਕਲਾ ਸਾਧਨਾ ਤੇ ਨਿਰਭਰ ਹੈ। ਸ਼ਾਸਤਰੀਸੰਗੀਤ ਦੀ ਪ੍ਰਸਤੁਤੀ ਵਿਭਿੰਨ ਸੰਗੀਤ ਦੇ ਸ਼ਾਸਤਰ ਭਾਵ ਸੰਗੀਤ ਦੇ ਸ਼ਾਸਤਰੀ ਨਿਯਮਾਂ ਦੇ ਅਨੁਸ਼ਾਸ਼ਨ ਦੇ ਅੰਤਰਗਤ ਹੀ ਮੂਰਤੀਮਾਨ ਹੁੰਦੀ ਹੈ।

ਉਕਤ ਵਰਣਿਤ ਭਾਰਤੀ ਸੰਗੀਤ ਦੀ ਵਿਸ਼ਾਲ ਸ਼ਾਸਤਰੀ ਪਰੰਪਰਾ ਦਾ ਵਿਕਾਸ ਇਤਿਹਾਸ ਦੇ ਵੱਖ-ਵੱਖ ਸਮਿਆਂ ਵਿੱਚ ਫਲੀਭੂਤ ਹੋਇਆ ਹੈ।

ਇਸ ਇਤਿਹਾਸ ਨੂੰ ਮੁੱਖ ਤੌਰਤੇ ਤਿੰਨਾਂ ਹਿਸਿਆਂ ਦੇ ਅੰਤਰਗਤ, ਇਤਿਹਾਸ ਦੇ ਵੱਖ ਵੱਖ ਕਾਲ ਨਿਰਧਾਰਤ ਕੀਤੇ ਗਏ ਹਨ ਪਰੰਤੂ ਅਸੀਂ ਆਪਣੀ ਖੋਜ ਵਿਸ਼ੇ ਦੀ ਸਹੂਲੀਅਤ ਅਤੇ ਸੀਮਾ ਨੂੰ ਮੁੱਖ ਰਖਦਿਆਂ ਇਸਨੂੰ ਪ੍ਰਾਚੀਨ,ਮੱਧ ਅਤੇ ਵਰਤਮਾਨ ਸਮੇਂ ਦੇ ਪ੍ਰਸੰਗ ਵਿਚ ਹੀ ਵਾਚਾਂਗੇ। ਸਾਡਾ ਵਿਸ਼ਾ ਜੋ ਮੱਧਕਾਲੀਨ ਸੰਗੀਤ ਪਰੰਪਰਾ ਨਾਲ ਸਿੱਧੇ ਤੌਰ'ਤੇ ਜੁੜਿਆ ਹੋਇਆ ਹੈ ਇਸ ਲਈ ਮੱਧ ਕਾਲ ਤਕ ਭਾਰਤੀ ਸ਼ਾਸਤਰੀ ਸੰਗੀਤ ਦੇ ਪਿਛੋਕੜ ਨੂੰ ਜਾਣ ਲੈਣਾ ਜ਼ਰੂਰੀ ਭਾਸਦਾ ਹੈ।

<u>ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀ ਪਿੱਠ ਭੂਮੀ</u>

ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀ ਪਿੱਠ ਭੂਮੀ ਉਤੇ ਭਾਰਤੀ ਸੰਗੀਤ ਦੀਆਂ ਕਈ ਪ੍ਰਾਚੀਨ ਸੰਗੀਤ ਪਰੰਪਰਾਵਾਂ ਸਸ਼ੋਭਿਤ ਰਹੀਆਂ ਹਨ ਇਨ੍ਹਾਂ 'ਚੋਂ ਵੈਦਿਕ ਸੰਗੀਤ ਇਕ ਹੈ।ਭਾਰਤੀ ਸ਼ਾਸਤਰੀ ਸੰਗੀਤ ਦਾ ਆਰੰਭ ਵੈਦਿਕ ਸੰਗੀਤ ਤੋਂ ਮੰਨਿਆ ਜਾਂਦਾ ਹੈ। ਵੈਦਿਕ ਕਾਲ ਵਿਚ ਪ੍ਰਯੋਗ ਹੋਣ ਵਾਲੇ ਸੰਗੀਤ ਨੂੰ 'ਵੈਦਿਕ ਸੰਗੀਤ' ਕਿਹਾ ਜਾਂਦਾ ਹੈ। ਇਸ ਕਾਲ ਦਾ ਗ੍ਰੰਥ ਸਾਮਵੇਦ ਜੋ ਪੂਰਨ ਤੌਰ'ਤੇ ਸੰਗੀਤਮਈ ਹੈ, ਸੰਗੀਤ ਸ਼ਾਸਤਰ ਸੰਬੰਧੀ ਭਾਰਤੀ ਸੰਗੀਤ ਦੇ ਪੁਰਾਤਨ ਸਰੂਪ ਦਾ ਉੱਤਮ ਨਮੂਨਾ ਹੈ। ਸਾਮਵੇਦ ਵਿਚ ਅੰਕਿਤ ਮੰਤਰਾਂ ਦਾ ਗਾਇਨ ਸ਼ੁਰੂ ਵਿਚ ਉਦਾਤ, ਅਨੁਦਾਤ ਅਤੇ ਸਵਰਿਤ ਤਿੰਨਾ ਸੁਰਾਂ'ਤੇ ਕੀਤਾ ਜਾਂਦਾ ਸੀ। ਸੁਰ ਉਦਾਤ, ਮੰਦਰ, ਅਨੁਦਾਤ ਤਾਰ ਅਤੇ ਸਵਰਿਤ ਮੱਧ ਸਥਾਨ ਦੇ ਰੂਪ ਵਿਚ ਉਚਾਰੇ ਜਾਂਦੇ ਸਨ। ਇਨ੍ਹਾਂ ਤਿੰਨਾਂ ਤੋਂ ਬਾਅਦ ਹੌਲੀ-ਹੌਲੀ ਇਕ-ਇਕ ਕਰਕੇ ਸੰਪੂਰਣ ਸਪਤਕ ਦੀ ਰਚਨਾ ਹੋਈ। ਵੈਦਿਕ ਸੰਗੀਤ ਵਿਚ ਪ੍ਰਯੋਗ

ਹੋਣ ਵਾਲੇ ਸੱਤ ਸੁਰਾਂ ਦੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

| | | |
|---|---|---|
| 1. | ਕ੍ਰਿਸ਼ਨਾ | ਮਧਿਅਮ |
| 2. | ਪ੍ਰਥਮਾ | ਗੰਧਾਰ |
| 3. | ਦ੍ਵਿਤੀਆ | ਰਿਸ਼ਭ |
| 4. | ਤ੍ਰਿਤੀਆ | ਸ਼ੜਜ |
| 5. | ਚਤੁਰਥਾ | ਨਿਸ਼ਾਦ |
| 6. | ਮੰਦਰ | ਧੈਵਤ |
| 7. | ਅਤਿਸਵਰ | ਪੰਚਮ |

ਵੈਦਿਕ ਮੰਤ੍ਰਾਂ ਦਾ ਠੀਕ ਸ਼ੁਧ ਉਚਾਰਣ, ਉਤਰਾਅ, ਚੜ੍ਹਾਅ ਅਤੇ ਠਹਿਰਾਉ ਆਦਿ ਨੂੰ ਧਿਆਨ ਵਿੱਚ ਰਖਦੇ ਹੋਏ ਕਈ ਗਾਇਨ ਸ਼ੈਲੀਆਂ ਅਤੇ ਲੈਅ ਦੇ ਵੱਖ-ਵੱਖ ਪ੍ਰਕਾਰ ਹੋਂਦ ਵਿਚ ਆਏ। ਚੰਦਰ ਕਾਂਤਾ ਖੋਸਲਾ ਅਨੁਸਾਰ,"ਇਕੋ ਸੁਰ ਵਾਲਾ'ਆਰਚਿਕਾ', ਦੋ ਸੁਰਾਂ ਵਾਲੀ 'ਗੀਤਿਕਾ' ਵਿਚ ਪਰਿਵਰਤਿਤ ਹੋਇਆ ਤੇ ਫਿਰ ਉਸ ਤੋਂ ਬਾਅਦ ਤਿੰਨਾ ਸਵਰਾਂ 'ਤੇ ਆਧਾਰਿਤ 'ਸਾਮਿਕਾ' ਦੀ ਸਿਰਜਣਾ ਕੀਤੀ ਗਈ। ਇਹ ਚਾਲ ਇਥੇ ਹੀ ਬੰਦ ਨਹੀਂ ਹੋਈ। ਚਾਰ ਸਵਰਾਂ ਦਾ 'ਸਵਰੰਤਰ' ਪੰਜ ਸਵਰਾਂ ਦਾ 'ਔੜਵ' ਅਤੇ ਛੇ ਸਵਰਾਂ ਵਾਲਾ'ਸ਼ਾੜਵ', ਇਕ ਤੋਂ ਬਾਅਦ ਦੂਜਾ ਅਸੂਲ ਆਉਂਦਾ ਗਿਆ। ਸਿਖਰ ਤੇ ਪੁੱਜ ਕੇ 'ਸੰਪੂਰਨ' ਸੱਤ ਸਵਰਾਂ ਦਾ ਸਪਤਕ ਸੰਗੀਤ ਨੂੰ ਪ੍ਰਾਪਤ ਹੋਇਆ।"[1] ਪ੍ਰੋ. ਤਾਰਾ ਸਿੰਘ

---

1. ਖੋਸਲਾ, ਚੰਦਰ ਕਾਂਤਾ; ਭਾਰਤੀ ਸੰਗੀਤ ਦਾ ਇਤਿਹਾਸ,ਪੰਨਾ53

ਅਨੁਸਾਰ ਮਤੰਗ ਕ੍ਰਿਤ 'ਬ੍ਰਹਦਦੇਸ਼ੀ' ਅਤੇ 'ਨਾਰਦੀਆ ਸਿਕਸ਼ਾ' ਦੇ ਅਧਿਐਨ ਤੋਂ ਇਹ ਸਿੱਧ ਹੁੰਦਾ ਹੈ ਕਿ ਵੈਦਿਕ ਕਾਲ ਵਿਚ ਚਾਰ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਰਿਕ, ਗਾਥਾ, ਸਾਮਗਾਨ ਅਤੇ ਸਵਤੰਤਰ ਪ੍ਰਚਾਰ ਵਿਚ ਸਨ। ਰਿਕ: ਕੇਵਲ ਇਕੋ ਹੀ ਸੁਰ ਵਿਚ ਵੇਦ ਮੰਤਰ ਉਚਾਰਣ ਦੀ ਸ਼ੈਲੀ ਨੂੰ ਰਿਕ ਕਿਹਾ ਜਾਂਦਾ ਸੀ। ਗਾਥਾ: ਦੋ ਸੁਰਾਂ ਵਿਚ ਗਾਏ ਜਾਣ ਵਾਲੇ ਸ਼ਲੋਕਾਂ ਦੇ ਢੰਗ ਨੂੰ ਗਾਥਾ ਦਾ ਨਾਮ ਦਿਤਾ ਜਾਂਦਾ ਸੀ। ਸਾਮਗਾਨ: ਤਿੰਨ ਸੁਰ ਸਮੂਹ ਵਿਚ ਜੋ ਸ਼ਲੋਕ ਅਤੇ ਮੰਤਰ ਪੜ੍ਹੇ ਜਾਦੇ ਸਨ, ਉਸ ਢੰਗ ਨੂੰ 'ਸਾਮਗਾਨ' ਕਿਹਾ ਜਾਂਦਾ ਸੀ।[1]

ਉਪਰੋਕਤ ਵੱਖ-ਵੱਖ ਗਾਇਨ ਸ਼ੈਲੀਆਂ ਤੋਂ ਗਾਇਕਾਂ ਦੇ ਘਰਾਣਿਆਂ ਦਾ ਜਨਮ ਹੋਇਆ ਜੋ ਮੰਤਰਾਂ ਦੀ ਆਪਣੀ ਆਪਣੀ ਸ਼ੈਲੀ ਵਿਚ ਗਾਇਨ ਕਰਦੇ ਸਨ। ਕਨੌਵ ਵੰਸ਼ ਦੇ ਰਿਸ਼ੀ ਸਾਮ ਦੇ ਪਹਿਲੇ 50 ਸੂਕਤ ਅਤੇ ਅਠਵੇਂ ਮੰਡਲ ਦਾ ਗਾਇਨ ਕਰਦੇ ਸਨ। ਦੂਸਰੇ ਮੰਡਲ ਦੇ ਗਾਇਨ ਕਰਨ ਵਾਲੇ ਗ੍ਰਤਸਮੰਦ ਵੰਸ਼ ਦੇ ਰਿਸ਼ੀ ਹਨ। ਤੀਸਰਾ ਮੰਡਲ ਵਿਸ਼ਵਾ ਮਿਤਰ, ਚੌਥਾ ਵਾਮਦੇਵ, ਪੰਜਵਾਂ ਅਤ੍ਰਿਯ, ਛੇਵੇਂ ਬ੍ਰਹਿਮਪਤ ਅਤੇ ਸਤਵਾਂ ਵਿਸ਼ਿਸ਼ਟ ਵੰਸ਼ ਦੇ (ਘਰਾਣੇ ਦੇ) ਗਾਇਕਾਂ ਦੁਆਰਾ ਗਾਇਆ ਜਾਂਦਾ ਸੀ। ਨੌਵੇਂ ਮੰਡਲ ਨੂੰ ਸਾਰੇ ਹੀ ਘਰਾਣੇ ਗਾਉਂਦੇ ਸਨ।[1] ਗਾਇਨ ਦੀ ਆਸਾਨੀ ਲਈ ਸਾਮ ਦੇ ਮੁੱਖਗਾਇਕ ਅਤੇ ਉਪ ਗਾਇਕ ਦੋ ਵਰਗ ਸਨ। ਮੁੱਖ ਗਾਇਕ ਨੂੰ 'ਉਦਗਾਤਾ' ਕਹਿੰਦੇ ਸਨ। ਉਪਗਾਇਕਾਂ ਦਾ ਕੰਮ ਉਦਗਾਤਾ ਦੀ ਸਹਾਇਤਾ ਕਰਨਾ ਸੀ। ਉਹ ਵੀਣਾ ਦੇ ਸਹਾਰੇ ਸਥਾਈ ਸੁਰ ਦਾ ਨਿਰੰਤਰ

---

1. ਬਾਲੀ. ਐਚ. ਸੀ. ਸੰਗੀਤ ਪ੍ਰਕਾਸ਼, ਪੰਨਾ 44-45

ਗਾਇਨ ਕਰਦੇ ਸਨ ਤਾਂ ਕਿ ਉਦਗਾਤਾ ਨੂੰ ਉੱਚੇ ਸੁਰ ਵਿਚ ਗਾਇਨ ਕਰਨ ਤੇ ਵੀ ਆਪਣੇ ਮੂਲ ਭੂਤ ਸੁਰ ਦਾ ਧਿਆਨ ਰਹੇ।[1]

ਵੈਦਿਕ ਕਾਲ ਵਿਚ ਸੰਗੀਤਕ ਉਨੱਤੀ ਬਹੁਤ ਰਹੀ ਸੀ। ਜਿਥੇ ਗਾਇਨ ਦੀ ਮਹੱਤਤਾ ਇੰਨੀ ਵਧ ਰਹੀ ਸੀ, ਉਥੇ ਵਾਦਯ ਦੀਆਂ ਤਿੰਨੇ ਵੰਨਗੀਆਂ ਸਥਾਪਿਤ ਹੋ ਚੁੱਕੀਆਂ ਸਨ ਜਿਨ੍ਹਾਂ ਦਾ ਵੇਰਵਾ ਵਾਦਿਆਂ ਦੇ ਨਾਵਾਂ ਸਮੇਤ ਇਸ ਪ੍ਰਕਾਰ ਹੈ:

| | | |
|---|---|---|
| 1. | ਦੁਦੰਭੀ | ਸਾਧਾਰਣ ਢੋਲ |
| 2. | ਆਦੰਬਰਾ | ਢੋਲ ਦਾ ਹੀ ਇਕ ਰੂਪ |
| 3. | ਭੂਮੀ ਦੁਦੰਭੀ | ਪ੍ਰਿਥਵੀ ਦੇ ਅੰਦਰ ਗੱਡਾ ਕਰਕੇ ਉਸਦੇ ਉਪਰ ਖੱਲ ਮੜ ਕੇ ਅਤੇ ਪੀਟਕਰ ਵਜਾਉਣ ਵਾਲਾ ਢੋਲਕ |
| 4. | ਵਨਸਪਤੀ | ਲੱਕੜੀ ਦਾ ਢੋਲ |
| 5. | ਅਘਾਤੀ | ਛਾਂਝ ਮਜੀਰਾ ਜੋ ਕਿ ਨ੍ਰਿਤ ਦੇ ਨਾਲ ਵਜਾਇਆ ਜਾਂਦਾ ਹੈ। |
| 6. | ਕਰਕਰੀ | ਇਕ ਪ੍ਰਕਾਰ ਦੀ ਬਾਂਸਰੀ |
| 7. | ਗੋਧਾ ਬੀਨਾ | ਇਕ ਪ੍ਰਕਾਰ ਦੀ ਬਾਂਸਰੀ |
| 8. | ਵਾਨਾ | ਸੌ ਤਾਰਾਂ ਵਾਲੀ ਵੀਣਾ |
| 9. | ਤਾਨਵ | ਲੱਕੜੀ ਦੀ ਬਾਂਸਰੀ |
| 10. | ਨਾਦੀ | ਬਾਂਸਰੀ ਨਰਕਟ ਦੀ ਬਣੀ[2] |

---

1. ਪਰਾਂਜਪੇ, ਸ੍ਰੀ ਧਰ, ਸੰਗੀਤ ਬੋਧ, ਪੰਨਾ 14
2. ਰਾਮ ਅਵਤਾਰ ਵੀਰ, ਭਾਰਤੀਯ ਸੰਗੀਤ (ਪ੍ਰਥਮ ਭਾਗ), ਪੰਨਾ 44

ਵੈਦਿਕ ਕਾਲ ਦੇ ਸੁਰ, ਸਪਤਕ, ਗਾਇਨ, ਵਾਦਨ, ਵਾਦਯ ਦੀਆਂ ਵੰਨਗੀਆਂ ਸੰਬੰਧੀ ਜਾਣਕਾਰੀ ਉਸ ਕਾਲ ਵਿਚ ਲਿਖੇ ਗਏ ਸੰਗੀਤ ਗ੍ਰੰਥਾਂ ਤੋਂ ਹੁੰਦੀ ਹੈ, ਉਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1- ਨਾਰਦੀਆ ਸ਼ਿਕਸ਼ਾ

2. ਮਤੰਗ ਕ੍ਰਿਤ ਬ੍ਰਹਦਦੇਸ਼ੀ

3. ਪਾਣਨੀ ਅਸ਼ਟਧਿਆਇ

4. ਵੇਦ ਪ੍ਰਤੀਸੰਖਿਆ

5. ਤੈਤ੍ਰਯ ਪ੍ਰਤੀਸੰਖਿਆ

6. ਸੰਗੀਤਮਈ ਵੇਦ ਪਾਠ

7. ਰਿਕ ਪ੍ਰਤੀਸੰਖਿਆ

8. ਸਾਮਵੇਦ ਸੰਹਿਤਾ ਆਦਿ।

ਭਾਰਤੀ ਸੰਗੀਤ ਵਿਚ ਵੈਦਿਕ ਸੰਗੀਤ ਤੋਂ ਬਾਅਦ ਜਾਤੀ ਗਾਇਨ ਪ੍ਰਚਾਰ ਵਿਚ ਆਇਆ। ਜਾਤੀਆਂ ਨੂੰ ਵੇਦਾਂ ਦੀ ਤਰ੍ਹਾਂ ਹੀ ਪਵਿੱਤਰ ਮੰਨਿਆਂ ਜਾਂਦਾ ਸੀ। ਕੁਝ ਤਾਲਬੱਧ ਰਚਨਾਵਾਂ, ਜਿਨ੍ਹਾਂ ਦਾ ਗਾਇਨ ਸਮਾਜਿਕ ਉਤਸਵ, ਮੰਦਿਰ ਅਤੇ ਧਾਰਮਿਕ ਸਮਾਗਮ ਸਮੇਂ ਕੀਤਾ ਜਾਂਦਾ ਸੀ, ਭਰਤ ਨੇ ਉਨ੍ਹਾਂ ਗੀਤਾਂ ਨੂੰ ਜਾਤੀਆਂ ਦਾ ਨਾਮ ਦਿੱਤਾ। ਆਚਾਰੀਆ ਅਭਿਨਵ ਗੁਪਤ ਦੀ ਨਾਟਯ ਸ਼ਾਸਤਰ ਦੀ ਟੀਕਾ ਅਨੁਸਾਰ "ਸ਼ੁਧ ਰਾਗ, ਭਿੰਨ ਰਾਗ, ਗੌੜ ਰਾਗ, ਕੌਸ਼ਿਕ ਰਾਗ, ਸਾਧਾਰਣ ਰਾਗ, ਭਾਸ਼ਾ ਰਾਗ, ਵਿਭਾਸ਼ਾ ਰਾਗ ਇਹ ਸੱਤ ਗੀਤੀਆਂ ਦੇ ਰਾਗ ਦ੍ਰਿਸ਼ਟਫਲ ਦੀ ਸਿਧੀ ਅਤੇ ਭਾਵ, ਰਸ ਦਾ ਉਪਰਜਨ ਜਿਨ੍ਹਾਂ ਤੋਂ ਹੁੰਦਾ ਹੈ,

'ਜਾਤੀਆਂ' ਕਹਿਲਾਉਂਦੀਆਂ ਹਨ।"[1] ਸ਼ਰੁਤੀ, ਗ੍ਰਹਿ ਸੁਰ ਆਦਿ ਦੇ ਸਮੂਹ ਤੋਂ ਜਾਤੀ ਦੀ ਰਚਨਾ ਹੁੰਦੀ ਹੈ।[2] ਜਾਤੀਆਂ ਦੇ 18 ਪ੍ਰਕਾਰ ਹਨ ਇਨ੍ਹਾਂ ਵਿਚ ਸੱਤ ਸ਼ੁਧ ਅਤੇ ਗਿਆਰਾਂ ਵਿਕਰਤ ਜਾਤੀਆਂ ਹਨ। ਸੱਤ ਸ਼ੁਧ ਜਾਤੀਆਂ ਦੇ ਨਾਮ ਸ਼ੁਧ ਸੁਰਾਂ ਦੇ ਨਾਮ ਹੀ ਹਨ। ਇਹ ਸੱਤ ਜਾਤੀਆਂ ਸੰਪੂਰਣ ਸਨ ਅਤੇ ਜਾਤੀ ਦੇ ਨਾਮ ਵਾਲਾ ਸੁਰ ਜਾਤੀ ਵਿਚ ਗ੍ਰਹਿ, ਅੰਸ਼ ਅਤੇ ਨਿਆਸ ਹੁੰਦਾ ਸੀ। ਇਨ੍ਹਾਂ ਸ਼ੁਧ ਜਾਤੀਆਂ ਦੇ ਆਪਸੀ ਮੇਲ ਜਾਂ ਕਿਸੀ ਲੱਛਣ ਵਿਚ ਪਰਿਵਰਤਨ ਹੋਣ ਤੇ ਵਿਕਰਿਤ ਜਾਤੀਆਂ ਦੀ ਰਚਨਾ ਹੁੰਦੀ ਹੈ।

ਦੋ ਜਾਤੀਆਂ ਦੇ ਮਿਸ਼ਰਣ ਤੋਂ ਉਤਪੰਨ ਜਾਤੀਆਂ ਨੂੰ 'ਮਿਸ਼ਰਤ ਜਾਤੀਆਂ' ਕਿਹਾ ਜਾਂਦਾ ਹੈ ਅਤੇ ਦੋ ਤੋਂ ਜ਼ਿਆਦਾ ਜਾਤੀਆਂ ਦੇ ਮੇਲ ਤੋਂ 'ਸੰਕੀਰਤਨ ਜਾਤੀਆਂ' ਦੀ ਉਤਪਤੀ ਮੰਨੀ ਜਾਂਦੀ ਹੈ। ਜਾਤੀਆਂ ਦੀ ਵੰਡ ਸ਼ੜਜ ਅਤੇ ਮਧਿਅਮ ਗਰਾਮ ਵਿਚ ਕੀਤੀ ਗਈ ਹੈ। ਸ਼ੁਧ ਜਾਤੀਆਂ ਵਿਕਰਤ ਹੋਣ ਤੇ ਵੀ ਕਿਸੀ ਗਰਾਮ ਨਾਲ ਸੰਬੰਧ ਰਖਦੀਆਂ ਸਨ। ਕਿਸੇ ਵੀ ਇਕ ਜਾਤੀ ਵਿਚ ਸੁਰ ਦੇ ਦੋਨੋਂ ਰੂਪ ਇਕੋ ਸਮੇਂ ਇਕੱਠੇ ਨਹੀਂ ਆ ਸਕਦੇ ਅਤੇ ਕੋਈ ਵੀ ਜਾਤੀ ਇਕੋ ਸਮੇਂ ਦੋ ਗਰਾਮਾਂ ਨਾਲ ਸੰਬੰਧਿਤ ਨਹੀਂ ਹੁੰਦੀ ਸੀ। ਜਾਤੀ ਦੇ ਦਸ ਲੱਛਣ ਗ੍ਰਹਿ, ਅੰਸ਼, ਨਿਆਸ, ਅਪਨਿਆਸ, ਮੰਦਰ, ਤਾਰ, ਅਲਪੱਤਵ, ਬਹੁਤਵ, ਔੜਵਤਵ, ਸ਼ਾੜਵਤਵ ਹਨ। ਪੰਡਿਤ ਸ਼ਾਰੰਗਦੇਵ ਨੇ ਇਨ੍ਹਾਂ ਦਸ ਲਛਣਾਂ ਤੋਂ ਇਲਾਵਾ ਸੰਨਿਆਸ, ਵਿਨਿਆਸ, ਅੰਤਰਮਾਰਗ ਇਹ ਤਿੰਨ ਲੱਛਣ ਕੁਲ 13 ਮੰਨੇ ਹਨ।

---

1. ਅਚਾਰੀਆ ਬ੍ਰਹਸਪਤਿ, ਨਾਟਯ ਸ਼ਾਸਤਰ 27ਵਾਂ ਅਧਿਆਇ, ਪੰਨਾ-86
2. ਮਤੰਗ ਮੁਨੀ, ਬ੍ਰਹਦਦੇਸ਼ੀ, (ਸੰਪਾ. ਬਾਲ ਕ੍ਰਿਸ਼ਣ ਗਰਗ), ਪੰਨਾ 17

ਜਾਤੀ ਗਾਇਨ ਦੀ ਪਰਿਭਾਸ਼ਾ, ਭੇਦ, ਸਿਧਾਂਤ ਅਤੇ ਸਰੂਪ ਦਾ ਗਿਆਨ ਸਾਨੂੰ ਭਰਤ ਦੇ 'ਨਾਟਯ ਸ਼ਾਸਤਰ' ਗ੍ਰੰਥ ਤੋਂ ਇਲਾਵਾ ਦਤਿੱਲ ਦਾ 'ਦਤਿੱਲਮ' ਅਤੇ ਕੋਹਲ ਦੇ ਲਿਖਿਤ 'ਸੰਗੀਤ ਮੇਰੂ', 'ਅਭਿਨਵ ਸ਼ਾਸਤਰ', 'ਕੋਹਲ ਰਹੱਸਮਯ' ਆਦਿ ਗ੍ਰੰਥਾਂ ਤੋਂ ਹੁੰਦਾ ਹੈ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

<u>ਨਾਟਯ ਸ਼ਾਸਤਰ:</u> ਭਰਤ ਦਾ ਲਿਖਿਤ 'ਨਾਟਯ ਸ਼ਾਸਤਰ' ਗ੍ਰੰਥ ਨਾਟ**ਯ** ਅਤੇ ਸੰਗੀਤ ਦਾ ਆਧਾਰ ਗ੍ਰੰਥ ਹੈ। ਪ੍ਰਾਚੀਨ ਕਾਲ ਵਿਚ ਸੰਗੀਤ ਨਾਟਕ ਦਾ ਇਕ ਅੰਗ ਸੀ ਇਸ ਲਈ ਨਾਟਕ ਸੰਬੰਧੀ ਚਰਚਾ ਕਰਦਿਆਂ ਸੰਗੀਤ ਦੇ ਬੁਨਿਆਦੀ ਸਿਧਾਂਤਾਂ ਦਾ ਵੀ ਵਰਣਨ ਕੀਤਾ ਹੈ। ਇਸ ਗ੍ਰੰਥ ਦੇ ਕੁਲ 36 ਅਧਿਆਇ ਹਨ ਅਤੇ 28 ਤੋਂ 33 ਵੇਂ ਅਧਿਆਇ ਤਕ ਸੰਗੀਤ ਦੇ ਸਿਧਾਂਤਾਂ ਸੰਬੰਧੀ **ਚਰਚਾ** ਕੀਤੀ ਗਈ ਹੈ।

ਭਰਤ ਨੇ 7 ਸ਼ੁਧ ਅਤੇ 2 ਵਿਕਰਿਤ ਸੁਰ ਮੰਨੇ ਹਨ। 7 ਸ਼ੁਧ ਸੁਰਾਂ ਦੇ ਨਾਮ ਸ਼ੜਜ, ਰਿਸ਼ਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਸ਼ਾਦ ਅਤੇ ਵਿਕਰਿਤ ਸੁਰ ਅੰਤਰ ਗੰਧਾਰ ਤੇ ਕਾਕਲੀ ਨਿਸ਼ਾਦ ਹਨ। ਇਨ੍ਹਾਂ ਸੁਰਾਂ ਨੂੰ 22 ਸ਼ਰੁਤੀਆਂ ਤੇ 'ਚਤੁਸ਼ਚਤੁਸ਼ ਚੇਵ' ਦੇ ਸਿਧਾਂਤਾਂ'ਤੇ ਸਥਾਪਿਤ ਕੀਤਾ ।

ਭਰਤ ਨੇ ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ ਸੁਰਾਂ ਦਾ ਪ੍ਰਯੋਗ ਵੀ ਕੀਤਾ ਹੈ। ਵਾਦੀ ਤੇ ਸੰਵਾਦੀ ਸੁਰ ਵਿਚ 9 ਜਾਂ 13 ਸਰੁਤੀਆਂ ਦਾ ਅੰਤਰ ਮੰਨਿਆਂ ਜਾਂਦਾ ਹੈ ਅਤੇ 2 ਸ਼ਰੁਤੀਆਂ ਤੇ ਵਿਵਾਦੀ ਸੁਰ ਮੰਨੇ ਜਾਂਦੇ ਹਨ ਤੇ ਬਾਕੀ ਸੁਰ ਅਨੁਵਾਦੀ ਸੁਰ ਹਨ। ਇਥੇ **9** ਸ਼ਰੁਤੀਆਂ ਦਾ ਅੰਤਰ ਸ਼ੜਜ ਮਧਿਅਮ ਅਤੇ 13 ਸ਼ਰੁਤੀਆਂ ਦਾ ਅੰਤਰ ਸ਼ੜਜ ਪੰਚਮ ਸੰਬੰਧ ਸਥਾਪਿਤ ਕਰਦਾ ਹੈ।

ਭਰਤ ਨੇ 22 ਸ਼ਰੁਤੀਆਂ ਨੂੰ ਸਮਾਨ ਨਿਰਧਾਰਣ ਕਰਨ ਲਈ ਚਲ ਅਤੇ ਅਚਲ ਦੋ ਵੀਣਾਵਾਂ ਤੇ ਸਾਰਣਾ ਚਤੁਸ਼ਟਈ ਦਾ ਪ੍ਰਯੋਗ ਕੀਤਾ। ਚਲ ਵੀਣਾ ਦੇ ਪਰਦੇ ਹਿਲਾਏ ਜਾ ਸਕਦੇ ਸਨ ਪਰ ਅਚਲ ਵੀਣਾ ਦੇ ਪਰਦੇ ਸਥਿਰ ਸਨ। ਇਨ੍ਹਾਂ ਦੋਵੇਂ ਵੀਣਾਵਾਂ ਨੂੰ ਪਹਿਲਾਂ ਸ਼ੜਜ ਗ੍ਰਾਮ ਵਿਚ ਮਿਲਾਇਆ ਅਤੇ ਫਿਰ ਮਧਿਅਮ ਗ੍ਰਾਮ ਨੂੰ ਚਾਰ ਵਾਰੀ ਸ਼ੜਜ ਗ੍ਰਾਮ ਵਿਚ ਪਰਿਵਰਤਿਤ ਕੀਤਾ। ਉਸਦੇ ਇਸ ਪ੍ਰਯੋਗ ਦੁਆਰਾ ਪੰਚਮ ਸੁਰ ਨੂੰ ਇਕ ਸੁਰ ਹੇਠਾਂ ਕਰਨ ਤੇ ਮਧਿਅਮ ਗ੍ਰਾਮ ਬਣਿਆ। ਇਸਤਰ੍ਹਾਂ 22 ਸ਼ਰੁਤੀਆਂ ਦੀ ਸਥਾਪਨਾ ਕੀਤੀ।

ਭਰਤ ਨੇ ਦੋ ਗਰਾਮ ਸ਼ੜਜ ਅਤੇ ਮਧਿਅਮ ਗਰਾਮ ਦਾ ਉਲੇਖ ਕੀਤਾ ਹੈ। ਇਨ੍ਹਾਂ ਗਰਾਮਾਂ ਦੀ ਰਚਨਾ ਪੰਚਮ ਸੁਰ ਦੇ ਇਕ ਸ਼ਰੁਤੀ ਘੱਟ ਹੋ ਜਾਣ ਨਾਲ ਹੁੰਦੀ ਹੈ। ਮਧਿਅਮ ਗਰਾਮ ਵਿਚ ਪੰਚਮ ਇਕ ਸ਼ਰੁਤੀ ਘੱਟ ਹੈ ਅਰਥਾਤ ਮਧਿਅਮ ਗਰਾਮ ਵਿਚ ਪੰਚਮ ਦੀਆਂ ਤਿੰਨ ਸ਼ਰੁਤੀਆਂ ਅਤੇ ਸ਼ੜਜ ਗਰਾਮ ਵਿਚ ਪੰਚਮ ਦੀਆਂ ਚਾਰ ਸ਼ਰੁਤੀਆਂ ਪ੍ਰਯੋਗ ਹੁੰਦੀਆਂ ਹਨ। ਸ਼ੜਜ ਗਰਾਮਿਕ ਸਵਰ ਵਿਵਸਥਾ ਵਿਚ ਗੰਧਾਰ, ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁਧ ਹਨ ਜੋ ਆਧੁਨਿਕ ਕਾਫੀ ਥਾਟ ਸਮਾਨ ਹੈ। ਗੰਧਾਰ ਗਰਾਮ ਦਾ ਭਰਤ ਨੇ ਉਲੇਖ ਨਹੀਂ ਕੀਤਾ।

ਭਰਤ ਨੇ ਸੁਰਾਂ ਦੇ ਕ੍ਰਮਵਾਰ ਸਮੂਹ ਨੂੰ ਮੂਰਛਨਾ ਕਿਹਾ । ਇਹ ਮੂਰਛਨਾਵਾਂ ਵੈਦਿਕ ਪੱਧਤੀ ਦੇ ਅਨੁਸਾਰ ਅਵਰੋਹੀ ਕ੍ਰਮ ਦੀਆਂ ਹਨ। ਉਕਤ ਵਰਣਿਤ ਦੋ ਗਰਾਮਾਂ ਤੋਂ ਸੱਤ-ਸੱਤ ਮੂਰਛਨਾ ਦੀ ਰਚਨਾ ਕਰਕੇ ਕੁਲ 14 ਮੂਰਛਨਾ ਮੰਨੀਆਂ। ਇਨ੍ਹਾਂ 14 ਮੂਰਛਨਾਵਾਂ ਦੇ ਚਾਰ ਭੇਦ ਅਨੁਸਾਰ ਕੁਲ ਗਿਣਤੀ 56 ਹੋ ਜਾਂਦੀ ਹੈ।

ਇਨ੍ਹਾਂ ਮੂਰਛਨਾਵਾਂ ਦਾ ਆਰੰਭ ਮਧਿਅਮ ਸੁਰ ਤੋਂ ਕੀਤਾ ਜਿਸ ਤੇ ਤਿੰਨਾਂ ਸਪਤਕਾਂ ਦੀ ਸਿਧੀ ਹੁੰਦੀ ਹੈ। ਸੁੜਜ ਗਰਾਮ ਵਿਚ ਸੁੜਜ ਨੂੰ ਮਧਿਅਮ ਦਾ ਸਥਾਨ ਪ੍ਰਾਪਤ ਹੈ ਜਦੋਂ ਕਿ ਮਧਿਅਮ ਗਰਾਮ ਵਿਚ ਨਹੀਂ ਪਰੰਤੂ ਆਧੁਨਿਕ ਸ਼ੁਧ ਸਵਰ ਸਪਤਕ ਦਾ ਸੁੜਜ ਭਰਤ ਦਾ ਮਧਿਅਮ ਸੁਰ ਹੈ।

ਭਰਤ ਨੇ ਜਾਤੀ ਦੀ ਸੰਗਿਆ ਉਸਨੂੰ ਦਿਤੀ ਜਿਸ ਵਿਸ਼ਿਸ਼ਟ ਸੁਰ ਸਮੂਹ ਵਿਚ ਰੰਜਕਤਾ ਪ੍ਰਦਾਨ ਕਰਨ ਹਿਤ ਗ੍ਰਹਿ, ਅੰਸ,ਤਾਰ, ਮੰਦਰ, ਔੜਤਵ, ਸ਼ਾੜਤਵ, ਅਲੱਪਤਵ, ਬਹੁਤਵ, ਨਿਆਸ, ਅਪਨਿਆਸ ਇਹ ਦਸ ਲੱਛਣ ਮੌਜੂਦ ਹੋਣ। ਭਰਤ ਨੇ ਕੁਲ 18 ਜਾਤੀਆਂ ਮੰਨੀਆਂ ਹਨ ਜਿਨ੍ਹਾਂ ਵਿਚ 7 ਸ਼ੁਧ ਅਤੇ 11 ਵਿਕਰਤ ਜਾਤੀਆਂ ਹਨ।ਇਨ੍ਹਾਂ ਜਾਤੀਆਂ ਤੋਂ ਇਲਾਵਾ ਭਰਤ ਨੇ ਆਪਣੇ ਸਮੇਂ ਪ੍ਰਚਲਿਤ ਵੀਣਾਂ ਦੇ ਕਈ ਪ੍ਰਕਾਰਾਂ ਦਾ ਵਰਣਨ ਕੀਤਾ ਜਿਵੇਂ-ਚਿਤਰਾ, ਵਿਪੰਚੀ, ਕੱਛਪੀ, ਘੋਸ਼ਕ, ਕੋਕਿਲਾ ਆਦਿ।

ਭਰਤ ਨੇ ਸੰਗੀਤ ਦੇ ਮਹੱਤਵਪੂਰਨ ਸਿਧਾਂਤਾਂ ਦਾ ਵਰਣਨ ਕੀਤਾ ਜਿਸਨੂੰ ਆਧੁਨਿਕ ਸਮੇਂ ਵੀ ਮਾਨਤਾ ਪ੍ਰਦਾਨ ਹੈ।

<u>ਦਤਿੱਲਮ:</u> ਇਸ ਗ੍ਰੰਥ ਦੀ ਰਚਨਾ ਭਰਤ ਦੇ ਪੁੱਤਰ ਦਤਿੱਲ ਦੁਆਰਾ ਮੰਨੀ ਜਾਂਦੀ ਹੈ। ਇਹ ਗ੍ਰੰਥ ਆਕਾਰ ਵਿਚ ਬਹੁਤ ਛੋਟਾ ਹੈ ਪਰ ਇਸ ਵਿਚ ਉਸ ਸਮੇਂ ਪ੍ਰਚੱਲਿਤ ਸੰਗੀਤ ਦੇ ਸਮੂਹ ਤਕਨੀਕੀ ਸ਼ਬਦਾਂ ਬਾਰੇ ਜਾਣਕਾਰੀ ਮਿਲਦੀ ਹੈ। ਇਹ ਗ੍ਰੰਥ ਪੂਰਣ ਸ਼ਲੋਕ ਬੱਧ ਹੈ। ਇਸ ਵਿਚ 7 ਸੁਰ, 2 ਗਰਮ, 22 ਸ਼ਰੁਤੀਆਂ, 18 ਜਾਤੀਆਂ ਅਤੇ ਉਨ੍ਹਾਂ ਦੇ ਨਾਮ, ਅਲੰਕਾਰ, ਵਰਣ, ਗਮਕ ਤਾਲ ਅਤੇ ਲੈਅ ਆਦਿ ਵਿਸ਼ਿਆ ਤੇ ਚਰਚਾ ਕੀਤੀ ਗਈ ਹੈ।ਦਤਿੱਲ ਨੇ ਆਪਣੇ ਇਸ ਗ੍ਰੰਥ ਵਿਚ ਨਾਰਦ, ਕੋਹਲ, ਵਿਸ਼ਾਖਲ ਵਰਗੇ ਵਿਦਵਾਨਾਂ ਦਾ ਜ਼ਿਕਰ ਵੀ ਕੀਤਾ ਹੈ।

ਨਾਟਯ ਸ਼ਾਸਤਰ ਅਤੇ ਦਤਿੱਲਮ ਤੋਂ ਇਲਾਵਾ ਕੋਹਲ ਨੇ ਆਪਣੇ ਗ੍ਰੰਥ ਦੀ ਰਚਨਾ ਕੀਤੀ। ਇਸ ਵਿਚ ਕੋਹਲ ਨੇ 'ਨਾਟਯ ਸ਼ਾਸਤਰ' ਨੂੰ ਆਪਣੇ ਗੰਭੀਰ ਅਧਿਐਨ ਅਤੇ ਚਿੰਤਨ ਉਪਰੰਤ ਭਰਤ ਦੇ ਸਿਧਾਂਤਾਂ ਨੂੰ ਵਿਸਤ੍ਰਿਤ ਵਿਆਖਿਆ ਸਹਿਤ ਪ੍ਰਸਤੁਤ ਕੀਤਾ ਹੈ। ਕੋਹਲ ਦੇ ਹੋਰ ਗ੍ਰੰਥ 'ਕੋਹਲ ਮੰਤਮ', ਕੋਹਲ ਰਹੱਸਿਆਮ', 'ਕਹੋਲਾਨੁਯਾਈ' ਵੀ ਉਪਲੱਬਧ ਹੁੰਦੇ ਹਨ ਪਰ ਇਨਾਂ ਬਾਰੇ ਵਿਦਵਾਨਾਂ ਵਿਚ ਮੱਤਭੇਦ ਪਾਇਆ ਜਾਂਦਾ ਹੈ।

ਜਾਤੀ ਗਾਇਨ ਤੋਂ ਬਾਅਦ 'ਰਾਗ ਗਾਇਨ' ਪ੍ਰਚਾਰ ਵਿਚ ਆਇਆ। ਰਾਗ ਸ਼ਬਦ ਦਾ ਰੰਜਕਤਾ ਲਈ ਪ੍ਰਯੋਗ ਅਤੇ ਇਸਦੀ ਪਰਿਭਾਸ਼ਾ ਸਭ ਤੋਂ ਪਹਿਲਾਂ ਮਤੰਗ ਮੁਨੀ ਦੇ ਗ੍ਰੰਥ 'ਬ੍ਰਹਦਦੇਸ਼ੀ' ਵਿਚ ਮਿਲਦੀ ਹੈ।

<u>ਬ੍ਰਹਦਦੇਸ਼ੀ:</u> ਮਤੰਗ ਕ੍ਰਿਤ 'ਬ੍ਰਹਦਦੇਸ਼ੀ' ਦਤਿੱਲ ਦੇ ਗ੍ਰੰਥ ਦੀ ਤਰ੍ਹਾਂ ਅਤਿਅੰਤ ਸੰਖੇਪ ਨਹੀਂ ਹੈ। ਦਤਿੱਲ ਦੇ ਗ੍ਰੰਥ ਵਿਚ ਉਲੇਖਿਤ ਜ਼ਿਆਦਾਤਰ ਵਿਸ਼ੇ ਤਾਂ ਉਸੀ ਰੂਪ ਵਿਚ ਮਿਲ ਜਾਂਦੇ ਹਨ ਜਿਵੇਂ 'ਨਾਟਯ ਸ਼ਾਸਤਰ' ਵਿਚ ਪਰੰਤੂ ਇਸ ਵਿਚ ਕੁਝ ਨਵੀਨ ਵੀ ਹਨ। ਮਤੰਗ ਨੇ ਆਪਣੇ ਗ੍ਰੰਥ ਵਿਚ ਕਸ਼ਿਵ, ਨੰਦੀ, ਕੋਮਲ, ਦੁਰਗ ਸ਼ਕਤੀ, ਦਤਿੱਲ, ਸਾਰਦੂਰ, ਵਿਸ਼ਵਵਾਸੂ, ਆਦਿ ਆਚਾਰੀਆਂ ਦਾ ਪਰਿਚਯ ਦਿੱਤਾ ਹੈ। ਇਸ ਗ੍ਰੰਥ ਵਿਚ ਅਧਿਆਇ ਉਤੇ ਅੰਕ ਨਹੀਂ ਦਿਤੇ ਗਏ ਕੇਵਲ ਅੰਤਿਮ ਅਧਿਆਇ ਨੂੰ ਛੇਵਾਂ ਅਧਿਆਇ ਕਿਹਾ ਹੈ। ਇਸ ਵਿਚ ਨਾਦ ਦੀ ਉਤਪਤੀ, ਨਾਦ ਦੇ ਪ੍ਰਕਾਰ, ਸ਼ਰੁਤੀ ਦੇ ਅੰਤਰਗਤ ਸ਼ਰੁਤੀ ਦੀਪਰਿਭਾਸ਼ਾ,22 ਪ੍ਰਕਾਰ ਦੀਆਂ ਸ਼ਰੁਤੀਆਂ, ਸ਼ਰੁਤੀ ਦਾ ਪ੍ਰਮਾਣ, ਪ੍ਰਮਾਣ ਸ਼ਰੁਤੀ ਅਤੇ ਸੁਰ ਵਿਚ ਸੰਬੰਧ ਦਰਸਾਇਆ ਗਿਆ ਹੈ। ਸੁਰ ਬਾਰੇ ਵਿਆਖਿਆ ਕਰਦੇ ਸਮੇਂ ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ ਸੁਰ ਕੁਲ ਅਤੇ ਦੇਵਤਾ, ਸਪਤ ਸਵਰਾਂ ਦੀ

12 ਮੁਰਛਨਾ ਵਿਧੀ, ਮੁਰਛਨਾ ਅਤੇ ਤਾਨ ਵਿਚ ਅੰਤਰ ਤੋਂ ਇਲਾਵਾ ਜਾਤੀ ਗਾਇਨ ਦੀ ਵਿਧੀ, ਲੱਛਣ ਬਾਰੇ ਵਿਵਰਣ ਹੈ। ਜਾਤੀ ਗਾਇਨ ਬਾਰੇ ਵਿਸਤ੍ਰਿਤ ਚਰਚਾ ਦੇ ਨਾਲ-ਨਾਲ 'ਰਾਗ' ਦੀ ਪਰਿਭਾਸ਼ਾ ਦਿੰਦਿਆਂ ਮਤੰਗ ਨੇ ਲਿਖਿਆ ਹੈ ਕਿ ਰਾਗ ਜਾਤੀ ਦਾ ਹੀ ਵਿਕਸਿਤ ਅਤੇ ਪਰਿਵਰਤਿਤ ਰੂਪ ਹੈ। ਜਾਤੀ ਦੇ ਲੱਛਣ ਹੀ ਵਿਕਸਿਤ ਹੋ ਕੇ ਰਾਗ ਦੇ ਲੱਛਣ ਬਣੇ। ਮਤੰਗ ਨੇ ਇਨ੍ਹਾਂ ਰਾਗਾਂ ਦਾ ਵਰਗੀਕਰਣ ਗਰਾਮ ਰਾਗ ਅਤੇ ਦੇਸੀ ਰਾਗ ਵਿਚ ਕੀਤਾ ਅਤੇ ਇਨ੍ਹਾਂ ਸਾਰੇ ਰਾਗਾਂ ਦਾ ਵਿਭਾਜਨ ਸੱਤ ਗੀਤੀਆਂ ਸ਼ੁਧਾ, ਭਿੰਨਾ, ਗੌੜੀ, ਸਾਧਾਰਣ, ਭਾਸ਼ਾ, ਵਿਭਾਸ਼ਾ ਦੇ ਅੰਤਰਗਤ ਕੀਤਾ । ਪਹਿਲੀਆਂ ਤਿੰਨ ਗੀਤੀਆਂ ਨੂੰ ਪੁਰਸ਼ ਵਾਚੀ ਅਤੇ ਪਿਛਲੀਆਂ ਦੋ ਨੂੰ ਇਸਤਰੀ ਵਾਚੀ ਕਿਹਾ ਹੈ।

'ਬ੍ਰਹਦਦੇਸ਼ੀ' ਵਿਚ ਸੰਗੀਤ ਸੰਬੰਧੀ ਉਪਰੋਕਤ ਸਮੱਗਰੀ ਦੀ ਵਿਸ਼ੇਸ਼ ਜਾਣਕਾਰੀ ਖ਼ਾਸ ਕਰਕੇ ਰਾਗ ਬਾਰੇ ਉਲੇਖ, ਰਾਗਾਂ ਦਾ ਵਰਗੀਕਰਣ ਵਿਸਥਾਰ ਪੂਰਵਕ ਮਿਲਦਾ ਹੈ। ਇਸ ਲਈ ਸੰਗੀਤ ਸ਼ਾਸਤਰ ਦੇ ਖੇਤਰ ਵਿਚ 'ਬ੍ਰਹਦਦੇਸ਼ੀ' ਆਪਣਾ ਇਕ ਮਹੱਤਵਪੂਰਨ ਸਥਾਨ ਰਖਦਾ ਹੈ।

ਉਪਰੋਕਤ ਚਰਚਾ ਤੋਂ ਪਤਾ ਲਗਦਾ ਹੈ ਕਿ ਭਾਰਤੀ ਸ਼ਾਸਤਰੀ ਸੰਗੀਤ ਦਾ ਪ੍ਰਮਾਣਿਕ ਸਰੋਤ ਭਾਰਤੀ ਸੰਗੀਤ ਗ੍ਰੰਥ ਹੀ ਹਨ ਇਸ ਲਈ ਇਨ੍ਹਾਂ ਦਾ ਇਸ ਪ੍ਰਸੰਗ ਵਿਚ ਉਕਤ ਅਧਿਐਨ ਸਦੈਵ ਸਾਡਾ ਮਾਰਗਦਰਸ਼ਨ ਕਰਦਾ ਆ ਰਿਹਾ ਹੈ। ਇਸ ਦ੍ਰਿਸ਼ਟੀ ਤੋਂ ਅਸੀਂ ਮੱਧ ਕਾਲ ਤੋਂ ਪੂਰਵਲੇ ਸ਼ਾਸਤਰੀ ਸੰਗੀਤ ਸੰਬੰਧੀ ਇਸ ਸਮੁੱਚੇ ਕਾਰਜ ਨੂੰ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀ ਪਿੱਠ ਭੂਮੀ ਵਜੋਂ ਪ੍ਰਸਤੁਤ ਕੀਤਾ ਹੈ।

## ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦਾ ਵਿਕਾਸ

ਲਗਭਗ 12ਵੀਂ ਸਦੀ ਤਕ ਮੁਸਲਮਾਨਾਂ ਵਲੋਂ ਭਾਰਤ ਤੇ ਹਮਲੇ ਹੁੰਦੇ ਰਹੇ ਅਤੇ ਮੁਸਲਮਾਨਾਂ ਦੇ ਆਗਮਨ ਦੇ ਨਾਲ ਹੀ ਭਾਰਤੀ ਸੰਗੀਤ ਪਤਨ ਦੇ ਰਾਹ 'ਤੇ ਚਲ ਪਿਆ। ਭਾਰਤੀ ਸੰਗੀਤ ਆਪਣੀ ਪਵਿੱਤਰਤਾ ਨੂੰ ਖੋ ਕੇ ਸ਼ਿੰਗਾਰਿਕ ਵਾਤਾਵਰਣ ਵਿਚ ਭੋਗ ਵਿਲਾਸ ਦਾ ਸਾਧਨ ਬਣ ਗਿਆ। ਮੁਸਲਿਮ ਸੰਸਕ੍ਰਿਤੀ ਨੇ ਮਾਨਵ ਜੀਵਨ ਵਿਚ ਪ੍ਰਵੇਸ਼ ਕਰ ਲਿਆ ਸੀ। ਮੁਸਲਿਮ ਰਾਜਿਆਂ ਨੇ ਮੁਸਲਿਮ ਸੰਗੀਤ ਦਾ ਪ੍ਰਚਾਰ ਕਰਨ ਲਈ ਭਾਰਤੀ ਸੰਗੀਤ ਦੇ ਗ੍ਰੰਥਾਂ ਨੂੰ ਖ਼ਤਮ ਕਰ ਦਿਤਾ ਤੇ ਮੁਸਲਿਮ ਸੰਗੀਤ ਪ੍ਰਤੀ ਲੋਕਾਂ ਵਿਚ ਦਿਲਚਸਪੀ ਵਧਾਉਣ ਲਈ ਭਾਰਤੀ ਸੰਗੀਤਕਾਰਾਂ ਨੂੰ ਲਾਲਚ ਦੇ ਕੇ ਗ੍ਰੰਥ ਲਿਖਵਾਏ। ਇਸਦੇ ਸੰਬੰਧ ਵਿਚ ਸ੍ਰੀ ਭਾਤਖੰਡੇ ਜੀ ਲਿਖਦੇ ਹਨ ਕਿ "ਅਸੀਂ ਉਸ ਇਕ ਮਾਤ੍ਰ ਸਾਧਨ ਤੋਂ ਜਿਸ ਦੁਆਰਾ ਉਸ ਸਮੇਂ ਦੇ ਸੰਗੀਤ ਦੀ ਸਥਿਤੀ ਦਾ ਸਰੂਪ ਅਸੀਂ ਜਾਣ ਸਕਦੇ ਸੀ, ਵੰਚਿਤ ਰਹਿ ਜਾਂਦੇ ਹਾਂ, ਕਿਉਂਕਿ ਉਸ ਕਾਲ ਦਾ ਕੋਈ ਵੀ ਸੰਗੀਤ ਗ੍ਰੰਥ ਅਜ ਨਹੀਂ ਹੈ।"[1] ਉਸ ਕਾਲ ਪਰ 12 ਵੀਂ ਸਦੀ ਵਿਚ ਜੈ ਦੇਵ ਜੀ ਦਾ ਲਿਖਿਤ ਗ੍ਰੰਥ 'ਗੀਤ ਗੋਵਿੰਦ' ਉਪਲੱਬਧ ਹੈ। ਇਸ ਵਿਚ ਦਰਜ ਅਸ਼ਟਪਦੀਆਂ ਉਸ ਸਮੇਂ ਪ੍ਰਚੱਲਿਤ ਪ੍ਰਬੰਧ ਸ਼ੈਲੀ ਦਾ ਉਤਕ੍ਰਿਸ਼ਟ ਨਮੂਨਾ ਹਨ ਪਰ ਇਨ੍ਹਾਂ ਪ੍ਰਬੰਧਾਂ ਦੀ ਦਰਜ ਮੂਲ ਸੁਰ ਲਿਪੀ ਬਾਰੇ ਕੋਈ ਹਵਾਲਾ ਜਾਂ ਗ੍ਰੰਥ ਨਹੀਂ ਮਿਲਦਾ ਇਸ ਲਈ ਉਸ ਵਿਚ ਦਰਜ ਪ੍ਰਬੰਧ ਨੂੰ ਨਿਰਧਾਰਤ ਸੁਰ ਲਿਪੀ ਤੋਂ ਅਸੀਂ ਉਸਦਾ ਗਾਇਨ ਕਰਨ ਦੇ ਅਸਮਰਥ ਹਾਂ। ਭਾਰਤੀ ਸੰਗੀਤਕਾਰ

---

1. Bhatkhande, V.N., A Short Historical Survey of the Music of Upper India, Page 43.

ਆਪਣੇ ਅਨੁਪਮ ਗ੍ਰੰਥਾਂ ਦੀ ਸੰਭਾਲ ਨਹੀਂ ਕਰ ਸਕੇ ਇਸ ਲਈ ਇਹ ਸਮਾਂ ਭਾਰਤੀ ਸੰਗੀਤ ਲਈ ਸਰਾਪ ਬਣ ਗਿਆ। ਕੈਪਟਨ ਵਿਲਰਡ ਦਾ ਕਹਿਣਾ ਹੈ, 'ਹਿੰਦੁਸਤਾਨ 'ਤੇ ਮੁਸਲਮਾਨ ਰਾਜਿਆਂ ਦੀ ਜਿੱਤ ਤੋਂ ਸੰਗੀਤ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਕਾਲ ਆਰੰਭ ਹੁੰਦਾ ਹੈ। ਇਸੀ ਸਮੇਂ ਸ਼ੁਧ ਰੂਪ ਵਿਚ ਹਿੰਦੂ ਕਹਿਲਾਉਣ ਵਾਲਿਆਂ ਸਭ ਕਲਾਵਾਂ ਅਤੇ ਵਿਦਵਾਨਾਂ ਦੇ ਪਤਨ ਦਾ ਆਰੰਭ ਹੋਇਆ।[1]

13ਵੀਂ ਸਦੀ ਵਿਚ ਅਲਾਉਦੀਨ ਖਿਲਜੀ(1296-1316) ਦੇ ਰਾਜ ਕਾਲ ਵਿਚ ਸੰਗੀਤ ਨੇ ਨਵਾਂ ਮੋੜ ਲਿਆ। ਇਸ ਕਾਲ ਵਿਚ ਸੰਗੀਤ ਖੂਬ ਪ੍ਰਚਾਰ ਵਿਚ ਸੀ। ਮੁਸਲਿਮ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਆਦਾਨ ਪ੍ਰਦਾਨ ਹੋਰ ਵੀ ਵਧਿਆ। ਮੁਸਲਮਾਨਾਂ ਦਾ ਮੂਲ ਸੰਗੀਤ ਅਤੇ ਭਾਰਤੀ ਸੰਗੀਤ ਦੇ ਮੇਲ ਤੋਂ ਹਿੰਦੁਸਤਾਨੀ ਸੰਗੀਤ ਦੀਆਂ ਦੋ ਪੱਧਤੀਆਂ ਉੱਤਰੀ ਅਤੇ ਦੱਖਣੀ ਬਣ ਗਈਆਂ।

ਅਲਾਉਦੀਨ ਖਿਲਜੀ ਦੇ ਦਰਬਾਰ ਵਿਚ ਫ਼ਾਰਸੀ ਕਵੀ ਅਤੇ ਸੰਗੀਤਕਾਰ ਅਮੀਰ ਖੁਸਰੋ ਦਾ ਨਾਂ ਪ੍ਰਸਿੱਧ ਹੈ। ਅਮੀਰ ਖੁਸਰੋ ਨੇ ਈਰਾਨੀ ਸੁਰਾਂ ਦੇ ਨਾਮ ਬਦਲ ਕੇ ਵੀਣਾ ਵਿਚ ਨਵੀਨਤਾ ਲਿਆਂਦੀ ਅਤੇ ਭੈਰਵੀ, ਪੂਰਵੀ, ਤੋੜੀ ਵਰਗੇ ਥਾਟ ਦਿਤੇ ਜੋ ਮੂਰਛਨਾ ਪੱਧਤੀ ਵਿਚ ਨਹੀਂ ਆਉਂਦੇ। ਆਧੁਨਿਕ ਰਾਗ ਜਿਲਾ ਸਰਪਪਰਦਾ, ਸਜਗਿਰੀ ਆਦਿ ਨੂੰ ਪ੍ਰਚੱਲਿਤ ਕਰਨ ਦਾ ਸਿਹਰਾ ਅਮੀਰ ਖਸਰੋ ਸਿਰ ਹੈ। ਅਮੀਰ ਖੁਸਰੋ ਨੂੰ ਕਈ ਗਾਇਨ ਸ਼ੈਲੀਆਂ ਅਤੇ ਸਾਜ਼ਾਂ ਦਾ ਅਵਿਸ਼ਕਾਰਕ ਮੰਨਿਆ ਜਾਂਦਾ ਹੈ ਪਰ ਆਚਾਰੀਆ ਬ੍ਰਹਸਪਤਿ ਇਸਦਾ ਖੰਡਨ ਕਰਦੇ ਹਨ। ਉਨ੍ਹਾਂ ਦੇ ਅਨੁਸਾਰ ਕਵਾਲੀ, ਕੌਲ, ਤਰਾਨਾ ਗਾਇਨ ਸ਼ੈਲੀਆਂ ਅਮੀਰ ਖੁਸਰੋ ਤੋਂ ਪਹਿਲਾਂ ਪ੍ਰਚਾਰ ਵਿਚ ਸਨ ਅਤੇ ਮੁਹੰਮਦ ਬਿਨ ਕਾਸਿਮ ਤੋਂ ਲੈ ਕੇ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰ ਵਿਚ ਤਬਲਾ ਅਤੇ ਸਿਤਾਰ ਵਾਦਕਾਂ ਦਾ ਜਿਕਰ ਨਹੀਂ ਮਿਲਦਾ।[2]

---

1. <u>A Treatise on the Music of Hindustan</u>, Page 106
2. ਆਚਾਰੀਆ ਬ੍ਰਹਸਪਤਿ, <u>ਸੰਗੀਤ ਚਿੰਤਾਮਣੀ</u>, ਪੰਨਾ 255-262

13 ਵੀਂ ਸਦੀ ਦੇ ਮੁਸਲਮਾਨ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸੰਨ 1294 ਵਿਚ ਢਾਕਾ 'ਤੇ ਅਲਾਉਦੀਨ ਨੇ ਹਮਲਾ ਕੀਤਾ ਅਤੇ ਸੰਨ 1310 ਵਿਚ ਮੁਗਲ ਸੈਨਾਪਤੀ ਮਲਿਕ ਕਾਫ਼ੂਰ ਦੁਆਰਾ ਦੱਖਣ ਤੇ ਜਿੱਤ ਪ੍ਰਾਪਤ ਕੀਤੀ, ਉਸ ਸਮੇ ਸੰਗੀਤ ਦੀ ਇੰਨੀ ਉਨੱਤ ਅਵੱਸਥਾ ਸੀ ਕਿ ਸਭ ਸੰਗੀਤਕਾਰਾਂ ਅਤੇ ਉਨ੍ਹਾਂ ਦੇ ਹਿੰਦੂ ਗੁਰੂਆਂ ਨੂੰ ਸ਼ਾਹੀ ਸੈਨਾ ਨਾਲ ਉੱਤਰ ਵਿਚ ਲਿਆ ਕੇ ਵਸਾਇਆ ਗਿਆ।[1] ਇਨ੍ਹਾਂ ਵਿਚ ਪ੍ਰਸਿੱਧ ਗੋਪਾਲ ਨਾਇਕ ਵੀ ਸੀ। ਇਸਨੂੰ ਵਡਹੰਸ ਸਾਰੰਗ, ਪੀਲੂ, ਬਿਰਮ ਆਦਿ ਰਾਗਾਂ ਦਾ ਆਵਿਸ਼ਕਾਰਕ ਮੰਨਿਆ ਜਾਂਦਾ ਹੈ।[2] ਗੋਪਾਲ ਨਾਇਕ ਨੇ ਦਿੱਲੀ ਵਿਚ ਰਹਿ ਕੇ 'ਚਤੁਰਦੰਡੀ' ਸੰਪ੍ਰਦਾਇ ਦਾ ਪ੍ਰਚਲਨ ਕੀਤਾ। ਇਸ ਵਿਚ ਆਲਾਪ, ਸਥਾਈ, ਗੀਤ ਅਤੇ ਪ੍ਰਬੰਧ ਚਾਰ ਆਧਾਰ ਸਨ। 16ਵੀਂ ਸਦੀ ਦੇ ਨਾਇਕ ਬੈਜੂ ਨੇ ਵੀ ਆਪਣੇ ਇਕ ਪ੍ਰਸਿੱਧ ਧਰੁਪਦ ਵਿਚ ਵੀ ਨਾਇਕ ਗੋਪਾਲ ਨੂੰ 'ਚਤੁਰਦੰਡੀ ਸੰਪ੍ਰਦਾਇ' ਦਾ ਪ੍ਰਵਰਤਕ ਮੰਨਿਆ ਹੈ:

ਵਿਦਿਆ ਸੋਈ ਭਲੀ ਜੋਨ ਸਾਧੀ ਹੋ ਰੇ ਲਾਲ।
ਰੰਗਮਹਲ ਮਹ ਕੋਊ ਜੁਹਿ ਬੈਠੇ ਰੀਝ ਮ੍ਰਿਗਨ ਦਈਮਾਲ।
ਸਾਤ ਗੁਪਿਤ, ਸਾਤ ਪ੍ਰਗਟ, ਚਾਰੋ ਡਾਂਡੀ ਬਾਂਧ ਆਏ ਨਾਇਕ ਗੋਪਾਲ।
'ਬੈਜੂ" ਕਹੇ ਗਾਏ ਤੇ ਭੂਲਿ ਗਏ, ਸਪਤ ਸੁਰ ਪਿਘਿਲੇ ਪਾਹਨ ਬੂੜੇ ਤਾਲ।[3]

---

1. Tagore S.M., Universal History of Music, Page 56-57
2. ਨਿਗਮ, ਵਿਕ੍ਰਮਾਦਿਤਯ ਸਿੰਘ, ਸੰਗੀਤ ਕੌਮੁਦੀ(ਭਾਗ ਪਹਿਲਾ),ਪੰਨਾ17
3. ਸ਼ਰਮਾ, ਯੋਗੇਂਦਰ ਪਾਲ, ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 35.

ਗੋਪਾਲ ਨਾਇਕ ਅਤੇ ਅਮੀਰ ਖੁਸਰੋ ਦੀ ਸੰਗੀਤਕ ਪ੍ਰਤੀਯੋਗਤਾ ਬਾਰੇ ਵੀ ਮੱਤਭੇਦ ਹਨ। ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਦੋਂ ਗੋਪਾਲ ਦਿੱਲੀ ਦੇ ਦਰਬਾਰ ਵਿਚ ਆਇਆ ਤਾਂ ਉਸਨੇ ਉਸ ਸ਼੍ਰੇਣੀ ਦਾ ਗਾਇਨ ਕੀਤਾ, ਜਿਸਨੂੰ 'ਗੀਤ' ਕਹਿੰਦੇ ਹਨ। ਯੋਗ ਸੰਗੀਤਕਾਰ ਦੇ ਸ਼ਕਤੀਸ਼ਾਲੀ ਅਤੇ ਮਧੁਰ ਕੰਠ ਨਾਲ ਸ਼ੈਲੀ ਦੇ ਸੌਂਦਰਯ ਵਿਚ ਵਾਧਾ ਹੋਇਆ। ਇਸ ਤੇ ਬਾਦਸ਼ਾਹ ਨੇ ਅਮੀਰ ਖੁਸਰੋ ਨੂੰ ਆਪਣੇ ਸਿੰਘਾਸਨ ਦੇ ਨੀਚੇ ਛਿਪਾ ਕਰ ਰਹਿਣ ਦਾ ਆਦੇਸ਼ ਦਿੱਤਾ ਤਾਂ ਕਿ ਗੋਪਾਲ ਨਾਇਕ ਦਾ ਗਾਇਨ ਸੁਣ ਸਕੇ। ਖੁਸਰੋ ਨੇ ਉਸਦੀ ਸ਼ੈਲੀ ਨੂੰ ਯਾਦ ਰੱਖਣ ਦਾ ਯਤਨ ਕੀਤਾ ਅਤੇ ਗੋਪਾਲ ਨਾਇਕ ਨੂੰ ਹੈਰਾਨ ਕਰਦੇ ਹੋਏ ਉਸ ਸ਼ੈਲੀ ਦੀ ਨਕਲ ਨਾਲ ਉਸਨੇ ਕੱਵਾਲੀ ਅਤੇ ਤਰਾਨਾ ਗਾਇਆ। ਇਸ ਤਰ੍ਹਾਂ ਉਸਨੂੰ ਮਿਲੇ ਸਨਮਾਨ ਤੋਂ ਵੰਚਿਤ ਕਰ ਦਿੱਤਾ।[1]

14 ਵੀਂ ਸਦੀ ਵਿਚ ਤਿੰਨ ਸੁਲਤਾਨ ਗਿਆਸੁਦੀਨ ਤੁਗਲਕ(1320-25) ਮੁਹੰਮਦ ਤੁਗਲਕ(1325-51), ਫਿਰੋਜ਼ ਤੁਗਲਕ(1351-1388) ਹੋਏ।ਇਸ ਕਾਲ ਵਿਚ ਸੰਗੀਤ ਦਾ ਪ੍ਰਚਾਰ ਸ਼੍ਰਿੰਗਾਰਕ ਰੂਪ ਵਿਚ ਕੇਵਲ ਮਨੋਰੰਜਨ ਲਈ ਕੀਤਾ ਜਾਂਦਾ ਸੀ। ਮੁਹੰਮਦ ਤੁਗਲਕ ਦੇ ਦਰਬਾਰ ਵਿਚ 1299 ਗਾਇਕ ਸਨ।[2] ਸ੍ਰੀ ਉਮੇਸ਼ ਜੋਸ਼ੀ ਅਨੁਸਾਰ,"ਇਸ ਕਾਲ ਦੇ ਸੰਗੀਤ ਨੂੰ ਰਾਜ ਵਿਚ ਸਥਾਨ ਨਹੀਂ ਮਿਲ ਸਕਿਆ ਪਰ ਫਿਰ ਵੀ ਦਰਬਾਰੀ ਸਮਾਗਮਾਂ ਵਿਚ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ।[3]

---

1. Capt. Willard, A Treatise on the Music of Hindustan, Page 160
2. ਆਚਾਰੀਆ ਬ੍ਰਹਸਪਤਿ ਮੁਸਲਮਾਨ ਔਰ ਭਾਰਤੀਯ ਸੰਗੀਤ, ਪੰਨਾ 60
3. ਜੋਸ਼ੀ, ਉਮੇਸ਼, ਭਾਰਤੀਯ ਸੰਗੀਤ ਦਾ ਇਤਿਹਾਸ, ਪੰਨਾ 214

ਇਸ ਕਾਲ ਵਿਚ ਮੁਸਲਿਮ ਪ੍ਰਭਾਵਾਂ ਦੇ ਫਲਸਰੂਪ ਸਰਲ ਲਘੂ ਤਾਲਾਂ ਵਿਚ ਗਜ਼ਲ, ਕੱਵਾਲੀ, ਦਾਦਰਾ ਆਦਿ ਗੀਤਾਂ ਦੀ ਲੋਕਪ੍ਰਿਯ ਰਚਨਾਵਾਂ ਹੋਈਆਂ।[1]

15ਵੀਂ ਸਦੀ ਨੂੰ ਲੋਧੀ ਕਾਲ ਕਿਹਾ ਜਾਂਦਾ ਹੈ। ਲੋਧੀ ਕਾਲ ਦਾ ਆਰੰਭ ਸਿਕੰਦਰ ਲੋਧੀ ਦੇ ਰਾਜ ਕਾਲ ਤੋਂ ਹੁੰਦਾ ਹੈ। ਇਸਦੇ ਦਰਬਾਰ ਵਿਚ ਮੀਰ ਸਈਅਦ, ਨੂਰ ਉਲਾਹ, ਸਈਅਦ, ਇਬੁਨ ਰਸੂਲ ਤੋਂ ਬਿਨਾਂ ਮੀਆਂ ਤਾਹਾਨ ਵਰਗੇ ਮਹਾਨ ਸੰਗੀਤਕਾਰ ਸਨ। ਇਸ ਯੁੱਗ ਵਿਚ ਕੱਵਾਲੀ, ਗਜ਼ਲ, ਖ਼ਿਆਲ ਅਤੇ ਠੁਮਰੀ ਗਾਇਨ ਸ਼ੈਲੀਆਂ ਪ੍ਰਚੱਲਿਤ ਹੋਈਆਂ ਅਤੇ ਸਮੂਹ ਗਾਨ ਨੂੰ ਸਮਾਜ ਵਿਚ ਆਦਰ ਪੂਰਣ ਸਥਾਨ ਦਿੱਤਾ। ਸਾਮੂਹਿਕ ਲੈਅ ਨਿਰਵਾਹ ਕਾਰਨ ਵੱਡੇ ਆਕਾਰ ਦੇ ਢੋਲ, ਮਾਦਲ ਆਦਿ ਵਾਦਯ ਦਾ ਨਿਰਮਾਣ ਹੋਇਆ।[2]

16ਵੀਂ ਸਦੀ ਦੇ ਬਾਬਰ(1526-30) ਦੇ ਦਰਬਾਰ ਵਿਚ ਕਈ ਮਹਾਨ ਸੰਗੀਤਕਾਰ ਸਨ ਜਿਨ੍ਹਾਂ ਵਿਚੋਂ ਖਵਾਜ਼ਾ ਅਬਦੁੱਲਾ ਮਰਵਾਰੀਦ (ਗਾਇਕ ਅਤੇ ਕਾਨੂੰਨ ਵਾਦਕ) ਕੂਲੇ ਮੁਹੰਮਦ ਊਦੀ(ਬਰਬਤ ਵਾਦਕ ਅਤੇ ਗਿਟਾਰ ਵਾਦਕ), ਸ਼ੈਖੀ(ਨਾਈ ਵਜਾਉਣ ਵਾਲਾ), ਸ਼ਾਹ ਕੂਲੀ(ਗਿਟਾਰ ਵਾਦਕ), ਹੁਸੈਨ ਊਦੀ(ਬਰਬਤ ਵਾਦਕ), ਗੁਲਾਮ ਸ਼ਾਦੀ(ਗਾਇਕ) ਮੀਰ ਐਜੂ (ਗਾਇਕ), ਬਨਾਈ(ਗਾਇਕ)ਮੁੱਖ ਸਨ।[3]

---

1. ਸੇਨ, ਅਰੁਣ ਕੁਮਾਰ (ਡਾ.) ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ, ਪੰਨਾ25
2. ਸੇਨ, ਅਰੁਣ ਕੁਮਾਰ (ਡਾ.) ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ,ਪੰਨਾ26
3. ਆਚਾਰੀਆ ਬ੍ਰਹਸਪਤਿ, ਮੁਸਲਮਾਨ ਔਰ ਭਾਰਤੀਯ ਸੰਗੀਤ, ਪੰਨਾ 80

ਕੂਲੇ ਮੁਹੰਮਦ ਊਦੀ ਨੇ ਬਰਬਤ ਵਿਚ ਤਿੰਨ ਤਾਰਾਂ ਦਾ ਵਾਧਾ ਕੀਤਾ ਸੀ। ਉਹ ਆਰੰਭਿਕ ਰਾਗ ਚੰਗੇ ਢੰਗ ਨਾਲ ਵਜਾ ਲੈਂਦਾ ਸੀ। ਕੂਲੇ ਮੁਹੰਮਦ ਦੀ ਬਜਾਏ ਸ਼ੇਖ ਨਾਈ ਵੱਡਾ ਸੰਗੀਤਕਾਰ ਸੀ ਅਤੇ ਉਸਨੇ ਸੰਗੀਤ ਰਚਨਾਵਾਂ ਵੀ ਕੀਤੀਆਂ। ਸ਼ਾਹ ਕੂਲੇ ਨੇ ਅਨੇਕ ਧੁਨੀਆਂ ਅਤੇ ਰਾਗਾਂ ਦਾ ਆਵਿਸ਼ਕਾਰ ਕੀਤਾ। ਗੁਲਾਮ ਸ਼ਾਦੀਅਤੇ ਬਨਾਈ ਨੇ ਲੋਕਪ੍ਰਿਯ ਰਾਗਾਂ ਅਤੇ ਧੁਨੀਆਂ ਦਾ ਆਵਿਸ਼ਕਾਰ ਕੀਤਾ।[1]

1530 ਈਸਵੀ ਵਿਚ ਹੈਮਾਯੂ ਗੱਦੀ ਤੇ ਬੈਠਿਆ। ਹੈਮਾਯੂ ਦੇ ਦਰਬਾਰ ਵਿਚ ਬਹੁਤ ਸਾਰੇ ਸੰਗੀਤਕਾਰ ਸਨ। ਹੈਮਾਯੂ ਦੇ ਗਾਇਕਾਂ ਅਤੇ ਵਾਦਕਾਂ ਦੀ ਸੂਚੀ ਇਸ ਪ੍ਰਕਾਰ ਹੈ:

1. ਮੀਰ ਸੈਯਦ ਅਲੀ ਗਿਜ਼ਕ ਵਾਦਕ
2. ਬਾਬਾ ਦੋਸਦ ਤੂਨ ਕਤਾਰਕ
3- ਜਾਨ ਮੁਹੰਮਦ ਅਰਲਾਤ
4- ਯਾਰ ਮੁਹੰਮਦ
5- ਬੈਹਰਾਮ ਗਿਜ਼ਕ ਵਾਦਕ
6- ਤੁਫ਼ਾਨ ਰਾਬਾਬ ਵਾਦਕ
7- ਮੁੱਲਾ ਤਾਹੇਰ ਬੁਖਾਰੀ
8- ਮਸਤੂਰ ਬੇਗ ਬਕਾਵਲ
9- ਰਹਿਮਾਨ ਕੂਲੀ ਖੁਸ਼ਬੇਗੀ
10- ਈਰਜ ਤਰਬ਼ਨ ਬਰਲਾਸ
11. ਬਾਏਜ਼ੀਦ ਕਰਨਾ ਵਾਦਕ
12. ਮੁਹੰਮਦ ਜਾਨ ਕਾਨੂੰਨ ਵਾਦਕ
13. ਕਜਕ ਗਿਚਕ ਵਾਦਕ
14. ਕਾਸਿਮ ਚੰਗ ਵਾਦਕ
15. ਗੈਬੁਲਾਹ ਚੰਗ ਵਾਦਕ
16. ਮੁਖਲਿਸ ਕੂਬਸੀ
17. ਤੁਫ਼ਾਨ ਨੈ ਵਾਦਕ
18. ਅਰਬੇਸਬਈ
19. ਹਾਫਿਜ਼ ਸੁਲਤਾਨ ਮੁਹੰਮਦ ਅਖਾਤਾ
20. ਹਾਫਿਜ਼ ਕਮਾਲੁਦੀਨ ਹੁਸੈਨ

---

1. ਆਚਾਰੀਆ ਬ੍ਰਹਸਪਤਿ, ਮੁਸਲਮਾਨ ਔਰ ਭਾਰਤੀਯ ਸੰਗੀਤ, ਪੰਨਾ70

21. ਹਾਫ਼ਿਜ਼ ਮੇਹਰੀ ਬਕਾਵਲੀ
22. ਹਾਫ਼ਿਜ਼ ਨਾਸਿਰ
23. ਮੌਲਾਨਾ ਸਿਪਹਰੀ
24. ਖਵਾਜਾ ਮੁਹਿਬ ਅਲੀ ਬਖਸ਼ੀ
25. ਮੌਲਾਨਾ ਬਜ਼ਮੀ
26. ਮੌਲਾਨਾ ਮੀਰ ਜਾਨ ਪੈਵੰਦੀ ਖ਼ੁਰਵਜ਼ਨ
27. ਮਹਮੂਦ ਕਿਰਕੀਰਾਕ
28. ਸਾਕੀ ਦਰਾਜ
29. ਤਰਸੂਨ ਅਲੀ ਕਰਾਵਲ[1]

ਅਕਬਰ 13 ਸਾਲ ਦੀ ਉਮਰ ਵਿਚ ਸੰਨ 1556 ਈਸਵੀ ਵਿਚ ਮੁਗਲ ਬਾਦਸ਼ਾਹ ਬਣਿਆ।। ਅਕਬਰ ਦੇ ਸਮੇਂ ਸ਼ਾਸਤਰੀ ਸੰਗੀਤ ਦਾ ਵਿਸ਼ੇਸ਼ ਵਿਕਾਸ ਹੋਇਆ। ਅਕਬਰ ਦੇ ਦਰਬਾਰ ਵਿਚ ਤਿੰਨ ਪਰੰਪਰਾਵਾਂ ਨਾਲ ਸੰਬੰਧਿਤ ਕਲਾਕਾਰ ਸਨ। ਪਹਿਲੀ ਪਰੰਪਰਾ ਰਾਗ ਰਾਗਿਨੀ ਵਰਗੀਕਰਣ ਨੂੰ ਮੰਨਦੀ ਸੀ। ਦੂਸਰੇ ਵਰਗ ਦੇ ਕਲਾਕਾਰ ਈਰਾਨੀ ਮੁਕਾਮ ਪੱਧਤੀ ਨਾਲ ਸੰਬੰਧਿਤ ਸਨ ਅਤੇ ਤੀਸਰੀ ਵਰਗ ਦੇ ਕਲਾਕਾਰਾਂ ਦਾ ਗਾਇਨ ਸੰਗੀਤ ਰਤਨਾਕਰ ਉਪਰ ਆਧਾਰਿਤ ਸੀ। ਅਕਬਰ ਦੇ ਗਾਇਕ ਵਾਦਕਾਂ ਦੀ ਸੂਚੀ ਇਸ ਪ੍ਰਕਾਰ ਹੈ:

1. ਤਾਨਸੇਨ
2. ਬਾਬਾ ਰਾਮਦਾਸ
3. ਸੁਭਾਨ ਖਾਂ
4. ਸੁਰਗਿਆਨ ਖਾਂ
5. ਮਿਆਂ ਚਾਂਦ
6. ਵਿਚਿਤ੍ਰ ਖਾਂ
7. ਮੁਹੰਮਦ ਖਾਂ ਢਾਡੀ
8. ਵੀਰਮੰਡਲ ਖਾਂ(ਸੁਰਮੰਡਲ ਵਵਾਦਕ)
9. ਲਾਜ ਬਹਾਦੁਰ(ਮਾਲਵਾ ਦਾਰਾਜਾ)
10. ਸ਼ਿਤਾਬ ਖਾਂ(ਬੀਨਕਾਰ)
11. ਦਾਊਦ ਢਾਡੀ
12. ਸਰੋਦ ਖਾਂ

---

1. ਆਚਾਰੀਆ ਬ੍ਰਿਹਸਪਤਿ, <u>ਮੁਸਲਮਾਨ ਔਰ ਭਾਰਤੀਯ ਸੰਗੀਤ</u>, ਪੰਨਾ72

13. ਮਿਆਂ ਲਾਲ
14. ਤਾਨਤਰੰਗ ਖਾਂ(ਤਾਨਸੇਨ ਦਾ ਲੜਕਾ)
15. ਮੁੱਲਾ ਇਸਲਾਕ ਢਾਡੀ
16. ਉਸਤਾ ਦੋਸਤ(ਨੇਅ ਵਾਦਕ)
17. ਨਾਇੱਕ ਚਰਚੂ
18. ਪੂਰਬੀਨ ਖਾਂ
19. ਸੂਰਦਾਸ(ਰਾਮਦਾਸ ਦਾ ਪੁੱਤਰ)
20. ਚਾਂਦ ਖਾਂ
21. ਰੰਗਸੇਨ
22. ਸ਼ੇਖ ਦਾਵਾਨ ਢਾਡੀ
23. ਰਹਮਤ ਉੱਲਾ
24. ਮੀਰ ਸਈਅਦ ਅਲੀ
25. ਉਸਤਾਦ ਯੂਸੂਫ ਕਾਸਿਮ
26. ਤਾਸ਼ਬੇਗ
27. ਸੁਲਤਾਨ ਹਾਫ਼ਿਜ ਹੁਸੈਨ
28. ਬਹਰਾਮ ਕੁਲੀ
29. ਉਸਤਾ ਸ਼ਾਹ ਮੁਹੰਮਦ
30. ਸੁਲਤਾਨ ਹਾਸ਼ਿਮ
31. ਉਸਤਾ ਮੁਹੰਮਦ ਅਮੀਨ
32. ਹਾਫਿਜ਼ ਖਵਾਜਾ ਅਲੀ
33. ਮੀਰ ਅਬਦੁੱਲਾ(ਕਾਨੂੰਨ ਵਾਦਕ)
34. ਪੀਰਜ਼ਾਦਾ
35. ਉਸਤਾਦ ਮੁਹਮਦ ਹੁਸੈਨ।

ਇਨ੍ਹਾਂ ਵਿਚੋਂ ਤਾਨਸੇਨ, ਰਾਮਦਾਸ, ਬਾਜ਼ ਬਹਾਦੁਰ, ਤਾਨਤਰੰਗ ਖਾਂ ਸਰਵ ਸ਼੍ਰੇਸ਼ਨ ਸੰਗੀਤਕਾਰ ਸਨ।[1]

ਅਕਬਰ ਦੇ ਕਾਲ ਵਿਚ ਕਈ ਨਵੇਂ ਰਾਗਾਂ ਦੀ ਰਚਨਾ ਹੋਈ। ਤਾਨਸੇਨ ਨੇ ਮੀਆਂ ਕੀ ਮਲ੍ਹਾਰ, ਰਾਮਦਾਸ ਨੇ ਰਾਮਦਾਸੀ ਮਲ੍ਹਾਰ, ਸੂਰਦਾਸ ਨੇ ਸੂਰਦਾਸੀ ਮਲ੍ਹਾਰ, ਘੋਧੂ ਨੇ ਘੋਧੂ ਕੀ ਮਲ੍ਹਾਰ, ਚਰਜੂ ਨੇ ਚਰਜੂ ਕੀ ਮਲ੍ਹਾਰ ਆਦਿ ਨਵੇਂ ਰਾਗਾਂ ਨੂੰ ਭਾਰਤੀ ਸੰਗੀਤ ਵਿਚ ਜਨਮ ਦਿਤਾ। ਇਸ ਕਾਲ ਵਿਚ

---

1. ਵਿਕ੍ਰਮਾਦਿਤਯ ਸਿੰਘ <u>ਸੰਗੀਤ ਕੌਮੁਦੀ</u> (ਭਾਗ ਪਹਿਲਾ), ਪੰਨਾ34

[illegible] ਧਰੁਪਦ ਗਾਇਕੀ ਦਾ ਪ੍ਰਚਾਰ ਸਿਖਰ'ਤੇ ਸੀ।

ਅਕਬਰ ਦੇ ਸਮੇਂ ਸ਼ਾਸਤਰੀ ਗਾਇਨ ਦੇ ਪ੍ਰਚਾਰ ਲਈ ਸ਼ਾਸਤਰੀ ਵਾਦਨ ਦਾ ਪ੍ਰਚਾਰ ਵੀ ਸੀ। ਬੀਰਮੰਡਲ ਖਾਂ ਮਹਾਨ ਸੁਰਮੰਡਲ ਵਾਦਕ ਅਤੇ ਕਾਸਿਮ ਜਿਸਨੇ ਰਬਾਬ ਅਤੇ ਕੁਬਜ ਨਾਲ ਮੇਲ ਖਾਂਦੇ ਇਕ ਸਾਜ਼ ਦੀ ਖੋਜ ਕੀਤੀ । ਅਕਬਰ ਦੇ ਸਮੇਂ ਕਈ ਸਾਜਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਕੁਵਾਰਗਾ, ਢੋਲ, ਕਰਾਨਾ ਜਾਂ ਕਰਰਾਨਾ,ਸੁਰਨਾ, ਨਾਫ਼ਿਰ, ਸਿੰਘ, ਜੰਤਰ, ਬੀਨ, ਕਿੰਨਰ, ਸੁਰਬੀਨ, ਰਬਾਬ, ਸੁਰਮੰਡਲ, ਸਰੰਗੀ ਪਖਾਵਜ ਆਦਿ।[1]

ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ(1605-27) ਬਾਦਸ਼ਾਹ ਬਣਿਆ। ਆਪਣੇ ਪਿਤਾ ਦੀ ਤਰ੍ਹਾਂ ਜਹਾਂਗੀਰ ਨੇ ਵੀ ਆਪਣੇ ਦਰਬਾਰ ਵਿਚ ਸੰਗੀਤ ਨੂੰ ਉੱਚਾ ਸਥਾਨ ਦਿਤਾ ਜਹਾਂਗੀਰ ਦੇ ਦਰਬਾਰ ਵਿਚ ਵਿਲਾਸ ਖਾਂ, ਛੱਤਰ ਖਾਂ, ਖੁਰਰਮ ਦਾਦ, ਮਕਖੂ, ਪਖੇਜ ਦਾਦ, ਹਮਜਾਨ ਵਰਗੇ ਮਹਾਨ ਸੰਗੀਤਕਾਰ ਸਨ।

ਸ਼ਾਹਜਹਾਂ(1627-58) ਦੇ ਰਾਜ ਕਾਲ ਵਿਚ ਵੀ ਸੰਗੀਤ ਆਪਣੀ ਉੱਚਤਾ ਤੇ ਕਾਇਮ ਸੀ। ਸ਼ਾਹਜਹਾਂ ਸੰਗੀਤਕਾਰਾਂ ਦਾ ਬੜਾ ਆਦਰ ਕਰਦਾ ਸੀ। ਲਾਲ ਖਾਂ ਅਤੇ ਲਾਲ ਖਾਂ ਦਾ ਪੁੱਤਰ ਖੁਸ਼ਹਾਲ ਖਾਂ ਅਤੇ ਬਿਸਰਾਮ ਖਾਂ, ਰੰਗ ਖਾਂ ਕਲਾਵੰਤ, ਕਿਸ਼ਨ ਖਾਂ ਕਲਾਵੰਤ, ਅਤੇ ਜਗਨ ਨਾਥ ਕਵੀ ਰਾਏ ਸ਼ਾਹਜਹਾਂ ਦੇ ਦਰਬਾਰ ਵਿਚ ਸਨ। 1630 ਈਸਵੀ ਵਿਚ ਲਾਲ ਖਾਂ ਨੂੰ ਸ਼ਾਹ ਜਹਾਂ ਨੇ

---

1 Tagor S.M., Universal History of Music, Page 56-57

'ਗੁਨ ਸਮੁੰਦਰ ਖਾਂ' ਦੀ ਉਪਾਧੀ ਦਿਤੀ ਸੀ [1] ਅਤੇ ਜਗਨ ਨਾਥ, ਲਾਲ ਖਾਂ, ਰਾਮਦਾਸ , ਦੋਰੰਗ ਖਾਂ ਚਾਂਦੀ ਨਾਲ ਤੋਲੇ ਗਏ ਸਨ।[2] ਖੁਸ਼ਹਾਲਖਾਂ ਅਤੇ ਬਿਸਰਾਮ ਖਾਂ ਤੋੜੀ ਦਾ ਗਾਇਨ ਕਰਨ ਵਿਚ ਮਾਹਿਰ ਸਨ। ਸ਼ਾਹਜਹਾਂ ਨੇ ਆਪਣੇ ਸਮੇਂ ਪ੍ਰਚਲਿਤ ਧਰੁਪਦਾਂ ਦਾ ਸੰਗ੍ਰਹਿ ਵੀ ਕਰਵਾਇਆ ਸੀ। ਕਈ ਧਰੁਪਦਾਂ ਵਿਚ ਸ਼ਾਹਜਹਾਂ ਦਾ ਨਾਮ ਵੀ ਮਿਲਦਾ ਹੈ।

ਔਰੰਗਜੇਬ ਨੇ 1658 ਈਸਵੀ ਵਿਚ ਰਾਜ ਗੱਦੀ ਸਾਂਭਣ ਤੋਂ ਬਾਅਦ ਅੱਠ ਨੌਂ ਸਾਲਾਂ ਬਾਅਦ ਸੰਗੀਤ ਤੇ ਪਾਬੰਦੀ ਲਗਾ ਦਿੱਤੀ ਸੀ ਜਿਸ ਕਾਰਣ ਸੰਗੀਤ ਦਾ ਵਿਕਾਸ ਰੁੱਕ ਗਿਆ। ਔਰੰਗਜੇਬ ਨੇ ਅੱਠ ਨੌਂ ਸਾਲਾਂ ਵਿਚ ਸੰਗੀਤ ਦਾ ਖੂਬ ਆਨੰਦ ਮਾਣਿਆ। ਇਸਦੇ ਦਰਬਾਰ ਵਿਚ ਖੁਸ਼ਹਾਲ ਖਾਂ, ਵਿਸਰਾਮ ਖਾਂ। ਰਸਬੈਨਖਾਂ, ਹਯਾਤ ਸਰਸਨੈਨ, ਸੁਖੀਸੇਨ ਕਲਾਵੰਤ ਅਤੇ ਕਿਰਪਾ 'ਮ੍ਰਿਦੰਗਰਾਏ' ਸਨ। ਔਰੰਗਜੇਬ ਨੇ ਖੁਸ਼ਹਾਲ ਖਾਂ ਨੂੰ 'ਗੁਨਸਮੁੰਦਰ ਖਾਂ' ਅਤੇ ਕਿਰਪਾ ਨੂੰ 'ਮ੍ਰਿਦੰਗਰਾਏ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।[3]

---

1. ਆਚਾਰੀਆ ਬ੍ਰਹਸਪਤਿ, ਸੰਗੀਤ ਚਿੰਤਾਮਣੀ, ਪੰਨਾ 326
2. ਸ਼ਾਂਤੀ ਗੋਵਰਧਨ, ਸੰਗੀਤ ਸ਼ਾਸਤਰ ਦਰਪਣ (ਭਾਗ ਦੂਜਾ), (ਅਨੁ. ਮਿਸਿਜ਼ ਸਵਿੰਦਰ ਗਿੱਲ), ਪੰਨਾ 138
3. ਆਚਾਰੀਆ ਬ੍ਰਹਸਪਤਿ, ਸੰਗੀਤ ਚਿੰਤਾਮਣੀ, ਪੰਨਾ 288

## ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਪ੍ਰਸਿੱਧ ਗਾਇਨ ਸ਼ੈਲੀਆਂ

ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਵਿਚ ਕਈ ਗਾਇਨ ਸ਼ੈਲੀਆਂ ਪ੍ਰਚਾਰ ਵਿਚ ਰਹੀਆਂ ਹਨ। ਭਾਵੇਂ ਇਹ ਸ਼ੈਲੀਆ ਪੂਰਵ ਮੱਧਕਾਲੀਨ ਸਮੇਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਵਿਕਸਿਤ ਹੋ ਕੇ ਆਈਆਂ ਪਰੰਤੂ ਮੱਧਕਾਲ ਵਿਚ ਇਨ੍ਹਾਂ ਨੂੰ ਸਥਾਪਿਤ ਰੂਪ ਪ੍ਰਦਾਨ ਕਰਵਾਉਂਦਿਆਂ ਪ੍ਰਚਾਰ ਤੇ ਪ੍ਰਚਲਨ ਦੇ ਪੱਧਰ 'ਤੇ ਵਡੇਰਾ ਯੋਗਦਾਨ ਪਾਇਆ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

ਪ੍ਰਬੰਧ: ਪ੍ਰਬੰਧ ਗਾਇਨ ਸ਼ੈਲੀ 13 ਵੀਂ ਸਦੀ ਤਕ ਭਾਰਤੀ ਸ਼ਾਸਤਰੀ ਸੰਗੀਤ ਦੀ ਵਿਸ਼ੇਸ਼ ਗਾਇਨ ਸ਼ੈਲੀ ਰਹੀ ਹੈ। ਇਸ ਸ਼ੈਲੀ ਨੂੰ ਤਿੰਨ ਨਾਮ ਰੂਪਕ, ਵਸਤੂ, ਪ੍ਰਬੰਧ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪ੍ਰਬੰਧ ਦੇ ਸ਼ਾਬਦਿਕ ਅਰਥਾਂ ਨੂੰ ਦੇਖਿਆ ਜਾਵੇ ਤਾਂ ਇਸਦੀ ਰਚਨਾ ਪ੍ਰ+ਬੰਧ ਸ਼ਬਦਾਂ ਤੋਂ ਹੋਈ ਹੈ ਜਿਸਦਾ ਭਾਵ ਹੈ 'ਵਿਸ਼ੇਸ਼ ਰੂਪ ਵਿਚ ਨਿਯਮਬੱਧ ਰਚਨਾ' ਪ੍ਰਬੰਧ ਸ਼ੈਲੀ ਦੇ ਸਰੂਪ ਤੋਂ ਹੀ ਇਸਦੇ ਅਰਥਾਂ ਦਾ ਬੋਧ ਹੋ ਜਾਂਦਾ ਹੈ। 'ਸੰਗੀਤ ਭਾਸ਼ਯ' ਵਿਚ ਪ੍ਰਬੰਧ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਗਈ ਹੈ, "ਕੰਠ ਸੰਗੀਤ ਦੇ ਲਈ ਉਪਯੋਗੀ ਮੱਧਕਾਲੀਨ ਸ਼ਾਬਦਿਕ ਰਚਨਾਵਾਂ ਨੂੰ ਹੀ ਸ਼ਾਸਤਰਕਾਰਾਂ ਨੇ ਪ੍ਰਬੰਧ ਕਿਹਾ ਹੈ।"[1] ਤੀਵਰਾ ਅਤੇ ਝੱਪ ਤਾਲ ਵਿਚ ਇਸਦਾ ਗਾਇਨ ਹੋਣ ਕਾਰਣ ਇਸਨੂੰ 'ਝੱਪਾ ਪ੍ਰਬੰਧ' ਵੀ ਕਿਹਾ ਜਾਂਦਾ ਹੈ।[2]

---

1. ਬੰਧੋਪਾਧਿਆਇ, ਸ਼੍ਰੀ ਪਦ, ਸੰਗੀਤ ਭਾਸ਼ਯ, ਪੰਨਾ 233

2. ਸ਼ਾਸਤਰੀ, ਕੇ ਵਾਸੁਦੇਵ, ਸੰਗੀਤ ਸ਼ਾਸਤਰ, ਪੰਨਾ 254

ਪ੍ਰਬੰਧ ਦੀ ਰਚਨਾ ਉਦਗ੍ਰਾਹ ਅਤੇ ਧਰੁਵ ਦੋ ਧਾਤੂਆਂ ਤੇ ਨਿਰਭਰ ਹੈ। ਇਨ੍ਹਾਂ ਦੋ ਧਾਤੂਆਂ ਤੋਂ ਬਿਨਾਂ ਸਾਰੇ ਅੰਗਾਂ ਦਾ ਹੋਣਾ ਜ਼ਰੂਰੀ ਨਹੀਂ ਹੈ। ਪ੍ਰਬੰਧ ਰਚਨਾ ਵਿਚ ਧਾਤੂਆਂ ਜਾਂ ਅੰਗਾਂ ਦੇ ਵੱਧ ਘੱਟ ਹੋਣ ਨਾਲ ਪ੍ਰਬੰਧ ਦੀਆਂ ਪੰਜ ਜਾਤੀਆਂ ਮੇਦਿਨੀ, ਆਨੰਦਿਨੀ, ਦੀਪਨੀ, ਭਾਵਨੀ ਅਤੇ ਤਾਰਾਵਲੀ ਹਨ। ਸ੍ਰੀ ਪਾਰਸਦੇਵ ਜੀ ਨੇ ਇਨ੍ਹਾਂ ਜਾਤੀਆਂ ਦੇ ਨਾਮ ਸ਼ਰੁਤੀ, ਨੀਤਿ, ਸੇਨਾ, ਕਵਿਤਾ ਅਤੇ ਚੰਪੂ ਦਿਤੇ ਹਨ ਜੋ ਕ੍ਰਮਵਾਰ 6,5,4,3,2 ਅੰਗ ਰਖਦੀਆਂ ਹਨ।[1]

ਪ੍ਰਬੰਧ ਗਾਨ ਦੇ ਤਿੰਨ ਭੇਦ ਹਨ -ਸੂੜ, ਆਲਿ ਵਿਪ੍ਰੀਕਰਣ। ਇਨ੍ਹਾਂ ਮੁਖਭੇਦਾਂ ਵਿਚ ਅਗੇ ਕਈ ਪ੍ਰਕਾਰ ਪ੍ਰਚਾਰ ਵਿਚ ਸਨ, ਜਿਨ੍ਹਾਂ ਵਿਚ ਇਕ ਪ੍ਰਕਾਰ 'ਸਾਲਸਗੂੜ' ਹੈ ਇਸ ਵਿਚ 'ਅੰਤਰਾ ' ਨਾਮਕ ਪੰਜਵਾਂ ਧਾਤੂ ਵੀ ਮੰਨਿਆ ਜਾਂਦਾ ਹੈ। ਪ੍ਰਬੰਧ ਰਚਨਾ ਵਿਚ ਸਾਰੇ ਅੰਗ ਜ਼ਰੂਰੀ ਨਾ ਹੋਣ ਕਾਰਣ ਪ੍ਰਬੰਧ ਦਵੰਗ, ਵਅੰਗ, ਚਤੁਰੰਗ ਅਤੇ ਪਾਚਾਂਗ ਆਦਿ ਵੀ ਹੁੰਦੇ ਹਨ।[2] ਇਨ੍ਹਾਂ ਪ੍ਰਕਾਰਾਂ ਤੋਂ ਇਲਾਵਾ ਕੁੱਝ ਪ੍ਰਬੰਧ ਇਸ ਤਰ੍ਹਾਂ ਵੀ ਹੁੰਦੇ ਹਨ ਜੋ ਉਪਰੋਕਤ ਕਿਸੀ ਵੀ ਭਾਗ ਦੇ ਨਿਯਮਾਂ ਦੇ ਅਨੁਕੂਲ ਨਾ ਹੋਣ ਕਾਰਣ ਉਨ੍ਹਾਂ ਦੇ ਅੰਤਰਗਤ ਨਹੀਂ ਆ ਸਕਦੇ, ਉਦਾਹਰਣ ਦੇ ਤੌਰ ਤੇ ਵੀਰ ਸ਼੍ਰਿੰਗਾਰ, ਚਤੁਰਗ, ਸੁਰਭਲੀਲਾ, ਸੂਰਯਪ੍ਰਕਾਸ਼, ਚੰਦ੍ਰ ਪ੍ਰਕਾਸ, ਰਣਰੰਗ, ਨੰਦਨ, ਨਵਰਤਨ।[3]

---

1. ਸੰਗੀਤ ਸਮਯਸਾਰ, ਪੰਨਾ 97
2. ਨਿਬੰਧ ਸੰਗੀਤ,(ਸੰਪਾ. ਲਕਸ਼ਮੀ ਨਾਰਾਇਣ ਗਰਗ),ਪੰਨਾ 57
3. ਸਕਸੇਨਾ ਮਧੁਬਾਲਾ, ਖ਼ਿਆਲ ਸ਼ੈਲੀ ਕਾ ਵਿਕਾਸ, ਪੰਨਾ 47

12 ਵੀਂ ਸਦੀ ਦੇ ਪ੍ਰਸਿੱਧ ਭਗਤ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਦੀਆਂ ਮਹੱਤਵਪੂਰਨ ਰਚਨਾਵਾਂ ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ। ਇਸ ਮਹਾਨ ਰਚਨਾ 'ਗੀਤ ਗੋਵਿੰਦ' ਤੋਂ ਪ੍ਰਬੰਧ ਸ਼ੈਲੀ ਦੀ ਪ੍ਰਾਚੀਨਤਾ ਅਤੇ ਮਹਾਨਤਾ ਬਾਰੇ ਪਤਾ ਚਲਦਾ ਹੈ।

ਪ੍ਰਬੰਧ ਦਾ ਸੰਬੰਧ ਗੀਤ ਨਾਲ ਹੈ। ਗੀਤ ਦੇ ਦੋ ਪ੍ਰਕਾਰ ਮਾਰਗ ਅਤੇ ਗਾਨ ਹਨ। ਨਿਬੱਧ ਅਤੇ ਅਨਿਬੱਧ ਗਾਨ ਦੇ ਦੋ ਭੇਦ ਹਨ। ਪ੍ਰਬੰਧ ਸ਼ੈਲੀ ਨਿਬੱਧ ਗਾਨ ਦੇ ਅੰਤਰਗਤ ਆਉਂਦੀ ਹੈ। ਪ੍ਰਬੰਧ ਗਾਨ ਦੇ ਚਾਰ ਭਾਗ ਜਾਂ ਅੰਗ ਹਨ ਜਿਨ੍ਹਾਂ ਨੂੰ 'ਚਾਰ ਧਾਤੂ' ਕਿਹਾ ਜਾਂਦਾ ਹੈ। ਇਹ ਚਾਰ ਧਾਤੂ ਉਦਗ੍ਰਾਹ, ਧਰੁਵ, ਮੇਲਾਪਕ, ਆਭੋਗ ਹਨ।

(I) ਉਦਗ੍ਰਾਹ: ਜਿਥੋਂ ਗੀਤ ਦੀ ਸ਼ੁਰੂਆਤ ਭਾਵ ਗੀਤ ਦਾ ਆਰੰਭਿਕ ਭਾਗ ਉਦਗ੍ਰਾਹ ਅਖਵਾਉਂਦਾ ਹੈ।

(II) ਮੇਲਾਪਕ: ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦਾ ਸੰਜੋਗ ਮੇਲਾਪਕ ਭਾਗ ਹੁੰਦਾ ਹੈ।

(III) ਧਰੁਵ: ਇਹ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਸ਼ੈਲੀ ਵਿਚ ਵਿਦਮਾਨ ਹੈ। ਇਸਦਾ ਗਾਇਨ ਵਿਸ਼ੇਸ਼ ਰੂਪ ਵਿਚ ਬਾਰ-ਬਾਰ ਕੀਤਾ ਜਾਂਦਾ ਹੈ।

(IV) ਆਭੋਗ: ਪ੍ਰਬੰਧ ਗਾਨ ਦਾ ਅੰਤਿਮ ਤੇ ਚੌਥਾ ਭਾਗ ਆਭੋਗ ਹੈ, ਜਿਸਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ।

ਭਾਰਤੀ ਸੰਗੀਤ ਵਿਚ ਦਿਪਦੀ, ਚਤੁਸ਼ਟਪਦੀ, ਸ਼ਟਪਦੀ ਗਾਇਨ ਸ਼ੈਲੀਆਂ ਕ੍ਰਮਵਾਰ ਦੋਹਾ, ਚੌਪਈ ਅਤੇ ਛਪਯ ਦੇ ਨਾਮ ਨਾਲ ਪ੍ਰਚਾਰ ਵਿਚ ਹਨ। ਅਸ਼ਟਪਦੀ ਵਾਂਗ ਇਨ੍ਹਾਂ ਤਿੰਨਾਂ ਵਿਚ ਵੀ ਪਦ ਅਤੇ ਵਿਰੁਦ ਦੋ ਅੰਗਾਂ ਦਾ ਹੋਣਾ ਜ਼ਰੂਰੀ ਹੈ। ਦੋਹੇ ਵਿਚ ਦੋ ਪਦ ਅਤੇ ਚੌਪਈ, ਛਪਯ ਵਿਚ ਚਾਰ ਅਤੇ ਛੇ ਚਰਣ ਹੁੰਦੇ ਹਨ। ਦਿਪਦੀ, ਚਤੁਸ਼ਟਪਦੀ, ਸ਼ਟਪਦੀ ਵਾਂਗ ਹੀ ਅਸ਼ਟਪਦੀ ਦਾ ਪ੍ਰਚਾਰ ਪ੍ਰਬੰਧ ਦੇ ਰੂਪ ਵਿਚ ਸੀ।

ਧਰੁਪਦ: ਧਰੁਪਦ ਭਾਰਤੀ ਸੰਗੀਤ ਦੀ ਪੁਰਾਤਨ ਅਤੇ ਪਰੰਪਰਾਗਤ ਸ਼ੈਲੀ ਹੈ ਜਿਸਦਾ ਮੱਧਕਾਲ ਵਿਚ ਵਿਸ਼ੇਸ਼ ਪ੍ਰਚਲਨ ਸੀ। ਧਰੁਪਦ ਦੇ ਸ਼ਾਬਦਿਕ ਅਰਥਾਂ ਨੂੰ ਵਾਚਣ ਤੇ ਪਤਾ ਲਗਦਾ ਹੈ ਕਿ ਧਰੁਪਦ ਦੀ ਰਚਨਾ ਧਰੁਵ+ਪਦ ਇਨ੍ਹਾਂ ਸ਼ਬਦਾਂ ਦੇ ਮੇਲ ਤੋਂ ਹੋਈ ਹੈ। ਧਰੁਵ ਦਾ ਅਰਥ ਹੈ ਸਥਿਰ ਜਾਂ ਅਚਲ, ਸੋ ਧਰੁਪਦ ਤੋਂ ਭਾਵ 'ਅਚਲ ਪਦਿਆਂ ਵਾਲੀ ਸ਼ੈਲੀ' ਹੈ। ਜੋ ਪਦ ਸਥਿਰ, ਧਰੁਵ, ਅਚਲ, ਅਪਰਿਵਰਤਨਸ਼ੀਲ ਹੋਵੇ, ਉਹ ਧਰੁਪਦ ਹੈ।[1] ਧਰੁਪਦ ਸੰਬੰਧੀ ਇਹ ਵੀ ਕਿਹਾ ਜਾਂਦਾ ਹੈ ਕਿ 'ਧਰੁਵ' ਦਾ ਅਰਥ 'ਅਚਲ' ਜਾਂ 'ਚਿਰਸਥਾਈ' ਹੈ। ਇਨ੍ਹਾਂ ਅਰਥਾਂ ਤੋਂ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸਦੇ ਗੁਣ ਕੀਰਤਨ ਸੂਚਕ ਪਦ ਨੂੰ ਧਰੁਪਦ ਕਿਹਾ ਜਾਂਦਾ ਹੈ।[2]

ਧਰੁਪਦ ਭਾਰਤੀ ਸੰਗੀਤ ਦੀ ਪ੍ਰਾਚੀਨ ਗਾਇਨ ਸ਼ੈਲੀ ਹੈ ਜਿਸਨੂੰ ਮੱਧਕਾਲੀਨ ਅਤੇ ਆਧੁਨਿਕ ਸਮੇਂ ਵੀ ਸਰਵ ਉੱਚ ਸਥਾਨ ਪ੍ਰਾਪਤ ਹੈ। ਪ੍ਰਾਚੀਨ ਕਾਲ ਵਿਚ ਧਰੁਪਦ ਨਾਟਕ ਵਿਚ ਗੀਤਾਂਗ ਤੌਰ'ਤੇ ਪ੍ਰਧਾਨ ਹੋਇਆ ਸੀ। ਨਾਟਕ

---

1. ਠਾਕੁਰ ਓਅੰਕਾਰ ਨਾਥ, ਸੰਗੀਤਾਂਜਲਿ(ਭਾਗ ਚਾਰ), ਪੰਨਾ 25

2. ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70

ਦੇ ਆਦਿ , ਮੱਧ ਤੇ ਅੰਤ ਵਿਚ ਧਰੁਪਦ ਦਾ ਗਾਇਨ ਪ੍ਰਚਾਰ ਵਿਚ ਸੀ। ਇਨ੍ਹਾਂ ਪਦਿਆਂ ਵਿਚ ਪਾਤ੍ਰ ਸੰਦਰਭ ਅਤੇ ਕਦੀ-ਕਦੀ ਦੇਵਤਿਆਂ ਦਾ ਵਰਣਨ ਵੀ ਹੁੰਦਾ ਸੀ[1] ਪਰ ਆਚਾਰੀਆ ਬ੍ਰਹਸਪਤਿ ਨੇ ਧਰੁਵਪਦ ਦੀ ਪਰੰਪਰਾ ਨੂੰ ਅਤਿ ਪ੍ਰਾਚੀਨ ਮੰਨਿਆ ਹੈ। ਉਨ੍ਹਾਂ ਅਨੁਸਾਰ ਬਾਲਮੀਕ ਦੇ ਰਾਮਾਇਣ ਵਿਚ ਲਵ ਅਤੇ ਕੁਸ਼ ਨੇ ਗਾਇਨ ਸਿਖਿਆ ਬਾਲਮੀਕ ਤੋਂ ਲਈ। ਲਵ-ਕੁਸ਼ ਭਗਵਾਨ ਰਾਮ ਚੰਦਰ ਦੇ ਦਰਬਾਰ ਵਿਚ ਗਏ। ਉਥੇ ਉਨ੍ਹਾਂ ਰਾਮਾਇਣ ਦਾ ਗਾਇਨ ਕੀਤਾ। ਕੁੱਝ ਸਮੇਂ ਪਿਛੋਂ ਗਾਇਨ ਦੀ ਇਕ ਸ਼੍ਰੇਣੀ ਆਪਣੇ 'ਕੁਸ਼ੀਲਵ' ਨਾਮ ਨਾਲ ਪਛਾਣ ਕਰਵਾਉਣ ਲੱਗੀ। 'ਕੁਸ਼ੀਲਵ' ਸ਼ਬਦ ਗਾਇਕਾਂ ਦੀ ਜਾਤੀ ਦੇ ਤੌਰ 'ਤੇ ਪ੍ਰਸਿੱਧ ਹੋਇਆ। ਆਚਾਰੀਆ ਬ੍ਰਹਸਤਿ ਨੇ ਨਾਟਯ ਸ਼ਾਸਤਰ ਅਤੇ 'ਅਮਰ ਕੋਸ਼' ਗ੍ਰੰਥਾਂ ਦਾ ਹਵਾਲਾ ਦਿੰਦਿਆ ਲਿਖਿਆ ਹੈ ਕਿ ਭਰਤ, ਜਯਾਜੀਵ, ਸ਼ੈਲਾਲੀ, ਸ਼ੈਲੂਸ਼, ਨਟ, ਝਿਸ਼ੁਸ਼ਵੀ, ਚਾਰਣ ਆਦਿ ਜਾਤੀਆਂ ਕਾਫੀ ਪ੍ਰਸਿੱਧ ਰਹੀਆਂ ਹਨ।[2] ਮੱਧ ਕਾਲ ਵਿਚ ਧਰੁਪਦ ਇਕੋ ਸਮੇਂ ਅਧਿਆਤਮਕ ਅਤੇ ਦਰਬਾਰੀ ਸੰਗੀਤ ਦੋਨਾਂ ਵਿਚ ਪ੍ਰਚੱਲਿਤ ਸੀ। ਅਧਿਆਤਮਕ ਪੱਖ ਤੇ ਭਗਤ ਸੂਰਦਾਸ, ਕਬੀਰ ਅਤੇ ਹੋਰ ਭਗਤਾਂ ਦੁਆਰਾ ਰਚਿਤ ਧਰੁਪਦ ਉਪਲੱਬਧ ਹਨ ਉਥੇ ਦਰਬਾਰੀ ਸੰਗੀਤ ਅੰਤਰਗਤ ਗੋਪਾਲ ਨਾਇਕ, ਬੈਜੂ ਬਾਵਰਾ ਆਦਿ ਗਾਇਕਾਂ ਦੁਆਰਾ ਰਚਿਤ ਧਰੁਪਦ ਉੱਤਮ ਹਨ। ਸੁਆਮੀਹਰਿਦਾਸ ਮੰਦਰ ਵਿਚ ਧਰੁਪਦ ਅਧੀਨ ਕ੍ਰਿਸ਼ਨ ਭਗਤੀ ਦੀ ਉਪਮਾ ਦੇ ਗੀਤ ਗਾ ਰਿਹਾ ਸੀ ਉਥੇ ਸੁਆਮੀਹਰਿਦਾਸ ਦਾ ਸ਼ਿਸ਼ ਤਾਨਸੈਨ ਅਕਬਰ ਦੇ ਦਰਬਾਰ ਵਿਚ ਅਕਬਰ ਦੀ ਸਿਫ਼ਤ ਸਲਾਹ ਦੇ ਗੀਤ ਗਾਂ ਰਿਹਾ ਸੀ। ਮੱਧ ਕਾਲ ਵਿਚ

---

1. ਸ਼ਾਸਤਰੀ, ਕੇ ਵਾਸੁਦੇਵ, ਸੰਗੀਤ ਸ਼ਾਸਤਰ, ਪੰਨਾ 242

2. ਸੰਗੀਤ ਚਿੰਤਾਮਣੀ, ਪੰਨਾ50

ਧਰੁਪਦ ਸ਼ੈਲੀ ਦਾ ਪ੍ਰਚਾਰ ਜ਼ੋਰਾਂ ਤੇ ਸੀ ਇਸ ਲਈ ਭਗਤ ਕਾਵਿ ਦੀਆਂ ਸਮੂਹ ਪਦ ਰਚਨਾਵਾਂ ਦਾ ਗਾਇਨ ਧਰੁਪਦ ਸ਼ੈਲੀ ਵਿਚ ਹੀ ਕੀਤਾ ਜਾਂਦਾ ਸੀ। ਦੱਖਣੀ ਭਾਰਤ ਵਿਚ ਧਰੁਪਦ ਨੂੰ 'ਦਰੂ' ਆਖਿਆ ਜਾਂਦਾ ਹੈ। 1500 ਈ. ਤੋਂ ਬਾਅਦ ਤਾਮਿਲ ਨਾਟਕਾਂ ਵਿਚ ਵੀ ਪਦ ਗਾਉਣ ਦਾ ਰਿਵਾਜ ਸੀ ਜਿਸ ਵਿਚ ਅਭਿਨੈ ਅਤੇ ਨ੍ਰਿਤ ਦਾ ਪ੍ਰਯੋਗ ਵੀ ਕੀਤਾ ਜਾਂਦਾ ਸੀ।। 'ਦਰੂ' ਦੀ ਵਿਲੱਖਣ ਅਤੇ ਵਿਸ਼ਿਸ਼ਟ ਗਾਇਨ ਪਰੰਪਰਾ ਦੱਖਣੀ ਭਾਰਤੀ ਸੰਗੀਤ ਵਿਚ ਉਹੀ ਸਥਾਨ ਰੱਖਦੀ ਹੈ। ਭਾਵੇਂ 'ਦਰੂ' ਉੱਤਰੀ ਭਾਰਤੀ ਸੰਗੀਤ ਵਾਂਗੂ ਘਰਾਣਿਆਂ ਜਾਂ ਸੰਪਰਦਾਵਾਂ ਵਿਚ ਪ੍ਰਚੱਲਿਤ ਅਤੇ ਵਿਕਸਿਤ ਨਹੀਂ ਹੋਈ ਪਰ ਪ੍ਰਾਚੀਨ ਸੰਪਰਦਾਈ ਨਾਟਕਾਂ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।[1]

ਧਰੁਪਦ ਪ੍ਰਬੰਧ ਦਾ ਹੀ ਵਿਕਸਿਤ ਰੂਪ ਹੈ। ਪ੍ਰਬੰਧ ਗਾਇਨ ਸ਼ੈਲੀ ਤੋਂ ਬਾਅਦ ਧਰੁਪਦ ਸ਼ੈਲੀ ਨੇ ਭਾਰਤੀ ਸੰਗੀਤ ਨੂੰ ਪ੍ਰਧਾਨਤਾ ਦਿਤੀ। ਭਾਰਤੀ ਸੰਗੀਤ ਪਰੰਪਰਾ ਦੇ ਵਿਕਾਸ ਕ੍ਰਮ ਨੂੰ ਠੋਸ ਆਧਾਰ ਰੂਪ ਪ੍ਰਦਾਨ ਕਰਨ ਵਿਚ ਧਰੁਪਦ ਸ਼ੈਲੀ ਦਾ ਮਹਾਨ ਯੋਗਦਾਨ ਹੈ। ਪ੍ਰਬੰਧ ਦੇ ਧਾਤੂ ਉਦਗ੍ਰਾਹ, ਮੇਲਾਪਕ, ਧਰੁਵ, ਆਭੋਗ ਧਰੁਪਦ ਵਿਚ ਸਥਾਈ, ਅੰਤਰਾ, ਸੰਚਾਰੀ, ਆਭੋਗ ਪਰਿਵਰਤਿਤ ਰੂਪ ਹਨ। ਸਥਾਈ: ਸਥਾਈ ਨੂੰ ਧਰੁਵ, ਟੇਕ, ਰਹਾਉ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਹ ਧਰੁਪਦ ਦਾ ਮੁਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ ਵਿਸਤਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸ ਭਾਗ ਦਾ ਹੀ ਗਾਇਨ ਕੀਤਾ ਜਾਦਾ ਹੈ। ਸਥਾਈ ਗੀਤ ਦਾ ਧੁਰਾ ਜਾਂ ਧਰੁਵ ਹੈ। ਕਈ ਵਿਦਵਾਨਾਂ ਨੇ

1. ਗੁਰਨਾਮ ਸਿੰਘ (ਡਾ.) ਸੰਗੀਤ ਨਿਬੰਧਾਵਲੀ, ਪੰਨਾ 20--21

ਧਰੁਵ ਦੇ ਧਾਰਣੀ ਨੂੰ ਹੀ ਧਰੁਪਦ ਦਾ ਨਾਮ ਦਿੱਤਾ ਹੈ। ਧਰੁਪਦ ਦੇ ਇਸ ਭਾਗ ਦਾ ਚਲਨ ਮੰਦਰ ਸਪਤਕ ਦੇ ਸੁੜਜ ਤੋਂ ਮੱਧ ਸਪਤਕ ਦੇ ਨਿਸ਼ਾਦ ਤੱਕ ਹੈ। ਕਈ ਵਿਦਵਾਨ ਤਾਰ ਸਪਤਕ ਦੀ ਵਰਤੋਂ ਵੀ ਮੰਨਦੇ ਹਨ ਪਰ ਇਸ ਵਿਚ ਮੱਤ ਭੇਦ ਹੈ।

ਅੰਤਰਾ: ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਅੰਤਰਾ ਦਾ ਗਾਇਨ ਕੀਤਾ ਜਾਂਦਾ ਹੈ। ਅੰਤਰਾ ਆਮ ਤੌਰ 'ਤੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਇਸਦਾ ਅੰਤ ਮੱਧ ਸੁੜਜ ਤੇ ਆ ਕੇ ਹੁੰਦਾ ਹੈ।

ਸੰਚਾਰੀ: ਸੰਚਾਰੀ ਚਰਣ ਦਾ ਗਾਇਨ ਜ਼ਿਆਦਾ ਮੰਦਰ ਅਤੇ ਮੱਧ ਸਪਤਕ ਵਿਚ ਰਹਿੰਦਾ ਹੈ।ਤਾਰ ਸਪਤਕ ਵਿਚ ਇਸਦਾ ਘੱਟ ਗਾਇਨ ਹੁੰਦਾ ਹੈ। ਇਸ ਭਾਗ ਵਿਚ ਕਲਾਤਮਿਕ ਫੇਰਾਂ ਨਾਲ ਸੁਰਾਂ ਦੀ ਵਰਤੋਂ ਹੁੰਦੀ ਹੈ ਅਤੇ ਗਮਕ, ਮੀੜ੍ਹ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ।

ਆਭੋਗ: ਆਭੋਗ ਜਾਂ ਧਰੁਪਦ ਦੇ ਚੌਥੇ ਭਾਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ। ਇਸ ਵਿਚ ਤਿੰਨਾਂ ਸਥਾਨਾਂ ਜਾਂ ਸਪਤਕ ਦੇ ਸੁਰਾਂ ਦੀ ਵਰਤੋਂ ਹੁੰਦੀ ਹੈ। ਇਸ ਵਿਚ ਗਾਇਕ ਆਪਣੀ ਸਹੂਲੀਅਤ, ਇੱਛਾ ਅਨੁਸਾਰ ਜਿੰਨੀ ਵੀ ਉਚਾਈ ਤੱਕ ਜਾ ਸਕਦਾ ਹੈ, ਉਥੋਂ ਦੇ ਸੁਰਾਂ ਦੀ ਵਰਤੋਂ ਕਰਦਾ ਹੈ।

ਅੱਜਕਲ੍ਹ ਧਰੁਪਦ ਦੇ ਚਾਰ ਭਾਗਾਂ ਦੀ ਥਾਂ ਕੇਵਲ ਦੋ ਭਾਗ ਸਥਾਈ ਅਤੇ ਅੰਤਰਾ ਹੁੰਦੇ ਹਨ ਅਤੇ ਬਾਕੀ ਰਹਿੰਦੇ ਦੋ ਭਾਗਾਂ ਦਾ ਕੰਮ ਵੀ ਗਾਇਕ ਇਸ ਹਿੱਸੇ ਵਿਚ ਦਿਖਾਉਣ ਦਾ ਯਤਨ ਕਰਦਾ ਹੈ। ਧਰੁਪਦ ਗੰਭੀਰ ਪ੍ਰਕ੍ਰਿਤੀ ਦਾ ਧਾਰਣੀ ਹੈ। ਇਸ ਵਿਚ ਪ੍ਰਕ੍ਰਿਤੀ ਅਨੁਸਾਰ ਹੀ ਰਾਗਾਂ ਅਤੇ ਤਾਲਾਂ ਦੀ ਚੋਣ ਹੁੰਦੀ ਹੈ। ਰਾਗ, ਤਾਲ ਦੇ ਨਾਲ ਭਾਸ਼ਾ ਦਾ ਵੀ ਇਸ ਵਿਚ ਖ਼ਾਸ ਧਿਆਨ ਦਿੱਤਾ ਜਾਂਦਾ ਹੈ। ਭਾਸ਼ਾ ਦੀ ਪਕਿਆਈ ਅਤੇ ਗੰਭੀਰਤਾ ਇਸ ਸ਼ੈਲੀ ਦਾ ਮੁੱਖ ਲੱਛਣ ਹਨ। ਇਸ ਵਿਚ ਤਾਨਾਂ, ਮੁਰਕੀ, ਖਟਕੇ, ਕਣ ਆਦਿ ਦਾ ਪਰਹੇਜ਼ ਕੀਤਾ ਜਾਂਦਾ ਹੈ ਅਤੇ ਗਮਕ, ਮੀੜ੍ਹ ਦੀ ਪ੍ਰਧਾਨਤਾ ਰਹਿੰਦੀ ਹੈ। ਇਸ ਸ਼ੈਲੀ ਦੀ ਸ਼ੋਭਾ ਵਧਾਉਣ ਲਈ ਸਮ,

ਵਿਸ਼ਮ, ਅਨਾਗਤ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਧਰੁਪਦ ਸ਼ੈਲੀਦੀ ਸੰਗਤ ਲਈ ਪਖਾਵਜ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਅੱਜ ਕਲ. ਤਬਲੇ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਧਰੁਪਦ ਸ਼ੈਲੀ ਕਠਿਨ ਗਾਇਨ ਸ਼ੈਲੀ ਹੈ, ਇਸ ਵਿਚ ਸੁਰ, ਸ਼ਬਦ, ਤਾਲ, ਰਾਗ ਦਾਸ਼ੁਧ ਰੂਪਹੁੰਦਾ ਹੈ। ਇਸ ਸ਼ੈਲੀ ਦੀ ਸ਼ੁਧਤਾ ਨੂੰ ਕਾਇਮ ਰੱਖਣ ਲਈ ਅੱਛਾ ਸੁਰ ਗਿਆਨ, ਸੁਰ ਅਭਿਆਸ ਅਤੇ ਰਾਗ-ਤਾਲ ਦਾ ਗਿਆਨ ਹੋਣਾ ਜ਼ਰੂਰੀ ਹੈ।ਧਰੁਪਦ ਗਾਇਨ ਦੇ ਮੁੱਢ ਤੋਂ ਨੋਮ-ਤੋਮ ਆਦਿਅੱਖਰਾਂ ਦੁਆਰਾ ਆਲਾਪ ਕੀਤਾ ਜਾਂਦਾ ਹੈ। ਆਲਾਪ ਗਾਨਦੇਵੀ ਧਰੁਪਦ ਦੀ ਤਰ੍ਹਾਂ ਸਥਾਈ, ਅੰਤਰਾ, ਸੰਚਾਰੀ ਆਭੋਗ ਚਾਰ ਭਾਗ ਹੁੰਦੇ ਹਨ। ਆਲਾਪ ਦੇ ਬਾਅਦ ਧਰੁਪਦ ਦੇ ਸਥਾਈ ਅੰਤਰਾ, ਸੰਚਾਰੀ, ਆਭੋਗ ਭਾਗਾਂ ਦਾ ਗਾਇਨ ਕਰਕੇ ਗੀਤ ਨੂੰ ਵਿਭਿੰਨ ਲੈਅਕਾਰੀਆਂ ਦੁਗੁਣ, ਤਿਗੁਣ, ਚੌਗੁਣ, ਛਿਗੁਣ ਆਦਿ ਦੁਆਰਾ ਸਜਾਇਆ ਜਾਂਦਾਹੈ। ਲੈਅਕਾਰੀਆਂ ਤੋਂ ਬਾਅਦ ਬੋਲਤਾਨ ਲਈਜਾਂਦੀਹੈ। ਇਸ ਤਰ੍ਹਾਂ ਧਰੁਪਦ ਦੇ ਚਾਰੇ ਅੰਗਾਂ ਦਾ ਗਾਇਨ ਕਰਨ ਉਪਰੰਤ ਸਮਾਪਤੀ ਕੀਤੀ ਜਾਦੀ ਹੈ।

<u>ਧਮਾਰ</u>: ਧਮਾਰ ਵੀ ਭਾਰਤੀ ਸੰਗੀਤ ਦੀ ਮੱਧਕਾਲੀਨ ਸ਼ੈਲੀ ਹੈ। ਇਸਦਾ ਗਾਇਨ ਧਮਾਰ ਤਾਲ ਵਿਚ ਕੀਤਾ ਜਾਂਦਾ ਹੈ। ਧਮਾਰ ਤਾਲ ਦੇ ਨਾਮ ਤੇ ਹੀ ਇਸ ਸ਼ੈਲੀ ਦਾ ਨਾਮ ਧਮਾਰ ਗਾਇਨ ਸ਼ੈਲੀ ਪਿਆ। ਧਮਾਰ ਗੀਤਾਂ ਵਿਚ ਕ੍ਰਿਸ਼ਨ ਤੇ ਰਾਧਾ ਦੀ ਹੋਲੀ ਲੀਲਾਵਾਂ ਦਾ ਵਰਣਨ ਹੋਣ ਕਾਰਣ ਇਸਨੂੰ 'ਹੋਲੀ ਦਾ ਗੀਤ' ਵੀ ਕਹਿੰਦੇ ਹਨ। ਸ਼ਾਰੰਗਦੇਵ ਆਦਿ ਪ੍ਰਾਚੀਨ ਸੰਗੀਤਕਾਰਾਂ ਨੇ ਇਸਨੂੰ 'ਭਿੰਨਾ ਗੀਤਿ' ਦਾ ਨਾਮਦਿਤਾ ਪਰ ਅੱਜ ਕਲ੍ਹ ਇਸਨੂੰ 'ਧਮਾਰ ਗਾਇਕੀ' ਹੀ ਕਿਹਾ ਜਾਂਦਾ ਹੈ।

ਧਮਾਰ ਦੇ ਦੋ ਭਾਗ ਸਥਾਈ ਤੇ ਅੰਤਰਾ ਹੁੰਦੇ ਹਨ। ਇਸ ਵਿਚਧਰੁਪਦ ਦੀਤਰ੍ਹਾਂ ਨੋਮ ਤੋਮ ਦਾ ਆਲਾਪ ਕੀਤਾ ਜਾਂਦਾ ਹੈ। ਇਸ ਵਿਚ ਲੈਅਕਾਰੀਆਂ ਦਾ ਪ੍ਰਦਰਸ਼ਨ ਬੜਾ ਵਚਿੱਤਰ ਹੁੰਦਾ ਹੈ। ਇਸ ਵਿਚ ਦੁਗੁਣ, ਤਿਗੁਣ, ਚੌਗੁਣ, ਆੜ ਆਦਿ ਲੈਅਕਾਰੀਆਂ ਨੂੰ ਦਿਖਾਇਆ ਜਾਂਦਾ ਹੈ। ਧਰੁਪਦ ਦੀ ਤਰ੍ਹਾਂ ਹੀ ਇਸ ਵਿਚ ਗਮਕ ਮਈ ਬੋਲਤਾਨਾਂ ਲਈਆਂ ਜਾਂਦੀਆਂ ਹਨ ਅਤੇ ਖਟਕਾ, ਮੁਰਕੀ ਆਦਿ ਨਹੀਂ ਦਿਖਾਈ ਜਾਂਦੀ। ਵਾਸਤਵ ਵਿਚ ਇਹ ਕਹਿਣਾ ਉਚਿਤ ਹੋਵੇਗਾ ਕਿ ਧਮਾਰ ਗਾਇਨ ਸ਼ੈਲੀ, ਧਰੁਪਦ ਗਾਇਨ ਸ਼ੈਲੀ ਨਾਲ ਕਾਫੀ ਮੇਲ ਖਾਂਦੀ ਹੈ ਪਰ ਧਮਾਰ ਵਿਚ ਧਰੁਪਦ ਨਾਲੋਂ ਗੰਭੀਰਤਾ ਘੱਟ ਹੁੰਦੀ ਹੈ। ਜਿੰਨੀ ਅੱਛੀ ਤਰ੍ਹਾਂ ਧਰੁਪਦ ਗਾਇਕ ਧਮਾਰ ਨੂੰ ਗਾ ਸਕਦਾ ਹੈ ਉਨੀ ਅੱਛੀ ਤਰਾਂ ਖਿਆਲ ਗਾਇਕ ਨਹੀਂ ਗਾ ਸਕਦਾ। ਕਿਉਂਕਿ ਇਹ ਦੋਨੋਂ ਗਾਇਨ ਸ਼ੈਲੀਆਂ ਕਠਿਨ ਹਨ। ਖਿਆਲ ਗਾਇਕ ਇਸਨੂੰ ਦੀਪਚੰਦੀ ਤਾਲ ਵਿਚ ਗਾਉਂਦੇ ਹਨ। ਧਮਾਰ ਗਾਇਨ ਸ਼ੈਲੀ ਸ਼ਿੰਗਾਰ ਰਸ ਪ੍ਰਧਾਨ ਹੈ ਜਿਸ ਤਰ੍ਹਾਂ ਲੋਕ ਖਿਆਲ ਸੁਣਨ ਤੋਂ ਬਾਅਦ ਠੁਮਰੀ ਸੁਣਨਾ ਪਸੰਦ ਕਰਦੇ ਹਨਉਸੀ ਤਰ੍ਹਾਂ ਧਰੁਪਦ ਤੋਂ ਬਾਅਦ ਧਮਾਰ ਸ਼ੈਲੀ ਨੂੰ ਪਸੰਦ ਕੀਤਾ ਜਾਂਦਾਹੈ। ਧਮਾਰ ਨੂੰ ਗਾਉਣ ਲਈਉੱਤਮ ਸੁਰ ਗਿਆਨ, ਰਾਗ ਅਤੇ ਤਾਲਦਾ ਗਿਆਨ ਹੋਣਾ ਜ਼ਰੂਰੀ ਹੈ।

ਧਮਾਰ ਵਿਚ ਕ੍ਰਿਸ਼ਨ ਅਤੇ ਗੋਪੀਆਂ ਦੀਆਂ ਲੀਲਾਵਾਂ ਦਾ ਵਰਣਨ ਹੋਣ ਕਾਰਣ ਮੁਸਲਿਮ ਗਾਇਕਾਂ ਨੇ ਇਸ ਸ਼ੈਲੀ ਨੂੰ ਨਹੀਂ ਅਪਨਾਇਆ। ਫਿਰ ਖ਼ਿਆਲ, ਠੁਮਰੀ ਆਦਿ ਜੈਸੀਆਂ ਗਾਇਨ ਸ਼ੈਲੀਆਂ ਦੇ ਆਉਣ ਤੇ ਸ਼ਿੰਗਾਰ ਰਸ ਭਰਪੂਰ, ਅਭਿਵਿਅਕਤੀ ਕਰਾਉਣ ਲਈ ਧਮਾਰ ਸ਼ੈਲੀ ਸਿਰਫ ਪਾਠ ਕ੍ਰਮ ਤਕ ਹੀ ਸੀਮਤ ਰਹਿ ਗਈ ਅਤੇ ਵਿਵਹਾਰਕ ਤੌਰ'ਤੇ ਇਸਦਾ ਪ੍ਰਚਾਰ ਬਹੁਤ ਘੱਟ ਗਿਆ।

ਖ਼ਿਆਲ: ਖ਼ਿਆਲ ਭਾਰਤੀ ਸ਼ਾਸਤਰੀ ਸੰਗੀਤ ਦੀ ਪ੍ਰਤੀਨਿਧ ਗਾਇਨ ਸ਼ੈਲੀ ਹੈ। ਕੁਝ ਵਿਦਵਾਨਾਂ ਨੇ 13 ਵੀਂ ਸਦੀ ਦੇ ਅਮੀਰ ਖੁਸਰੋ ਨੂੰ ਖ਼ਿਆਲ ਗਾਇਨ ਸ਼ੈਲੀ ਦਾ ਆਵਿਸ਼ਕਾਰਕ ਮੰਨਿਆ ਹੈ ਪਰ ਇਸ ਵਿਚ ਮੱਤ ਭੇਦ ਹੈ। ਇਸ ਨਾਲ ਸਭ ਸਹਿਮਤ ਹਨ ਕਿ ਖ਼ਿਆਲ ਗਾਇਨ ਸ਼ੈਲੀ ਦੇ ਪ੍ਰਚਲਨ ਵਿਚ ਅਮੀਰ ਖੁਸਰੋ ਨੇ ਕਾਫ਼ੀ ਰਚਨਾਵਾਂ ਕੀਤੀਆਂ। ਖ਼ਿਆਲ ਦਾ ਅਰਥ ਹੈ ਕਲਪਨਾ, ਵਿਚਾਰ, ਸੰਰਚਨਾ ਆਦਿ । ਕਲਪਨਾ ਦੇ ਸਹਾਰੇ ਨਿਯਮਾਂ ਦਾ ਪਾਲਣ ਕਰਦੇ ਹੋਏ ਅਲੰਕਾਰਿਕ ਗੁਣਾਂ ਸਹਿਤ ਆਲਾਪ, ਤਾਨਾਂ ਆਦਿ ਨਾਲ ਸਜੀ ਰਚਨਾ 'ਖ਼ਿਆਲ' ਕਹਿਲਾਉਂਦੀ ਹੈ। ਹਰੀਸ਼ ਚੰਦਰ ਸ੍ਰੀ ਵਾਸਤਵ ਅਨੁਸਾਰ, "ਗੀਤ ਦਾ ਉਹ ਪ੍ਰਕਾਰ ਜਿਸ ਵਿਚ ਆਲਾਪ, ਤਾਨ, ਖਟਕਾ ਕਣ ਆਦਿ ਵਿਭਿੰਨ ਅਲੰਕਾਰਾਂ ਦੁਆਰਾ ਕਿਸੇ ਵਿਸ਼ਿਸ਼ਟ ਰਾਗ ਵਿਚ ਉਸਦੇ ਨਿਯਮਾਂ ਦਾ ਪਾਲਣ ਕਰਦੇ ਹੋਏ, ਕਿਸੇ ਭਾਵ ਨੂੰ ਅਭਿਵਿਅਕਤ ਕੀਤਾ ਜਾਵੇ, ਉਸਨੂੰ ਖ਼ਿਆਲ ਕਹਿੰਦੇ ਹਨ।[1] ਖ਼ਿਆਲ ਦੇ ਦੋ ਪ੍ਰਕਾਰ ਹਨ -ਵਿਲੰਬਤ ਖ਼ਿਆਲ ਅਤੇ ਦਰੱਤ ਖ਼ਿਆਲ । ਵਿਲੰਬਤ ਖ਼ਿਆਲ ਵਿਚ ਧਰੁਪਦ ਦੀ ਤਰ੍ਹਾਂ ਇਸਦੀ ਲੈਅ ਵਿਲੰਬਤ ਹੁੰਦੀ ਹੈ। ਇਸਦੇ ਦੋ ਧਾਤੂ ਸਥਾਈ, ਅੰਤਰਾ ਹੁੰਦੇ ਹਨ। ਖ਼ਿਆਲ ਗਾਇਨ ਤੋਂ ਪੂਰਵ ਰਾਗਵਾਚਕ ਸੁਰਾਂ ਦਾ ਥੋੜ੍ਹਾ ਆਲਾਪ ਕੀਤਾ ਜਾਂਦਾ ਹੈ ਅਤੇ ਗੀਤ ਗਾਇਨ ਤੋਂ ਬਾਅਦ ਇਕ-ਇਕ ਸੁਰ ਲੈ ਕੇ ਕਣ, ਮੀਂਡ, ਗਮਕ ਆਦਿ ਅਲੰਕਾਰਿਕ ਗੁਣਾਂ ਸਹਿਤ ਬੜ੍ਹਤ ਕੀਤੀ ਜਾਂਦੀ ਹੈ। ਆਲਾਪ ਵਿਚ ਬੋਲ ਆਲਾਪ, ਬਹਲਾਵਾ ਢੰਗ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੰਤ ਵਿਚ ਤਾਨਾਂ, ਬੋਲਤਾਨਾਂ ਪਹਿਲਾਂ ਬਰਾਬਰ ਦੀ ਲੈਅ ਵਿਚ ਅਤੇ ਫਿਰ ਦੁਗੁਣ, ਚੌਗੁਣ ਆਦਿ ਲੈਅ ਵਿਚ ਲੈ ਕੇ ਤਿਹਾਈ ਲਗਾ ਕੇ ਸਮਾਪਤੀ ਕੀਤੀ ਜਾਂਦੀ ਹੈ। ਵਿਲੰਬਤ ਖ਼ਿਆਲ ਤੋਂ ਬਾਅਦ ਦੁਰੱਤ ਖ਼ਿਆਲ ਦਾ ਗਾਇਨ ਕੀਤਾ ਜਾਂਦਾ ਹੈ। ਇਹ ਵਿਲੰਬਤ ਖ਼ਿਆਲ ਨਾਲੋਂ ਚੰਚਲ ਹੈ ਅਤੇ ਇਸਦਾ ਮੱਧੀ ਲੈਅ ਵਿਚ ਗਾਇਨ ਕੀਤਾ ਜਾਂਦਾ ਹੈ। ਇਸਦਾ ਗਾਇਨ ਆਮ ਕਰਕੇ ਤੀਨ ਤਾਲ, ਰੂਪਕ, ਝੱਪ ਤਾਲ, ਏਕ ਤਾਲ ਆਦਿ ਤਾਲਾਂ ਵਿਚ ਕੀਤਾ ਜਾਂਦਾ ਹੈ।

1. ਰਾਗ ਪਰਿਚਯ(ਭਾਗ ਪਹਿਲਾ) ਪੰਨਾ 75

ਮੱਧ ਕਾਲ ਵਿਚ 17 ਵੀਂ ਸਦੀਦੇ ਅੰਤ ਤੇ 18 ਵੀਂ ਸਦੀ ਦੇ ਸ਼ੁਰੂ ਵਿਚ ਠੁਮਰੀ,ਟੱਪਾ, ਗਜ਼ਲ ਆਦਿ ਸ਼ੈਲੀਆਂ ਅਰਧ ਸ਼ਾਸਤਰੀ ਸੰਗੀਤ ਵਿਚ ਪ੍ਰਚਾਰ ਵਿਚ ਆਈਆਂ ਪਰ ਅਸੀਂ ਆਪਣੀ ਖੋਜ ਕਾਹਜ ਦੀ ਸੀਮਾ ਨੂੰ ਧਿਆਨ ਵਿਚ ਰਖਦੇ ਹੋਏ ਇਨ੍ਹਾਂ ਦਾ ਵਿਵਰਣ ਨਹੀਂ ਦੇ ਰਹੇ।

ਮੱਧਕਾਲੀਨ ਰਾਗ ਵਰਗੀਕਰਣ

ਰਾਗ ਦੇ ਸੁਤੰਤਰ ਰੂਪ ਨੂੰ ਆਸਾਨੀ ਨਾਲਸਮਝਣ ਅਤੇ ਪਹਿਚਾਨਣ ਲਈ ਭਾਰਤੀ ਸੰਗੀਤ ਵਿਚ ਆਰੰਭ ਤੋਂ ਰਾਗਾਂ ਨੂੰ ਕਈ ਤਰ੍ਹਾਂ ਦੇ ਵਰਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ। ਮੱਧਕਾਲ ਵਿਚ ਰਾਗ ਦੇ ਨਿਮਨਲਿਖਿਤ ਵਰਗੀ-ਕਰਣ ਮਿਲਦੇ ਹਨ:

1 ਦਸ਼ਵਿਧ ਰਾਗ ਵਰਗੀਕਰਣ: ਪੰਡਿਤ ਸ਼ਾਰੰਗਦੇਵ ਨੇ ਆਪਣੇ ਸਮੇਂ ਦੇ ਪ੍ਰਚੱਲਿਤ ਰਾਗਾਂ ਨੂੰ 10 ਰਾਗਾਂ ਅੰਤਰਗਤ ਵਿਭਾਜਿਤ ਕੀਤਾ ਜਿਸ ਤੋਂ ਇਸ ਵਰਗੀਕਰਣ ਦਾ ਨਾਮ 'ਦਸ਼ਵਿਧ ਰਾਗ ਵਰਗੀਕਰਣ' ਪਿਆ।

| | | |
|---|---|---|
| 1. | ਗ੍ਰਾਮ ਰਾਗ | ਜਿਨ੍ਹਾਂ ਦੀ ਉਤਪਤੀ ਗ੍ਰਾਮਾਂ ਨਾਲ ਸੰਬੰਧਿਤ ਗੀਤੀਆਂ ਤੋਂ ਹੋਈ । |
| 2- | ਉਪਰਾਗ | ਗ੍ਰਾਮ ਰਾਗਾਂ ਤੋਂ ਬਿਨਾਂ ਰਾਗ ਦੇ ਦੱਸ ਲੱਛਣਾਂ ਅਨੁਸਾਰ ਪ੍ਰਚੱਲਿਤ ਰਾਗ। |
| 3. | ਰਾਗ | ਪ੍ਰਾਚੀਨ ਗ੍ਰਾਮ ਰਾਗ ਅਤੇ ਗੀਤੀਆਂ ਤੋਂ ਬਿਨਾਂ ਜਾਤੀਆਂ ਤੋਂ ਉਤਪੰਨ ਰਾਗ। |
| 4- | ਭਾਸ਼ਾ | ਪ੍ਰਾਦੇਸ਼ਿਕ ਸ਼ੈਲੀਆਂ ਅਨੁਸਾਰ ਰਾਗ। |
| 5- | ਵਿਭਾਸ਼ਾ | ਭਾਸ਼ਾ ਦੇ ਸਥਾਨਕ ਭੇਦਾਂ ਅਨੁਸਾਰ ਰਾਗ। |
| 6- | ਅੰਤਰ ਭਾਸ਼ਾ | ਪ੍ਰਾਦੇਸ਼ਿਕ ਸ਼ੈਲੀਆਂ ਦੇ ਸਥਾਨਕ ਭਾਸ਼ਾਈ ਭੇਦਾਂ ਅਨੁਸਾਰ ਪ੍ਰਚੱਲਿਤ ਰਾਗ। |
| 7- | ਰਾਗਾਂਗ | ਜਿਨ੍ਹਾਂ ਰਾਗਾਂ ਉਤੇ ਗ੍ਰਾਮ ਰਾਗਾਂ ਦੀ ਛਾਇਆ ਹੋਵੇ। |

8. ਭਾਸ਼ਾਂਗ — ਭਾਸ਼ਾ ਜਾਂ ਪ੍ਰਾਦੇਸ਼ਿਕ ਸ਼ੈਲੀਆਂ ਦੇ ਪ੍ਰਭਾਵ ਅਧੀਨ ਰਾਗ

9- ਕ੍ਰਿਆਂਗ — ਭਾਵ ਪ੍ਰਧਾਨ ਤੇ ਕਿਰਿਆ ਪ੍ਰਧਾਨ (ਅਭਿਨੈ-ਪ੍ਰਧਾਨ) ਰਾਗ।

10- ਉਪਾਂਗ — ਰਾਗਾਂਗ, ਭਾਸ਼ਾਂਗ, ਕ੍ਰਿਆਂਗ ਦੇ ਮਿਸ਼ਰਣ ਤੋਂ ਉਤਪੰਨ ਰਾਗ।

2. ਰਾਗ ਰਾਗਣੀ ਵਰਗੀਕਰਣ: ਇਸ ਰਾਗ ਵਰਗੀਕਰਣ ਵਿਚ ਰਾਗਾਂ ਦੇ ਸੁਭਾਅ ਅਨੁਸਾਰ ਰਾਗਾਂ ਨੂੰ ਪੁਰਸ਼, ਇਸਤਰੀ, ਪੁੱਤਰ ਆਦਿ ਸਮਾਜਿਕ ਰਿਸ਼ਤਿਆਂ ਅੰਤਰਗਤ ਵਿਭਾਜਿਤ ਕੀਤਾ ਜਾਂਦਾ ਸੀ। ਇਸ ਵਿਚ ਛੇ ਮੁਖ ਰਾਗ ਅਤੇ ਇਨ੍ਹਾਂ ਦੀਆਂ ਰਾਗਿਨੀਆਂ (ਇਸਤਰੀਆਂ) ਅਤੇ ਪੁੱਤਰ, ਪੁੱਤਰੀਆਂ ਮੰਨੇ ਜਾਂਦੇ ਸਨ। ਇਸ ਵਰਗੀਕਰਣ ਵਿਚ ਵਿਭਿੰਨ ਮੱਤ ਪਾਏ ਜਾਂਦੇ ਹਨ ਜਿਨ੍ਹਾਂ ਦੇ ਰਾਗਾਂ, ਰਾਗਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

ਸ਼ਿਵ ਮੱਤ:

1. ਸ੍ਰੀ ਰਾਗ — ਮਾਲਸ੍ਰੀ, ਤ੍ਰਿਵੇਣੀ, ਗੌਰੀ, ਕੇਦਾਰੀ, ਮਧੁਮਾਧਵੀ ਪਹਾੜਿਕਾ।
2. ਵਸੰਤ — ਦੇਸ਼ੀ, ਦੇਵਗਿਰੀ, ਵਰਾਟੀ, ਟੋੜਿਕਾ, ਲਲਿਤਾ, ਹਿੰਡੋਲੀ।
3. ਭੈਰਵ — ਭੈਰਵੀ, ਗੁਜਰੀ, ਰਾਮਕਿਰੀ, ਗੁਣਕਿਰੀ, ਬੰਗਾਲੀ, ਸੈਂਧਵੀ।
4. ਪੰਚਮ — ਵਿਭਾਸ਼ਾ, ਭੂਪਾਲ, ਕਰਣਾਟੀ, ਨੜਹੰਸਿਕਾ, ਮਾਲਵੀ, ਪਟਮੰਜਰੀ
5. ਬ੍ਰਹਨਾਟ — ਕਾਮੋਦ, ਕਲਿਆਣੀ, ਅਭੀਰੀ, ਨਾਟਿਕਾ, ਸਾਰਗੀ, ਨਟਹੰਬੀਰਾ।
6- ਮੇਘ — ਮਲਾਰੀ, ਸੋਰਠੀ, ਸਾਵੇਰੀ, ਕੈਸ਼ਿਕੀ, ਗੰਧਾਰੀ, ਹਰਸ਼ਿੰਗਾਰ।

ਹਨੁਮੰ ਮੱਤ:

| | |
|---|---|
| 1. ਭੈਰਵ | ਮਧਯਮਾਦ, ਭੈਰਵੀ, ਬੰਗਾਲੀ, ਵਰਾਟੀ, ਸੈਧਵੀ। |
| 2. ਕੌਸ਼ਿਕ | ਤੋੜੀ, ਖੰਬਾਵਤੀ, ਗੌਰੀ, ਗੁਣਕਰੀ, ਕੁਕਭਾ। |
| 3. ਹਿੰਡੋਲ | ਵੇਲਾਵਲੀ, ਰਾਮਕਿਰੀ, ਦੇਸ਼ਾਖਯ, ਪਟਮੰਜਰੀ, ਲਲਿਤਾ। |
| 4. ਦੀਪਕ | ਕੇਦਾਰ, ਕਾਨੜਾ, ਦੇਸੀ, ਕਾਮੋਦੀ, ਨਾਟਿਕਾ। |
| 5. ਸ਼੍ਰੀ | ਵਾਸੰਤੀ, ਮਾਲਵੀ, ਮਾਲਸ੍ਰੀ, ਧਨਾਸਿਕਾ, ਆਸਾਵਰੀ। |
| 6. ਮੇਘ | ਮਾਲਵੀ, ਦੇਸਕਰੀ, ਭੁਪਾਲੀ, ਗੁਜਰੀ, ਟੰਕਾ। |

ਰਾਗ ਰਾਵਣ ਮੱਤ:

| | |
|---|---|
| 1. ਭੈਰਵ | ਬੰਗਾਲੀ, ਗੁਣਕਿਰੀ, ਮਧਯਮਾਦਿ, ਬਸੰਤ, ਧਨਾਸਰੀ। |
| 2. ਪੰਚਮ | ਲਲਿਤਾ, ਗੁਰਜਰੀ, ਦੇਸੀ, ਵਰਾੜੀ, ਰਾਮ ਕ੍ਰੀ। |
| 3. ਨਟ | ਨਾਰਾਇਣ, ਗੰਧਾਰ, ਸਾਲਗ, ਕੇਦਾਰੀ, ਕਰਣਾਟ। |
| 4. ਮਲ੍ਹਾਰ | ਮੇਘਮਲਾਰਿਕਾ, ਮਾਲਕੌਸ਼ਿਕ, ਪਟ ਮੰਜਰੀ, ਆਸਾਵਰੀ, ਮੇਘ। |
| 5. ਗੌੜਮਾਲਵ | ਹਿੰਡੋਲ, ਤ੍ਰਿਵਣ, ਗੰਧਾਰੀ, ਗੌਰੀ, ਪਟਹੰਸਿਕਾ। |
| 6. ਦੇਸ਼(ਦੇਸ਼ਾਖਯ) | ਭੁਪਾਲੀ, ਕੁੜਾਲੀ, ਦਾਮੋਦੀ, ਨਾਟਿਕਾ, ਵੇਲਾਵਲੀ। |

ਕ੍ਰਿਸ਼ਣ ਮੱਤ;

| | |
|---|---|
| 1. ਸ੍ਰੀ ਰਾਗ | ਗੌਰੀ, ਕੋਲਾਹਲ, ਧਵਲਾ, ਵਹੀਰਾਜੀ, ਮਾਲਕੌਸ, ਦੇਵਗੰਧਾਰ |
| 2. ਬਸੰਤ | ਅੰਧਾਲੀ, ਗੁਣਕਾਲੀ, ਪਟਮੰਜਰੀ, ਗੌੜਕਿਰੀ, ਧਾਕੀ, ਦੇਵਸਾਗ |
| 3. ਭੈਰਵ | ਭੈਰਵੀ, ਗੁਰਜਰੀ, ਬਿਲਾਵਲੀ, ਬਿਹਾਗ, ਕਰਨਾਟ, ਕਾਨੜਾ |
| 4. ਪੰਚਮ | ਤ੍ਰਿਵੈਣੀ, ਹਸਤੰਰੇਨਹਾ, ਅਹੀਰੀ, ਕੋਕਭ, ਬੈਰਾਰੀ, ਅਸਾਵਰੀ। |
| 5. ਨਟਨਾਰਾਇਣ | ਤ੍ਰਿਬੰਕੀ, ਤਿਲੰਗੀ, ਪੂਰਵੀ, ਗੰਧਾਰੀ, ਰਾਮਾ, ਸਿੰਧਮਲਾਰੀ। |

| | |
|---|---|
| 6. ਮੇਘ | ਬੰਗਾਲੀ, ਮਧੁਰਾ, ਕਾਮੋਦ, ਧਨਾਸਰੀ,ਦੇਵਤੀਰਥ, ਦਿਵਾਲੀ। |

ਭਰਤ ਮੱਤ:

| | |
|---|---|
| 1. ਭੈਰਵ: | ਮਧਮਮਾਧਵੀ,ਲਲਿਤਾ, ਬਰਾਰੀ, ਭੈਰਵੀ, ਬਹੁਲੀ। |
| 2. ਮਾਲਕੌਂਸ | ਗੌਰੀ, ਵਿਦਿਆਵਤੀ, ਤੋੜੀ, ਖੰਬਾਵਤੀ,ਕੁਕਭੀ। |
| 3. ਹਿੰਡੋਲ | ਰਾਮਕਲੀ, ਮਾਲਵੀ, ਦੇਵਾਰੀ,ਆਸਾਵਰੀ ਕੇਕੀ। |
| 4. ਦੀਪਕ | ਕੇਦਾਰੀ, ਗੌਰੀ, ਰੁਦਰਵਤੀ, ਕਾਮੋਦ, ਗੁਰਜਰੀ। |
| 5. ਸ੍ਰੀ | ਸੈਂਧਵੀ,ਕਾਫ਼ੀ,ਠੁਮਰੀ,ਵਿਚਿਤ੍ਰਾ, ਸੋਹਣੀ। |
| 6. ਮੇਘ | ਮਲਾਰੀ, ਸਾਰੰਗ, ਦੇਸੀ, ਰਤਿਵੱਲਭਾ, ਕਾਨਰਾ। |

3.ਮੇਲ ਰਾਗ ਵਰਗੀਕਰਣ:

ਰਾਗ ਦਾ ਵਰਗੀਕਰਣ , ਰਾਗ ਦੇ ਸਰੂਪ ਅਤੇ ਚਲਨ ਦੇ ਆਧਾਰ 'ਤੇ ਮੇਲ ਪੱਧਤੀ ਪ੍ਰਚੱਲਿਤ ਹੋਈ। ਰਾਗ ਵਿਚ ਪ੍ਰਯੁਕਤ ਸ਼ੁਧ ਅਤੇ ਵਿਕਰਿਤ ਸੁਰਾਂ ਤੋਂ ਬਣੇ ਰਾਗ ਵਰਗ ਨੂੰ ਮੇਲ ਕਿਹਾ ਜਾਂਦਾ ਹੈ। ਉੱਤਰੀ ਭਾਰਤੀ ਸੰਗੀਤ ਵਿਚ ਮੇਲ ਨੂੰ ਥਾਟ ਕਿਹਾ ਜਾਂਦਾ ਹੈ। ਇਸ ਪੱਧਤੀ ਅਧੀਨ ਮੇਲ ਦੀ ਗਿਣਤੀ ਵਿਦਵਾਨਾਂ ਵਿਚ ਭਿੰਨ ਭਿੰਨ ਪਾਈ ਜਾਂਦੀ ਹੈ, ਜਿਨ੍ਹਾਂ ਅਨੁਸਾਰ ਉਨ੍ਹਾਂ ਨੇ ਆਪਣੇ ਰਾਗ ਦੀ ਵੰਡ ਕੀਤੀ ਇਨ੍ਹਾਂ ਦਾ ਵਿਵਰਣ ਸਾਨੂੰ ਮਧੱਕਾਲੀਨ ਰਚਿਤ ਸੰਗੀਤ ਗ੍ਰੰਥਾਂ ਦੇ ਅਧਿਐਨ ਕਰਨਤੇ ਪਤਾ ਲਗਦਾ ਹੈ। ਉਦਾਹਰਣ ਦੇ ਤੌਰ 'ਤੇ ਲੋਚਨ ਨੇ 12, ਹਿਰਦੈ ਨਾਰਾਇਣ ਨੇ 13, ਤੁਲਾ ਜੀ ਰਾਵ ਨੇ 21, ਰਾਮਮਾਤਯ ਨੇ 20, ਮੇਲਾਂ ਅਧੀਨ ਰਾਗਾਂ ਦਾ ਵਰਗੀਕਰਣ ਕੀਤਾ। ਮੇਲ ਰਾਗ ਵਰਗੀਕਰਣ ਵਿਚ ਭਿੰਨ-ਭਿੰਨ ਮੱਤ ਹੋਣ ਦੇ ਬਾਵਜੂਦ ਭਾਰਤੀ ਸੰਗੀਤ ਵਿਚ ਦੋ ਮੱਤ ਪ੍ਰਚੱਲਿਤ ਰਹੇ। ਪੰਡਿਤ ਵਿਐਂਕਟਮੁਖੀ ਨੇ ਸ਼ੁਧ ਅਤੇ ਵਿਕਰਿਤ ਕੁਲ 12 ਸੁਰਾਂ ਤੋਂ 72 ਮੇਲਾਂ ਦੀ ਰਚਨਾ ਕੀਤੀ ਜੋ ਦੱਖਣੀ ਭਾਰਤੀ ਸੰਗੀਤ (ਕਰਨਾਟਕੀ ਸੰਗੀਤ) ਵਿਚ ਪ੍ਰਚੱਲਿਤ ਹਨ। ਪੰਡਿਤ ਭਾਤਖੰਡੇ ਨੇ 10 ਥਾਟਾਂ ਅਧੀਨ ਰਾਗਾਂ ਦਾ ਵਿਭਾਜਨ ਕੀਤਾ ਜਿਸਦਾ ਉੱਤਰੀ ਭਾਰਤੀ ਸੰਗੀਤ ਵਿਚ ਪ੍ਰਚਾਰ ਹੈ।*

*ਉਤਰੀ ਭਾਰਤੀ ਸੰਗੀਤ ਦੇ ਪ੍ਰਚੱਲਿਤ 10 ਥਾਟ:-ਬਿਲਾਵਲ,ਕਲਿਆਣ,ਖਮਾਜ, ਕਾਫ਼ੀ,ਭੈਰਵ, ਆਸਾਵਰੀ, ਪੂਰਵੀ, ਭੈਰਵੀ, ਮਾਰਵਾ, ਤੋੜੀ ।

4- <u>ਰਾਗ ਰਾਗਾਂਗ ਵਰਗੀਕਰਣ:</u> ਇਸ ਵਰਗੀਕਰਣ ਅਧੀਨ ਰਾਗ ਦੇ ਵਿਚਲੇ ਸਮਾਨ ਰਾਗ ਅੰਗਾਂ ਅਨੁਸਾਰ ਰਾਗਾਂ ਨੂੰ ਵਿਭਾਜਿਤ ਕਰਨਾ ਸੀ। ਰਾਗ ਵਿਚ ਪ੍ਰਯੁਕਤ ਦੋ ਜਾਂ ਤਿੰਨ ਵਿਸ਼ਿਸ਼ਟ ਸੁਰਾਂ ਨੂੰ 'ਰਾਗ ਅੰਗ' ਕਿਹਾ ਜਾਂਦਾ ਹੈ। ਇਹ ਸਮਾਨ ਰਾਗ ਅੰਗਾਂ ਅਨੁਸਾਰ ਰਾਗ ਵੰਡ ਕਰਨਦੀ ਪ੍ਰਥਾ ਹੀ 'ਰਾਗ ਰਾਗਾਂਗ ਵਰਗੀਕਰਣ'ਪੱਧਤੀ ਕਹਿਲਾਈ । ਉੱਤਰੀ ਭਾਰਤੀ ਸੰਗੀਤ ਵਿਚ ਰਾਗਾਂ ਨੂੰ 12 ਪ੍ਰਕਾਰ ਦੇ ਰਾਗਾਂਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨ:

| | | | |
|---|---|---|---|
| 1. | ਕਲਿਆਣ ਅੰਗ | 7. | ਲਲਿਤ ਅੰਗ |
| 2. | ਬਿਲਾਵਲ ਅੰਗ | 8. | ਕਾਫੀ ਅੰਗ |
| 3. | ਖਮਾਜ ਅੰਗ | 9. | ਧਨਾਸਰੀ ਅੰਗ |
| 4. | ਭੈਰਵ ਅੰਗ | 10. | ਸਾਰੰਗ ਅੰਗ |
| 5. | ਪੂਰਵੀ ਅੰਗ | 11. | ਕਾਨੜ੍ਹਾ ਅੰਗ |
| 6. | ਸ੍ਰੀ ਅੰਗ | 12. | ਮਲ੍ਹਾਰ ਅੰਗ |

<u>ਸ਼ੁਧ, ਛਾਇਆਲਗ, ਸੰਕੀਰਣ ਰਾਗ ਵਰਗੀਕਰਣ :</u> ਸ਼ੁਧ, ਛਾਇਆਲਗ, ਸੰਕੀਰਣ ਰਾਗ ਵਰਗੀਕਰਣ ਦੀ ਰਚਨਾ ਰਾਗਾਂ ਦੇ ਆਪਸੀ ਮੇਲ ਤੋਂ ਹੁੰਦੀ ਹੈ ਇਸ ਵਰਗੀਕਰਣ ਦਾ ਵਿਵਰਣ ਇਸ ਪ੍ਰਕਾਰ ਹੈ:

ਸ਼ੁਧ ਰਾਗ: ਭਾਰਤੀ ਸੰਗੀਤ ਵਿਚ ਜਿਨ੍ਹਾਂ ਰਾਗਾਂ ਦਾ ਸਰੂਪ ਸਾਰੇ ਰਾਗਾਂ ਤੋਂ ਪੂਰਨ ਤੌਰ'ਤੇ ਭਿੰਨ ਹੁੰਦਾ ਹੈ, ਸ਼ੁਧ ਰਾਗ ਹਨ।[1] ਸ਼ੁਧ ਰਾਗ ਵਿਚ ਕਿਸੇ ਹੋਰ ਰਾਗ ਦੀ ਛਾਇਆ ਆਉਣ ਤੇ ਸ਼ੁਧ ਨਹੀਂ ਰਹਿ ਜਾਂਦਾ। ਸ੍ਰੀ ਭਾਤਖੰਡੇ ਜੀ ਅਨੁਸਾਰ, "ਜਿਨ੍ਹਾਂ ਰਾਗਾਂ ਵਿਚ ਸ਼ਾਸਤਰੀ ਨਿਯਮਾਂ ਦਾ ਪੂਰਨ ਖਿਆਲ ਰਖਿਆ ਜਾਵੇ, ਉਹ ਸ਼ੁਧ ਰਾਗ ਹਨ।

<u>ਤਤ੍ਰ ਸ਼ੁਧਰਾਗਤ੍ਵਮ ਨਾਮ ਸ਼ਾਸਤ੍ਰੋਕਤਨਿਯਮਾਤ ਰੰਜਕਤ੍ਵੇ ਭਵਤਿ।</u>[2]

---

1. ਸ਼ਾਸਤਰੀ, ਹੇ ਵਾਸੁਦੇਵ <u>ਸੰਗੀਤ ਸ਼ਾਸਤਰ</u>, ਪੰਨਾ 74
2. <u>ਕ੍ਰਮਿਕ ਪੁਸਤਕ ਮਲਿਕਾ</u>, (ਭਾਗ ਤੀਜਾ) ਪੰਨਾ 21

ਛਾਇਆਲਗ ਰਾਗ: ਭਾਰਤੀ ਸੰਗੀਤ ਵਿਚ ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮਿਸ਼ਰਣ ਤੋਂ ਹੁੰਦੀ ਹੈ, ਛਾਇਆਲਗ ਰਾਗ ਹਨ। ਛਾਇਆਲਗ ਰਾਗਾਂ ਨੂੰ 'ਭਾਸ਼ਾ ਰਾਗ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।[1]

ਛਾਯਾਲਗਤਵਮ ਨਾਮਾਨਯਛਾਯਾਲਗਤਵੇਨ ਰਕਤੀਹੇਤੁਤਵਮੈ ਭਵਤਿ।[2]

ਇਨ੍ਹਾਂ ਰਾਗਾਂ ਵਿਚ ਮੁਖ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਹੁੰਦੀ ਹੈ। ਇਨ੍ਹਾਂ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮੇਲ ਹੋਣ ਤੋਂ ਬਾਵਜੂਦ ਵੀ ਇਹ ਆਪਣੀ ਸੁਤੰਤਰ ਹੋਂਦ ਰਖਦੇ ਹਨ।

ਸੰਕੀਰਣ ਰਾਗ: ਸੰਕੀਰਣ ਰਾਗ ਵਿਚ ਸ਼ੁਧ ਰਾਗ ਤੋਂ ਇਲਾਵਾ ਦੋ ਜਾਂ ਦੋ ਤੋਂ ਵਧ ਰਾਗਾਂ ਦਾ ਮਿਸ਼ਰਣ ਹੁੰਦਾ ਹੈ। ਸ੍ਰੀ ਭਾਤਖੰਡੇ ਅਨੁਸਾਰ, ਸੰਕੀਰਣ ਰਾਗ ਸ਼ੁਧ ਅਤੇ ਛਾਇਆਲਗ ਦੇ ਮਿਸ਼ਰਣ ਤੋਂ ਬਣਦੇ ਹਨ। ਸੰਕੀਰਣਰਾਗਤਵਮ ਨਾਮ ਸ਼ੁਧਛਾਯਾਲਗਮੁਖਾਲਵੇਨ ਰਕਤਿਹੇਤੁਵੰ ਮਵਤਿ।[3]

## ਸ਼ਾਸਤਰੀ ਸੰਗੀਤ ਦੇ ਗ੍ਰੰਥ:

ਮੱਧਕਾਲ ਵਿਚ ਸੰਗੀਤ ਦੇ ਵੱਖ ਵੱਖ ਸਿਧਾਂਤਾਂ 'ਤੇ ਆਧਾਰਿਤ ਸ਼ਾਸਤਰਾਂ ਦੀ ਸਿਰਜਣਾ ਹੇਠ ਅਨੇਕ ਗ੍ਰੰਥਕਾਰਾਂ ਨੇ ਯਤਨ ਜਾਰੀ ਰਖਿਆ। ਇਹ ਯਤਨ ਵਿਅਕਤੀਗਤ ਵੀ ਸਨ ਅਤੇ ਇਨ੍ਹਾਂ ਨੂੰ ਰਾਜ ਦਰਬਾਰਾਂ ਦੀ ਸਰਪ੍ਰਸਤੀ ਵੀ ਪ੍ਰਾਪਤ ਹੋਈ । ਸੰਗੀਤ ਦੇ ਸਿਧਾਂਤਾਂ ਤੇ ਸੰਗੀਤ ਨੂੰ ਸਮਝਣ ਲਈ ਇਹ ਗ੍ਰੰਥ ਸਾਡੇ ਲਈ ਲਾਹੇਵੰਦ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

---

1. ਸ਼ਾਸਤਰੀ, ਕੇ. ਵਾਸੁਦੇਵ <u>ਸੰਗੀਤ, ਸ਼ਾਸਤਰ</u>,ਪੰਨਾ74
2. <u>ਕ੍ਰਮਿਕ ਪੁਸਤਕ ਮਲਿਕਾ</u>(ਭਾਗ ਤੀਜਾ), ਪੰਨਾ 21.
3. - ਉਹੀ - ਪੰਨਾ 21

ਸੰਗੀਤ ਰਤਨਾਕਰ:- ਪੰਡਿਤ ਸ਼ਾਰੰਗਦੇਵ ਦੁਆਰਾ ਲਿਖਿਆ ਹੋਇਆ ਗ੍ਰੰਥ'ਸੰਗੀਤ ਰਤਨਾਕਰ' ਮੱਧਕਾਲੀਨ ਸੰਗੀਤ ਦਾ ਸਭ ਤੋਂ ਮਹੱਤਵਪੂਰਣ ਗ੍ਰੰਥ ਹੈ। ਭਾਰਤੀ ਸੰਗੀਤ ਦੀਆਂ ਦੋਨੋਂ ਪੱਧਤੀਆਂ ਇਸਨੂੰ ਆਪਣਾ ਆਧਾਰ ਗ੍ਰੰਥ ਮੰਨਦੀਆਂ ਹਨ। ਇਹ ਸੰਗੀਤ ਗ੍ਰੰਥ ਸੂਤਰ ਸ਼ੈਲੀ ਵਿਚ ਲਿਖਿਆ ਹੋਇਆ ਹੈ। ਇਸਦੇ ਸੱਤ ਅਧਿਆਇ ਹਨ ਅਤੇ ਇਨ੍ਹਾਂ ਦੇ ਅੰਤਰਗਤ ਨਾਦ, ਸਥਾਨ, ਸ਼ਰੁਤੀ, ਸਵਰ,ਜਾਤੀ, ਗ੍ਰਾਮ, ਮੂਰਛਨਾ, ਸੁਰ ਸਾਧਾਰਣ, ਜਾਤੀ ਸਾਧਾਰਣ, ਵਰਣ, ਜਾਤੀ, ਜਾਤੀ ਦੇ ਭੇਦ, ਗਾਇਕ, ਵਾਦਕ ਦੇ ਗੁਣ ਦੋਸ਼, ਪ੍ਰਬੰਧ,ਪ੍ਰਬੰਧ ਦੇ ਅੰਗ, ਭੇਦ,ਵਿਭਿੰਨ ਤਾਲਾਂ , ਵਾਦਿਆਂ ਦਾ ਵਰਣਨ, ਵਾਦਿਆਂ ਦੀਵਾਦਨ ਵਿਧੀ ਅਤੇ ਨ੍ਰਿਤ ਬਾਰੇ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਵਿਚ ਸੰਗੀਤ ਦੇ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਸੰਬੰਧੀ ਭਰਪੂਰ ਵਿਵਰਣ ਤੋਂ ਇਸਨੂੰ ਮੱਧਕਾਲੀਨ ਸੰਗੀਤ ਦਾ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ।

ਸੰਗੀਤ ਸੁਧਾਕਰ: ਇਸ ਗ੍ਰੰਥ ਦੀ ਰਚਨਾ 14 ਵੀਂ ਸਦੀ ਵਿਚ ਸੌਰਾਸ਼ਟਰ ਦੇ ਰਾਜਾ ਹਰੀਪਾਲ ਦੇਵ ਜੀ ਦੁਆਰਾ ਹੋਈ। 'ਸੰਗੀਤ ਸੁਧਾਕਰ' ਗ੍ਰੰਥ ਵਿਚ ਨਾਟਯ, ਰਸ, ਪ੍ਰਬੰਧ, ਗਾਇਕ ਲੱਛਣ ਆਦਿ ਸੰਬੰਧੀ ਵਿਵਰਣ ਹੈ। ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ ਦਾ ਪਹਿਲੀ ਵਾਰ ਉਲੇਖ ਇਸੀ ਗ੍ਰੰਥ ਵਿਚ ਮਿਲਦਾ ਹੈ।

ਰਾਗ ਤਰੰਗਿਣੀ:- 14 ਵੀਂ ਸਦੀ ਵਿਚ ਪੰਡਿਤ ਲੋਚਨ ਦੁਆਰਾ 'ਰਾਗ ਤਰੰਗਿਣੀ' ਗ੍ਰੰਥ ਲਿਖਿਆ ਗਿਆ। ਇਹ ਗ੍ਰੰਥ ਭਾਰਤੀ ਤੇ ਯਵਨ ਸੰਗੀਤ ਦਾ ਸੁਮੇਲ ਹੈ। ਇਸ ਵਿਚ ਭਾਰਤੀ ਨਾਦ, ਸ਼ਰੁਤੀ, ਸਵਰ ਆਦਿ ਨੂੰ ਅਪਨਾਉਣ ਦੇ ਨਾਲ-ਨਾਲ ਫ਼ਾਰਸੀ ਦੇ 24 ਹੰਗਾਮ ਅਤੇ 12 ਮੁਕਾਮ ਵਾਲੀ ਪੱਧਤੀ ਨੂੰ ਵੀ ਧਿਆਨ ਵਿਚ ਰਖਿਆਹੈ। ਇਸ ਵਿਚ ਆਧੁਨਿਕ ਕਾਫ਼ੀ ਥਾਟ ਨੂੰ ਸ਼ੁਧ ਸਪਤਕ ਮੰਨਿਆ ਹੈ। 'ਰਾਗ ਤਰੰਗਿਣੀ' ਦੇ ਸੁਰ ਅਤੇ ਸੁਰਾਂ ਦੀ ਸਥਾਪਨਾ ਇਸ ਪ੍ਰਕਾਰ ਹੈ:

| ਸ਼ਰੁਤੀ | ਸੁਧ ਸੁਰ | ਵਿਕਰਿਤ ਸੁਰ |
|---|---|---|
| 1. ਤੀਵਰਾ | - | ਤੀਵਰ ਨਿਸ਼ਾਦ |
| 2. ਕੁਮੁਦਤੀ | - | ਤੀਵ੍ਰਤਰ ਨਿਸ਼ਾਦ (ਕਾਕਲੀ) |
| 3. ਮੰਦਾ | - | ਤੀਵਰਤਮ ਨਿਸ਼ਾਦ |
| 4. ਛੰਦੋਵਤੀ | ਸ਼ੜਜ | - |
| 5. ਦਯਾਵਤੀ | - | - |
| 6. ਰੰਜਨੀ | - | ਕੋਮਲ ਰਿਸ਼ਭ |
| 7. ਰਕਤਿਕਾ | ਰਿਸ਼ਭ | - |
| 8. ਰੌਦਰੀ | - | - |
| 9. ਕ੍ਰੋਧੀ | ਗੰਧਾਰ | - |
| 10. ਵਜ੍ਰਿਕਾ | - | ਤੀਵਰ ਗੰਧਾਰ |
| 11. ਪ੍ਰਸਾਰਿਣੀ | - | ਤੀਵਰਤਰ ਗੰਧਾਰ |
| 12. ਪ੍ਰੀਤੀ | - | ਤੀਵਰਤਮ ਗੰਧਾਰ |
| 13. ਮਾਰਜਨੀ | ਮਧਿਅਮ | ਅਤਿ ਤੀਵਰਤਮ ਗੰਧਾਰ |
| 14. ਕਸ਼ਿਤੀ | - | - |
| 15. ਰਕਤਾ | - | ਤੀਵਰਤਰ ਮਧਿਅਮ |
| 16. ਸੰਦੀਪਨੀ | - | - |
| 17. ਆਲਾਪਨੀ | ਪੰਚਮ | - |
| 18. ਮਦੰਤੀ | - | - |
| 19. ਰੋਹਿਣੀ | - | ਕੋਮਲ ਧੈਵਤ |
| 20. ਰਮਯਾ | ਧੈਵਤ | - |
| 21. ਉਗ੍ਰਾ | - | - |
| 22. ਕਸ਼ੋਭਣੀ | ਨਿਸ਼ਾਦ | - |

'ਰਾਗ ਤਰੰਗਿਣੀ' ਗ੍ਰੰਥ ਵਿਚ ਰਾਗਾਂ ਦਾ ਵਰਗੀਕਰਣ 'ਸੰਸਥਾਨ ਪੱਧਤੀ' ਅਨੁਸਾਰ ਕੀਤਾ ਗਿਆ ਹੈ। ਇਸ ਵਿਚ ਰਾਗਾਂ ਦੇ ਗਾਇਨ ਸਮੇਂ ਨੂੰ ਵੀ ਨਿਸ਼ਚਿਤ ਕੀਤਾ ਹੈ ਅਤੇ ਮਿਸ਼ਰਤ ਰਾਗ ਸੰਬੰਧੀ ਇਕ ਅੱਲਗ ਅਧਿਆਇ ਵੀ ਲਿਖਿਆ ਹੈ।

ਸੰਗੀਤ ਰਾਜ:- ਸੰਗੀਤ ਰਾਜ ਗ੍ਰੰਥ ਦਾ ਲੇਖਨ 15ਵੀਂ ਸਦੀ ਵਿਚ ਮਹਾਰਾਣਾ ਕੁੰਭਾ ਜੀ ਨੇ ਕੀਤਾ। ਇਸ ਗ੍ਰੰਥ ਦੀ ਵਡਿਆਈ ਕਰਦਿਆਂ ਪੰਡਿਤ ਓਅੰਕਾਰ ਨਾਥ ਜੀ ਲਿਖਦੇ ਹਨ, 'ਇਸ ਗ੍ਰੰਥ ਦੇ ਪੰਜ ਰਤਨ ਕੋਸ਼ ਹਨ, ਜਿਨ੍ਹਾਂ ਵਿਚੋਂ ਇਕ ਹੀ ਪ੍ਰਕਾਸ਼ਿਤ ਹੋਇਆ ਹੈ। ਇੰਜ ਇਸ ਦਾ ਆਕਾਰ, ਸੰਗੀਤ ਰਤਨਾਕਰ ਗ੍ਰੰਥ ਤੋਂ ਲਗਭਗ ਤਿਗੁਣਾ ਅਤੇ ਭਰਤ ਮੁਨੀ ਦੇ ਨਾਟਯ ਸ਼ਾਸਤਰ ਤੋਂ ਦੁਗੁਣਾ ਬਣਦਾ ਹੈ। ਜਦੋਂ ਇਹ ਪੰਜੇ ਖੰਡ ਪ੍ਰਕਾਸ਼ਿਤ ਹੋ ਜਾਣਗੇ ਤਾਂ ਆਕਾਰ ਦੀ ਦ੍ਰਿਸ਼ਟੀ ਤੋਂ ਇਹ ਸਾਰੇ ਪ੍ਰਾਪਤ ਸੰਗੀਤ ਗ੍ਰੰਥਾਂ ਵਿਚ ਬੇਜੋੜ ਹੋਵੇਗਾ।[1]

ਇਸ ਵਿਚ ਕੁਲ ਮਿਲਾ ਕੇ ਪੰਜ ਅਧਿਆਇ ਹਨ, ਜਿਨ੍ਹਾਂ ਨੂੰ 'ਪੰਚ ਰਤਨਕੋਸ਼' ਦਾ ਨਾਮ ਦਿਤਾ ਗਿਆ ਹੈ। ਇਨ੍ਹਾਂ ਦੇ ਅੰਤਰਗਤ ਅਨੁਕ੍ਰਮਣੀਅਕ-ਉਲਾਸ, ਪਦ-ਉਲਾਸ, ਛੰਦ-ਉਲਾਸ, ਅਲੰਕਾਰ-ਉਲਾਸ, ਸਵਰ, ਗ੍ਰਾਮ, ਪ੍ਰਬੰਧ ਅਤੇ ਤਮ, ਸਸ੍ਰਿਗਮ, ਧਨਮ ਚਾਰੀ ਕਾਰਣਮ, ਪਰਿਕਰਣਮ ਤੋਂ ਬਿਨਾਂ ਰਸ ਵਿਭਾਵ, ਅਨੁਭਾਵ, ਸੰਚਾਰੀ ਭਾਵ ਆਦਿ ਦਾ ਗਿਆਨ ਕਰਵਾਇਆ ਗਿਆ ਹੈ।

ਰਸ ਕੌਮੁਦੀ: 16 ਵੀਂ ਸਦੀ ਵਿਚ ਸ੍ਰੀ ਕੰਠ ਜੀ ਦੁਆਰਾ ਲਿਖਿਤ 'ਰਸ ਕੌਮੁਦੀ' ਗ੍ਰੰਥ ਦੇ ਦੋ ਭਾਗ ਹਨ। ਪਹਿਲਾ ਭਾਗ ਸੰਗੀਤ ਅਤੇ ਦੂਜਾ ਸਾਹਿਤ ਸ਼ਾਸਤਰ ਨਾਲ ਸੰਬੰਧਿਤ ਹੈ। ਸ੍ਰੀ ਕੰਠ ਜੀ ਨੇ ਸੱਤ ਸ਼ੁਧ ਅਤੇ ਸੱਤ ਵਿਕਰਿਤ ਸੁਰ ਮੰਨੇ ਹਨ ਜੋ ਕ੍ਰਮਵਾਰ ਸ਼ੁਧ ਸਾ, ਸ਼ੁਧ ਰੇ, ਸ਼ੁਧ ਗ, ਸਾਧਾਰਣ ਗ, ਅੰਤਰ ਗ, ਪਤ ਮ, ਸ਼ੁਧ ਮ, ਪਤ ਪ, ਸ਼ੁਧ ਪ, ਸ਼ੁਧ ਧ, ਸ਼ੁਧ ਨੀ ,ਕੈਸ਼ਿਕ ਨੀ,ਕਾਕਲੀ ਨੀ, ਪਤ ਸਾ ਹਨ। ਸ੍ਰੀ ਕੰਠ ਜੀ ਨੇ ਆਪਣੇ ਸਮਕਾਲੀਨ ਗ੍ਰੰਥਕਾਰਾਂ ਦੀ ਤਰ੍ਹਾਂ ਮੂਰਛਨਾ, ਤਾਨ, ਅਲੰਕਾਰ ਤੇ ਪ੍ਰਸਤਾਰ ਆਦਿ ਦੇ

1. ਸੰਗੀਤਾਂਜਲਿ (ਭਾਗ ਪਹਿਲਾ),ਪੰਨਾ34

ਵਿਸ਼ੇ ਦਾ ਵਰਣਨ ਕੀਤਾ ਅਤੇ ਬਾਕੀਆਂ ਦੀ ਤਰ੍ਹਾਂ ਸੰਗੀਤ ਨੂੰ 12 ਸੁਰਾਂ 'ਤੇ ਆਧਾਰਿਤ ਮੰਨਿਆ ਹੈ। ਇਸ ਗ੍ਰੰਥ ਵਿਚ ਸ਼ੁਧ ਥਾਟ ਮੁਖਾਰੀ ਹੈ ਅਤੇ ਮੇਲਪੱਧਤੀ ਅਨੁਸਾਰ ਨੌਂ ਮੇਲ-ਮਾਲਵਗੌੜ, ਸ੍ਰੀ, ਸ਼ੁਧ ਨਾਟ, ਕਰਣਾਟ ਗੌੜ, ਕੇਦਾਰ, ਮਲ੍ਹਾਰ, ਦੇਸ਼ਾਕਸ਼ੀ, ਕਲਿਆਣ, ਸਾਰੰਗ ਅਧੀਨ ਰਾਗਾਂ ਦਾ ਵਰਗੀਕਰਣ ਕੀਤਾ।

ਸਦਰਾਗ ਚੰਦ੍ਰੋਦਯ, ਰਾਗ ਮੰਜਰੀ, ਰਾਗ ਮਾਲਾ, ਨ੍ਰਿਤਨ ਨਿਰਣਯ:

ਇਨ੍ਹਾਂ ਗ੍ਰੰਥਾਂ ਦੇ ਕਰਤਾ ਪੁੰਡਰੀਕ ਵਿਠੁਲ ਜੀ ਹਨ, 'ਸਦਰਾਗ ਚੰਦ੍ਰੋਦਯ' ਵਿਚ ਸ਼ੁਧ ਸਪਤਕ ਦੱਖਣੀ ਸੰਗੀਤ ਸਮਾਨ ਹੈ। ਇਸ ਵਿਚ ਸ਼ਰੁਤੀ ਅਤੇ ਸੁਰ ਉਤੇ ਚਰਚਾ ਕਰਦਿਆਂ 7 ਸ਼ੁਧ ਅਤੇ 7 ਵਿਕਰਤ ਕੁਲ 14 ਸੁਰ ਅਤੇ 22 ਸ਼ਰੁਤੀਆਂ ਮੰਨੀਆਂ ਹਨ। ਹਿੰਦੁਸਤਾਨੀ ਸੰਗੀਤ ਨਾਲ ਪੁੰਡਰੀਕ ਦੇ ਸੁਰਾਂ ਦੀ ਤੁਲਨਾ ਇਸ ਪ੍ਰਕਾਰ ਹੈ:

| ਪੁੰਡਰੀਕ ਵਿਠਲ ਦੇ ਸੁਰ | ਹਿੰਦੁਸਤਾਨੀ ਸੁਰ |
|---|---|
| 1. ਸ਼ੁਧ ਸ਼ੜਜ | 1. ਸ਼ੁਧ ਸ਼ੜਜ |
| 2. ਸ਼ੁਧ ਰਿਸ਼ਭ | 2. ਕੋਮਲ ਰਿਸ਼ਭ |
| 3. ਸ਼ੁਧ ਗੰਧਾਰ | 3. ਤੀਬਰ ਗੰਧਾਰ |
| 4. ਸ਼ੁਧ ਮਧਿਅਮ | 4. ਸ਼ੁਧ ਮਧਿਅਮ |
| 5. ਸ਼ੁਧ ਪੰਚਮ | 5. ਸ਼ੁਧ ਪੰਚਮ |
| 6. ਸ਼ੁਧ ਧੈਵਤ | 6. ਕੋਮਲ ਧੈਵਤ |
| 7. ਸ਼ੁਧ ਨਿਸ਼ਾਦ | 7. ਤੀਬਰ ਧੈਵਤ |

ਪੁੰਡਰੀਕ ਵਿਠੁਲ ਦੇ ਸੱਤ ਵਿਕਰਤ ਸੁਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਪੁੰਡਰੀਕ ਵਿਠਲ ਦੇ ਵਿਕਰਤ ਸੁਰ | ਹਿੰਦੁਸਤਾਨੀ ਸੰਗੀਤ ਦੇ ਸੁਰ |
|---|---|
| 1. ਲਘੂ ਸੜਜ | 1. ਤੀਬਰਤਮ ਨਿਸ਼ਾਦ |
| 2. ਲਘੂ ਮਧਿਅਮ | 2. ਤੀਬਰਤਮ ਗੰਧਾਰ |
| 3. ਲਘੂ ਪੰਚਮ | 3. ਤੀਬਰਤਮ ਮਧਿਅਮ |
| 4. ਸਾਧਾਰਣ ਗੰਧਾਰ | 4. ਕੋਮਲ ਗੰਧਾਰ |
| 5. ਅੰਤਰ ਗੰਧਾਰ | 5. ਤੀਬਰ ਗੰਧਾਰ |
| 6. ਕੈਸ਼ਿਕ ਨਿਸ਼ਾਦ | 6. ਕੋਮਲ ਨਿਸ਼ਾਦ |
| 7. ਕਾਕਲੀ ਨਿਸ਼ਾਦ | 7. ਤੀਬਰ ਨਿਸ਼ਾਦ |

'ਸਦਰਾਗ ਚੰਦ੍ਰੋਦਯ' ਅਧੀਨ ਮੁਖਾਰੀ, ਮਾਲਵ ਗੌੜ, ਸ੍ਰੀ, ਸ਼ੁਧ ਨਾਟ, ਦੇਸ਼ਾਖਸ਼ੀ, ਕਰਣਾਟ ਗੌੜ, ਕੇਦਾਰ, ਹਿਜੇਜ, ਹਮੀਰ, ਕਾਮੋਦ, ਤੋੜੀ, ਅਭੀਰੀ, ਸ਼ੁਧ ਵਰਾਟੀ, ਸ਼ੁਧ ਰਾਮਕ੍ਰੀ, ਦੇਵਕ੍ਰੀ, ਸਾਰੰਗ, ਕਲਿਆਣ, ਹਿੰਦੋਲ, ਨਾਦ ਰਾਮਕ੍ਰੀ 19 ਥਾਟ ਸਵੀਕਾਰੇ ਹਨ ਅਤੇ ਇਨ੍ਹਾਂ 19 ਥਾਟਾਂ ਤੋਂ 65 ਜੰਨਯ ਰਾਗ ਸਵੀਕਾਰ ਕੀਤੇ ਹਨ।

ਪੰਡਰੀਕ ਵਿਠੁਲ ਦੇ ਦੂਜੇ ਗ੍ਰੰਥ 'ਰਾਗ ਮਾਲਾ' ਵਿਚ ਰਾਗਾਂ ਨੂੰ ਪੁਰਸ਼, ਇਸਤ੍ਰੀ ਤੇ ਪੁੱਤਰ ਵਰਗੇ ਰਿਸ਼ਤਿਆਂ ਅਨੁਸਾਰ ਵਿਭਾਜਿਤ ਕੀਤਾ ਜੋ ਕਿ ਮੱਧਕਾਲੀਨ ਰਾਗ ਵਰਗੀਕਰਣ ਦੀ ਪ੍ਰਸਿੱਧ ਪ੍ਰਥਾ ਰਹੀ ਹੈ। ਇਸ ਵਿਚ ਛੇ ਪੁਰਸ਼ ਰਾਗ ਦਿਤੇ ਹਨ ਫਿਰ ਹਰੇਕ ਰਾਗ ਦੀਆਂ ਪੰਜ ਇਸਤ੍ਰੀਆਂ (ਰਾਗਣੀਆਂ) ਅਤੇ ਉਨ੍ਹਾਂ ਦੇ ਪੰਜ ਪੁੱਤਰ ਮੰਨੇ ਹਨ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

| ਰਾਗ ਨਾਮ | ਰਾਗਣੀਆਂ | ਪੁੱਤਰ |
|---|---|---|
| 1. ਸ਼ੁਧ ਭੈਰਵ | 1. ਧਨਾਸੀ 2. ਭੈਰਵੀ 3. ਸੈਂਧਵੀ 4.ਮਾਰਵੀ 5. ਆਸਾਵਰੀ | 1. ਭੈਰਵ2.ਸ਼ੁਧਲਲਿਤ 3. ਪੰਚਮ 4.ਪਰਜ 5. ਬੰਗਾਲ |
| 2.ਹਿੰਡੋਲ | 1. ਭੁਪਾਲੀ 2. ਵਸੰਤੀ 3.ਤੋੜੀ 4. ਪ੍ਰਥਮ ਮੰਜਰੀ 5.ਤੁਰਸ਼ਕ ਤੋੜੀ | 1. ਬਸੰਤ 2. ਸ਼ੁਧ ਬੰਗਾਲ 3. ਸ਼ਿਆਮ 4. ਸਾਮੰਤ 5.ਕਾਮੋਦ |
| 3.ਦੇਸ਼ਕਾਰ | 1. ਰਾਮਕ੍ਰੀ, ਬਹੁਲੀ, ਦੇਸ਼ੀ, ਜੈਤਸ਼੍ਰੀ 5. ਗੁਰਜਰੀ | 1. ਲਲਿਤ 2.ਵਿਭਾਸ 3.ਸਾਰੰਗ 4. ਤ੍ਰਿਣਣ 5. ਕਲਿਆਣ |
| 4.ਸ਼੍ਰੀਰਾਗ | 1. ਗੌਂਡੀ 2. ਪਾਡੀ 3.ਗੁਣਕਰੀ 4. ਸ਼ੁਧ ਰਾਮਕ੍ਰੀ 5.ਗੁਂਡਕ੍ਰੀ | 1. ਟਕ 2.ਦੇਵਗੰਧਾਰ 3.ਮਾਲਵ 4.ਸੁਧ ਗੌਂਡ 5.ਕਰਣਾਟ ਬੰਗਾਲ |
| 5.ਸ਼ੁਧ ਨਾਟ | 1. ਮਾਲਵਸ਼੍ਰੀ 2. ਦੇਸ਼ਾਕਸ਼ੀ 3.ਦੇਵਕ੍ਰੀ 4. ਮਧੁਮਾਧਵੀ 5. ਅਹੀਰੀ | 1.ਜਿਜਾਵੰਤੀ 2. ਸਾਲੰਗਨਾਟ 3. ਕਰਨਾਟ 4. ਛਾਇਆਨਟ 5. ਹਮੀਰਨਾਟ |
| 6.ਨਟ ਨਾਰਾਇਣ | 1. ਵੇਲਾਵਲੀ 2.ਕਾਂਬੋਜੀ 3. ਸਾਵੇਰੀ 4. ਸੁਹਵੀ 5.ਸੌਰਾਸ਼ਟ੍ਰੀ | 1. ਬਿਹਾਗੜਾ 2. ਮਲ੍ਹਾਰ 3. ਗੌਂਡ 4. ਕੇਦਾਰ 5.ਸੰਕਰਾਭਰਣ |

ਪੁੰਡਰੀਕ ਨੇ ਇਨ੍ਹਾਂ ਰਾਗਾਂ ਬਾਰੇ ਵਿਵਰਣ ਕਰਦੇ ਸਮੇਂ ਰਾਗਾਂ ਦੇ ਸੁਰ, ਦੇਵਾਤਮਕ ਸਰੂਪ ਅਰਥਾਤ ਰਾਗ-ਚਿਤ੍ਰ ਅਤੇ ਗਾਇਨ ਸਮੇਂ ਨੂੰ ਵੀ ਸਪਸ਼ਟ ਕੀਤਾ ਹੈ।

ਪੁੰਡਰੀਕ ਵਿਠਲ ਨੇ ਤੀਸਰੇ ਗ੍ਰੰਥ 'ਰਾਗ ਮੰਜਰੀ' ਵਿਚ 20 ਥਾਟ ਮੁਖ਼ਾਰੀ, ਸੋਮਰਾਗ, ਗੌਂਡੀ ,ਟੋਡੀ ਵਰਾਟੀ, ਕੇਦਾਰ , ਸ਼ੁਧ ਨਾਟ, ਦੇਸ਼ਾਕਸ਼ੀ, ਦੇਸਕਾਰ, ਸਾਰੰਗ, ਆਹੇਰੀ, ਕਲਿਆਣ , ਕਾਮੋਦ, ਹਿਜੇਜ, ਨਾਦਰਾਮਕ੍ਰੀ,ਹਿੰਦੋਲ, ਕਰਨਾਟ, ਹਮੀਰ,ਮਾਲਵ ਕੈਸ਼ਿਕ, ਸ੍ਰੀ ਹਨ। ਇਹਨਾਂ 20 ਥਾਟਾਂ ਦੇ ਅੰਤਰਗਤ 65 ਰਾਗ ਸਵੀਕਾਰੇ ਹਨ।

ਚੌਥਾ ਗ੍ਰੰਥ ਨ੍ਰਿਤਨ ਨ੍ਰਿਣਯ' ਮੱਧਕਾਲ ਦਾ ਅਜਿਹਾ ਸਰਵੋਤਮ ਗ੍ਰੰਥ ਹੈ ਜਿਸ ਵਿਚ ਨ੍ਰਿਤ ਸੰਬੰਧੀ ਭਰਪੂਰ ਚਰਚਾ ਉਪਲੱਬਧ ਹੈ ।

<u>ਸਵਰ ਮੇਲ ਕਲਾਨਿਧੀ:</u> ਰਾਮਾਮਾਤਯ ਦੁਆਰਾ ਲਿਖਿਤ 'ਸਵਰ ਮੇਲ ਕਲਾਨਿਧੀ' ਹੈ, ਜਿਸ ਵਿਚ ਸਮੁੱਚੇ ਭਾਰਤੀ ਸੰਗੀਤ ਅਤੇ ਇਸ ਦੀਆਂ ਦੱਖਣੀ(ਕਰਨਾਟਕੀ) ਅਤੇ ਉੱਤਰੀ(ਹਿੰਦੁਸਤਾਨੀ) ਧਾਰਾਵਾਂ ਸੰਬੰਧੀ ਆਪੋ ਆਪਣੇ ਵਿਚਾਰ ਪ੍ਰਗਟਾਏ ਗਏ ਹਨ। ਇਹ ਗ੍ਰੰਥ ਪੰਜ ਭਾਗ-ਉਪੋਦਘਾਤ ਪ੍ਰਕਰਣ, ਸਵਰ ਪ੍ਰਕਰਣ, ਵੀਣਾ ਪ੍ਰਕਰਣ, ਮੇਲ ਪ੍ਰਕਰਣ,ਰਾਗ ਪ੍ਰਕਰਣ ਵਿਚ ਵਿਭਾਜਿਤ ਹੈ। 'ਸਵਰ ਮੇਲ ਕਲਾਨਿਧੀ' ਦੇ ਸੁਰਾਂ ਦੀ 22 ਸ਼ਰੁਤੀਆਂ ਉਤੇ ਸਥਾਪਨਾ ਇਸ ਪ੍ਰਕਾਰ ਹੈ:

| ਸੁਰੁਤੀ | ਸ਼ੁਧ ਸੁਰ | ਵਿਕਰਤ ਸੁਰ | ਹਿੰਦੁਸਤਾਨੀ ਸੰਗੀਤ ਪੱਧਤੀ ਦੇ ਸੁਰ |
|---|---|---|---|
| 1.ਤੀਵਰਾ | - | ਕੈਸ਼ਿਕ ਨਿਸ਼ਾਦ | ਕੋਮਲ ਨਿਸ਼ਾਦ |
| 2. ਕਮੁਦਵਤੀ | - | ਕਾਕਲੀ ਨਿਸ਼ਾਦ | ਤੀਬਰ ਨਿਸ਼ਾਦ |
| 3.ਮੰਦਾ | - | ਚਯੁਤ ਸੁੜਜ ਨਿਸ਼ਾਦ | ਇਹ ਸੁੜਜ ਵੀ ਹੋ ਸਕਦਾ ਹੈ |
| 4.ਛੰਦੋਵਤੀ | ਸੁੜਜ | - | ਸ਼ੁਧ ਸੁੜਜ |
| 5.ਦਯਾਵਤੀ | - | - | - |
| 6.ਰੰਜਨੀ | - | - | - |
| 7.ਰਕਤਿਕਾ | ਰਿਸ਼ਭ | - | ਕੋਮਲ ਰਿਸ਼ਭ |
| 8.ਰੌਦਰੀ | - | - | - |
| 9.ਕ੍ਰੋਧੀ | ਗੰਧਾਰ | ਪੰਚਸ਼ਰੁਤੀ ਰਿਸ਼ਭ | ਤੀਵਰ ਰਿਸ਼ਭ |
| 10.ਵਜ੍ਰਿਕਾ | - | ਸਾਧਾਰਣ'ਗ' ਸ਼ਟਸ਼ਰੁਤੀ'ਰੇ' | ਕੋਮਲ ਗੰਧਾਰ |
| 11.ਪ੍ਰਸਾਰਿਣੀ | - | ਅੰਤਰ ਗੰਧਾਰ | ਤੀਬਰ ਗੰਧਾਰ |

| ਸ਼ਰੁਤੀ | ਸ਼ੁਧ ਸੁਰ | ਵਿਕਰਤ ਸੁਰ | ਹਿੰਦੁਸਤਨੀ ਸੰਗੀਤ ਪੱਧਤੀ ਦੇ ਸੁਰ |
|---|---|---|---|
| 12. ਪ੍ਰੀਤੀ | - | ਚਯੁਤ ਮਧਿਅਮ ਗੰਧਾਰ | ਤੀਬਰਤਮ ਗੰਧਾਰ ਇਹ ਸ਼ੁੱਧ ਵੀ ਹੋ ਸਕਦਾ ਹੈ। |
| 13. ਮਾਰਜਨੀ | ਮਧਿਅਮ | - | ਸ਼ੁਧ ਮਧਿਅਮ |
| 14. ਕਸ਼ਿਤੀ | - | - | - |
| 15. ਰਕਤਾ | - | - | - |
| 16. ਸੰਦੀਪਨੀ | - | ਚਯੁਤ ਪੰਚਮ ਮਧਿਅਮ | ਤੀਵਰ ਮਧਿਅਮ |
| 17. ਅਲਾਪਿਨੀ | ਪੰਚਮ | - | ਸ਼ੁਧ ਪੰਚਮ |
| 18. ਮਦੰਤੀ | - | - | - |
| 19. ਰੋਹਿਣੀ | - | - | - |
| 20. ਰਮਯਾ | ਧੈਵਤ | - | ਕੋਮਲ ਧੈਵਤ |
| 21. ਉਗਰਾ | — | — | — |
| 22. ਕਸ਼ੋਭਣੀ | ਨਿਸ਼ਾਦ | ਪੰਚ ਸ਼ਰੁਤੀ ਧੈਵਤ | ਤੀਬਰ ਧੈਵਤ |
| 1. ਤੀਵਰਾ | - | ਕੌਸ਼ਿਕ ਨਿਸ਼ਾਦ ਸ਼ਟਸ਼ਰੁਤੀ ਧੈਵਤ | ਕੋਮਲ ਨਿਸ਼ਾਦ |
| 2. ਕੁਮੁਦਤੀ | - | ਕਾਕਲੀ ਨਿਸ਼ਾਦ | ਤੀਬਰ ਨਿਸ਼ਾਦ |
| 3. ਮੰਦਾ | - | ਚਯੁਤ ਸ਼ੜਜ ਨਿਸ਼ਾਦ | ਤੀਬਰਮ ਨਿਸ਼ਾਦ |

ਇਸ ਗ੍ਰੰਥ ਵਿਚ ਉਪਰੋਕਤ ਸ਼ੁਧ ਅਤੇ ਵਿਕਰਤ ਸੁਰਾਂ ਨੂੰ ਵੀਣਾ ਉਪਰ ਸਿਧ ਕਰਨ ਦਾ ਉਲੇਖ ਵੀ ਪ੍ਰਾਪਤ ਹੁੰਦਾ ਹੈ। ਰਾਮਾਮਾਤਯ ਨੇ ਇਸ ਵਿਚ 20 ਮੇਲ ਮੁਖ਼ਾਰੀ, ਮਾਲਵਗੌੜ, ਸ਼੍ਰੀ, ਸਾਰੰਗ, ਨਟ, ਹਿੰਡੋਲ, ਸ਼ੁਧ ਰਾਮਕ੍ਰੀ, ਦੇਸ਼ਕਾਰੀ,

ਕੈਨੜਗੌਲ, ਸੁਧ ਨਾਟ, ਆਹੀਰੀ,ਨਾਦਰਾਮਕ੍ਰੀ, ਸੁਧ ਵਰਾਲੀ,ਰੀਤੀ ਗੌਲ, ਬਸੰਤ ਭੈਰਵੀ, ਕੇਦਾਰ ਗੌਲ, ਹਿਜੁਜੀ, ਸਾਮ ਵਰਾਲੀ, ਰੇਵ ਗੁਪਤੀ, ਸਾਮੰਤ, ਕਾਂਭੋਜੀ ਸਵੀਕਾਰੇ ਹਨ। ਇਨ੍ਹਾਂ 20 ਮੇਲਾਂ ਅਧੀਨ 63 ਜੰਨਯ ਰਾਗਾਂ ਦਾ ਉਲੇਖ ਕੀਤਾ ਹੈ।

ਉਪਰੋਕਤ ਗ੍ਰੰਥਾਂ ਤੋਂ ਇਲਾਵਾ ਸੋਮਨਾਥ ਦੁਆਰਾ ਲਿਖਿਤ 'ਰਾਗ ਵਿਬੋਧ,' ਦਮੋਦਰ ਦਾ 'ਸੰਗੀਤ ਦਰਪਣ', ਹਿਰਦੈ ਨਾਰਾਇਣ ਦੇ 'ਹਿਰਦੈ ਕੌਤੁਕ','ਹਿਰਦੈ ਪ੍ਰਕਾਸ਼', ਭਾਵਭੱਟ ਦੇ 'ਅਨੂਪ ਸੰਗੀਤ ਰਤਨਾਕਰ','ਅਨੂਪ ਸੰਗੀਤ ਵਿਲਾਸ', 'ਅਨੂਪਾਂਕੁਸ਼', ਪਾਰਸਦੇਵ ਦਾ ਸੰਗੀਤ 'ਸਮਯਸਾਰ' ਆਦਿ ਗ੍ਰੰਥਾਂ ਦੀ ਰਚਨਾ ਹੋਈ। ਇਨ੍ਹਾਂ ਗ੍ਰੰਥਾਂ ਦਾ ਵਿਵਰਣ ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨੂੰ ਮੁੱਖ ਰਖਦੇ ਹੋਏ ਨਹੀਂ ਦੇ ਰਹੇ।

## ਭਾਰਤੀ ਸ਼ਾਸਤਰੀ ਸੰਗੀਤ ਦੀ ਤਾਲ ਪੱਧਤੀ

ਤਾਲ ਸੰਗੀਤ ਦਾ ਅਭਿੰਨ ਅੰਗ ਹੈ ਜੋ ਸੰਗੀਤ ਦੇ ਉਦੇਸ਼ ਨੂੰ ਪੂਰਾ ਕਰਨ ਵਿਚ ਸਹਾਈ ਹੁੰਦਾ ਹੈ। ਲੈਅ ਜਦੋਂ ਸੁਰ ਨਾਲ ਮਿਲ ਕੇ ਸੰਗੀਤ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਆਪਣੇ ਆਪ ਨੂੰ ਇਕ ਚੱਕਰ ਵਿਚ ਬੰਨ੍ਹ ਲੈਂਦੀ ਹੈ ਅਤੇ ਮਾਪਕ ਯੰਤਰ ਦਾ ਰੂਪ ਧਾਰਣ ਕਰ ਲੈਂਦੀ ਹੈ। ਇਹ ਮਾਪਕ ਯੰਤਰ ਹੀ ਤਾਲ ਹੈ। ਤਾਲ ਸ਼ਬਦ ਦੀ ਉਤਪਤੀ ਤਲ ਧਾਤੂ ਤੋਂ ਹੋਈ ਹੈ ਜਿਸਦਾ ਅਰਥ ਪ੍ਰਤੀਸ਼ਿਠਤ ਸਥਾਪਿਤ ਕਰਨਾ ਹੈ, ਗੀਤ, ਵਾਦਯ ਅਤੇ ਨ੍ਰਿਤ ਤਾਲ ਤੇ ਆਧਾਰਿਤ ਹਨ। ਤਾਲ ਸੰਗੀਤ ਨੂੰ ਅਨੁਸ਼ਾਸਿਤ ਰੂਪ ਦੇ ਕੇ ਸਥਾਈ ਰੂਪ ਵਿਚ ਸ੍ਰੋਤਿਆਂ ਨੂੰ ਆਨੰਦ ਪ੍ਰਦਾਨ ਕਰਦੀ ਹੈ। ਇਹ ਤਾਲ ਵਿਭਿੰਨ ਲੈਅ'ਤੇ ਆਧਾਰਿਤ ਹੁੰਦੇ ਹਨ ਜਿਵੇਂ ਤਾਲ ਦਾਦਰਾ, ਕਹਿਰਵਾ, ਤੀਵਰਾ

ਆਦਿ ਦਰੁੱਤ ਲੈਅ ਵਿਚ ਚੰਗੀਆਂ ਲਗਦੀਆਂ ਹਨ ਅਤੇ ਤੀਨਤਾਲ, ਚੌਤਾਲ, ਏਕਤਾਲ ਆਦਿ ਮੱਧ ਲੈਅ ਅਤੇ ਤਿਲਵਾੜਾ, ਝੂਮਰਾ ਆਦਿ ਵਿਲੰਬਿਤ ਲੈਅ ਵਿਚ ਉਚਿਤ ਜਾਪਦੀਆਂ ਹਨ। ਸੰਗੀਤ ਵਿਚ ਗਾਇਨ ਸ਼ੈਲੀ ਸੰਬੰਧਿਤ ਰਸ ਅਤੇ ਲੈਅ ਦੇ ਅਨੁਕੂਲ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਦਾਰਹਰਣ ਦੇ ਤੌਰ 'ਤੇ ਖਿਆਲ ਸ਼ੈਲੀ ਦੇ ਪ੍ਰਕਾਰ ਵਿਲੰਬਿਤ ਖਿਆਲ ਵਿਚ ਕਰੁਣ ਅਤੇ ਸ਼ਾਂਤ ਰਸ ਲਈ ਵਿਲੰਬਿਤ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਦਰੁੱਤ ਖਿਆਲ ਵਿਚ ਸ਼ਿੰਗਾਰ ਵਰਗੇ ਭਾਵਾਂ ਨੂੰ ਉਜਾਗਰ ਕਰਨ ਲਈ ਦਰੁੱਤ ਲੈਅ ਦੀਆਂ ਤਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਲੈਅ ਤੋਂ ਮਾਤ੍ਰਾ ਅਤੇ ਮਾਤ੍ਰਾ ਤੋਂ ਤਾਲ ਦੀ ਰਚਨਾ ਹੁੰਦੀ ਹੈ। ਵਿਭਿੰਨ ਮਾਤ੍ਰਾ ਦੇ ਵਿਭਿੰਨ ਚਿੰਨ੍ਹ ਅਤੇ ਨਾਮ ਹਨ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

| ਚਿੰਨ੍ਹ ਨਾਮ | ਚਿੰਨ੍ਹ | ਕਾਲ ਮਾਨ ਜਾਂ ਮਾਤ੍ਰਾ |
|---|---|---|
| 1.ਲਘੂ | 1 | 1. ਮਾਤ੍ਰਾ |
| 2.ਗੁਰੂ | S | 2 ਮਾਤ੍ਰਾ |
| 3.ਪਲੁਤ | ਙ | 3 ਮਾਤ੍ਰਾ |
| 4.ਕਾਕਪਦ | + | 4 ਮਾਤ੍ਰਾ |
| 6.ਅਨੁਦਰੁੱਤ | ◡ | 1/4 ਮਾਤ੍ਰਾ |
| 5.ਦਰੁੱਤ | O | 1/2 ਮਾਤ੍ਰਾ |
| 7.ਦਰੁੱਤ ਵਿਰਾਮ | 8 | 3/4 ਮਾਤ੍ਰਾ |
| 8. ਲਘੂ ਵਿਰਾਮ | ძ | $1\frac{1}{2}$ ਮਾਤ੍ਰਾ[1] |

1. Gautam, M.R., Evolution of Raga and Tala in Indian Music, Page 245

ਸ੍ਰੀ ਪਾਰਸਦੇਵ ਜੀ ਦੁਆਰਾ ਲਿਖਤ 'ਸੰਗੀਤ ਸਮੈਸਾਰ' ਗ੍ਰੰਥ ਵਿਚ ਉਪਰੋਕਤ ਮਾਪਕ ਯੰਤਰਾਂ ਤੋਂ ਇਲਾਵਾ ਹੋਰ ਵੀ ਮਾਪ ਦੱਸੇ ਗਏ ਹਨ। 100 ਕਮਲ ਦੇ ਪੱਤਿਆਂ ਨੂੰ ਇਕ ਦੂਜੇ ਦੇ ਉਪਰ ਰੱਖ ਕੇ ਸੂਈ ਨਾਲ ਜਲਦੀ-ਜਲਦੀ ਛੇਦ ਕਰਨ ਵਿਚ ਲਗਣ ਵਾਲਾ ਸਮਾਂ ਇਕ 'ਸ਼ਣ' ਹੈ। ਬਾਕੀ ਮਾਪ ਇਸ ਪ੍ਰਕਾਰ ਹਨ:

| | |
|---|---|
| 8. ਸ਼ਣ | 1 ਲਵ |
| 8 ਲਵ | 1 ਕਾਸ਼ਠਾ |
| 8 ਕਾਸ਼ਠਾ | 1 ਨਿਮੇਸ਼ |
| 8 ਨਿਮੇਸ਼ | 1 ਕਾਲ |
| 4 ਕਾਲ | 1 ਤਰੁੱਟੀ |
| 2. ਤਰੁੱਟੀ | 1 ਅਰਧ ਦਰੁੱਤ |
| 2 ਅਰਧ ਦਰੁੱਤ | 1 ਬਿੰਦੂ |
| 2 ਬਿੰਦੂ | 1 ਲਘੂ |
| 2 ਲਘੂ | 1 ਗੁਰੂ |
| 3 ਲਘੂ | 1 ਪਲੁਤ[1] |

ਉਪਰੋਕਤ ਚਿੰਨ੍ਹਾਂ ਵਿਚੋਂ 'ਲਘੂ' ਵਿਸ਼ੇਸ਼ ਹੈ ਇਸਦੇ ਵੱਧ ਘੱਟ ਹੋਣ ਨਾਲ ਤਾਲ ਬਦਲ ਜਾਂਦੀ ਹੈ ਇਸ ਲਈ ਲਘੂ ਦੀਆਂ ਮਾਤ੍ਰਾ ਦੇ ਪਰਿਵਰਤਨ ਨਾਲ ਤਾਲ ਦੀਆਂ ਪੰਜ ਜਾਤੀਆਂ ਬਣੀਆ। ਇਹ ਪੰਜ ਜਾਤੀਆਂ ਵਿਚ

---

1. ਸ੍ਰੀ ਪਾਸਦੇਵ ਸੰਗੀਤ ਸਮਯਸਾਰ, ਪੰਨਾ-18

ਲਘੂ ਦੀਆਂ ਮਾਤ੍ਰਾਵਾਂ ਇਸ ਪ੍ਰਕਾਰ ਹਨ- ਚਤੁਰਸਰ ਵਿਚ 4, ਤ੍ਰਿਸਰ ਵਿਚ 3, ਮਿਸ਼ਰ ਵਿਚ 5, ਖੰਡ ਵਿਚ 7 ਅਤੇ ਸੰਕੀਰਣ 9 ਮਾਤ੍ਰਾ ਦੀ ਧਾਰਣੀ ਹੈ।

ਮੱਧ ਕਾਲ ਵਿਚ ਦੋ ਪ੍ਰਕਾਰ ਦੀਆਂ ਤਾਲਾਂ ਮਾਰਗੀਅਤੇ ਦੇਸ਼ੀ ਸਨ। ਸੰਗੀਤ ਦੇ ਦੋ ਰੂਪ ਮਾਰਗੀਅਤੇ ਦੇਸ਼ੀ ਅਨੁਸਾਰ ਹੀ ਤਾਲਾਂ ਦੇ ਵੀ ਦੋ ਰੂਪ ਮਾਰਗੀ ਅਤੇ ਦੇਸ਼ੀ ਪ੍ਰਚੱਲਿਤ ਸਨ। ਮਾਰਗੀ ਤਾਲਾਂ ਦਾ ਪ੍ਰਯੋਗ ਮਾਰਗੀ ਸੰਗੀਤ ਲਈ ਕੀਤਾ ਜਾਂਦਾ ਸੀ। ਸ਼ਾਸਤਰਕਾਰਾਂ ਅਨੁਸਾਰ ਮਾਰਗੀ ਤਾਲ- ਧਰੁਵ, ਮਾਤ੍ਰਿਕ, ਚਿਤ੍ਰਾ, ਵਾਰਤਿਕਾ, ਦਕਸ਼ਿਣਾ ਪੰਜ ਹਨ। ਮਾਰਗੀ ਤਾਲਾਂ ਵਿਚਪਰਿਵਰਤਨ ਨਹੀਂ ਕੀਤਾ ਜਾਂਦਾ ਸੀ ਪਰ ਦੇਸ਼ੀ ਤਾਲਾਂ ਪਰਿਵਰਤਨਸ਼ੀਲ ਸਨ। ਦੇਸੀ ਤਾਲਾਂ ਦੀ ਰਚਨਾ ਸਸ਼ਬਦ ਅਤੇ ਨਿਸ਼ਬਦ ਕ੍ਰਿਆਵਾਂ ਦੁਆਰਾ ਹੁੰਦੀ ਹੈ। ਜਿਨ੍ਹਾ ਕਿਰਿਆਵਾਂ ਵਿਚ ਧੁਨੀ ਸੁਣਾਈ ਦੇਵੇ ਉਹ ਸਸ਼ਬਦ ਕ੍ਰਿਆ ਕਹਿਲਾਉਂਦੀ ਹੈ, ਜਿਨ੍ਹਾਂ ਨਾਲ ਧੁਨੀ ਸੁਣਾਈ ਨਾਂ ਦੇ, ਉਹਨਿਸ਼ਬਦ ਹਨ।ਉਦਾਹਰਣ ਦੇ ਤੌਰ'ਤੇ ਦੋਨਾਂ ਹੱਥਾਂ ਦਾ ਟਕਰਾਣਾ ਜਾਂਚੁਟਕੀ ਵਜਾਉਣਾ ਸਸ਼ਬਦ ਹਨ ਅਤੇ ਹੱਥ ਨੂੰ ਸੱਜੇ-ਖੱਬੇ, ਉਪੱਰ-ਨੀਚੇ ਲੈ ਜਾਣਾ, ਉਂਗਲੀਆ ਨੂੰ ਫੈਲਾਉਣਾ, ਇਕੱਠਾ ਕਰਨਾ ਆਦਿ ਨਿਸ਼ਬਦ ਹਨ। ਸਸ਼ਬਦ ਕ੍ਰਿਆ ਚਾਰ ਤਰ੍ਹਾਂ ਦੀ ਹੁੰਦੀ ਹੈ-ਧਰੁਵ, ਸ਼ੁਮਯਾ, ਤਾਲ, ਸੰਨੀਪਤ। ਸਸ਼ਬਦ ਦੀ ਤਰ੍ਹਾਂ ਨਿਸ਼ਬਦ ਦੇ ਵੀ ਚਾਰ ਪ੍ਰਕਾਰ ਹਨ- ਆਵਾਪ, ਨਿਸ਼ਕਾਮ, ਵਿਕਸ਼ੇਪ, ਪ੍ਰਵੇਸ਼।

ਉਪਰੋਕਤ ਕਿਰਿਆਵਾਂ ਦੁਆਰਾ ਹੀ ਦੇਸੀ ਤਾਲਾਂ ਵਿਚ ਮਾਤ੍ਰਾਵਾਂ ਦੇ ਘੱਟ ਵੱਧ ਹੋਣ ਨਾਲ ਨਵੀਆਂ ਤਾਲਾਂ ਦਾ ਜਨਮ ਹੁੰਦਾ ਹੈ। ਸ਼ਾਰੰਗਦੇਵ ਦੇ 'ਸੰਗੀਤ ਰਤਨਾਕਰ' ਵਿਚ ਦੇਸ਼ੀ ਤਾਲਾਂ 120, 'ਸੰਗੀਤ ਸਮੈਸਾਰ' ਵਿਚ 101, 'ਸੰਗੀਤ ਦਰਪਣ' ਵਿਚ 120 ਤਾਲਾਂ ਦਾ ਉਲੇਖ ਮਿਲਦਾ ਹੈ।

ਮੱਧਕਾਲੀਨ ਸੰਦਰਭ ਵਿਚ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਪ੍ਰਸਤੁਤ ਉਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਮੱਧ ਕਾਲ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੀ ਸਥਾਪਿਤ, ਪ੍ਰੋੜ ਅਤੇ ਵਿਕਸਿਤ ਪਰੰਪਰਾ ਵਿਦਮਾਨ ਸੀ। ਇਥੇ ਇਸ ਤੋਂ ਭਾਵ ਇਹ ਨਹੀਂ ਕਿ ਮੱਧਕਾਲ ਤੋਂ ਪੂਰਵ ਭਾਰਤੀ ਸ਼ਾਸਤਰੀ ਸੰਗੀਤ ਦਾ ਅਸਿਤਤਵ ਅਜਿਹਾ ਨਹੀਂ ਸੀ ਸਗੋਂ ਇਹ ਪ੍ਰੋੜਤਾ ਦੇ ਵਿਸ਼ਿਸ਼ਟਤਾ ਪ੍ਰਾਚੀਨ ਭਾਰਤੀ ਸੰਗੀਤ ਦੀ ਆਧਾਰਸ਼ਿਲਾ 'ਤੇ ਸੰਭਵ ਹੋ ਸਕੇ। ਸਾਡੇ ਸਾਹਮਣੇ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਭਾਰਤੀ ਸੰਗੀਤ ਦੀ ਵਿਸ਼ਿਸ਼ਟ ਮਾਰਗ ਨਿਰਧਾਰਤ ਪਰੰਪਰਾ ਦਾ ਲਕਸ਼ ਅਧਿਆਤਮਕ ਸੀ। ਮੋਕਸ਼ ਪ੍ਰਾਪਤੀ ਕੇਂਦਰੀ ਪ੍ਰਯੋਜਨ ਵਜੋਂ ਪ੍ਰਾਚੀਨ ਭਾਰਤੀ ਕਲਾਵਾਂ ਵਿਚ ਵਿਦਮਾਨ ਰਹੀ ਹੈ ਅਤੇ ਇਹੋ ਪ੍ਰਯੋਜਨ ਸੰਗੀਤ ਦੇ ਨਿਰਧਾਰਤ ਰੂਪਾਂ ਤੋਂ ਵੀ ਕੀਤਾ ਜਾਂਦਾ ਸੀ। ਭਾਰਤੀ ਸਮਾਜ ਅਤੇ ਇਸਦੀਆਂ ਕਲਾਵਾਂ ਦੇ ਵਿਕਾਸ ਨਾਲ-ਨਾਲ ਸੰਗੀਤ ਦਾ ਨਿਰੰਤਰ ਵਿਕਾਸ ਹੋਇਆ ਜਿਸਦੇ ਫਲਸਰੂਪ ਵਿਸ਼ਿਸ਼ਟ ਮਾਰਗ ਦੀ ਧਾਰਣੀ ਮਾਰਗੀ ਸੰਗੀਤ ਦੀ ਪਰੰਪਰਾ ਸਮਾਜ ਅਤੇ ਜਨਜੀਵਨ ਨਾਲ ਸਿੱਧੇ ਅਤੇ ਗਹਿਰੇ ਤੌਰ 'ਤੇ ਜੁੜ ਕੇ ਇਕ ਵਿਸ਼ਾਲ ਸ਼ਾਸਤਰੀ ਸੰਗੀਤ ਪਰੰਪਰਾ ਮੂਰਤੀਮਾਨ ਹੋਈ। ਇਹ ਤਾਂ ਹੀ ਸੰਭਵ ਹੋ ਸਕਿਆ ਜੇਕਰ ——————

ਮਾਰਗੀ ਸੰਗੀਤ ਧਾਰਮਿਕ ਵਲੱਗਣ ਉਲੰਘ ਕੇ ਜਨ ਮਾਨਸ ਦੀ ਧਾਰਾ ਵਿਚੋਂ ਗੁਜਰਦਿਆਂ ਸ਼ਾਸਤਰੀ ਸੰਗੀਤ ਦੇ ਲਗਾਵ ਵਾਲੀ ਆਪਣੀ ਇਕ ਖ਼ਾਸ ਸ਼੍ਰੇਣੀ ਸਿਰਜ ਸਕਿਆ। ਉੱਤਰੀ ਭਾਰਤ ਵਿਚ ਵਿਦੇਸ਼ੀ ਹਮਲਾਵਰਾਂ ਦੇ ਆਗਮਨ, ਰਾਜ ਸਥਾਪਤੀ, ਮੁਸਲਿਮ ਰਾਜ ਅਤੇ ਮੁਸਲਿਮ ਸਭਿਆਚਾਰ ਦੇ ਪ੍ਰਵੇਸ਼ ਦੁਆਰਾ ਉੱਤਰੀ ਅਤੇ ਦੱਖਣੀ ਭਾਰਤੀ ਸੰਗੀਤ ਧਾਰਾਵਾਂ ਭਾਰਤੀ ਸੰਗੀਤ ਦੇ ਸੰਦਰਭ ਵਿਚ ਵਾਚੀਏ ਤਾਂ ਇਸਸਮੇਂ ਸ਼ਾਸਤਰੀ ਸੰਗੀਤ ਦੀ ਇਕ ਵਿਸ਼ਾਲ ਪਰੰਪਰਾ ਨਿਰੰਤਰ ਕਾਰਜਸ਼ੀਲ ਸੀ। ਜਿਸਨੂੰ ਸਮਾਜ ਅਤੇ ਰਾਜ ਦਰਬਾਰਾਂ ਦੀ ਸਰਪ੍ਰਸਤੀ ਪ੍ਰਾਪਤ ਸੀ। ਇਥੇ ਇਹ ਤੱਤ ਵਰਣਨਯੋਗ ਹੈ ਕਿ ਸ਼ਾਸਤਰੀ ਸੰਗੀਤ ਜਦੋਂ ਰਾਜ ਦਰਬਾਰਾਂ ਦੀ ਵਿਲਾਸਤਾ ਦਾ ਹਿੱਸਾ ਬਣਿਆ ਤਾਂ ਇਸਦੇ ਇਸ ਰੂਪ ਨੂੰ ਸਮਾਜ ਨੇ ਅਪ੍ਰਵਾਨ ਅਤੇ ਅਸਵੀਕਾਰ ਕੀਤਾ ਪਰੰਤੂ ਉਹ ਧਾਰਾ ਜਿਹੜੀ ਵਿਭਿੰਨ ਧਾਰਮਿਕ ਪਰੰਪਰਾਵਾਂ ਅਤੇ ਅਧਿਆਤਮਕ ਪ੍ਰਯੋਜਨ ਨਾਲ ਬੱਝੀਆਂ ਹੋਈਆਂ ਸਨ ਨੂੰ ਸਮਾਜ ਨੇ ਅਸਵੀਕਾਰ ਨਹੀਂ ਕੀਤਾ। ਫਿਰ ਵੀ ਸ਼ਾਸਤਰੀ ਸੰਗੀਤ ਆਪਣੀਆਂ ਸਮਕਾਲੀਨ ਪ੍ਰਸਥਿਤੀਆਂ ਨਾਲ ਸੰਘਰਸ਼ ਕਰਦਾ ਮੁਸਲਿਮ ਸਭਿਆਚਾਰ ਦੇ ਪ੍ਰਭਾਵ ਅਧੀਨ ਮੌਲਿਕ ਸਿਰਜਨਾਤਮਕ ਪਰਿਵਰਤਨਾਂ ਸਦਕਾ ਨਵੀਨ ਪਹਿਚਾਣ ਦਾ ਧਾਰਣੀ ਬਣਦਾ ਗਿਆ। ਇਸਦੇ ਇਸ ਸਰੂਪ ਦੀ ਪ੍ਰਾਪਤੀ ਅਨੇਕ ਸੰਗੀਤਕਾਰਾਂ, ਸੰਗੀਤਜੀਵੀਆਂ ਦੀ ਕਠਿਨ ਤਪਸਿਆ ਅਤੇ ਸਾਧਨਾ ਦੇ ਫਲਸਰੂਪ ਹੀ ਸੰਭਵ ਹੋ ਸਕੀ, ਜਿਸਦਾ ਵਰਣਨ ਅਸੀਂ ਉਤੇ ਕਰ ਆਏ ਹਾਂ ਇਸ ਵਿਚ ਅਨੇਕ ਗਾਇਕ ਸ਼ਾਸਤਰਕਾਰ (ਗ੍ਰੰਥਕਾਰ), ਰਾਜ ਦਰਬਾਰ, ਸੰਤ ਭਗਤ ਅਤੇ ਭਿੰਨ-ਭਿੰਨ ਧਾਰਮਿਕ ਪਰੰਪਰਾਵਾਂ ਵੀ ਸ਼ਾਮਿਲ ਹਨ। ਸ਼ਾਸਤਰੀ ਸੰਗੀਤ ਦਾ ਪ੍ਰਯੋਜਨ ਕਿਉਂ ਜੋ ਕਲਾ ਸਾਧਨਾਂ ਅਤੇ ਕਲਾ ਸਿਧੀ ਸੀ ਇਸ ਲਈ ਇਹ ਹੌਲੀ ਹੌਲੀ ਆਪਣਾ ਸੁਤੰਤਰ ਸਰੂਪ ਨਿਖਾਰਦੀ ਗਈ। ਇਸ ਪਰੰਪਰਾ ਦੇ ਆਪਣੀਆਂ ਸਮਕਾਲੀਨ ਪਰੰਪਰਾਵਾਂ ਨਾਲ ਆਦਾਨ-ਪ੍ਰਦਾਨ ਜਾਰੀ ਰਿਹਾ। ਭਾਰਤੀ ਸੰਗੀਤ ਦੀ ਨਿਰੰਤਰ

ਵਿਕਸਿਤ ਇਹ ਧਾਰਾ ਆਪਣਾ ਸਥਾਪਤ ਅਤੇ ਪਹਿਚਾਣਯੋਗ ਸੁਤੰਤਰ ਸਰੂਪ ਕਾਇਮ ਰੱਖਣ ਵਿਚ ਕਾਮਯਾਬ ਰਹੀ । ਜਿਸਦੇ ਸਾਕਸ਼ਾਤ ਦਰਸ਼ਨ ਅੱਜ ਵੀ ਕੀਤੇ ਜਾ ਸਕਦੇ ਹਨ। ਸਦੀਆਂ ਤੋਂ ਪ੍ਰਚਲਿਤ ਰਾਗ, ਗਾਇਨ ਸ਼ੈਲੀਆਂ, ਸ਼ਾਸਤਰ ਨਿਯਮ, ਸੰਗੀਤ ਗ੍ਰੰਥਾਂ ਦਾ ਯਥਾਰਥ ਅਤੇ ਸੀਨਾ-ਬ-ਸੀਨਾ ਪ੍ਰਚਲਿਤ ਕਿਰਿਆਤਮਕ ਸੰਗੀਤ ਪਰੰਪਰਾ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਸ਼ਾਲ ਕਲਾ ਸਰੂਪ ਦੀ ਪ੍ਰਤੱਖ ਪ੍ਰਮਾਣ ਹੈ। ਇਸ ਕਲਾ ਪਰੰਪਰਾ ਨੇ ਆਪਣੀਆਂ ਸਮਕਾਲੀਨ ਵਿਭਿੰਨ ਪਰੰਪਰਾਵਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਦੀ ਸਥਾਪਤੀ ਅਤੇ ਵਿਕਾਸ ਲਈ ਮੂਲ ਉਪਕਰਣ ਸ਼ਾਸਤਰੀ ਨਿਯਮ ਸਮੁੱਚਾ ਸੰਗੀਤ ਵਿਗਿਆਨ ਅਤੇ ਆਪਣੀ ਕਮਾਈ ਹੋਈ ਸਮੁੱਚੀ ਕਲਾ ਉੱਤਮ ਵਿਰਾਸਤ ਵਜੋਂ ਭੇਟ ਕੀਤੀ ।

-o-o-

# ਤੀਸਰਾ ਅਧਿਆਇ

***************

*************

***********

*********

*******

*****

***

*

## ਭਾਰਤੀ ਸੰਗੀਤ ਦੇ ਸੰਦਰਭ ਵਿੱਚ

## ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ

ਗੁਰਮਤਿ ਸੰਗੀਤ ਵਿੱਚ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੂਹ ਬਾਣੀ ਦਾ ਗਾਇਨ ਆਧਾਰ ਰਾਗ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਰਾਗਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਸ ਸੰਬੰਧ ਵਿੱਚ ਬਾਣੀ ਵਿਚ ਅੰਕਿਤ ਅਨੇਕ ਫੁਰਮਾਨ ਰਾਗ ਦੇ ਮਹੱਤਵ ਤੇ ਗੁਰਮਤਿ ਸੰਗੀਤ ਵਿੱਚ ਇਸਦੇ ਸੰਦਰਭ ਨੂੰ ਭਲੀ ਭਾਂਤ ਉਜਾਗਰ ਕਰਦੇ ਹਨ:

- ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।।[1]
- ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।।
  ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ।।[2]
- ਗੁਣ ਗੋਵਿੰਦ ਗਾਵਹੁ ਸਭਿ ਹਰਿਜਨ, ਰਾਗ ਰਤਨ ਰਸਨਾ ਆਲਾਪ।।[3]

ਜੇਕਰ ਬਾਣੀ ਦੇ ਸਮੱਚੇ ਸਰੂਪ ਦਾ ਸਾਧਾਰਣ ਦ੍ਰਿਸ਼ਟੀ ਤੋਂ ਹੀ ਪਾਠ ਕਰੀਏ ਤਾਂ ਸਾਡੇ ਸਾਹਮਣੇ ਇਹ ਤੱਤ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਸਨਾਤਨੀ, ਲੋਕ ਅਤੇ ਹੋਰ ਵਿਭਿੰਨ ਕਾਵਿ ਰੂਪਾਂ ਦੇ ਆਧਾਰ ਉਤੇ ਨਿਰਮਿਤ ਬਾਣੀ ਨੂੰ ਬਾਣੀ ਦੇ ਗਾਇਨ ਹਿੱਤ ਵਿਭਿੰਨ ਰਾਗ ਨਿਰਧਾਰਤ ਕੀਤੇ ਗਏ ਹਨ। ਕਈ ਵਾਰੀ ਮਨ ਵਿੱਚ ਇਹ ਸ਼ੰਕਾ ਵੀ ਉਤਪੰਨ ਹੁੰਦਾ ਹੈ ਕਿ ਸਨਾਤਨੀ ਕਾਵਿ ਰੂਪ ਜਾਂ ਸ਼ਾਸਤਰੀ ਗਾਇਨ ਸ਼ੈਲੀਆਂ ਵਿੱਚ ਰਾਗ ਦਾ ਨਿਰਧਾਰਣ ਤਾਂ ਮੰਨਣਯੋਗ ਹੈ ਪਰੰਤੂ ਲੋਕ ਸ਼ੈਲੀਆਂ ਨੂੰ ਕਿਸੇ ਰਾਗ ਅਧੀਨ ਅੰਕਿਤ

---

1- ਵਾਰ ਰਾਮਕਲੀ ਮਹਲਾ ੫, ਆਦਿ ਗ੍ਰੰਥ, ਪੰਨਾ 958

2- ਮਹਲਾ , - ਉਹੀ - - - , ਪੰਨਾ 1423

3- ਬਿਲਾਵਲੁ ਮਹਲਾ ੫, - ਉਹੀ - - ,ਪੰਨਾ 821

ਕਰਨਾ ਜਾਂ ਇਨ੍ਹਾਂ ਦਾ ਰਾਗ ਨਿਰਧਾਰਿਤ ਕਰਨਾ ਕਿੱਥੋਂ ਤਕ ਉਚਿਤ ਹੈ। ਇਹ ਸ਼ੰਕੇ ਸਾਧਾਰਣ ਬੁੱਧੀ ਅਤੇ ਦ੍ਰਿਸ਼ਟੀ ਦੀ ਉਪਜ ਹਨ।ਗੁਰਬਾਣੀ ਦੇ ਇਹਨਾਂ ਗੋਹੜ ਰਹੱਸਾਂ ਨੂੰ ਸਮਝਣ ਲਈ ਅਤੇ ਇਸਦੀ ਸੰਗੀਤਆਤਮਕ ਅਤੇ ਰਾਗਾਤਮਕ ਪਿੱਠ ਭੂਮੀ ਨੂੰ ਜਾਣਨ ਲਈ ਇਹ ਜ਼ਰੂਰੀ ਹੈ ਕਿ ਰਾਗ ਪ੍ਰਬੰਧ ਉਤੇ ਵਿਚਾਰ ਕੀਤੀ ਜਾਵੇ ਅਤੇ ਰਾਗ ਪ੍ਰਬੰਧ ਉਪਰ ਵਿਚਾਰ ਕਰਨ ਤੋਂ ਪੂਰਵ ਰਾਗ ਦੀ ਭਾਰਤੀ ਸੰਗੀਤ ਵਿਚ ਰਾਗ ਦੀ ਪ੍ਰਯੋਗ ਸ਼ਕਤੀ ਅਤੇ ਸਮਰੱਥਾ ਸੰਬੰਧੀ ਜਾਣਨਾ ਅਤਿ ਆਵੱਸ਼ਕ ਪ੍ਰਤੀਤ ਹੁੰਦਾ ਹੈ।

ਰਾਗ ਭਾਰਤੀ ਸੰਗੀਤ ਦੀ ਕੇਂਦਰੀ ਅਤੇ ਪ੍ਰਮੁੱਖ ਇਕਾਈ ਹੈ।ਰਾਗ ਤੋਂ ਪੂਰਵ ਜਾਤੀ ਗਾਇਨ ਪ੍ਰਚਾਰ ਵਿਚ ਰਿਹਾ ਉਪਰੰਤ ਰਾਗ ਦਾ ਪ੍ਰਥਮ ਸਰੋਤ 7ਵੀਂ ਸਦੀ ਦੇ ਸੰਗੀਤ ਗ੍ਰੰਥਕਾਰ ਮਤੰਗ ਮੁਨੀ ਦੇ ਗ੍ਰੰਥ'ਬ੍ਰਹਦਦੇਸ਼ੀ' ਵਿੱਚ ਪ੍ਰਾਪਤ ਹੁੰਦਾ ਹੈ। ਉਦੋ ਤੋਂ ਲੈ ਕੇ ਹੁਣ ਤਕ ਰਾਗ ਭਾਰਤੀ ਸੰਗੀਤ ਦੀ ਕੇਂਦਰੀ ਅਤੇ ਪ੍ਰਮੁੱਖ ਇਕਾਈ ਹੈ। ਗਾਇਨ ਜੋ ਕਿ ਭਾਰਤੀ ਸੰਗੀਤ ਦੀ ਮੂਲ ਆਧਾਰਸ਼ਿਲਾ ਹੈ ਦੀ ਸ਼ਾਸਤਰਿਕ ਪਹਿਚਾਣ ਅਤੇ ਸੌਂਦਰਯਾਤਮਕ ਰੂਪ ਰੇਖਾ ਰਾਗ ਉਤੇ ਹੀ ਆਧਾਰਿਤ ਹੈ। ਇਸੇ ਤਰ੍ਹਾਂ ਵਾਦਨ ਵਿੱਚ ਵੀ ਰਾਗ ਇਕਾਈ ਵਜੋ ਵਿਦਮਾਨਹੈ। ਭਾਰਤੀ ਸੰਗੀਤ ਦੀ ਕੋਈ ਵੀ ਐਸੀ ਗਾਇਨ ਜਾਂ ਵਾਦਨ ਸ਼ੈਲੀ ਨਹੀਂ ਜਿਸ ਵਿੱਚ ਰਾਗ ਦੀ ਝਲਕ ਨਾ ਹੋਵੇ ਰਾਗ ਨੂੰ ਭਾਰਤੀ ਸੰਗੀਤ ਦਾ ਸੁਰਾਤਮਕ ਛੰਦ ਜਾਂ ਮੀਟਰ ਵੀ ਕਿਹਾ ਜਾਂਦਾ ਹੈ। ਵਿਭਿੰਨ ਰੰਜਕ ਸੁਰਾਂ ਨੂੰ ਸੰਗੀਤ ਸ਼ਾਸਤਰ ਅਨੁਸਾਰ ਕ੍ਰਮ ਪ੍ਰਧਾਨ ਸਦਕਾ ਹੀ ਰਾਗ ਦੀ ਉਤਪਤੀ ਹੁੰਦੀਹੈ।ਰਾਗ ਤੋਂ ਬਿਨਾਂ ਭਾਰਤੀ ਸੰਗੀਤ ਦੀ ਕਲਪਨਾ ਅਧੂਰੀ ਹੈ ਇਸ ਕਰਕੇ ਕਿਸੇ ਵੀ ਸੰਗੀਤ ਪ੍ਰਬੰਧ ਜਾਂ ਅਰਧ ਸੰਗੀਤ ਪ੍ਰਬੰਧ ਉਤੇ ਚਰਚਾ ਕਰਨ ਲੱਗਿਆਂ ਇਸਦੇ ਰਾਗ ਪੱਖ ਸੰਬੰਧੀ ਚਰਚਾ ਕਰਨਾ ਬੁਨਿਆਦੀ ਤੌਰ 'ਤੇ ਲਾਜ਼ਮੀ ਹੈ।

ਸੰਗੀਤ ਅਤੇ ਕਾਵਿ ਵਿੱਚ ਰਾਗ ਦੇ ਅਰਥ ਅਲੱਗ-ਅਲੱਗ ਹਨ। ਕਾਵਿ ਪੱਖੋ ਰਾਗ ਨੂੰ ਪ੍ਰੀਤ ਤੇ ਅਨੁਰਾਗ ਦੇ ਅਰਥ ਦਿੱਤੇ ਗਏ ਹਨ ਅਤੇ ਦਰਸ਼ਨ ਪੱਖੋਂ ਰਾਗ ਵਿਰਾਗ[1] ਭਾਰਤੀ ਸੰਗੀਤ ਦੇ ਪ੍ਰਾਚੀਨ ਗ੍ਰੰਥ 'ਨਾਟਯ ਸ਼ਾਸਤਰ' ਵਿੱਚ ਇਸਦਾ ਉਲੇਖ ਸਾਹਿੱਤਿਕ ਪੱਧਰ 'ਤੇ ਕੀਤਾ ਗਿਆ ਹੈ।[2]

ਭਾਰਤੀ ਸੰਗੀਤ ਦੇ ਇਤਿਹਾਸ ਨੂੰ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਰਾਗ ਗਾਇਨ ਤੋਂ ਪੂਰਵ ਜਾਤੀ ਗਾਇਨ ਪ੍ਰਚਾਰ ਵਿੱਚ ਸੀ। ਲਗਭਗ 7ਵੀਂ ਸਦੀ ਵਿਚ ਰਾਗ ਗਾਇਨ ਹੋਂਦ ਵਿਚ ਆਇਆ। ਸੰਗੀਤ ਦੇ ਅਨੁਸਾਰ ਸਭ ਤੋਂ ਪਹਿਲਾਂ ਰਾਗ ਸ਼ਬਦ ਦਾ ਪ੍ਰਯੋਗ ਮਤੰਗ ਮੁਨੀ ਨੇ ਆਪਣੇ ਗ੍ਰੰਥ 'ਬ੍ਰਹਦਦੇਸ਼ੀ' ਵਿੱਚ ਕੀਤਾ।

"ਸਵਰਵਰਣ ਵਿਸ਼ੇਸ਼ਣ ਧੁਨੀਭੇਦੇਨ ਵਾ ਪੁਨ:
ਰੰਜਯਤੇ ਯੇਨਯ : ਕਸ਼ਚਿਤ ਸ ਰਾਗ: ਸੰਮਤ: ਸਤਮ ।।[3]

ਅਰਥਾਤ ਉਹ ਧੁਨੀ ਜੋ ਵਰਣਾਂ ਨਾਲ ਸਜੀ ਹੋਵੇ ਅਤੇ ਜਿਸ ਵਿਚ ਰੰਜਕਤਾ ਹੋਵੇ, ਰਾਗ ਕਹਿਲਾਉਂਦੀ ਹੈ।

ਗ੍ਰੰਥਕਾਰ ਪੰਡਿਤ ਸ਼ਾਰੰਗਦੇਵ ਨੇ ਆਪਣੇ ਗ੍ਰੰਥ 'ਸੰਗੀਤ ਰਤਨਾਕਰ' ਵਿੱਚ ਰਾਗ ਸੰਬੰਧੀ ਲਿਖਿਆ ਹੈ, 'ਸੁਰ ਅਤੇ ਵਰਣ ਨਾਲ ਸਜੀ ਵਿਸ਼ਿਸ਼ਟ ਧੁਨੀ ਜੋ ਰੰਜਕਤਾ ਪ੍ਰਦਾਨ ਕਰਦੀ ਹੈ,' ਰਾਗ ਕਹਿੰਦੇ ਹਨ:

---

1. ਬ੍ਰਹਤ ਹਿੰਦੀ ਕੋਸ਼, (ਸੰਪਾ: ਕਾਲਿਕਾ ਪ੍ਰਸਾਦ), ਪੰਨਾ 951
2- ਭਾਰਤ ਮੁਨੀ, ਨਾਟਯ ਸ਼ਾਸਤਰ, ਅਧਿਆਇ 28, ਸਲੋਕ 41664
3- ਮਤੰਗ ਮੁਨੀ, ਬ੍ਰਹਦਦੇਸ਼ੀ, (ਸੰਪਾ: ਬਾਲਕ੍ਰਿਸ਼ਣ ਗਰਗ), ਸਲੋਕ 279

- ਯੋ ਸੋ ਧਵਨਿਵਿਸ਼ੇਸ਼ਸਤੁ ਸਵਰ-ਵਰਣੁ- ਵਿਭੂਸ਼ਿਤ :
ਰੰਜਕੋ ਜਨਚਿਤਾਨਾਂ ਸ ਰਾਗ: ਕਥਿਤੋ: ਬੁਧੇ: ।।[1]

ਪੰਡਿਤ ਅਹੋਬਲ ਅਨੁਸਾਰ ਵੀ ਰੰਜਕ ਸੁਰਾਂ ਦਾ ਸਮੂਹ ਰਾਗ ਕਹਿਲਾਉਂਦਾ ਹੈ:

ਰੰਜਕ: ਸਵਰ ਸੰਦਰਭੋ ਰਾਗ ਇਤੀਭੀਧੀਯਤੇ[2]

ਭਾਰਤੀ ਸੰਗੀਤ ਵਿਚ ਕੁਝ ਰਾਗ ਰਾਗਣੀਆਂ ਦੀ ਉਤਪਤੀ ਦੇਵੀ-ਦੇਵਤਿਆਂ ਤੋਂ ਮੰਨੀ ਜਾਂਦੀ ਹੈ। ਸ਼ਿਵ ਨੇ ਪੰਜ ਰਾਗਾਂ ਦੀ ਉਤਪਤੀ ਕੀਤੀ ਅਤੇ ਛੇਵਾਂ ਰਾਗ ਪਾਰਬਤੀ ਦੁਆਰਾ ਉਤਪੰਨ ਹੋਇਆ। ਫਿਰ ਬ੍ਰਹਮਾ ਨੇ ਤੀਹ ਰਾਗਣੀਆਂ ਬਣਾਈਆਂ। ਸ਼ਿਵ ਜੀ ਦੇ ਪੂਰਬ, ਪੱਛਮ, ਉੱਤਰ,ਦੱਖਣ ਤੇ ਆਕਾਸ਼ ਵੱਲ ਦੇ ਮੂੰਹ ਤੋਂ ਭੈਰਵ, ਹਿੰਡੋਲ,ਮੇਘ, ਦੀਪਕ ਤੇ ਸ੍ਰੀ ਰਾਗ ਨਿਕਲੇ ਅਤੇ ਪਾਰਬਤੀ ਦੇ ਮੁੱਖੋਂ ਕੋਸ਼ਿਕ ਰਾਗ ਨਿਕਲਿਆ।[3]

ਭਾਰਤੀ ਸੰਗੀਤ ਵਿੱਚ ਰਾਗਾਂ ਦੀ ਉਤਪਤੀ ਦੇਵੀਦੇਵਤਿਆਂ ਤੋਂ ਮੰਨੀ ਜਾਂਦੀ ਹੈ ਪਰ ਅਜਿਹੇ ਵਿਚਾਰ ਸਿਰਫ਼ ਕਲਪਨਾ ਦੇ ਆਧਾਰ'ਤੇ ਪ੍ਰਗਟ ਕੀਤੇ ਗਏ ਹਨ ਜਿਨ੍ਹਾਂ ਬਾਰੇ ਕੋਈ ਆਧਾਰ ਨਹੀਂ ਹੈ।

ਰਾਗ ਦੇ ਲੱਛਣ:

ਰਾਗ ਜਾਤੀ ਦਾ ਹੀ ਵਿਕਸਿਤ ਰੂਪ ਹੈ ਅਤੇ ਇਹ ਜਾਤੀ ਦੇ ਮੂਲ ਤੱਤਾਂ 'ਤੇ ਸਥਿਰ ਹੈ। ਰਾਗ ਅਤੇ ਜਾਤੀ ਦੋਵਾਂ ਵਿਚ ਸਮਾਨਤਾ ਹੋਣ ਕਾਰਨ ਜਾਤੀ ਦੇ ਨਿਯਮ ਵੀ

---

1. ਸੰਗੀਤ ਰਤਨਾਕਰ(ਭਾਗ 2), ਸਲੋਕ 2
2. ਅਹੋਬਲ, ਸੰਗੀਤ ਪਾਰਿਜਾਤ, ਸਲੋਕ-91
3 ਸਕਸੈਨਾ,ਮਹੇਸ਼ ਨਰਾਇਣ, ਸੰਗੀਤ ਸ਼ਾਸਤਰ(ਭਾਗ ਦੂਜਾ),ਪੰਨਾ119

ਰਾਗ ਉੱਪਰ ਲਾਗੂ ਕੀਤੇ ਜਾਂਦੇ ਹਨ ਜੋ ਕਿ ਬਾਅਦ ਵਿਚ ਰਾਗ ਦੇ ਲੱਛਣ ਨਾਮਕ ਪ੍ਰਚਾਰ ਵਿਚ ਆਏ। ਰੰਜਕਤਾ ਪ੍ਰਦਾਨ ਰਚਨਾ, ਜੋ ਜਨ-ਚਿਤ-ਰੰਜਨ ਕਰਦੀ ਹੈ, ਰਾਗ ਕਹਿਲਾਉਂਦੀ ਹੈ, ਇਸ ਤੇ ਧੁਨ ਜਾਂ ਮੇਲਾਡੀ ਅਤੇ ਰਾਗ ਇਕ ਰੂਪ ਨਜ਼ਰ ਆਉਂਦੇ ਹਨ ਪਰੰਤੂ ਵਿਸ਼ੇਸ਼ ਨਿਯਮਾਨੁਸਾਰ ਸੁਰ ਅਤੇ ਵਰਣ ਨਾਲ ਸੰਬੰਧਿਤ ਵਿਸ਼ੇਸ਼ ਪ੍ਰਕਾਰ ਦੀ ਧੁਨੀ, ਜੋ ਜਨ-ਚਿਤ-ਰੰਜਨ ਕਰਨ ਦੇ ਸਮਰੱਥ ਹੋਵੇ, ਰਾਗ ਕਹਿੰਦੇ ਹਨ। ਇਸ ਕਾਰਨ ਰਾਗ ਅਤੇ ਮੇਲੋਡੀ ਆਪਣਾ-ਆਪਣਾ ਸੁਤੰਤਰ ਪਹਿਚਾਨਣ ਯੋਗ ਸਥਾਨ ਗ੍ਰਹਿਣ ਕਰਦੇ ਹਨ। ਰਾਗ ਵਿਚ ਮਾਨਵ ਮਨ ਤੇ ਰੰਗ ਦੇਣ ਦੇ ਸ਼ਕਤੀ ਜਿਨ੍ਹਾਂ ਤੱਤਾਂ 'ਤੇ ਨਿਰਭਰ ਕਰਦੀ ਹੈ, ਉਸ ਅਧੀਨ ਸੁਰਾਂ ਦੀ ਪੁਨਰਾਵਿਰਤੀ, ਕਣ, ਖਟਕਾ ਅਤੇ ਕਾਕੂ ਭੇਦ ਵਰਗੀਆਂ ਵਿਭਿੰਨ ਗਾਇਨ ਕ੍ਰਿਆਵਾਂ ਆ ਜਾਂਦੀਆਂ ਹਨ, ਇਨ੍ਹਾਂ ਤੋਂ ਬਿਨਾਂ ਰਾਗ ਦੇ ਮੁੱਖ ਲੱਛਣ ਜਿਨ੍ਹਾਂ ਦੇ ਆਧਾਰ'ਤੇ ਰਾਗ ਵਿਸ਼ਿਸ਼ਟ ਪਹਿਚਾਨਣਯੋਗ ਸਥਾਨ ਗ੍ਰਹਿਣ ਕਰਦਾ ਹੈ:

1. ਥਾਟ 2. ਸੁਰ 3, ਆਰੋਹ-ਅਵਰੋਹ 4. ਜਾਤੀ 5. ਵਾਦੀ-ਸੰਵਾਦੀ-ਅਨੁਵਾਦੀ-ਵਿਵਾਦੀ 6. ਮੁੱਖ ਅੰਗ 7. ਨਿਆਸ 8. ਪੂਰਵਾਂਗ-ਉਤਰਾਂਗ 9. ਸਮਾਂ 10. ਸਮਪ੍ਰਕ੍ਰਿਤਕ ਰਾਗ ਆਦਿ।[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਰਾਗ:

ਗੁਰਮਤਿ ਸੰਗੀਤ ਦਾ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਦੋ ਵਿਧੀਆਂ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ- ਇੱਕ ਤਤਕਰੇ ਅਧੀਨ ਅਤੇ ਦੂਸਰਾ ਸਾਧਾਰਨ ਪਾਠ ਰਾਹੀਂ।

---

1. (I) ਥਾਟ: ਸੁਰਾਂ ਦਾ ਉਹ ਸਮੂਹ ਜੋ ਰਾਗ ਉਤਪੰਨ ਕਰਨ ਦੀ ਸ਼ਕਤੀ ਰੱਖਦਾ ਹੈ। ਦੱਖਣੀ ਭਾਰਤੀ ਸੰਗੀਤ ਵਿੱਚ 12 ਸੁਰਾਂ ਤੋਂ 72 ਥਾਟਾਂ ਦੀ ਰਚਨਾ ਮੰਨੀ ਜਾਂਦੀ ਹੈ ਜਿਨ੍ਹਾਂ ਵਿਚੋਂ ਉਤੱਰੀ ਭਾਰਤੀ ਸੰਗੀਤ ਵਿੱਚ 10 ਥਾਟ ਪ੍ਰਚੱਲਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਅਨੁਸਾਰ 31 ਰਾਗ ਮਿਲਦੇ ਹਨ ਜੋ ਮੁੱਖ ਰਾਗਾਂ ਵਜੋਂ ਅੰਕਿਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਪਾਠ ਰਾਹੀਂ ਤਤਕਰੇ ਅਨੁਸਾਰ 31 ਮੁੱਖ ਰਾਗਾਂ ਤੋਂ ਇਲਾਵਾ ਹੋਰ ਰਾਗ ਵੀ ਪ੍ਰਾਪਤ ਹੁੰਦੇ ਹਨ ਜੋ

---

(ਪਿਛਲੇ ਪੰਨੇ ਦਾ ਫੁੱਟ ਨੋਟ)

(II) ਸੁਰ: ਸੰਗੀਤ ਦੀ ਵਰਣਮਾਲਾ ਵਿੱਚ ਮੁੱਖ ਸੱਤ ਧੁਨੀਆਂ ਹਨ ਸਾ, ਰੇ, ਗਾ, ਮਾ, ਪਾ, ਧਾ, ਨੀ ਜਿਨ੍ਹਾਂ ਨੂੰ ਸੁਧ ਸੁਰ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਸਾ, ਪਾ ਅਚਲ ਸੁਰ ਹਨ, ਰੇ, ਗਾ, ਧਾ, ਨੀ ਸੁਧ ਅਤੇ ਕੋਮਲ , ਮਧਿਅਮ ਸੁਧ ਅਤੇ ਤੀਵਰ ਸਰੂਪ ਦਾ ਧਾਰਣੀ ਹੈ।

(III) ਆਰੋਹ-ਅਵਰੋਹ: 7 ਸੁਰਾਂ ਦੇ ਅੰਤਰਗਤ ਸੁਰਾਂ ਦੇ ਕ੍ਰਮਵਾਰ ਚੜ੍ਹਾਅ ਲਹਾਅ ਨੂੰ ਆਰੋਹ-ਅਵਰੋਹ ਕਹਿੰਦੇ ਹਨ।

(IV) ਜਾਤੀ:ਸੁਰਾਂ ਦੀ ਗਿਣਤੀ ਅਨੁਸਾਰ ਰਾਗਾਂ ਦੀ ਸੰਪੂਰਨ (ਸੱਤ ਸੁਰ) ਸ਼ਾੜਵ (ਛੇ ਸੁਰ) ਅਤੇ ਔੜਵ(ਪੰਜ ਸੁਰ) ਨਾਮਕ ਤਿੰਨ ਜਾਤੀਆਂ ਹਨ ਜਿਨ੍ਹਾਂ ਦੇ ਆਰੋਹ ਤੇ ਅਵਰੋਹ ਕ੍ਰਮ ਤੋਂ ਜਾਤੀਆਂ ਦੇ ਨੌ ਭੇਦ ਬਣੇ।

(V) ਵਾਦੀ-ਸੰਵਾਦੀ-ਅਨੁਵਾਦੀ-ਵਿਵਾਦੀ: ਰਾਗ ਵਿੱਚ ਸਭ ਤੋਂ ਜ਼ਿਆਦਾ ਪ੍ਰਯੋਗ ਹੋਣ ਵਾਲਾ ਵਾਦੀ, ਵਾਦੀ ਤੋਂ ਘੱਟ ਅਤੇ ਬਾਕੀ ਸੁਰਾਂ ਤੋਂ ਵੱਧ ਪ੍ਰਯੋਗ ਹੋਣ ਵਾਲਾ ਸੰਵਾਦੀ ਅਤੇ ਰਹਿੰਦੇ ਸੁਰ ਅਨੁਵਾਦੀ ਹਨ। ਵਿਵਾਦੀ ਦਾ ਪ੍ਰਯੋਗ ਬਹੁਤ ਘੱਟ ਅਤੇ ਕਦੇ-ਕਦੇ ਰਾਗ ਨੂੰ ਹੋਰ ਵਧੇਰੇ ਰੰਜਕ ਬਣਾਉਣ ਲਈ ਕੀਤਾ ਜਾਂਦਾ ਹੈ ਪਰ ਇਸਦਾ ਪ੍ਰਯੋਗ ਵਿਵਾਦ ਪੂਰਣ ਰਹਿੰਦਾ ਹੈ।

(VI) ਮੁੱਖ ਅੰਗ; ਰਾਗ ਦੀ ਮੁੱਖ ਪਛਾਣ ਸੁਰਾਵਲੀ ਨੂੰ ਮੁੱਖ ਅੰਗ ਕਿਹਾ ਜਾਂਦਾ ਹੈ।

ਮੁੱਖ ਰਾਗਾਂ ਦੇ ਅੰਤਰਗਤ ਦਰਜ ਹਨ। ਇਸ ਤੋਂ ਪਹਿਲਾਂ ਕਿ ਇਨ੍ਹਾਂ ਦੇ ਕਿਰਿਆਤਮਕ ਸਰੂਪਾਂ ਸੰਬੰਧੀ ਵਿਚਾਰ ਕਰੀਏ ਗੁਰਬਾਣੀ ਦੇ ਮੁੱਖ ਰਾਗਾਂ ਅਤੇ ਉਨ੍ਹਾਂ ਦੇ ਅੰਤਰਗਤ ਆਏ ਦੂਸਰੇ ਰਾਗਾਂ ਸੰਬੰਧੀ ਜਾਣ ਲੈਣਾ ਅਤਿ ਆਵੱਸ਼ਕ ਹੈ।

---

(ਪਿਛਲੇ ਪੰਨੇ ਦਾ ਫੁੱਟ ਨੋਟ)

( VII ) ਪੂਰਵਾਂਗ-ਉਤਰਾਂਗ : ਸਪਤਕ ਦੇ ਸੁਰਾਂ ਦਾ ਪ੍ਰਥਮ ਭਾਗ(ਸਾ,ਰੇ,ਗਾ, ਮਾ, ਪਾ) ਪੂਰਵਾਂਗ ਅਤੇ ਦੂਸਰਾ ਭਾਗ (ਮਾ, ਪਾ, ਧਾ, ਨੀ, ਸਾਂ) ਉਤਰਾਂਗ ਅਖਵਾਉਂਦਾ ਹੈ।

( VII ) ਨਿਆਸ ਸੁਰ: ਰਾਗ ਅਧੀਨ ਜਿਨ੍ਹਾਂ ਸੁਰਾਂ ਉਤੇ ਵਿਸ਼ੇਸ਼ ਅਤੇ ਜ਼ਿਆਦਾ ਠਹਿਰਾਵ ਦਿੱਤਾ ਜਾਂਦਾ ਹੈ, ਉਹ ਨਿਆਸ ਸੁਰ ਹਨ, ਜਿਹੜੇ ਰਾਗ ਭੇਦ ਕਰਨ 'ਚ ਸਹਾਈ ਹੁੰਦੇ ਹਨ।

( IX ) ਸਮਾਂ: ਰਾਗ ਦੇ ਗਾਇਨ ਸਮੇਂ ਨੂੰ ਰਾਗ ਦਾ ਸਮਾਂ ਕਿਹਾ ਜਾਂਦਾ ਹੈ।

( X ) ਸਥਾਨ: ਸਪਤਕ ਦੇ ਤਿੰਨਾਂ ਸਥਾਨਾਂ ਵਿਚੋਂ (ਮੰਦਰ, ਮੱਧ, ਤਾਰ) ਰਾਗ ਜਿਸ ਖੇਤਰ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਰੂਪ ਵਿੱਚ ਗਾਇਆ ਜਾ ਸਕਦਾ ਹੈ, ਉਹ ਸਪਤਕ ਖੇਤਰ ਰਾਗ ਦਾ ਸਥਾਨ ਹੈ।

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| 1. ਸਿਰੀ | - | 14 |
| 2. ਮਾਝ | - | 94 |
| 3- ਗਉੜੀ | - | 151 |
| | (ੳ) ਗਉੜੀ ਗੁਆਰੇਰੀ | 151 |
| | (ਅ) ਗਉੜੀ ਦਖਣੀ | 152 |
| | (ੲ) ਗਉੜੀ ਚੇਤੀ | 154 |
| | (ਸ) ਗਉੜੀ ਬੈਰਾਗਣਿ | 156 |
| | (ਹ) ਗਉੜੀ ਪੂਰਬੀ ਦੀਪਕੀ | 157 |
| | (ਕ) ਗਉੜੀ ਪੂਰਬੀ | 242 |
| | (ਖ) ਗਉੜੀ ਦੀਪਕੀ | 12 |
| | (ਗ) ਗਉੜੀ ਮਾਝ | 172 |
| | (ਘ) ਗਉੜੀ ਮਾਲਵਾ | 214 |
| | (ਙ) ਗਉੜੀ ਮਾਲਾ | 214 |
| 4- ਆਸਾ | - | 347 |
| | (ੳ) ਆਸਾ ਕਾਫੀ | 365 |
| | (ਅ) ਆਸਾਵਰੀ | 409 |
| 5- ਗੂਜਰੀ | - | 489 |
| 6- ਦੇਵਗੰਧਾਰੀ | - | 527 |
| | (ੳ) ਦੇਵਗੰਧਾਰ | 531 |

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ |
|---|---|---|
| 7- ਬਿਹਾਗੜਾ | - | 537 |
| 8- ਵਡਹੰਸ | - | 557 |
| | (ੳ) ਵਡਹੰਸ ਦਖਣੀ | 580 |
| 9. ਸੋਰਠਿ | - | 595 |
| 10. ਧਨਾਸਰੀ | - | 13/660 |
| 11. ਜੈਤਸਰੀ | - | 696 |
| 12. ਟੋਡੀ | - | 711 |
| 13. ਬੈਰਾੜੀ | - | 719 |
| 14. ਤਿਲੰਗ | - | 721 |
| | (ੳ) ਤਿਲੰਗ ਕਾਫੀ | 726 |
| 15. ਸੂਹੀ | - | 728 |
| | (ੳ) ਸੂਹੀ ਕਾਫੀ | 751 |
| 16. ਬਿਲਾਵਲ | - | 794 |
| | (ੳ) ਬਿਲਾਵਲ ਦਖਣੀ | 843 |
| 17. ਗੌਂਡ | - | 859 |
| | (ੳ) ਬਿਲਾਵਲ ਗੌਂਡ | 874 |
| 18. ਰਾਮਕਲੀ | - | 876 |
| | (ੳ) ਰਾਮਕਲੀ ਦਖਣੀ | 907 |
| 19. ਨਟ ਨਾਰਾਇਣ | - | 975 |
| | (ੳ) ਨਟ | 975 |
| 20. ਮਾਲੀਗੌੜਾ | - | 984 |
| | (ੳ) ਮਾਰੂ ਕਾਫੀ | 1014 |
| | (ਅ) ਮਾਰੂ ਦਖਣੀ | 1033 |

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| 22. ਤੁਖਾਰੀ | - | 1107 |
| 23. ਕੇਦਾਰਾ | - | 1118 |
| 24. ਭੈਰਉ | - | 1125 |
| 25. ਬਸੰਤ | - | 1168 |
| | (ੳ) ਬਸੰਤ ਹਿੰਡੋਲ | 1171 |
| 26. ਸਾਰੰਗ | - | 1197 |
| 27. ਮਲ੍ਹਾਰ | - | 1254 |
| 28. ਕਾਨੜਾ | - | 1294 |
| 29. ਕਲਿਆਣ | - | 1319 |
| | (ੳ) ਕਲਿਆਣੀ ਭੋਪਾਲੀ | 1321 |
| 30. ਪ੍ਰਭਾਤੀ | - | 1327 |
| | (ੳ) ਪ੍ਰਭਾਤੀ ਬਿਭਾਸ | 1327 |
| | (ਅ) ਪ੍ਰਭਾਤੀ ਦਖਣੀ | 1343 |
| | (ੲ) ਬਿਭਾਸ ਪ੍ਰਭਾਤੀ | 1347 |
| 31. ਜੈਜਾਵੰਤੀ | - | 1352 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੱਖ ਰਾਗਾਂ ਤੇ ਉਪ ਰਾਗਾਂ ਦੇ ਅੰਤਰਗਤ ਮੌਸਮਾਂ ਅਤੇ ਵਿਭਿੰਨ ਪਰੰਪਰਾਵਾਂ ਨਾਲ ਸੰਬੰਧਿਤ ਰਾਗ ਵੀ ਮਿਲਦੇ ਹਨ ਜਿਨ੍ਹਾਂ ਦਾ ਉਲੇਖ ਅਸੀਂ ਇਸ ਪ੍ਰਕਾਰ ਵੀ ਕਰ ਸਕਦੇ ਹਾਂ:

ਸੁਧ ਰਾਗ: ਜੋ ਰਾਗ ਸੁਤੰਤਰ ਤੌਰ 'ਤੇ ਭਿੰਨ ਹੁੰਦੇ ਹਨ, ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਨਹੀਂ ਹੁੰਦੀ, ਸੁਧ ਰਾਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਤਕਰੇ ਅਧੀਨ ਦਰਜ ਇਕੱਤੀ ਮੁੱਖ ਰਾਗ ਸੁਧ ਰਾਗ ਹਨ ਜਿਵੇਂ: ਸਿਰੀ, ਮਾਝ, ਗਉੜੀ, ਗੂਜਰੀ, ਆਸਾ ਆਦਿ।

ਛਾਇਆਲਗ ਰਾਗ: ਜਿਨ੍ਹਾਂ ਰਾਗਾਂ ਦੀ ਰਚਨਾ ਦੋ ਰਾਗਾਂ ਦੀਆਂ ਸੁਰਾਵਲੀਆਂ ਦੇ ਮਿਸ਼ਰਣ ਤੋਂ ਹੁੰਦੀ ਹੈ, ਛਾਇਆਲਗ ਰਾਗ ਹਨ। ਉਦਾਹਰਣ ਦੇ ਤੌਰ 'ਤੇ ਗੁਰਬਾਣੀ ਵਿਚ ਗਉੜੀ ਚੇਤੀ, ਗਉੜੀ ਪੂਰਬੀ, ਗਉੜੀ ਦੀਪਕੀ, ਛਾਇਆਲਗ ਰਾਗ ਹਨ।

ਸੰਕੀਰਣ ਰਾਗ: ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਤੋਂ ਵੱਧ ਰਾਗਾਂ ਦੇ ਮੇਲ ਤੋਂ ਹੁੰਦੀ ਹੈ ਸੰਕੀਰਣ ਰਾਗ ਅਖਵਾਉਂਦੇ ਹਨ। ਗੁਰਬਾਣੀ ਵਿੱਚ ਰਾਗ ਗਉੜੀ ਪੂਰਬੀ ਦੀਪਕੀ ਸੰਕੀਰਣ ਰਾਗ ਹੈ।

ਦੱਖਣੀ ਰਾਗ: ਸੁਧ, ਛਾਇਆਲਗ, ਸੰਕੀਰਣ ਰਾਗਾਂ ਤੋਂ ਇਲਾਵਾ ਗੁਰਬਾਣੀ ਵਿਚ ਕੁਝ ਰਾਗ ਐਸੇ ਵੀ ਮਿਲਦੇ ਹਨ ਜਿਨ੍ਹਾਂ ਨਾਲ ਦਖਣੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਰਾਗ ਮੁੱਖ ਰਾਗਾਂ ਅਧੀਨ ਅੰਕਿਤ ਹਨ ਜਿਵੇਂ ਗਉੜੀ ਦਖਣੀ,[1] ਵਡਹੰਸ ਦਖਣੀ[2], ਬਿਲਾਵਲ ਦਖਣੀ[3], ਮਾਰੂ ਦਖਣੀ,[4] ਰਾਮਕਲੀ ਦਖਣੀ[5], ਪ੍ਰਭਾਤੀ ਦਖਣੀ[6]।

---

1. ਆਦਿ ਗ੍ਰੰਥ, ਪੰਨਾ 152
2. - ਉਹੀ - ਪੰਨਾ 580
3- - ਉਹੀ - , ਪੰਨਾ 843
4- - ਉਹੀ - , ਪੰਨਾ 1033
5- - ਉਹੀ -, ਪੰਨਾ 907
6- - ਉਹੀ - , ਪੰਨਾ 1343

ਮੱਧ ਕਾਲ ਵਿਚ ਭਾਰਤੀ ਸੰਗੀਤ ਵਿਦੇਸ਼ੀ ਹਮਲਿਆਂ ਦੇ ਕਾਰਣ ਦੋ ਪੱਧਤੀਆਂ ਹਿੰਦੁਸਤਾਨੀ ਜਾਂ ਉੱਤਰੀ ਭਾਰਤੀ ਸੰਗੀਤ ਅਤੇ ਕਰਨਾਟਕੀ ਜਾਂ ਦੱਖਣੀ ਭਾਰਤੀ ਸੰਗੀਤ ਅਧੀਨ ਵਿਭਾਜਿਤ ਹੋ ਚੁੱਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ' ਨੂੰ ਲੋਕਾਂ ਤਕ ਪਹੁੰਚਾਉਣ ਲਈ ਸਾਰੇ ਵਿਭਿੰਨ ਸਥਾਨਾਂ ਦਾ ਰਟਨ ਕੀਤਾ ਜੋ ਚਾਰ ਉਦਾਸੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੇ ਅੰਤਰਗਤ ਆਪ ਦੱਖਣੀ ਭਾਰਤ ਵੀ ਗਏ ਅਤੇ ਉਥੋਂ ਦੇ ਸਭਿਆਚਾਰ, ਆਚਾਰ, ਵਿਹਾਰ, ਭਾਸ਼ਾ ਅਤੇ ਸੰਗੀਤ ਦਾ ਅਧਿਐਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਭਾਰਤ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਦਖਣੀ' ਸ਼ਬਦ ਦੱਖਣੀ ਸੰਗੀਤ ਪੱਧਤੀ ਦਾ ਰਾਗ ਸੂਚਕ ਹੈ ਪਰ ਇਨ੍ਹਾਂ ਰਾਗਾਂ ਦਾ ਦੱਖਣੀ ਪੱਧਤੀ ਦੇ ਰਾਗ ਹੋਣ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਪਾਏ ਜਾਂਦੇ ਹਨ। ਫਰੀਦਕੋਟੀ ਟੀਕਾ ਵਿਚ ਦੱਖਣੀ ਨੂੰ ਰਾਗ ਨਾ ਮੰਨਦੇ ਹੋਏ ਛੰਦ ਦੀ ਚਾਲ ਦਾ ਨਾਮ ਦਿੱਤਾ ਗਿਆ ਹੈ।[1] ਡਾ. ਦਵਿੰਦਰ ਸਿੰਘ ਵਿਦਿਆਰਥੀ ਅਨੁਸਾਰ, "ਜੇਕਰ ਦਖਣੀ ਸ਼ਬਦ ਮਹਲਾ ੧ ਆਇਆ ਹੁੰਦਾ ਪਰੰਤੂ ਇਹ ਆਇਆ ਮਹਲਾ ੧ ਦੇ ਸੰਕੇਤ ਪਿਛੋਂ ਇਸ ਲਈ ਇਸਨੂੰ ਰਾਗ ਦਾ ਸੂਚਕ ਸਮਝਣਾ ਉਚਿਤ ਨਹੀਂ[2] ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਿਰਲੇਖ 'ਰਾਮਕਲੀ ਦਖਣੀ ਮਹਲਾ੧'[3] ਇਸ ਗੱਲ ਦਾ ਸੰਕੇਤ ਹੈ ਕਿ ਇਹ ਦਖਣੀ ਪੱਧਤੀ ਦਾ ਰਾਗ ਹੈ। ਡਾ. ਗੁਰਨਾਮ ਸਿੰਘ ਜੀ ਨੇ ਵੀ ਆਪਣੇ ਸ਼ੋਧ ਪ੍ਰਬੰਧ ਵਿਚ ਇਨ੍ਹਾਂ ਰਾਗਾਂ ਨੂੰ ਦਖਣੀ ਪੱਧਤੀ ਦਾ ਰਾਗ ਸਵੀਕਾਰਿਆ ਹੈ।[4]

---

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ(ਫਰੀਦਕੋਟ ਵਾਲਾ ਟੀਕਾ)ਪੰਨਾ 126
2. ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ, ਪੰਨਾ 43
3. ਆਦਿ ਗ੍ਰੰਥ , ਪੰਨਾ 1033
4. Gurnam Singh (Dr.), Musicological Study of Guru Nanak Bani, Page

ਕਿਰਿਆਤਮਕ ਤੌਰ 'ਤੇ ਇਨ੍ਹਾਂ ਰਾਗਾਂ ਦੇ ਸਰੂਪ ਕੇਵਲ ਦੱਖਣੀ ਸੰਗੀਤ ਪੱਧਤੀ ਵਿਚ ਹੀ ਪਾਏ ਜਾਂਦੇ ਹਨ, ਉੱਤਰੀ ਭਾਰਤੀ ਸੰਗੀਤ ਵਿਚ ਨਹੀਂ। ਇਸ ਲਈ ਇਨਾਂ ਰਾਗਾਂ ਨੂੰ ਦੱਖਣੀ ਪੱਧਤੀ ਦੇ ਰਾਗ ਮੰਨਣਾ ਹੀ ਵਧੇਰੇ ਉਚਿਤ ਹੈ। ਦੱਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਰੂਪ ਵਜੋਂ ਅੰਕਿਤ 'ਰਾਗ' ਕਿਉਂ ਜੋ ਬਾਣੀ ਨੂੰ ਰਾਗਾਂ ਅਧੀਨ ਗਾਉਣ ਦਾ ਨਿਰਦੇਸ਼ ਹੈ, ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿਚ ਉੱਤਰੀ ਅਤੇ ਦਖਣੀ ਪੱਧਤੀ ਦੋਹਾਂ ਦੇ ਰਾਗਾਂ ਨੂੰ ਸਮਾਨ ਸਤਿਕਾਰ ਨਾਲ ਗਾਉਣ ਦਾ ਆਦੇਸ਼ ਹੈ। ਤੇਰਹਵੀਂ ਸਦੀ ਵਿੱਚ ਪੰਡਿਤ ਸ਼ਾਰੰਗਦੇਵ ਨੇ ਇਨ੍ਹਾਂ ਦੋਵਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ ਪਰ ਵਿਵਹਾਰਕ ਤੌਰ 'ਤੇ ਸੰਭਵ ਨਾ ਹੋ ਸਕਿਆ। ਗੁਰੂ ਸਾਹਿਬਾਨ ਦਾ ਦੱਖਣੀ ਪੱਧਤੀ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕਰਕੇ ਦੋਵਾਂ ਸੰਗੀਤ ਪੱਧਤੀਆਂ ਦੀ ਵਿਚਲੀ ਦੂਰੀ ਨੂੰ ਖਤਮ ਕਰਨ ਵਿੱਚ ਗੁਰਮਤਿ ਸੰਗੀਤ ਪਰੰਪਰਾ ਦਾ ਮਹਾਨ ਯੋਗਦਾਨ ਹੈ।

ਸਨਾਤਨੀ ਰਾਗ: ਗੁਰੂ ਸਾਹਿਬਾਨ ਨੇ ਬਾਣੀ ਦੀ ਸਫਲ ਪ੍ਰਸਤੁਤੀ ਹਿੱਤ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵੀ **ਸਾਂਝ**, ਰਸਾਤਮਕ ਅਤੇ ਭਾਵਾਤਮਕ ਪੱਧਰ ਉਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ। ਉਦਾਹਰਣ ਦੇ ਤੌਰ 'ਤੇ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਮਾਝ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਰਾਗਾਂ ਅਧੀਨ ਕੀਤਾ ਗਿਆ ਹੈ।

ਦੇਸ਼ੀ ਰਾਗ: ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿੱਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕੀਤਾ ਹੈ।ਉਦਾਹਰਣ ਦੇ ਤੌਰ 'ਤੇ ਮਾਝ, ਆਸਾ, ਆਸਾ ਕਾਫ਼ੀ, ਬਿਹਾਗੜਾ, ਤਿਲੰਗ, ਸੂਹੀ, ਮਾਰੂ,ਤੁਖਾਰੀ ਦੇਸ਼ੀ ਰਾਗ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਮੌਸਮੀ ਰਾਗ: ਗੁਰਮਤਿ ਸੰਗੀਤ ਅੰਤਰਗਤ ਉਪਰੋਕਤ ਰਾਗਾਂ ਵਿਚ ਕੁਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨਜੋ ਮੌਸਮ ਨਾਲ ਸੰਬੰਧਿਤ ਹਨ।ਇਨ੍ਹਾਂ ਰਾਗਾਂ ਦਾ ਗਾਇਨ ਵੀ ਸੰਬੰਧਿਤ ਮੌਸਮ ਵਿਚ ਹਰ ਸਮੇਂ ਕਰਨ ਦੀ ਪ੍ਰਥਾ ਹੈ। ਬਾਣੀ ਦਾ ਸਾਧਾਰਣ ਪਾਠ ਕਰਨ ਤੇ ਹੀ ਰਾਗ ਦੇ ਸੰਬੰਧਿਤ ਮੌਸਮ ਦਾ ਆਭਾਸ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੌਸਮੀ ਰਾਗ ਬਸੰਤ ਅਤੇਮਲ੍ਹਾਰ ਰਾਗਾਂ ਵਿਚ ਮੌਸਮਾਂ ਦਾ ਵਰਣਨ ਇਸ ਪ੍ਰਕਾਰ ਹੈ:

ਰਾਗ ਬਸੰਤ:

- ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ।।
  ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ।।[1]
- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ।।[2]
- ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।।
  ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।।[3]
- ਰੁਤਿ ਆਇਲੇ ਸਰਸ ਬਸੰਤ ਮਾਹਿ।।[4]

---

1. ਮ: ੨, ਆਦਿ ਗ੍ਰੰਥ, ਪੰਨਾ 791
2. ਬਸੰਤ ਮਹਲਾ ੫ ਆਦਿ ਗ੍ਰੰਥ,ਪੰਨਾ 1168
3- - ਉਹੀ - - ਉਹੀ
4. - ਉਹੀ - - ਉਹੀ -

-ਬਸੰਤ ਚੜਿਆ ਫੂਲੀ ਬਨਰਾਇ॥ [1]

ਰਾਗ ਮਲਾਰ:

- ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ॥
ਸੁਣ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ॥ [2]

- ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ॥

- ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥ [3]

- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ [4]

- ਊਂਨਵਿ ਊਨਵਿ ਆਇਆ ਵਰਸੈ ਲਾਇ ਝੜੀ॥
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ॥ [5]

- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥ [6]

- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ [7]

---

1- ਬਸੰਤ ਮਹਲਾ ਆਦਿ ਗ੍ਰੰਥ, ਪੰਨਾ 1177

2. ਮਲਾਰ ਮਹਲਾ ੧ ਆਦਿ ਗ੍ਰੰਥ, ਪੰਨਾ 1254

3. ਮਲਾਰ ਮਹਲਾ ੧, ਆਦਿ ਗ੍ਰੰਥ, ਪੰਨਾ 1273

4. ਸਲੋਕ ਮਹਲਾ ੧ ਆਦਿ ਗ੍ਰੰਥ, ਪੰਨਾ 1279

5- ਸਲੋਕ ਮਹਲਾ ੨, ਆਦਿ ਗ੍ਰੰਥ, ਪੰਨਾ 1280

6- ਮਹਲਾ ੩, ਆਦਿ ਗ੍ਰੰਥ, ਪੰਨਾ 1285

7. ਮਹਲਾ ੩, ਆਦਿ ਗ੍ਰੰਥ, ਪੰਨਾ 1280

8. ਮਹਲਾ ੩, ਆਦਿ ਗ੍ਰੰਥ, ਪੰਨਾ 1283

## ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਰਾਗਾਂ ਦੇ ਸਰੂਪ

ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਰਾਗਾਂ ਦੇ ਸਰੂਪ ਸਾਨੂੰ ਸਿੱਖ ਧਰਮ ਸੰਬੰਧੀ ਗ੍ਰੰਥਾਂ, ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਅਤੇ ਭਾਰਤੀ ਸੰਗੀਤ ਪਰੰਪਰਾ ਤੋਂ ਉਪਲੱਬਧ ਹੁੰਦੇ ਹਨ। ਇਨ੍ਹਾਂ ਸਰੂਪਾਂ ਵਿੱਚ ਵਿਭਿੰਨਤਾ ਅਤੇ ਬਹੁਰੂਪਤਾ ਪਾਈ ਜਾਂਦੀ ਹੈ। ਵੱਖ-ਵੱਖ ਸਰੋਤਿਆਂ ਤੋਂ ਪ੍ਰਾਪਤ ਹੋਣ ਵਾਲੇ ਇਹ ਸਰੂਪ ਇਸ ਪ੍ਰਕਾਰ ਹਨ:

### (1) ਸਿਰੀ ਰਾਗ

ਸਿਰੀ ਰਾਗ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮੁੱਖ ਰਾਗ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਰਾਗ ਦੀ ਪੁਰਾਤਨ ਪਰੰਪਰਾ ਨੂੰ ਧਿਆਨ ਵਿੱਚ ਰੱਖਦੇ ਹੋਏ 'ਸਿਰੀ ਰਾਗ' ਨੂੰ ਪਹਿਲੇ ਸਥਾਨ 'ਤੇ ਰੱਖਿਆ। ਇਸ ਰਾਗ ਸੰਬੰਧੀ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

"ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।।"[1]

ਉਪਰੋਕਤ ਫੁਰਮਾਨ ਤੋਂ ਸਿਰੀ ਰਾਗ ਦੀ ਨਾਦਾਤਮਕ ਅਤੇ ਅਧਿਆਤਮਕ ਵਿਸ਼ਿਸ਼ਟਤਾ ਦਾ ਆਭਾਸ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਬਾਣੀ ਵਿੱਚ ਸਿਰੀ ਰਾਗ ਨੂੰ ਸਰਬੋਤਮ ਮੰਨਿਆ ਹੈ:

"ਰਾਗਨ ਮੇ ਸਿਰੀ ਰਾਗੁ ਪਾਰਸ ਪਖਾਨ ਹੈ"[2]

---

1. ਵਾਰ ਸਿਰੀ ਰਾਗ ਮ:੩, ਆਦਿ ਗ੍ਰੰਥ, ਪੰਨਾ83

2. ਭਾਈ ਗੁਰਦਾਸ

ਸਿਰੀ ਰਾਗ ਇਕ ਪੁਰਾਤਨ, ਕਠਿਨ ਅਤੇ ਗੰਭੀਰ ਰਾਗ ਹੈ। ਰਾਗ ਰਾਗਨੀ ਪਰੰਪਰਾ ਵਿੱਚ ਪ੍ਰਚੱਲਿਤ ਮੱਤਾਂ (ਬ੍ਰਹਮ ਮੱਤ, ਭਰਤ ਮੱਤ, ਹਨੂਮੱਤ, ਕਾਲੀਨਾਥ ਮੱਤ) ਨੇ ਵੀ ਸਿਰੀ ਰਾਗ ਨੂੰ ਮੁੱਖ ਤੌਰ 'ਤੇ ਸਵੀਕਾਰਿਆ ਹੈ। ਭਾਰਤੀ ਸੰਗੀਤ ਵਿਚ ਇਹ ਮਿਥ ਵੀ ਪ੍ਰਚੱਲਿਤ ਹੈ ਕਿ ਜਿਵੇਂ ਸ਼ੰਕਰ ਦੇ ਮੁੱਖ ਤੋਂ ਪੰਜ ਰਾਗਾਂ ਦੀ ਉਤਪਤੀ ਹੋਈ, ਉਸੇ ਤਰ੍ਹਾਂ ਛੇਵੇਂ ਰਾਗ ਸਿਰੀ ਦੀ ਉਤਪਤੀ ਪਾਰਬਤੀ ਦੇ ਮੁੱਖੋਂ ਹੋਈ। ਇਕ ਵਿਚਾਰ ਅਨੁਸਾਰ ਸਿਰੀ ਰਾਗ ਦੀ ਉਤਪਤੀ ਵਡਹੰਸੁ, ਟੰਕ ਅਤੇ ਗਉੜੀ ਦੇ ਮੇਲ ਤੋਂ ਮੰਨੀ ਜਾਂਦੀ ਹੈ।[1] ਮੱਧ ਕਾਲ ਵਿਚ ਸਿਰੀ ਰਾਗ ਦਾ ਆਧੁਨਿਕ ਰੂਪ ਪ੍ਰਚੱਲਿਤ ਨਹੀਂ ਸੀ। 19ਵੀਂ ਸਦੀ ਤੋਂ ਪਹਿਲਾਂ ਭਾਰਤੀ ਸੰਗੀਤ ਵਿੱਚ ਪ੍ਰਚੱਲਿਤ ਸੁਧ ਥਾਟ ਆਧੁਨਿਕ ਕਾਫੀ ਥਾਟ ਸਮਾਨ ਸੀ। ਸੁਧ ਥਾਟ ਵਿੱਚ ਤਬਦੀਲੀ ਆਉਣ ਨਾਲ ਸਿਰੀ ਰਾਗ ਦੇ ਦੋ ਰੂਪ ਕਾਫੀ ਤੇ ਪੂਰਵੀ ਥਾਟ ਅਨੁਸਾਰ ਮਿਲਦੇ ਹਨ ਜੋ ਇਸ ਪ੍ਰਕਾਰ ਹਨ:

| | | | | | |
|---|---|---|---|---|---|
| ਥਾਟ | : | ਕਾਫ਼ੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਗੰਧਾਰ ਕੋਮਲ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿਚ ਗੰਧਾਰ, ਧੈਵਤ |
| ਸਮਾਂ | : | ਸ਼ਾਮ | | | |
| ਆਰੋਹ | : | ਸਾ ਰੇ ਮ ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ ,. ਮ,ਗੁ, ਰੇ ਰੇ ਸਾ । | | | |
| ਮੁੱਖ ਅੰਗ | : | ਸਾ ਰੇ ਰੇ, ਸਾ, ਰੇ ਪ, ਮ ਗੁ ਰੇ ਸਾ । | | | |

1. ਪਦਮ, ਪਿਆਰਾ ਸਿੰਘ (ਪ੍ਰੋ.), ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 72

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਦੁਆਰਾ ਇਹ ਪ੍ਰਵਾਣਿਤ ਸਰੂਪ ਹੈ। ਪ੍ਰੋ. ਤਾਰਾ ਸਿੰਘ[1], ਡਾ. ਗੁਰਨਾਮ ਸਿੰਘ[2], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[3], ਸੰਤ ਸਰਵਣ ਸਿੰਘ[4], ਸ੍ਰ: ਗਿਆਨ ਸਿੰਘ ਐਬਟਾਬਾਦ[5], ਰਾਗ ਨਿਰਣਾਇਕ ਕਮੇਟੀ[6] ਦੁਆਰਾ ਇਹੋ ਸਰੂਪ ਪ੍ਰਵਾਣਿਆ ਗਿਆ ਹੈ:

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਰਿਸ਼ਭ ਕੋਮਲ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ, ਮਾਧਿਅਮ ਤੀਬਰ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ, ਧੈਵਤ |
| ਨਿਆਸ ਸੁਰ | : | ਸ਼ੜਜ, ਰਿਸ਼ਭ, ਪੰਚਮ | ਸਥਾਨ | : | ਮੰਦਰ ਅਤੇ ਮੱਧ ਸਪਤਕ |
| ਪ੍ਰਕ੍ਰਿਤੀ | : | ਗੰਭੀਰ | ਸਮਾਂ | : | ਸ਼ਾਮ |

ਆਰੋਹ : ਸਾ ਰੇ ਮੇ, ਪ ਨੀ ਸਾਂ

ਅਵਰੋਹ : ਸਾਂ ਨੀ ਧੁ ਪ, ਮੇ ਗ ਗਰੇ ਸਾਰੇ ਸਾ

ਮੁੱਖਅੰਗ: : ਸ ਸਾਰੇ ਗਰੇ, ਸਾ ਰੇ ਪ, ਮੇ ਗ, ਰੇ ਸਾ।

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ8
2. ਆਦਿ ਗ੍ਰੰਥ; ਰਾਗ ਕੋਸ਼, ਪੰਨਾ 27
3. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ), ਪੰਨਾ3
4. ਸੁਰ ਸਿਮਰਣ ਸੰਗੀਤ (ਭਾਗ ਤੀਜਾ), ਪੰਨਾ 147
5. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 3
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ3

ਸ਼ਾਸਤਰੀ ਦ੍ਰਿਸ਼ਟੀਕੋਣ 'ਤੇ 'ਰੇ ਪ' ਦਾ ਸੰਵਾਦ ਪੂਰਾ ਨਹੀਂ ਉਤਰਦਾ ਕਿਉਂਕਿ ਵਾਦੀ ਸੰਵਾਦੀ ਸੁਰ ਵਿਚ 9 ਜਾਂ 13 ਸ਼ਰੁਤੀ ਦਾ ਅੰਤਰ ਹੋਣਾ ਜ਼ਰੂਰੀ ਹੈ ਇਸ ਲਈ ਕਈ ਵਿੱਦਵਾਨ ਇਸ ਰਾਗ ਦਾ ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਮੰਨਦੇ ਹਨ ਪਰ ਸਿਰੀ ਰਾਗ ਦੇ ਸਰੂਪ ਅਤੇ ਚਲਨ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਆਦਾ ਵਿਦਵਾਨ ਉਪਰੋਕਤ ਸਰੂਪ ਨੂੰ ਸਵੀਕਾਰਦੇ ਹਨ।

ਇਸ ਰਾਗ ਦੀ ਸੁੰਦਰਤਾ 'ਰੇ ਪ' ਅਤੇ 'ਪ ਰੇ' ਸੁਰ ਸੰਗਤੀਆਂ ਤੇ ਨਿਰਭਰ ਹੈ ਸ਼ਾਸਤਰੀ ਦ੍ਰਿਸ਼ਟੀਕੋਣ ਅਨੁਸਾਰ ਪੂਰਵਾਂਗ ਵਿਚ ਰੇ ਉਪਰ ਕ੍ਰਮਵਾਰ ਗੰਧਾਰ ਅਤੇ ਸ਼ੜਜ ਦਾ ਕਣ ਜ਼ੋਰ ਇਸ ਰਾਗ ਦੀ ਨਿੱਜੀ ਵਿਸ਼ੇਸ਼ਤਾ ਹੈ। ਇਹ ਰਾਗ ਗੰਭੀਰ ਪ੍ਰਕ੍ਰਿਤੀ ਦਾ ਧਾਰਣੀ ਹੋਣ ਕਰਕੇ ਇਸ ਰਾਗ ਵਿਚ ਭਗਤੀ ਗੀਤ ਅੰਤਿਅੰਤ ਕੁਸ਼ਲਤਾ ਪੂਰਵਕ ਗਾਏ ਜਾ ਸਕਦੇ ਹਨ।

(2) <u>ਮਾਝ</u>:

ਭਾਰਤੀ ਸੰਗੀਤ ਵਿਚ ਬਹੁਤ ਸਾਰੇ ਰਾਗ ਪ੍ਰਾਂਤਕ ਲੋਕ ਧੁਨਾਂ' ਤੇ ਆਧਾਰਿਤ ਹਨ। ਇਸੇ ਤਰ੍ਹਾਂ 'ਰਾਗ ਮਾਝ' ਪੰਜਾਬ ਦੇ ਮਾਝ ਇਲਾਕੇ ਦੀ ਧੁਨ ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਦੇ ਪ੍ਰਾਚੀਨ,ਮੱਧਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ। ਭਾਈ ਵੀਰ ਸਿੰਘ ਜੀ ਨੇ ਆਪਣੇ ਟੀਕੇ ਵਿੱਚ ਡਾਕਟਰ ਚਰਨ ਸਿੰਘ ਜੀ ਦੇ ਲਿਖਤ 'ਬਾਣੀ ਬਿਉਰੇ' ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਮਾਝ ਦੀ ਰਚਨਾ ਬਿਲਾਵਲ, ਸੋਰਠਿ, ਸਾਰੰਗ, ਧਨਾਸਰੀ,ਨਟ ਪੰਜਾਂ ਦੇ ਮੇਲ ਤੋਂ ਹੋਈ ਹੈ। ਫਿਰ ਨਾਲ ਹੀ ਬੁੱਧ ਪ੍ਰਕਾਸ਼ ਦਰਪਣ' ਦਾ ਹਵਾਲਾ ਦਿੰਦੇ ਹਨ:

ਸਿਰੀ ਰਾਗ ਮਧੁਮਾਧਵੀ ਅਰ ਮਲਾਰ ਸੁਰ ਜਾਨ।।
ਇਨ ਮਿਲ ਮਾਝ ਬਖਾਨ ਹੀ ਲੀਜੈ ਗੁਨਿਜਨ ਮਾਨ।।[1]

---

1. <u>ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ</u>(ਪੋਥੀ ਦੂਜੀ),ਪੰਨਾ 775

ਮਾਝ ਰਾਗ ਦੇ ਕਈ ਸਰੂਪ ਮਿਲਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ:

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਪੂਰਣ ਜਾਤੀ ਦਾ ਰਾਗ, ਇਸ ਵਿਚ ਰਿਸ਼ਭ, ਮਧਿਅਮ, ਪੰਚਮ, **ਧੈਵਤ** ਸ਼ੁਧ, ਗੰਧਾਰ ਅਤੇ ਨਿਸ਼ਾਦ ਦੋਵੇਂ ਸ਼ੁਧ ਅਤੇ ਕੋਮਲ ਲਗਦੇ ਹਨ, ਗ੍ਰਹ ਸੁਰ ਅਤੇ ਵਾਦੀ ਸ਼ੜਜ , ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗੰਧਾਰ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।[1]

2.

| | | | |
|---|---|---|---|
| ਥਾਟ | : ਖਮਾਜ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ | : ਸ਼ੜਜ | ਸੰਵਾਦੀ | : ਪੰਚਮ |
| ਸੁਰ | : ਦੋਵੇਂ ਨਿਸ਼ਾਦ | ਸਮਾਂ | : ਦਿਨ ਦਾ ਚੌਥਾ ਪਹਿਰ |

ਆਰੋਹ : ਦੋ ਤਰ੍ਹਾਂ ਦੀ ਆਰੋਹੀ ਹੈ:

(I) ਸਾ ਰੇ, ਮ ਪ ਧ, ਨੀ ਸਾਂ

(II) ਸਾ ਰੇ, ਗ ਮ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਨੀ ਧ ਪ, ਮ ਗ ਰੇ ਸਾ[2]

ਉਪਰੋਕਤ ਸਰੂਪ ਵਿੱਚ ਆਰੋਹ ਦੇ ਦੋਵੇਂ ਪ੍ਰਕਾਰਾਂ ਵਿਚ ਸੁਰ ਭਿੰਨ ਹਨ।

3.

| | | | |
|---|---|---|---|
| ਥਾਟ | : ਬਿਲਾਵਲ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ | : ਗੰਧਾਰ | ਸੰਵਾਦੀ | : ਧੈਵਤ |

---

1. ਮਹਾਨ ਕੋਸ਼, ਪੰਨਾ 961

2. Mansukhani, G.S., Indian Classical Music and Sikh Kirtan, Page - 144.

| | | | | | |
|---|---|---|---|---|---|
| ਵਰਜਿਤ ਸੁਰ | : | ਆਰੋਹ ਵਿਚ ਰਿਸ਼ਭ | ਸਮਾਂ | : | ਦਿਨ ਦਾ ਚੌਥਾ ਪਹਿਰ |

ਆਰੋਹ : ਸਾ ਗ, ਮ, ਮ ਪ, ਮ ਪ, ਗ, ਗ ਮ ਧ ਨੀ ਸਾਂ

ਅਵਰੋਹ : ਸਾਂ ਨੀ ਧ, ਪ ਮ, ਗ, ਪ ਮ ਗ, ਰੇ ਸਾ, ਰੇ ਸਾ

ਮੁੱਖ ਅੰਗ : ਸਾ ਗ ਮ, ਪ ਮ ਪ ਗ, ਧ ਮ ਗ, ਰੇ ਸਾ, ਰੇ ਸਾ[1]

| | | | | | | |
|---|---|---|---|---|---|---|
| 4. | ਥਾਟ | : | ਖਮਾਜ | ਜਾਤੀ | : | ਸ਼ਾੜਵ-ਸੰਪੂਰਣ |
| | ਵਾਦੀ | : | ਸ਼ੜਜ | ਸੰਵਾਦੀ | : | ਪੰਚਮ |
| | ਸੁਰ | : | ਦੋਨੋ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿਚ ਰਿਸ਼ਭ |
| | ਸਥਾਨ | : | ਮੰਦਰ, ਮੱਧ ਅਤੇ ਤਾਰ | ਸਮਾਂ | : | ਦਿਨ ਦਾ ਚੌਥਾ ਪਹਿਰ |

ਆਰੋਹ : ਸਾ ਗ, ਮ ਪ, ਧ ਨੀ ਧ ਪ, ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਨੀ ਧ ਪ, ਮ ਪ ਧ ਮ ਗ ਰੇ ਸਾ

ਮੁੱਖ ਅੰਗ : ਸਾ ਗ ਮ ਪ, ਮ ਗ,

| | | | | | | |
|---|---|---|---|---|---|---|
| 5. | ਥਾਟ | : | ਖਮਾਜ | ਜਾਤੀ | : | ਔੜਵ-ਸੰਪੂਰਣ |
| | ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| | ਸੁਰ | : | ਦੋਵੇਂ ਗੰਧਾਰ ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਗੰਧਾਰ ਧੈਵਤ |
| | ਸਮਾਂ | : | ਦਿਨ ਦਾ ਚੌਥਾ ਪਹਿਰ | | | |

ਆਰੋਹ : ਸਾ ਰੇ, ਮ ਪ , ਨੀ ਸਾਂ

---

1. ਰਾਮ ਕ੍ਰਿਸ਼ਣ ਬੁਆ ਬੁਝੇ, ਸੰਗੀਤ ਕਲਾ ਪ੍ਰਕਾਸ਼(ਭਾਗ ਪਹਿਲਾ)ਪੰਨਾ55

ਅਵਰੋਹ : ਸਾਂ ਨ਼ੀ ਧ ਪ, ਧ ਮ ਗ ਮ ਰੇ ਪ, ਮਗੁ ਰੇ ਗੁ ਸਾ ਰੇ ਨ਼ੀ, ਸਾ

ਮੁੱਖ ਅੰਗ : ਪ, ਧ ਮ ਗ ਮ ਰੇ ਪ, ਮਗੁ, ਰੇ ਗੁ ਸਾ ਰੇ, ਸਾ ਨ਼ੀ ਸਾ[2]

6. ਮਾਝ ਰਾਗ ਦੇ ਇਨੇ ਸਰੂਪ ਪ੍ਰਚਾਰ ਵਿੱਚ ਹੁੰਦਿਆਂ ਹੋਇਆਂ ਪ੍ਰੋ. ਤਾਰਾ ਸਿੰਘ[3] ਡਾ. ਗੁਰਨਾਮ ਸਿੰਘ[4], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[5], ਰਾਗ ਨਿਰਣਾਇਕ ਕਮੇਟੀ[7] ਆਦਿ ਬਹੁਮਤ ਵਿਦਵਾਨਾਂ ਨੇ ਇਸ ਸਰੂਪ ਨੂੰ ਪ੍ਰਵਾਨਿਆ ਹੈ:

| | | | | | |
|---|---|---|---|---|---|
| ਥਾਟ | : | ਕਾਫੀ | ਜਾਤੀ | : | ਔੜਵ-ਵਕਰ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿਚ ਗੰਧਾਰ, ਧੈਵਤ |

ਆਰੋਹ : ਸਾ ਰੇ, ਮ ਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਧ ਮ ਗ ਮ, ਰੇ ਪ, ਗੁ ਰੇ ਗੁ ਸਾ ਰੇ ਨ਼ੀ ਸਾ

ਮੁੱਖ ਅੰਗ : ਪ, ਧ ਮ ਗ ਮ, ਰੇ ਪ, ਮ ਗੁ, ਰੇ ਗੁ ਸਾ ਰੇ ਨ਼ੀ ਸਾ

ਗੁਰਮਤਿ ਸੰਗੀਤ ਵਿਚ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਗਾਇਨ

---

2. ਗਿਆਨ ਸਿੰਘ ਐਬਟਾਬਾਦ, ਗੁਰਬਾਣੀ ਸੰਗੀਤ(ਭਾਗ ਪਹਿਲਾ)ਪੰਨਾ12
3. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ28-29
4. ਆਦਿ ਗ੍ਰੰਥ : ਰਾਗ ਕੋਸ਼, ਪੰਨਾ 15-16
5. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ),ਪੰਨਾ23
6. ਸਿਮ੍ਰਤੀ ਗ੍ਰੰਥ, ਅਦੁਤੀ ਗੁਰਮਤਿ ਸੰਗੀਤ ਸੰਮੇਲਨ, 1991,ਪੰਨਾ3

ਲਈ ਰਾਗ ਗਉੜੀ ਦੇ ਕਈ ਪ੍ਰਕਾਰਾਂ ਨੂੰ ਪ੍ਰਯੋਗ ਵਿਚ ਲਿਆਂਦਾ ਜਿਵੇਂ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ-ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਉੜੀ ਦੇ ਉਕਤ ਪ੍ਰਕਾਰ ਰਾਗ ਗਉੜੀ ਗੁਆਰੇਰੀ ਦੇ ਸਿਰਲੇਖ ਤੋਂ ਆਰੰਭ ਹੋ ਕੇ ਨਿਮਨਲਿਖਿਤ ਅਨੁਸਾਰ ਅੰਕਿਤ ਹਨ:

(ੳ) <u>ਗਉੜੀ ਗੁਆਰੇਰੀ</u>: ਗਉੜੀ ਗੁਆਰੇਰੀ-ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਗਉੜੀ ਦੇ ਪ੍ਰਕਾਰ ਵਜੋਂ ਅੰਕਿਤ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਹੇਠ ਲਿਖੇ ਅਨੁਸਾਰ ਹਨ:

1. ਪੰਡਿਤ ਤਾਰਾ ਸਿੰਘ ਜੀ ਨਰੋਤਮ ਅਨੁਸਾਰ "ਰਾਗ ਗਉੜੀ ਗੁਆਰੇਰੀ ਸ਼ਾੜਵ ਜਾਤੀ ਦਾ ਰਾਗ ਹੈ, ਇਸ ਵਿੱਚ **ਗੰਧਾਰ** ਵਰਜਿਤ ਹੈ, ਇਸਦਾ ਗਾਇਨ ਸਮਾਂ ਸ਼ਾਮ ਹੈ, ਇਸ ਰਾਗ ਦੀ ਰਚਨਾ ਸੁਧ ਗਉੜੀ ਅਤੇ ਚੇਤੀ ਦੇ ਮੇਲ ਤੋਂ ਹੋਈ ਹੈ।"[1]

2.

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ-**ਸੰਪੂਰਨ** |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ | **ਵਰਜ਼ਿਤ** ਸੁਰ | : | ਆਰੋਹ ਵਿਚ ਗੰਧਾਰ, ਧੈਵਤ |
| ਆਰੋਹ | : | ਸਾ ਰੇ ਮੇ ਪ ਨੀ ਸਾਂ | | | |
| ਅਵਰੋਹ | : | ਸਾਂ ਨੀ ਧੁ ਪ ਮੇ ਗ ਰੇ ਸਾ | | | |

1. <u>ਗੁਰੂ ਗਿਰਾਰਥ ਕੋਸ਼</u>, ਪੰਨਾ 509

ਮੁੱਖ ਅੰਗ : ਰੇ ਨੀ, ਸਾ, ਪ, ਮੇ ਰੇ ਸਾ[1]

| | | | |
|---|---|---|---|
| 3. ਥਾਟ : | ਪੂਰਵੀ | ਜਾਤੀ | : ਸ਼ਾੜਵ -ਸ਼ਾੜਵ |
| ਵਾਦੀ : | ਧੈਵਤ | ਸੰਵਾਦੀ | : ਰਿਸ਼ਭ |
| ਸੁਰ : | ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ | ਵਿਸਥਾਰ | : ਮੰਦਰ ਅਤੇ ਮੱਧ |
| ਵਰਜਿਤ ਸੁਰ : | ਪੰਚਮ | ਸਮਾਂ | : ਸ਼ਾਮ |

ਆਰੋਹ : ਨ਼ੀ ਰੇ ਗ, ਮੇ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਮੇ ਗ ਰੇ ਸਾ

ਮੁੱਖ ਅੰਗ : ਰੇ ਗ ਰੇ, ਧੁ ਮੇ ਗ ਨ਼ੀ, ਸਾ ਰੇ ਨ਼ੀ ਸਾ[2]

4. ਗਉੜੀ ਗੁਆਰੇਰੀ ਦਾ ਇਹ ਸਰੂਪ ਪ੍ਰਵਾਣਿਤ ਮੰਨਿਆ ਗਿਆ ਹੈ। ਪ੍ਰੋ. ਤਾਰਾ ਸਿੰਘ[3], ਡਾ. ਗੁਰਨਾਮ ਸਿੰਘ[4], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ[5] ਦੁਆਰਾ ਇਵੇਂ ਸਰੂਪ ਪ੍ਰਵਾਨਿਆ ਗਿਆ ਹੈ।

---

1. ਗੁਰਨਾਮ ਸਿੰਘ(ਡਾ.) ਆਦਿ ਗ੍ਰੰਥ: ਰਾਗ ਕੋਸ਼, ਪੰਨਾ30
2. ਸੰਤ ਸਰਵਣ ਸਿੰਘ 'ਗੰਧਰਵ' ਸੁਰ ਸਿਮਰਣ ਸੰਗੀਤ(ਭਾਗ ਚੌਥਾ)ਪੰਨਾ152
3. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ20
4. ਆਦਿ ਗ੍ਰੰਥ: ਰਾਗ ਕੋਸ਼, ਪੰਨਾ 30-31
5. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ),ਪੰਨਾ 61

| | | | | |
|---|---|---|---|---|
| ਥਾਟ | : | ਮਾਰਵਾ | ਜਾਤੀ | : ਔੜਵ-ਸ਼ਾੜਵ |
| ਵਾਦੀ | : | ਗੰਧਾਰ | ਸੰਵਾਦੀ | : ਧੈਵਤ |
| ਸੁਰ | : | ਦੋਵੇਂ ਮਧਿਅਮ | ਨਿਆਸ ਸੁਰ | : ਨਿਸ਼ਾਦ |
| ਵਰਜਿਤ ਸੁਰ | : | ਆਰੋਹ ਵਿਚ ਰਿਸ਼ਭ, ਪੰਚਮ, ਅਵਰੋਹ ਵਿਚ ਪੰਚਮ | | |
| ਆਰੋਹ | : | ਸਾ ਗ ਮੇ ਧ ਨੀ ਸਾਂ | | |
| ਅਵਰੋਹ | : | ਸਾਂ ਨੀ ਧ ਮੇ ਗ ਮੇ ਗ ਰੇ ਸਾ | | |
| ਮੁੱਖ ਅੰਗ | : | ਨ਼ੀ ਸਾ ਗ, ਮੇ ਧ ਮੇਗ, ਮੇ ਗ ਮੇ ਗ ਰੇ ਸਾ। | | |

(3) ਗਉੜੀ:

ਗਉੜੀ ਰਾਗ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਗ੍ਰੰਥਾਂ ਵਿਚ ਗਉੜੀ ਨੂੰ ਗੌਰੀ, ਗਵਰੀ, ਗਉਰੀ, ਗੌੜੀ ਆਦਿ ਨਾਵਾਂ ਨਾਲ ਲਿਖਿਆ ਗਿਆ ਹੈ। ਗਉੜੀ ਰਾਗ ਦੇ ਕਈ ਪ੍ਰਕਾਰ ਹਨ ਜੋ ਆਪਣੇ-ਆਪਣੇ ਸੁਤੰਤਰ ਸਰੂਪ ਦੇ ਧਾਰਣੀ ਹਨ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਰਾਗ ਦੇ ਬਹੁਤ ਪ੍ਰਕਾਰ ਅੰਕਿਤ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਸ ਰਾਗ ਦਾ ਪ੍ਰਾਚੀਨ ਕਾਲ ਵਿਚ ਕਾਫੀ ਪ੍ਰਚਾਰ ਰਿਹਾ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਰਾਗ ਦੇ ਸੰਬੰਧ ਵਿਚ ਫੁਰਮਾਨ ਹੈ:

"ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।।
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।।"[1]

1. ਗਉੜੀ ਕੀ ਵਾਰ ਮ: ੫, ਸਲੋਕ ਮਹਲਾ ੩, ਆਦਿ ਗ੍ਰੰਥ, ਪੰਨਾ 311

ਸ੍ਰ. ਪਿਆਰਾ ਸਿੰਘ ਜੀ ਨੇ ਆਪਣੇ 'ਗੁਰੂ ਗ੍ਰੰਥ ਸੰਕੇਤ ਕੋਸ਼' ਵਿਚ ਲਿਖਿਆ ਹੈ, "ਪੁਰਾਤਨ ਸੰਗੀਤਵੇਤਾ ਇਸ ਨੂੰ ਸਿਰੀ ਰਾਗ ਦੀ ਰਾਗਣੀ ਕਹਿੰਦੇ ਸਨ, ਪਿੱਛੋਂ ਰਾਗ ਕਰਕੇ ਪ੍ਰਸਿੱਧ ਹੋਈ।"[1] ਕਿਰਿਆਤਮਕ ਤੌਰ 'ਤੇ ਇਸ ਰਾਗ ਦੇ ਸਰੂਪ ਇਸ ਪ੍ਰਕਾਰ ਹਨ:

1. ਪੰਡਿਤ ਤਾਰਾ ਸਿੰਘ ਨਰੋਤਮ ਨੇ ਵੀ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਹ ਸਪਸ਼ਟ ਨਹੀਂ ਹੈ। ਇਸ ਸਰੂਪ ਅਨੁਸਾਰ, "ਗਉੜੀ ਮਾਲਕੌਸ ਦੀ ਰਾਗਨੀ ਹੈ, ਇਸ ਵਿਚਧੈਵਤ ਅਤੇ ਰਿਸ਼ਭ ਸੁਰ ਵਰਜਿਤ ਹੋਣ ਕਰਕੇ ਇਸਦੀਜਾਤੀ ਔੜਵ-ਔੜਵ ਹੈ।"[2]

2.

| | | | | |
|---|---|---|---|---|
| ਥਾਟ | : | ਪੂਰਵੀ | ਜਾਤੀ | : ਔੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ | ਸਮਾਂ | : ਸ਼ਾਮ |
| ਵਰਜਿਤ ਸੁਰ | : | ਆਰੋਹ ਵਿਚ ਗੰਧਾਰ, ਧੈਵਤ | | |
| ਆਰੋਹ | : | ਸਾ ਰੇ ਪ ਮੇ,ਪ ਨੀ ਸਾਂ | | |
| ਅਵਰੋਹ | : | ਸਾਂ ਨੀ ਧ ਪ, ਮ, ਪ ਗ ਰੇ, ਮੇ ਗ ਰੇ ਸਾ[3] | | |

3.

| | | | | |
|---|---|---|---|---|
| ਥਾਟ | : | ਪੂਰਵੀ | ਜਾਤੀ | : ਵਕਰ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : ਪੰਚਮ |
| ਸੁਰ | : | ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ | ਸਮਾਂ | : ਸ਼ਾਮ |

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 135
2. ਗੁਰੂ ਗਿਰਾਰਥ ਕੋਸ਼, ਪੰਨਾ 509
3. ਵਸੰਤ, ਰਾਗ ਕੋਸ਼, ਪੰਨਾ 15.

ਆਰੋਹ : ਨੀਰੇ ਗ ਰੇ ਮੇਪਧੁਪ, ਨੀ ਸਾ+

ਅਵਰੋਹ : ਸਾ+ ਨੀ ਧੁ ਪ, ਮੇ ਗ ਰੇ ਮੇ ਗ ਰੁ ਸਾ ਰੇ,ਨ਼ੀ ਨ਼ੀ ਸਾ

ਮੁੱਖ ਅੰਗ : ਮੇ ਗ ਰੇ ਮੇ ਗ ਰੇ ਸਾ ਰੇ ਨ਼ੀ ਸਾ ਨ਼ੀ ਧੁ ਨ਼ੀ[1]

4\. ਥਾਨ : ਬਿਲਾਵਲ    ਜਾਤੀ : ਸ਼ਾੜਵ-ਵਕਰਸੰਪੂਰਣ

ਵਾਦੀ : ਮਧਿਅਮ    ਸੰਵਾਦੀ : ਸ਼ੜਜ

ਸੁਰ : ਅਵਰੋਹ ਵਿਚ ਨਿਸ਼ਾਦ ਕੋਮਲ    ਸਮਾ+ : ਦਿਨ ਦਾ ਚੌਥਾ ਪਹਿਰ

ਆਰੋਹ : ਸਾ ਗ, ਮ ਰੇ ਪ, ਧ ਨੀ ਸਾਂ

ਅਵਰੋਹ : ਸਾਂ ਧ ਨੁੀ ਪ, ਧ ਨੁੀ ਪ, ਮ ਪ ਮ ਗ, ਮ ਗ ਰੇ ਸਾ

ਮੁੱਖ ਅੰਗ : ਸਾ ਸਾ, ਗ, ਮ ਰੇ ਪ, ਗ ਪ ਮ ਪ ਮ ਗ, ਰੇ ਸਾ
ਨ਼ੀ ਨ਼ੀ ਸਾ[2]

5\. ਭੈਰਉ ਅੰਗ : ਰੁ ਵਾਦੀ    ਸਮਾ+ : ਸਵੇਰ ਦਾ

ਔੜਵ-ਸੰਪੂਰਣ    ਪ ਸੰਵਾਦੀ

ਆਰੋਹ    ਸ ਰੁ ਮ ਪ ਨੀ ਸਾ+

ਅਵਰੋਹ : ਸਾ+ ਨੀ ਧੁ ਪ ਮ ਗ ਰੁ ਸਾ ਨ਼ੀ ਸਾ[3]

---

1. ਤਾਰਾ ਸਿੰਘ(ਪ੍ਰੋ.) ਸ੍ਰੀ <u>ਗੁਰੂ ਤੇਗ ਬਹਾਦਰ ਰਾਗ ਰਤਨਾਵਲੀ</u>,ਪੰਨਾ 8
2. ਰਾਮ ਕ੍ਰਿਸ਼ਣ ਬੁਆ ਬੁਝੇ, <u>ਸੰਗੀਤ ਕਲਾ ਪ੍ਰਕਾਸ਼</u>, ਪੰਨਾ45
3. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, <u>ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ</u>(ਭਾਗ ਪਹਿਲਾ) ਪੰਨਾ 33

| | | | | |
|---|---|---|---|---|
| 6. ਥਾਟ | : | ਪੂਰਵੀ | ਜਾਤੀ | : ਔੜਵ ਸ਼ਾੜਵ |
| ਵਾਦੀ | : | ਰਿਸ਼ਭ | ਸੰਵਾਦੀ | : ਪੰਚਮ |
| ਸੁਰ | : | ਰਿਸ਼ਭ ਧੈਵਤ ਕੋਮਲ, ਮਧਿਅਮ ਤੀਬਰ | ਵਰਜਿਤ ਸੁਰ | : ਆਰੋਹ ਵਿੱਚਗੰਧਾਰ, ਧੈਵਤ ਅਵਰੋਹ ਵਿਚ ਗੰਧਾਰ |
| ਸਮਾਂ | : | ਸ਼ਾਮ | | |
| ਆਰੋਹ | : | ਸਾ ਰੁ ਮੇ ਪ ਨੀ ਸਾਂ | | |
| ਅਵਰੋਹ | : | ਸਾਂ ਨੀ ਧੁ ਪ ਮੇ ਰੁ ਸਾ | | |
| ਮੁੱਖ ਅੰਗ | : | ਸਾ, ਰੁ ਸਾ, ਨੀ ਰੁ ਮੇ ਰੁ, ਪ ਮੇ ਰੁ ਸਾ[1] | | |

| | | | | |
|---|---|---|---|---|
| 7. ਥਾਟ | : | ਭੈਰਵ | ਜਾਤੀ | : ਵਕਰ ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : ਸ਼ੜਜ |
| ਸੁਰ | : | ਰਿਸ਼ਭ, ਧੈਵਤ, ਕੋਮਲ | ਨਿਆਸ | : ਮੰਦਰ ਨਿਸ਼ਾਦ |
| ਆਰੋਹ | : | ਸਾ ਰੁ ਗ ਰੁ, ਗ ਮ ਪ ਮ, ਪ ਧੁ ਨੀ ਸਾਂ | | |
| ਅਵਰੋਹ | : | ਸਾਂ ਨੀ, ਧੁ ਪ, ਧੁ ਪ ਮ, ਰੁ ਗ, ਰੁ ਗ ਰੁ ਨ਼ੀ ਸਾ ਨ਼ੀ | | |
| ਮੁੱਖ ਅੰਗ | : | ਸਾ ਧੁ ਪ ਧੁ ਮ ਪ ਗ ਮ, ਗ ਰੁ ਗ ਰੁ ਸਾ ਰੁ ਨ਼ੀ ਸਾ, ਨ਼ੀ ਧੁ ਨ਼ੀ।[2] | | |

8. ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਬਹੁਮਤ ਵਿਦਵਾਨਾਂ ਨੇ ਰਾਗ ਗਉੜੀ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ। ਡਾ. ਗੁਰਨਾਮ ਸਿੰਘ[3], ਵਿਨਾਇਕ ਰਾਵ ਪਟਵਰਧਨ[4], ਰਾਗ ਨਿਰਣਾਇਕ ਕਮੇਟੀ[5] ਨੇ ਵੀ ਇਹ ਸਰੂਪ ਪ੍ਰਵਾਨਿਆ ਹੈ।

---

1. ਅਹੋਬਲ, ਸੰਗੀਤ ਪਾਰਿਜਾਤ, ਪੰਨਾ 115
2. ਤਾਰਾ ਸਿੰਘ(ਪ੍ਰੋ.), ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 24
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 32
4. ਰਾਗ ਵਿਗਿਆਨ(ਭਾਗ ਪੰਜ), ਪੰਨਾ 167
5. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ 4.

| | | | |
|---|---|---|---|
| ਥਾਟ : | ਭੈਰਵ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ : | ਰਿਸ਼ਭ | ਸੰਵਾਦੀ | : ਪੰਚਮ |
| ਸੁਰ : | ਰਿਸ਼ਭ, ਧੈਵਤ ਕੋਮਲ | ਵਰਜਿਤ ਸੁਰ | : ਆਰੋਹ ਵਿਚ ਧੈਵਤ |
| ਸਮਾਂ | ਰਾਤ ਦਾ ਪਹਿਲਾ ਪਹਿਰ | | |
| ਆਰੋਹ : | ਸਾ ਰੇ ਗ ਰੇ ਮ ਪ ਨੀ ਸਾਂ | | |
| ਅਵਰੋਹ : | ਸਾਂ ਨੀ ਧੁ ਮ ਪ, ਧੁ ਪ ਮ ਗ, ਗ ਰੇ ਸਾ ਨ਼ੀ ਸਾ | | |
| ਮੁੱਖ ਅੰਗ : | ਮ ਧੁ ਪ ਧੁ ਮ ਪ ਗ ਮ, ਰੇ | | |

ਅ.<u>ਗਉੜੀ ਦਖਣੀ</u>: ਰਾਗ ਗਉੜੀ ਦਾ ਪ੍ਰਕਾਰ 'ਗਉੜੀ ਦਖਣੀ, ਦੱਖਣੀ ਪੱਧਤੀ ਦਾ ਰਾਗ ਹੈ। ਇਸਦੇ ਦੱਖਣੀ ਪੱਧਤੀ ਦੇ ਰਾਗ ਹੋਣ ਬਾਰੇ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ। ਇਸਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ:

| | | | |
|---|---|---|---|
| ਥਾਟ : | ਮਾਯਾਮਾਲਵਗੌੜ | ਜਾਤੀ | : ਔੜਵ-ਸੰਪੂਰਣ |
| ਵਾਦੀ : | ਰਿਸ਼ਭ | ਸੰਵਾਦੀ | : ਪੰਚਮ |
| ਸੁਰ : | ਰਿਸ਼ਭ, ਧੈਵਤ ਕੋਮਲ | ਵਰਜਿਤ ਸੁਰ | : ਆਰੋਹ ਵਿਚ ਗੰਧਾਰ, ਧੈਵਤ |
| ਆਰੋਹ : | ਸਾ ਰੇ ਪ ਮ ਪ ਨੀ ਸਾਂ | | |
| ਅਵਰੋਹ : | ਸਾ ਨੀ ਧੁ ਪ, ਮ ਪ ਗ ਰੇ ਮ ਗ ਰੇ ਸਾ[1] | | |

ੲ.<u>ਗਉੜੀ ਚੇਤੀ</u>: ਰਾਗ ਗਉੜੀ ਅਧੀਨ ਅੰਕਿਤ ਰਾਗ 'ਗਉੜੀ ਚੇਤੀ' ਇਕ ਅਪ੍ਰਚਲਿਤ ਪ੍ਰਕਾਰ ਹੈ। ਇਸ ਰਾਗ ਵਿਚ ਤੀਵ੍ਰ ਮਧਿਅਮ ਦਾ ਅਧਿਕ ਪ੍ਰਯੋਗ ਹੋਣ ਕਾਰਣ ਇਸਨੂੰ 'ਪੂਰਵੀ ਅੰਗ ਦੀ ਗਉੜੀ' ਵੀ ਕਹਿੰਦੇ ਹਨ। ਇਸ ਰਾਗ ਦੇ ਸਮੁੱਚੇ ਚਲਨ ਵਿਚ ਰਾਗ ਸਿਰੀ ਅਤੇ ਗਉੜੀ

---

1. ਵਸੰਤ, <u>ਰਾਗ ਕੋਸ਼</u>, ਪੰਨਾ 48

ਦੀ ਰੰਗਤ ਦਿਖਾਈ ਦਿੰਦੀ ਹੈ। ਇਸ ਰਾਗ ਨੂੰ ਹੇਠ ਲਿਖੇ ਸਰੂਪਾਂ ਅਨੁਸਾਰ ਗਾਇਆ ਵਜਾਇਆ ਜਾਂਦਾ ਹੈ:

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਔੜਵ ਜਾਤਿ ਦੀ ਰਾਗਿਨੀ ਹੈ, ਇਸ ਵਿਚ ਸ਼ੜਜ, ਪੰਚਮ, ਨਿਸ਼ਾਦ ਸ਼ੁਧ, ਰਿਸ਼ਭ ਕੋਮਲ ਅਤੇ ਮਧਿਅਮ ਤੀਵ੍ਰ ਲਗਦਾ ਹੈ, ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।"[1]

2. ਪੰਡਿਤ ਤਾਰਾ ਸਿੰਘ ਜੀ ਨੇ ਵੀ ਆਪਣੇ ਗ੍ਰੰਥ ਵਿਚ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਸ ਵਿਚ ਸਪਸ਼ਟਤਾ ਨਹੀਂ ਹੈ:

"ਗਉੜੀ ਚੇਤੀ. ਦੇ ਸੰਗੀਤ ਸੰਕੇਤ ਖਟ ਸ੍ਵਰ
ਕਾ ਖਾੜਵ ਰਾਗ ਹੈ ਸਾ ਰੇ ਨੀ ਧ ਪ ਮ ਸਯਾਮ ਸਮੇਂ ਗਾਨਾ।"[2]

| | | | | |
|---|---|---|---|---|
| 3. ਥਾਨ | : | ਮਾਰਵਾ | ਜਾਤੀ | : ਸ਼ਾਡਵ-ਸੰਪੂਰਣ |
| ਵਾਦੀ | : | ਸ਼ੜਜ | ਸੰਵਾਦੀ | : ਪੰਚਮ |
| ਸੁਰ | : | ਰਿਸ਼ਭ ਕੋਮਲ<br>ਮਧਿਅਮ ਤੀਵਰ | ਸਮਾਂ | : ਰਾਤ ਦਾ ਪਹਿਲਾ<br>ਪਹਿਰ |
| ਆਰੋਹ | : | ਸਾ ਰੇ ਗ ਰੇ ਮੇ ਪ, ਮੇ ਧ ਨੀ ਸਾਂ | | |
| ਅਵਰੋਹ | : | ਸਾਂ ਨੀ ਧ ਪ ਮੇ ਗ ਰੇ ਸਾ | | |
| ਮੁੱਖ ਅੰਗ | : | ਸਾ, ਰੇ ਪ, ਮੇ ਗ ਰੇ ਸਾ ਨ਼ੀ ਧ਼ ਨ਼ੀ, ਸਾ[3] | | |

---

1. ਮਹਾਨ ਕੋਸ਼, ਪੰਨਾ 389
2. ਗੁਰੂ ਗਿਰਾਰਥ ਕੋਸ਼, ਪੰਨਾ 505
3. ਗਿਆਨ ਸਿੰਘ ਐਬਟਾਬਾਦ, ਗੁਰਬਾਣੀ ਸੰਗੀਤ(ਭਾਗ ਪਹਿਲਾ), ਪੰਨਾ24

ਕੁਝ ਸੰਗੀਤਕਾਰ ਇਸ ਸਰੂਪ ਵਿਚ ਵਾਦੀ 'ਪੰਚਮ' ਅਤੇ ਸੰਵਾਦੀ 'ਸ੍ਰੜਜ' ਵੀ ਮੰਨਦੇ ਹਨ।[1]

| | | | |
|---|---|---|---|
| 4. ਥਾਟ : | ਪੂਰਵੀ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ : | ਪੰਚਮ | ਸੰਵਾਦੀ | : ਸੜਜ |
| ਸੁਰ : | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ | ਵਰਜਿਤ ਸੁਰ | : ਆਰੋਹ ਵਿੱਚ ਗੰਧਾਰ |
| ਸਮਾਂ : | ਸ਼ਾਮ | | |

ਸੰਤ ਸਰਵਣ ਸਿੰਘ ਜੀ ਅਨੁਸਾਰ ਆਮ ਗਾਇਕ ਇਸ ਨੂੰ ਜ਼ਿਆਦਾ ਚੇਤ ਦੇ ਮਹੀਨੇ ਗਾਉਣਾ ਪਸੰਦ ਕਰਦੇ ਹਨ। ਇਸ ਕਰਕੇ ਇਸ ਦਾ ਨਾਮ ਚੇਤੀ ਗਉੜੀ ਕਹਿ ਕੇ ਪੁਕਾਰਦੇ ਹਨ। ਸ੍ਰੀ ਅਤੇ ਗਉੜੀ ਦੇ ਮੇਲ ਨਾਲ ਇਸ ਰਾਗ ਦੀ ਰਚਨਾ ਹੋਈ ਹੈ। ਇਸ ਦੇ ਪੂਰਵਾਂਗ ਵਿੱਚ ਸ੍ਰੀ ਅਤੇ ਉਤਰਾਂਗ ਵਿਚ ਗਉੜੀ ਦੇ ਸੁਰ ਲਏ ਜਾਂਦੇ ਹਨ।

ਆਰੋਹ : ਸਾ ਰੇ ਮੇ ਪ, ਮੇ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਪ, ਧੁਮ, ਪਮੇ, ਧੁਮੇ, ਗਰੇ ਗਰੇ ਸਾ

ਮੁੱਖ ਅੰਗ : ਨੀ ਧੁ ਪ, ਧੁ ਮ, ਧੁ ਮੇ, ਗਰੇ , ਗਰੇ ਸਾ[1]

5. ਰਾਗ ਗਉੜੀ ਦੇ ਇਸ ਸਰੂਪ ਦਾ ਪ੍ਰਯੋਗ ਬਹੁਤੇ ਵਿਦਵਾਨਾਂ ਨੇ ਕੀਤਾ ਹੈ। ਪ੍ਰੋ ਤਾਰਾ ਸਿੰਘ[3], ਡਾ. ਗੁਰਨਾਮ ਸਿੰਘ[4], ਜੀ ਨੇ ਵੀ ਇਸੇ ਸਰੂਪ ਨੂੰ ਸਵੀਕਾਰਿਆ ਹੈ:

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) ਪੰਨਾ 45
2. ਸੁਰ ਸਿਮਰਣ ਸੰਗੀਤ (ਭਾਗ ਚੌਥਾ), ਪੰਨਾ 162
3. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 32
4. ਆਦਿ ਗ੍ਰੰਥ: ਰਾਗ ਕੋਸ਼, ਪੰਨਾ 35

| | | | | |
|---|---|---|---|---|
| ਥਾਟ | : | ਪੂਰਵੀ | ਜਾਤੀ | : ਔੜਵ ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : ਸੜਜ |
| ਸੁਰ | : | ਰਿਸ਼ਭ ਧੈਵਤ ਕੋਮਲ ਮਧਿਅਮ ਦੋਵੇਂ | ਸਮਾਂ | : ਦਿਨ ਦਾ ਚੌਥਾ ਪਹਿਰ |
| ਆਰੋਹ | : | ਸਾ ਰੇ ਰੇ,ਮੇ ਪ, ਮੇ ਪ ਨੀ ਸਾਂ | | |
| ਅਵਰੋਹ | : | ਸਾਂ ਨੀ ਧੁ ਪ, ਧੁ ਮ, ਪ ਮੇ ਧੁ ਮੇ, ਗ ਰੇ ਗ ਰੇ ਸਾ। | | |
| ਮੁੱਖ ਅੰਗ: | : | ਨੀ ਧੁ ਪ, ਧੁ ਮ, ਪ ਮੇ ਧੁ ਮੇ, ਗ ਰੇ ਗ ਰੇ ਸਾ. | | |

ਸ.ਗਉੜੀ ਬੈਰਾਗਣਿ:ਗਉੜੀ ਬੈਰਾਗਣਿ ਇਕ ਅਪ੍ਰਸਿੱਧ ਅਤੇ ਅਪ੍ਰਚੱਲਿਤ ਰਾਗ ਹੈ ਜਿਸਦਾ ਭਾਰਤੀ ਸੰਗੀਤ ਸ਼ਾਸਤਰ ਦੇ ਪੁਰਾਤਨ ਅਤੇ ਆਧੁਨਿਕ ਗ੍ਰੰਥਾਂ ਵਿਚ ਕੋਈ ਜ਼ਿਕਰ ਨਹੀਂ ਮਿਲਦਾ । ਇਸ ਰਾਗ ਦੇ ਕਿਰਿਆਤਮਕ ਤੌਰ 'ਤੇ ਹੇਠ ਲਿਖੇ ਸਰੂਪ ਮਿਲਦੇ ਹਨ:

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਸੰਪੂਰਣ ਜਾਤਿ ਦੀ ਰਾਗਿਨੀ ਹੈ, ਸੜਜ,ਗੰਧਾਰ, ਪੰਚਮ, ਨਿਸ਼ਾਦ ਸ਼ੁਧ, ਰਿਸ਼ਭ, ਧੈਵਤ ਕੋਮਲ ਅਤੇ ਮਧਿਅਮ ਤੀਵ੍ਰ ਲਗਦਾ ਹੈ, ਮੱਧਮ ਵਾਦੀ, ਰਿਸ਼ਭ ਸੰਵਾਦੀ ਅਤੇ ਗ੍ਰਹ ਸੁਰ ਸੜਜ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।"[1]
2. ਪੰਡਿਤ ਤਾਰਾ ਸਿੰਘ ਜੀ ਨੇ ਇਸ ਰਾਗ ਦਾ ਇਹ ਸਰੂਪ ਮੰਨਿਆ ਹੈ,"ਗਉੜੀ ਬੈਰਾਗਣਿ ਦੇ ਸੰਗੀਤ ਦੇ ਸੰਕੇਤ ਸਾਤ ਸੁਰ ਕਾ ਹੈ, ਨਾਮਾਤਰ ਤ੍ਰਿਬਣ ਹੈ, ਸ੍ਰੀ ਰਾਗ, ਬਿਭਾਸ, ਗਉਰੀ ਤੀਨ ਕੇ ਮੇਲ ਸੇ ਬਨੀ ਹੈ,ਸਯਾਮ ਸਮੇਂ ਗਾਨੀ।"[2]

---

1. ਮਹਾਨ ਕੋਸ਼, ਪੰਨਾ 389
2. ਗੁਰੂ ਗਿਰਾਰਥ ਕੋਸ਼,ਪੰਨਾ 504

3 ਪੂਰਵੀ ਅੰਗ ਗ ਵਾਦੀ ਸਮਾਂ ਸ਼ਾਮ

ਪ ਸੰਵਾਦੀ

ਇਸ ਮੱਤ ਅਨੁਸਾਰ ਗਉੜੀ ਬੈਰਾਗਣਿ ਵਿੱਚ ਮੰਦਰ ਸਪਤਕ ਦੀ ਪ਼ ਔਰ **ਮੱਧ** ਸਪਤਕ ਦੀ ਪ ਵਿੱਚ ਹੀ ਰਹਿਣਾ ਹੈ।

ਆਲਾਪ : ਸ ਨ਼ ਰੁ ਸਾ, ਨ਼ ਧੁ਼ ਪ਼ ਰੁ ਸਾ, ਗ ਗ

ਰੁ ਸਾ, ਪ, ਮੇਪਧੁਪ, **ਮੇਗ** ਰੁ ਸਾ

ਨ਼ੀ ਸਾ ।[1]

| | | | | | |
|---|---|---|---|---|---|
| 4. ਥਾਟ | : ਪੂਰਵੀ | ਜਾਤੀ | : | ਸ਼ਾੜਵ-ਸੰਪੂਰਣ |
| ਵਾਦੀ | : ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ | ਪ੍ਰਕ੍ਰਿਤੀ | : | ਗੰਭੀਰ |

ਆਰੋਹ : ਨ਼ੀ ਧੁ਼ ਸਾ ਨ਼ੀ, ਰੁ ਗ ਮੇ ਪ, ਮੇ ਧੁ ਨੀ ਸਾਂ

ਅਵਰੋਹ : ਸਾਂ ਰੁੰ ਨੀ ਸਾਂ ਨੀ ਧੁ ਨੀ, ਧੁ ਪ, ਮੇ ਗ,

ਮੇ ਗ ਰੁ ਸਾ

ਮੁੱਖ ਅੰਗ ਮੇਗ ਰੁ, ਸਾ ਰੁ ਨ਼ੀ ਸਾ, ਨ਼ੀ ਧੁ਼ ਸਾ ਨ਼ੀ।[2]

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ ),ਪੰਨਾ 53

2. ਗੁਰਨਾਮ ਸਿੰਘ(ਡਾ.), ਆਦਿ ਗ੍ਰੰਥ ਰਾਗ ਕੋਸ਼, ਪੰਨਾ 36

| | | | |
|---|---|---|---|
| 5. ਥਾਟ | : ਭੈਰਵ | ਜਾਤੀ | : ਔੜਵ-ਔੜਵ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਵਰਜਿਤ ਸੁਰ | : ਗੰਧਾਰ ਅਤੇ ਧੈਵਤ | ਸਮਾਂ | : ਸ਼ਾਮ |

ਆਰੋਹ : ਸਾ, ਨ਼ੀ ਰੇ਼ ਮ ਪ ਨੀ ਸਾਂ

ਅਵਰੋਹ : ਸਾਂ ਨੀ ਪ ਮ ਰੇ਼, ਪ ਮ ਰੇ਼ ਨ਼ੀ ਸਾ

ਮੁੱਖ ਅੰਗ : ਸਾ ਰੇ਼ ਨ਼ੀ, ਪ਼ ਮ਼ ਪ਼ ਨ਼ੀ, ਪ ਰੇ਼ ਸਾ ਰੇ਼ ਨ਼ੀ ਸਾ

ਇਸ ਵਿਚ ਕਦੀ ਕਦੀਤੀਬਰ ਮੱਧਮ ਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ।[1]

6. ਗਉੜੀ ਬੈਰਾਗਣਿ ਦੇ ਇੰਨ੍ਹੇ ਸਰੂਪ ਹੁੰਦਿਆਂ ਹੋਇਆਂ ਬਹੁਮਤ ਵਿਦਵਾਨਾਂ ਨੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ:

| | | | |
|---|---|---|---|
| ਥਾਟ | : ਭੈਰਵ | ਜਾਤੀ | : ਔੜਵ- ਔੜਵ |
| ਵਾਦੀ | : ਰਿਸ਼ਭ | ਸੰਵਾਦੀ | : ਧੈਵਤ |
| ਸੁਰ | : ਰਿਸ਼ਭ, ਧੈਵਤ ਕੋਮਲ ਦੋਵੇਂ ਨਿਸ਼ਾਦ | ਵਰਜਿਤ | : ਪੰਚਮ ਤੇ ਗੰਧਾਰ |
| ਸਮਾਂ | : ਸਵੇਰ ਦਾ ਪਹਿਲਾ ਪਹਿਰ | | |

---

1. ਸੰਤ ਸਰਵਣ ਸਿੰਘ 'ਗੰਧਰਵ' ਸੁਰ ਸਿਮਰਣ ਸੰਗੀਤ(ਭਾਗ ਚੌਥਾ) ਪੰਨਾ 148

ਆਰੋਹ : ਸਾ ਰੇ ਮ ਧੁ, ਨੀ ਸਾਂ

ਅਵਰੋਹ : ਸਂ ਨੀ ਧੁ ਮ, ਰੇ,ਸਾ ਨ਼ੀ ਧ਼ ਸਾ ਨ਼ੀ ਰੇ ਸਾ

ਮੁੱਖ ਅੰਗ : ਧੁ ਮ, ਰੇ ਮ, ਰੇ ਸਾ, ਨ਼ੀ ਧ਼ ਸਾ ਨ਼ੀ ਰੇ ਸਾ

ਹ.ਗਉੜੀ ਦੀਪਕੀ:

ਗਉੜੀ ਦੀਪਕੀ ਇਕ ਅਪ੍ਰਚਲਿਤ ਰਾਗ ਹੈ। ਗਉੜੀ ਦੀਪਕੀ ਦੇ ਨਾਮ ਤੋਂ ਸਪਸ਼ਟ ਹੈ ਕਿ ਗਉੜੀ ਅਤੇ ਦੀਪਕੀ ਦੋ ਰਾਗਾਂ ਦੇ ਸੁਮੇਲ ਤੋਂ ਇਸ ਰਾਗ ਦੀ ਰਚਨਾ ਹੋਈ ਹੈ। ਗਉੜੀ ਦੀਪਕੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਇਸ ਰਾਗ ਦੇ ਦੋ ਸਰੂਪ ਮਿਲਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ:

1. ਸੰਤ ਸਰਵਣਸਿੰਘ 'ਗੰਧਰਵ' ਅਨੁਸਾਰ, "ਇਹ ਸੰਕੀਰਣ ਥਾਟ ਦਾ ਰਾਗ ਹੈ। ਇਸ ਵਿੱਚ ਕੋਮਲ,ਤੀਬਰ ਸੁਰ ਮਿਲਾ ਕੇ ਸਪਤਕ ਦੇ ਬਾਰਾਂ ਸੁਰ ਹੀ ਪ੍ਰਯੋਗ ਹੁੰਦੇ ਹਨ। ਇਹ ਇਕ ਅਪ੍ਰਚਲਿਤ ਪ੍ਰਕਾਰ ਹੈ। ਇਸ ਰਾਗ ਵਿੱਚ ਸੰਕੀਰਣ ਸੁਰ ਸੰਗਤੀਆਂ ਦੇ ਮਿਸ਼ਰਣ ਨਾਲ ਹੀ ਵਿਸਥਾਰ ਹੁੰਦਾ ਹੈ। ਇਸ ਦਾ ਵਾਦੀ ਸੁਰ ਮੱਧਮ, ਸੰਵਾਦੀ ਸੁਰ ਸ਼ੜਜ ਹੈ। ਇਸ ਦੀ ਜਾਤੀ ਵਕਰ-ਸ਼ਾੜਵ-ਸੰਪੂਰਣ ਹੈ। ਇਸ ਰਾਗ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ। ਗਾਉਣ ਦਾ ਵੇਲਾ ਸੰਧਿਆ ਕਾਲ ਦਾ ਹੈ। ਇਸ ਦੇ ਆਰੋਹ ਵਿੱਚ/ਧੈਰਵ ਵਰਜਿਤ ਹੈ।

ਆਰੋਹ : ਵਕਰ-ਸ਼ਾੜਵ ਸਾ,ਰੇ ਨ਼ੀ ਸਾ, ਮ, ਗ ਮ ਗੁ ਰੇ ਗੁ ਮੇ ਪ, ਮ ਨੀ, ਪ ਸਂ।

ਅਵਰੋਹ : ਵਕਰ-ਸੰਪੂਰਣ ਸਂ ਰੇ ਨੀ ਸਾਂ, ਰੇ ਨੀ ਸਾਂ, ਨੀ ਧ ਪ ਮੇ ਪ,ਧੁ ਪ, ਮ ਗੁ ਰੇ ਗੁ ਸਾ,ਰੇ ਨ਼ੀ ਸਾ, ਨ਼ੀ ਧ਼, ਪ਼ ਰੇ ਸਾ।

ਪਕੜ : ਰੁੇ ਨ਼ੀ ਸਾ, ਮ, ਗ ਮ, ਗੁ ਰੇ ਗੁ, ਮੇ ਪ, ਧੁ ਪ,

ਗੁ ਸਾ, ਨ਼ੀ, ਧ਼ ਪ਼ ਰੁੇ, ਸਾ, ਮ ਸਾ ।[1]

ਗੁਰਮਤਿ ਸੰਗੀਤ ਦੇ ਜ਼ਿਆਦਾਤਰ ਵਿਦਵਾਨ ਪ੍ਰੋ. ਤਾਰਾ ਸਿੰਘ[2] ਡਾ. ਗੁਰਨਾਮ ਸਿੰਘ[3] ਆਦਿ ਨੇ ਰਾਗ ਗਉੜੀ ਦੀਪਕੀ ਦੇ ਇਸੀ ਸਰੂਪ ਦਾ ਪ੍ਰਯੋਗ ਕੀਤਾ ਹੈ। ਰਾਗ ਦੇ ਇਸ ਸਰੂਪ ਦਾ ਆਰੰਭ ਦੋ ਢੰਗਾ ਨਾਲ ਕੀਤਾ ਜਾਂਦਾ ਹੈ।

ਦੀਪਕ ਅੰਗ ਨ਼ੀ ਸ ਗ ਮੇ ਪ ਅਤੇ

ਪੂਰਵੀ ਅੰਗ ਨ਼ੀ ਰੁੇ ਗ ਮੇ ਪ

ਇਸ ਰਾਗ ਵਿੱਚ ਪੰਚਮ ਸੁਰ ਵਰਜਿਤ ਨਹੀਂ ਹੈ ਪਰ ਸ਼ੁਰੂ ਵਿੱਚ ਪ੍ਰਵੇਸ਼ ਕਰਨ ਲਈ ਪੰਚਮ ਸੁਰ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। ਇਸ ਰਾਗ ਵਿੱਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁਧ ਪ੍ਰਯੋਗ ਹੁੰਦੇ ਹਨ । ਇਸ ਰਾਗ ਵਿੱਚ ਦੀਪਕ ਅੰਗ ਦੀ 'ਪ ਗ ਰੇ ਸਾ' ਸੁਰ ਸੰਗਤੀ ਦਾ ਪ੍ਰਯੋਗ ਜ਼ਰੂਰੀ ਹੈ।

| | | | |
|---|---|---|---|
| ਥਾਟ | : ਪੂਰਵੀ | ਜਾਤੀ | : ਵਕਰ-ਸੰਪੂਰਣ |
| ਵਾਦੀ | : ਗੰਧਾਰ | ਸੰਵਾਦੀ | : ਨਿਸ਼ਾਦ |
| ਸਮਾ | : ਚੌਥਾ ਪਹਿਰ ਦਿਨ | | |
| ਆਰੋਹ | : ਸਾ, ਨ਼ੀ ਰੁੇ ਗ ਰੁੇ, ਗ ਮੇ ਪ, ਮੇ ਧ ਪ, ਮੇ ਧ ਨੀ ਸਾਂ | | |
| ਅਵਰੋਹ | : ਸਾਂ, ਨੀ ਸਾਂ ਧੁ ਪ, ਪ ਧੁ, ਪ ਮੇ ਪ, ਗ ਮੇ ਪ ਗ, ਰੁੇ ਸਾ | | |
| ਮੁੱਖ ਅੰਗ: | : ਪ ਧੁ ਪ ਮੇ ਗ, ਮੇ ਪ ਗ, ਰੁੇ ਸਾ, ਨ਼ੀ ਧ਼ੁ ਸਾ ਨ਼ੀ, ਰੁੇ ਸਾ। | | |

---

1. ਸੁਰ ਸਿਮਰਣ ਸੰਗੀਤ(ਭਾਗ ਚੌਥਾ),ਪੰਨਾ 183
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 42
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 37

(ਕ) ਗਉੜੀ ਪੂਰਬੀ ਦੀਪਕੀ:

ਸੰਕੀਰਣ ਜਾਤੀ ਦੇ ਇਸ ਰਾਗ ਵਿਚ ਗਉੜੀ ਪੂਰਬੀ ਦੀਪਕੀ ਤਿੰਨ ਦਾ ਸੁਮੇਲ ਹੈ। ਭਾਰਤੀ ਸੰਗੀਤ ਦੇ ਪੁਰਾਤਨ ਅਤੇ ਨਵੀਨ ਗ੍ਰੰਥਾਂ ਵਿਚ ਇਸ ਰਾਗ ਬਾਰੇ ਕੋਈ ਹਵਾਲਾ ਨਹੀਂ ਮਿਲਦਾ। ਇਸ ਲਈ ਇਸ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਮੰਨਿਆ ਜਾਂਦਾ ਹੈ। ਮਿਸ਼ਰਤ ਰਾਗ ਪਰਿਪਾਟੀ ਅੰਤਰਗਤ ਗੁਰੂ ਸਾਹਿਬਾਨ ਦਾ ਆਪਣੀ ਬਾਣੀ ਦੇ ਗਾਇਨ ਲਈ ਇਸ ਰਾਗ ਦੀ ਰਚਨਾ ਮਹਾਨ ਦੇਣ ਹੈ।

1. ਸੰਤ ਸਰਵਣ ਸਿੰਘ ਜੀ ਅਨੁਸਾਰ, "ਇਹ ਭੈਰਵ ਥਾਟ ਦਾ ਰਾਗ ਹੈ। ਇਸ ਵਿੱਚ ਰਿਸ਼ਭ, ਧੈਵਤ ਕੋਮਲ ਦੋਨੋਂ ਮੱਧਮ, ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਵਾਦੀ ਸੁਰ ਮੱਧਮ, ਸੰਵਾਦੀ ਸੁਰ ਸ਼ੜਜ ਹੈ। ਗਾਉਣ ਦਾ ਸਮਾਂ ਸੰਧਿਆ ਕਾਲ ਹੈ। ਇਹ ਭੈਰਵ ਅੰਗ ਦੀ ਹੀ ਗਉੜੀ ਹੈ। ਇਸ ਦੇ ਪੂਰਵਾਂਗ ਵਿੱਚ ਲਲਿਤ ਅਤੇ ਉਤਰਾਂਗ ਵਿਚ ਗਉੜੀ ਦਾ ਸਰੂਪ ਦਿਖਲਾਈ ਦਿੰਦਾ ਹੈ। ਇਸ ਵਿੱਚ ਸੁਧ ਧੈਵਤ ਬਿਲਕੁਲ ਨਹੀਂ ਲਗਾਉਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਰਾਗ ਦਾ ਸਰੂਪ ਬਿਲਕੁਲ ਹੀ ਨਸ਼ਟ ਹੋ ਜਾਂਦਾ ਹੈ। ਇਸ ਦਾ ਚਮਤਕਾਰ ਇਹੋ ਹੀ ਹੈ ਕਿ ਪ੍ਰਤਹਿਕਾਲ ਦੇ ਰਾਗ ਭੈਰਉ ਤੇ ਲਲਿਤ ਦੀ ਸਪਸ਼ਟ ਛਾਇਆ ਆਉਣ ਦੇ ਬਾਵਜੂਦ ਇਹ ਰਾਗ ਸੰਧਿਆ ਸਮੇਂ ਗਾਇਆ ਜਾਂਦਾ ਹੈ।

| | | |
|---|---|---|
| ਆਰੋਹ | : | ਸਾ ਰੇ.ਗ ਮ, ਮੇ ਮ ਗ ਮ ਪ ਧੁ ਪ, ਪ ਧੁ ਨੀ ਸਾਂ। |
| ਅਵਰੋਹ | : | ਸਾਂ ਨੀ ਧੁ ਪ, ਧੁ ਮੇ ਮੇ ਧੁ,ਮੇ ਮ ਗ ਮੇ ਰੇ ਸਾ |
| ਪਕੜ | : | ਸਾ ਰੇ ਨ਼ੀ,ਸਾ, ਰੇ ਗ ਮ, ਮੇ ਮ ਗ ਰੇ, ਸਾ ਰੇ ਨ਼ੀ ਸਾ।[1] |

1. ਸੁਰ ਸਿਮਰਣ ਸੰਗੀਤ(ਭਾਗ ਚੌਥਾ), ਪੰਨਾ 195

ਗਉੜੀ ਪੂਰਬੀ ਦੀਪਕੀ ਦੇ ਇਸ ਸਰੂਪ ਨੂੰ ਵਿਦਵਾਨਾਂ ਦੀ ਬਹੁਮਤਾ ਪ੍ਰਾਪਤ ਹੈ। ਪ੍ਰੋ. ਤਾਰਾ ਸਿੰਘ,[1] ਡਾ. ਗੁਰਨਾਮ ਸਿੰਘ[2], ਆਦਿ ਵਿਦਵਾਨਾਂ ਨੇ ਇਸੇ ਸਰੂਪ ਦਾ ਪ੍ਰਯੋਗ ਕੀਤਾ ਹੈ।

| | | | |
|---|---|---|---|
| ਥਾਟ | : ਪੂਰਵੀ | ਜਾਤੀ | : ਸ਼ਾਡਵ-ਵਕਰ ਸੰਪੂਰਣ |
| ਵਾਦੀ | : ਗੰਧਾਰ | ਸੰਵਾਦੀ | : ਨਿਸ਼ਾਦ |
| ਸੁਰ | : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ | ਸਮਾਂ | : ਸ਼ਾਮ(ਸੰਧੀ ਪ੍ਰਕਾਸ਼) |

ਆਰੋਹ : ਸਾ, ਨੀ ਰੇ ਗ ਰੇ, ਗ ਮੇ ਪ ਮੇ ਧੁ ਪ, ਮੇ ਧੁ ਨੀ ਸਾਂ

ਅਵਰੋਹ : ਸਾਂ, ਨੀ ਸਾਂ ਧੁ ਪ, ਪ ਧੁ ਪ ਮੇ ਪ ਮੇ ਗ ਮੇ, ਰੇ ਮੇ ਗ,
ਪ ਗ ਰੇ ਸਾ

ਪਕੜ : ਪ ਧੁ ਪ ਮੇ,ਪ ਮੇ ਪ ਗ ਰੇ ਸਾ, ਨ਼ੀ ਧ਼ੁ ਸਾ ਨ਼ੀ ਰੇ ਸਾ।

ਇਸ ਦੇ ਆਰੋਹ ਦਾ ਉਠਾਨ ਜਦੋਂ ਪੂਰਵੀ ਅੰਗ ਤੋਂ ਕਰਦੇ ਹਨ ਤਾਂ 'ਨੀ ਰੇ ਗ' ਸੁਰ ਸੰਗਤੀ ਵਰਤੀ ਜਾਂਦੀ ਹੈ ਅਤੇ ਜਦੋਂ ਦੀਪਕ ਅੰਗ ਤੋਂ ਕਰਦੇ ਹਨ ਤਾਂ 'ਨੀ ਸਾ ਗ' ਸੁਰਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸਦੇ ਆਰੋਹ ਵਿੱਚ ਸ਼ੜਜ ਸੁਰ ਵਿੱਚ ਪ੍ਰਵੇਸ਼ ਕਰਨ ਸਮੇਂ ਪੰਚਮ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿੱਚ ਮੱਧ ਸਪਤਕ ਦੇ ਸ਼ੜਜ ਵਿੱਚ ਮਿਲਣ ਵੇਲੇ ਦੀਪਕ ਅੰਗ 'ਪ ਗ ਰੇ ਸਾ' ਸੁਰ ਸੰਗਤੀ ਪ੍ਰਯੋਗ ਕਰਨ ਦੀ ਪ੍ਰਥਾ ਹੈ।

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 44
2. ਆਦਿ ਗ੍ਰੰਥ: ਰਾਗ ਕੋਸ਼, ਪੰਨਾ 38

(ਖ) ਗਉੜੀ ਪੂਰਬੀ: ਰਾਗ ਗਉੜੀ ਦਾ ਪ੍ਰਕਾਰ 'ਗਉੜੀ ਪੂਰਬੀ' ਇਕ ਅਪ੍ਰਸਿੱਧ ਪ੍ਰਕਾਰ ਹੈ। ਰਾਗ ਗਉੜੀ ਅਤੇ ਪੂਰਬੀ ਦੇ ਮਿਸ਼ਰਣ ਤੋਂ ਇਸ ਰਾਗ ਦੀ ਰਚਨਾ ਹੋਈ ਹੈ। ਇਸ ਦੇ ਪੂਰਵਾਂਗ ਵਿਚ ਗਉੜੀ ਅਤੇ ਉਤਰਾਂਗ ਵਿੱਚ ਪੂਰਬੀ ਦਾ ਚਲਨ ਹੈ। ਪੰਡਿਤ ਤਾਰਾ ਸਿੰਘ ਜੀ ਅਨੁਸਾਰ ਇਸ ਰਾਗ ਦੀ ਰਚਨਾ ਪੂਰੀਆ ਧਨਾਸਰੀ,ਧਨਾਸਰੀ ਅਤੇ ਗਉੜੀ ਦੇ ਮੇਲ ਤੋਂ ਹੁੰਦੀ ਹੈ।[1]

ਕ੍ਰਿਆਤਮਕ ਤੌਰ 'ਤੇ ਇਸ ਸਰੂਪ ਨੂੰ ਪ੍ਰੋ. ਤਾਰਾ ਸਿੰਘ,[2] ਡਾ. ਗੁਰਨਾਮ ਸਿੰਘ,[3] ਗਿਆਨ ਸਿੰਘ ਐਬਟਾਬਾਦ,[4] ਭਾਈ ਅਵਤਾਰ ਸਿੰਘ ਗੁਰਚਰਨ ਸਿੰਘ,[5] ਸੰਤ ਸਰਵਣ ਸਿੰਘ[6] ਆਦਿ ਵਿਦਵਾਨਾਂ ਨੇ ਸਵੀਕਾਰਿਆ ਹੈ। ਇਨ੍ਹਾਂ ਵਿੱਚ ਕੇਵਲ ਆਰੋਹ ਅਵਰੋਹ ਦੇ ਸੁਰਾਂ ਵਿੱਚ ਭਿੰਨਤਾ ਪਾਈ ਜਾਂਦੀ ਹੈ ਪਰ ਸਰੂਪ ਇਕ ਹੀ ਹੈ।

| | | | |
|---|---|---|---|
| ਥਾਟ : | ਪੂਰਵੀ | ਜਾਤੀ | : ਵਕ੍ਰ ਸੰਪੂਰਣ |
| ਵਾਦੀ : | ਰਿਸ਼ਭ | ਸੰਵਾਦੀ | : ਪੰਚਮ |
| ਸੁਰ : | ਰਿਸ਼ਭ, ਧਵੈਤ, ਕੋਮਲ, ਦੋਵੇਂ ਮਧਿਅਮ | ਸਮਾਂ | : ਸ਼ਾਮ |

ਆਰੋਹ : ਸਾ, ਨੀ, ਰੇ ਗ ਰੇ, ਗ ਮੇ ਪ, ਮ ਪ ਧੁ ਪ, ਮੇ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਪ, ਮੇ ਗ ਮ ਗ, ਮੇ ਗ ਰੇ ਸਾ, ਨ਼ੀ ਰੇ ਸਾ

ਪਕੜ : ਪ ਮੇ ਗ ਮ ਗ, ਮੇ ਗ ਰੇ ਸਾ, ਨ਼ੀ ਧ਼ੁ ਸਾ ਨ਼ੀ ਰੇ ਸਾ

1. ਗੁਰੂ ਗਿਰਾਰਥ ਕੋਸ਼, ਪੰਨਾ 507
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ 49
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 38
4. ਗੁਰਬਾਣੀ ਸੰਗੀਤ(ਭਾਗ ਪਹਿਲਾ), ਪੰਨਾ 21
5. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ) ਪੰਨਾ 40
6. ਸੁਰ ਸਿਮਰਣ ਸੰਗੀਤ(ਭਾਗ ਚੌਥਾ),ਪੰਨਾ 156

ਗ.ਗਉੜੀ ਮਾਝ: ਗਉੜੀ ਮਾਝ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਗਉੜੀ ਅਤੇ ਮਾਝ ਦੇ ਰਾਗਾਂ ਦਾ ਸੁਮੇਲ ਹੈ। ਪੁਰਾਤਨ ਸੰਗੀਤ ਗ੍ਰੰਥਾਂ ਵਿੱਚ ਗਉੜੀ ਦੇ ਪ੍ਰਕਾਰ ਗਉੜੀ ਮਾਝ ਸੰਬੰਧੀ ਕੋਈ ਹਵਾਲਾ ਨਹੀਂ ਮਿਲਦਾ। ਇਸਦੇ ਨਾਦਾਤਮਕ ਸਰੂਪ ਕੁਝ ਸੰਗੀਤਕਾਰਾਂ ਅਤੇ ਸਿੱਖ ਕੀਰਤਨੀਆਂ ਅਨੁਸਾਰ ਇਸ ਪ੍ਰਕਾਰ ਹਨ:

1. ਖਮਾਜ ਤੇ ਪੂਰਵੀ ਅੰਗ ਸਮਾਂ : ਸ਼ਾਮ

ਗਉੜੀ ਮਾਝ ਵਿੱਚ ਦੋਵੇਂ ਰਿਖਬ, ਦੋਵੇਂ ਗੰਧਾਰ, ਦੋਵੇਂ ਮਧਮ ਦੋਵੇਂ ਧੈਵਤ ਤੇ ਦੋਵੇਂ ਨਿਖਾਧਾਂ ਹਨ: (ਆਓ ਸਖੀ ਗੁਣ ਕਾਮਣ ਕਰੀਹਾ ਜੀਉ) ਇਸ ਰੀਤ ਵਿਚ ਦੋਵੇਂ ਰਾਗ ਮਿਸ਼ਰਤ ਹਨ, ਇਸ ਵਿੱਚ ਨਿਖਾਧ ਬਹੁਤ ਸਪਸ਼ਟ ਲਗਦੀ ਹੈ ਅਤੇ ਪੰਚਮ ਤੇ ਵੀ ਜ਼ੋਰ ਰਹਿੰਦਾ ਹੈ, ਗਉੜੀ ਤੇ ਮਾਝ ਦੀ ਰਿਖਬ, ਵਾਦੀ ਸੁਰ, ਜਾਂ ਮਾਝ ਵਿੱਚ ਸੰਵਾਦੀ ਸ ਮੰਨੀ ਜਾਂਦੀ ਹੈ ਪਰ ਇਸ ਰੀਤ ਵਿੱਚ ਰਿਖਬ ਨਾਲੋਂ ਪੰਚਮ ਤੇ ਜ਼ਿਆਦਾ ਜ਼ੋਰ ਹੈ, ਇਸ ਪੁਰਾਤਨ ਰੀਤ ਦੀ ਨੁਟੇਸ਼ਨ ਕੀਤੀ ਹੈ।[1]

2. ਇਹ ਮਾਰਵੇ ਥਾਟ ਦਾ ਰਾਗ ਹੈ। ਇਸ ਵਿਚ ਦੋਵੇਂ ਧੈਵਤ ਦੋਵੇਂ ਨਿਸ਼ਾਦ, ਦੋਵੇਂ ਮਧਮਾਂ ਦਾ ਪ੍ਰਯੋਗ ਹੁੰਦਾ ਹੈ ਤੇ ਬਾਕੀ ਸਭ ਸੁਰ ਸ਼ੁਧ ਲਗਦੇ ਹਨ ।

---

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) ਪੰਨਾ 59

ਕੋਮਲ ਨਿਸ਼ਾਦ ਅਤੇ ਧੈਵਤ ਅਲਪੱਤਵ ਦੇ ਨਾਤੇ ਹੀ ਲਿਆ ਜਾਂਦਾ ਹੈ। ਆਰੋਹ ਅਤੇ ਅਵਰੋਹ ਵਕਰ-ਸੰਪੂਰਣ ਹੈ। ਵਾਦੀ ਸੁਰ ਪੰਚਮ, ਸੰਵਾਦੀ ਸੁਰ ਸ਼ੜਜ ਹੈ। ਗਾਉਣ ਦਾ ਸਮਾਂ ਜ਼ਿਆਦਾਤਰ ਸਵੇਰ ਦਾ ਹੈ ਅਤੇ ਇਹ ਰਾਗ ਦੋਵੇਂ ਸਮੇਂ ਹੀ ਗਾਇਆ ਜਾ ਸਕਦਾ ਹੈ।

| | | |
|---|---|---|
| ਆਰੋਹ | : | ਸਾ, ਨ਼ੀ ਰੇ਼ ਗ ਮੇ ਪ ਗ, ਮ ਧ਼, ਨੀ ਰੇਂ ਸਾਂ |
| ਅਵਰੋਹ | : | ਸਾਂ ਨੀ ਧ਼ ਪ, ਪ ਨ਼ੀ ਧ ਪ, ਮੇ ਪ, ਗ ਮ, ਪ ਗ ਰੇ਼ ਸਾ। |
| ਮੁੱਖ ਅੰਗ | : | ਨ਼ੀ ਰੇ਼ ਗ ਮ, ਪ ਗ ਰੇ਼ ਸਾ, ਮੇ ਪ ਧ਼ ਨੀ ਪ ਧ ਮ,ਪ ਗ ਰੇ਼ ਸਾ।[1] |

| | | | | |
|---|---|---|---|---|
| 3. | ਥਾਟ : | ਪੂਰਵੀ,ਖਮਾਜ | ਜਾਤੀ : | ਵਕਰ ਸੰਪੂਰਣ |
| | ਸੁਰ : | ਦੋਵੇਂ ਰਿਸ਼ਭ, ਦੋਵੇਂ ਗੰਧਾਰ ਦੋਵੇਂ ਮਧਿਅਮ ਦੋਵੇਂ ਨਿਸ਼ਾਦ | ਸਮਾਂ : | ਦਿਨ ਦਾ ਚੌਥਾ ਪਹਿਰ |
| | ਆਰੋਹ : | ਸਾ, ਰੇ਼ ਰੇ਼ਰੇ਼ ਮੇ ਪ, ਮੇ ਪ ਧ਼ ਪ, ਮੇ ਪ ਨੀ ਸਾਂ | | |
| | ਅਵਰੋਹ : | ਸਾਂ ਨ਼ੀ ਧ ਪ, ਧ਼ ਪ ਮੇ ਪ,ਮ ਗ, ਮ ਗ਼ ਰੇ ਸਾ ਨ਼ੀ ਧ਼ ਸਾ ਨ਼ੀ ਰੇ਼ ਸਾ | | |
| | ਮੁੱਖ ਅੰਗ : | ਸਾ, ਰੇ਼ ਮੇ ਪ, ਧ਼ ਪ ਮੇ ਪ, ਮ ਗ, ਮੇ ਗ ਰੇ਼ ਸਾ ਨ਼ੀ ਰੇ਼ਸ ।[2] | | |

---

1. ਸਰਵਣ ਸਿੰਘ 'ਗੰਧਰਵ', ਸੁਰ ਸਿਮਰਣ ਸੰਗੀਤ (ਭਾਗ ਚੌਥਾ) ਪੰਨਾ 205

2. ਤਾਰਾ ਸਿੰਘ(ਪ੍ਰੋ. ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ,ਪੰਨਾ54

| | | | |
|---|---|---|---|
| 4. ਥਾਟ | : ਖਮਾਜ | ਜਾਤੀ | : ਸ਼ਾੜਵ-ਵਕਰ ਸੰਪੂਰਣ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਸੁਰ | : ਅਵਰੋਹ ਵਿੱਚ ਕੋਮਲ ਨਿਸ਼ਾਦ | ਸਮਾਂ | : ਚੌਥਾ ਪਹਿਰ ਦਿਨ |

ਆਰੋਹ : ਸਾ ਗ ਮ ਰੇ ਪ, ਰੇ ਮ ਪ ਨੀ ਸਾਂ।

ਅਵਰੋਹ : ਸਾਂ ਧ ਨ਼ੀ ਪ, ਮ ਪ ਧ ਧ ਮ ਗ ਮ ਰੇ, ਰੇ ਗ਼ ਰੇ ਸਾ

ਮੁੱਖ ਅੰਗ : ਸਾ ਗ ਮ ਰੇ ਰੇ ਪ, ਰੇ ਮ ਪ, ਮ ਪ ਧ ਪ ਮ ਗ, ਮ ਰੇ ਰੇ ਗਾ
ਸਾ ਰੇ ਸਾ, ਸਾ ਰੇ ਸਾ ਨ਼ੀ ਨ਼ੀ ਸਾ ਧ਼ ਨ਼ੀ ਪ਼ ਨ਼ੀ ਸਾ[1]

ਘ.ਗਉੜੀ ਮਾਲਵਾ:ਗਉੜੀ ਮਾਲਵਾ ਇਕ ਅਪ੍ਰਚੱਲਿਤ ਅਤੇ ਅਪ੍ਰਸਿੱਧ ਰਾਗ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਉੜੀ ਅਧੀਨਉਸਦੇ ਪ੍ਰਕਾਰ ਵਜੋਂ ਅੰਕਿਤ ਹੈ। ਇਸ ਰਾਗ ਦਾ ਉਲੇਖ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਨਹੀਂ ਮਿਲਦਾ।

ਇਹ ਰਾਗ ਕਿਸੇ ਵੇਲੇ ਮਾਲਵੇ ਪ੍ਰਾਂਤ ਵਿੱਚ ਬਹੁਤ ਪ੍ਰਸਿੱਧ ਰਿਹਾ ਹੋਵੇਗਾ ਕਿਉਂਕਿ ਇਸਦੀ ਸ਼ਬਦਾਵਲੀ ਵਿੱਚ ਕਈ-ਕਈ ਥਾਈਂ ਮਾਲਵੇ ਦੀ ਬੋਲੀ ਅਨੁਸਾਰ 'ਵ' ਦੀ ਥਾਂ 'ਬ' ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਬਿਕਾਰ, ਬਧੇ ਆਦਿ।[2] ਕ੍ਰਿਆਤਮਕ ਤੌਰ 'ਤੇ ਇਸ ਰਾਗ ਦੇ ਹੇਠ ਲਿਖੇ ਸਰੂਪ ਪ੍ਰਚਾਰ ਵਿੱਚ ਹਨ:

1. ਸਿੱਖ ਕੀਰਤਨੀਆਂ ਅਨੁਸਾਰ ਗਉੜੀ ਮਾਲਾ ਨੂੰ ਔੜਵ ਰਾਗ ਮੰਨਦੇ ਹਨ ਪਰ ਇਸਦੀ ਆਰੋਹੀ ਵਿੱਚ ਨਿਖਾਧ ਅਤੇ ਅਵਰੋਹੀ ਵਿਚ ਧੈਵਤ ਦੁਰਬਲ ਕਰਕੇ(ਸੰਪੂਰਣ) ਗਾਉਣਾ ਠੀਕ ਹੈ।

---

1. ਗੁਰਨਾਮ ਸਿੰਘ(ਡਾ.) ਆਦਿ ਗ੍ਰੰਥ: ਰਾਗ ਕੋਸ਼, ਪੰਨਾ 40-41

2. ਸਾਹਿਬ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਪੋਥੀ ਪਹਿਲੀ),ਪੰਨਾ214

ਪੂਰਵੀ ਅੰਗ : ਰੁ ਵਾਦੀ          ਸਮਾਂ : ਸ਼ਾਮ

ਸੰਪੂਰਣ : ਪ ਸੰਵਾਦੀ

ਆਰੋਹੀ : ਸ ਰੁ ਗ ਮੇ ਪ ਮੇ ਧੁ ਨੀ ਸਾਂ

ਅਵਰੋਹੀ : ਸਾਂ ਨੀ ਧੁ ਪ ਗ ਮੇ ਗ ਰੁ ਸਾ।[1]

2. ਪੰਡਿਤ ਤਾਰਾ ਸਿੰਘ ਜੀ ਨੇ ਵੀ ਆਪਣੇ ਗ੍ਰੰਥ 'ਗੁਰੂ ਗਿਰਾਰਥ ਕੋਸ਼' ਵਿੱਚ ਇਸ ਰਾਗ ਦਾ ਸਰੂਪ ਲਿਖਿਆ ਹੈ ਪਰ ਇਹ ਸਪਸ਼ਟ ਨਹੀਂ ਹੈ।

"ਗਉੜੀ ਮਾਲਵਾ ਸੰਗੀਤ ਸੰਕੇਤ ਖਾੜਵ ਹੈ ਪੰਚਮ ਵਰਜਿਤ ਸਯਾਮ ਸਮੇਂ ਗਾਨਾ ਧ ਮ ਗ ਰੇ ਸਾ ਨੀ।"[2]

3. ਦੱਖਣੀ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਗਉੜੀ ਮਾਲਵਾ ਰਾਗ 'ਗਉੜੀ ਮਾਰੁਵ' ਨਾਮ ਹੇਠ ਅੰਕਿਤ ਹੈ। ਸੰਗੀਤ ਗ੍ਰੰਥਾਂ ਵਿੱਚ ਮਾਰਵਾ ਨੂੰ ਮਾਰੁਵ, ਮਾਲਵ ਆਦਿ ਨਾਵਾਂ ਨਾਲ ਲਿਖਿਆ ਗਿਆ ਹੈ ਜਿਸ ਤੋਂ ਸਪਸ਼ਟ ਹੈ ਕਿ ਗਉੜੀ ਮਾਰੁਵ ਗਉੜੀ ਮਾਲਵਾ ਦਾ ਹੀ ਰੂਪ ਹੈ।

| | | | |
|---|---|---|---|
| ਥਾਟ | : ਨਾਮਾਨਾਰਾਇਣੀ | ਜਾਤੀ | : ਔੜਵ-ਸੰਪੂਰਣ |
| ਸੁਰ | : ਰਿਸ਼ਭ, ਧੈਵਤ, ਨਿਸ਼ਾਦ ਕੋਮਲ, ਮਧਿਅਮ ਤੀਵਰ | ਵਰਜਿਤ ਸੁਰ | : ਆਰੋਹ ਵਿੱਚ ਗੰਧਾਰ ਨਿਸ਼ਾਦ |

ਆਰੋਹ : ਸਾ ਰੁ ਮੇ ਪ ਧੁ ਸਾਂ

ਅਵਰੋਹ : ਸਾਂ ਨੀ ਧੁ ਪ ਮੇ ਗ ਰੁ ਗ ਸਾ[3]

4.

| | | | |
|---|---|---|---|
| ਥਾਟ | : ਪੂਰਵੀ | ਜਾਤੀ | : ਔੜਵ-ਸ਼ਾੜਵ |
| ਵਾਦੀ | : ਪੰਚਮ | ਸੰਵਾਦੀ | : ਸ਼ੜਜ |
| ਵਰਜਿਤ ਸੁਰ | : ਆਰੋਹ ਵਿੱਚ ਗੰਧਾਰ, ਧੈਵਤ, ਅਵਰੋਹ ਵਿਚ ਗੰਧਾਰ | ਚਲਨ | : ਮੰਦਰ ਅਤੇ ਮੱਧ ਸਪਤਕ |

---

1. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 56
2. ਗੁਰੂ ਗਿਰਾਰਥ ਕੋਸ਼, ਪੰਨਾ 510
3. ਵਸੰਤ, ਰਾਗ ਕੋਸ਼, ਪੰਨਾ 63

ਸਮਾਂ : ਸੰਧਿਆ ਕਾਲ

ਇਸ ਵਿੱਚ ਸ੍ਰੀ ਰਾਗ ਦਾ ਅੰਗ ਸਪਸ਼ਟ ਦਿਖਾਈ ਦਿੰਦਾ ਹੈ।

ਆਰੋਹ : ਸਾ ਰੇ ਮੇ ਪ ਨੀ ਸਾਂ

ਅਵਰੋਹ : ਸਾਂ ਨੀ ਧੁ ਪ ਮੇ ਰੇ ਸਾ

ਪਕੜ : ਸਾ ਪ, ਮੇ ਪ ਨੀ ਪ, ਮੇ ਪ ਟੇ, ਮੇ ਰੇ ਸਾ ਨ਼ੀ ਸਾ[1]

5. ਪ੍ਰੋ. ਤਾਰਾ ਸਿੰਘ,[2] ਡਾ. ਗੁਰਨਾਮ ਸਿੰਘ,[3] ਆਦਿ ਬਹੁਮਤ ਵਿਦਵਾਨਾਂ ਵਲੋਂ ਇਸ ਸਰੂਪ ਨੂੰ ਪ੍ਰਵਾਣਿਤ ਮੰਨਿਆ ਗਿਆ ਹੈ

| | | | |
|---|---|---|---|
| ਥਾਟ | : ਪੂਰਵੀ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਸੁਰ | : ਰਿਸ਼ਭ, ਧੈਵਤ ਕੋਮਲ, ਮਧਿਅਮ, ਤੀਬਰ | ਸਮਾਂ | : ਦਿਨ ਦਾ ਚੌਥਾ ਪਹਿਰ |

ਆਰੋਹ : ਸਾ, ਨ਼ੀ ਰੇ,ਗ ਮੇ ਧੁ ਨੀ ਸਾਂ

ਅਵਰੋਹ : ਸਾਂ ਰੇਂ ਨੀ ਧੁ ਪ, ਮੇ ਧੁ ਪ ਮੇ ਗ ਟੇ ਰੇ ਸਾ।

ਮੁੱਖ ਅੰਗ : ਸਾ ਰੇ ਗ ਰੇ ਸਾ,(ਸਾ) ਨ਼ੀ ਧ਼ੁ ਪ਼,ਮੇ ਧੁ ਨੀ, ਰੇ ਸਾ, ਸਾ ਨ਼ੀ ਰੇ ਗ, ਰੇ ਮੇ ਗ ਗ ਰੇ ਰੇ ਸਾ।

ਙ: <u>ਗਉੜੀ ਮਾਲਾ</u>: ਇਹ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਇਸ ਰਾਗ ਬਾਰੇ ਸਮੁੱਚੇ ਭਾਰਤੀ ਸੰਗੀਤ ਵਿੱਚ ਕੋਈ ਜ਼ਿਕਰ ਨਹੀਂ ਮਿਲਦਾ । ਇਸ ਰਾਗ ਦੇ ਪੰਜ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ:

---

1. ਸਰਵਣ ਸਿੰਘ, <u>ਸੁਰ ਸਿਮਰਣ ਸੰਗੀਤ(ਭਾਗ ਚੌਥਾ)</u>,ਪੰਨਾ 174

2. <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u>, ਪੰਨਾ 58

3. <u>ਆਦਿ ਗ੍ਰੰਥ: ਰਾਗ ਕੋਸ਼</u>, ਪੰਨਾ 42.

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, " ਇਹ ਪੂਰਣ ਜਾਤਿ ਦੀ ਰਾਗਿਨੀ ਹੈ, ਸ਼ੜਜ ਮੱਧਮ ਪੰਚਮ ਨਿਸ਼ਾਦ ਸ਼ੁਧ, ਰਿਸ਼ਭ ਗੰਧਾਰ ਧੈਵਤ ਕੋਮਲ ਲਗਦੇ ਹਨ, ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ, ਗਾਉਣ ਵੇਲਾ ਰਾਤ ਦਾ ਪਹਿਰ ਹੈ।"[1]

2. ਸਿੱਖ ਕੀਰਤਨੀਆ ਅਨੁਸਾਰ, "ਗਉੜੀ ਮਾਲਾ ਨੂੰ ਕਈ ਔੜਵ ਰਾਗ ਮੰਨਦੇ ਹਨ। ਪਰ ਇਸ ਦੀ ਆਰੋਹੀ ਵਿੱਚ ਨਿਖਾਧ ਅਤੇ ਅਵਰੋਹੀ ਵਿੱਚ ਧੈਵਤ, ਦੁਰਬਲ ਕਰਕੇ (ਸੰਪੂਰਨ) ਗਾਉਣਾ ਠੀਕ ਹੈ।

| | | | |
|---|---|---|---|
| ਪੂਰਵੀ ਅੰਗ | : ਰੁ ਵਾਦੀ | ਸਮਾਂ | : ਸ਼ਾਮ |
| ਸੰਪੂਰਨ | : ਪ ਸੰਵਾਦੀ | | |
| ਆਰੋਹੀ | : ਸ ਰੁ ਗ ਮੇ ਪ ਮੇ ਧੁ ਨੀ ਸਾਂ | | |
| ਅਵਰੋਹੀ | : ਸ ਨੀ ਧੁ ਪ ਗ ਮੇ ਗ ਰੁ ਸਾ।[2] | | |

3.

| | | | |
|---|---|---|---|
| ਥਾਟ | : ਭੈਰਵ | ਜਾਤੀ | : ਸੰਪੂਰਨ-ਸੰਪੂਰਨ |
| ਵਾਦੀ | : ਪੰਚਮ | ਸੰਵਾਦੀ | : ਰਿਸ਼ਭ |
| ਸੁਰ | : ਰਿਸ਼ਭ, ਧੈਵਤ, ਨਿਸ਼ਾਦ ਕੋਮਲ | ਸਮਾਂ | : ਸਵੇਰ ਦਾ ਪਹਿਲਾ ਪਹਿਰ |
| ਆਰੋਹੀ | : ਸਾ ਰੇ ਗ ਮ ਪ ਧੁ ਨੀ ਧੁ ਪ, ਮ ਪ ਧੁ ਨੀ ਸਾਂ | | |
| ਅਵਰੋਹੀ | : ਸਾਂ ਨੀ ਧੁ ਪ ਮ ਗ ਰੇ ਰੇ ਸਾ[3] | | |

---

1. ਮਹਾਨ ਕੋਸ਼, ਪੰਨਾ 389
2. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪੰਨਾ 56
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 44

4. ਥਾਟ : ਪੂਰਵੀ ਜਾਤੀ : ਸੰਪੂਰਣ-ਸੰਪੂਰਣ

ਵਾਦੀ : ਰਿਸ਼ਭ ਸੰਵਾਦੀ : ਪੰਚਮ

ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ, ਨਿਸ਼ਾਦ ਦੋਵੇਂ ਸਮਾਂ : ਸ਼ਾਮ

ਆਰੋਹ : ਸਾ ਰੇ ਗ ਮੇ, ਪ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਪੁ, ਮੇ ਗ ਰੇ ਸਾ

ਪਕੜ : ਗ, ਪ ਧੁ ਨੀ ਧੁ ਪ, ਮੇ ਧੁ ਮੇ ਗ, ਮ ਗ ਰੇ ਨੀ S S ਸ।[1]

5 ਗਾਉੜੀ ਮਾਲਾ ਦੇ ਇਸ ਸਰੂਪ ਨੂੰ ਪ੍ਰਮਾਣਿਕ ਸਰੂਪ ਮੰਨਿਆ ਗਿਆ ਹੈ।

ਥਾਟ : ਪੂਰਵੀ ਜਾਤੀ : ਵਕਰ ਸੰਪੂਰਣ

ਸੁਰ : ਰਿਸ਼ਭ ਧੈਵਤ ਕੋਮਲ, ਮਾਧਿਅਮ ਤੀਵਰ ਸਮਾਂ : ਦਿਨ ਦਾ ਚੌਥਾ ਪਹਿਰ

ਵਾਦੀ : ਰਿਸ਼ਭ ਸੰਵਾਦੀ : ਪੰਚਮ

ਆਰੋਹ : ਸਾ, ਨੀ ਰੇ ਗ ਮੇ ਪ, ਮੇ ਧੁ ਨੀ ਸਾਂ

ਅਵਰੋਹ : ਸਾਂ, ਰੇ ਨੀ ਪ, ਧੁ ਮੇ ਗ ਰੇ, ਮੇ ਗ ਰੇ ਸਾ

ਮੁੱਖ ਅੰਗ : ਨੀਪ, ਧੁ ਮੇ ਗ ਰੇ, ਮੇ ਗ, ਰੇ ਸਾ।[2]

ਚ.<u>ਗਉੜੀ ਸੋਰਠਿ</u> : ਗਉੜੀ ਸੋਰਠਿ, ਰਾਗ ਗਉੜੀ ਦਾ ਅਪ੍ਰਸਿੱਧ ਪ੍ਰਕਾਰ ਹੈ ਜਿਸਦਾ ਜ਼ਿਕਰ ਭਾਰਤੀ ਸੰਗੀਤ ਗ੍ਰੰਥਾਂ ਵਿਚ ਨਹੀਂ ਹੈ। ਇਸ ਰਾਗ ਅਧੀਨ ਭਗਤ ਕਬੀਰ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਸ ਸ਼ਬਦ ਉਪਰ 'ਰਾਗ ਗਉੜੀ ਭੀ ਸੋਰਠਿ ਭੀ' ਸਿਰਲੇਖ ਵਜੋਂ ਅੰਕਿਤ ਹੈ। ਪ੍ਰੋ. ਸਾਹਿਬ ਸਿੰਘਜੀ ਅਨੁਸਾਰ, <u>"ਇਹ ਸ਼ਬਦ ਗਉੜੀ ਰਾਗਨੀ ਵਿੱਚ ਭੀ ਗਾਉਣਾ ਹੈ ਤੇ ਸੋਰਠਿ ਰਾਗਿਨੀ ਵਿਚ ਭੀ।"</u>[3]

1. <u>ਸੁਰ ਸਿਮਰਣ ਸੰਗੀਤ</u> (ਭਾਗ ਚੌਥਾ)ਪੰਨਾ 167
2. ਤਾਰਾ ਸਿੰਘ (ਪ੍ਰੋ.) <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u>,ਪੰਨਾ 62
3. ਸਾਹਿਬ ਸਿੰਘ (ਪ੍ਰੋ.) <u>ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ</u>(ਪੋਥੀ ਦੂਜੀ)ਪੰਨਾ 90

ਪਰ ਬਹੁਮਤ ਇਸ ਵਿਚ ਹੈ ਕਿ ਰਾਗ ਗਉੜੀ ਸੋਰਠਿ ਤੋਂ ਹੈ। ਇਸ ਰਾਗ ਦਾ ਨਾਦਾਤਮਕ ਸਰੂਪ ਹੇਠ ਲਿਖੇ ਅਨੁਸਾਰ ਹੈ:

1. ਸੰਤ ਸਰਵਣ ਸਿੰਘ ਅਨੁਸਾਰ," ਇਹ ਭੈਰਉ ਥਾਟ ਦਾ ਰਾਗ ਹੈ। ਇਸਦਾ ਪੰਚਮ ਸੁਰ ਵਾਦੀ, ਸੜਜ ਸੁਰ ਸੰਵਾਦੀ ਹੈ। ਇਸ ਵਿੱਚ ਦੋਵੇਂ ਰਿਸ਼ਭ, ਮੱਧਮ, ਦੋਵੇਂ ਨਿਸ਼ਾਦ, ਬਾਕੀ ਸਭ ਸੁਰ ਸੁਧ ਲਗਦੇ ਹਨ। ਇਸਦੇ ਆਰੋਹ ਵਿੱਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ। ਇਸ ਦੀ ਜਾਤੀ ਔੜਵ-ਸੰਪੂਰਣ ਹੈ। ਗਾਉਣ ਦਾ ਸਮਾਂ ਸੰਧਿਆ ਕਾਲ ਦਾ ਹੈ।

| | |
|---|---|
| ਆਰੋਹ | : ਸਰ੍ਹ ਰੇ ਮੇਪ, ਨੀ ਸਾਂ |
| ਅਵਰੋਹ | : ਸਾਂ ਰੇਂ ਨ੍ਹੀ ਧਪ, ਧ ਮ ਪ ਗ, ਮ ਗ ਰ੍ਹੇ ਨ੍ਹੀ ਸਾ |
| ਮੁੱਖ ਅੰਗ | : ਸਾ,ਮ ਰੇ ਮੇ ਪ, ਧ ਮ, ਗਾ-ਰ੍ਹੇ ਨ੍ਹੀ ਸਾ।[1] |

ਬਹੁਮਤ ਵਿਦਵਾਨਾਂ ਵਲੋਂ ਰਾਗ ਗਉੜੀ ਸੋਰਠਿ ਦੇ ਇਸ ਸਰੂਪ ਨੂੰ ਸਵੀਕਾਰਿਆ ਹੈ। ਡਾ. ਗੁਰਨਾਮ ਸਿੰਘ,[2],ਪ੍ਰੋ. ਤਾਰਾ ਸਿੰਘ,[3] ਸ੍ਰ. ਗਿਆਨ ਸਿੰਘ ਐਬਟਾਬਾਦ[4] ਨੇ ਵੀ ਇਸ ਰਾਗ ਨੂੰ ਅਪਣਾਇਆ ਹੈ।

| | | | |
|---|---|---|---|
| ਥਾਟ | : ਪੂਰਵੀ-ਖਮਾਜ | ਜਾਤੀ | : ਵਕਰ ਸੰਪੂਰਣ |
| ਵਾਦੀ | : ਸੜਜ | ਸੰਵਾਦੀ | : ਪੰਚਮ |
| ਸੁਰ | : ਦੋਵੇਂ ਰਿਸ਼ਭ, ਦੋਵੇਂ ਧਵੈਤ, ਦੋਵੇਂ ਮਧਿਅਮ | ਸਮਾਂ | : ਸ਼ਾਮ ਦਾ ਪਹਿਲਾ ਪਹਿਰ |

1. ਸਾਹਿਬ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਪੋਥੀ ਦੂਜੀ),ਪਨਾ90
2. ਸੁਰ ਸਿਮਰਣ ਸੰਗੀਤ(ਭਾਗ ਚੌਥਾ),ਪੰਨਾ 201
3. ਆਦਿ ਗ੍ਰੰਥ:ਰਾਗ ਕੋਸ਼, ਪੰਨਾ45
4. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ66
5- ਗੁਰਬਾਣੀ ਸੰਗੀਤ(ਭਾਗ ਪਹਿਲਾ),ਪੰਨਾ 25

ਆਰੋਹ : ਸਾ, ਨ਼ੀ ਰੇ ਗ ਰੇ ਸਾ, ਮ ਰੇ, ਪ ਮ ਨੀ ਸਾ+

ਅਵਰੋਹ : ਸਾ+, ਰੇਂ ਨੀ ਧ ਪ, ਧ ਮੇ ਪ ਮੇ ਗ, ਰੇ ਸਾ ਨ਼ੀ ਰੇ ਸਾ

ਮੁੱਖ ਅੰਗ : ਸਾ, ਮ ਰੇ ਮ ਪ, ਧ ਮੇ ਪ, ਮੇ ਗ ਰੇ ਗ ਰੇ ਗ ਰੇ ਸਾ, ਨ਼ੀ ਰੇ ਸਾ।

4. ਆਸਾ:

ਗੁਰਮਤਿ ਸੰਗੀਤ ਪੱਧਤੀ ਵਿੱਚ ਰਾਗ ਆਸਾ ਮਹੱਤਵਪੂਰਨ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਪੁਜੀਸਾਹਿਬ ਤੋਂ ਪਿੱਛੋਂ ਰਾਗ ਬੱਧ ਬਾਣੀ ਦਾ ਆਰੰਭ ਆਸਾ ਰਾਗ ਤੋਂ ਕੀਤਾ ਗਿਆ ਹੈ। ਗੁਰਮਤਿ ਸੰਗੀਤ ਪਰੰਪਰਾ ਅਧੀਨ ਆਸਾ ਰਾਗ ਨੂੰ ਸਵੇਰੇ-ਸ਼ਾਮ ਦੋਵੇਂ ਸਮੇਂ ਗਾਇਨ ਕਰਨ ਦੀ ਪ੍ਰਥਾ ਹੈ। ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਦਾ ਗਾਇਨ ਅਤੇ ਸ਼ਾਮ ਵੇਲੇ 'ਸੋ ਦਰੁ' ਦਾ ਕੀਰਤਨ ਰਾਗ ਆਸਾ ਅਧੀਨ ਕਰਨ ਦਾ ਪ੍ਰਚਾਰ ਹੈ। ਗੁਰਮਤਿ ਸੰਗੀਤ ਵਿੱਚ ਆਸਾ ਰਾਗ ਅੰਤਰਗਤ ਸਵੇਰ ਦੇ ਕੀਰਤਨ ਨੂੰ 'ਆਸਾ ਦੀ ਵਾਰ ਦੀ ਚੌਂਕੀ' ਅਤੇ ਸ਼ਾਮ ਦੇ ਕੀਰਤਨ ਨੂੰ 'ਸੋਦਰੁ ਦੀ ਚੌਕੀ' ਕਿਹਾ ਜਾਂਦਾ ਹੈ। ਰਾਗ ਆਸਾ ਦਾ ਵਿਕਾਸ ਲੋਕ ਸੰਗੀਤ 'ਚੋਂ ਹੋਇਆ। 'ਆਸਾ ਦੀ ਵਾਰ' ਨੂੰ ਟੁੰਡੇ ਅਸਰਾਜੈ ਦੀ ਧੁਨੀ ਉਤੇ ਗਾਉਣ ਦਾ ਸੰਕੇਤ ਆਸਾ ਰਾਗ ਦਾ ਲੋਕ ਸੰਗੀਤ ਉਤੇ ਆਧਾਰਿਤ ਹੋਣ ਬਾਰੇ ਪਤਾ ਲਗਦਾ ਹੈ। ਕ੍ਰਿਆਤਮਕ ਤੌਰ 'ਤੇ ਇਸ ਰਾਗ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ।

1. ਸੰਪੂਰਣ ਜਾਤੀ ਦਾ ਰਾਗ ਜਿਸ ਵਿਚ ਸੱਤ ਸ਼ੁਧ ਸੁਰ ਲਗਦੇ ਹਨ, ਇਸਦਾ ਵਾਦੀ ਰੇ ਅਤੇ ਸੰਵਾਦੀ ਮ ਹੈ। ਕਈ ਧ ਨੂੰ ਵਾਦੀ ਅਤੇ ਗ ਨੂੰ ਸੰਵਾਦੀ ਸੁਰ ਮੰਨਦੇ ਹਨ। ਗਾਉਣ ਸਮਾਂ ਤੜਕਸਾਰ ਹੈ ਤੇ ਕਈ ਸ਼ਾਮ ਸਮੇਂ ਵੀ ਇਸਦਾ ਗਾਇਨ ਕਰਦੇ

ਹਨ[1]

2. ਪ੍ਰੋ. ਤਾਰਾ ਸਿੰਘ,[2] ਡਾ. ਗੁਰਨਾਮ ਸਿੰਘ,[3] ਸੰਤ ਸਰਵਣ ਸਿੰਘ[4] ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ[5], ਗਿਆਨ ਸਿੰਘ ਐਬਟਾਬਾਦ[6] ਰਾਗ ਨਿਰਣਾਇਕ ਕਮੇਟੀ[7] ਨੇ ਇਸ ਸਰੂਪ ਨੂੰ ਪ੍ਰਮਾਣਿਕ ਮੰਨਿਆ ਹੈ:

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਖੜਜ |
| ਸਮਾਂ | : | ਸਵੇਰ ਦਾ ਸੰਧੀ ਪ੍ਰਕਾਸ਼, ਸ਼ਾਮ ਦਾ ਸੰਧੀ ਪ੍ਰਕਾਸ਼। | | | |
| ਆਰੋਹ | . | ਸਾ ਰੇ ਮ ਪ ਧ ਸਾਂ | | | |
| ਅਵਰੋਹ | : | ਸਾਂ ਨੀ ਧ ਪ ਮ ਗ ਰੇ ਸਾ | | | |
| ਪਕੜ | : | ਰੇ ਮ ਪ, ਧ ਸਾਂ, ਨੀ ਧ ਪ ਮ, ਗ ਰੇ ਗ ਸਾ। | | | |

---

1. ਪਿਆਰਾ ਸਿੰਘ (ਪ੍ਰੋ), ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 46
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 71-72
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 46
4- ਸੁਰ ਸਿਮਰਣ ਸੰਗੀਤ(ਭਾਗ ਦੂਜਾ) ਪੰਨਾ 109
5- ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ) ਪੰਨਾ 79
6- ਗੁਰਬਾਣੀ ਸੰਗੀਤ (ਭਾਗ ਪਹਿਲਾ) ਪੰਨਾ 29
7- ਸਿਮ੍ਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, (ਸੰਪਾ: [illegible] ਸਿੰਘ, ਡਾ. ਗੁਰਨਾਮ ਸਿੰਘ), ਪੰਨਾ 4

(ੳ) ਆਸਾ ਕਾਫ਼ੀ: ਸ੍ਰੀ ਗੁਰੂ ਗ੍ਰੰਥ ਸਾਹਿਬਵਿੱਚ ਰਾਗ ਆਸਾ ਕਾਫ਼ੀ, ਰਾਗ ਆਸਾ ਅਧੀਨ ਆਸਾ ਦੇ ਪ੍ਰਕਾਰ ਵਜੋਂ ਅੰਕਿਤ ਹੈ। ਆਸਾ ਅਤੇ ਕਾਫ਼ੀ ਦੋ ਭਿੰਨ-ਭਿੰਨ ਅਤੇ ਸੁਤੰਤਰ ਰਾਗ ਹਨ। ਇਨ੍ਹਾਂ ਦੋਹਾਂ ਦੇ ਮਧੁਰ ਅੰਸ਼ਾਂ ਦਾ ਮਿਸ਼੍ਰਣ ਅਜਿਹੇ ਢੰਗ ਨਾਲਕੀਤਾ ਗਿਆ ਹੈ ਕਿ ਇਹ ਭਿੰਨ ਰਾਗ ਹੁੰਦਿਆਂ ਹੋਇਆਂ ਵੀ ਇਕ ਹੀ ਰਾਗ ਦਾ ਪ੍ਰਭਾਵ ਪੈਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਆਸਾ ਕਾਫ਼ੀ ਦੇ ਇਕ ਸੰਯੁਕਤ ਰਾਗ ਹੋਣ ਸੰਬੰਧੀ ਵਿਦਵਾਨਾਂ ਵਿੱਚ ਕੁਝਮੱਤਭੇਦ ਹਨ। ਡਾ.ਦੇਵਿੰਦਰ ਸਿੰਘ ਵਿਦਿਆਰਥੀ ਨੇ ਕਾਫ਼ੀ ਤੋਂ ਪਹਿਲਾਂ ਅਸਟਪਦੀਆ ਦੇ ਚਲਦੇ ਆ ਰਹੇ ਅੰਕਾਂ ਦਾ ਕ੍ਰਮ ਅੱਗੇ ਵੀ ਕ੍ਰਮਵਾਰ ਜਾਰੀ ਚਲਦਾ ਰਹਿਣ ਤੇ ਸਿੱਧ ਕੀਤਾ ਹੈ ਕਿ ਕਾਫੀਰਾਗ ਨਹੀਂ,ਕਾਫ਼ੀ ਨਾਮ ਕਾਵਿ ਰੂਪ ਦਾ ਦੱਸਿਆ ਹੈ।[1] ਡਾ. ਸੁਰਿੰਦਰ ਸਿੰਘ ਕੋਹਲੀ ਨੇ ਕਾਫ਼ੀ ਨੂੰ ਗਾਇਨ ਸ਼ੈਲੀ ਸਵੀਕਾਰਿਆ ਹੈ।[2] ਸ੍ਰੀਮਤੀਗੀਤਾ ਪੈਂਤਲ ਨੇ ਵੀ ਕਾਫ਼ੀ ਨੂੰ ਸ਼ੈਲੀ ਮੰਨਿਆ ਹੈ।[3] ਫਰੀਦਕੋਟੀ ਟੀਕਾ ਵਿੱਚ ਕਾਫ਼ੀ ਨੂੰ ਵੈਰਾਗ ਸੂਚਕ ਛੰਦ ਕਿਹਾ ਹੈ।[3] ਇਸ ਸੰਬੰਧ ਵਿਚ ਪ੍ਰੋ. ਸਾਹਿਬ ਸਿੰਘ ਜੀ 'ਰਾਗ ਆਸਾ ਘਰ ੮ ਕਾਫ਼ੀ ਮਹਲਾ ੩

---

1. ਗੁਰਬਾਣੀ ਦੇ ਰਾਗ ਸੰਬੰਧ ਅਤੇ ਸਾਰਥਕਤਾ, ਪੰਨਾ 42
2. ਚੋਣਵੀਆਂ ਕਾਫ਼ੀਆਂ, ਪੰਨਾ 3
3. ਪੰਜਾਬ ਕੀ ਸੰਗੀਤ ਪਰੰਪਰਾ, ਪੰਨਾ 93
4-ਫਰੀਦਕੋਟੀ ਟੀਕਾ, ਪੰਨਾ 1548

ਉਤੇ ਵਿਚਾਰ ਕਰਦਿਆਂ ਲਿਖਦੇ ਹਨ, 'ਆਸਾ ਘਰ ਕੇ ਕਾਫੀ ਲਫਜ਼ ਕੇ ਪੁਲਿੰਗ ਹੈ । ਜੇ ਲਫ਼ਜ 'ਕਾਫੀ' ਕਾਫ਼ੀਆਂ ਵਾਸਤੇ ਹੁੰਦਾ ਹੈ ਤਾਂ ਕੇ ਦੇ ਥਾਂ ਕੀਆਂ ਹੁੰਦਾ ਹੈ। ਸੋ 'ਕਾਫੀ' ਰਾਗ ਦਾ ਨਾਮ ਹੈ।[1] ਆਸਾ ਘਰ ਅਠਵੇਂ ਦੇ ਦੋ ਸ਼ਬਦ ਰਾਗ ਕਾਫ਼ੀ ਨਾਲ ਮਿਲਾ ਕੇ ਗਾਏ ਜਾਣ ਵਾਲੇ ਇਸ ਕਥਨ ਅਨੁਸਾਰ ਪ੍ਰੋ. ਸਾਹਿਬ ਜੀ ਨੇ 'ਆਸਾ ਕਾਫ਼ੀ' ਨੂੰ ਆਸਾ ਤੇ ਕਾਫ਼ੀ ਦਾ ਸੁਮੇਲ ਸਵੀਕਾਰਿਆ ਹੈ। ਹਿੰਦੀ ਸ਼ਬਦ ਸਾਗਰ ਵਿੱਚ ਕਾਫ਼ੀ ਨੂੰ ਇਕ ਵਿਸ਼ੇਸ਼ ਰਾਗ ਦੱਸਿਆ ਹੈ ਅਤੇ ਇਸਦੇ ਕਈ ਪ੍ਰਕਾਰ ਕਾਫ਼ੀ ਕਾਨੜਾ, ਕਾਫ਼ੀ ਟੋਡੀ, ਕਾਫ਼ੀ ਹੋਲੀ ਹਨ।[2] 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਵੀ ਕਾਫ਼ੀ ਨੂੰ ਰਾਗਣੀ ਮੰਨਿਆ ਹੈ ਜੋ ਆਸਾ ਨਾਲ ਮਿਲਾ ਕੇ ਲਿਖੀ ਗਈ ਹੈ।[3] ਡਾ. ਗੁਰਨਾਮ ਸਿੰਘ ਜੀ ਨੇ ਵੀ ਰਾਗ 'ਆਸਾ ਕਾਫ਼ੀ' ਇਕ ਰੂਪ ਸਵੀਕਾਰਿਆ ਹੈ।[4] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਕ ਸਿਰਲੇਖ:

ੴ ਸਤਿਗੁਰ ਪ੍ਰਸਾਦਿ ।

ਆਸਾ ਕਾਫ਼ੀ ਮਹਲਾ ੧ ਘਰੁ ਅਸਟਪਦੀਆ।[5]

---

1. ਸ੍ਰੀ ਗੁਰੂ ਗ੍ਰੰਥ ਸਾਹਿਬ 'ਦਰਪਣ(ਪੋਥੀ ਤੀਜੀ), ਪੰਨਾ 119
2. ਸ਼ਿਆਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ, ਪੰਨਾ 537
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ(ਪੋਥੀ ਪਹਿਲੀ) ਪੰਨਾ 369
4. ਆਦਿ ਗ੍ਰੰਥ: ਰਾਗ ਕੋਸ਼ ਪੰਨਾ 47
5. ਆਦਿ ਗ੍ਰੰਥ, ਪੰਨਾ 418

ਉਪਰੋਕਤ ਵਿਵਾਦ ਗ੍ਰਸਤ ਕਥਨ ਦੀ ਪੁਸ਼ਟੀ ਕਰਦਾ ਹੈ ਕਿ 'ਆਸਾ ਕਾਫ਼ੀ' ਇਕ ਸੁਤੰਤਰ ਰਾਗ ਹੈ ਅਤੇ ਅਸਟਪਦੀ ਗਾਇਨ ਸ਼ੈਲੀ ਜਾਂ ਕਾਵਿ ਰੂਪ ਵਜੋ ਦਰਜ ਹੈ। ਭਾਰਤੀ ਸੰਗੀਤ ਵਿੱਚ ਆਸਾ ਕਾਫ਼ੀ ਰਾਗ ਅਪ੍ਰਚੱਲਿਤ ਹੈ। ਕਿਰਿਆਤਮਕ ਤੌਰ 'ਤੇ ਇਸਦੇ ਦੋ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ:

| | | | | |
|---|---|---|---|---|
| 1. | ਥਾਟ | :ਬਿਲਾਵਲ ਕਾਫ਼ੀ | ਜਾਤੀ | :ਔੜਵ -ਸੰਪੂਰਣ |
| | ਵਾਦੀ | :ਮਧਿਅਮ | ਸੰਵਾਦੀ | : ਸ਼ੜਜ |
| | ਸੁਰ | : ਗੰਧਾਰ, ਨਿਸ਼ਾਦ ਕੋਮਲ | ਸਮਾਂ | : ਸਵੇਰ ਤੇ ਸ਼ਾਮ |
| | ਆਰੋਹ | : ਸ ਰੇ ਮ ਪ ਧ ਸਾਂ | | |
| | ਅਵਰੋਹ | : ਸਾਂ ਨੁ ਧ ਪ ਮ ਗੁ ਰੇ ਸਾ | | |
| | ਪਕੜ | : ਮ ਪ ਧ ਸਾਂ, ਨੀ ਧ ਪ, ਧ ਮ ਪ ਗੁ ਰੇ ਸਾ।[1] | | |

ਡਾ.ਗੁਰਨਾਮ ਸਿੰਘ[2] ਤੇ ਪ੍ਰੋ. ਤਾਰਾ ਸਿੰਘ ਜੀ[3] ਨੇ ਆਸਾ ਕਾਫ਼ੀ ਦੇ ਇਸ ਸਰੂਪ ਨੂੰ ਸਵੀਕਾਰਿਆ ਹੈ।

| | | | | |
|---|---|---|---|---|
| 2. | ਥਾਟ | : ਕਾਫ਼ੀ | ਜਾਤੀ | : ਔੜਵ-ਸੰਪੂਰਣ |
| | ਵਾਦੀ | : ਪੰਚਮ | ਸੰਵਾਦੀ | : ਰਿਸ਼ਭ |
| | ਸੁਰ | : ਗੰਧਾਰ ਕੋਮਲ, ਨਿਸ਼ਾਦ ਦੋਵੇਂ | ਸਮਾਂ | : ਰਾਤ ਦਾ ਪਹਿਲਾ ਪਹਿਰ |
| | ਆਰੋਹ | : ਸਾ, ਰੇ ਮ ਪ, ਧ ਨੀ ਧ ਧ ਸਾਂ ਨੀ ਸਾਂ | | |
| | ਅਵਰੋਹ | :ਸਾਂ, ਰੇਂ ਨੀ ਧ ਪ, ਧ ਪ ਮ ਪ, ਗੁ ਰੇ ਸਾ | | |
| | ਪਕੜ | : ਨੀ ਧ ਪ, ਧ ਪ ਮ ਪ, ਗੁ ਰੇ ਸਾ, ਰੇ ਮ ਪ | | |

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 47
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 81-82

(ਅ) ਆਸਾਵਰੀ: ਰਾਗ ਆਸਾਵਰੀ ਪੁਰਾਤਨ ਅਤੇ ਅਪ੍ਰਚੱਲਿਤ ਰਾਗ ਹੈ। ਭਾਰਤੀ ਸੰਗੀਤ ਵਿੱਚ ਰਾਗ ਆਸਾਵਰੀ ਦੇ ਦੋ ਪ੍ਰਕਾਰ ਪ੍ਰਚਾਰ ਵਿੱਚ ਹਨ- ਇਕ ਆਸਾਵਰੀ ਕੋਮਲ ਰਿਸ਼ਭ ਅਤੇ ਦੂਸਰਾ ਆਸਾਵਰੀ ਸ਼ੁਧ ਅੰਗ।ਆਸਾਵਰੀ ਕੋਮਲ ਰਿਸ਼ਭ ਨਾਮ ਤੋਂ ਹੀ ਸਪਸ਼ਟ ਹੈ ਕਿ ਇਸ ਵਿੱਚ ਕੋਮਲ ਰਿਸ਼ਭ ਦੀ ਵਰਤੋਂ ਹੁੰਦੀ ਹੈ ਅਤੇ ਦੂਸਰਾ ਆਸਾ-ਵਰੀ ਸ਼ੁਧ ਅੰਗ ਵਿੱਚ ਸ਼ੁਧ ਰਿਸ਼ਭ ਦਾ ਪ੍ਰਯੋਗ ਹੁੰਦਾ ਹੈ। ਪ੍ਰਾਚੀਨ ਸਮੇਂ ਵਿਚ ਕੋਮਲ ਰਿਸ਼ਭ ਵਾਲੀ ਆਸਾਵਰੀ ਨੂੰ ਆਸਾਵਰੀ ਕੋਮਲ ਰਿਸ਼ਭ ਨਹੀਂ ਕਿਹਾ ਜਾਂਦਾ ਸੀ ਪਰ ਆਸਾਵਰੀ ਸ਼ੁਧ ਅੰਗ ਨੂੰ 'ਆਸਾਵਰੀ ਸੁਧੰਗ' ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਸੀ। ਗੁਰਮਤਿ ਸੰਗੀਤ ਪੱਧਤੀ ਵਿੱਚ ਆਸਾਵਰੀ ਦੇ ਇਨ੍ਹਾਂ ਦੋਵੇਂ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰਮਤਿ ਸੰਗੀਤ ਵਿੱਚ ਕੋਮਲ ਰਿਸ਼ਭ ਆਸਾਵਰੀ ਨੂੰ 'ਆਸਾਵਰੀ' ਅਤੇ ਆਸਾਵਰੀ ਸ਼ੁਧ ਅੰਗ ਨੂੰ 'ਆਸਾਵਰੀ ਸੁਧੰਗ' ਨਾਮ ਨਾਲ ਹੀ ਲਿਖਿਆ ਗਿਆ ਹੈ । ਭਾਈ ਵੀਰ ਸਿੰਘ ਜੀ ਨੇ ਆਪਣੇ ਲਿਖਤ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸੁਰ ਤਾਲ ਸਮੂਹ' ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਰਾਗ ਆਸਾਵਰੀ, ਮਲ੍ਹਾਰ, ਪਰਜ, ਬਸੰਤ ਤਿੰਨਾਂ ਦੇ ਮੇਲ ਤੋਂ ਬਣਦੀ ਹੈ।[1] ਪੰ. ਤਾਰਾ ਸਿੰਘ ਨਰੋਤਮ ਅਨੁਸਾਰ,"ਰਾਗ ਆਸਾਵਰੀ ਭੈਰੋ, ਪਰਜ ਇਨ੍ਹਾਂ ਤਿੰਨਾਂ ਦੇ ਮੇਲ ਤੋਂ ਬਣੀ ਸੰਕੀਰਣ ਰਾਗਣੀ ਹੈ।[2]

---

1. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ(ਪੋਥੀ ਪੰਜਵੀਂ )ਪੰਨਾ 2196
2. ਗ੍ਰੰਥ ਗੁਰੂ ਗਿਰਾਰਥ ਕੋਸ਼, ਪੰਨਾ 159

ਆਸਾਵਰੀ ਰਾਗ ਦੇ ਦੋਨੋਂ ਸਰੂਪਾਂ ਦੇ ਨਾਦਾਤਮਕ ਸਰੂਪ ਹੇਠ ਲਿਖੇ ਅਨੁਸਾਰ ਹਨ:

ਆਸਾਵਰੀ(ਕੋਮਲ ਰਿਸ਼ਭ ਵਾਲੀ)

1. ਥਾਟ :- ਆਸਾਵਰੀ    ਜਾਤੀ : ਔੜਵ-ਸੰਪੂਰਣ

ਵਾਦੀ : ਧੈਵਤ    ਸੰਵਾਦੀ : ਗੰਧਾਰ

ਸੁਰ : ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ ਕੋਮਲ    ਸਮਾਂ : ਦੂਜਾ ਪਹਿਰ ਦਿਨ

ਆਰੋਹ : ਸਾ, ਰੇ ਮ, ਪ, ਧ ਸਾਂ

ਅਵਰੋਹ : ਸਾਂ ਨੀ ਧ, ਪ, ਮ, ਪ ਧ ਮ ਪ ਗ ਰੇ ਸਾ।[1]

2. ਥਾਟ : ਆਸਾਵਰੀ    ਜਾਤੀ : ਔੜਵ-ਸੰਪੂਰਣ

ਵਾਦੀ : ਧੈਵਤ    ਸੰਵਾਦੀ : ਗੰਧਾਰ

ਸੁਰ : ਗੰਧਾਰ, ਨਿਸ਼ਾਦ ਧੈਵਤ ਕੋਮਲ    ਵਰਜਿਤ ਸੁਰ : ਆਰੋਹ ਵਿੱਚ ਗੰਧਾਰ, ਨਿਸ਼ਾਦ

ਸਮਾਂ : ਦਿਨ ਦਾ ਦੂਸਰਾ ਪਹਿਰ

ਆਰੋਹ : ਸਾ, ਰੇ ਮ ਪ ਧ ਸਾਂ

ਅਵਰੋਹ : ਸਾਂ ਨੀ ਧ, ਪ ਧ ਪ, ਗ ਰੇ ਸਾ

ਮੁੱਖ ਅੰਗ : ਸਾ ਰੇ ਮ ਪ ਨੀ ਧ ਪ[2]

---

1. ਭਾਤਖੰਡੇ, ਵਿਸ਼ਨੂੰ ਨਾਰਾਇਣ, (ਪੰਡਿਤ) ਕ੍ਰਮਿਕ ਪੁਸਤਕ ਮਾਲਿਕਾ (ਭਾਗ ਦੂਸਰਾ) ਪੰਨਾ 362
2. ਜਗਦੀਸ਼ ਨਾਰਾਇਣ ਕੁਲਸਰੇਸ਼ਠ, ਸੰਗੀਤ ਸ਼ਾਸਤਰ, (ਸੰਪਾ. ਲਕਸ਼ਮੀ ਨਾਰਾਇਣ ਗਰਗ), ਪੰਨਾ 30-31

(5) ਗੂਜਰੀ:

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ।।
ਗੁਰ ਕੈ ਸਬਦਿ ਵੀਚਾਰਿ ਅਨੁਦਿਨੁ ਹਰਿ ਜਪੁ ਜਾਪਣਾ।[1]

ਰਾਗ ਗੂਜਰੀ ਨੂੰ ਪ੍ਰੋ. ਹਰਬੰਸ ਸਿੰਘ ਜੀ ਗੁਜਰਾਤ ਦੇਸ਼ ਨਾਲ ਸੰਬੰਧਿਤ ਅਤੇ ਇਸਦਾ 'ਗੁਜਰ' ਕੌਮ ਤੋਂ ਨਿਕਾਸ ਹੋਇਆ ਮੰਨਦੇ ਹਨ।[2] ਪੁਰਾਤਨ ਸੰਗੀਤਵੇਤਾ ਇਸਨੂੰ ਦੀਪਕ ਦੀ ਇਸਤਰੀ ਮੰਨਦੇ ਹਨ [3] ਪਰ ਗੁਰਮਤਿ ਸੰਗੀਤ ਵਿਚ ਇਸਨੂੰ 'ਰਾਗ ਗੂਜਰੀ' ਦੇ ਨਾਮ ਨਾਲ ਸਵੀਕਾਰਿਆ ਗਿਆ ਹੈ। ਰਾਗ ਗੂਜਰੀ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ ਜੋ ਇਸ ਪ੍ਰਕਾਰ ਹਨ:

1. ਥਾਟ : ਪੂਰਵੀ — ਜਾਤੀ : ਔੜਵ-ਸ਼ਾੜਵ

ਵਾਦੀ : ਰਿਸ਼ਭ — ਸੰਵਾਦੀ : ਪੰਚਮ

ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ — ਵਰਜਿਤ ਸੁਰ : ਆਰੋਹ ਵਿੱਚ ਗੰਧਾਰ ਧੈਵਤ, ਅਵਰੋਹ ਵਿਚ ਗੰਧਾਰ

ਸਮਾ : ਸ਼ਾਮ

ਆਰੋਹ : ਸਾ ਰੇ ਮੇ ਪ ਨੀ ਸਾਂ

ਅਵਰੋਹ : ਸਾਂ ਨੀ ਧੁ ਪ ਮੇ ਰੇ ਸਾ[4]

---

1. ਵਾਰ ਗੂਜਰੀ ਮ: ੩, ਸਲੋਕ ਮ: ੩, ਆਦਿ ਗ੍ਰੰਥ, ਪੰਨਾ 516
2. ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 271
3. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 142
4. ਰਾਜਾ ਨਵਾਬ ਅਲੀ, ਮਾਰਿਫੁਨਗਮਾਤ (ਪ੍ਰਥਮ ਭਾਗ), ਪੰਨਾ 243

| | | | |
|---|---|---|---|
| 2. ਥਾਟ : | ਭੈਰਵ | ਜਾਤੀ | : ਸੰਪੂਰਣ-ਔੜਵ |
| ਵਾਦੀ : | ਧੈਵਤ | ਸੰਵਾਦੀ | : ਰਿਸ਼ਭ |
| ਸੁਰ : | ਰਿਸ਼ਭ, ਧੈਵਤ ਕੋਮਲ ਅਤੇ ਅੰਦੋਲਿਤ ਹਨ | ਵਰਜਿਤ ਸੁਰ : | ਅਵਰੋਹ ਵਿੱਚ ਮਧਿਅਮ ਅਤੇ ਨਿਸ਼ਾਦ |
| ਮਿਸ਼ਰਣ : | ਭੈਰਵ ਅਤੇ ਟੋਡੀ | ਸਮਾਂ | : ਦਿਨ ਦਾ ਪਹਿਲਾ ਪਹਿਰ |

ਇਸਦੇ ਅਵਰੋਹ ਵਿਚ ਰਿਸ਼ਭ ਕੋਮਲ ਦੇ ਨਾਲ ਕੋਮਲ ਗੰਧਾਰ ਲਿਆ ਜਾਂਦਾ ਹੈ:

ਆਰੋਹ : ਸਾ ਰੇ, ਗ, ਮੇ, ਪ ਨੀ ਧ ਨੀ, ਸਾਂ

ਅਵਰੋਹ : ਸਾਂ, ਧ, ਪਗ, ਰੇ ਗ ਰੇ, ਸਾ[1]

3. ਪ੍ਰੋ. ਤਾਰਾ ਸਿੰਘ[2], ਡਾ. ਗੁਰਨਾਮ ਸਿੰਘ,[3] ਰਾਗ ਨਿਰਣਾਇਕ ਕਮੇਟੀ,[4] ਭਾਈਅਵਤਾਰ ਸਿੰਘ ਭਾਈ ਗੁਰਚਰਨ ਸਿੰਘ[5] ਗਿਆਨ ਸਿੰਘ ਐਬਟਾਬਾਦ[6] ਨੇ ਰਾਗ ਗੂਜਰੀ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ।

| | | | |
|---|---|---|---|
| ਥਾਟ : | ਤੋੜੀ | ਜਾਤੀ : | ਸ਼ਾੜਵ-ਸ਼ਾੜਵ |
| ਵਾਦੀ : | ਧੈਵਤ ਕੋਮਲ | ਸੰਵਾਦੀ : | ਰਿਸ਼ਭ ਕੋਮਲ |
| ਸੁਰ : | ਰਿਸ਼ਭ, ਗੰਧਾਰ, ਧੈਵਤ ਕੋਮਲ ਮਧਿਅਮ ਤੀਵਰ | ਵਰਜਿਤ : | ਪੰਚਮ |

---

1. ਸ੍ਰੀ ਭਗਵਤੀ ਪ੍ਰੇਮ ਸ਼ੰਕਰ ਭੱਟ ਪੁਸ਼ਟੀ ਸੰਗੀਤ ਪ੍ਰਕਾਸ਼, ਪੰਨਾ 7.
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 85-86
3. ਆਦਿ ਗ੍ਰੰਥ: ਰਾਗ ਕੋਸ਼ ਪੰਨਾ 50
4. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 ਪੰਨਾ 5
5. ਪ੍ਰਾਚੀਨ ਰੀਤ ਰਤਨਾਵਲੀ-(ਭਾਗ ਪਹਿਲਾ)ਪੰਨਾ 159
6. ਗੁਰਬਾਣੀ ਸੰਗੀਤ(ਭਾਗ ਪਹਿਲਾ)ਪੰਨਾ77

ਸਮਾਂ : ਦਿਨ ਦਾ ਦੂਸਰਾ ਪਹਿਰ

ਆਰੋਹ : ਸਾ ਰੇ ਗੁ ਮੇ ਧੁ ਨੀ ਸਾਂ

ਅਵਰੋਹ : ਸਾਂ ਨੀ ਧੁ ਮੇ ਗੁ ਰੇ, ਗੁ ਰੇ ਸਾ

ਪਕੜ : ਸ ਧੁ, ਮੇ, ਧੁ ਨੀ ਸਾਂ, ਨੀ ਧੁ ਮੇ ਗੁ ਰੇ, ਗੁ ਰੇ ਸਾ।

ਕੁਝ ਸੰਗੀਤਕਾਰ ਇਸ ਵਿੱਚ ਗੰਧਾਰ ਸੁਰ ਸੰਵਾਦੀ ਮੰਨਦੇ ਹਨ ਪਰ ਬਹੁਮਤ ਅਨੁਸਾਰ ਰਿਸ਼ਭ ਹੀ ਸੰਵਾਦੀ ਹੈ। ਇਸ ਰਾਗ ਵਿੱਚ ਸ਼ੜਜ ਸੁਰ ਵਿੱਚ ਪ੍ਰਵੇਸ਼ ਕਰਨ ਸਮੇਂ ਨਿਸ਼ਾਦ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਜਿਵੇਂ- ਮੇ ਧੁ ਸਾਂ ਜਾਂ ਮੇ ਧੁ ਨੀ ਮੇ ਧੁ ਸਾਂ।

(6) <u>ਦੇਵਗੰਧਾਰੀ</u>:

ਰਾਗ ਦੇਵਗੰਧਾਰੀ ਪੁਰਾਤਨ ਅਤੇ ਅਪ੍ਰਚੱਲਿਤ ਰਾਗ ਹੈ। ਮੱਧਕਾਲ ਦੇ ਸੰਗੀਤ ਗ੍ਰੰਥਾਂ ਵਿਚ 'ਰਾਗ ਦੇਵਗੰਧਾਰੀ' ਦਾ ਉਲੇਖ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮਿਲਦਾ ਹੈ। ਪ੍ਰਾਚੀਨ ਹੋਣ ਨਾਤੇ ਇਸ ਰਾਗ ਦੇ ਕਈ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ:

(1) ਪ੍ਰੋ. ਤਾਰਾ ਸਿੰਘ ਜੀ ਅਨੁਸਾਰ, ਦੇਵਗੰਧਾਰੀ ਦੇ ਦੋ ਪ੍ਰਕਾਰ ਹਨ, ਦੋਵੇਂ ਆਸਾਵਰੀ ਮੇਲ ਤੋਂ ਉਤਪੰਨ ਮੰਨੇ ਜਾਂਦੇ ਹਨ।

(I) ਪਹਿਲਾ ਪ੍ਰਕਾਰ, ਜਿਸ ਦੇ ਆਰੋਹ ਵਿੱਚ ਰਿਸ਼ਭ, ਧੈਵਤ ਵਰਜਿਤ, ਅਵਰੋਹ ਸੰਪੂਰਣ, ਵਾਦੀ ਧੈਵਤ, ਸੰਵਾਦੀ ਗੰਧਾਰ, ਸਮਾਂ ਪ੍ਰਾਤਹਕਾਲ ਹੈ। ਇਸਦੇ ਪੂਰਵਾਂਗ ਵਿੱਚ ਧਨਾਸਰੀ ਅਤੇ ਉਤਰਾਂਗ ਵਿੱਚ ਜੋਨਪੁਰੀ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ।

(II) ਦੂਜੇ ਪ੍ਰਕਾਰ ਵਿੱਚ ਧੈਵਤ, ਨਿਸ਼ਾਦ ਕੋਮਲ, ਗੰਧਾਰ ਦੋਵੇਂ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ।

ਜਾਤੀ ਇਸਦੀ ਸੰਪੂਰਨ-ਸੰਪੂਰਨ ਅਤੇ ਗਾਉਣ ਵੇਲਾ ਦਿਨ ਦਾ ਦੂਜਾ ਪਹਿਰ ਹੈ। ਦੇਵਗੰਧਾਰੀ ਦਾ ਇਹ ਪ੍ਰਕਾਰ ਮਨੋਰੰਜਕ ਹੋਣ ਦੇ ਨਾਤੇ ਇਸਨੂੰ ਉਤਰਾਂਗ ਪ੍ਰਧਾਨ ਰਾਗਾਂ ਦੇ ਵਰਗ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ[1]

2. ਥਾਟ : ਭੈਰਵ — ਜਾਤੀ : ਔੜਵ-ਸੰਪੂਰਨ

ਵਾਦੀ : ਮਧਿਅਮ — ਸੰਵਾਦੀ : ਸ਼ੜਜ

ਸੁਰ : ਦੋਵੇਂ ਧੈਵਤ, ਦੋਵੇਂ ਨਿਸ਼ਾਦ — ਸਮਾਂ : ਦਿਨ ਦਾ ਪਹਿਲਾ ਪਹਿਰ(6 ਤੋਂ 9 ਸਵੇਰ)

ਆਰੋਹ : ਸਾ ਰੇ ਮ ਪ ਧੁ ਪ ਮ, ਪ ਧ ਸਾਂ, ਰੇਂ ਸਾਂ

ਅਵਰੋਹ : ਰੇਂ ਸਾਂ ਨੀ ਧੁ ਪ, ਮ ਨੁੀ ਪ, ਮ ਗ ਰੇ ਸਾ

ਮੁੱਖ ਅੰਗ : ਮ, ਪ ਧੁ,ਪ ਮ, ਗ, ਸਾ ਰੇ ਮ ।[2]

3. ਥਾਟ ਇਹ ਭਾਰਤੀ ਸੰਗੀਤ ਦੇ ਦਸਾਂ ਥਾਟਾਂ ਵਿੱਚੋਂ ਕਿਸੇ ਥਾਟ ਦੇ ਅਧੀਨ ਨਹੀਂ ਆਉਂਦਾ ਕਿਉਂਕਿ ਇਸਦਾ ਸਰੂਪ ਬਹੁਤ ਜਟਿਲ ਹੈ ਪਰ ਫੇਰ ਵੀ ਇਸਨੂੰ ਆਸਾਵਰੀ ਥਾਟ ਅਧੀਨ ਮੰਨਿਆ ਜਾ ਸਕਦਾ ਹੈ।

ਜਾਤੀ : ਸੰਪੂਰਨ — ਵਾਦੀ : ਸ਼ੜਜ

ਸੰਵਾਦੀ : ਪੰਚਮ — ਸਮਾਂ : ਸਵੇਰ (8 ਤੋਂ 9 ਵਜੇ)

ਆਰੋਹ : ਸਾ ਰੇ ਗ, ਮ ਨੁੀ ਧੁ ਨੁੀ ਪ, ਮ ਪ ਧੁ ਨੁੀ ਸਾਂ।

---

1. ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 38

2. Mansukhani, G.S., Indian Classical Music and Sikh Kirtan, Page 145

ਇਸ ਰਾਗ ਦੀ ਮੁੱਖ ਸੁਰ ਸੰਗਤੀ 'ਸਾ, ਰੇ ਨੀ, ਰੇ ਪ ਗ ਰੇ ਰੇ ਸਾ ਹੈ। ਸੁਧ ਗੰਧਾਰ ਦੀ ਵਰਤੋਂ 'ਸਾ ਰੇ ਗ ਪ ਧੁ ਨੀ ਸਾਂ' ਸੁਰ ਸੰਗੀਤ ਅਨੁਸਾਰ ਕੀਤੀ ਜਾਂਦੀ ਹੈ। ਇਸਦੇ ਅੰਤਰੇ ਦਾ ਉਠਾਉ 'ਮ ਪ ਧੁ ਧੁ ਨੀ ਪ ਸਾਂ' ਸੁਰ ਸੰਗਤਿ ਅਨੁਸਾਰ ਕੀਤਾ ਜਾਂਦਾ ਹੈ ਜੋ ਇਸਦੇ ਸਮਪ੍ਰਕ੍ਰਿਤਕ ਰਾਗਾਂ ਵਿਚੋਂ ਕਿਸੇ ਵਿੱਚ ਨਹੀਂ ਮਿਲਦਾ ।[1]

4. ਰਾਗ ਦੇਵਗੰਧਾਰੀ ਦੇ ਇਸ ਸਰੂਪ ਨੂੰ ਪ੍ਰਵਾਨਿਤ ਦਰਜਾ ਦਿੱਤਾ ਗਿਆ ਹੈ। ਪ੍ਰੋ. ਤਾਰਾ ਸਿੰਘ,[2] ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਨੂੰ ਅਪਣਾਇਆ ਹੈ।

| | | | | | |
|---|---|---|---|---|---|
| ਥਾਟ | : | ਆਸਾਵਰੀ ਅੰਗ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਦੋਵੇਂ ਧੈਵਤ<br>ਦੋਵੇਂ ਨਿਸ਼ਾਦ | ਸਮਾਂ | : | ਦਿਨ ਦਾ ਦੂਜਾ<br>ਪਹਿਰ |

ਆਰੋਹ : ਸ ਰੇ ਮ ਪ ਧ ਸਾਂ।

ਅਵਰੋਹ : ਸਾਂ ਨੀ ਧ ਪ, ਮ ਪ, ਧੁ ਨੀ ਧੁ ਪ, ਮ ਗ ਰੇ ਸਾ

ਮੁੱਖ ਅੰਗ : ਧੁ ਨੀ ਧੁ ਪ, ਮ ਗ, ਸਾ ਰੇ ਮ, ਗ ਸਾ ਰੇ ਗ ਸਾ

---

1. ਗੁਰਨਾਮ ਸਿੰਘ, ( ਡਾਂ.) ਆਦਿ ਗ੍ਰੰਥ: ਰਾਗ ਕੋਸ਼, ਪੰਨਾ 51
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 90
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 5

(ੳ) ਦੇਵਗੰਧਾਰ: ਰਾਗ ਦੇਵਗੰਧਾਰ ਪੁਰਾਤਨ ਅਤੇ ਸੁਰੀਲਾ ਰਾਗ ਹੈ। ਇਸ ਰਾਗ ਦੇ ਸਰੂਪ ਹੇਠ ਲਿਖੇ ਅਨੁਸਾਰ ਹਨ:

1. ਥਾਟ : ਆਸਾਵਰੀ     ਜਾਤੀ : ਸੰਪੂਰਣ(ਕਈ ਆਰੋਹ ਵਿੱਚ 'ਗੰਧਾਰ' ਵਰਜਿਤ ਕਰਦਿਆਂ ਜਾਤੀ ਸ਼ਾੜਵ-ਸੰਪੂਰਣ ਮੰਨਦੇ ਹਨ।

ਵਾਦੀ : ਧੈਵਤ     ਸੰਵਾਦੀ : ਗੰਧਾਰ

ਸੁਰ : ਧੈਵਤ, ਨਿਸ਼ਾਦ
ਕੋਮਲ, ਦੋਵੇਂ ਗੰਧਾਰ

ਆਰੋਹ : ਸਾ ਰੇ ਮ ਪ, ਧੁ ऽ ਨੀ ਸਾਂ

ਅਵਰੋਹ : ਸਾਂ ਨੀ ਧੁ ऽ ਪ, ਧੁ ਮ ਪ ਗੁ ऽ ਰੇ ਸਾ
ਰੇ ਨ਼ੀ ਸਾ ਰੇ ਗ

ਮੁੱਖ ਅੰਗ : ਮ $^{\text{ਗ}}$ਧੁ $^{\text{ਮ}}$ਧੁ ਪ, ਨੀ ਧੁ ਪ, ਧੁ ऽ ਮ ਪ, ਗੁ ऽ ਰੇ ਸਾ,
ਰੇ ਨ਼ੀ ਸਾ ਰੇ ਗ ऽ, ਮ ਪ ਗੁ ऽ ਰੇ ਸਾ।[1]

2. ਥਾਟ : ਬਿਲਾਵਲ     ਜਾਤੀ : ਔੜਵ-ਸੰਪੂਰਣ

ਵਾਦੀ : ਪੰਚਮ     ਸੰਵਾਦੀ : ਸ਼ੜਜ

ਨਿਆਸ ਸੁਰ: ਧੈਵਤ, ਮਧਿਅਮ     ਚਲਨ : ਮੱਧ, ਤਾਰ ਸਪਤਕ

ਸਮਾਂ : ਪ੍ਰਾਤਕਾਲ

ਇਸਦੇ ਆਰੋਹ ਵਿੱਚ ਨਿਸ਼ਾਦ ਦਾ ਅਲਪੱਤਵ, ਵਿਵਾਦੀ ਸੁਰ ਦੇ ਤੌਰ 'ਤੇ ਕੋਮਲ ਧੈਵਤ ਲਿਆ ਜਾਂਦਾ ਹੈ।

---

1. ਕਪਿਲਾ, ਸੁਰਿੰਦਰ , ਸੰਗੀਤ ਰਤਨਾਵਲੀ ਗਾਇਨ(ਭਾਗ ਪਹਿਲਾ)ਪੰਨਾ232

ਇਸਦੇ ਆਰੋਹ ਵਿੱਚ ਨਿਸ਼ਾਦ ਦਾ ਅਲਪੱਤਵ, ਵਿਵਾਦੀ ਸੁਰ ਦੇ ਤੌਰ 'ਤੇ ਕੋਮਲ ਧੈਵਤ ਲਿਆ ਜਾਦਾ ਹੈ।

ਆਰੋਹ : ਸਾ, ਗ ਮ ਪ, ਧ, ਪ ਧ ਸਾਂ

ਅਵਰੋਹ : ਸਾ, ਨੀਧੁਪਮ, ਪਧੁ, ਪਮ, ਗ, ਰੇਸਾ[1]

3. ਥਾਟ : ਆਸਾਵਰੀ — ਜਾਤੀ : ਔੜਵ-ਸੰਪੂਰਣ

ਵਾਦੀ : ਧੈਵਤ — ਸੰਵਾਦੀ : ਗੰਧਾਰ

ਸੁਰ : ਗੰਧਾਰ, ਨਿਸ਼ਾਦ ਧੈਵਤ ਕੋਮਲ — ਸਮਾਂ : ਦਿਨ ਦਾ ਦੂਸਰਾ ਪਹਿਰ

ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਧੈਵਤ

ਆਰੋਹ : ਸਾ, ਗੁ ਮ ਪ ਨੀ ਸਾਂ

ਅਵਰੋਹ : ਸਾਂ, ਨੀ ਧੁ ਪ ਮ ਗੁ ਰੇ ਸਾ।[2]

(7) ਬਿਹਾਗੜਾ:

ਰਾਗ ਬਿਹਾਗੜਾ ਭਾਰਤੀ ਸੰਗੀਤ ਦਾ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਰਾਗ ਬਿਹਾਗ ਅਤੇ ਖਮਾਜ ਦੇ ਮੇਲ ਤੋਂ ਰਾਗ ਬਿਹਾਗੜਾ ਦੀ ਰਚਨਾ ਹੋਈ ਹੈ। ਰਾਗ ਬਿਹਾਗੜਾ ਨੂੰ ਬਿਹਾਗ ਦਾ ਉਪ ਅੰਗ ਮੰਨਿਆ ਜਾਂਦਾ ਹੈ। ਰਾਗ ਬਿਹਾਗੜਾ ਦੇ ਦੋ ਰੂਪ ਪ੍ਰਚਾਰ ਵਿੱਚ ਹਨ। ਇਕ ਰੂਪ ਵਿੱਚ ਦੋਵੇਂ ਮਧਿਅਮ ਸੁਰ ਵਰਤੇ ਜਾਂਦੇ ਹਨ ਅਤੇ ਦੂਜੇ ਵਿਚ ਦੋਵੇਂ ਨਿਸ਼ਾਦ ਲਗਦੇ ਹਨ। ਪੰਜਾਬ ਵਿਚ ਦੋਵੇਂ ਨਿਸ਼ਾਦ ਵਾਲਾ ਬਿਹਾਗੜਾ ਜ਼ਿਆਦਾ ਪ੍ਰਚੱਲਿਤ ਹੈ।ਪੰਡਿਤ ਤਾਰਾ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਮਾਰੂ ਅਤੇ ਕੇਦਾਰ ਰਾਗ ਦੇ ਮਧੁਰ ਸੰਜੋਗ ਤੋਂ ਮੰਨੀ ਹੈ।[1] ਇਸ ਰਾਗ ਦੇ ਦੋਵਾਂ ਸਰੂਪਾਂ ਦਾ ਵੇਰਵਾ ਇਸ ਤਰ੍ਹਾਂ ਹੈ:

---

1. ਸ੍ਰੀ ਭਗਵਤੀ ਪ੍ਰਸਾਦ ਪ੍ਰੇਮ ਸ਼ੰਕਰ ਭੱਟ, ਪ੍ਰਸ਼ਟੀ ਸੰਗੀਤ ਪ੍ਰਕਾਸ਼, ਪੰਨਾ25
2. ਵਸੰਤ, ਰਾਗ ਕੋਸ਼, ਪੰਨਾ17
3. ਗੁਰੂ ਗਿਰਾਰਥ ਕੋਸ਼, ਪੰਨਾ 417

1. ਥਾਟ : ਬਿਲਾਵਲ ਜਾਤੀ : ਔੜਵ-ਸੰਪੂਰਣ

ਵਾਦੀ : ਗੰਧਾਰ ਸੰਵਾਦੀ : ਨਿਸ਼ਾਦ

ਸੁਰ : ਦੋਵੇਂ ਮਧਿਅਮ<br>ਦੋਵੇਂ ਨਿਸ਼ਾਦ ਵਰਜਿਤ ਸੁਰ : ਆਰੋਹ ਵਿਚ ਰਿਸ਼ਭ,<br>ਧੈਵਤ

ਆਰੋਹ : ਨ਼ੀ, ਸਾ ਗ ਮ ਪ ਨੀ ਸਾ+

ਅਵਰੋਹ : ਸ+ ਨੀ ਧ ਪ, ਨ਼ੀ ਧ ਪ, ਮੇ ਗ ਮ ਗ ਰੇ ਸਾ।

ਪਕੜ : ਗ ਮ ਪ ਨ਼ੀ ਧ ਪ, ਗ ਮ ਗ, ਰੇ ਸਾ.

2. ਰਾਗ ਬਿਹਾਗੜਾ ਦੇ ਨਿਮਨਲਿਖਿਤ ਸਰੂਪ ਨੂੰ ਪ੍ਰਵਾਣਿਤ ਸਰੂਪ ਮੰਨਿਆ ਗਿਆ ਹੈ। ਡਾ. ਮਾਨਸੁਖਾਨੀ,[1] ਡਾ. ਗੁਰਨਾਮ ਸਿੰਘ, ਪ੍ਰੋ: ਤਾਰਾ ਸਿੰਘ,[3] ਰਾਗ ਨਿਰਣਾਇਕ ਕਮੇਟੀ[4] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਆ ਹੈ।

ਥਾਟ : ਬਿਲਾਵਲ ਜਾਤੀ : ਔੜਵ-ਸੰਪੂਰਣ

ਵਾਦੀ : ਮਧਿਅਮ ਸੰਵਾਦਪ : ਸ਼ੜਜ

ਸੁਰ : ਦੋਵੇਂ ਨਿਸ਼ਾਦ ਵਰਜਿਤ ਸੁਰ : ਆਰੋਹ ਵਿੱਚ<br>ਰਿਸ਼ਭ ਅਤੇ ਧੈਵਤ

ਆਰੋਹ : ਨ਼ੀ ਸਾ ਗ ਮ ਪ ਨੀ ਸਾ+

ਅਵਰੋਹ : ਸ+ ਨੀ ਧ ਪ ਨ਼ੀ ਧ ਪ ਧ ਗ ਮ ਗ ਰੇ ਸਾ

ਮੁੱਖ ਅੰਗ : ਸਾ ਗ ਮ ਪ, ਧ ਨ਼ੀ ਧ ਪ, ਗ ਮ, ਪਮ ਗ, ਰੇ ਸਾ

---

1. Indian Classical Music and Sikh Kirtan, Page 145-146
2. ਸ੍ਰੀਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 98-99
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 53
4. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 6

(8) ਰਾਗ ਵਡਹੰਸ:

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ।।
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ।।[1]

ਗੁਰਮਤਿ ਸੰਗੀਤ ਵਿਚ 'ਰਾਗ ਵਡਹੰਸ' ਮਹੱਤਵਪੂਰਣ ਰਾਗ ਹੈ। ਗੁਰਮਤਿ ਸੰਗੀਤ ਵਿੱਚ ਜਿੱਥੇ ਸ਼ਾਸਤਰੀ ਸੰਗੀਤ ਦੀਵਰਤੋਂ ਕੀਤੀ ਜਾਂਦੀ ਹੈ ਉਥੇ ਲੋਕ ਸੰਗੀਤ ਅੰਤਰਗਤ ਗਾਇਨ ਸ਼ੈਲੀਆਂ, ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਭਾਵ ਗੁਰਮਤਿ ਸੰਗੀਤ ਸ਼ਾਸਤਰੀ ਅਤੇ ਲੋਕ ਸੰਗੀਤ ਦਾ ਸੁਮੇਲ ਹੈ। ਲੋਕ ਕਾਵਿ ਰੂਪ ਤੋ ਵਿਕਸਿਤ ਹੋਇਆ ਰਾਗ ਵਡਹੰਸ ਅਧੀਨ ਲੋਕ ਕਾਵਿ ਰੂਪ ਘੋੜੀਆਂ,ਅਲਾਹੁਣੀਆਂ ਆਦਿ ਦਰਜ ਹਨ। ਵਡਹੰਸ ਰਾਗ ਵਿਚ ਤਿਲਕ ਕਾਮੋਦ, ਬਰਵਾ, ਦੇਸ ਆਦਿ ਰਾਗਾਂ ਦੀ ਝਲਕ ਮਿਲਦੀ ਹੈ ਪਰ ਇਹ ਨਿੱਜੀ ਵਿਸ਼ੇਸ਼ਤਾਵਾਂ ਕਾਰਣ ਆਪਣੇ ਸਮਪ੍ਰਕ੍ਰਿਤਕ ਰਾਗਾਂ ਤੋਂ ਭਿੰਨ ਹੋ ਜਾਂਦਾ ਹੈ। ਕ੍ਰਿਆਤਮਕ ਤੌਰ 'ਤੇ ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ।

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਇਹ ਕਮਾਚ ਠਾਠ ਦਾ ਔੜਵ ਰਾਗ ਹੈ, ਨਿਸ਼ਾਦ ਦੋਵੇਂ ਲਗਦੇ ਹਨ, ਬਾਕੀ ਸੁਰ ਸ਼ੁਧ ਲਗਦੇ ਹਨ,ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ, ਇਸਦਾ ਬਰਵੇ ਨਾਲ ਬਹੁਤ ਮੇਲ ਹੈ,ਕਈ ਵਡਹੰਸ ਨੂੰ 'ਦਿਨ ਦਾ ਦੇਸ' ਆਖਦੇ ਹਨ, ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ।[2]

---

1. ਸਲੋਕ ਮਹਾਲਾ ੩ , ਪੰਨਾ 585 'ਆਦਿ ਗ੍ਰੰਥ
2. ਮਹਾਨ ਕੋਸ਼, ਪੰਨਾ 1081

2. ਪ੍ਰੋ. ਤਾਰਾ ਸਿੰਘ,[1] ਡਾ. ਗੁਰਨਾਮ ਸਿੰਘ[2], ਗਿਆਨ ਸਿੰਘ ਐਬਟਾਬਾਦ[3], ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ,[4] ਤੋਂ ਇਲਾਵਾ ਰਾਗ ਨਿਰਣਾਇਕ ਕਮੇਟੀ[5] ਨੇ ਵਡਹੰਸ ਰਾਗ ਦੇ ਇਸ ਸਰੂਪ ਨੂੰ ਪ੍ਰਵਾਨਿਆ ਹੈ।

| | | | |
|---|---|---|---|
| ਥਾਟ | : ਖਮਾਜ | ਜਾਤੀ | : ਸ਼ਾਡਵ-ਸੰਪੂਰਣ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਸੁਰ | : ਦੋਵੇਂ ਨਿਸ਼ਾਦ | ਵਰਜਿਤ ਸੁਰ | : ਆਰੋਹ ਵਿੱਚ ਗੰਧਾਰ ਸੁਰ |
| ਸਮਾਂ | : ਦੁਪਹਿਰ | | |

ਆਰੋਹ : ਸਾ ਰੇ ਮ ਪ, ਧ ਨੁੀ ਪ, ਨੀ ਸਾਂ।

ਅਵਰੋਹ : ਸਾਂ ਨੁੀ ਪਾ, ਧ ਮ ਗ ਰੇ, ਸਾ ਨ਼ੀ ਸਾ।

ਪਕੜ : ਸਾ ਰੇ ਮ ਪ ਨੁੀ ਪ, ਧ ਮ ਗ ਰੇ, ਸਾ ਨ਼ੀ ਪ਼ ਨ਼ੀ ਸਾ।

ਕੁਝ ਵਿਦਵਾਨਾਂ ਨੇ ਇਸ ਵਿੱਚ ਵਾਦੀ ਰਿਸ਼ਭ, ਸੰਵਾਦੀ ਪੰਚਮ ਅਤੇ ਕੁਝ ਨੇ ਸੜਜ ਵਾਦੀ ਅਤੇ ਪੰਚਮ ਸੰਵਾਦੀ ਮੰਨਿਆ ਹੈ।

(ੳ) ਵਡਹੰਸ ਦਖਣੀ: ਰਾਗ ਵਡਹੰਸ ਦਖਣੀ ਜੋ ਨਾਮ ਤੋਂ ਸੂਚਕ ਹੈ ਕਿ ਇਹ ਦੱਖਣੀ ਸੰਗੀਤ ਪੱਧਤੀ ਦਾ ਰਾਗ ਅਤੇ ਰਾਗ ਵਡਹੰਸ ਦਾ ਪ੍ਰਕਾਰ ਹੈ।

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 103
2. ਆਦਿ ਗ੍ਰੰਥ: ਰਾਗ ਕੋਸ਼, ਪੰਨਾ 54
3. ਗੁਰਬਾਣੀ ਸੰਗੀਤ (ਭਾਗ ਪਹਿਲਾ), ਪੰਨਾ 96
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) ਪੰਨਾ 251
5. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 6

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਵਡਹੰਸ ਅਧੀਨ ਅੰਕਿਤ ਹੈ। ਰਾਗ ਵਡਹੰਸ ਦਖਣੀ ਨੂੰ ਦੱਖਣੀ ਭਾਰਤੀ ਸੰਗੀਤ ਵਿਚ 'ਬਲਹੰਸ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

| | | | |
|---|---|---|---|
| ਥਾਟ | : ਖਰਿਕਾਭੋਜੀ | ਜਾਤੀ | : ਔੜਵ-ਵਕਰ-ਸੰਪੂਰਣ |
| ਵਾਦੀ | : ਪੰਚਮ | ਸੰਵਾਦੀ | : ਸ਼ੜਜ |
| ਸੁਰ | : ਅਵਰੋਹ ਵਿੱਚ ਕੋਮਲ ਨਿਸ਼ਾਦ | ਵਰਜਿਤ ਸੁਰ | : ਆਰੋਹ ਵਿੱਚ ਗੰਧਾਰ, ਨਿਸ਼ਾਦ |

ਆਰੋਹ : ਸਾ ਰੇ ਮ ਪ ਧ ਸਾਂ

ਅਵਰੋਹ : ਸਾਂ ਨੀ ਧ ਪ, ਮ ਰੇ ਮ ਗ ਸਾ

ਪਕੜ : ਪ, ਮ ਰੇ ਮ ਗ ਸਾ

## (9) ਸੋਰਠਿ

ਰਾਗ ਸੋਰਠਿ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ, ਜੋ ਭਗਤੀ ਰਸ ਲਈ ਵਿਸ਼ੇਸ਼ ਅਨੁਕੂਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਦੇ ਸੰਬੰਧ ਵਿਚ ਗੁਰੂ ਵਾਕ ਹਨ:

ਸੋਰਠਿ ਸਦਾ ਸੋਹਾਵਣੀ ਜੇ ਸਚਾ ਮਨਿ ਹੋਇ।।
ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ।।[1]
ਸੋਰਠਿ ਸੁ ਰਸੁ ਪੀਜੀਐ ਕਬਹੂ ਨ ਫੀਕਾ ਹੋਇ ।।
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਮਲ ਸੋਇ।।[2]

---

1. ਸਲੋਕ ਮਹਲਾ ੧ ਆਦਿ ਗ੍ਰੰਥ, ਪੰਨਾ 642
2. ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 1425

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ।

ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ।[1]

ਇਸ ਰਾਗ ਦਾ ਨਾਦਾਤਮਕ ਸਰੂਪਹੇਠ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਧੈਵਤ |
| ਵਰਜਿਤ ਸੁਰ | : | ਆਰੋਹ ਵਿਚ ਗੰਧਾਰ ਤੇ ਧੈਵਤ | ਸਮਾਂ | : | ਰਾਤ ਦਾ ਦੂਸਰਾ ਪਹਿਰ |

ਆਰੋਹ : ਸਾ ਰੇ ਮ ਪ, ਨੀ ਸਾਂ।

ਅਵਰੋਹ : ਸਾਂ ਰੇਂ ਨੀ ਧ, ਮ ਪ ਧ ਮ ਗ ਰ ਨ਼ੀ ਸਾ।

ਮੁੱਖ ਅੰਗ : ਸ ਰੇ, ਮ ਪ, ਨੀ ਧ,ਪ,ਧ ਮ ਰੇ, ਰੇ ਸਾ

ਉਪਰੋਕਤ ਸਰੂਪ ਵਿੱਚ ਸ੍ਰ. ਗਿਆਨ ਸਿੰਘ ਐਬਟਾਬਾਦ[2] ਡਾ. ਗੁਰਨਾਮ ਸਿੰਘ,[3] ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ[4] ਨੇ ਅਵਰੋਹ ਵਿੱਚ ਗੰਧਾਰ ਵਰਜਿਤ ਕਰਕੇ ਇਸਦੀ ਜਾਤੀ ਔੜਵ-ਸ਼ਾਡਵ ਮੰਨੀ ਹੈ। ਰਾਗ ਨਿਰਣਾਇਕ ਕਮੇਟੀ[5] ਨੇ ਇਸਦਾ ਸੰਵਾਦੀ ਸੁਰ 'ਧੈਵਤ' ਹੀ ਮੰਨਿਆ ਹੈ। ਸ੍ਰੀ ਭਗਵਤੀ ਸ਼ਰਣ[6] ਅਤੇ ਪ੍ਰੋ. ਤਾਰਾ ਸਿੰਘ[7] ਨੇ ਇਸਦਾ ਸੰਵਾਦੀ ਸੁਰ 'ਪੰਚਮ' ਮੰਨਿਆ ਹੈ।

---

1. ਮਹਲਾ ੪, ਆਦਿ ਗ੍ਰੰਥ ਪੰਨਾ 642
2. ਗੁਰਬਾਣੀ ਸੰਗੀਤ(ਭਾਗ ਪਹਿਲਾ) ਪੰਨਾ 103
3. ਆਦਿ ਗ੍ਰੰਥ: ਰਾਗ ਕੋਸ਼,ਪੰਨਾ56
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ)ਪੰਨਾ283
5. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ,1991 ਪੰਨਾ 7
6. ਪੁਸ਼ਟੀ ਸੰਗੀਤ ਪ੍ਰਕਾਸ਼,ਪੰਨਾ11
7. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ113

(10) <u>ਧਨਾਸਰੀ</u>:

"ਧਨਾਸਰੀ ਧਨਵੰਤੀ ਜਾਣੀਐ ਭਾਈ।।
ਜਾਂ ਸਤਿਗੁਰ ਕੀ ਕਾਰ ਕਮਾਇ ।।[1]

ਧਨਾਸਰੀ ਇਕ ਪੁਰਾਤਨ ਰਾਗ ਹੈ। ਧਨਾਸਰੀ ਪੱਛਮੀ ਪੰਜਾਬ ਦੇ ਇਕ ਭਾਗ ਦਾ ਨਾਮ ਸੀ ਤੇ ਇੱਥੋਂ ਦੀ ਸਥਾਨਕ ਧੁਨ ਦੇ ਆਧਾਰ'ਤੇ ਹੀ ਇਸ ਰਾਗ ਦੀ ਸਥਾਪਨਾ ਹੋਈ।[2] ਨਾਦਾਤਮਕ ਸਰੂਪ ਅਨੁਸਾਰ ਇਸ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿੱਚ ਹਨ। ਪਹਿਲੇ ਪ੍ਰਕਾਰ ਦੀਉਤਪਤੀ ਕਾਫ਼ੀ ਥਾਟ ਤੋਂ, ਦੂਜੇ ਦੀ ਭੈਰਵੀ ਮੇਲ ਤੋਂ ਅਤੇ ਤੀਜੇ ਪ੍ਰਕਾਰ ਦੀ ਉਤਪਤੀ ਪੂਰਵੀ ਥਾਟ ਤੋਂ ਮੰਨੀ ਜਾਂਦੀ ਹੈ। ਇਨ੍ਹਾਂ ਤਿੰਨਾਂ ਪ੍ਰਕਾਰਾਂ ਵਿਚ ਸੁਰਾਂ ਦਾ ਚਲਨ ਸਮਾਨ ਰਹਿੰਦਾ ਹੈ ਅਤੇ ਕੇਵਲ ਥਾਟ ਅਨੁਸਾਰ ਸੁਰਾਂ ਦਾ ਰੂਪਾਂਤਰ ਕਰਨ ਤੋਂ ਹੀ ਇਸਦਾ ਸਰੂਪ ਸਥਾਪਿਤ ਹੋ ਜਾਂਦਾ ਹੈ।

1. ਪੰਡਿਤ ਤਾਰਾ ਸਿੰਘਜੀ ਨੇ ਇਸ ਰਾਗ ਦਾ ਸਰੂਪ ਅੰਕਿਤ ਕੀਤਾ ਹੈ ਪਰ ਇਹ ਸਪਸ਼ਟ ਨਹੀਂ ਹੈ।

"ਧਨਾਸਰੀ ਸ੍ਰੀ ਰਾਗ ਦੀ ਰਾਗਣੀ ਹੈ ਮ ਪ ਧ ਨੀ ਗ ਮ ਖਟ ਸ੍ਵਰ ਕੀ ਹੈ ਤੀਸਰੇ ਪਹਰ ਗਾਵਣੀ[3]"

2. ਭੀਮ ਪਲਾਸੀ, ਭੈਰਵੀਅੰਗ ਸੁਰ: ਦੋਵੇਂ ਰੇ, ਦੋਵੇਂ ਧ ਦੋਵੇਂ ਨੀ,

ਵਾਦੀ: ਪੰਚਮ ਸੰਵਾਦੀ: ਸ਼ੜਜ

ਅਲਪੱਤਵ : ਆਰੋਹ ਵਿਚ ਰਿਸ਼ਭ, ਧੈਵਤ ਸਮਾਂ : ਦਿਨ ਦਾ ਤੀਸਰਾ ਪਹਿਰ

---

1. ਸਲੋਕ ਮ: <u>ਆਦਿ ਗ੍ਰੰਥ</u>, ਪੰਨਾ 1419
2. ਪਿਆਰਾ ਸਿੰਘ, <u>ਗੁਰੂ ਗ੍ਰੰਥ ਸੰਕੇਤ ਕੋਸ਼</u>, ਪੰਨਾ 208
3. <u>ਗੁਰੂ ਗਿਰਾਰਥ ਕੋਸ਼</u>, ਪੰਨਾ 119

ਆਰੋਹ : ਸਾ ਗੁ ਮ ਪ, ਪਧੁਪਮਗੁ,ਮਪ,

ਨੀ ਸਾਂ।

ਅਵਰੋਹ : ਗੁ ਰੇ ਸਾ, ਰੇਨ੍ਹੀ ਧ੍ਹ ਪ੍ਹ, ਗੁਮਪਨ੍ਹੀਧਪ, ਗ ਰੇਸਾ

ਇਸ ਦੇ ਆਰੋਹ ਅਵਰੋਹ ਵਿਚਕੋਮਲ ਰੇ ਨਹੀਂ ਹੈ।[1]

(3) ਸੰਤ ਸਰਵਣ ਸਿੰਘ ਜੀ ਅਨੁਸਾਰ, 'ਇਹ ਕਾਫ਼ੀ ਥਾਟ ਦਾ ਰਾਗ ਹੈ। ਇਸ ਵਿੱਚ ਗੰਧਾਰ, ਨਿਸ਼ਾਦ ਸੁਰ ਕੋਮਲ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਸ ਦਾ ਵਾਦੀ ਪੰਚਮ ਸੰਵਾਦੀ ਸੁਰ ਸ਼ੜਜ ਹੈ। ਇਸ ਵਿੱਚ ਰਿਸ਼ਭ, ਧੈਵਤ ਸੁਰ ਵਰਜਿਤ ਹਨ। ਇਸ ਦੀ ਜਾਤੀ ਔੜਵ-ਔੜਵ ਹੈ। ਇਸਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਅਵਰੋਹ : ਸਾ ਗੁ ਮ ਪ ਨ੍ਹੀ ਸਾਂ

ਅਵਰੋਹ : ਸਾਂ ਨ੍ਹੀ ਪ ਮ ਗੁ ਸਾ

ਪਕੜ : ਸਾ ਨ੍ਹੀ ਸਾ ਮ, ਪ ਮ ਗੁ ਮ, ਪ ਗੁ ਪ[2]

ਬਹੁਮੱਤ ਵਿਦਵਾਨਾਂ ਨੇ ਇਸ ਸਰੂਪ ਨੂੰ ਪ੍ਰਵਾਣਿਤ ਮੰਨਿਆ ਹੈ। ਪ੍ਰੋ. ਤਾਰਾ ਸਿੰਘ,[3] ਡਾ. ਗੁਰਨਾਮ ਸਿੰਘ,[4] ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ,[5] ਗਿਆਨ ਸਿੰਘ ਐਬਟਾਬਾਦ[6], ਰਾਗ ਨਿਰਣਾਇਕ ਕਮੇਟੀ[7]ਨੇ ਵੀ ਇਸ ਸਰੂਪ ਨੂੰ ਪ੍ਰਵਾਣਿਤ ਮੰਨਿਆ ਹੈ।

1. ਸ੍ਰੀ ਭਗਵਤੀ ਪ੍ਰਸਾਦ, ਪੁਸ਼ਟੀ ਸੰਗੀਤ ਪ੍ਰਕਾਸ਼, ਪੰਨਾ65

2. ਸੁਰ ਸਿਮਰਣ ਸੰਗੀਤ(ਭਾਗ ਚੌਥਾ), ਪੰਨਾ 240

3. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 117-18

4. ਆਦਿ ਗ੍ਰੰਥ: ਰਾਗ ਕੋਸ਼, ਪੰਨਾ57

5. ਗੁਰਬਾਣੀ ਸੰਗੀਤ(ਭਾਗ ਪਹਿਲਾ)ਪੰਨਾ114

6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ7

7. ਗੁਰੂ ਗਿਰਾਰਥ ਕੋਸ਼, ਪੰਨਾ661

| | | | | | |
|---|---|---|---|---|---|
| ਥਾਟ | : | ਕਾਫ਼ੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸੁੜਜ |
| ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਧੈਵਤ | ਸਮਾਂ | : | ਦਿਨ ਦਾ ਤੀਸਰਾ ਪਹਿਰ |

| | | |
|---|---|---|
| ਆਰੋਹ | : | ਨ਼ੀ ਸਾ ਗੁ ਮ ਪ ਨੁੀ ਸਾਂ |
| ਅਵਰੋਹ | : | ਸਾਂ ਨੁੀ ਧ ਪ ਮ ਪ ਗੁ ਰੇ ਸਾ |
| ਮੁੱਖ ਅੰਗ | : | ਨ਼ੀ ਸਾ, ਗੁ ਮ ਪ, ਨੁੀ ਧ ਪ, ਮ ਪ ਗੁ, ਰੇ, ਸਾ |

(11) ਜੈਤਸਰੀ:

ਰਾਗ ਜੈਤਸਰੀ ਪੁਰਾਤਨ ਅਤੇ ਕਠਿਨ ਰਾਗ ਹੈ। ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਨੂੰ ਜੈਤ ਸ੍ਰੀ, ਜਯ ਸ੍ਰੀ ਜਯੰਤ ਸ੍ਰੀ ਆਦਿ ਨਾਵਾਂ ਨਾਲ ਪੁਕਾਰਿਆ ਹੈ। ਇਸ ਰਾਗ ਦੀ ਰਚਨਾ ਜੈਤ ਅਤੇ ਸਿਰੀ ਰਾਗ ਦੇ ਮਿਸ਼ਰਣ ਤੋਂ ਹੋਈ ਹੈ। ਪੰਡਿਤ ਤਾਰਾ ਸਿੰਘ ਜੀ ਅਨੁਸਾਰ, "ਇਸ ਰਾਗ ਦੀ ਰਚਨਾ ਰਾਗ ਦੇਸ਼ੀ, ਟੋਡੀ, ਬਿਭਾਸ ਇਨ੍ਹਾਂ ਤਿੰਨਾ ਦੇ ਮੇਲ ਤੋਂ ਹੈ।[1] ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਣੀ ਮੰਨਿਆ ਹੈ ਪਰ ਗੁਰੂ ਸਾਹਿਬਾਨ ਨੇ ਹਰ ਤਰ੍ਹਾਂ ਦੇ ਮੱਤਭੇਦਾਂ ਵਿਚੋਂ ਕੱਢ ਕੇ ਇਸਨੂੰ 'ਰਾਗ ਜੈਤਸਰੀ' ਹੀ ਅੰਕਿਤ ਕੀਤਾ ਹੈ। ਇਸ ਰਾਗ ਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ:

| | | | | | |
|---|---|---|---|---|---|
| ਥਾਟ | : | ਪੂਰਵੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਰਿਸ਼ਭ, ਧੈਵਤ, ਕੋਮਲ ਮਧਿਅਮ ਤੀਬਰ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ ਧੈਵਤ |

---

1. ਗੁਰੂ ਗਿਰਾਰਥ ਕੋਸ਼, ਪੰਨਾ 661

ਸਮਾਂ : ਸ਼ਾਮ

ਆਰੋਹ : ਸਾ ਗ ਮੇ ਪ ਨੀ ਸਾਂ

ਅਵਰੋਹ : ਸਾਂ ਨੀ, ਧੁ ਪ, ਮੇ ਗ ਰੇ ਸਾ।

ਪਕੜ : ਸਾ, ਗ ਪ ਮੇ ਧੁ ਪ ਮੇ ਗ, ਮੇ ਗ, ਰੇ ਸਾ।

ਡਾ. ਗੁਰਨਾਮ ਸਿੰਘ ਜੀ[1] ਅਤੇ ਸੰਤ ਸਰਵਣ ਸਿੰਘ ਜੀ[2] ਨੇ ਇਸ ਰਾਗ ਦਾ ਵਾਦੀਸੁਰ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਹੈ ਪਰ ਪਹਿਲਾ ਮੱਤ ਵਧੇਰੇ ਪ੍ਰਚਾਰ ਵਿੱਚ ਹੈ।

(12) ਟੋਡੀ:

ਰਾਗ ਟੋਡੀ ਇਕ ਸਾਧਾਰਣ ਅਤੇ ਰਸੀਲਾ ਰਾਗ ਹੈ। ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਰਾਗ ਦੇ ਨਾਮ ਵਰਾਲੀ ਜਾਂ ਵਰਾਟੀ ਮਿਲਦੇ ਹਨ। ਇਹ ਰਾਗ ਤੋੜੀ ਮੇਲ ਦੇ ਅੰਤਰਗਤ ਹੋਣ ਕਾਰਣ ਤੋੜੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੰਡਿਤ ਤਾਰਾ ਸਿੰਘਾ ਜੀ ਨੇ ਟੋਡੀ ਰਾਗ ਨੂੰ ਦੀਪਕ ਰਾਗ ਦੀ ਰਾਗਨੀ ਅਤੇ ਮਾਲਕੌਸ, ਆਸਾਵਰੀ, ਧਨਾਸਰੀ ਤਿੰਨਾਂ ਦੇ ਮੇਲ ਤੋਂ ਇਸਦੀ ਰਚਨਾ ਮੰਨੀ ਹੈ।[3] ਕ੍ਰਿਆਤਮਕ ਤੌਰ 'ਤੇ ਇਸ ਰਾਗ ਦਾ ਨਿਮਨ-ਲਿਖਿਤ ਅਨੁਸਾਰ ਸਰੂਪ ਹੈ:

ਥਾਟ : ਤੋੜੀ (ਟੋਡੀ) ਜਾਤੀ : ਸੰਪੂਰਣ-ਸੰਪੂਰਣ

ਵਾਦੀ : ਕੋਮਲ ਧੈਵਤ ਸੰਵਾਦ : ਕੋਮਲ ਰਿਸ਼ਭ

ਸੁਰ : ਰਿਸ਼ਭ, ਗੰਧਾਰ
ਧੈਵਤ ਕੋਮਲ
ਮਧਿਅਮ ਤੀਵਰ

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 58
2. ਸੁਰ ਸਿਮਰਣ ਸੰਗੀਤ (ਭਾਗ ਤੀਜਾ), ਪੰਨਾ 170
3. ਗੁਰ ਗਿਰਾਰਥ ਕੋਸ਼, ਪੰਨਾ 682

ਆਰੋਹ : ਸਾ ਰੇ ਗ ਮੇ ਪ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ ਮੇ ਗ ਰੇ ਸਾ

ਮੁੱਖ ਅੰਗ : ਧ ਨੀ ਸਾ, ਰੇ ਗ, ਰੇ, ਸਾ, ਮੇਗ, ਪ ਮੇ ਗ,
ਰੇ ਗ, ਰੇ ਸਾ

(13) ਬੈਰਾੜੀ:

ਰਾਗ ਬੈਰਾੜੀ ਪੁਰਾਤਨ ਰਾਗ ਹੈ ਜਿਸਦਾ ਉਲੇਖ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਗ੍ਰੰਥਾਂ ਵਿਚ ਮਿਲਦਾ ਹੈ। ਪੁਰਾਤਨ ਸੰਗੀਤ ਗ੍ਰੰਥਾਂ ਵਿਚ ਰਾਗ ਬੈਰਾੜੀ ਨੂੰ ਬੈਰਾਡੀ, ਵਰਾਟੀ, ਬਰਾਰੀ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸਨੂੰ ਦੀਪਕ, ਸਿਰੀ ਆਦਿ ਦੀ ਰਾਗਣੀ ਮੰਨਿਆ ਹੈ [1] ਪਰ ਗੁਰਮਤਿ ਪੱਧਤੀ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਨੂੰ 'ਰਾਗ ਬੈਰਾੜੀ' ਨਾਮ ਨਾਲ ਹੀ ਲਿਖਿਆ ਗਿਆ ਹੈ। ਪ੍ਰੋ. ਤਾਰਾ ਸਿੰਘ[2], ਡਾ. ਗੁਰਨਾਮ ਸਿੰਘ,[3] ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ[4] ਗਿਆਨ ਸਿੰਘ ਐਬਟਾਬਾਦ,[5] ਰਾਗ ਨਿਰਣਾਇਕ ਕਮੇਟੀ[6] ______

---


1. ਗੁਰੂ ਗਿਰਾਰਥ ਕੋਸ਼, ਪੰਨਾ 438
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 134
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 60
4- ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ) ਪੰਨਾ 421
5. ਗੁਰਬਾਣੀ ਸੰਗੀਤ (ਭਾਗ ਪਹਿਲਾ) ਪੰਨਾ 145
6. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 ਪੰਨਾ 9

ਆਦਿ ਵਿਦਵਾਨਾਂ ਨੇ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਸ ਰਾਗ ਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਮੰਨਿਆ ਹੈ। ਇਨ੍ਹਾਂ ਦੇ ਆਰੋਹ-ਅਵਰੋਹ ਵਿੱਚ ਫਰਕ ਹੈ ਪਰ ਚਲਨ ਇੱਕੋ ਹੈ।

| | | | |
|---|---|---|---|
| ਥਾਟ : | ਮਾਰਵਾ | ਜਾਤੀ : | ਵਕਰ ਸੰਪੂਰਣ |
| ਵਾਦੀ : | ਗੰਧਾਰ | ਸੰਵਾਦ- : | ਧੈਵਤ |
| ਸੁਰ : | ਰਿਸ਼ਭ ਕੋਮਲ, ਮਧਿਅਮ ,ਤੀਵਰ | ਸਮਾਂ : | (ਸੰਧੀ ਪ੍ਰਕਾਸ਼) |

ਆਰੋਹ : ਨੀ, ਰੇ ਗ ਪ, ਮੇ ਗ, ਮੇ ਧ ਸਂ

ਅਵਰੋਹ : ਸਂ ਨੀ ਧ ਪ, ਮੇ ਗ, ਪ ਗ, ਰੇ ਸਾ ।

ਪਕੜ : ਪ ਧ ਗ, ਮੇ ਧ, ਮੇ ਗ, ਮੇ ਰੇ ਗ, ਰੇ ਸਾ।

(14) ਤਿਲੰਗ:

ਰਾਗ ਤਿਲੰਗ ਸਰਲ ਅਤੇ ਪ੍ਰਸਿੱਧ ਲੋਕ ਪ੍ਰਿਯ ਰਾਗ ਹੈ। ਇਸਨੂੰ ਸਾਧਾਰਣ ਸਰੋਤੇ ਵੀ ਆਸਾਨੀ ਨਾਲ ਪਛਾਣ ਲੈਂਦੇ ਹਨ। ਭਾਰਤੀ ਸੰਗੀਤ ਗ੍ਰੰਥਾਂ ਵਿੱਚ ਤਿਲੰਗ ਰਾਗ ਨੂੰ "ਤੈਲੰਗੀ ਨਾਮ ਨਾਲ ਵੀ ਲਿਖਿਆ ਮਿਲਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਗ ਤਿਲੰਗ' ਹੀ ਲਿਖਿਆ ਹੈ। ਸ਼ਾਸਤਰੀ ਦ੍ਰਿਸ਼ਟੀਕੋਣ ਤੇ ਇਸ ਰਾਗ ਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ। ਇਹ ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਦੁਆਰਾ ਪ੍ਰਵਾਣਿਤ ਸਰੂਪ ਹੈ।ਪ੍ਰੋ. ਤਾਰਾ ਸਿੰਘ,[1] ਡਾ. ਗੁਰਨਾਮ ਸਿੰਘ,[2] ਗਿਆਨ ਸਿੰਘ ਐਬਟਾਬਾਦ[3], ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ[4] ਰਾਗ

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ139-40
2. ਆਦਿ ਗ੍ਰੰਥ: ਰਾਗ ਕੋਸ਼,ਪੰਨਾ61
3. ਗੁਰਬਾਣੀ ਸੰਗੀਤ(ਭਾਗਪਹਿਲਾ)ਪੰਨਾ 147
4. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ(ਭਾਗ ਪਹਿਲਾ),ਪੰਨਾ 431

ਨਿਰਣਾਇਕ ਕਮੇਟੀ[1] ਦੁਆਰਾ ਇਹੋ ਸਰੂਪ ਪ੍ਰਵਾਨਿਆ ਗਿਆ ਹੈ:

| | | | |
|---|---|---|---|
| ਥਾਟ : | ਖਮਾਜ | ਜਾਤੀ : | ਔੜਵ-ਔੜਵ |
| ਵਾਦੀ : | ਗੰਧਾਰ | ਸੰਵਾਦੀ : | ਨਿਸ਼ਾਦ |
| ਵਰਜਿਤ ਸੁਰ : | ਰਿਸ਼ਭ ਤੇ ਧੈਵਤ | ਸਮਾਂ : | ਦਿਨ ਦਾ ਤੀਸਰਾ ਪਹਿਰ |

ਆਰੋਹ : ਸਾ ਗ ਮ ਪ ਨੀ ਸਾਂ

ਅਵਰੋਹ : ਸਾਂ ਨੀ̱ ਪ ਮ ਗ ਸਾ

ਮੁੱਖ ਅੰਗ : ਨ਼ੀ ਸਾ ਗ ਮ ਪ, ਨੀ̱ ਪ, ਗ ਮ ਗ, ਸਾ

(ੳ) ਤਿਲੰਗ ਕਾਫੀ: ਰਾਗ ਤਿਲੰਗ ਅਤੇ ਕਾਫੀ ਦੇ ਸੁਮੇਲ ਤੋਂ ਰਾਗ 'ਤਿਲੰਗ ਕਾਫ਼ੀ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤਿਲੰਗ ਅਧੀਨ ਉਸਦੇ ਪ੍ਰਕਾਰ ਵਜੋਂ ਅੰਕਿਤ ਹੈ। ਇਹ ਰਾਗ ਗੁਰਮਤਿ ਸੰਗੀਤ ਪੱਧਤੀ ਦਾ **ਮੌਲਿਕ** ਰਾਗ ਹੈ, ਇਸਦਾ ਜ਼ਿਕਰ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਨਹੀਂ ਮਿਲਦਾ। ਕ੍ਰਿਆਤਮਕ ਤੌਰ 'ਤੇ ਇਸਦਾ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | |
|---|---|---|---|
| ਥਾਟ : | ਖਮਾਜ-ਕਾਫ਼ੀ | ਜਾਤੀ : | ਔੜਵ-ਵਕਰ ਸੰਪੂਰਣ |
| ਵਾਦੀ : | ਪੰਚਮ | ਸੰਵਾਦੀ : | ਸ਼ੜਜ |
| ਸੁਰ : | ਦੋਵੇਂ ਗੰਧਾਰ, ਦੋਵੇਂ ਨਿਸ਼ਾਦ | | |

ਆਰੋਹ : ਸਾ ਗ, ਮ ਪ, ਨੀ ਸਾਂ

ਅਵਰੋਹ : ਸਾਂ ਨੀ̱ ਧਪ, ਮਗ, ਮਗ̱, ਰੇਸਾ

ਮੁੱਖ ਅੰਗ : ਨੀ̱ ਪ ਗ ਮ ਗ, ਮ ਗ̱ ਰੇ ਸਾ

(15) ਸੂਹੀ:

ਸੂਹੀ ਇਕ ਅਪ੍ਰਚੱਲਿਤ ਰਾਗ ਹੈ ਇਸ ਰਾਗ ਦੇ ਅਪ੍ਰਚੱਲਿਤ ਹੋਣ ਕਾਰਣ ਇਸ ਸੰਬੰਧੀ ਮੱਤ ਭੇਦ ਪਾਏ ਜਾਂਦੇ ਹਨ। ਕੁਝ ਵਿਦਵਾਨ ਇਸ ਰਾਗ ਦੀ ਉਤਪਤੀ ਦਰਬਾਰੀ ਕਾਨ੍ਹੜਾ ਅਤੇ ਮੇਘ ਮਲ੍ਹਾਰ ਤੋਂ, ਕੁਝ ਬਹਾਰ ਅਤੇ ਸਾਰੰਗ ਦੇ ਮੇਲ ਤੋਂ,

---

1. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 9

ਕੁਝ ਕਾਨੜਾ ਅਤੇ ਸਾਰੰਗ ਦੇ ਮੇਲ ਤੋਂ ਮੰਨਦੇ ਹਨ। ਪ੍ਰੋ. ਤਾਰਾ ਸਿੰਘਜੀ ਅਨੁਸਾਰ, "ਸੂਹੀ ਰਾਗਣੀ ਸਿਰੀ ਰਾਗ, ਸਾਰੰਗ, ਕਾਨੜਾ ਇਨ੍ਹਾਂ ਤਿੰਨਾਂ ਦੇ ਮੇਲ ਤੋਂ ਬਣੀ ਹੈ।"[1] ਇਸ ਰਾਗ ਬਾਰੇ ਇੰਨੇ ਮੱਤ ਭੇਦ ਹੁੰਦਿਆਂ ਹੋਇਆਂ ਵੀ ਇਸ ਮੱਤ ਨਾਲ ਸਭ ਸਹਿਮਤ ਹਨ ਕਿ ਰਾਗ ਸੂਹੀ, ਕਾਨੜਾ ਦਾ ਇਕ ਪ੍ਰਕਾਰ ਹੈ। ਰਾਗਾਂਗ ਪੱਧਤੀ ਮੰਨਣ ਵਾਲੇ ਵਿਦਵਾਨ ਇਸਨੂੰ ਕਾਨੜਾ ਅੰਗ ਦਾ ਰਾਗ ਮੰਨਦੇ ਹਨ। ਕਈ ਵਿਦਵਾਨ ਸੂਹਾ ਰਾਗ ਨੂੰ ਸੂਹੀ ਮੰਨਦੇ ਹਨ। ਰਾਗ ਸੂਹੀ ਦੇ ਨਿਮਨਲਿਖਿਤ ਸਰੂਪ ਮਿਲਦੇ ਹਨ।

1. ਸੂਹੀ ਇਕ ਰਾਗਣੀ ਹੈ ਜਿਸਨੂੰ ਸੂਹਾ ਭੀ ਆਖਦੇ ਹਨ, ਇਹ ਕਾਫ਼ੀ ਠਾਠ ਦੀ ਸ਼ਾੜਵ ਰਾਗਨੀ ਹੈ। ਇਸ ਵਿੱਚ ਧੈਵਤ ਵਰਜਿਤ ਹੈ। ਸੂਹੀ ਵਿੱਚ ਗੰਧਾਰ, ਨਿਸ਼ਾਦ ਕੋਮਲ ਬਾਕੀ ਸੁਰ ਸ਼ੁਧ ਲਗਦੇ ਹਨ, ਵਾਦੀ ਮੱਧਮ, ਸੰਵਾਦੀ ਸ਼ੜਜ ਹੈ, ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ। ਇਸ ਰਾਗ ਦੀ ਵਿਆਖਿਆ ਤੋਂ ਉਪਰੰਤ ਉਨ੍ਹਾਂ ਨੇ ਇਸ ਰਾਗ ਦੀ ਆਰੋਹੀ ਅਵਰੋਹੀ ਇਸ ਤਰ੍ਹਾਂ ਨਿਰਧਾਰਿਤ ਕੀਤੀ ਹੈ:

ਆਰੋਹੀ : ਸਾ ਰੇ ਗੁ ਮਪ ਨੁ ਸਾਂ

ਅਵਰੋਹੀ : ਸਾਂ ਨੁ ਮਪ ਗੁ ਰੇ ਸਾ।[2]

2. ਡਾ. ਗੁਰਨਾਮ ਸਿੰਘ ਜੀ ਨੇ ਵੀ ਇਸ ਰਾਗ ਦਾ ਨਿਮਨਲਿਖਿਤ ਸਰੂਪ ਮੰਨਿਆ ਹੈ।

| | | | | | |
|---|---|---|---|---|---|
| ਥਾਟ | : | ਕਾਫ਼ੀ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਧੈਵਤ, ਆਰੋਹ ਵਿੱਚ ਰਿਸ਼ਭ ਦਾ ਅਲਪ ਪ੍ਰਯੋਗ |

---

1. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 149

2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 222

ਸਮਾ : ਦੂਜਾ ਪਹਿਰ ਦਿਨ

ਆਰੋਹ : ਨੀ ਸਾ ਮਗ, ਮ, ਪ ਨੀ ਮ ਪ ਸਾਂ

ਅਵਰੋਹ : ਸਾਂ, ਨੀ ਪ, ਮ ਪ ਮਗ ਮ, ਪ ਮਗ ਮ ਰੇ ਸਾ

ਪਕੜ : ਨੀ ਪ,ਮ ਪ ਸਾਂ, ਨੀ ਪ ਮ ਪ ਮਗ ਮ, ਰੇ ਸਾ[1]

ਪਰੰਤੂ ਉਪਰੋਕਤ ਸਰੂਪ ਰਾਗ ਸੂਹੀ ਦੇ ਨਹੀਂ। ਥਾਟ ਕਾਫ਼ੀ ਅੰਤਰਗਤ ਰਾਗ ਸੂਹੀ ਦੀ ਰਚਨਾ ਹੁੰਦੀ ਹੈ। ਇਸ ਲਈ ਇਹ ਸਰੂਪ ਰਾਗ ਸੂਹੀ ਦੇ ਨਹੀਂ ਹਨ। ਰਾਗ ਸੂਹੀ ਦਾ ਸਰੂਪ ਪ੍ਰੋ. ਤਾਰਾ ਸਿੰਘ,[2] ਗਿਆਨ ਸਿੰਘ ਐਬਟਾਬਾਦ,[3]ਭਾਈ ਅਵਤਾਰ ਸਿੰਘ,ਭਾਈ ਗੁਰਚਰਨ ਸਿੰਘ,[4]ਡਾ. ਮਾਨੁਸੁਖਾਨੀ[5] ਰਾਗ ਨਿਰਣਾਇਕ ਕਮੇਟੀ[6] ਨੇ ਵੀ ਇਸ ਤਰ੍ਹਾਂ ਪ੍ਰਵਾਨਿਆ ਹੈ। ਇਨ੍ਹਾਂ ਵਿਦਵਾਨਾਂ ਦੇ ਸਰੂਪ ਵਿੱਚ ਆਰੋਹ-ਅਵਰੋਹ ਲਿਖਣ ਵਿੱਚ ਭਿੰਨਤਾ ਹੈ ਪਰ ਸਰੂਪ, ਚਲਨ ਇਕ ਹੈ।

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸੜਜ |

---

1. ਆਦਿ ਗ੍ਰੰਥ ਰਾਗ ਕੋਸ਼, ਪੰਨਾ 63-64
2. ਸ੍ਰੀ ਗੁਰੂ ਗ੍ਰੰਥ ਰਾਗ, ਰਤਨਾਵਲੀ,ਪੰਨਾ149
3. ਗੁਰਬਾਣੀ ਸੰਗੀਤ (ਭਾਗ ਪਹਿਲਾ),ਪੰਨਾ154
4. ਪ੍ਰਾਚੀਨ ਰੀਤ ਰਤਨਾਵਲੀ-(ਭਾਗ ਦੂਜਾ),ਪੰਨਾ 455
5. Indian Classical Music and Sukh Kirtan,Page 148
6. ਸਿਮ੍ਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ,1991,ਪੰਨਾ 10

| | | | | |
|---|---|---|---|---|
| ਸੁਰ | : | ਦੋਵੇਂ ਨਿਸ਼ਾਦ | ਸਮਾਂ | ਦੂਜਾ ਪਹਿਰ ਦਿਨ |

ਆਰੋਹ : ਸਾ ਰੇ ਗ ਮ, ਪ, ਨੀ ਧ ਨੀ ਸਾਂ

ਅਵਰੋਹ : ਸਾਂ ਨੁੀ ਧ ਪ, ਮ ਗ, ਰੇ ਗ ਰੇ, ਸਾ

ਮੁੱਖ ਅੰਗ : ਗ ਮ ਗ ਰੇ, ਗ ਮ ਨੁੀ ਧ ਪ, ਪ ਮ ਗ, ਮ ਗ, ਰੇ ਗ ਰੇ, ਸਾ।

(ਉ) <u>ਸੂਹੀ ਕਾਫ਼ੀ</u>: ਰਾਗ ਸੂਹੀ ਕਾਫ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਸੂਹੀ ਦੇ ਪ੍ਰਕਾਰ ਵਜੋਂ ਅੰਕਿਤ ਹੈ। ਰਾਗ ਸੂਹੀ ਵਿੱਚ ਸਿਰਫ਼ ਧੈਵਤ ਸਵਰ ਨੂੰ ਹਟਾ ਕੇ ਇਸ ਰਾਗ ਦੀ ਸਿਰਜਣਾ ਕੀਤੀ ਗਈ। ਇਸ ਰਾਗ ਦੇ ਨਿਮਨਲਿਖਿਤ ਦੋ ਸਰੂਪ ਮਿਲਦੇ ਹਨ:

| | | | | | |
|---|---|---|---|---|---|
| 1. ਥਾਟ | : | ਕਾਫ਼ੀ | ਜਾਤੀ | : | ਸ਼ਾਡਵ-ਸ਼ਾਡਵ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਧੈਵਤ |
| ਆਰੋਹ | : | ਸਾ ਰੇ ਗੁ, ਮ ਪ ਨੁੀ ਸਾਂ | | | |
| ਅਵਰੋਹ | : | ਸਾਂ ਨੁੀ ਪ ਮ ਗੁ ਰੇ ਸਾ | | | |
| ਮੁੱਖ ਅੰਗ | : | ਨੁੀ ਪ, ਮ ਪ ਗੁ, ਰੇ ਸਾ[1] | | | |
| 2. ਥਾਟ | : | ਕਾਫ਼ੀ | ਜਾਤੀ | : | ਸ਼ਾਡਵ-ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਗੰਧਾਰ, ਨਿਸ਼ਾਦ ਕੋਮਲ | ਵਰਜਿਤ ਸੁਰ | : | ਆਰੋਹ ਵਿੱਚ ਧੈਵਤ |

---

1. ਗੁਰਨਾਮ ਸਿੰਘ(ਡਾ.) <u>ਅਦਿ ਗ੍ਰੰਥ: ਰਾਗ ਕੋਸ਼</u>, ਪੰਨਾ65

| | | |
|---|---|---|
| ਸਮਾਂ | : | ਦਿਨ ਦਾ ਦੂਜਾ ਪਹਿਰ |
| ਆਰੋਹ | : | ਸਾ ਰੇ ਗੁ ਮ ਪ ਨੀ ਸਾਂ |
| ਅਵਰੋਹ | : | ਨੀ ਪ, ਧਪ ਮਪ, ਗੁ ਰੇ ਸਾ[1] |

(ਅ) ਸੂਹੀ ਲਲਿਤ: ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ ਜੋ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਵਿੱਚ ਪ੍ਰਚਾਰ ਵਿੱਚ ਨਹੀਂ ਹੈ। ਰਾਗ ਸੂਹੀ ਅਤੇ ਲਲਿਤ ਰਾਗ ਦੇ ਮਿਲਨ ਤੋ ਰਾਗ 'ਸੂਹੀ ਲਲਿਤ' ਹੋਂਦ ਵਿੱਚ ਆਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਨੂੰ ਸੂਹੀ ਦੇ ਪ੍ਰਕਾਰ ਵਜੋਂ ਰਾਗ ਸੂਹੀ ਅਧੀਨ ਅੰਕਿਤ ਕੀਤਾ ਗਿਆ ਹੈ। ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿਚ ਹਨ ਜੋ ਇਸ ਪ੍ਰਕਾਰ ਹਨ:

1) ਥਾਟ : ਲਲਿਤ ਜਾਤੀ ; ਔੜਵ-ਸ਼ਾੜਵ

| | | | | | |
|---|---|---|---|---|---|
| ਵਾਦੀ | ; | ਮਧਿਅਮ | ਸੰਵਾਦੀ | ; | ਸ਼ੜਜ |
| ਸੁਰ | : | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ | ਵਰਜਿਤ ਸੁਰ | : | ਪੰਚਮ |
| ਆਰੋਹ | : | ਸਾ, ਨੀਰੇ ਗ ਮ , ਮੇ ਮ ਗ, ਮ ਧੁ ਸਾਂ | | | |
| ਅਵਰੋਹ | ; | ਸਾਂ, ਰੇਂ ਨੀ ਧੁ,ਮ ਧੁ ਮ ਮ ਗ, ਰੇ ਸਾ | | | |
| ਮੁੱਖ ਅੰਗ | ; | ਸਾ, ਨੀ ਰੇ ਗ ਮ, ਧੁ ਮੇ ਧੁ ਮ ਮਗ[2] | | | |

---

1. ਤਾਰਾ ਸਿੰਘ(ਪ੍ਰੋ.)ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ160
2. ਤਾਰਾ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ155

2. ਥਾਟ : ਪੂਰਵੀ-ਬਿਲਾਵਲ ਜਾਤੀ : ਸੰਪੂਰਣ-ਵਕਰ ਸ਼ਾਡਵ

ਵਾਦੀ : ਮਧਿਅਮ ਸੰਵਾਦੀ : ਸ਼ੜਜ

ਸਮਾਂ : ਰਾਤ ਦਾ ਚੌਥਾ ਪਹਿਰ

ਆਰੋਹ : ਸਾ, ਨ਼ੀ ਰੇ ਗ ਮ , ਮ ਮੇ ਧ, ਗ ਪ ਧ ਨੀ ਸਾਂ

ਅਵਰੋਹ : ਸਾਂ, ਰੇਂ ਨੀ ਧ ਮੇ ਮ ਗ, ਮੇ ਗ ਰੇ ਸਾ

ਮੁੱਖ ਅੰਗ : ਸਾ, ਨੀ ਰੇ ਗ ਮੇ, ਧ ਮੇ ਮ ਗ, ਰੇ ਨੀ ਧ
ਮੇ ਮ ਗ[1]

(16) ਬਿਲਾਵਲ:

ਰਾਗ ਬਿਲਾਵਲ ਪ੍ਰਾਚੀਨ ਅਤੇ ਪ੍ਰਚੱਲਿਤ ਰਾਗ ਹੈ। ਮੱਧਕਾਲ ਦੇ ਲਗਭਗ ਸਾਰੇ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦੇ ਉਲੇਖ ਤੋਂ ਇਸ ਰਾਗ ਦੀ ਲੋਕ ਪ੍ਰਿਯਤਾ ਬਾਰੇ ਪਤਾ ਲਗਦਾ ਹੈ। ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਨੂੰ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਨਾਵਾਂ ਨਾਲ ਪੁਕਾਰਿਆ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੋਣ ਕਾਰਨ ਇਸਨੂੰ 'ਸਵੇਰ ਦਾ ਕਲਿਆਣ' ਵੀ ਕਿਹਾ ਜਾਂਦਾ ਹੈ। ਰਾਗ ਰਾਗਣੀ ਪੱਧਤੀ ਅਨੁਸਾਰ ਕੁਝ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਣੀ ਮੰਨਿਆ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬਵਿੱਚ 'ਰਾਗ ਬਿਲਾਵਲ' ਹੀ ਲਿਖਿਆ ਹੈ ਇਸ ਰਾਗ ਦੇ ਸੰਬੰਧ ਵਿੱਚ ਗੁਰੂ ਸਾਹਿਬਾਨ ਦਾ ਫੁਰਮਾਨ ਹੈ:

-ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।।
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ।।[2]

---

1. ਗੁਰਨਾਮ ਸਿੰਘ(ਡਾ.) ਆਦਿ ਗ੍ਰੰਥ: ਰਾਗ ਕੋਸ਼,ਪੰਨਾ66

2. ਆਦਿ ਗ੍ਰੰਥ, ਪੰਨਾ 849

-ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ।।
ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ ।
ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ।[1]

-ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ।
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ[2]।।

ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਸ ਰਾਗ ਦਾ ਨਾਦਾਤਮਕ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | |
|---|---|---|---|
| 1. ਥਾਟ | ਬਿਲਾਵਲ | ਜਾਤੀ | ਸੰਪੂਰਣ |
| ਵਾਦੀ | ਧੈਵਤ | ਸੰਵਾਦੀ | ਗੰਧਾਰ |
| ਸੁਰ | ਸਾਰੇ ਸੁਧ | ਸਾਮਾ | ਦਿਨ ਦਾ ਦੂਜਾ ਪਹਿਰ |
| ਆਰੋਹ | ਸਾ ਰੇ ਗ ਮ ਪ, ਧ ਨੀ ਸਾ। | | |
| ਅਵਰੋਹ | ਸਾ ਨੀ ਧ, ਪ, ਮ ਗ, ਰੇ ਸਾ | | |
| ਮੁੱਖ ਅੰਗ | ਗ ਰੇ, ਗ ਮ ਧ ਪ, ਮ ਗ, ਮ ਰੇ ਸਾ । | | |

(ੳ) <u>ਬਿਲਾਵਲ ਦਖਣੀ</u>: ਰਾਗ ਬਿਲਾਵਲ ਦਖਣੀ ਜੋ ਰਾਗ ਬਿਲਾਵਲ ਦਾ ਹੀ ਪ੍ਰਕਾਰ ਹੈ । ਰਾਗ ਬਿਲਾਵਲ ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਵਿੱਚ ਪ੍ਰਚੱਲਿਤ ਹੈ ਪਰ ਦੋਵੇ ਪੱਧਤੀਆਂ ਦੇ ਰਾਗ ਦੇ ਸਰੂਪ ਵਿੱਚ ਭਿੰਨਤਾ ਕਾਰਣ

---

1. ਸਲੋਕ ਮਹਲਾ ੩ , <u>ਆਦਿ ਗ੍ਰੰਥ</u>, ਪੰਨਾ 849
2. ਮਹਲਾ ੩ , - ਉਹੀ - , ਪੰਨਾ 849

ਦੋਵੇਂ ਆਪਣੀ ਵੱਖਰੀ ਹੋਂਦ ਰੱਖਦੇ ਹਨ। ਰਾਗ ਬਿਲਾਵਲ ਦਖਣੀ ਨੂੰ ਭਾਰਤੀ ਸੰਗੀਤ ਵਿੱਚ 'ਵੇਲਾਵਲੀ' ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਸ ਰਾਗ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਥਾਟ | : | ਵੇਲਾਵਲੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਰਿਸ਼ਭ |
| ਸੁਰ | : | ਗੰਧਾਰ, ਕੋਮਲ ਬਾਕੀ ਸੁਧ | ਸਮਾਂ | : | ਸਵੇਰ |
| ਆਰੋਹ | : | ਸਾ ਰੇ ਮ ਪ ਧ ਸਾਂ | | | |
| ਅਵਰੋਹ | : | ਸਾਂਨੀ ਧ ਪ ਮ ਗੁ ਰੇ ਸਾ | | | |
| ਮੁੱਖ ਅੰਗ | : | ਰੇ ਮ ਪ ਧ ਮ ਪ, ਧ ਮ ਗੁ ਰੇ, ਸਾ । | | | |

(17) ਰਾਗ ਗੌਂਡ:

ਰਾਗ ਗੌਂਡ ਪੁਰਾਤਨ ਅਤੇ ਕਠਿਨ ਰਾਗ ਹੈ। ਭਾਰਤੀ ਸੰਗੀਤ ਵਿੱਚ ਮਿਸ਼ਰਤ ਪਰਿਪਾਟੀ ਅਨੁਸਾਰ ਇਸਦੇ ਕਈ ਪ੍ਰਕਾਰ ਪ੍ਰਚਾਰ ਵਿੱਚ ਹਨ ਜਿਵੇਂ- ਗੌਂਡ ਮਲ੍ਹਾਰ, ਗੌਂਡ ਸਾਰੰਗ ਆਦਿ ਪਰ ਗੁਰਮਤਿ ਸੰਗੀਤ ਵਿਚ ਗੌਂਡ ਦਾ ਸਿਰਫ਼ ਇੱਕ ਪ੍ਰਕਾਰ ਰਾਗ ਬਿਲਾਵਲ ਨਾਲ ਮਿਸ਼ਰਣ ਕਰਕੇ ਰਾਗ 'ਬਿਲਾਵਲ ਗੌਂਡ' ਹੀ ਗਾਉਣ ਦੀ ਪ੍ਰਥਾ ਹੈ। ਸ਼੍ਰੀ ਪਿਆਰਾ ਸਿੰਘ ਜੀਨੇ ਆਪਣੇ 'ਗੁਰੂ ਗ੍ਰੰਥ ਸੰਕੇਤ ਕੋਸ਼' ਵਿੱਚ 'ਰਤਨ ਸੁਸਮਹੂ' ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ' ਇਹ ਰਾਗ ਧਨਾਸਰੀ, ਮਲ੍ਹਾਰ, ਬਿਲਾਵਲ ਦੇ ਮੇਲ ਤੋਂ ਬਣਦਾ ਹੈ।[1] ਪ੍ਰਿੰਸੀਪਲ ਸਤਿਬੀਰ ਸਿੰਘ

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 148

ਜੀ ਅਨੁਸਾਰ, "ਰਾਗ ਗੌਂਡ ਉਝ ਤਾਂ ਅੱਧੀ ਰਾਤ ਗਾਵੀਦਾ ਹੈ ਪਰ ਬਾਰਿਸ਼ ਹੋਵੇ ਤਾਂ ਹਰ ਵੇਲੇ ਗਾਵਿਆ ਜਾ ਸਕਦਾ ਹੈ।[1] ਰਾਗ ਗੌਂਡ ਪੁਰਾਤਨ ਹੋਣ ਕਰਕੇ ਇਸਦੇ ਕਈ ਸਰੂਪ ਪ੍ਰਚਾਰ ਵਿੱਚ ਹਨ:

1. ਗੌਂਡ ਕਾਫ਼ੀ ਥਾਟ ਤੋਂ ਉਤਪੰਨ ਹੋਣ ਵਾਲਾ ਅਪ੍ਰਸਿੱਧ ਸਰੂਪ ਹੈ। ਪੂਰਵਾਂਗ ਵਿੱਚ ਕਾਨੜ੍ਹਾ ਅਤੇ ਉਤਰਾਂਗ ਵਿੱਚ ਮਲ੍ਹਾਰ ਅੰਗ ਲਿਆ ਜਾਂਦਾ ਹੈ। ਇਸਦਾ ਗੰਧਾਰ ਕਾਨੜ੍ਹਾ ਅੰਗ ਤੇ ਲਏ ਜਾਣ ਕਰਕੇ ਅੰਦੋਲਿਤ ਰਹਿੰਦਾ ਹੈ।

| | | |
|---|---|---|
| ਆਰੋਹ | : | ਸਾ ਗੁ ऽ ਮ ਰੇ ਪ, ਨੁੀ ਧ ਸਾਂ। |
| ਅਵਰੋਹ | : | ਸਾਂ ਧ ਨੁੀ ਪ , ਮ ਪ ਗੁ ऽ ਮ ਰੇ ਸਾ |
| ਮੁੱਖ ਅੰਗ | : | ਰੇ ਗੁ ਰੇ ਮ ਗੁ ਰੇ ਸਾ[2] |

| | | | | | |
|---|---|---|---|---|---|
| 2. ਥਾਟ | : | ਕਾਫ਼ੀ | ਜਾਤੀ | : | ਔੜਵ-ਵਕਰ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸ਼ੜਜ |
| ਆਰੋਹ | : | ਨੀ ਸਾ, ਰੇ ਮ, ਰੇ ਪ, ਧ ਸਾਂ। | | | |
| ਅਵਰੋਹ | : | ਸਾਂ ਧ ਨੁੀ ਪ ਧ ਨੁੀ ਪ, ਮ ਪ, ਗੁ(ਅੰਦੋਲਿਤ) ਮਾ ਰੇ ਸਾ । | | | |
| ਮੁੱਖ ਅੰਗ | : | ਮ ਪ ਧ ਸਾਂ, ਧ ਰੇ, ਸਾਂ, ਨੁੀ ਪ, ਮ ਪ, ਗੁ ਮ, ਮ ਰੇ, ਸਾ ਨੀ ਸਾ[3] | | | |

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ, ਪੰਨਾ 66
2. ਪੰਡਿਤ ਭਾਤਖੰਡੇ, ਕ੍ਰਮਿਕ ਪੁਸਤਕ ਮਾਲਿਕਾ (ਭਾਗ ਛੇ), ਪੰਨਾ 339
3. ਜ. ਦ੍ਰਿ ਸ਼ਾਹ, ਮਲਾਰ ਕੇ ਪ੍ਰਕਾਰ, ਪੰਨਾ 72

3. ਸਿੱਖ ਕੀਰਤਨੀਆਂ ਅਤੇ ਵਿਦਵਾਨਾਂ ਅਨੁਸਾਰ ਇਹ ਸਰੂਪ ਪ੍ਰਚਲਿਤ ਮੰਨਿਆ ਜਾਂਦਾ ਹੈ। ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ,[1] ਡਾ. ਗੁਰਨਾਮ ਸਿੰਘ,[2] ਅਤੇ ਰਾਗ ਨਿਰਣਾਇਕ ਕਮੇਟੀ[3] ਨੇ ਵੀ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ।

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ |
| ਵਾਦੀ | : | ਸ਼ੜਜ | ਸੰਵਾਦੀ | : | ਮਧਿਅਮ |
| ਸਮਾਂ | : | ਦਿਨ ਦਾ ਦੂਸਰਾ ਪਹਿਰ | | | |
| ਆਰੋਹ | : | ਸਾ ਰੇ ਗ ਮ, ਪ ਧ ਨੀ ਧ ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਨੀ ਪ, ਮ ਗ, ਰੇ ਸਾ | | | |
| ਮੁੱਖ ਅੰਗ | : | ਰੇ ਗ ਮ, ਪ ਮ, ਮ ਪ ਨੀ ਧ ਨੀ ਸਾਂ, ਨੀ ਧ ਨੀ ਪ, ਧ ਮ । | | | |

(ੲ) <u>ਬਿਲਾਵਲ ਗੌਂਡ</u>: ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਇਸ ਰਾਗ ਬਾਰੇ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਕੋਈ ਹਵਾਲਾ ਨਹੀਂ ਮਿਲਦਾ। ਰਾਗ ਬਿਲਾਵਲ ਅਤੇ ਗੌਂਡ ਦੀਆਂ ਮਧੁਰ ਸੁਰਾਵਲੀਆਂ ਦੇ ਸੁਮੇਲ ਤੋਂ ਰਾਗ ਬਿਲਾਵਲ ਗੌਂਡ ਦਾ ਜਨਮ ਹੋਇਆ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੋਣ ਕਾਰਣ ਇਸ ਵਿੱਚ ਭਗਤੀ ਭਾਵ ਦੀਆਂ ਰਚਨਾਵਾਂ ਸੁਹਾਵਣੀਆਂ ਲਗਦੀਆਂ ਹਨ। ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ:

---

1. ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ-।।, ਪੰਨਾ 517
2. ਆਦਿ ਗ੍ਰੰਥ: ਰਾਗ ਕੋਸ਼, ਪੰਨਾ 69
3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 17

| | | | | | |
|---|---|---|---|---|---|
| (1) ਥਾਟ | : | ਬਿਲਾਵਲ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਧੈਵਤ |
| ਸੁਰ | : | ਦੋਵੇਂ ਨਿਸ਼ਾਦ | ਸਮਾਂ | : | ਦਿਨ ਦਾ ਦੂਜਾ ਪਹਿਰ |

ਆਰੋਹ : ਸਾ, ਗ ਮ ਰੇ, ਮਗ, ਗ ਪ ਧ ਨੀ ਸਾਂ।

ਅਵਰੋਹ : ਸਾਂ, ਨੀ ਸਾਂ, ਧ ਪ, ਗ ਪ ਮ ਗ, ਰੇ ਗ ਮ ਗ ਰੇ,
ਨ਼ੀ ਰੇ ਸਾ

ਮੁੱਖ ਅੰਗ : ਗ ਪ ਨੀ ਨੀ ਧ ਪ, ਗ ਮ ਗ ਰੇ ਮਗ,ਰੇ,
ਨ਼ੀ ਰੇ ਸਾ[1]

| | | | | | |
|---|---|---|---|---|---|
| (2) ਥਾਟ | : | ਬਿਲਾਵਲ | ਜਾਤੀ | : | ਵਕਰ ਸੰਪੂਣਰਣ |
| ਵਾਦੀ | : | ਗੰਧਾਰ | ਸੰਵਾਦੀ | : | ਧੈਵਤ |
| ਪ੍ਰਾਕ੍ਰਿਤੀ | : | ਗੰਭੀਰ | ਸਮਾਂ | : | ਦਿਨ ਦਾ ਦੂਜਾ ਪਹਿਰ |

ਆਰੋਹ : ਸਾ ਰੇ ਗ, ਰੇ ਮ, ਗ ਪ ਨੀ ਧ ਸਾਂ

ਅਵਰੋਹ : ਸਾਂ ਨੀ ਧ ਪ ਮ ਗ, ਰੇ ਗ ਮ ਗ, ਮ ਰੇ ਸਾ।

ਪਕੜ : ਸਾ ਰੇ ਗ ਰੇ ਗ, ਮ ਗ ਮ ਰੇ ਸਾ, ਸਾ ਨੀ
ਧ਼ ਪ਼ ਨ਼ੀ ਸਾ।[2]

---

1. ਤਾਰਾ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,ਪੰਨਾ190

2. ਗੁਰਨਾਮ ਸਿੰਘ (ਡਾ.), ਆਦਿ ਗ੍ਰੰਥ: ਰਾਗ ਕੋਸ਼,ਪੰਨਾ 71

(18) ਰਾਮਕਲੀ:

ਰਾਗ ਰਾਮਕਲੀ ਪ੍ਰਾਚੀਨ ਅਤੇ ਲੋਕਪ੍ਰਿਯ ਰਾਗ ਹੈ। ਸਵੇਰ ਦੇ ਰਾਗਾਂ ਵਿੱਚ ਇਸ ਰਾਗ ਦਾ ਮਹੱਤਵਪੂਰਨ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਰਾਮਕਲੀ ਸੰਬੰਧੀ ਗੁਰੂ ਸਾਹਿਬਾਨਦਾ ਫੁਰਮਾਨ ਹੈ:

"ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।।
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ।।[1]

ਇਹ ਜੋਗੀਆਂ ਦਾ ਹਰਮਨ ਪਿਆਰਾ ਰਾਗ ਹੈ। ਸ੍ਰੀਗੁਰੂ ਨਾਨਕ ਦੇਵ ਜੀ ਦੀ ਸਿਧਾਂ ਨੂੰ ਉਪਦੇਸ਼ ਦੇਣ ਹਿਤ ਉਚਾਰੀ ਬਾਣੀ 'ਸਿਧ ਗੋਸਟਿ' ਇਸੇ ਰਾਗ ਵਿੱਚ ਹੈ। ਇਸ ਰਾਗ ਦਾ ਸ਼ਾਸਤਰਾਤਮਕ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | |
|---|---|---|---|
| (1)ਥਾਟ | ਭੈਰਵ | ਜਾਤੀ | ਸੰਪੂਰਣ-ਸੰਪੂਰਣ |
| ਵਾਦੀ | ਪੰਚਮ | ਸੰਵਾਦੀ | ਰਿਸ਼ਭ |
| ਸੁਰ | ਰਿਸ਼ਭ,ਧੈਵਤ ਕੋਮਲ ਅਤੇ ਅੰਦੋਲਿਤ | ਸਮਾਂ | ਪ੍ਰਾਤਹਕਾਲ |
| ਵਿਸਤਾਰ | ਮੱਧ ਅਤੇ ਤਾਰ ਸਪਤਕ ਵਿੱਚ ਜ਼ਿਆਦਾ | | |
| ਆਰੋਹ | ਸ ਗ, ਮ ਪ, ਧੁ, ਨੀ ਸਾਂ। | | |
| ਅਵਰੋਹ | ਸਾਂ ਨੀ ਧੁ, ਪ, ਗ ਮ, ਰੇ ਸਾ।[2] | | |

1. ਮਹਲਾ 3 ਆਦਿ ਗ੍ਰੰਥ,ਪੰਨਾ950

2. ਸ੍ਰੀ ਭਗਵਤੀ ਪ੍ਰਸਾਦ ਪੁਸ਼ਟੀ ਸੰਗੀਤ ਪ੍ਰਕਾਸ਼,ਪੰਨਾ29

| | | | |
|---|---|---|---|
| (2) ਥਾਟ | ਭੈਰਵ | ਜਾਤੀ | ਸ਼ਾੜਵ-ਸੰਪੂਰਣ |
| ਵਾਦੀ | ਧੈਵਤ | ਸੰਵਾਦੀ | ਰਿਸ਼ਭ |
| ਸੁਰ | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ | ਨਿਆਸ | ਸ਼ੜਜ, ਰਿਸ਼ਭ ਪੰਚਮ |
| ਵਰਜਿਤ ਸੁਰ | ਆਰੋਹ ਵਿੱਚ ਰਿਸ਼ਭ | ਸਮਾਂ | ਸਵੇਰ ਦਾ ਪਹਿਲਾ ਪਹਿਰ |
| ਆਰੋਹ | ਸਾ ਗ ਮ ਪ ਧੁ ਨੀ ਸਾਂ | | |
| ਅਵਰੋਹ | ਸਾਂ ਨੀ ਧੁ ਪ, ਮੇ ਪ ਧੁ ਨੀ ਧੁ ਪ, ਗ ਮ ਰੁ ਸਾ। | | |
| ਪਕੜ | ਧੁ ਪ, ਮੇ ਪ, ਧੁ ਨੀ ਧੁ ਪ ਗ, ਮ ਰੁ ਸਾ। | | |

(3) <u>ਰਾਮਕਲੀ ਦੱਖਣੀ</u>:

| | | | |
|---|---|---|---|
| ਥਾਟ | ਮਾਯਾਮਾਲਵਗੌੜ (ਭੈਰਵ) | ਜਾਤੀ | ਔੜਵ-ਸੰਪੂਰਣ |
| ਵਾਦੀ | ਧੈਵਤ | ਸੰਵਾਦੀ | ਰਿਸ਼ਭ |
| ਸੁਰ | ਰਿਸ਼ਭ ਧੈਵਤ ਕੋਮਲ | ਸਮਾਂ | ਸਵੇਰ |
| ਵਰਜਿਤ ਸੁਰ | ਆਰੋਹ ਵਿੱਚ ਮ, ਨੀ | | |
| ਆਰੋਹ | ਸਾ, ਰੁ, ਗ ਪ ਧੁ, ਸਾਂ। | | |
| ਅਵਰੋਹ | ਸਾਂ, ਨੀ ਧੁ ਪ, ਮ ਗ, ਰੁ ਰੁ ਸਾ। | | |
| ਪਕੜ | ਸਾ ਰੁ ਗ ਪ ਧੁ ਧੁ ਪ, ਮ ਗ ਰੁ ਰੁ, ਸਾ | | |

ਅਹੋਬਲ ਨੇ ਇਸ ਸਰੂਪ ਵਿੱਚ ਵਾਦੀ 'ਪ' ਸੰਵਾਦੀ 'ਸ' ਸੁਰ ਮੰਨਿਆ ਹੈ।

(18) ਨਟ ਨਾਰਾਇਣ:

ਰਾਗ ਨਟ ਨਾਰਾਇਣ ਪ੍ਰਸਿੱਧ ਰਾਗ ਹੈ। ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਮੁੱਖ ਛੇ ਰਾਗਾਂ ਵਿੱਚੋਂ ਇਕ ਸਵੀਕਾਰਿਆ ਹੈ ਜੋ ਕਿ ਇਸਦੀ ਪੁਰਾਤਨਤਾ ਦਾ ਸੂਚਕ ਹੈ। ਪੰਡਿਤ ਤਾਰਾ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਸ਼ੰਕਰਾਭਰਨ, ਬਿਲਾਵਲ, ਮਧੁਮਾਧਵੀ, ਲੰਕਦਹਨ ਇਨ੍ਹਾਂ ਚਾਰਾਂ ਰਾਗਾਂ ਦੇ ਸੁਮੇਲ ਤੋਂ ਮੰਨੀ ਹੈ।[1]

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਸ ਰਾਗ ਦੀ ਰਚਨਾ ਬਿਲਾਵਲ ਅਤੇ ਕਲਿਆਣ ਦੇ ਸੰਜੋਗ ਤੋਂ ਹੋਈ ਹੈ, ਇਸ ਦੀ ਜਾਤੀ ਸੰਪੂਰਣ, ਥਾਟ ਖਮਾਜ, ਵਾਦੀ ਰਿਸ਼ਭ, ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁਧ ਹਨ ਅਤੇ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਆਰੋਹ : ਸ ਰੇਗ ਮ ਪ ਧ ਨੀ ਸਾਂ।

ਅਵਰੋਹ : ਸਾਂ ਨੀ ਧ ਪ ਮ ਗ ਰੇ ਸਾ।[2]

2. ਪੰਡਿਤ ਅਹੋਬਲ ਨੇ ਇਸ ਦੇ ਅਵਰੋਹ ਵਿੱਚ ਨੀ ਵਰਜਿਤ ਕਰਕੇ ਇਸ ਦੀ ਰਚਨਾ ਸੰਪੂਰਨ-ਸ਼ਾਡਵ ਮੰਨੀ ਹੈ।[3]

3.

| | | | |
|---|---|---|---|
| ਥਾਟ | : ਬਿਲਾਵਲ | ਜਾਤੀ | : ਸ਼ਾਡਵ ਵਕਰ ਸੰਪੂਰਣ |
| ਵਾਦੀ | : ਮਧਿਅਮ | ਸੰਵਾਦੀ | : ਸ਼ੜਜ |
| ਵਰਜਿਤ ਸੁਰ | : ਨਿਸ਼ਾਦ | | |

---

1. ਗੁਰੂਗਿਰਾਰਥ ਕੋਸ਼, ਪੰਨਾ 144
2. ਮਹਾਨ ਕੋਸ਼, ਪੰਨਾ 680
3. ਸੰਗੀਤ ਪਾਰਿਜਾਤ, ਪੰਨਾ 173

ਆਰੋਹ : 1) ਸਾ ਰੇ ਸ ਪ, ਧ ਗ ਮ ਪ ਸ+

2) ਸਾ ਰੇ ਗ ਮ, ਧਪ, ਗ ਮ ਪ ਸ+।

ਅਵਰੋਹ : ਸ+ ਧ ਪ, ਗ ਮ, ਗ ਮ ਮ, ਸਾ ਰੇ ਸਾ[1]

4. ਥਾਟ : ਬਿਲਾਵਲ ਜਾਤੀ : ਸ਼ਾਡਵ-ਸ਼ਾਡਵ

ਵਾਦੀ : ਮਧਿਅਮ ਸੰਵਾਦੀ : ਸ਼ੜਜ

ਵਰਜਿਤ ਸੁਰ : ਨਿਸ਼ਾਦ

ਆਰੋਹ : ਸ (ਮ)ਰੇ ਸਾ ਗ ਗ ਮ ਪ, ਧਪ ਸ+।

ਅਵਰੋਹ : ਸ+ ਰੇਂ ਸ+ ਧ ਧ ਪਗ, ਮ ਰੇ ਸਾ ਰੇ ਸਾ[2]

5. ਥਾਟ : ਬਿਲਾਵਲ ਜਾਤੀ : ਸੰਪੂਰਣ ਔੜਵ ਜਾਂ ਵਕਰ ਸੰਪੂਰਣ

ਵਾਦੀ : ਪੰਚਮ ਸੰਵਾਦੀ : ਰਿਸ਼ਭ

ਵਰਜਿਤ ਸੁਰ : ਅਵਰੋਹ ਵਿਚ ਗੰਧਾਰ, ਧੈਵਤ ਸਮਾਂ : ਰਾਤ ਦਾ ਦੂਜਾ ਪਹਿਰ

ਆਰੋਹ : ਸ ਰੇ ਗ ਮ ਰੇ ਸਾ, ਗ ਮ ਪ, ਧ ਨੀ ਸ+।

ਅਵਰੋਹ : ਸ+ ਧਪ ਗਮ ਧਪ, ਗਮ ਰੇ ਸਾ।

ਮੁੱਖ ਅੰਗ : ਸਾ ਰੇ ਸਾ, ਪ , ਧਪ, ਗਮਰੇ, ਸਾ[3]

---

1. ਸ਼ਾਸਤਰੀ, ਕੇ. ਵਾਸੂਦੇਵ , ਸੰਗੀਤ ਸ਼ਾਸਤਰ ਪੰਨਾ 202

2. Walter Cafman, The Ragas of North India, page 173

3. ਤਾਰਾ ਸਿੰਘ(ਪ੍ਰੋ.) ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ213-14

ਰਾਗ ਨਟ ਨਾਰਾਇਣ ਦਾ ਇਹ ਸਰੂਪ ਪ੍ਰਵਾਣਿਤ ਮੰਨਿਆ ਜਾਂਦਾ ਹੈ ਰਾਗ ਨਿਰਣਾਇਕ ਕਮੇਟੀ,[1] ਡਾ. ਗੁਰਨਾਮ ਸਿੰਘ,[2] ਨੇ ਨਟ ਨਾਰਾਇਣ ਦੇ ਇਸ ਸਰੂਪ ਦਾ ਪ੍ਰਯੋਗ ਕੀਤਾ ਹੈ।

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਸੰਪੂਰਣ ਔੜਵ |
| ਵਾਦੀ | : | ਪੰਚਮ | ਸੰਵਾਦੀ | : | ਰਿਸ਼ਭ |
| ਸੁਰ | : | ਦੋਵੇਂ ਮਧਿਅਮ ਅਤੇ ਧੈਵਤ, ਗੰਧਾਰ ਦਾ ਅਵਰੋਹ ਵਿੱਚ ਅਲਪ ਪ੍ਰਯੋਗ | ਸਮਾਂ | : | ਰਾਤ ਦਾ ਦੂਜਾ ਪਹਿਰ |
| ਵਰਜਿਤ ਸੁਰ | : | ਅਵਰੋਹ ਵਿੱਚ ਨਿਸ਼ਾਦ | | | |

ਆਰੋਹ : ਸ ਗ ਮ ਰੇ, ਮੇ ਪ ਧ ਨੀ ਸਾਂ।

ਅਵਰੋਹ : ਸਾਂ ਧ ਪ ਮੇ ਧ ਪ, ਗ ਮ ਰੇ ਸਾ

ਪਕੜ : ਸ ਮਗ ਮ ਪੇ, ਧ ਪ, ਮ, ਗ ਮ ਰੇ ਸਾ।

(ੳ) ਨਟ: ਭਾਰਤੀ ਸੰਗੀਤ ਵਿੱਚ ਰਾਗ ਨਾਟ ਦਾ ਮਹੱਤਵਪੂਰਣ ਸਥਾਨ ਹੈ। ਇਸ ਰਾਗ ਦੇ ਸੰਜੋਗ ਤੋਂ ਅਨੇਕ ਪ੍ਰਕਾਰ ਪ੍ਰਚਾਰ ਵਿੱਚ ਆਏ ਜਿਵੇਂ ਨਟ ਕੇਦਾਰ, ਨਟ ਸਾਰੰਗ, ਨਟ ਮਲ੍ਹਾਰ, ਨਟ ਭੈਰਵ ਆਦਿ ।

---

1. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 12
2. ਆਦਿ ਗ੍ਰੰਥ: ਰਾਗ ਕੋਸ਼, ਪੰਨਾ 74-75

ਨਟ ਦੇ ਇਹ ਪ੍ਰਕਾਰ ਮੱਧਕਾਲ ਤੋਂ ਵਰਤਮਾਨ ਸਮੇਂ ਤਕ ਪ੍ਰਚੱਲਿਤ ਹਨ ਜੋ ਕਿ ਨਟ ਦੇ ਪ੍ਰਕਾਰ ਹੁੰਦਿਆਂ ਹੋਇਆਂ ਵੀ ਇਕ ਨਿਵੇਕਲੇ ਸਰੂਪ ਦੇ ਧਾਰਣੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਨਟ ਦਾ ਵਰਣਨ ਰਾਗ ਨਟ ਨਾਰਾਇਣ ਦੇ ਅਧੀਨ ਕੀਤਾ ਗਿਆ ਹੈ। ਪੰਡਿਤ ਤਾਰਾ ਸਿੰਘ ਜੀ ਨੇ ਇਸਦੀ ਰਚਨਾ ਹਮੀਰ, ਸਿਆਮ ਕਲਿਆਣ ਦੇ ਮੇਲ ਤੋਂ ਮੰਨੀ ਹੈ।[1]

1) ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਬਿਲਾਵਲ ਠਾਠ ਦਾ ਸੰਪੂਰਣ ਜਾਤਿ ਦਾ ਸ਼ਾੜਵ ਰਾਗ, ਇਸ ਵਿੱਚ ਮੱਧਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ, ਇਸ ਵਿਚ ਗੰਧਾਰ ਅਤੇ ਧੈਵਤ ਬਹੁਤ ਕੋਮਲ ਲਗਦੇ ਹਨ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

| | | | | |
|---|---|---|---|---|
| ਆਰੋਹੀ | : | ਸਾ ਰੇ ਗੁ ਮ ਪ ਧੁ ਨੀ ਸਾਂ | | |
| ਅਵਰੋਹੀ | : | ਸਾਂ ਨੀ ਧੁਪ ਮ ਰੇ ਸਾ।[2] | | |

2)

| | | | | | |
|---|---|---|---|---|---|
| ਥਾਟ | : | ਕਾਫ਼ੀ | ਜਾਤੀ | : | ਸੰਪੂਰਨ-ਔੜਵ |
| ਵਾਦੀ | : | ਸ਼ੜਜ | ਸੰਵਾਦੀ | : | ਪੰਚਮ |
| ਸੁਰ | : | ਗੰਧਾਰ, ਕੋਮਲ ਦੋਵੇਂ ਨਿਸ਼ਾਦ | ਵਰਜਿਤ ਸੁਰ | : | ਅਵਰੋਹ ਵਿੱਚ ਗੰਧਾਰ, ਧੈਵਤ |
| ਸਮਾਂ | : | ਰਾਤ ਦਾ ਦੂਸਰਾ ਪਹਿਰ | | | |
| ਆਰੋਹ | : | ਸਾ, ਰੇ ਗੁ ਮ, ਪ, ਧ ਨੀ ਸਾਂ। | | | |
| ਅਵਰੋਹ | : | ਸਾਂ ਨੁੰ ਪ, ਮ ਰੇ ਸ। | | | |

---

1. ਗੁਰੂ ਗਿਰਾਰਥ ਕੋਸ਼, ਪੰਨਾ 143
2. ਮਹਾਨ ਕੋਸ਼, ਪੰਨਾ 679-80

ਮੁੱਖ ਅੰਗ : ਗੁ ਮ ਪ, ਗੁ ਮ, ਪ ਨੁੀ, ਧ ਨੀ ਸਾਂ, ਨੁੀ ਪ, ਮ ਰੇ ਸਾ[1]

3) ਦੱਖਣੀ ਭਾਰਤੀ ਸੰਗੀਤ ਵਿੱਚ ਰਾਗ ਨਟ ਵਿੱਚ ਗ੍ਰਹ, ਅੰਸ਼, , ਨਿਆਸ ਸੁੜਜ ਹੈ। ਇਹ ਸੰਪੂਰਣ ਹੋ ਕੇ ਅੰਤਿਮ ਪਹਿਰ ਰਾਤ ਨੂੰ ਗਾਇਆ ਜਾਂਦਾ ਹੈ।[2]

4)

| | | | |
|---|---|---|---|
| ਥਾਟ | : ਬਿਲਾਵਲ | ਜਾਤੀ | : ਸੰਪੂਰਣ-ਔੜਵ |
| ਵਾਦੀ | : ਮਧਿਅਮ | ਸੰਵਾਦੀ | : ਸੁੜਜ |
| ਵਰਜਿਤ ਸੁਰ | : ਅਵਰੋਹ ਵਿੱਚ ਗੰਧਾਰ, ਧੈਵਤ | ਸਮਾਂ | : ਦੂਜਾ ਪਹਿਰ ਰਾਤ |

ਆਰੋਹ : ਸਾ ਰੇ ਗ ਮ ਪ ਧ ਨੀ ਸਾਂ

ਅਵਰੋਹ : ਸਾਂ ਨੀ ਪ ਮ ਰੇ ਸ[3]

## (20) ਮਾਲੀਗਉੜਾ:

ਰਾਗ ਮਾਲੀਗਉੜਾ ਅਪ੍ਰਚੱਲਿਤ ਰਾਗ ਹੈ। ਉੱਤਰੀ ਭਾਰਤੀ ਸੰਗੀਤ ਵਿੱਚ ਇਸਨੂੰ ਰਾਗ ਮਾਲੀ ਗੋਰਾ ਦੇ ਨਾਮ ਨਾਲ ਕਿਹਾ ਜਾਂਦਾ ਹੈ ਪਰ ਗੁਰਮਤਿ ਸੰਗੀਤ ਵਿੱਚ ਰਾਗ ਮਾਲੀਗਉੜਾ ਨਾਮ ਨਾਲ ਅੰਕਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਰਾਗ ਦੀ ਰਚਨਾ ਰਾਗ ਪੂਰੀਆ ਅਤੇ ਸ੍ਰੀ ਰਾਗ ਦੇ ਮੇਲ ਤੋਂ ਮੰਨੀ ਹੈ।[4] ਪੁਰਾਤਨ ਸੰਗੀਤ-ਵੇਤਿਆਂ ਅਨੁਸਾਰ ਸੋਰਠਿ ਤੇ ਗਉੜੀ ਮਿਲ ਕੇ ਮਾਲੀਗਉੜਾ ਬਣਦਾ ਹੈ।[5] ਇਸ ਰਾਗ ਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ:

---

1. ਸੰਤ ਸਰਵਣ ਸਿੰਘ, ਸੁਰ ਸਿਮਰਣ ਸੰਗੀਤ (ਭਾਗ ਚੌਥਾ) ਪੰਨਾ 421
2. ਰਾਮਾਮਾਤਯ, ਸਵਰ ਮੇਲ ਕਲਾਨਿਧੀ, (ਅਨੁ. ਵਿਸ਼ੰਭਰ ਨਾਥ ਭੱਟ) ਪੰਨਾ 37
3. ਵਸੰਤ, ਰਾਗ ਕੋਸ਼, ਪੰਨਾ 17
4. ਗੁਰਸ਼ਬਦ ਰਤਨਾਕਰ-ਮਹਾਨ ਕੋਸ਼, ਪੰਨਾ 968
5. ਪਿਆਰਾ ਸਿੰਘ (ਪ੍ਰੋ.) ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 278

| | | | | | |
|---|---|---|---|---|---|
| ਥਾਟ | : | ਮਾਰਵਾ | ਜਾਤੀ | : | ਸੰਪੂਰਣ |
| ਵਾਦੀ | : | ਰਿਸ਼ਭ ਕੋਮਲ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ ਤੀਵਰਮਧਿਅਮ ਦੋਵੇਂ ਧੈਵਤ | ਸਮ+ | : | ਸ਼ਾਮ |
| ਆਰੋਹ | : | ਸ ਰੇ ਗ ਮੇ ਪ ਧ ਨੀ ਧ ਸ+ । | | | |
| ਅਵਰੋਹ | : | ਸ+ ਨੀ ਧੁ ਪ, ਮੇ ਨੀ ਧ ਮੇ ਗ, ਰੇ ਸ। | | | |
| ਮੁੱਖ ਅੰਗ | : | ਮੇ ਗ ਰੇ ਸਾ, ਧੁ ਨੀ ਸ ਰੇ ਨੀ ਧੁ ਪ, ਮੇ ਗ, ਮੇ ਧੁ ਸਾ। | | | |

(21) ਮਾਰੂ:

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ।।
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹ ਰਾਗੁ।।[1]

ਰਾਗ ਮਾਰੂ ਪੁਰਾਤਨ ਅਤੇ ਕਠਿਨ ਰਾਗ ਹੈ। ਰਾਗ ਮਾਰੂ ਨੂੰ ਮਾਰੁਵ, ਮਾਰਵਾ, ਮਾਰਵਿਕ ਆਦਿ ਨਾਵਾਂ ਨਾਲ ਵੀਸੰਬੋਧਨ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਮਾਰੂ ਰਾਗ ਨਾਮ ਨਾਲ ਦਰਜ ਹੈ। ਗੁਰਮਤਿ ਸੰਗੀਤ ਵਿੱਚ ਪ੍ਰਾਣੀ ਦੇ ਅਕਾਲ ਚਲਾਣੇ ਪਰ ਜਦ ਤਕ ਦੇਹ ਅਜੇ ਹੈਂ ਮਾਰੂ ਦੇ ਸ਼ਬਦ, ਮਾਰੂ ਦੀ ਵਾਰ ਅਕਸਰ ਰਬਾਬੀ ਲਾਉਂਦੇ ਹਨ।[2] ਇਹ ਰਾਗ ਪ੍ਰਾਚੀਨ ਹੋਣ ਕਾਰਣ ਇਸਦੇ ਕਈ ਰੂਪ ਪ੍ਰਚਾਰ ਵਿੱਚ ਹਨ:

---

1. ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 1425

2. ਭਾਈ ਵੀਰ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਪੰਨਾ 31

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ , "ਇਹ ਸ਼ਾੜਵ ਜਾਤੀ ਦਾ ਰਾਗ ਹੈ। ਇਸ ਵਿੱਚ ਪੰਚਮ ਵਰਜਿਤ ਹੈ। ਸੁਰਜ ਗੰਧਾਰ,ਧੈਵਤ ਅਤੇ ਨਿਸ਼ਾਦ ਸੁਧ, ਰਿਸ਼ਭ ਕੋਮਲ ਅਤੇ ਮਧਿਅਮ ਤੀਬਰ ਲਗਦਾ ਹੈ, ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ।(ਕਈ ਸੰਗੀਤ ਗ੍ਰੰਥਾਂ ਨੇ ਇਸਨੂੰ ਸੰਪੂਰਣ ਰਾਗ ਲਿਖਿਆ ਹੈ ਅਤੇ ਸਾਰੇ ਸੁਰ ਸੁਧ ਲਗਦੇ ਹਨ) ਸ੍ਰੀਗੁਰੂ ਗ੍ਰੰਥ ਸਾਹਿਬ ਵਿੱਚ ਮਾਰੂ ਰਾਗ ਦਾ ਇਕੀਹਵਾਂ ਨੰਬਰ ਹੈ। ਇਹ ਰਾਗ ਯੁੱਧ ਅਤੇ ਚਲਾਣੇ ਸਮੇ ਖਾਸ ਕਰਕੇ ਦਿਨ ਦੇ ਤੀਜੇ ਪਹਿਰ ਸਾਧਾਰਣ ਰੀਤਿ ਅਨੁਸਾਰ ਗਾਇਆ ਜਾਂਦਾਹੈ।[1]

ਇਸ ਸਰੂਪ ਵਿਚ ਐਚ. ਐਸ. ਬਾਲੀ ਨੇ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਮੰਨਿਆ ਹੈ।[2]

| | | | | | |
|---|---|---|---|---|---|
| 2.ਥਾਟ | : | ਪੂਰਵੀ | ਜਾਤੀ | : | ਸੰਪੂਰਣ-ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਧੈਵਤ |
| ਸੁਰ | : | ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ | ਸਮਾਂ | : | ਦਿਨ ਦਾ ਚੌਥਾ ਪਹਿਰ |
| ਆਰੋਹ | : | ਸਾ ਰੇ ਗ ਮ ਮੇ ਪ ਧੁ ਨੀ ਸਾਂ | | | |
| ਅਵਰੋਹ | : | ਸਾਂ ਨੀ ਧੁ ਪ ਮੇ ਮ ਗ ਰੇ ਸਾ[3] | | | |

3. ਸੰਗੀਤਚਾਰੀਆਂ ਨੇ ਮਾਰੂ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ,ਇਸ ਰਾਗ ਵਿਚ ਸਭ ਸੁਰ ਸੁਧ ਲਗਦੇ ਹਨ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸਦੇ ਆਰੋਹ ਵਿੱਚ ਰਿਸ਼ਭ ਅਤੇ ਧੈਵਤ ਸੁਰ

1. ਮਹਾਨ ਕੋਸ਼, ਪੰਨਾ 966
2. ਸੰਗੀਤ ਪ੍ਰਕਾਸ਼, ਪੰਨਾ 49
3. ਵਸੰਤ, ਰਾਗ ਕੋਸ਼, ਪੰਨਾ35

ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿੱਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔੜਵ-ਸੰਪੂਰਣ ਹੈ। ਮਾਰੂ ਦਾ ਇਹ ਪ੍ਰਕਾਰ ਮਾਰੂ ਬਿਹਾਗ ਦੇ ਕਾਫੀ ਨਿਕਟ ਹੈ ਪਰੰਤੂ ਬਿਹਾਗ ਵਿੱਚ ਦੋਵੇਂ ਮਧਿਅਮ ਲਗਦੇ ਹਨ ਅਤੇ ਇਸ ਵਿੱਚ ਕੇਵਲ ਸ਼ੁਧ ਮਧਿਅਮ ਦਾ ਹੀ ਪ੍ਰਯੋਗ ਹੁੰਦਾ ਹੈ ਜਿਸ ਕਾਰਣ ਦੋਹਾਂ ਰਾਗਾਂ ਵਿੱਚ ਭਿੰਨਤਾ ਸਪਸ਼ਟ ਹੋ ਜਾਂਦੀ ਹੈ।

| | | |
|---|---|---|
| ਆਰੋਹ | : | ਸਮ, ਮਗ, ਗ ਮ ਪ ਨੀ ਸਾਂ |
| ਅਵਰੋਹ | : | ਸਾਂ ਨੀ ਧ ਪ, ਧ ਮ, ਪ ਗ , ਮ ਗ, ਸਾ ਰੇ ਸਾ। |
| ਮੁੱਖ ਅੰਗ | : | ਸਾ ਰੇ ਸਾ ਨ਼ੀ, ਸਾ ਮ ਮ ਗ, ਨੀ ਪ, ਧ ਮ, ਪ, ਗ, ਸਾਰ ਸਾ[1] |

| | | | | | |
|---|---|---|---|---|---|
| 4) ਥਾਟ | : | ਖਮਾਜ | ਜਾਤੀ | : | ਔੜਵ-ਵਕਰ ਸੰਪੂ-ਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿਚ ਰਿਸ਼ਭ, ਧੈਵਤ |
| ਸਮਾਂ | : | ਦਿਨ ਦਾ ਤੀਸਰਾ ਪਹਿਰ | | | |

---

1. ਪ੍ਰੋ. ਤਾਰਾ ਸਿਘ, ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 39

ਇਸ ਦੇ ਅਧੀਨ ਆਲਾਪ ਵੇਲੇ ਸ਼ੜਜ ਸੁਰ ਕਣ ਲਿਆ ਜਾਂਦਾ ਹੈ। ਰਿਸ਼ਭ ਸੁਰ ਦਾ ਅੱਲਪਤਵ ਕਰਕੇ ਇਸਨੂੰ ਕਦੇ ਕਦੇ ਗੁਪਤ ਢੰਗ ਨਾਲ ਮੀਂਡ ਦੁਆਰਾ ਲਿਆ ਜਾਂਦਾ ਹੈ।

ਆਰੋਹ : ਨ਼ੀ ਮ, ਗ ਮ ਪ ਨੀ ਸਾਂ।

ਅਵਰੋਹ : ਸਾਂ ਨੀ ਧ ਪ, ਪ ਧ ਮ, ਮ ਪ ਗ, ਰੇਸਾ।

ਮੁੱਖ ਅੰਗ : ਨੁ ਧ ਪ, ਧੁ ਮ, ਮ ਪ ਗ ਰੇਸਾ।[1]

ਇਹ ਸਰੂਪ ਵਿੱਚ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੇ ਸੰਵਾਦੀ ਸੁਰ ਸ਼ੜਜ ਮੰਨਿਆ ਜਾਂਦਾ ਹੈ।[2]

5) ਰਾਗ ਮਾਰੂ ਦਾ ਨਿਮਨ ਲਿਖਿਤ ਸਰੂਪ ਪ੍ਰਵਾਨਿਤ ਮੰਨਿਆ ਜਾਂਦਾਹੈ।

| | | | |
|---|---|---|---|
| ਥਾਟ | : ਦੋਨੋ ਮਧਿਅਮ, ਦੋਨੋ ਧੈਵਤ, ਦੋਨੋ ਨਿਸ਼ਾਦ | ਜਾਤੀ | : ਸ਼ਾੜਵ-ਸੰਪੂਰਣ |
| ਵਾਦੀ | : ਗੰਧਾਰ | ਸੰਵਾਦ | : ਨਿਸ਼ਾਦ |
| ਵਰਜਿਤ ਸੁਰ | : ਆਰੋਹ ਵਿਚ ਰਿਸ਼ਭ | ਸਮਾਂ | : ਦਿਨ ਦਾ ਤੀਸਰਾ ਪਹਿਰ |

ਆਰੋਹ : ਸਾ ਗ ਮ ਪ, ਧ ਨੀ ਸਾਂ।

ਅਵਰੋਹ : ਸਾਂ ਨੀ ਧ ਪ, ਮੇਂ ਪ ਧੁ ਨੀ ਧੁ ਪ, ਮ ਗ ਰੇ ਸ

ਪਕੜ : ਪ ਪ ਨੀ ਧ ਪ ਮ ਗ ਮ ਗ, ਪ ਧ ਪ ਗ, ਰੇ, ਗ ਰੇ ਸਾ[3]

---

1. ਗੁਰਨਾਮ ਸਿੰਘ(ਡਾ.) ਆਦਿ ਗ੍ਰੰਥ:ਰਾਗ ਕੋਸ਼, ਪੰਨਾ 80
2. ਪ੍ਰਾਚੀਨ ਰੀਤ ਰਤਨਾਵਲੀ-ਦੂਜਾ, ਪੰਨਾ 571
3. ਸਿਮ੍ਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 13

ੲ) <u>ਮਾਰੂ ਕਾਫੀ</u>: ਰਾਗ ਮਾਰੂ ਅਤੇ ਕਾਫ਼ੀ ਦੇ ਮਿਸ਼ਰਣ ਤੋਂ ਉਤਪੰਨ ਰਾਗ 'ਮਾਰੂ ਕਾਫ਼ੀ'ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੰਗਲਾਚਰਣ ਤੋਂ ਬਾਅਦ ਇਸ ਰਾਗ ਦਾ ਸਿਰਲੇਖ 'ਮਾਰੂ ਕਾਫੀ ਮਹਲਾ ੧ ਘਰੁ ੨' ਹੈ। ਰਾਗ ਦੇ ਇਸ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ, ਮਾਰੂ ਰਾਗ ਤੋਂ ਭਿੰਨ ਹੈ ਅਤੇ ਰਾਗ ਮਾਰੂ ਦਾ ਇਕ ਪ੍ਰਕਾਰ ਹੈ।

ਥਾਟ ਪੱਧਤੀ ਅਨੁਸਾਰ ਮਾਰੂ ਕਾਫ਼ੀ ਰਾਗ, ਥਾਟ ਖਮਾਜ ਕਾਫ਼ੀ ਅਧੀਨ ਰਖਿਆ ਜਾਂਦਾ ਹੈ।

| | | | | | |
|---|---|---|---|---|---|
| ਥਾਟ | : | ਖਮਾਜ-ਕਾਫ਼ੀ | ਜਾਤੀ | ; | **ਔੜਵ**-ਵਕਰ ਸੰਪੂਰਣ |
| ਵਾਦੀ | ; | ਪੰਚਮ | ਸੰਵਾਦੀ | : | ਸ਼ੜਜ |
| ਸੁਰ | ; | ਦੋਨੋਂ ਗੰਧਾਰ,<br>ਦੋਨੋਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ<br>ਧੈਵਤ |

| | | |
|---|---|---|
| ਆਰੋਹ | : | ਨੀ ਸ ਗ ਮ ਪ ਨ ਸ+। |
| ਅਵਰੋਹ | ; | ਸ+ ਨੀਪ, ਧ ਮ ਪ ਗ, ਮ ਗੁ, ਮਾ ਰੇ ਸਾ |
| ਪਕੜ | ; | ਸਾ ਗ ਮ ਪ, ਧ ਮ ਪ ਗ, ਮ ਗੁ ਸਾ ਰੇ ਸ। |

ਅ) <u>ਮਾਰੂ ਦਖਣੀ</u> :

| | | | | | |
|---|---|---|---|---|---|
| ਥਾਟ | : | ਮਾਯਾਮਾਲਵਗੌੜ | ਜਾਤੀ | : | ਸ਼ਾੜਵ-ਵਕਰ ਸੰਪੂਰਣ |
| ਵਾਦੀ | ; | ਧੈਵਤ | ਸੰਵਾਦੀ | : | ਰਿਸ਼ਭ |
| ਸਮਾ | ; | ਸਵੇਰ(ਪਹਿਲਾ ਪਹਿਰ) | | | |
| ਆਰੋਹ | : | ਸਾ ਗ ਮ ਪ ਧੁ ਨੀ, ਧੁ ਪ ਸਾਂ। | | | |
| ਅਵਰੋਹ | : | ਸਾਂ ਨੀ ਧੁ ਪ, ਮ ਧੁ ਮ ਪ ਮ ਗ ਰੇ ਸਾ। | | | |
| ਪਕੜ | | ਨੀ ਧੁ ਪ ਮ ਧੁ, ਮ ਪ, ਮ ਗ ਰੇ ਸਾ। | | | |

(22) ਤੁਖਾਰੀ:

ਰਾਗ ਤੁਖਾਰੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਇਹ ਪ੍ਰਾਚੀਨ ਅਤੇ ਅਪ੍ਰਚੱਲਿਤ ਰਾਗ ਹੈ। ਸ੍ਰੀ ਪਿਆਰਾ ਸਿੰਘ ਜੀ ਅਨੁਸਾਰ,"ਪੁਰਾਤਨ ਲਿਖਤਾਂ ਅਨੁਸਾਰ ਹਿਮਾਲਾ ਦੇ ਉੱਤਰ ਪੱਛਮ ਦਾ ਦੇਸ਼ 'ਤੁਖਾਰ' ਕਿਹਾ ਜਾਂਦਾ ਸੀ, ਹੋ ਸਕਦਾ ਹੈ, ਇਸ ਇਲਾਕੇ ਦੀ ਗਾਉਣ ਧੁਨਿ ਤੋਂ ਹੀ 'ਤੁਖਾਰੀ' ਰਾਗ ਵਿਕਸਿਤ ਹੋਇਆ ਹੋਵੇ।[1]" ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਭੈਰਉ, ਰਾਮਕਲੀ, ਟੋਡੀ ਦੇ ਮੇਲ ਤੋਂ ਮੰਨੀ ਹੈ।[2] ਸੰਗੀਤ ਵਿਦਵਾਨਾਂ ਅਨੁਸਾਰ ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿਚ ਹਨ:

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਪੂਰਣ ਜਾਤਿ ਦੀ ਰਾਗਣੀ ਜਿਸ ਦਾ ਗ੍ਰਹ ਸੁਰ ਸ਼ੜਜ, ਵਾਦੀ ਰਿਸ਼ਭ, ਸੰਵਾਦੀ ਪੰਚਮ, ਗਾਉਣ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮਧਿਅਮ ਵੀ ਵਰਤੇ ਜਾਂਦੇ ਹਨ।(ਕਈ ਸੰਗੀਤਕਾਰ ਇਸ ਵਿੱਚ ਪਾ (ਪੰਚਮ) ਵਰਜਿਤ ਕਰਕੇ ਇਸਨੂੰ ਸ਼ਾੜਵ ਜਾਤਿ ਦਾ ਰਾਗ ਮੰਨਦੇ ਹਨ) ਇਸ ਤੋਂ ਇਸਦਾ ਵਾਦੀ ਸੁਰ ਮਧਿਅਮ, ਸੰਵਾਦੀ ਸ਼ੜਜ ਹੈ।

| | | |
|---|---|---|
| ਆਰੋਹ | : | ਸਾ ਰੇ ਗ ਮ ਪ, ਮੇ ਪ ਧ ਨੀ ਸਾਂ |
| ਅਵਰੋਹ | : | ਸਾਂ ਨੀ ਧ ਪ, ਮੇ ਪ ਮ ਗ, ਮ ਗੁ ਰੇ ਸ |
| ਪਕੜ | : | ਸਾ ਰੇ, ਗ ਮ ਪ, ਮ ਗ, ਮ ਗੁ ਰੇ ਸਾ[3] |

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 194
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ, ਪੰਨਾ 75
3. ਮਹਾਨ ਕੋਸ਼, ਪੰਨਾ 595

2) ਰਾਗ ਤੁਖਾਰੀ ਦਾ ਇਹ ਸਰੂਪ ਪ੍ਰਵਾਣਿਤ ਮੰਨਿਆ ਜਾਂਦਾ ਹੈ। ਡਾ. ਗੁਰਨਾਮ ਸਿੰਘ,[1] ਰਾਗ ਨਿਰਣਾਇਕ ਕਮੇਟੀ[2] ਨੇ ਵੀ ਇਸ ਸਰੂਪ ਨੂੰ ਪ੍ਰਵਾਨਿਆ ਹੈ।

| | | | | | |
|---|---|---|---|---|---|
| ਥਾਟ | : | ਮੁਲਤਾਨੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਪੰਚਮ | ਸੰਵਾਦੀ | : | ਸੜਜ |
| ਸੁਰ | : | ਮਧਿਅਮ ਤੀਬਰ, ਗੰਧਾਰ ਕੋਮਲ ਦੋਵੇਂ ਨਿਸ਼ਾਦ | ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ, ਧੈਵਤ |
| ਸਮਾਂ | : | ਦਿਨ ਦਾ ਚੌਥਾ ਪਹਿਰ | | | |
| ਆਰੋਹ | : | ਨ਼ੀ ਸਾ, ਗੁ ਮੇ ਪ, ਨੀ ਸਾਂ | | | |
| ਅਵਰੋਹ | : | ਸਾਂ ਨੀ ਧ ਪ, ਨੀ ਧ ਪ, ਮੇ ਗੁ ਰੇ ਸਾ | | | |
| ਮੁੱਖ ਅੰਗ | : | ਨੁੀ ਨੁੀ ਧ ਪ, ਮੇ ਪ, ਮੇ ਗੁ, ਰੇ ਸਾ | | | |

(23) ਕੇਦਾਰਾ:

ਭਾਰਤੀ ਸੰਗੀਤ ਵਿਚ ਰਾਗ ਕੇਦਾਰਾ ਪ੍ਰਾਚੀਨ ਅਤੇ ਅਪ੍ਰਚੱਲਿਤ ਰਾਗ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚਇਸ ਰਾਗ ਦਾ ਜ਼ਿਕਰ ਜ਼ਰੂਰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕੇਦਾਰਾ ਦੇ ਸੰਬੰਧ ਵਿਚ ਫੁਮਰਨ ਹੈ:

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 83-84
2. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ13

"ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ।।
ਸਤਿ ਸੰਗਤਿ ਸਿਉ ਮਿਲਦੋ ਰਹੈ ਧਰੇ ਪਿਆਰੁ।।[1]

ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਣੀ ਕਿਹਾ ਹੈ ਪਰ ਗੁਰਮਤਿ ਸੰਗੀਤ ਪੱਧਤੀ ਵਿੱਚ ਇਹ ਰਾਗ ਕੇਦਾਰਾ ਨਾਮ ਨਾਲ ਅੰਕਿਤ ਹੈ। ਸੰਗੀਤ ਸ਼ਾਸਤਰ ਅਨੁਸਾਰ ਇਸਦਾ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਥਾਟ | : | ਕਲਿਆਣ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਸੜਜ | ਸੰਵਾਦੀ | : | ਮਧਿਅਮ |
| ਸੁਰ | : | ਦੋਵੇਂ ਮਧਿਅਮ | ਵਰਜਿਤ | : | ਆਰੋਹ ਵਿੱਚ ਰਿਸ਼ਭ,ਗੰਧਾਰ |
| ਸਮਾਂ | : | ਰਾਤ ਦਾ ਪਹਿਲਾ ਪਹਿਰ | | | |
| ਆਰੋਹ | : | ਸਾ ਮ, ਮ ਪ, ਧ ਪ, ਧ ਨੀ ਸਂ। | | | |
| ਅਵਰੋਹ | : | ਸਂ, ਨੀ ਧ, ਪ, ਮੇ ਪ, ਗ ਮ ਰੇ ਸਾ। | | | |
| ਪਕੜ | : | ਸਾ ਮ, ਮ ਪ ,ਧ ਪ ਮ , ਪ ਮ, ਰੇ ਸਾ।[2] | | | |

ਡਾ. ਗੁਰਨਾਮ ਸਿੰਘ ਜੀ[3] ਰਾਗ ਨਿਰਣਾਇਕ ਕਮੇਟੀ[4] ਨੇ ਇਸ ਸਰੂਪ ਦਾ ਪ੍ਰਯੋਗ ਕੀਤਾ । ਇਸ ਪ੍ਰਵਾਣਿਤ ਸਰੂਪ ਦਾ ਨਾਦਾਤਮਕ ਸਰੂਪ ਹੇਠ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਥਾਟ | : | ਕਲਿਆਣ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਮਧਿਅਮ | ਸੰਵਾਦੀ | : | ਸੜਜ |

1. ਸਲੋਕ ਮ: ੩ , ਆਦਿ ਗ੍ਰੰਥ ,ਪੰਨਾ 1087
2. ਸੰਤ ਸਰਵਣ ਸਿੰਘ 'ਗੰਧਰਵ', ਸੁਰ ਸਿਮਰਣ ਸੰਗੀਤ(ਭਾਗ ਚੌਥਾ)ਪੰਨਾ435
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ 85
4. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ14

| | | |
|---|---|---|
| ਸੁਰ | : | ਦੋਵੇਂ ਮਧਿਅਮ ਵਰਜਿਤ ਸੁਰ । ਆਰੋਹ ਵਿੱਚ ਰਿਸ਼ਭ, ਧੈਵਤ ਅਵਰੋਹ ਵਿਚ ਗੰਧਾਰ |
| ਸਮਾ | : | ਰਾਤ ਦਾ ਦੂਜਾ ਪਹਿਰ |
| ਆਰੋਹ | ; | ਸਾ ਮ, ਮ ਪ, ਧ ਪ, ਨੀ ਧ ਸਾਂ। |
| ਅਵਰੋਹ | : | ਸਾਂ, ਨੀ ਧ ਪ, ਮੇ ਪ ਧ ਪ ਮ, ਮ ਰੇ ਸਾ। |
| ਮੁੱਖ ਅੰਗ | : | ਸਾ, ਮ, ਮ ਪ, ਧ ਪ ਮ, ਪ ਮ, ਰੇ ਸਾ |

(24)ਭੈਰਉ:

ਭਾਰਤੀ ਸੰਗੀਤ ਵਿੱਚ ਰਾਗ ਭੈਰਉ ਪੁਰਾਤਨ ਅਤੇ ਲੋਕਪ੍ਰਿਯ ਰਾਗ ਹੈ। ਰਾਗ ਰਾਗਿਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਛੇ ਮੁੱਖ ਰਾਗਾਂ ਵਿੱਚ ਪ੍ਰਮੁੱਖ ਮੰਨਿਆ ਹੈ। ਰਾਗਾਂਗ ਪੱਧਤੀ ਅਨੁਸਾਰ ਇਹ ਭੈਰਵ ਅੰਗ ਦਾ ਰਾਗ ਜਾਂ ਰਾਗਾਂਗ ਹੈ। ਇਸ ਰਾਗ ਦੇ ਸੰਯੋਗ ਤੋਂ ਭੈਰਵ ਦੇ ਕਈ ਪ੍ਰਕਾਰ ਹੋਂਦ ਵਿੱਚ ਆਏ ਜਿਵੇਂ: ਨਟ ਭੈਰਵ, ਅਹੀਰ ਭੈਰਵ, ਆਨੰਦ ਭੈਰਵ, ਬੰਗਾਲ ਭੈਰਵ ਆਦਿ ਜੋ ਆਪਣਾ ਸੁਤੰਤਰ ਸਥਾਨ ਰੱਖਦੇ ਹਨ।

ਰਾਗ ਭੈਰਉ ਵਿੱਚ ਰਿਸ਼ਭ, ਧੈਵਤ ਅਤਿ ਕੋਮਲ ਅਤੇ ਹੋਰ ਸੁਰ ਸ਼ੁਧ ਲਗਦੇ ਹਨ। ਇਸਦਾ ਵਾਦੀ ਸੁਰ ਧੈਵਤ ਸੰਵਾਦੀ ਰਿਸ਼ਭ ਹੈ। ਇਸਦੇ ਆਰੋਹ-ਅਵਰੋਹ ਵਿੱਚ ਸੱਤ ਸੁਰ ਵਰਤਣ ਦੀਪ੍ਰਥਾ ਹੈ। ਇਸ ਕਾਰਣ ਇਸਦੀ ਜਾਤੀ ਸੰਪੂਰਨ ਮੰਨੀ ਜਾਂਦੀ ਹੈ। ਕੁਝ ਵਿਦਵਾਨ ਇਸ ਦੇ ਆਰੋਹ ਵਿੱਚ ਰਿਸ਼ਭ ਅਤੇ ਪੰਚਮ ਸੁਰ ਦਾ ਪ੍ਰਯੋਗ ਨਹੀਂ ਕਰਦੇ ਅਤੇ ਜਾਤੀ ਔੜਵ-ਸੰਪੂਰਨ ਮੰਨਦੇ ਹਨ ਪਰੰਤੂ ਪਹਿਲਾ ਮੱਤ ਪ੍ਰਚਾਰ ਵਿੱਚ ਵਧੇਰੇ ਹੈ ।

ਇਸ ਰਾਗ ਦੇ ਗਾਇਨ, ਵਜਾਉਣ ਦਾ ਸਮਾਂ ਪ੍ਰਭਾਤ ਦਾ ਹੈ। ਇਸ ਰਾਗ ਵਿੱਚ ਵਿਵਾਦੀ ਸੁਰ ਦੇ ਨਾਤੇ ਕੋਮਲ ਨਿਸ਼ਾਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਰਾਗ ਦੀ ਸਾਰੀ ਸੁੰਦਰਤਾ ਰਿਸ਼ਭ ਅਤੇ ਧੈਵਤ ਦੋਵਾਂ ਸੁਰਾਂ ਤੇ ਨਿਰਭਰ ਹੈ। ਮਧਿਅਮ ਸੁਰਤੋਂ ਰਿਸ਼ਭ ਤਕ ਮੀੜ੍ਹ ਦੁਆਰਾ ਗੰਧਾਰ ਦਾ ਸਪਰਸ਼ ਕਰਕੇ ਰਿਸ਼ਭ ਨੂੰ ਅੰਦੋਲਿਤ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਨਿਆਸ ਦੇ ਸੁਰ ਸ਼ੜਜ, ਰਿਸ਼ਭ, ਮਧਿਅਮ ਅਤੇ ਧੈਵਤ ਹਨ।

| | | |
|---|---|---|
| ਆਰੋਹ | : | ਸਾ ਰੇ ਗ ਮ ਪ ਧੁ ਨੀ ਸਾਂ। |
| ਅਵਰੋਹ | : | ਸਾਂ ਨੀ ਧੁ,ਪ ਮ ਗ ਰੇ ਸਾ। |
| ਮੁੱਖ ਅੰਗ | : | ਗ ਮ ਧੁ ਧੁ ਪ, ਗ ਮ ਰੇ ਰੇ ਸਾ। |

(25) <u>ਬਸੰਤ</u>:

ਬਸੰਤ ਰੁੱਤ ਨਾਲ ਸੰਬੰਧਿਤ ਰਾਗ ਬਸੰਤ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਵਿੱਚ ਬਸੰਤ ਰੁੱਤ ਦੇ ਚਾਅ, ਹੁਲਾਸ ਨੂੰ ਪ੍ਰਗਟਾਉਣ ਲਈ ਬਸੰਤ ਰਾਗ ਨੂੰ ਮਾਧਿਅਮ ਬਣਾਇਆ। ਇਹੀ ਕਾਰਣ ਹੈ ਕਿ ਇਸ ਰਾਗ ਵਿੱਚ ਗਾਈਆਂ ਜਾਣ ਵਾਲੀਆਂ ਰਚਨਾਵਾਂ ਵਿੱਚ ਬਸੰਤ ਰੁੱਤ ਦਾ ਚਿਤਰਣ ਆਮ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਬਸੰਤ ਰੁੱਤ ਵਿਚ ਹਰ ਸਮੇਂ ਅਤੇ ਬਾਕੀ ਰੁੱਤਾਂ ਵਿੱਚ ਇਸਦਾ ਗਾਇਨ ਅੱਧੀ ਰਾਤ ਮੰਨਿਆ ਜਾਂਦਾ ਹੈ। ਸ੍ਰੀ ਪਿਆਰਾ ਸਿੰਘ ਜੀ ਨੇ ਇਸ ਰਾਗ ਦੀ ਰਚਨਾ ਹਿੰਡੋਲ ਅਤੇ ਮਾਲਕੌਂਸ ਦੇ ਮੇਲ ਤੋਂ ਮੰਨੀ ਹੈ।[1] ਇਸ ਰਾਗ ਦੇ ਨਾਦਾਤਮਕ ਸਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਪਦਮ, ਪਿਆਰਾ ਸਿੰਘ, <u>ਗੁਰੂ ਗ੍ਰੰਥ ਸੰਕੇਤ ਕੋਸ਼</u>, ਪੰਨਾ 249

| | | | |
|---|---|---|---|
| 1. ਕਲਿਆਣ ਅੰਗ | ਸੰਵਾਦੀ | ਸਮਾ | ਬਸੰਤ ਰੁੱਤ |
| ਔੜਵ-ਸ਼ਾੜਵ | ਗ ਸੰਵਾਦੀ | ਰ ਦੁਰਬਲ | ਮ ਦੋਵੇਂ ਹਨ |

ਆਰੋਹੀ : ਸਾ ਗ ਮਮੇਗ, ਮੇ ਧ ਨੀ ਸਾ।

ਅਵਰੋਹੀ : ਸਾ ਰੇਂ ਨੀ ਧ, ਮੇਮ, ਮੇਗ ਸਾ।[1]

| | | | | |
|---|---|---|---|---|
| 2. ਥਾਟ | : ਪੂਰਵੀ | ਜਾਤੀ | : | ਔੜਵ-ਸੰਪੂਰਣ |
| ਵਾਦੀ | : ਤਾਰ ਸ਼ੜਜ | ਸੰਵਾਦੀ | : | ਪੰਚਮ |
| ਵਰਜਿਤ ਸੁਰ | : ਆਰੋਹ ਵਿੱਚ ਰਿਸ਼ਭ, ਪੰਚਮ | ਸਮਾ | : | ਅੱਧੀ ਰਾਤ ਤੋਂ ਬਾਅਦ |

ਪ੍ਰਕ੍ਰਿਤੀ : ਗੰਭੀਰ

(I) ਆਰੋਹ : ਸਾ ਗ ਮੇ ਧੁ ਰੇਂ ਸਾ

(II) ਆਰੋਹ : ਸਾ ਮ ਗ, ਮੇ, ਧੁ ਨੀ ਸਾ, ਰੇਂ ਸਾ।

ਅਵਰੋਹ : ਰੇਂ ਨੀ ਧੁ-ਪ, ਪ, ਮੇਗ ਮੇਗ, ਮੇ ਧੁ, ਮੇ ਗ, ਰੇ ਸਾ

ਮੁੱਖ ਅੰਗ : ਮੇ ਧੁ, ਰੇਂ, ਸਾਂ, ਰੇਂ, ਨੀ ਧੁ ਪ, ਪ, ਮੇਗ, ਮੇਗ।[2]

| | | | | |
|---|---|---|---|---|
| 3. ਥਾਟ | : ਪੂਰਵੀ | ਜਾਤੀ | : | ਸ਼ਾੜਵ-ਸੰਪੂਰਣ |
| ਵਾਦੀ | : ਸ਼ੜਜ | ਸੰਵਾਦੀ | : | ਮਧਿਅਮ |
| ਸੁਰ | : ਦੋਵੇਂ ਮਧਿਅਮ ਰਿਸ਼ਭ, ਧੈਵਤ ਕੋਮਲ | ਸਮਾ | : | ਰਾਤ ਦਾ ਪਹਿਲਾ ਪਹਿਰ |

ਵਰਜਿਤ ਸੁਰ : ਆਰੋਹ ਵਿੱਚ ਪੰਚਮ

---

1. ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ), ਪੰਨਾ 665

2. ਪ੍ਰੋ: ਸੁਰਜੀਤ ਸਿੰਘ, ਸੁਰ ਸਿਮਰਣ ਸੰਗੀਤ (ਭਾਗ ਤੀਜਾ), ਪੰਨਾ 207

ਆਰੋਹ : ਸਾ ਗ, ਮੇ ਧੁ, ਰੇਂ ਸਾਂ

ਅਵਰੋਹ : ਰੇਂ ਨੀ , ਧੁ ਪ, ਮੇਗਮੇਧੁ, ਮੇਗਰੇਸਾ।

ਮੁੱਖ ਅੰਗ : ਮੇਧੁਰੇਂਸਾਂ, ਰੇਂ, ਨੀਧੁਪ, ਮੇਗਮੇਗ।[1]

ਇਸ ਰਾਗ ਦੇ ਨਿਮਨਲਿਖਿਤ ਦੋ ਸਰੂਪ ਜ਼ਿਆਦਾ ਪ੍ਰਚਾਰ ਵਿੱਚ ਹਨ:

4. ਥਾਟ : ਪੂਰਵੀ ਜਾਤੀ : ਔੜਵ-ਵਕਰ ਸੰਪੂਰਣ

ਵਾਦੀ : ਸੁੜਜ (ਤਾਰ) ਸੰਵਾਦੀ : ਪੰਚਮ

ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਪੰਚਮ

ਆਰੋਹ : ਸਾ ਗ, ਮੇ ਧੁ ਰੇਂ ਸਾਂ

ਅਵਰੋਹ : ਸਾਂ, ਰੇਂ ਨੀ ਧੁ, ਪ, ਮੇਗ, ਮੇਗ, ਮੇਗਰੇਸਾ

ਮੁੱਖ ਅੰਗ : ਮੇ ਧੁ ਰੇਂ ਸਾਂ ਰੇਂ ਨੀ ਧੁ ਪ, ਮੇਗ ਮੇਗ।[2]

5. ਥਾਟ : ਬਿਲਾਵਲ ਜਾਤੀ : ਔੜਵ-ਸ਼ਾੜਵ ਸੰਪੂਰਣ

ਵਾਦੀ : ਸੁੜਜ ਸੰਵਾਦੀ : ਮਧਿਅਮ

ਵਰਜਿਤ ਸੁਰ : ਆਰੋਹ ਵਿੱਚ ਰਿਸ਼ਭ, ਪੰਚਮ ਸਮਾਂ : ਦਿਨ ਦਾ ਦੂਜਾ ਪਹਿਰ (ਬਸੰਤ ਰੁੱਤ ਵਿੱਚ ਕਿਸੇ ਸਮੇਂ ਵੀ ਗਾਇਆ ਜਾ ਸਕਦਾ ਹੈ)

---

1. ਵਸੰਤ, ਰਾਗ ਕੋਸ਼; ਪੰਨਾ 18

2. ਗੁਰਨਾਮ ਸਿੰਘ (ਡਾ.), ਆਦਿ ਗ੍ਰੰਥ: ਰਾਗ ਕੋਸ਼, ਪੰਨਾ 87

ਆਰੋਹ : ਸ ਗ ਮ ਧਾ ਨੀ ਸ+।

ਅਵਰੋਹ : ਸ+ ਨੀ ਧ ਪ ਮ, ਗ ਰੇ ਸਾ

ਮੁੱਖ ਅੰਗ : ਗ ਮ ਧ ਨੀ ਸ+, ਸ+ ਨੀ ਧ ਪ ਮ, ਗ ਰੇ ਸਾ[1]

ੳ) <u>ਬਸੰਤ ਹਿੰਡੋਲ</u>: ਬਸੰਤ ਹਿੰਡੋਲ, ਨਾਮ ਤੋਂ ਹੀ ਸਪਸ਼ਟ ਹੈ ਇਸ ਰਾਗ ਦੀ ਸਿਰਜਣਾ ਬਸੰਤ ਅਤੇ ਹਿੰਡੋਲ ਦੇ ਸੰਯੋਗ ਤੋਂ ਹੋਈ ਹੈ। ਇਹ ਰਾਗ ਗੁਰਮਤਿ ਸੰਗੀਤ ਦਾ ਮੌਲਿਕ ਅਤੇ ਅਪ੍ਰਚੱਲਿਤ ਰਾਗ ਹੈ। ਇਸ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ ਜੋ ਇਸ ਪ੍ਰਕਾਰ ਹਨ:

| | | | | | |
|---|---|---|---|---|---|
| 1.ਥਾਟ | : | ਪੂਰਵੀ-ਮਾਰਵਾ | ਜਾਤੀ | : | ਔੜਵ-ਸੰਪੂਰਣ |
| ਵਾਦੀ | : | ਸੁਰਜ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ,<br>ਮਧਿਅਮ ਤੀਬਰ,<br>ਧੈਵਤ ਦੋਵੇਂ | ਸਮ+ | : | ਰਾਤ ਦਾ ਤੀਸਰਾ<br>ਪਹਿਰ |

ਆਰੋਹ : ਸਾ, ਗ, ਮੇ ਧ, ਨੀ ਧ ਸ+।

ਅਵਰੋਹ : ਸ+, ਰੁੇ ਨੀ ਧੁ, ਪ, ਮੇਗ ਮੇਗ, ਮੇਗ ਰੁੇ ਸਾ।

ਮੁੱਖ ਅੰਗ : ਸਾ, ਗ, ਮੇ ਧੁ ਸ+, ਰੁੇ ਨੀ ਧੁ ਪ, ਮੇ ਗ, ਮੇ ਗ,
ਮੇ ਗ, ਰੁੇਸਾ[2]

2. ਕਲਿਆਣਾ ਅੰਗ ਸਾਂ ਵਾਦੀ ਬਸੰਤ ਰੁੱਤ

ਔੜਵ ਗ ਸੰਵਾਦੀ

---

1. <u>ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ</u>, 1991, ਪੰਨਾ15

2. <u>ਆਦਿ ਗ੍ਰੰਥ: ਰਾਗ ਕੋਸ਼</u>, ਪੰਨਾ88

ਆਰੋਹੀ : ਸ ਗ ਮੇ ਧ ਨੀ ਧ ਸਾਂ।

ਅਵਰੋਹੀ : ਸਂ ਨੀ ਧ ਮੇ ਗ ਸਾ।[1]

3. ਥਾਟ : ਪੂਰਵੀ-ਮਾਰਵਾ ਜਾਤੀ : ਔੜਵ-ਸੰਪੂਰਣ

ਵਾਦੀ : ਸੁਰਜ ਸੰਵਾਦੀ : ਪੰਚਮ

ਸੁਰ : ਰਿਸ਼ਭ, ਕੋਮਲ, ਮੇ ਤੀਵ੍ਰ ਧੈਵਤ ਦੋਵੇਂ ਸਮਾਂ : ਰਾਤ ਦਾ ਤੀਸਰਾ ਪਹਿਰ

ਆਰੋਹ : ਸਾ ਗ, ਮੇ ਧ, ਨੀ ਧ ਸਾਂ

ਅਵਰੋਹ : ਸਾਂ, ਰੇਂ ਨੀ ਧੁ ਪ, ਮੇਗ, ਮੇਗ , ਮੇਗ,ਰੇਸਾ।

ਮੁੱਖ ਅੰਗ : ਸਾ ਗ, ਮੇ ਧੁ ਸਂ, ਰੇਂ ਨੀ ਧੁ ਪ, ਮੇ ਗ, ਮੇ ਗ, ਮੇਗ, ਰੇਸਾ[2]

4. ਥਾਟ : ਮਾਰਵਾ ਜਾਤੀ : ਔੜਵ-ਸ਼ਾੜਵ

ਵਾਦੀ : ਗੰਧਾਰ ਸੰਵਾਦੀ : ਧੈਵਤ

ਸੁਰ : ਰਿਸ਼ਭ ਕੋਮਲ ਮਧਿਅਮ ਤੀਵਰ ਸਮਾਂ : ਅੱਧੀ ਰਾਤ ਤੋਂ ਬਾਅਦ

ਮਿਸ਼ਰਣ : ਬਸੰਤ ਤੇ ਹਿੰਡੋਲ

ਆਰੋਹ : ਸ ਰੇ ਗ, ਮੇ ਧ ਸਾਂ।

ਅਵਰੋਹ : ਸਾਂ ਨੀ ਧ ਮੇ, ਗ ਮ ਗ ਰੇ ਸਾ।

ਪਕੜ : (ਵਕਰ ਰੂਪ[3] ਨਾਲ) ਸਾ ਰੇ ਨੀ ਸਾ, ਸਾ ਮ, ਗਮੇ ਗ ਰੇ ਸਾ।

---

1. ਪ੍ਰਾਚੀਨ ਗੀਤ ਰਤਨਾਵਲੀ-(ਭਾਗ ਦੂਜਾ),ਪੰਨਾ 696
2. ਆਦਿ ਗ੍ਰੰਥ: ਰਾਗ ਕੋਸ਼,-ਪੰਨਾ 88
3. ਸੁਰ ਸਿਮਰਣ ਸੰਗੀਤ (ਭਾਗ ਤੀਜਾ) ਪੰਨਾ 230

5.ਰਾਗ ਬਸੰਤ ਹਿੰਡੋਲ ਦਾ ਇਹ ਸਰੂਪ ਪ੍ਰਵਾਣਿਤ ਮੰਨਿਆ ਜਾਂਦਾ ਹੈ।

| | | | | | |
|---|---|---|---|---|---|
| ਥਾਟ | : | ਪੂਰਵੀ ਮਾਰਵਾ | ਜਾਤੀ | : | ਔੜਵ ਵਕਰ-ਸੰਪੂਰਣ |
| ਵਾਦੀ | : | ਸ਼ੜਜ | ਸੰਵਾਦੀ | : | ਪੰਚਮ |
| ਸੁਰ | : | ਰਿਸ਼ਭ ਕੋਮਲ, ਦੋਵੇਂ ਮਧਿਅਮ ਦੋਵੇਂ ਧੈਵਤ | ਸਮਾਂ | : | ਰਾਤ ਦਾ ਤੀਸਰਾ ਪਹਿਰ |
| ਆਰੋਹ | : | ਸਾਮ, ਮ ਗ, ਮੇ ਧ ਨੀ ਧ ਸਾਂ। | | | |
| ਅਵਰੋਹ | : | ਸਾਂ ਰੇਂ ਨੀ ਧੁ, ਪ ਮੇਗ, ਮੇਗ, ਮੇਗ, ਰੇ ਸਾ। | | | |
| ਮੁੱਖ ਅੰਗ | : | ਮੇ ਧ ਨੀ ਧ ਸਾਂ, ਰੇਂ ਨੀ ਧੁ ਪ, ਮੇ ਗ, ਮੇ ਗ,।[1] | | | |

(26)ਸਾਰੰਗ:

ਭਾਰਤੀ ਸੰਗੀਤ ਵਿੱਚ ਰਾਗ ਸਾਰੰਗ ਪ੍ਰਾਚੀਨ ਕਾਲ ਤੋਂ ਪ੍ਰਚੱਲਿਤ ਹੈ। ਸਭ ਪ੍ਰਾਂਤਾਂ ਦੇ ਸੱਭਿਅ ਅਤੇ ਅਸੱਭਿਅ ਲੋਕਾਂ ਵਿੱਚ ਇਸ ਰਾਗ ਦੀਆਂ ਮਧੁਰ ਸੁਰਾਵਲੀਆਂ ਆਮ ਸੁਣਾਈ ਦਿੰਦੀਆ ਹਨ। ਭਾਰਤੀ ਸੰਗੀਤ ਵਿਚ ਸਾਰੰਗ ਦੇ ਮੇਲ ਤੋਂ ਉਪਜੇ ਰਾਗ ਸਾਰੰਗ ਦੇ ਕਈ ਪ੍ਰਕਾਰ ਪ੍ਰਚੱਲਿਤ ਹਨ ਜਿਵੇਂ ਸੁਧ ਸਾਰੰਗ, ਸਾਮੰਤ ਸਾਰੰਗ, ਜਲਧਰ ਸਾਰੰਗ, ਬਡਹੰਸ ਸਾਰੰਗ, ਮੀਆਂ ਕੀ ਸਾਰੰਗ ਆਦਿ। ਇਸ ਰਾਗ ਦਾਪ੍ਰਮੁੱਖ ਅੰਗ 'ਨੀ , ਪ ਮ ਰੇ' ਮੰਨਿਆ ਜਾਂਦਾ ਹੈ। ਕਈ ਵਿਦਵਾਨ ਸਾਰੰਗ ਨੂੰ 'ਇੰਦਰਾਬਨੀ ਸਾਰੰਗ' ਵੀ ਕਹਿ ਦਿੰਦੇ ਹਨ ਪਰ ਬਹੁਮਤ ਅਨੁਸਾਰ ਸਾਰੰਗ ਹੀ ਪ੍ਰਚੱਲਿਤ ਹੈ। ਇਸ ਰਾਗ ਦੇ ਚਾਰ ਸਰੂਪ ਪ੍ਰਚਾਰ ਵਿੱਚ ਹਨ:

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਕਾਫੀ ਠਾਠ ਦਾ ਔੜਵ-ਸ਼ਾੜਵ ਰਾਗ ਹੈ, ਇਸ ਵਿਚ ਨਿਸ਼ਾਦ ਕੋਮਲ ਅਤੇ ਸ਼ੁਧ ਦੋਵੇਂ ਲਗਦੇ ਹਨ, ਬਾਕੀ ਸਾਰੇ ਸੁਰ ਸ਼ੁਧ ਹਨ,

---

1. ਤਾਰਾ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ 273-74

ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਹੈ, ਸਾਰੰਗ ਵਿੱਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਆਰੋਹੀ ਵਿੱਚ ਧੈਵਤ ਵਰਜਿਤ ਹੈ, ਅਵਰੋਹੀ ਵਿੱਚ ਦੁਰਬਲ ਹੋ ਕੇ ਲਗਦਾ ਹੈ।

ਆਰੋਹੀ : ਸਾ ਰੇ ਮਪ ਨੀ ਸਾਂ।

ਅਵਰੋਹੀ : ਸਾਂ ਧ ਨ਼ੀ ਪ ਮ ਰੇ ਸਾ[1]

| | | | |
|---|---|---|---|
| 2. ਥਾਟ | : ਕਾਫੀ | ਜਾਤੀ | : ਔੜਵ-ਸ਼ਾੜਵ |
| ਵਾਦੀ | : ਰਿਸ਼ਭ | ਸੰਵਾਦੀ | : ਪੰਚਮ |
| ਸੁਰ | : ਦੋਵੇਂ ਮਧਿਅਮ ਦੋਵੇਂ ਨਿਸ਼ਾਦ | ਸਮਾਂ | : ਦਿਨ ਦਾ ਦੂਜਾ ਪਹਿਰ |
| ਵਰਜਿਤ ਸੁਰ | : ਗੰਧਾਰ | | |
| ਆਰੋਹ | : ਸਾ ਰੇਮ ਪ, ਮੇ ਪ ਨੀ ਸਾਂ | | |
| ਅਵਰੋਹ | : ਸ ਨ਼ੀ ਪ ਮੇ ਪ ਧ ਪ ਮ ਰੇ ਨ਼ੀ ਸਾ।[2] | | |
| 3. ਥਾਟ | : ਖਮਾਜ | ਜਾਤੀ | : ਔੜਵ-ਸ਼ਾੜਵ |
| ਸੁਰ | : ਦੋਵੇਂ ਮਧਿਅਮ ਦੋਵੇਂ ਨਿਸ਼ਾਦ | ਸਮਾਂ | : ਦਿਨ ਦਾ ਦੂਸਰਾ ਪਹਿਰ |
| ਵਰਜਿਤ ਸੁਰ | : ਅਵਰੋਹ ਵਿੱਚ ਗੰਧਾਰ ਆਰੋਹ ਵਿੱਚ ਗੰਧਾਰ, ਧੈਵਤ | ਮਿਸ਼ਰਣ | : ਸ਼ੁਧਸਾਰੰਗ, ਸ਼ਿਆਮ ਕਲਿਆਣਾ, ਬਿੰਦਰਾਬਨੀ ਸਾਰੰਗ |

---

1. ਮਹਾਨ ਕੋਸ਼, ਪੰਨਾ 186

2. ਵਸੰਤ, ਸੰਗੀਤ ਵਿਸ਼ਾਰਦ, ਪੰਨਾ 156

ਆਰੋਹ ਸਾ, ਰੇ ਮ ਪ, ਮੇ ਪ, ਨੀ ਸਾਂ।

ਅਵਰੋਹ ਸਾਂ ਨੁੀ ਪ ਮੇ ਧਪ, ਮਾਰੇ, ਨੁੀ ਸਾ।[1]

4. ਬਹੁਮਤ ਵਿਦਵਾਨਾਂ ਵਲੋਂ ਇਸ ਸਰੂਪ ਨੂੰ ਸਵੀਕਾਰਿਆ ਗਿਆ ਹੈ। ਪ੍ਰੋ. ਤਾਰਾ ਸਿੰਘ[2], ਡਾ. ਗੁਰਨਾਮ ਸਿੰਘ,[3] ਰਾਗ ਨਰਣਾਇਕ ਕਮੇਟੀ[4] ਨੇ ਵੀ ਇਸੇ **ਸਰੂਪ** ਨੂੰ ਪ੍ਰਵਾਨਿਆ ਹੈ।

| | | | |
|---|---|---|---|
| ਥਾਟ | ਕਾਫੀ | ਜਾਤੀ | ਔੜਵ-ਔੜਵ |
| ਵਾਦੀ | ਰਿਸ਼ਭ | ਸੰਵਾਦੀ | ਪੰਚਮ |
| ਸੁਰ | ਅਵਰੋਹ ਵਿਚ ਕੋਮਲ ਨਿਸ਼ਾਦ | ਵਰਜਿਤ ਸੁਰ | ਗੰਧਾਰ, ਧੈਵਤ |

ਆਰੋਹ ਸਾ ਰੇ ਮ ਪ ਨੀ ਸਾਂ

ਅਵਰੋਹ ਸਂ ਨੁੀ ਪ ਮ ਰੇ, ਸਾ

ਮੁੱਖ ਅੰਗ ਨ਼ੀ ਸਾ ਰੇ, ਮ ਰੇ, ਪ ਮ ਰੇ, ਨ਼ੀ ਸਾ

---

1. ਸ੍ਰੀ ਭਗਤਵੀ **ਪ੍ਰਸਾਦ**, ਪੁਸ਼ਟੀ ਸੰਗੀਤ ਪ੍ਰਕਾਸ਼, ਪੰਨਾ73
2. ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ, ਪੰਨਾ282-83
3. ਆਦਿ ਗ੍ਰੰਥ: ਰਾਗ ਕੋਸ਼, ਪੰਨਾ89
4. ਸਿਮ੍ਰਤੀਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ15

(27) ਮਲ੍ਹਾਰ:

ਭਾਰਤੀ ਸੰਗੀਤ ਵਿੱਚ ਬਹੁਤ ਸਾਰੇ ਰਾਗ ਰੁੱਤਾਂ 'ਤੇ ਆਧਾਰਿਤ ਹਨ ਜੋ ਸੰਬੰਧਿਤ ਰੁੱਤ ਵਿੱਚ ਹਰ ਸਮੇਂ ਗਾਏ ਵਜਾਏ ਜਾਂਦੇ ਹਨ ਜਿਵੇਂ ਬਸੰਤ ਰੁੱਤ ਵਿੱਚ ਬਸੰਤ ਅਤੇ ਬਹਾਰ ਰਾਗ। ਇਸੇ ਤਰ੍ਹਾਂ ਮਲ੍ਹਾਰ ਰਾਗ ਵਰਖਾ ਰੁੱਤ ਦਾ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਵਿਚ ਮਲ੍ਹਾਰ ਰਾਗ ਦੇ ਕਈ ਪ੍ਰਕਾਰ ਪ੍ਰਚਾਰ ਵਿੱਚ ਹਨ ਉਦਾਹਰਣ ਵਜੋਂ ਮੇਘ ਮਲ੍ਹਾਰ, ਮੀਆਂ ਕੀ ਮਲ੍ਹਾਰ, ਰਾਮਦਾਸੀ ਮਲ੍ਹਾਰ, ਸੂਰਦਾਸੀ ਮਲ੍ਹਾਰ, ਨਟ ਮਲ੍ਹਾਰ, ਸੋਰਠ ਮਲ੍ਹਾਰ, ਦੇਸੀ ਮਲ੍ਹਾਰ ਆਦਿ। ਪੁਰਾਤਨ ਵਿਚਾਰ ਅਨੁਸਾਰ ਸਾਰੰਗ, ਸੋਰਠਿ ਤੇ ਬਿਲਾਵਲ ਮਿਲ ਕੇ ਰਾਗ ਮਲ੍ਹਾਰ ਦੀ ਰਚਨਾ ਹੁੰਦੀ ਹੈ।[1] ਰਾਗ ਮਲ੍ਹਾਰ ਗੰਭੀਰ ਪ੍ਰਕ੍ਰਿਤੀ ਦਾ ਹੋਣ ਕਰਕੇ ਇਸ ਵਿੱਚ ਭਗਤੀ ਰਸ ਦੀ ਪ੍ਰਧਾਨਤਾ ਵਿਸ਼ੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਮਲ੍ਹਾਰ ਸੰਬੰਧੀ ਗੁਰ ਵਾਕ ਹੈ।

- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ।।[2]
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ।।[3]

ਕ੍ਰਿਆਤਮਕ ਤੌਰ 'ਤੇ ਇਸ ਰਾਗ ਦੇ ਸਰੂਪ ਨਿਮਨ ਲਿਖਿਤ ਹਨ:

---

1. ਪਿਆਰਾ ਸਿੰਘ(ਪ੍ਰੋ.) ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 274
2. ਮ: 3 ਆਦਿ ਗ੍ਰੰਥ, ਪੰਨਾ 1283
3. ਸਲੋਕ ਮ: 3 ਉਹੀ ਪੰਨਾ 1285

1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, " ਇਹ ਖਮਾਜ ਠਾਠ ਦਾ ਔੜਵ ਰਾਗ ਹੈ,ਗੰਧਾਰ ਅਤੇ ਨਿਸ਼ਾਦ ਵਰਜਿਤ ਹਨ, ਸ਼ੜਜ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸੁਧ ਹਨ, ਗ੍ਰਹਿ ਅਤੇ ਵਾਦੀ ਸੁਰ ਮਧਮ ਅਤੇ ਸੰਵਾਦੀ ਸ਼ੜਜ ਹੈ, ਗਾਉਣ ਦਾ ਸਮਾ+ ਵਰਖਾ ਰੁੱਤ ਅਤੇ ਰਾਤ ਹੈ।

ਆਰੋਹੀ ਸ ਰੇ ਮ ਪ ਧਰੇਂ ਸਾਂ

ਅਵਰੋਹੀ ਸ+ ਧ ਪ ਮ ਰੇ ਸਾ।"[1]

2. ਇਸ ਸਰੂਪ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਰੂਪ ਵਿੱਚਗੰਧਾਰ, ਨਿਸ਼ਾਦ ਸੁਰ ਵਰਜਿਤ ਹਨ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔੜਵ-ਔੜਵ ਹੈ। ਇਸ ਵਿਚ ਸਭ ਸੁਰ ਸ਼ੁਧ ਲਗਦੇ ਹਨ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਵਿਚ ਦੋ ਸੁਰ ਸੰਗਤੀਆਂ ਪੂਰਵ+ਗ ਵਿਚ ' ਸਾ ਰੇ ਮਾ ' ਅਤੇ ਉਤਰ+ਗ ਵਿਚ ' ਮ ਪ ਧ ਸ+ ਧ ਪ'ਅਤਿਅੰਤ ਮਹੱਤਵਪੂਰਣ ਹਨ। ਇਨ੍ਹ+ ਤੋਂ ਬਿਨਾਂ 'ਰੇ ਪ'ਸੁਰਾਵਲੀ ਇਸ ਰਾਗ ਵਿਚ ਆਤਮਾ ਦਾ ਸਥਾਨ ਰੱਖਦੀ ਹੈ। ਮਲ੍ਹਾਰ ਰੁੱਤ ਦਾ ਵਿਸ਼ੇਸ਼ ਰਾਗ ਹੋਣ ਦੇ ਕਾਰਣ ਇਸ ਰੁੱਤ ਵਿੱਚ ਹਰ ਵੇਲੇ ਗਾਇਆ ਜ+ਦਾ ਹੈ ਪਰ ਇਸ ਤੋਂ ਬਿਨਾਂ ਸ਼ਾਸਤਰਕਾਰ+ ਨੇ ਇਸ ਦੇ ਗਾਉਣ ਦਾ ਸਮ+ ਰਾਤ ਦਾ ਦੂਜਾ ਪਹਿਰ ਸਵੀਕਾਰਿਆ ਹੈ।[2]

3. ਮਲ੍ਹਾਰ ਦਾ ਇਹ ਪ੍ਰਕਾਰ ਕਾਫੀ ਥਾਟ ਅੰਤਰਗਤ ਮੰਨਿਆ ਜ+ਦਾ ਹੈ। ਇਸ ਰਾਗ ਦੇ ਨਾਦ ਰੂਪ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ ਅਤੇ ਦੋਵੇਂ ਨਿਸ਼ਾਦ ਆਰੋਹ ਵਿਚ ਇਕੱਠੇ ਪ੍ਰਯੋਗ ਹੁੰਦੇ ਹਨ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔੜਵ ਔੜਵ ਹੈ। ਇਸ ਵਿਚ 'ਰੇ ਪ' ਸੁਰਾਵਲੀ ਬਹੁਤ ਮਹੱਤਵਪੂਰਣ ਹੈ। ਇਸ ਦਾ

---

2. <u>ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ</u>, ਪੰਨਾ 292

1. <u>ਮਹਾਨ ਕੋਸ਼</u>, ਪੰਨਾ 956

ਵਾਦੀ ਸੁਰ ਸ਼ੜਜ ਅਤੇ ਸੰਵਾਦੀ ਪੰਚਮ ਹੈ। ਬਰਖਾ ਰੁੱਤ ਵਿਚ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ ਪਰੰਤੂ ਹੋਰ ਰੁੱਤਾਂ ਵਿਚ ਇਸ ਦੇ ਗਾਉਣ ਦਾ ਵੇਲਾ ਰਾਤ ਦਾ ਤੀਜਾ ਪਹਿਰ ਹੈ।

| | | |
|---|---|---|
| ਆਰੋਹ | ; | ਸਾ, ਰੇ ਮ, ਰੇ ਪ, ਮ ਪ ਨ਼ੀ ਨੀ ਸਾਂ। |
| ਅਵਰੋਹ | ; | ਸਾਂ ਨ਼ੀ ਪ, ਨ਼ੀ ਪ , ਮ ਪ ਮ ਮ, ਮ ਰੇ, ਸਾ |
| ਮੁੱਖ ਅੰਗ | ; | ਮ ਪਨ਼ੀ ਨੀ ਸਾਂ, ਨ਼ੀ ਪ, ਮ ਰੇ, ਮ ਪ ਮ ਮ, ਰੇ ਸਾ |

4. ਰਾਗ ਮਲ੍ਹਾਰ ਦਾ ਇਹ ਸਰੂਪ ਪ੍ਰਵਾਣਿਤ ਸੰਨਿਆ ਜਾਂਦਾ ਹੈ:

| | | | |
|---|---|---|---|
| ਥਾਟ | ਖਮਾਜ | ਜਾਤੀ | ਸੰਪੂਰਣ |
| ਵਾਦੀ | ਮਧਿਅਮ | ਸੰਵਾਦ | ਸ਼ੜਜ |
| ਸੁਰ | ਦੋਵੇਂ ਨਿਸ਼ਾਦ | | |
| ਆਰੋਹ | ਸਾ, ਰੇ ਗ ਮੇ, ਮ ਰੇ ਪ, ਨ਼ੀ ਧ ਨੀ ਸਾਂ। | | |
| ਅਵਰੋਹ | ਸਾਂ, ਧ ਨ਼ੀ ਪ, ਮ ਗ ਮ, ਰੇ ਸਾ | | |
| ਪਕੜ | ਸਾ ਰੇ ਗ ਮ, ਮ ਰੇ ਪ, ਧ ਨ਼ੀ ਪ, ਮ ਰੇ ਸਾ | | |

(28) ਕਾਨੜ੍ਹਾ:

ਕਾਨੜ੍ਹਾ ਅਤਿ ਗੰਭੀਰ ਪ੍ਰਕ੍ਰਿਤੀ ਦਾ ਪ੍ਰਸਿੱਧ ਰਾਗ ਹੈ ਜੋ ਕਿ 'ਦਰਬਾਰੀ ਕਾਨੜ੍ਹਾ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਪਰ ਗੁਰਮਤਿ ਸੰਗੀਤ ਪੱਧਤੀ ਵਿਚ ਇਸਨੂੰ 'ਰਾਗ ਕਾਨੜ੍ਹਾ' ਹੀ ਕਿਹਾ ਜਾਂਦਾ ਹੈ। ਭਾਰਤੀ ਸੰਗੀਤ ਵਿਚ ਕਾਨੜ੍ਹਾ ਰਾਗਾਂਗ ਹੈ। ਹੋਰ ਰਾਗਾਂ ਦੀਆਂ ਮਧੁਰ ਸੁਰਾਵਲੀਆਂ ਦਾ ਕਾਨੜ੍ਹਾ ਨਾਲ ਮਿਸ਼ਰਣ ਕਰਨ ਤੇ ਜੋ ਰਾਗ ਉਪਜਦੇ ਹਨ ਜਿਵੇਂ ਨਾਇਕੀ ਕਾਨੜ੍ਹਾ, ਸੂਹਾ ਕਾਨੜ੍ਹਾ, ਬਾਗੇਸ਼ਵਰੀ ਕਾਨੜ੍ਹਾ ਆਦਿ। ਇਹ ਸਭ ਕਾਨੜ੍ਹਾ ਅੰਗ ਦੇ ਰਾਗ ਜਾਂ ਕਾਨੜ੍ਹਾ ਦੇ ਪ੍ਰਕਾਰ

ਅਖਵਾਉਂਦੇ ਹਨ ਪਰ ਗੁਰਮਤਿ ਸੰਗੀਤ ਵਿਚ ਕਾਨੜ੍ਹਾ ਦਾ ਇਕੋ ਇਕ ਪ੍ਰਕਾਰ ਕਾਨੜ੍ਹਾ ਜਾਂ ਦਰਬਾਰੀਕਾਨੜ੍ਹਾ ਹੀ ਹੈ। ਕਾਨੜ੍ਹਾ ਪੁਰਾਤਨ ਹੋਣ ਕਰਕੇ ਇਸਦੇ ਕਈ ਸਰੂਪ ਪ੍ਰਚਾਰ ਵਿੱਚ ਹਨ ਜੋ ਹੇਠ ਲਿਖੇ ਅਨੁਸਾਰਹਨ:

1. ਕਾਨੜ੍ਹਾ ਦਾ ਇਕ ਰੂਪ ਦਰਬਾਰੀ ਕਾਨੜ੍ਹਾ ਅਖਵਾਉਂਦਾ ਹੈ ਜਿਸ ਵਿੱਚ ਗੰਧਾਰ, ਧੈਵਤ, ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਹਨ।

| | | | | | |
|---|---|---|---|---|---|
| ਥਾਟ | : | ਆਸਾਵਰੀ | ਜਾਤੀ | : | ਸੰਪੂਰਣ-ਸ਼ਾਡਵ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਗੰਧਾਰ ਨਿਸ਼ਾਦ ਧੈਵਤ ਕੋਮਲ | ਸਥਾਨ | : | ਮੰਦਰ, ਮੱਧ ਸਪਤਕ |
| ਸਮਾਂ | : | ਮੱਧ ਰਾਤ | | | |
| ਆਰੋਹ | : | ਨ਼ੀ ਸਾ ਰੇ ਗੁ ਰੇ ਸਾ, ਮ ਪ, ਧੁ ਨੁੀ ਸਾਂ। | | | |
| ਅਵਰੋਹ | : | ਸਾਂ, ਨੀਧੁ ਨੀਧੁ ਨੀਧ ਮ ਪ, ਮਗੁ ਮਗ ਮ ਰੇ ਸਾ।[1] | | | |

ਇਸੇ ਸਰੂਪ ਵਿੱਚ ਸ੍ਰੀ ਹਰੀਸ ਚੰਦਰ ਬਾਲੀ ਨੇ ਵਾਦੀ ਸੁਰ ਮੰਦਰ ਸਪਤਕ ਦਾ ਕੋਮਲ ਧੈਵਤ ਸੰਵਾਦੀ ਸਪਤਕ ਦਾ ਕੋਮਲ ਗੰਧਾਰ (ਗੁ) ਮੰਨਿਆ ਹੈ।[2]

(29) ਕਲਿਆਣ:

ਰਾਗ ਕਲਿਆਣ ਭਾਰਤੀ ਸੰਗੀਤ ਦਾ ਪ੍ਰਸਿੱਧ ਰਾਗ ਹੈ। ਮੱਧਕਾਲ ਵਿੱਚ ਮੁਸਲਮਾਨ ਸੰਗੀਤਕਾਰਾਂ ਨੇ ਇਸ ਰਾਗ ਦਾ ਬਹੁਤ ਪ੍ਰਯੋਗ ਕੀਤਾ। ਯਵਨ ਸੰਸਕ੍ਰਿਤੀ

1. ਵਸੰਤ, ਰਾਗ ਕੋਸ਼, ਪੰਨਾ 16
2. ਸੰਗੀਤਪ੍ਰਕਾਸ਼, ਪੰਨਾ 119

ਦੇ ਪ੍ਰਭਾਵ ਕਾਰਣ ਇਸ ਰਾਗ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਜਿਵੇਂ ਯਵਨ, ਏਮਨ ਆਦਿ ਪਰ ਇਸ ਰਾਗ ਦਾ ਪੁਰਾਤਨ ਨਾਮ ਕਲਿਆਣ ਹੈ। ਇਸ ਰਾਗ ਵਿਚ ਆਲਾਪ,ਤਾਨਾਂ ਨਿਸ਼ਾਦ ਸੁਰ ਤੋਂ ਸ਼ੁਰੂ ਕਰਨ ਦੀ ਪ੍ਰਥਾ ਹੈ। ਇਸ ਰਾਗ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ ਜੋ ਇਸ ਪ੍ਰਕਾਰ ਹਨ:

| | | | | | |
|---|---|---|---|---|---|
| 1.ਥਾਟ | : | ਕਲਿਆਣ | ਜਾਤੀ | : | ਸੰਪੂਰਣ-ਸੰਪੂਰਣ |
| ਵਾਦੀ | : | ਗੰਧਾਰ | ਸੰਵਾਦੀ | : | ਨਿਸ਼ਾਦ |
| ਸੁਰ | : | ਮਧਿਅਮ ਤੀਬਰ | ਗਾਇਨਸਮਾਂ | : | ਰਾਤ ਦਾ ਪਹਿਲਾ ਪਹਿਰ |

| | | |
|---|---|---|
| ਆਰੋਹ | : | ਨ਼ੀ ਰੇ ਗ, ਮੇ ਪ, ਧ, ਨੀ ਸਾਂ। |
| ਅਵਰੋਹ | : | ਸਾਂ ਨੀ ਧ, ਪ, ਮੇ ਗ , ਰੇ ਸਾ। |
| ਮੁੱਖ ਅੰਗ | : | ਨ਼ੀ ਰੇ ਗ, ਰੇ ਸਾ, ਪ ਮੇ ਗ, ਰੇ ਸਾ। |

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸਰੂਪ ਵਿੱਚ ਸੰਵਾਦੀ ਸੁਰ ਧੈਵਤ ਮੰਨਿਆ ਹੈ।[1]

ੳ)<u>ਕਲਿਆਣ ਭੋਪਾਲੀ</u>: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਕਲਿਆਣ ਅਧੀਨ ਰਾਗ ਕਲਿਆਣ ਭੋਪਾਲੀ ਉਸਦੇ ਪ੍ਰਕਾਰ ਵਜੋਂ ਦਰਜ ਹੈ। ਜਿਸਨੂੰ ਭਾਰਤੀ ਸੰਗੀਤ ਵਿਚ 'ਰਾਗ ਭੂਪਲੀ' ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

ਇਸ ਦੇ ਦੋ ਸਰੂਪ ਪ੍ਰਚਾਰ ਵਿੱਚ ਹਨ:

---

1. <u>ਮਹਾਨ ਕੋਸ਼</u>, ਪੰਨਾ 310

| | | | | | |
|---|---|---|---|---|---|
| 1. ਥਾਟ | : ਕਲਿਆਣ | ਜਾਤੀ | : | ਔੜਵ-ਔੜਵ |
| ਵਾਦੀ | : ਗੰਧਾਰ | ਸੰਵਾਦੀ | : | ਧੈਵਤ |
| ਵਰਜਿਤ | : ਮਧਿਅਮ ਤੇ ਨਿਸ਼ਾਦ | ਸਮਾਂ | : | ਰਾਤ ਦਾ ਦੂਸਰਾ ਪਹਿਰ |

ਆਰੋਹ : ਸਾ ਰੇ ਗ, ਪ ਧ ਸਾਂ।

ਅਵਰੋਹ : ਸਾਂ ਧ ਪ, ਗ, ਰੇ ਸਾ

ਪਕੜ : ਪ ਗ, ਰੇ ਗ, ਸਾ ਰੇ, ਧ਼ ਸਾ।[1]

2. ਇਸ ਸਰੂਪ ਵਿਚ ਮਧਿਅਮ ਤੀਬਰ ਅਤੇ ਹੋਰ ਸੁਰ ਸੁਧ ਲਗਦੇ ਹਨ। ਇਸ ਰਾਗ ਦੇ ਸਮੁੱਚੇ ਚਲਨ ਵਿਚ ਕਲਿਆਣ ਅਤੇ ਭੁਪਾਲੀ ਦੀਆਂ ਨਾਦ ਲਹਿਰਾਂ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਦੇ ਆਰੋਹ ਵਿਚ ਕਲਿਆਣ ਅਤੇ ਅਵਰੋਹ ਵਿਚ ਭੁਪਾਲੀ ਰਾਗ ਦੀ 'ਪ ਗ ਰੇ ਸਾ' ਸੁਰ ਸੁਰ ਸੰਗਤੀ ਦੁਆਰਾ ਇਸ ਦਾ ਸਰੂਪ ਸਥਾਪਿਤ ਹੋ ਜਾਂਦਾ ਹੈ। ਇਸ ਦੀ ਜਾਤੀ ਵਕ੍ਰ ਸੰਪੂਰਣ ਹੈ। ਇਸ ਦਾ ਵਾਦੀ ਸੁਰ ਗੰਧਾਰ ਹਤੇ ਸੰਵਾਦੀ ਨਿਸ਼ਾਦ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

ਆਰੋਹ : ਸਾ,ਨ਼ੀ, ਧ਼ ਨ਼ੀ ਰੇ ਗ, ਮੇ ਪ, ਗ ਮੇ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮੇ ਗ, ਪ ਗ , ਰੇ ਸਾ

ਮੁੱਖ ਅੰਗ : ਨ਼ੀ ਧ਼ ਨ਼ੀ ਰੇ ਗ, ਪ ਮੇ ਗ, ਪਗ ਰੇਸਾ।[2]

---

2. ਤਾਰਾ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਰਤਨਾਵਲੀ, ਪੰਨਾ327

1. ਗੁਰਨਾਮ ਸਿੰਘ(ਡਾ.) ਆਦਿ ਗ੍ਰੰਥ: ਰਾਗ ਕੋਸ਼, ਪੰਨਾ94

(30) ਪ੍ਰਭਾਤੀ:

ਰਾਗ ਪ੍ਰਭਾਤੀ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ। ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਇਹ ਇਕ ਅਤਿਅੰਤ ਅਤੇ ਨਿਵੇਕਲਾ ਰਾਗ ਹੈ। ਇਸ ਰਾਗ ਵਿਚ ਭੈਰਵ, ਕਾਲਿੰਗੜਾ, ਲਲਿਤ ਵਰਗੇ ਰਾਗਾਂ ਦੀ ਝਲਕ ਪ੍ਰਤੀਤ ਹੁੰਦੀ ਹੈ ਪਰ ਇਹ ਆਪਣੀ ਨਿੱਜੀ ਵਿਸ਼ੇਸ਼ਤਾਵਾਂ ਕਾਰਣ ਇਨ੍ਹਾਂ ਰਾਗਾਂ ਨਾਲੋਂ ਸਹਿਜੇ ਹੀ ਅਲੱਗ ਸੁਤੰਤਰ ਰਾਗ ਵਜੋਂ ਸਥਾਪਿਤ ਹੋ ਜਾਂਦਾ ਹੈ। ਪ੍ਰਾਚੀਨ ਸੰਗੀਤਕਾਰ ਇਸਨੂੰ ਆਸਾ ਤੇ ਭੈਰਵੀ ਦੇ ਮੇਲ ਤੋ ਬਣਿਆ ਮੰਨਦੇ ਹਨ। ਕ੍ਰਿਆਤਮਕ ਤੌਰ 'ਤੇ ਇਸ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ:

| | | | | | |
|---|---|---|---|---|---|
| 1. ਕਲਿਆਣ ਅੰਗ | : | ਸਾਂ ਵਾਦੀ | ਸਮਾਂ | : | ਪ੍ਰਭਾਤ ਦਾ |
| ਔੜਵ-ਸ਼ਾੜਵ | : | ਪ ਸੰਵਾਦੀ | | | |
| ਆਰੋਹੀ | : | ਸਾ ਰ ਗ ਪ ਧ ਸਂ। | | | |
| ਅਵਰੋਹੀ | : | ਸਾਂ ਨੀ ਧ ਪ ਗ ਰੇ ਸਾ।[1] | | | |
| 2. ਥਾਟ | : | ਭੈਰਵ | ਜਾਤੀ | : | ਸੰਪੂਰਨ -ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ਼ੜਜ |
| ਸੁਰ | : | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ. | ਸਮਾਂ | : | ਪ੍ਰਾਤਹਕਾਲ |
| ਆਰੋਹ | : | ਸਾ ਰੇ ਗ ਮ, ਪ ਧੁ ਨੀ ਸਾਂ | | | |
| ਅਵਰੋਹ | : | ਸਾਂ ਨੀ ਧੁ ਪ, ਮ ਮੇ, ਗ ਰੇ ਸਾ[2] | | | |

1. ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ), ਪੰਨਾ 929

2. ਵਸੀਤ, ਰਾਗ ਕੋਸ਼, ਪੰਨਾ 18

3. ਰਾਗ ਪ੍ਰਭਾਤੀ ਦਾ ਇਹ ਸਰੂਪ ਪ੍ਰਵਾਨਿਆ ਗਿਆ ਹੈ। ਡਾ. ਗੁਰਨਾਮ ਸਿੰਘ,[1] ਰਾਗ ਨਿਰਣਾਇਕ ਕਮੇਟੀ[2] ਨੇ ਵੀ ਇਸ ਸਰੂਪ ਨੂੰ ਸਵੀਕਾਰਿਆ ਹੈ:

| | | | | | |
|---|---|---|---|---|---|
| ਥਾਟ | : | ਬਿਲਾਵਲ | ਜਾਤੀ | : | ਔੜਵ-ਸ਼ਾੜਵ |
| ਵਾਦੀ | : | ਸੜਜ | ਸੰਵਾਦੀ | : | ਪੰਚਮ |
| ਵਰਜਿਤ ਸੁਰ | : | ਆਰੋਹ ਵਿੱਚ ਮਧਿਅਮ, ਨਿਸ਼ਾਦ ਅਵਰੋਹ ਵਿੱਚ ਮਧਿਅਮ | ਸਮਾ | : | ਸਵੇਰ ਦਾ ਪਹਿਲਾ ਪਹਿਰ |

ਆਰੋਹ : ਸਾ ਰੇ ਗ ਪ ਧ ਸਾਂ

ਅਵਰੋਹ : ਸਾਂ ਨੀ ਧ ਨੀ ਪ ਗ ਰੇ ਸਾ।

ਮੁੱਖ ਅੰਗ : ਪ ਧ ਸਾਂ ਨੀ ਧ ਨੀ ਪ, ਪ ਧ, ਗ ਪ, ਧ ਪ ਧ

(ਙ) ਪ੍ਰਭਾਤੀ ਦਖਣੀ:

| | | | | | |
|---|---|---|---|---|---|
| ਥਾਟ | : | ਆਸਾਵਰੀ (ਉਤਰੀ ਭਾਰਤੀ ਸੰਗੀਤ ਪੱਧਤੀ ਅਨੁਸਾਰ) | ਜਾਤੀ | : | ਸ਼ਾੜਵ-ਵਕਰ ਸੰਪੂਰਣ |
| ਵਾਦੀ | : | ਧੈਵਤ | ਸੰਵਾਦੀ | : | ਗੰਧਾਰ |
| ਸਮਾ | : | ਸਵੇਰ | | | |

---

1. ਆਦਿ ਗ੍ਰੰਥ: ਰਾਗ ਕੋਸ਼, ਪੰਨਾ 95
2. ਸਿਮ੍ਰਤੀ ਗ੍ਰੰਥ: ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991 ਪੰਨਾ 17

| | | |
|---|---|---|
| ਆਰੋਹ | : | ਸਾ ਮ ਰੇ, ਗੁ ਮ ਪ ਸਾਂ |
| ਅਵਰੋਹ | : | ਸਾਂ ਨੀ ਧੁ ਪ, ਮ ਗੁ ਰੇ ਸਾ |
| ਮੁੱਖ ਅੰਗ | : | ਸਾ ਮ, ਰੇ ਗੁ ਮ ਨੀ ਧੁ ਪ। |

ਅ. <u>ਪ੍ਰਭਾਤੀ ਬਿਭਾਸ</u>: ਰਾਗ ਪ੍ਰਭਾਤੀ ਬਿਭਾਸ ਇਕ ਪੁਰਾਤਨ ਰਾਗ ਹੈ। ਇਸ ਬਾਰੇ ਪੂਰਣ ਵਰਣਨ ਭਾਰਤੀ ਸੰਗੀਤ ਦੇ ਕਿਸੇ ਗ੍ਰੰਥ ਵਿੱਚ ਨਹੀਂ ਮਿਲਦਾ। ਰਾਗ ਪ੍ਰਭਾਤੀ ਬਿਭਾਸ ਦੀ ਸਿਰਜਣਾ ਰਾਗ ਪ੍ਰਭਾਤੀ ਅਤੇ ਬਿਭਾਸ ਰਾਗ ਦੀ ਮਧੁਰ ਸੁਰਾਵਲੀ 'ਪ ਗ ਰੇ ਸਾ' ਦੇ ਸੰਜੋਗ ਤੋਂ ਹੋਈ ਹੈ। ਰਾਗ ਪ੍ਰਭਾਤੀ ਅਤੇ ਬਿਭਾਸ ਦੋਵੇਂ ਭਿੰਨ ਭਿੰਨ ਰਾਗ ਤਾਂ ਪ੍ਰਚੱਲਿਤ ਹਨ ਪਰ ਪ੍ਰਭਾਤੀ ਬਿਭਾਸ ਬਹੁਤ ਘੱਟ ਸੁਣਨ ਵਿਚ ਮਿਲਦਾ ਹੈ। ਇਸਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ:

| | | | | | |
|---|---|---|---|---|---|
| ਥਾਟ | : | ਭੈਰਵ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਮਧਿਅਮ | ਸੰਵਾਦੀ | : | ਸ੍ਰੜਜ |
| ਸੁਰ | : | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ | ਸਮਾਂ | : | ਪ੍ਰਭਾਤ ਕਾਲ ਦਾ (ਸੰਧੀ ਪ੍ਰਕਾਸ਼ ਰਾਗ) |

| | | |
|---|---|---|
| ਆਰੋਹ | : | ਸਾ, ਰੇ ਗ ਮ, ਮੇ ਮ ਗ, ਪ ਗ, ਰੇ ਸਾ। |
| ਅਵਰੋਹ | : | ਸਾਂ ਨੀ ਧੁ ਪ, ਮੇ ਮ ਗ, ਪ ਗ ਰੇ ਰੇ ਸਾ। |
| ਪਕੜ | : | ਸਾ ਰੇ, ਗ ਮ, ਮੇ ਮ ਗ, ਪ ਗ ਰੇ ਰੇ ਸਾ |

ੲ. <u>ਬਿਭਾਸ ਪ੍ਰਭਾਤੀ</u>: ਰਾਗ ਬਿਭਾਸ ਪ੍ਰਭਾਤੀ ਜਿਸਦੀ ਰਚਨਾ ਰਾਗ ਪ੍ਰਭਾਤੀ ਅਤੇ ਬਿਭਾਸ ਰਾਗ ਦੇ ਮੇਲ ਤੋਂ ਹੋਈ ਹੈ। ਇਹ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਇਸ ਰਾਗ ਦੀ ਗੰਭੀਰ ਪ੍ਰਕ੍ਰਿਤੀ ਹੋਣ ਕਾਰਣ ਇਹ ਭਗਤੀ ਰਸ ਲਈ ਵਿਸ਼ੇਸ਼ ਢੁੱਕਵਾਂ ਹੈ।

ਰਾਗ ਬਿਭਾਸ ਪ੍ਰਭਾਤੀ ਭੈਰਵ **ਅੰਗ** ਦਾ ਰਾਗ ਹੈ। ਜਿਸ ਵਿਚ ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ ਅਤੇ ਬਾਕੀ ਸਾਰੇ ਸੁਰ ਸ਼ੁਧ ਵਰਤੇ ਜਾਂਦੇ ਹਨ।

| | | | | |
|---|---|---|---|---|
| ਥਾਟ | : | ਭੈਰਵ | ਜਾਤੀ | ਵਕਰ-ਸੰਪੂਰਣ |
| ਵਾਦੀ | : | ਧੈਵਤ | **ਸੰਵਾਦੀ** | ਗੰਧਾਰ ਜਾਂ ਰਿਸ਼ਭ ਵੀ ਮੰਨਦੇ ਹਨ |
| ਸਮਾਂ | : | ਸਵੇਰ | | |

| | | |
|---|---|---|
| ਆਰੋਹ | : | ਸਾ ਰੇ ਗ ਪ, ਗ ਮ ਪ, ਧੁ ਨੀ ਸਾਂ। |
| ਅਵਰੋਹ | | ਸਾਂ ਨੀ ਧੁ ਪ, ਮੇ ਮ ਗ, ਪ ਗ ਰੇ ਸਾ। |
| ਮੁੱਖ ਅੰਗ | | ਗ ਮ ਧੁ ਧੁ ਪ, ਮ ਮੇ ਗ, ਮੇ ਗ ਰੇ ਸਾ। |

(31)<u>ਜੈਜਾਵੰਤੀ</u>:

ਜੈਜਾਵੰਤੀ ਪ੍ਰਾਚੀਨ ਅਤੇ ਪ੍ਰਸਿੱਧ ਰਾਗ ਹੈ। ਰਾਗ ਰਾਗਣੀ ਪੱਧਤੀ ਅਨੁਸਾਰ ਜੈਜਾਵੰਤੀ ਰਾਗ ਨੂੰ ਰਾਗਣੀ ਮੰਨਿਆ ਹੈ ਪਰ ਗੁਰਮਤਿ ਸੰਗੀਤ ਵਿੱਚ ਜੈਜਾਵੰਤੀ ਨੂੰ 'ਰਾਗ ਜੈਜਾਵੰਤੀ' ਹੀ ਮੰਨਿਆ ਹੈ।

ਰਾਗ ਜੈਜਾਵੰਤੀ ਦੋ ਅੰਗਾਂ ਤੇ ਗਾਇਆ ਜਾਂਦਾ ਹੈ-ਇਕ ਦੇਸ ਜਾਂ ਸੋਰਠ ਅੰਗ ਅਤੇ ਦੂਸਰਾ ਬਾਗੇਸ਼ਵਰੀ ਅੰਗ। ਇਸ ਰਾਗ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ। ਇਸ ਰਾਗ ਦੇ ਆਰੋਹ ਵਿੱਚ ਅਤੇ ਅਵਰੋਹ ਵਿਚ ਸ਼ੁਧ ਗੰਧਾਰ ਦਾ ਪ੍ਰਯੋਗ ਹੁੰਦਾ ਹੈ ਪਰ ਕੋਮਲ ਗੰਧਾਰ ਦੀ ਵਰਤੋਂ ਇਕ ਵਿਸ਼ੇਸ਼ ਢੰਗ ਨਾਲ ਕੋਮਲ ਗੰਧਾਰ ਦੇ ਦੋਵੇਂ ਪਾਸੇ ਰਿਸ਼ਭ ਸੁਰ(ਰੇ ਗ ਮ ਗ ਰੇ ਗੁ ਰੇ) ਰੱਖਕੇ ਕੀਤੀ ਜਾਂਦੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਸੁਰ ਦੀ ਵਰਤੋਂ ਦੇਸ ਜਾਂ ਸੋਰਠ ਅੰਗ ਨਾਲ ਧੈਵਤ ਸੁਰ ਤੋੜ ਕੇ ਤੀਬਰ ਨਿਸ਼ਾਦ ਨਾਲ ਤਾਰ ਸਪਤਕ ਵਿੱਚ ਪ੍ਰਵੇਸ਼ ਕੀਤਾ ਜਾਂਦਾ ਹੈ ਜਿਵੇਂ 'ਮਪ ਨੀ ਨੀ ਸਾਂ ਨੀ ਸਾਂ' ਪਰ ਜਿਸ ਵੇਲੇ ਤਾਰ ਸ਼ੜਜ ਦੇ ਅੱਗੇ ਵੱਧਣਾ ਹੋਵੇ ਤਾਂ ਸ਼ੜਜ ਸੁਰ ਦਾ ਤਿਆਗ ਕਰਕੇ ਕੋਮਲ ਨਿਸ਼ਾਦ

ਲਗਾਇਆ ਜਾਂਦਾ ਹੈ(ਨੀ ਸਾਂ ਧ ਨੀ ਰੇ) ਬਾਗੇਸਵਰੀ ਅੰਗ ਨਾਲ ਅੰਤਰੇ ਦੇ ਉਠਾਵ ਸਮੇਂ ਪੰਚਮ ਸੁਰ ਵਰਜਿਤ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ(ਮਧ ਨੀ ਸਾਂ)

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਜੈਜਾਵੰਤੀ ਸ੍ਰੀ, ਬਿਲਾਵਲ ਅਤੇ ਸੋਰਠ ਰਾਗ ਦੇ ਮੇਲ ਤੋਂ ਬਣਦਾ ਹੈ।[1] ਕੁਝ ਸੰਗੀਤਕਾਰ ਇਸ ਰਾਗ ਵਿਚ ਗੌਂਡ, ਬਿਲਾਵਲ ਅਤੇ ਸੋਰਠ ਦਾ ਮਿਸ਼ਰਣ ਮੰਨਦੇ ਹਨ।[2] ਇਸ ਰਾਗ ਦਾ ਸ਼ਾਸਤਰੀ ਰੂਪ ਹੇਠ ਲਿਖੇ ਅਨੁਸਾਰ ਹੈ:

| | | | | | |
|---|---|---|---|---|---|
| ਥਾਟ | : | ਖਮਾਜ | ਜਾਤੀ | : | ਵਕਰ ਸੰਪੂਰਣ |
| ਵਾਦੀ | : | ਰਿਸ਼ਭ | ਸੰਵਾਦੀ | : | ਪੰਚਮ |
| ਸੁਰ | : | ਦੋਵੇਂ ਗੰਧਾਰ,<br>ਦੋਵੇਂ ਨਿਸ਼ਾਦ | ਸਮਾਂ | : | ਰਾਤ ਦਾ ਦੂਸਰਾ ਪਹਿਰ |
| ਵਰਜਿਤ ਸੁਰ | : | ਆਰੋਹ ਵਿੱਚ ਧੈਵਤ | | | |
| ਆਰੋਹ | : | ਸਾ, ਰੇ ਗ ਮ ਪ ਨੀ ਸਾਂ। | | | |
| ਅਵਰੋਹ | : | ਸਾਂ ਨੀ ਧ ਪ, ਧ ਮ, ਰੇ ਗੁ ਰੇ ਸਾ। | | | |
| ਮੁੱਖ ਅੰਗ | : | ਰੇ ਗੁ ਰੇ ਸ ਨੀ ਧ਼ ਪ਼ ਰੇ। | | | |

ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਸੰਬੰਧੀ ਉਕਤ ਚਰਚਾ ਤੋਂ ਇਸ ਪਰੰਪਰਾ ਦੇ ਵਿਸ਼ਾਲ ਖ਼ਜ਼ਾਨੇ ਦਾ ਸਹਿਜੇ ਹੀ ਆਭਾਸ ਹੋ ਜਾਂਦਾ ਹੈ। ਜਿਵੇਂ ਕਿ ਅਸੀਂ ਉਪਰ ਵਿਚਾਰਕਰ ਆਏ ਹਾਂ ਕਿ ਭਾਰਤੀ ਸੰਗੀਤ ਵਿਚ ਪ੍ਰਮੁੱਖ ਤੇ ਕੇਂਦਰੀ ਇਕਾਈ ਵਜੋਂ

---

1. ਮਹਾਨ ਕੋਸ਼, ਪੰਨਾ 533

2. ਤਾਰਾ ਸਿੰਘ(ਪ੍ਰੋ.)ਸ੍ਰੀਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 174

ਵਿਦਮਾਨ ਰਾਗ ਨੂੰ ਗੁਰਮਤਿ ਸੰਗੀਤ ਵਿਚ ਮੌਲਿਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਕੀਤਾ ਗਿਆ ਹੈ ਕਿਉਂਕਿ ਇਸ ਪ੍ਰਯੋਗ ਦਾ ਪ੍ਰਯੋਜਨ ਕਲਾਤਮਕ ਨਹੀਂ ਸਗੋਂ ਅਧਿਆਤਮਕ ਹੈ। ਰੱਬੀ ਬਾਣੀ ਦੇ ਸੰਦੇਸ਼ ਨੂੰ ਸਰਬ ਲੋਕਾਈ ਤਕ ਸੰਚਾਰਿਤ ਕਰਨ ਲਈ ਜਿੱਥੇ ਸਨਾਤਨੀ ਤੇ ਲੋਕ ਕਾਵਿ ਦਾ ਸ਼ਬਦ ਰੂਪ ਵਿੱਚ ਪ੍ਰਯੋਗ ਕੀਤਾ ਗਿਆ ਹੈ ਉਥੇ ਇਸ ਸ਼ਬਦ ਦੀ ਪ੍ਰਸਤੁਤੀ ਨੂੰ ਹਿਰਦੇ ਵਿਚ ਵਸਾਉਣ ਤੇ ਦ੍ਰਿੜਾਉਣ ਲਈ ਸੰਗੀਤ ਦਾ ਮਾਧਿਅਮ ਅਪਣਾਇਆ ਗਿਆ ਹੈ ਅਤੇ ਇਸ ਸੰਗੀਤ ਦਾ ਮੁੱਖ ਵਾਕ ਹੈ ਜੋ ਆਪਣੇ ਰੰਜਕ ਗੁਣਾਂ ਦੁਆਰਾ ਸਰੋਤੇ ਦੇ ਮਨ ਨੂੰ ਵਸੀਭੂਤ ਕਰ, ਇਸਦੇ ਆਲੇ ਦੁਆਲੇ ਨਾਲੋਂ ਤੋੜ ਸੁਰਾਤਮਕ ਸੰਸਾਰ ਵਿਚ ਪ੍ਰਵੇਸ਼ ਕਰਵਾਉਂਦਾ ਹੈ। ਇਸ ਆਨੰਦਮਈ ਆਤਮ ਸ਼ੁਧੀ ਵਾਲੀ ਅਵਸਥਾ ਵਿਚ ਬਾਣੀ ਦਾ ਸਹਿਜ ਪ੍ਰਵੇਸ਼ ਤੇ ਬੋਧ ਗੁਰਮਤਿ ਸੰਗੀਤ ਦਾ ਪ੍ਰਯੋਜਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਪਰੰਪਰਾ ਸੰਬੰਧੀ ਅਜੇ ਤਕ ਕਿਉਂ ਜੋ ਸਾਹਿਤਕਾਰਾਂ ਜਾਂ ਗੁਰਬਾਣੀ ਦੇ ਵਿਆਖਿਆਕਾਰਾਂ ਨੇ ਹੀ ਟਿੱਪਣੀਆਂ ਕੀਤੀਆਂ ਹਨ ਇਸ ਲਈ ਇਸ ਰਾਗ ਪਰੰਪਰਾ ਦਾ ਉਲੇਖ ਸਾਧਾਰਣ ਮਾਤਰ ਹੀ ਰਿਹਾ ਹੈ ਜਦੋਂ ਕਿ ਇਸ ਪਰੰਪਰਾ ਦਾ ਜੇਕਰ ਸੰਗੀਤ ਵਿਗਿਆਨ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਵੇ ਤਾਂ ਇਹ ਮੱਧਕਾਲੀਨ ਰਾਗ ਪਰੰਪਰਾ ਦਾ ਇਕ ਮੌਲਿਕ ਤੇ ਅਨੂਠਾ ਮਾਡਲ ਹੈ।

ਗੁਰੂ ਸਾਹਿਬ ਨੇ ਰਾਗ ਰਾਗਣੀ ਵਰਗੀਕਰਣ ਦੇ ਝਮੇਲਿਆਂ ਤੇ ਬਖੇੜਿਆਂ ਨੂੰ ਪੂਰਨ ਰੂਪ ਵਿਚ ਸਮਝਦਿਆਂ ਆਪਣੀ ਬਾਣੀ ਦੇ ਰਾਗ ਪ੍ਰਬੰਧ ਦੀ ਸਿਰਜਣਾ ਹਿੱਤ ਸਾਧਾਰਣ ਤੇ ਸੁਖੈਨ ਵਿਧੀ ਅਪਣਾਈ ਹੈ ਜਿਸ ਵਿਚ ਸ਼ੁਧ, ਛਾਇਆਲਗ ਤੇ ਸੰਕੀਰਣ ਵਿਧੀ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਵਿਧਾ ਦੇ ਅੰਤਰਗਤ ਮੁੱਖ 31 ਰਾਗ ਅਤੇ ਇਨ੍ਹਾਂ 31 ਰਾਗਾਂ ਦੇ ਅੰਤਰਗਤ ਛਾਇਆਲਗ ਅਤੇ ਸੰਕੀਰਣ ਰਾਗਾਂ ਦਾ ਜ਼ਿਕਰ

ਹੈ। ਇਸ ਤੋਂ ਬਿਨਾਂ ਵਿਭਿੰਨ ਮੌਸਮਾਂ ਤੇ ਵਿਭਿੰਨ ਇਲਾਕਿਆਂ ਨਾਲ ਸੰਬੰਧਿਤ ਰਾਗਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇਸ ਤੋਂ ਭਿੰਨ ਅਰਬੀ ਅਤੇ ਬਹੁ ਦਿਸ਼ਾਵੀ ਪ੍ਰਯੋਗ ਦਾ ਮਨੋਰਥ ਤੇ ਬਾਣੀ ਨੂੰ ਵੱਧ ਤੋਂ ਵੱਧ ਲੋਕਾਈ ਤਕ ਸੰਚਾਰਿਤ ਕਰਨਾ ਹੈ। ਇਸਦਾ ਮਨੋਰਥ ਕੇਵਲ ਸੰਚਾਰ ਦੀ ਦ੍ਰਿਸ਼ਟੀ ਤੋਂ ਹੈ ਕਿਉਂ ਜੋ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ ਸੰਚਾਰ ਮੁਖ ਹੈ ਅਤੇ ਇਹ ਸੰਚਾਰ ਦਾ ਮਾਧਿਅਮ ਵੀ ਹੈ।

ਵਰਤਮਾਨ ਸਮੇਂ ਗੁਰਮਤ ਸੰਗੀਤ ਵਿਚ ਪ੍ਰਯੁਕਤ ਰਾਗ ਦੇ ਇਕ ਤੋਂ ਵਧੀਕ ਸਰੂਪ ਸਾਡੇ ਕੋਲ ਉਪਲੱਬਧ ਹਨ, ਇਹ ਸਾਡੀ ਅਮੀਰੀ ਹੈ। 18ਵੀਂ ਸਦੀ ਵਿਚ ਥਾਟ ਪਰਿਵਰਤਨ ਹੋਣ ਨਾਲ ਭਾਰਤੀ ਸੰਗੀਤ ਵਿਚ ਰਾਗਾਂ ਦੇ ਸਰੂਪ ਵਿਚ ਪਰਿਵਰਤਨ ਆ ਗਿਆ ਪਰੰਤੂ ਕਿਉਂ ਜੋ ਗੁਰਮਤਿ ਸੰਗੀਤ ਭਾਰਤੀ ਸੰਗੀਤ ਦੇ ਸ਼ਾਸਤਰੀ ਨਿਯਮਾਂ ਤੋਂ ਨਿਰਲੇਪ ਸੁਤੰਤਰ ਧਾਰਾ ਵਜੋਂ ਪ੍ਰਵਾਹਿਤ ਹੋ ਰਿਹਾ ਸੀ। ਇਸ ਲਈ ਇਸਦੇ ਪ੍ਰਚਾਰਕਾਂ ਵਿਚ ਸੀਨਾ-ਬ-ਸੀਨਾ ਪੁਰਾਤਨ ਰੂਪ ਹੀ ਪ੍ਰਚੱਲਿਤ ਰਹੇ। ਗੁਰਮਤਿ ਸੰਗੀਤ ਦੇ ਇਨ੍ਹਾਂ ਗਾਇਕਾਂ ਵਿਚ ਪ੍ਰਚੱਲਿਤ ਰਾਗਾਂ ਦਾ ਮੁੱਖ ਆਧਾਰ ਗਾਇਨ ਪਰੰਪਰਾ ਹੈ ਕਿਉਂਕਿ ਸ਼ਾਸਤਰ ਵੀ ਕਿਰਿਆਤਮਕ ਤੱਤਾਂ 'ਤੇ ਹੀ ਆਧਾਰਿਤ ਹੁੰਦਾ ਹੈ ਅਤੇ ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਸ਼ੁਧ ਪਰੰਪਰਾ ਦੇ ਬੀਜ ਇਸ ਕਿਰਿਆਤਮਕ ਪਰੰਪਰਾ ਵਿਚੋਂ ਹੀ ਪ੍ਰਾਪਤ ਹੋ ਸਕਦੇ ਹਨ। ਫਿਰ ਵੀ ਇਨ੍ਹਾਂ ਸਰੂਪਾਂ ਨੂੰ ਵਰਤਮਾਨ ਰਾਗ ਸਿਧਾਂਤ, ਰਾਗ ਸ਼ਾਸਤਰ ਅਨੁਸਾਰ ਸਰੂਪ ਬੱਧ ਕਰਕੇ ਇਸਦੇ ਪ੍ਰਚਲਨ ਨੂੰ ਪ੍ਰਵਾਣਿਤ ਤੇ ਪ੍ਰਮਾਣਿਕ ਬਣਾਇਆ ਜਾ ਸਕਦਾ ਹੈ। ਉਕਤ ਵਿਸ਼ਲੇਸ਼ਣ ਤੋਂ ਅਸੀਂ ਰਾਗ ਦੇ ਭਿੰਨ-ਭਿੰਨ ਸਰੂਪਾਂ ਦਾ ਜ਼ਿਕਰ ਕੀਤਾ ਹੈ ਅਤੇ ਅੰਤ ਵਿਚ ਗੁਰਮਤਿ ਸੰਗੀਤ ਦੇ ਬਹੁ ਸੰਗੀਤਚਾਰੀਆਂ

ਦੁਆਰਾ ਪ੍ਰਵਾਣਿਤ ਸਰੂਪਾਂ ਨੂੰ ਦਰਜ ਕੀਤਾ ਹੈ।

ਗੁਰਮਤਿ ਸੰਗੀਤ ਪ੍ਰਬੰਧ ਸੰਬੰਧੀ ਉਪਰੋਕਤ ਚਰਚਾ ਤੋਂ ਇਸ ਗੌਰਵਸ਼ਾਲੀ ਰਾਗ ਪ੍ਰਬੰਧ ਬਾਰੇ ਜਿੰਨੇ ਕੁ ਤੱਤ ਖੋਜ ਕੇ ਅਸੀਂ ਨਿਤਾਰ ਸਕੇ, ਇਹ ਸਾਡੇ ਅਮੀਰ ਵਿਰਸੇ ਦੀ ਹੀ ਦੇਣ ਹੈ। ਇਹ ਰਾਗ ਪ੍ਰਬੰਧ ਗੁਰਮਤਿ ਸੰਗੀਤ ਨੂੰ ਭਾਰਤੀ ਅਤੇ ਵਿਸ਼ਵ ਸੰਗੀਤ ਪਰੰਪਰਾ ਵਿੱਚ ਮੌਲਿਕ ਤੇ ਵਿਲੱਖਣ ਰੂਪ ਪ੍ਰਦਾਨ ਕਰਾਉਣ ਵਿੱਚ ਸਹਾਈ ਹੁੰਦਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਸੁਤੰਤਰ ਪਰੰਪਰਾ ਵਜੋਂ ਨਿਖੇੜਾ ਕਰਨ ਲਈ ਰਾਗ ਪ੍ਰਬੰਧ ਮੂਲ ਅਤੇ ਵਿਸ਼ਿਸ਼ਟ ਆਧਾਰ ਹੈ।

-o-o-

# ਚੌਥਾ ਅਧਿਆਇ

************
**********
********
******
****
**
*

## ਸਿੱਖ ਕੀਰਤਨ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਦਾ ਸ਼ਾਸਤਰੀ ਅਧਿਐਨ

(ਮੱਧਕਾਲੀਨ ਭਾਰਤੀ ਕੀਰਤਨ ਪਰੰਪਰਾ ਦੇ ਪ੍ਰਸੰਗ ਵਿੱਚ)

ਮੱਧਕਾਲੀਨ ਭਾਰਤੀਕੀਰਤਨ ਪਰੰਪਰਾ ਦੇ ਪ੍ਰਸੰਗ ਵਿਚ ਵਾਚੀਏ ਤਾਂ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਦੇ ਨਿਰੰਤਰ ਪ੍ਰਵਾਹ ਅਧੀਨ ਵੱਖ-ਵੱਖ ਗਾਇਨ ਰੂਪ ਪ੍ਰਯੋਗ ਵਿਚ ਰਹੇ ਹਨ। ਇਨ੍ਹਾਂ ਗਾਇਨ ਰੂਪਾਂ ਨੂੰ ਵਿਵਹਾਰਕ ਸਜੀਵਤਾ ਨੇ ਸੁਦ੍ਰਿੜ ਅਤੇ ਸਥਾਪਤ ਰੂਪ ਵਿਚ ਉਜਾਗਰ ਕੀਤਾ ਹੈ ਜੋ ਭਿੰਨ-ਭਿੰਨ ਗਾਇਨ ਸ਼ੈਲੀਆਂ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੇ ਹਨ। ਹਿੰਦੁਸਤਾਨੀ ਸੰਗੀਤ ਵਿਚ ਗਾਇਨ ਸ਼ੈਲੀ ਤੋਂ ਭਾਵ ਉਹ ਗਾਇਨ ਰੂਪ/ਸ਼ੈਲੀ ਹੈ ਜਿਸਦੇ ਗਾਉਣ ਦਾ ਕੋਈ ਨਿਸ਼ਚਿਤ ਵਿਧੀ ਵਿਧਾਨ ਹੋਵੇ। ਭਾਰਤੀ ਸ਼ਾਸਤਰੀ ਸੰਗੀਤ ਵਿਚ ਮੁੱਖ ਤੌਰ'ਤੇ ਗਾਇਨ ਸ਼ੈਲੀ ਦੇ ਨਿਮਨਲਿਖਿਤ ਲੱਛਣ ਸਵੀਕਾਰੇ ਜਾਂਦੇ ਹਨ:

1- ਜਿਹੜੀ ਸ਼ਾਸਤਰੀ ਸੰਗੀਤ ਦੇ ਪ੍ਰਤੀਨਿਧ, ਪ੍ਰਵਾਣਿਤ ਤੇ ਪ੍ਰਚੱਲਿਤ ਰੂਪ ਵਜੋਂ ਗਾਈ ਜਾਂਦੀ ਹੋਵੇ।

2- ਜਿਸਦਾ ਨਿਸ਼ਚਿਤ ਗਾਇਨ ਸ਼ਾਸਤਰ ਜਾਂ ਗਾਇਨ ਵਿਧਾਨ ਹੋਵੇ।

3- ਜਿਸਦਾ ਰਿਆਜ਼ ਵਿਅਕਤੀਗਤ ਤੇ ਸਾਮੂਹਿਕ ਦੋਵਾਂ ਰੂਪਾਂ ਵਿਚ ਹੀ ਹੋਇਆ ਹੋਵੇ(ਭਾਵ ਪੀੜ੍ਹੀ ਦਰ ਪੀੜ੍ਹੀ ਘਰਾਣਿਆਂ ਆਦਿ ਦੀ ਪਰੰਪਰਾ ਅਤੇ ਕਲਾਕਾਰ ਦੀ ਵਿਅਕਤੀਗਤ ਸਾਧਨਾ ਦੁਆਰਾ ਹੋਵੇ।)

4- ਜਿਸਨੂੰ ਵਿਧੀ ਪੂਰਵਕ ਸਿਖਲਾਈ, ਤਾਲੀਮ ਤੇ ਰਿਆਜ਼ ਦੀ ਲੋੜ ਹੋਵੇ।

5- ਜਿਸਦੀਪਹਿਚਾਣ ਵਿਲੱਖਣ ਤੇ ਸਮਕਾਲੀਨ ਗਾਇਨ ਰੂਪਾਂ ਤੋਂ ਭਿੰਨ ਹੋਵੇ ਆਦਿ।

ਸਾਡੀ ਮੁਰਾਦ ਧਰੁਪਦ, ਖ਼ਿਆਲ, ਧਮਾਰ,ਠੁਮਰੀ ਆਦਿ ਤੋਂ ਹੈ। ਇਹ ਸ਼ੈਲੀਆਂ ਦਾ ਆਪਣਾ ਨਿਸ਼ਚਿਤ ਵਿਧੀ ਵਿਧਾਨ ਅਤੇ ਸ਼ਾਸਤਰ ਹੈ। ਉਦਾਹਰਣ ਦੇ ਤੌਰਤੇ ਧਰੁਪਦ ਦਾ ਗਾਇਨ ਸਥਾਈ, ਅੰਤਰਾ, ਸੰਚਾਰੀ, ਆਭੋਗ ਚਾਰ ਭਾਗਾਂ 'ਚ ਨਿਬੱਧ ਹੁੰਦਾ ਹੈ। ਇਹ ਗੰਭੀਰ ਕਿਸਮ ਦੀ ਗਾਇਕੀ ਹੈ ਇਸਦੀ ਗੰਭੀਰਤਾ ਗਮਕ ਤੇ ਪਰਿਪੱਕ ਆਲਾਪ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ,ਇਸਦੇ ਨਾਲ ਹੀ ਕਣ ਮੀਂਡ,

ਖਟਕਾ, ਮੁਰਕੀ ਆਦਿ ਚੰਚਲ ਕਿਸਮ ਦੇ ਸੋਂਦਰਯ ਉਤਪਾਦਕ ਗਾਇਨ ਤੱਤਾਂ ਦੇ ਸੁਰ-ਸੁਰਾਵਲੀਆਂ ਦਾ ਤਿਆਗ ਕੀਤਾ ਜਾਂਦਾ ਹੈ। ਆਲਾਪ, ਬੋਲ ਬਾਂਟ, ਬੋਲ ਤਾਨ ਇਸਦੇ ਅੰਗ ਹਨ। ਖ਼ਿਆਲ ਧਰੁਪਦ ਵਾਂਗੂ ਪ੍ਰਮਾਣਿਤ ਤੇ ਪ੍ਰਵਾਣਿਤ ਗਾਇਕੀ ਜੋ ਵਿਸ਼ਿਸ਼ਟ ਸ਼ਾਸਤਰੀ ਨਿਯਮਾਂ ਉਤੇ ਆਧਾਰਿਤ ਹੁੰਦੀ ਹੈ,ਸਥਾਈ ਅੰਤਰੇ 'ਚ ਨਿਬੱਧ ਇਸ ਰਚਨਾ ਦੇ ਵਿਲੰਬਿਤ ਤੇ ਦਰੁੱਤ ਦੋ ਪ੍ਰਕਾਰ ਮੌਜੂਦ ਹਨ। ਵਿਲੰਬਿਤ ਤੇ ਦਰੁੱਤ ਗਾਇਨ ਵਿਸ਼ੇਸ਼ ਸ਼ਾਸਤਰੀ ਨਿਯਮ ਹਨ। ਸ਼ਾਸਤਰੀ ਅੰਦਾਜ਼ 'ਚ ਇਸ ਗਾਇਕੀ 'ਚ ਖ਼ਿਆਲ ਦੀ ਗੀਤ ਰਚਨਾ ਦੇ ਭਾਵ ਨੂੰ ਸੁਰਾਂ ਨਾਲ ਸੰਜੋਅ ਕੇ ਰਾਗ ਦੀਆਂ ਸੁਰਾਵਲੀਆਂ ਸਹਿਤ ਉਜਾਗਰ ਕੀਤਾ ਜਾਂਦਾ ਹੈ। ਰਾਗ ਦੀ ਕ੍ਰਮਵਾਰ ਬੜ੍ਹਤ, ਰਸਯੁਕਤ ਆਲਾਪ, ਬੋਲਤਾਨ, ਤਾਨ ਅਤੇ ਤਾਨ ਦੇ ਵਿਭਿੰਨ ਕਲਾਮਈ ਸਰੂਪ ਇਸਦੇ ਲੱਛਣ ਹਨ। ਇਸ ਵਿਚ ਕਣ, ਮੀਂਡ, ਖਟਕਾ ਵਰਗੇ ਤੱਤਾਂ ਦਾ ਇਸਤੇਮਾਲ ਤਾਂ ਕੀਤਾ ਜਾਂਦਾ ਹੈ ਪਰ ਆਲਾਪ ਦਾ ਅੰਦਾਜ਼ ਗੰਭੀਰ(ਧਰੁਪਦ ਵਾਂਗੂ) ਹੀ ਰਹਿੰਦਾ ਹੈ। ਠੁਮਰੀ,ਦਾਦਰੇ ਵਰਗੀ ਚੰਚਲ ਚਪਲਤਾ ਦਾ ਇਸ ਵਿਚ ਤਿਆਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਠੁਮਰੀ, ਦਾਦਰਾ ਦੀਆਂ ਬੰਦਸ਼ਾਂ ਤੇ ਗਾਇਨ ਦਾ ਆਪੋ ਆਪਣਾ ਨਿਯਮ, ਅੰਦਾਜ਼ ਤੇ ਪ੍ਰਯੋਜਨ ਹੈ। ਇਨ੍ਹਾਂ ਵਿੱਚ ਸ਼ਾਸਤਰੀ ਤੇ ਅਰਧ ਸ਼ਾਸਤਰੀ ਅੰਦਾਜ਼ ਦਾ ਸੁਮੇਲ ਹੈ। ਇਨ੍ਹਾਂ ਸ਼ੈਲੀਆਂ ਨੂੰ ਸ਼ਾਸਤਰੀ ਨਿਯਮਾਂ ਅਨੁਸਾਰ, ਸ਼ਾਸ਼ਤਰੀ ਅੰਦਾਜ਼ ਦੀ ਪਰਿਪੱਕਤਾ ਦੁਆਰਾ ਸੂਖਮ ਚੰਚਲ, ਚਪਲ ਤੇ ਭਾਵਾਤਮਕ ਵਿਧੀ ਦੁਆਰਾ ਗਾਇਆ ਜਾਂਦਾ ਹੈ। ਗਾਇਨ ਸ਼ੈਲੀਆਂ ਕੇਵਲ ਸ਼ਾਸਤਰੀ ਸੰਗੀਤ ਵਿਚ ਹੀ ਪ੍ਰਚਾਰ ਵਿੱਚ ਨਹੀਂ ਸਗੋਂ ਲੋਕ ਸੰਗੀਤ ਵਿੱਚ ਵੀ ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਚਾਰ ਹੈ। ਲੋਕ ਸੰਗੀਤ ਵਿੱਚ ਇਲਾਕਾਈ ਪਰੰਪਰਾਵਾਂ ਵਿੱਚ ਅਨੇਕ ਗਾਇਨ ਸ਼ੈਲੀਆਂ ਮਿਲ ਜਾਂਦੀਆਂ ਹਨ, ਅਜਿਹੀਆਂ ਗਾਇਨ ਸ਼ੈਲੀਆਂ ਅਧਿਆਤਮਕ ਸੰਗੀਤ/ਭਗਤੀ ਸੰਗੀਤ ਵਿਚ ਉਪਲੱਬਧ ਹੁੰਦੀਆਂ ਹਨ ਭਾਵੇਂ ਕੁਝ

ਕੱਟੜਪੰਥੀ ਸ਼ਾਸਤਰੀ ਵਿਦਵਾਨ ਇਨ੍ਹਾਂ ਲੋਕ ਅਤੇ ਭਗਤੀ ਸੰਗੀਤ ਵਿੱਚ ਪ੍ਰਚੱਲਿਤ ਗਾਇਨ ਸ਼ੈਲੀਆਂ ਨੂੰ ਗਾਇਨ ਸ਼ੈਲੀ ਮੰਨਣ ਤੋਂ ਇਨਕਾਰੀ ਹਨ ਪਰੰਤੂ ਸਾਡਾ ਇੱਥੇ ਗਾਇਨ ਸ਼ੈਲੀ ਤੋਂ ਭਾਵ ਵੱਖ-ਵੱਖ ਗਾਇਨ ਰੂਪ ਵਿਧਾਵਾਂ, ਗਾਇਨ ਸ਼ੈਲੀਆਂ ਹਨ ਜਿਨ੍ਹਾਂ ਦੀ ਆਪੋ ਆਪਣੀ ਪਹਿਚਾਣ ਹੈ, ਗਾਇਨ ਵਿਧਾਨ ਹੈ।

ਗੁਰਬਾਣੀ ਦੇ ਸੰਦਰਭ ਵਿਚ ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਗਾਇਨ ਸ਼ੈਲੀਆਂ ਦੇ ਮੌਲਿਕ ਰੂਪ ਦਾ ਅਧਿਐਨ ਕਰੀਏ ਤਾਂ ਇਸ ਗਾਇਨ ਪ੍ਰਬੰਧ ਦੇ ਵਿਲੱਖਣ ਨਕਸ਼ ਸਾਡੇ ਸਾਹਮਣੇ ਉਘੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਉਂ ਜੋ ਰਾਗਾਤਮਕ ਹੈ ਅਤੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਮਤਿ ਸੰਗੀਤ ਦਾ ਇਕ ਵਿਸ਼ਿਸ਼ਟ ਪ੍ਰਬੰਧ ਉਜਾਗਰ ਹੁੰਦਾ ਹੈ ਜਿਸ ਸੰਬੰਧੀ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਜਿਸ ਆਧਾਰ'ਤੇ ਵੱਖ-ਵੱਖ ਗਾਇਨ ਸ਼ੈਲੀਆਂ/ਰੂਪ ਆਪਣਾ ਨਿਸ਼ਚਿਤ ਵਿਧੀ ਵਿਧਾਨ ਰੱਖਦੇ ਹਨਅਤੇ ਗੁਰਮਤਿ ਸੰਗੀਤ ਦੀ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦਾ ਪ੍ਰਮੁੱਖ ਮਹੱਤਵ ਹੈ।

ਗੁਰਮਤਿ ਸੰਗੀਤ ਦੀਆਂ ਇਹ ਗਾਇਨ ਸ਼ੈਲੀਆਂ ਦਾ ਵਿਸ਼ਾ ਜੋ ਕਿ ਬਾਣੀ ਰੂਪ ਹੈ ਵੱਖ-ਵੱਖ ਕਾਵਿ ਰੂਪਾਂ'ਤੇ ਆਧਾਰਿਤ ਹੈ। ਇਨ੍ਹਾਂ ਗਾਇਨ ਸ਼ੈਲੀਆਂ ਦਾ ਵਿਧੀ ਵਿਧਾਨ ਨਿਸ਼ਚਿਤ ਕਰਨ ਲਈ ਰਾਗ, ਰਹਾਉ, ਅੰਕ, ਘਰੁ ਅਤੇ ਹੋਰ ਸੰਗੀਤਕ ਅਤੇ ਕਾਵਿਕ ਸੰਕੇਤ ਦਿੱਤੇ ਗਏ ਹਨ। ਇਹ ਸੰਕੇਤ ਇਨ੍ਹਾਂ ਸ਼ੈਲੀਆਂ ਦਾ ਗਾਇਨ ਵਿਧਾਨ ਹੀ ਨਿਸ਼ਚਿਤ ਕਰਦੇ ਹਨ, ਇਸ ਵਿਧਾਨ ਦੇ ਆਧਾਰ'ਤੇ ਕਿਸੇ ਗੁਰਮਤਿ ਸੰਗੀਤ ਦੀ ਗਾਇਨ ਸ਼ੈਲੀ ਦੀ ਪ੍ਰਸਤੁਤੀ ਹੋਣੀ ਹੈ। ਇਨ੍ਹਾਂ ਗਾਇਨ ਸ਼ੈਲੀਆਂ ਦਾ ਪ੍ਰਸਤੁਤੀ ਲਕਸ਼ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਤੋਂ ਭਿੰਨ ਹੈ। ਇਸੇ ਕਰਕੇ ਇਨ੍ਹਾਂ ਦੇ ਗਾਇਨ ਵਿੱਚ ਵੀ ਅੰਤਰ ਹੈ ਕਿਉਂ ਜੋ ਗੁਰਮਤਿ ਸੰਗੀਤ ਦੀਆਂ

ਗਾਇਨ ਸ਼ੈਲੀਆਂ ਕੇਵਲ ਕਲਾ ਪ੍ਰਸਤੁਤੀ ਨਹੀਂ ਇਸ ਕਰਕੇ ਇਨ੍ਹਾਂ ਗਾਇਨ ਸ਼ੈਲੀਆਂ ਦਾ ਵਿਸ਼ਾ ਗਾਇਨ ਵਿਸ਼ਾ ਬਾਣੀ/ਬਾਣੀ ਰੂਪ/ਸ਼ਬਦ ਦੀ ਪ੍ਰਸਤੁਤੀ ਦਾ ਲਕਸ਼ ਸਰੋਤੇ ਦੇ ਮਨ ਵਿਚ ਸ਼ਬਦ ਨੂੰ ਵਸਾਉਣਾ/ਬਾਣੀ ਦਾ ਬੋਧ ਕਰਵਾਉਣਾ ਤੇ ਉਸਨੂੰ ਉਸਦੇ ਮਨ ਵਿਚ ਸਤਿ ਦਾ ਪ੍ਰਕਾਸ਼ ਕਰਨਾ ਹੈ। ਇਸ ਤਰ੍ਹਾਂ ਇਹ ਗਾਇਨ ਸ਼ੈਲੀਆਂ ਆਪਣੇ ਸਮਾਨੰਤਰ ਗਾਇਨ ਰੂਪਾਂ ਤੋਂ ਅਲੱਗ ਅਤੇ ਭਿੰਨ ਹੋ ਜਾਂਦੀਆਂ ਹਨ। ਸਾਧਾਰਣ ਤੌਰ 'ਤੇ ਕਿਉਂ ਜੋ ਇਨ੍ਹਾਂ ਵਿੱਚ ਵੀ ਸੰਗੀਤ ਦੇ ਉਪਕਰਣ ਅਤੇ ਤੱਤ ਵਿਦਮਾਨ ਹੁੰਦੇ ਹਨ ਇਸ ਕਰਕੇ ਇਨ੍ਹਾਂ ਦੇ ਰੂਪ ਸੰਬੰਧੀ ਭੁਲੇਖੇ ਲਾਜ਼ਮੀ ਹਨ ਨਾਲੇ ਇਹ ਰੂਪ ਕਿਉਂ ਜੋ ਭਾਰਤੀ ਸੰਗੀਤ ਦੇ ਖਜ਼ਾਨੇ ਵਿਚੋਂ ਲੈ ਕੇ ਮੌਲਿਕ ਵਿਧੀ ਦੁਆਰਾ ਤਰਾਸ਼ੇ ਅਤੇ ਸਵਾਰੇ ਗਏ ਹਨ ਇਸ ਕਰਕੇ ਇਨ੍ਹਾਂ ਦੇ ਮੁਹਾਂਦਰੇ ਵਿਚ ਥੋੜ੍ਹਾ ਬਹੁਤ ਮੇਲ ਸੁਭਾਵਿਕ ਹੈ। ਇਸੇ ਕਰਕੇ ਅਸੀਂ ਇਨ੍ਹਾਂ ਰੂਪਾਂ ਨੂੰ ਇਨ੍ਹਾਂ ਦੇ ਮੂਲ ਸਰੋਤਾਂ ਦੇ ਆਧਾਰ 'ਤੇ ਪਰੰਪਰਾਗਤ ਵੰਡ ਅਨੁਸਾਰ ਹੀ ਵਿਸ਼ਲੇਸ਼ਣ ਦਾ ਆਧਾਰ ਬਣਾਉਂਦੇ ਹਾਂ। ਗੁਰਮਤਿ ਸੰਗੀਤ ਪਰੰਪਰਾ ਵਿੱਚ ਸਾਨੂੰ ਹੇਠ ਲਿਖੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ ਮਿਲਦੀਆਂ ਹਨ:

1. ਸ਼ਾਸਤਰੀ ਅੰਗ ਦੀਆਂ ਕੀਰਤਨ ਗਾਇਨ ਸ਼ੈਲੀਆਂ
2. ਲੋਕ ਅੰਗ ਦੀਆਂ ਕੀਰਤਨ ਗਾਇਨ ਸ਼ੈਲੀਆਂ
3. ਸਮਾਜਿਕ ਰਹੁਰੀਤਾਂ ਮੌਸਮਾਂ (ਰੁੱਤਾਂ) ਉਤੇ ਪ੍ਰਚੱਲਿਤ ਵਿਸ਼ੇਸ਼ ਨਿਰਧਾਰਿਤ ਕੀਰਤਨ ਸ਼ੈਲੀਆਂ

## ਸ਼ਾਸਤਰੀ ਅੰਗ ਦੀਆਂ ਕੀਰਤਨ ਗਾਇਨ ਸ਼ੈਲੀਆਂ

ਸ਼ਾਸਤਰੀ ਅੰਗ ਦੀਆਂ ਕੀਰਤਨ ਗਾਇਨ ਸ਼ੈਲੀਆਂ ਉਹ ਗਾਇਨ ਸ਼ੈਲੀਆਂ ਜਿਹੜੀਆਂ ਮੂਲ ਰੂਪ ਵਿੱਚ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਪ੍ਰਚੱਲਿਤ ਹਨ ਅਤੇ ਇਨ੍ਹਾਂ ਗਾਇਨ ਸ਼ੈਲੀਆਂ ਨੂੰ 'ਅੰਗ' ਰੂਪ ਵਿਚ ਅਪਣਾ ਕੇ ਇਨ੍ਹਾਂ ਦੇ ਨਾਲ ਸੰਬੰਧਿਤ ਕਾਵਿ ਰੂਪ ਵਿੱਚ ਬਾਣੀ ਨੂੰ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਨਿਬੱਧ ਕੀਤਾ ਗਿਆ ਹੈ।

ਉਦਾਹਰਣ ਦੇਤੌਰ'ਤੇ ਪ੍ਰਬੰਧ ਅੰਗ ਤੋਂ ਅਸ਼ਟਪਦੀ, ਧਰੁਪਦ ਤੋਂ ਪਦ ਗਾਇਨ ਅਤੇ ਪ੍ਰਾਚੀਨ ਸਮੇਂ ਪ੍ਰਚੱਲਿਤ ਪੰਚਤਾਲੇਸ਼ਵਰ ਤੋਂ ਪੜਤਾਲ ਗਾਇਨ ਸ਼ੈਲੀਆਂ ਹਨ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

ਅਸਟਪਦੀ: ਅਸਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਕਾਵਿ ਰੂਪ ਹੈ। ਇਸ ਦਾ ਕਾਵਿਕ ਤੇ ਸੰਗੀਤਕ ਰੂਪ ਸਨਾਤਨੀ ਤੁੱਚੱਤਾ ਦਾ ਧਾਰਣੀ ਹੈ। ਅਸਟਪਦੀ ਸ਼ਬਦ ਤੋਂ ਹੀ ਸਪਸ਼ਟ ਹੈ ਕਿ ਇਹ ਅੱਠ ਪਦਿਆਂ(ਅਸ਼ਟ+ਪਦ) ਦਾ ਸੰਗ੍ਰਹਿ ਹੈ। ਇਹ ਸਨਾਤਨੀ ਕਾਵਿ ਦੇ ਅੰਤਰਗਤ ਆਉਣ ਵਾਲਾ ਪ੍ਰਚੱਲਿਤ ਤੇ ਸਥਾਪਿਤ ਕਾਵਿ ਰੂਪ ਹੈ ਜਿਸ ਵਿੱਚ ਦਰਸ਼ਨ ਤੇ ਧਰਮ ਦੇ ਵਿਭਿੰਨ ਸਿਧਾਂਤਾਂ ਦਾ ਵਰਣਨ ਹੈ। ਅਸ਼ਟਪਦੀ ਅਧੀਨ ਗੰਭੀਰ ਕਿਸਮ ਦੇ ਬੌਧਿਕ ਵਿਚਾਰਾਂ ਦਾ ਪ੍ਰਗਟਾਵਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਦੇ ਗਾਇਨ ਲਈ ਅਸਟਪਦੀਦਾ ਪ੍ਰਯੋਗ ਕੀਤਾ। ਗੁਰਬਾਣੀਦੇ ਅੰਤਰਗਤ ਅਸ਼ਟਪਦੀ ਰੂਪ ਅਧੀਨ ਮਨੁੱਖੀ ਜੀਵਨ ਦੇ ਸਾਧਾਰਣ ਕਿਸਮ ਦੇ ਵਿਸ਼ਿਆਂ ਨੂੰ ਮੂਰਤੀਮਾਨ ਕੀਤਾ ਗਿਆ ਹੈ।

ਅੱਠਾਂ ਪਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ। ਇਸ ਕਾਵਿ ਰੂਪ ਦਾ ਕੋਈ ਖਾਸ ਤੋਲ ਤੁਕਾਂਤ ਨਹੀ। ਹਾਂ ਇਸ ਵਿੱਚ ਅੱਠ ਛੰਦ ਇਕੋ ਪ੍ਰਬੰਧ ਵਿੱਚ ਲਿਖੇ ਜਾਂਦੇ ਹਨ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਜਿਸ ਪ੍ਰਬੰਧ ਵਿੱਚ ਅੱਠ ਛੰਦ(ਪਦ)ਇਕੱਠੇ ਹੋਣ ਉਸਦੀ 'ਅਸਟਪਦੀ' ਸੰਗਿਆ ਹੈ।"[2]

---

1- ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ) ਪੰਨਾ 30

2- ਗੁਰੂ ਛੰਦ ਦਿਵਾਕਰ, ਪੰਨਾ 43

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਛੰਦਾਂ ਵਿਚ ਅਸਟਪਦੀਆਂ ਮਿਲਦੀਆਂ ਹਨ। ਉਦਾਹਰਣ ਦੇ ਤੌਰ 'ਤੇ ਇਸ ਦੇ ਕੁਝ ਨਮੂਨੇ ਇਸ ਪ੍ਰਕਾਰ ਹਨ:

- ਰਾਗ ਗਾਉੜੀ ਅਧੀਨ 'ਸੁਖਮਨੀ' ਬਾਣੀ ਦੀ ਰਚਨਾ ਚੌਪਈ ਛੰਦ ਵਿਚ ਹੈ:

  ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
  ਕਲਿ ਕਲੇਸ ਤਨ ਮਾਹਿ ਮਿਟਾਵਉ ।।[1]

- ਰਾਗ ਮਲ੍ਹਾਰ ਵਿਚ ਦਰਜ ਅਸ਼ਟਪਦੀ ਸਾਰ ਛੰਦ ਵਿਚ ਹੈ:

  ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ।
  ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ।।੧।।[2]

- ਰਾਗ ਮਾਰੂ ਦੀ ਅਸ਼ਟਪਦੀ ਜੋ ਨਿਸ਼ਾਨੀ ਛੰਦ ਵਿੱਚ ਹੈ:

  ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ।
  ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ।।[3]

ਗੁਰਬਾਣੀ ਵਿਚ ਅਸਟਪਦੀ ਅਧੀਨ ਪਦਿਆਂ ਦੀ ਗਿਣਤੀ ਅੱਠ ਤੋਂ ਵੱਧ ਨੌਂ, ਦਸ, ਗਿਆਰਾਂ ਅਤੇ ਅੱਠ ਤੋਂ ਘਟ ਕੇ ਸੱਤ ਵੀ ਮਿਲਦੀ ਹੈ। ਅਸਟਪਦੀ ਵਿੱਚ ਇਨ੍ਹਾਂ ਪਦਿਆਂ ਤੋਂ ਇਲਾਵਾ ਇਨ੍ਹਾਂ ਦੀਆਂ ਤੁਕਾਂ ਵਿੱਚ ਵੀ ਭਿੰਨਤਾ ਪਾਈ ਜਾਂਦੀ ਹੈ। ਪਦੇ ਵਿੱਚ ਚਾਰ ਤੁਕਾਂ ਤੋਂ ਬਿਨਾਂ ਤਿੰਨ, ਦੋ ਜਾਂ ਇਕ ਤੁਕ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

---

1- ਆਦਿ ਗ੍ਰੰਥ, ਪੰਨਾ 262

2- - ਉਹੀ -, ਪੰਨਾ 1273

3- - ਉਹੀ -, ਪੰਨਾ 1012

ਮਾਤ੍ਰਿਕ ਪੱਖ ਤੋਂ ਵੀ ਅਸਟਪਦੀਆਂ ਵਿਲੱਖਣਤਾ ਦੀਆਂ ਧਾਰਣੀ ਹਨ। ਅਸਟਪਦੀ ਵਿੱਚ ਤੁਕਾਂ ਅਤੇ ਮਾਤ੍ਰਾਵਾਂ ਦੀ ਇੰਨੀ ਅਧਿਕ ਭਿੰਨਤਾ ਕਰਕੇ ਹੀ ਕਈ ਅਸਟਪਦੀਆਂ ਦਾ ਤੋਲ ਬਾਕੀ ਕਾਵਿ ਰੂਪਾਂ ਨਾਲ ਜਾ ਮਿਲਦਾ ਹੈ ਜਿਵੇਂ ਰਾਗ ਸੂਹੀ ਵਿਚ ਦੂਜੀ ਅਸਟਪਦੀ ਦੀਆਂ ਤੁਕਾਂ ਦੋਹਰੇ ਦਾ ਰੂਪ ਧਾਰਣ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਸੈਤਲੀਆਂ ਤਿੰਨ ਤੁਕਾਂ ਅੜਿਲ ਦੇ ਰੂਪ ਨਾਲ ਮਿਲਦੀਆਂ ਹਨ। ਰਾਗ ਰਾਮਕਲੀ ਵਿੱਚ ਅੱਠਵੀਂ ਅਤੇ ਨੌਵੀਂ ਅਸਟਪਦੀ ਇਕ-ਇਕ ਤੁਕ ਵਿੱਚ ਸੰਕਲਿਤ ਹੈ ਪਰ ਤੋਲ ਦਵਈਏ ਨਾਲ ਮਿਲਦਾ ਹੈ।[1]

ਭਾਰਤੀ ਸੰਗੀਤ ਨੂੰ ਵਾਚਣ ਤੇ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਤੋਂ ਪੂਰਵ ਅਸਟਪਦੀ ਦਾ 'ਪ੍ਰਬੰਧ ਸ਼ੈਲੀ' ਦੇ ਰੂਪ ਵਿੱਚ ਪ੍ਰਚਾਰ ਸੀ। ਪ੍ਰਬੰਧ ਇਕ ਵਿਸ਼ੇਸ਼ ਰੂਪ ਵਿੱਚ ਨਿਯਮਬੱਧ ਰਚਨਾ ਹੈ, ਜਿਸਦੇ ਚਾਰ ਭਾਗ ਉਦਗ੍ਰਾਹ, ਧਰੁਵ, ਮੇਲਾਪਕ ਅਤੇ ਆਭੋਗ ਹਨ। ਇਨ੍ਹਾਂ ਬਾਰੇ ਅਸੀਂ ਦੂਸਰੇ ਅਧਿਆਇ ਵਿੱਚ ਵਿਸਤਰਿਤ ਚਰਚਾ ਕਰ ਆਏ ਹਾਂ। 12ਵੀਂ ਸਦੀ ਦੇ ਪ੍ਰਸਿੱਧ ਭਗਤ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਦੀਆਂ ਮਹੱਤਵਪੂਰਨ ਰਚਨਾਵਾਂ ਅਸਟਪਦੀਆਂ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ। ਇਸ ਮਹਾਨ ਰਚਨਾ 'ਗੀਤ ਗੋਵਿੰਦ' ਤੋਂ ਪ੍ਰਬੰਧ ਸ਼ੈਲੀ ਦੀ ਪ੍ਰਾਚੀਨਤਾ ਅਤੇ ਮਹਾਨਤਾ ਬਾਰੇ ਪਤਾ ਲਗਦਾ ਹੈ। 'ਗੀਤ ਗੋਵਿੰਦ' ਅੱਠ ਪਦਿਆਂ ਦੀਆਂ ਰਚਨਾਵਾਂ ਅਸਟਪਦੀਆਂ ਜਿੱਥੇ ਭਾਰਤੀ ਸਾਹਿੱਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ ਉਥੇ ਭਾਰਤੀ ਸੰਗੀਤ ਵਿੱਚ ਗਾਇਨ ਸ਼ੈਲੀ ਪੱਖੋਂ ਇਨ੍ਹਾਂ ਦਾ ਵਰਣਨਯੋਗ ਸਥਾਨ ਹੈ। 'ਗੀਤ ਗੋਵਿੰਦ' ਵਿਚ ਜੈ ਦੇਵ ਦੁਆਰਾ ਰਚਿਤ ਇਕ ਅਸਟਪਦੀ ਦਾ ਕਾਵਿ ਰੂਪ ਇਸ ਪ੍ਰਕਾਰ ਹੈ:

---

1. ਹਰਬੰਸ ਸਿੰਘ (ਪ੍ਰੋ.) <u>ਗੁਰੂ ਨਾਨਕ ਦੇਵ ਦੀ ਕਾਵਿ ਕਲਾ</u>, ਪੰਨਾ 234-35

ਵਹਿਤਿ ਮਲਯਸਮੀਰੇ ਮਦਨਮੁਖਨਿਧਾਯ
ਸਫੁਟਤਿ ਕੁਸੁਮਨਿਕਰੇ ਵਿਰਹਿਹਿਦ੍ਰਿਦਯਦਲਨਾਯ
ਸਖਿ ਸੀਦਤਿ ਤਵਵਿਰਹੇ ਵਨਮਾਲੀ।। ਧ੍ਰੁਵ।।੧।।

(ਹੇ ਸਖੀ: ਤੇਰੀ ਲੋਚਾ ਕਰਦੇ ਵਨਮਾਲੀ ਦਾ ਦਿਲ ਡੁੱਬ ਗਿਆ ਹੈ, ਉਹ ਅਚੇਤ ਹੋ ਗਏ ਹਨ, ਕਾਮਦੇਵ ਨੂੰ ਸਹਾਇਕ ਬਣਾ ਕੇ ਜਦੋਂ ਦੱਖਣੀ ਹਵਾ ਚਲਦੀ ਹੈ, ਜਦੋਂ ਕਤਾਰਾਂ ਵਿੱਚ ਫੁੱਲ ਖਿੜਦੇ ਹਨ ਤਾਂ ਉਹ ਮਿਲਾਪ ਲਈ ਤੜਫਦੇ ਹਿਰਦਿਆਂ ਨੂੰ ਵਿੰਧ ਦਿੰਦੇ ਹਨ।)

ਦਹਤਿ ਸ਼ਿਸ਼ਿਰਮਯੂਖੇ ਮਰਣਮਨੁਕਰੋਤਿ
ਪਤਤਿ ਮਦਨਵਿਸ਼ਿਖੇ ਵਿਲਪਤਿ ਵਿਕਲਤਰੋਅਤਿ ।। ੨ ।।

(ਸ਼ੀਤਲ ਕਿਰਣਾਂ ਵਾਲਾ ਚੰਦ੍ਰਮਾ ਵੀ ਉਨ੍ਹਾਂ ਨੂੰ ਸਾੜਦਾ ਪ੍ਰਤੀਤ ਹੁੰਦਾ ਹੈ ਤੇ ਉਹ ਮੁਰਦੇ ਵਾਂਗ ਜਾਪਦੇ ਹਨ, ਜਦੋਂ ਫੁੱਲ ਝੜਦੇ ਹਨ ਤਾਂ ਉਹ ਘੋਰ ਨਿਰਾਸ਼ਾ ਵਿੱਚ ਕੁਰਲਾਉਂਦੇ ਹਨ, ਜਿਵੇਂ ਕਿ ਇਹ ਫੁੱਲ ਨਹੀਂ ਸਗੋਂ ਕਾਮਦੇਵ ਦੇ ਬਾਣ ਹੋਣ )

ਧ੍ਵਨਤਿ ਮਧੁਪਸਮੂਹੇ ਸ੍ਰਵਣਮਪਿਦਧਾਤਿ
ਮਨਸਿ ਵਲਿਤਵਿਰਹੇ ਨਿਸ਼ਿਨਿਸ਼ਿ ਰੁਜਮੁਧਯਾਤਿ । ੩ ।।

(ਭੌਰਿਆਂ ਦੇ ਸਮੂਹ ਦੀ ਗੁੰਜਾਰ ਸੁਣ ਕੇ ਉਹ ਕੰਨ ਮੁੰਦ ਲੈਂਦੇ ਹਨ, ਉਹ ਆਪਣੇ ਹਿਰਦੇ ਵਿੱਚ ਵਿਰਹਾ ਦੀ ਪੀੜਾ ਦਾ ਅਨੁਭਵ ਕਰ ਰਹੇ ਹਨ, ਰਾਤ ਪਰ ਰਾਤ ਉਹ ਮਾਨਸਿਕ ਪੀੜਾ ਭੁਗਤਦੇ ਹਨ।)

ਵਸਤਿ ਵਿਪਿਨ ਵਿਤਾਨੇ ਤਯਜਤਿ ਲਲਿਤਧਾਮ।
ਲੁਠਿਤ ਧਰਣਿਸ਼ਯਨੇ ਬਹੁ ਵਿਲਪਤਿ ਤਵ ਨਾਮ ।। ੪ ।।

(ਉਨ੍ਹਾਂ ਨੇ ਆਪਣਾ ਸੁੰਦਰ ਮਹਿਲ ਛੱਡ ਦਿੱਤਾ ਹੈ ਤੇ ਹੁਣ ਵਣ ਦੇ ਲਤਾਕੁੰਜਾਂ ਵਿੱਚ ਭਟਕ ਗਏ ਹਨ। ਧਰਤੀ ਉਤੇ ਪਾਸੇ ਪਰਤਦੇ ਹਨ ਜਿਵੇਂ ਕਿ ਉਹ ਉਨ੍ਹਾਂ ਦੀ ਸੇਜ ਹੋਵੇ ਤੇ ਬਾਰ ਬਾਰ ਤੇਰਾ (ਰਾਧਾ ਦਾ) ਨਾਮ ਜਪੀ ਜਾਂਦੇ ਹਨ।)

.. .. .. ..

ਭਣਤਿ ਕਵਿ ਜਯਦੇਵ ਵਿਰਹਿਵਿਲਸਿਤੇਨ

ਮਨਸਿ ਰਭਸਵਿਭਵੇ ਹਰਿਰੁਦਯਤੁ ਸੁਕ੍ਰਿਤੇਨ ।। ੮ ।।

(ਪ੍ਰੇਮੀਆਂ ਦੇ ਵਿਜੋਗ ਦਾ ਵਰਣਨ ਸਹਿਤ ਇਸ ਸੁੰਦਰ ਗੀਤ ਨੂੰ ਜਦੋਂ ਕਵੀ ਜਯਦੇਵ ਗਾ ਰਹੇ ਹੋਣ ਤਾਂ ਦਿਵ ਪ੍ਰੇਮ ਦੀ ਸਮੁੱਚੀ ਆਭਾ ਸਹਿਤ, ਚੰਗੇ ਕਰਮਾਂ ਵਾਲਿਆਂ ਦੇ ਹਿਰਦਿਆਂ ਵਿੱਚ ਸ੍ਰੀ ਕ੍ਰਿਸ਼ਨ ਦਾ ਉਦੈ ਹੋਵੇ ।)[1]

'ਗੀਤ ਗੋਵਿੰਦ' ਦੀਆਂ ਰਚਨਾਵਾਂ ਅਸਟਪਦੀਆਂ ਵਿੱਚ ਪ੍ਰਬੰਧ ਦੇ ਉਦਗ੍ਰਾਹ, ਧਰੁਵ ਧਾਤੂ ਤਾਂ ਮਿਲਦੇ ਹਨ ਪਰ ਮੇਲਾਪਕ ਨਹੀਂ। ਗੁਰਬਾਣੀ ਅਧੀਨ ਅਸਟਪਦੀਆਂ ਵਿੱਚ ਵੀ ਪ੍ਰਬੰਧ ਦੇ ਉਦਗ੍ਰਾਹ, ਧਰੁਵ, ਅੰਤਰੇ ਤੋਂ ਬਿਨਾਂ ਮੇਲਾਪਕ ਆਦਿ ਧਾਤੂਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਸਟਪਦੀਆਂ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਕ ਅਸਟਪਦੀ ਦਾ ਸੰਗੀਤਕ ਵਿਸ਼ਲੇਸ਼ਣ ਨਿਮਨਲਿਖਿਤ ਅਨੁਸਾਰ ਹੈ:

ਸਿਰੀ ਰਾਗ ਮਹਲਾ ੧ ।।

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ।
ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ।
ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ।। ੧ ।।

---

1. Chatterji, Suniti Kumar, <u>Jayadeva</u>, Page 64.

ਹਰਿ ਜੀਉ ਤੂੰ ਕਰਤਾ ਕਰਤਾਰੁ ।।

ਜਿਉ ਭਾਵੈ ਤਿਉ ਰਾਖੁ ਤੂੰ ਹਰਿਨਾਮੁ ਮਿਲੈ ਆਚਾਰੁ ।।੧।।ਰਹਾਉ।।

ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ।।

ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ।।

ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ।। ੨ ।।

ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ।।

ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ।।

ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ।।੩ ।।

ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ।।

ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ।।

ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ।।੪ ।।

ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰਵਾਕਿ

ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ।।

ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ।।੫ ।।

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ।।

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰਿ।।

ਜਗਿ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ।। ੬ ।।

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ।।

ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ।।

ਪਤਿ ਸਿਉ ਲੇਖਾ ਨਿਬੜੈ ਰਾਮਨਾਮੁ ਪਰਗਾਸਿ ।। ੭ ।।

ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥
ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥[1]

ਉਪਰੋਕਤ ਅਸਟਪਦੀ ਰਾਗ ਸਿਰੀ ਅਧੀਨ ਗਾਈ ਜਾਣ ਵਾਲੀ ਰਚਨਾ ਹੈ। ਗੁਰਮਤਿ ਸੰਗੀਤ ਅਨੁਸਾਰ ਅਸਟਪਦੀ ਦੇ ਸਾਰੇ ਅੰਗ ਅੰਕਾਂ ਸਹਿਤ ਅੰਕਿਤ ਹਨ। ਅਸਟਪਦੀ ਵਿੱਚ ਪਹਿਲੀਆਂ ਦੋ ਸਤਰਾਂ ਜਿਨ੍ਹਾਂ ਤੋਂ ਬਾਅਦ "੧" ਅੰਕ ਮਿਲਦਾ ਹੈ, ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ 'ਧਰੁਵ' ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ ਪਰ ਅਸਟਪਦੀ ਵਿੱਚ ਆਮ ਤੌਰ 'ਤੇ ਪਹਿਲੇ ਪਦ ਮਗਰੋਂ ਰਹਾਉ ਦੀਆਂ ਤੁਕਾਂ ਆਉਂਦੀਆਂ ਹਨ ਪਰ ਕੁਝ ਅਸਟਪਦੀਆਂ ਵਿਚ 'ਰਹਾਉ' ਪਹਿਲਾਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਵੇਂ ਰਾਗ ਸਾਰੰਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਅਸਟਪਦੀ ਵਿੱਚ ਰਹਾਉ ਦੀ ਤੁਕ ਪਹਿਲਾਂ ਆਈ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਅਸਟਪਦੀਆਂ ਦੀਆਂ ਬਾਕੀ ਤੁਕਾਂ ਦਾ ਅੰਤਰੇ ਦਾ ਰੂਪ ਵਿੱਚ ਗਾਇਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਦੁਆਰਾ ਰਚਿਤ ਅਸਟਪਦੀਆਂ ਪ੍ਰਬੰਧ ਗਾਇਨ ਦਾ ਉੱਤਮ ਨਮੂਨਾ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਸਟਪਦੀਆਂ ਪ੍ਰਬੰਧ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਹੈ ਪਰ ਸਮੇਂ ਦੇ ਅੰਤਰਾਲ ਸਦਕਾ ਪ੍ਰਬੰਧ ਅੰਗ ਤੋਂ ਅਸਟਪਦੀ ਦਾ ਗਾਇਨ ਪ੍ਰਚਲਨ ਨਹੀਂ ਹੈ ਪਰ ਇਸਦੀ ਖੋਜ ਦਾ ਸਰੋਤ ਜਾਂ ਸੀਮਾ ਪ੍ਰਾਚੀਨ ਪ੍ਰਬੰਧ ਹੀ ਹੈ।

---

1- ਆਦਿ ਗ੍ਰੰਥ, ਪੰਨਾ 54-55

ਪਦੇ: ਪਦ ਕਾਵਿ ਦਾ ਪੁਰਾਤਨ ਅਤੇ ਪ੍ਰਚੱਲਿਤ ਕਾਵਿ-ਰੂਪ ਹੈ। ਸੰਗੀਤ ਵਿਚ ਇਸਨੂੰ ਗਾਉਣ ਦੀ ਆਪਣੀ ਪਰੰਪਰਾ ਹੈ। ਸੰਗੀਤ ਭਾਸ਼ਯ ਵਿੱਚ ਪਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, 'ਜਿਨ੍ਹਾਂ ਵਿਸ਼ੇਸ਼ ਅੱਖਰ ਜਾਂ ਵਾਕ ਸਮੂਹਾਂ ਤੋਂ ਕਿਸੇ ਗਤ ਜਾਂ ਗੀਤ ਦਾ ਬੋਧ ਕੀਤਾ ਜਾਂਦਾ ਹੈ। ਉਸ ਸ਼ਬਦਾਵਲੀ ਨੂੰ ਪਦ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਵਿਤਾ ਦੇ ਭਿੰਨ ਭਿੰਨ ਚਰਣ ਜਾ ਭਾਗ ਨੂੰ ਵੀ ਸਾਹਿੱਤ ਵਿੱਚ ਪਦ ਕਿਹਾ ਜਾਂਦਾ ਹੈ।'[1] ਪਦ ਨੂੰ ਰਾਗ ਪਦ, ਰਾਗ ਪਕਾਸ਼ਕ ਪਦ ਅਤੇ ਸ੍ਵਰ ਸ਼ਬਦ ਵੀ ਕਿਹਾ ਜਾਂਦਾ ਹੈ।[2]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਭਗ ਸਮੂਹ ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਨੇ ਪਦ ਗਾਇਨ ਸ਼ੈਲੀ ਦਾ ਪ੍ਰਯੋਗ ਆਪਣੀ ਬਾਣੀ ਦੇ ਗਾਇਨ ਲਈ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਨੂੰ 'ਸ਼ਬਦ' ਵੀ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦੇ ਗਾਇਨ ਨੂੰ 'ਸ਼ਬਦ ਗਾਇਨ' ਦਾ ਨਾਮ ਦਿੱਤਾ ਜਾਂਦਾ ਹੈ।

ਪਦੇ ਸਰੋਦੀ ਕਵਿਤਾ ਦਾ ਪ੍ਰਸਿੱਧ ਕਾਵਿ-ਰੂਪ ਮੰਨਿਆਂ ਜਾਂਦਾ ਹੈ। ਪਦ ਤੋਂ ਭਾਵ ਪੰਕਤੀ ਜਾ ਪੰਕਤੀ ਸਮੂਹ ਹੈ। ਪਦਿਆਂ ਦੀਆਂ ਪੰਕਤੀਆਂ ਨੂੰ ਤੁਕਾਂ ਵੀ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਉਹ ਛੰਦ ਜੋ ਕਾਵਯ, ਵਰਣ, ਗਣ ਅਤੇ ਮਾਤ੍ਰਾ ਦੇ ਨਿਯਮ ਵਿੱਚ ਹੋਵੇ ਉਸਨੂੰ 'ਪਦ' ਕਿਹਾ ਜਾਂਦਾ ਹੈ।"[3] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦ ਜਾ ਤੁਕਾਂ ਦੀ ਸੰਖਿਆ ਦੇ ਆਧਾਰ 'ਤੇ ਹੀ ਪਦਿਆਂ ਦੇ ਨਾਮ ਸਿਰਲੇਖ ਰੂਪ ਵਿਚ ਅੰਕਿਤ ਹਨ। ਦੋ ਬੰਦਾਂ ਦੇ ਪਦ ਨੂੰ ਦੁਪਦੇ, ਤਿੰਨ ਬੰਦ ਦੇ ਪਦਾਂ

1. ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼ਯ, ਪੰਨਾ 206
2- ਚੌਧਰੀ ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70
3- ਮਹਾਨ ਕੋਸ਼, ਪੰਨਾ 740

ਨੂੰ ਤਿਪਦੇ, ਚਾਰ ਬੰਦਾ ਦੇ ਪਦੇ ਨੂੰ ਚਉਪਦੇ । ਇਸ ਤਰ੍ਹਾਂ ਪੰਚਪਦੇ ਤੇ ਛਿਪਦੇ ਆਦਿ ਰਚਨਾਵਾਂ ਹਨ। ਪਦ ਗਾਇਨ ਨੂੰ ਮੱਧਕਾਲੀਨ ਪਰੰਪਰਾ ਦੇ ਅੰਤਰਗਤ ਧਰੁਪਦ ਅੰਗ ਜਾਂ ਧਰੁਪਦ ਸ਼ੈਲੀ ਵਿੱਚ ਗਾਏ ਜਾਣ ਦੀ ਰੀਤ ਪ੍ਰਚਾਰ ਵਿੱਚ ਸੀ। ਧਰੁਪਦ ਸੰਬੰਧੀ ਇਹ ਕਿਹਾ ਜਾਂਦਾ ਹੈ ਕਿ 'ਧਰੁਵ' ਦਾ ਅਰਥ 'ਅਚਲ' ਜਾਂ 'ਚਿਰ ਸਥਾਈ' ਹੈ। ਇਨ੍ਹਾਂ ਅਰਥਾ ਤੋਂ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦਾ ਗੁਣ ਕੀਰਤਨ ਸੂਚਕ ਪਦ ਨੂੰ ਧਰੁਪਦ ਕਿਹਾ ਜਾਂਦਾ ਹੈ। .... ਈਸ਼ਵਰ ਦੀ ਗੁਣ ਗਾਥਾ ਵਿੱਚ ਧਰੁਪਦ ਦਾ ਵਿਵਹਾਰ ਪ੍ਰਾਚੀਨ ਕਾਲ ਤੋਂ ਹੀ ਹੈ। ... ਗਾਇਨ ਵਿਚ ਧਰੁਪਦ ਦੇ ਤਾਲਾਂ ਵਿੱਚ ਵੀ ਗੰਭੀਰਤਾ ਹੈ। ਲਘੂ ਪ੍ਰਕ੍ਰਿਤੀ ਦੇ ਤਾਲ ਧਰੁਪਦ ਵਿਚ ਪ੍ਰਯੋਗ ਨਹੀਂ ਹੁੰਦੇ। ਧਰੁਪਦ ਨਰਪਤਿਗਣ ਦੇ ਗੁਣ ਕੀਰਤਨ ਦੇ ਰੂਪ ਵਿਚ ਰਚੇ ਗਏ ਹਨ।[1] ਮੱਧਕਾਲੀਨ ਭਾਰਤੀ ਸੰਗੀਤ ਦੇ ਸੰਗੀਤਾਚਾਰੀਆ ਸੁਆਮੀ ਹਰਿਦਾਸ ਅਤੇ ਉਨ੍ਹਾਂ ਦੇ ਸ਼ਿਸ਼ ਤਾਨਸੈਨ, ਬੈਜੂ ਬਾਵਰਾ, ਰਾਮਦਾਸ ਆਦਿ ਨੇ ਧਰੁਪਦ ਸ਼ੈਲੀ ਵਿੱਚ ਕਈ ਰਚਨਾਵਾਂ ਕੀਤੀਆਂ ਅਤੇ ਇਨ੍ਹਾਂ ਨੇ ਆਪੋ ਆਪਣੇ ਗਾਇਨ ਦੁਆਰਾ ਇਸਦਾ ਖੂਬ ਪ੍ਰਚਾਰ ਕੀਤਾ। ਸੰਤ ਕਵੀਆਂ ਵਿਚੋਂ ਭਗਤ ਕਬੀਰ, ਸੂਰਦਾਸ ਆਦਿ ਦੁਆਰਾ ਰਚਿਤ ਪਦੇ ਵੀ ਧਰੁਪਦ ਗਾਇਨ ਸ਼ੈਲੀ ਦੇ ਉੱਤਮ ਨਮੂਨੇ ਹਨ। ਉਦਾਹਰਣ ਵਜੋਂ ਸੁਆਮੀ ਹਰੀਦਾਸ ਜੀ ਦੀ ਇਕ ਪਦੇ ਦੀ ਪੁਰਾਤਨ ਧਰੁਪਦ ਸੁਰ ਲਿਪੀ ਇਸ ਪ੍ਰਕਾਰ ਹੈ:

<u>ਸੁਆਮੀ ਹਰਿਦਾਸ-ਰਚਿਤ ਧਰੁਪਦ</u>

ਹੰਸਤ ਖੇਲਤ ਬੋਲਿਤ ਮਿਲਤ ਦੇਖੋ ਮੇਰੀ ਆਖਿਨ ਸੁਖ।।
ਬੀਰੀ ਪਰਸਪਰ ਲੇਤ ਖਵਾਬਤ ਜਿਉ ਦਾਮਨਿ,
ਘਨ ਚਮਚਮਾਤ ਸੋਭਾ ਬਹੁਤ ਭਾਂਤਿਨ ਸੁਖ।।

---

1. ਚੌਧਰੀ ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70

ਸ੍ਰੁਤੀ ਘੁਰਿ ਰਾਗ ਕੇਦਾਰੋ ਜਮਯੋ ਅਧਰਾਤ ਨਿਸਾਰਰੋ ਸੁਖ ।।
ਸ੍ਰੀ ਹਰਿਦਾਸ ਕੇ ਸਵਾਮੀ ਸ੍ਯਾਮਾ ਕੁੰਜ ਬਿਹਾਰੀ ਕੇ,
ਗਾਵਤ ਸੁਰਤ ਦੇਤ ਮੋਰ ਭਯੋ ਪਰਮ ਸੁਖ ।।

ਰਾਗ ਕੇਦਾਰ (ਧਰੁਪਦ) ਚਾਰਤਾਲ (ਵਿਲੰਬਿਤ ਲੈਅ)

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਸਥਾਈ | | | | | | | | | | | |
| ਸਾਂ | ਸਾਂ | ਸਾਂ | ਧ | ਪ | ਪ | ਮੇ | ਪ | ਧਪ | ਮ | ਸਾਰੇ | ਸਾ |
| ਹੇ | ਸ | ਤ | ਖੇ | ਲ | ਤ | ਖੋ | ਲ | ਤS | ਮਿ | ਲ | ਤ |
| ਸਾ | ਮ | ਮ | ਪ | – | ਪ | ਮੇ | ਪ | ਧਪ | ਮ | ਸਾਰੇ | ਸ |
| ਦੇ | S | ਖੇ | ਸੇ | S | ਰੀ | ਆ | ਖਿ | ਨ | ਸੁ | S | ਖ |
| ਅੰਤਰਾ | | | | | | | | | | | |
| ਪ | – | ਪ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | ਸਾਂ | ਸਾਂ | ਸਾਂ |
| ਬੀ | S | ਰੀ | ਪ | ਰ | ਸ | ਪ | ਰ | ਜੋ | S | S | ਤ |
| ਸਾਂ | ਪ | – | ਧਾ | ਸਾਂ | ਸਾਂ | ਸਾਂ | ਰੇਂ | ਸ | ਪ | ਪ | ਮ |
| ਖ | ਵਾਂ | S | S | ਚ | ਤ | ਤ੍ਰਿ | S | ਦਾ | S | ਮਿ | ਲੀ |
| ਸਾ | ਸਾਂ | ਸਾਂ | ਸਾਂ | ਰੇਂ | ਸਾਂ | ਧਾ | – | ਪ | ਪਮੇਂ | ਧਪ | ਮ |
| ਘ | ਨੇ | S | ਤ | ਮ | ਣ | ਆ | S | ਤ | ਜੋS | SS | ਗ |

| | | | | | | | | | | | |
|---|---|---|---|---|---|---|---|---|---|---|---|
| ਸਾ | ਰੇ | ਸਾ | ਮ | – | – | ਪ | ਸਾਂ | ਪਮੰ | ਧਪ | ਮ | ਮ |
| ਧ | ऽ | ਹੁ | ਗੋਂ | ऽ | ऽ | ਤ | ਨ | ਸੁऽ | ऽऽ | ऽ | ਥ |

ਸੰਚਾਰੀ

| | | | | | | | | | | | |
|---|---|---|---|---|---|---|---|---|---|---|---|
| ਸਾਂ | ਸਾ | ਸਾ | ਸਾ | ਧਾ | ਪ | ਪ | ਮੰ | ਪ | ਧ | ਪ | ਮ |
| ਸੁ | ਤੀ | ਪ੍ਰ | ਤਿ | ਨਾ | ਗ | ਕੇ | ਦਾ | ऽ | ਰੇ | ਅਸ | ਐ |
| ਪ | ਪ | ਸਾਂ | ਸਾਂ | ਰੀ | ਸਾਂ | ਧ | ਪ | ਮ | ਸਾ | ਸਾ ਰੇ | ਸਾ |
| ਅ | ਧ | ਨਾ | ਤ | ਕਿ | ਸਾ | ऽ | ਰ | ਰੇ | ਸੁ | ऽ | ਥ |

ਆਭੋਗ

| | | | | | | | | | | | |
|---|---|---|---|---|---|---|---|---|---|---|---|
| ਪ | ਪ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ |
| ਸ੍ਰੀ | ਹ | ਰਿ | ਦਾ | ਸ | ਕੇ | ਸੁ | ਆ | ਸੀ | ਮਿ | ਆ | ਸਾ |
| ਸਾਂ | ਰੇਂ | ਸਾਂ | ਧੰ | ਮੰ | ਰੇਂ | ਸਾਂ | ਰੀ | ਧ | ਪਮੰ | ਧਪ | ਮ |
| ਵਿ | ਸ | ਧਿ | ਨ | ਕੀ | ਦੇ | ਜਾ | ਦ | ਤ | ਸੁऽ | ਰऽ | ਤ |
| ਸਾ | ਸਾ | ਸਾ | ਸਾ | ਪ | ਪ | ਸਾਂ | ਧ | ਪ | ਪਮੰ | ਧਪ | ਮ |
| ਦੇ | ਤ | ਕੇ | ਰ | ਤ | ਐ | ਪ | ਰ | ਮ | ਸੁऽ | ऽ | ਥ |

ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਦ ਸ਼ੈਲੀਦਾ ਗਾਇਨ ਭਾਰਤੀ ਸੰਗੀਤ ਤੋਂ ਭਿੰਨ ਹੈ। ਇਹ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਸੰਕੇਤਿਕ ਨਿਯਮ(ਰਾਗ, ਰਹਾਉ, ਅੰਕੁ,ਘਰੁ ਆਦਿ) ਦੇ ਧਾਰਣੀ ਹਨ, ਜੋ ਇਸ ਰਚਨਾ ਦੇ ਗਾਇਨ ਲਈ ਵਿਵਹਾਰਕ ਰੂਪ ਵਿੱਚ ਸਹਾਈ ਹੁੰਦੇ ਹਨ। ਪਦੇ ਅਧੀਨ ਰਹਾਉ ਦੀ ਤੁਕ ਜਿਸਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ, ਧਰੁਪਦ ਸ਼ੈਲੀ ਵਿਚ ਇਸਨੂੰ 'ਧਰੁਵ' ਦਾ ਨਾਮ ਦਿੱਤਾ ਗਿਆ ਹੈ। ਇਸਨੂੰ ਸ਼ਬਦ ਵਿੱਚ ਕੇਂਦਰ ਮੰਨ ਕੇ ਬਾਰ-ਬਾਰ ਗਾਉਣ ਦੀ ਪਰੰਪਰਾ ਹੈ। ਸ਼ਬਦ ਦੀਆ ਤੁਕਾਂ ਦੇ ਅੰਤ ਤੇ ੧, ੨ , ੩ ਦੇ ਰੂਪ ਵਿੱਚ ਅੰਕ ਦਰਜ ਹਨ ਜੋ ਅੰਤਰਿਆਂ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਬਾਣੀ ਪ੍ਰਬੰਧ ਅਨੁਸਾਰ ਸਥਾਈ ਜਾਂ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਸੇ ਤਰ੍ਹਾਂ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੀ ਪ੍ਰਧਾਨਤਾ ਅਤੇ ਬਾਣੀ ਦੇ ਨਿਵੇਕਲੇ ਸੰਗੀਤ ਪ੍ਰਬੰਧ ਕਰਕੇ ਧਰੁਪਦ ਗਾਇਨ ਦੇ ਇਨ੍ਹਾਂ ਸ਼ਾਸਤਰੀ ਨਿਯਮਾਂ ਤੋਂ ਖੁਲ੍ਹ ਵੀ ਲੈ ਲਈ ਜਾਂਦੀ ਹੈ।ਉਦਾਹਰਣ ਦੇ ਤੌਰ 'ਤੇ ਦੁਪਦੇ, ਤਿਪਦੇ ਆਦਿ ਵਿੱਚ ਧਰੁਪਦ ਦੇ ਸਾਰੇ ਅੰਗ ਨਹੀਂ ਹਨ ਪਰ ਇਨ੍ਹਾਂ ਦਾ ਗਾਇਨ ਧਰੁਪਦ ਦੇ ਅੰਗ ਤੋਂ ਹੀ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਪਦ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੇ ਪਦ ਸ਼ੈਲੀ ਨੂੰ ਗੁਰਮਤਿ ਸੰਗੀਤ ਦੀ ਪ੍ਰਧਾਨ ਸ਼ੈਲੀ ਕਿਹਾ ਜਾ ਸਕਦਾ ਹੈ। ਗੁਰਬਾਣੀ ਦੀਆਂ ਵਿਭਿੰਨ ਪਦ ਰਚਨਾਵਾਂ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ। ਗੁਰਬਾਣੀ ਵਿਚੋਂ ਧਰੁਪਦ ਅੰਗ ਤੋਂ ਪ੍ਰਚੱਲਿਤ ਕੁਝ ਪਰੰਪਰਾਗਤ ਸੰਗੀਤ ਰਚਨਾਵਾਂ ਦੀ ਸੁਰ ਲਿਪੀ 306ਪੰਨੇ'ਤੇ ਵੇਖੋ।

ਹੋਲੀ: ਗੁਰਮਤਿ ਸੰਗੀਤ ਵਿਚ ਹੋਲੀ ਨਾਲ ਸੰਬੰਧਿਤ ਸ਼ਬਦਾਂ ਨੂੰ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਧਮਾਰ ਸ਼ੈਲੀ 'ਤੇ ਗਾਇਨ ਕਰਨ ਦੀ ਪਰੰਪਰਾ ਹੈ। ਧਮਾਰ ਤਾਲ ਵਿਚ ਇਸਦਾ ਗਾਇਨ ਕਰਨ ਤੇ ਇਸਨੂੰ ਧਮਾਰ ਸ਼ੈਲੀ ਕਿਹਾ ਜਾਂਦਾ ਹੈ। ਧਮਾਰ ਸ਼ੈਲੀ ਸ਼ਿੰਗਾਰ ਰਸ ਪ੍ਰਧਾਨ ਹੈ। ਭਾਰਤੀ ਸੰਗੀਤ ਵਿਚ ਧਮਾਰ ਗੀਤਾਂ ਵਿਚ ਕ੍ਰਿਸ਼ਨ ਅਤੇ ਗੋਪੀਆਂ ਦੀਆਂ ਹੋਲੀ ਲੀਲ੍ਹਾਵਾਂ ਦਾ ਵਰਣਨ ਹੋਣ ਕਾਰਣ ਇਸਨੂੰ 'ਹੋਲੀ ਦਾ ਗੀਤ' ਵੀ ਕਹਿੰਦੇ ਹਨ। ਇਸ ਦੇ ਦੋ ਭਾਗ ਸਥਾਈ, ਅੰਤਰਾ ਹੁੰਦੇ ਹਨ ਜਿਸ ਨੂੰ ਵਿਭਿੰਨ ਲੈਅਕਾਰੀਆਂ, ਬੋਲਤਾਨਾਂ ਆਦਿ ਨਾਲ ਸਜਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੋਲੀ ਦੇ ਸ਼ਬਦਾਂ ਵਿੱਚ ਰਹਾਉ ਦਾ ਪ੍ਰਯੋਗ ਕਰਕੇ ਇਸ ਨੂੰ ਸਥਾਈ ਅੰਤਰੇ ਵਿਚ ਵਿਭਾਜਿਤ ਕੀਤਾ ਗਿਆ ਹੈ। ਇਸ ਵਿੱਚ ਰਹਾਉ ਦੀ ਤੁਕ ਤੋਂ ਇਲਾਵਾ ਬਾਕੀ ਸਾਰੀਆਂ ਤੁਕਾਂ ਅੰਤਰੇ ਦੀਆਂ ਹੁੰਦੀਆਂ ਹਨ। ਇਸ ਤੇ ਹਰ ਅੰਤਰੇ ਦੀ ਤੁਕ ਦੇ ਬਾਅਦ ਰਹਾਉ (ਸਥਾਈ) ਦੀ ਤੁਕ ਦਾ ਗਾਇਨ ਕੀਤਾ ਜਾਂਦਾ ਹੈ। ਗੁਰਬਾਣੀ ਵਿੱਚ ਹੋਲੀ ਦੇ ਸ਼ਬਦਾਂ ਨੂੰ ਗੁਰਮਤਿ ਸੰਗੀਤ ਪ੍ਰਬੰਧ ਅਨੁਸਾਰ ਧਮਾਰ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਬਾਣੀ ਪ੍ਰਬੰਧ ਉੱਚਤਾ ਦਾ ਧਾਰਣੀ ਹੈ। ਨਮੂਨੇ ਵਜੋਂ ਧਮਾਰ ਅੰਗ ਤੋਂ ਹੋਲੀ ਦੇ ਸ਼ਬਦ ਦੀ ਸੁਰ ਲਿਪੀ 308 ਪੰਨੇ'ਤੇ ਵੇਖੋ।

ਪੜਤਾਲ: ਪੜਤਾਲ ਗੁਰਮਤਿ ਸੰਗੀਤ ਦਾ ਇਕ ਵਿਸ਼ਿਸ਼ਟ ਅਤੇ ਅਪ੍ਰਸਿੱਧ ਕਾਵਿ ਰੂਪ ਹੈ ਜੋ ਸੰਗੀਤ ਵਿੱਚ ਗਾਇਨ ਪੱਖੋਂ ਵੀ ਬਾਕੀ ਸ਼ੈਲੀਆਂ ਨਾਲੋਂ ਨਿਵੇਕਲਾ ਅਤੇ ਮਹੱਤਵ ਪੂਰਨ ਸਥਾਨ ਰੱਖਦੀ ਹੈ। ਵਰਤਮਾਨ ਸਮੇਂ ਪੜਤਾਲ ਸ਼ੈਲੀ ਦਾ ਭਾਰਤੀ ਸੰਗੀਤ ਵਿਚ ਪ੍ਰਚਲਨ ਨਹੀਂ ਹੈ ਪਰੰਤੂ ਪੁਰਾਤਨ ਭਾਰਤੀ ਸੰਗੀਤ ਗ੍ਰੰਥਾਂ ਵਿਚ 'ਪੰਚਤਾਲੇਸ਼ਵਰ' ਨਾਮਕ ਗਾਇਨ ਸ਼ੈਲੀ ਨਾਲ ਇਸਦਾ ਵਿਸ਼ੇਸ਼ ਤੌਰ'ਤੇ ਸੰਬੰਧ ਜੋੜਿਆ ਜਾਂਦਾ ਹੈ।[1] ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਿੰਨ-ਭਿੰਨ ਰਾਗਾਂ ਅਧੀਨ ਸ੍ਰੀ ਗੁਰੂ ਰਾਮਦਾਸ ਦੀਆਂ 19 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ 36 ਪੜਤਾਲਾਂ ਦਰਜ ਹਨ।

---

1. ਸ੍ਰੀ ਮਾਨਵਲੀ ਰਾਮਕ੍ਰਿਸ਼ਣ ਕਵੀ, ਭਰਤ ਕੋਸ਼, ਪੰਨਾ 344

ਪੜਤਾਲ ਸ਼ਬਦ ਦੀ ਰਚਨਾ ਪੜ+ਤਾਲ ਸ਼ਬਦਾਂ ਦੇ ਮੇਲ ਤੋਂ ਹੋਈ ਹੈ। ਇਸ ਦੇ ਸ਼ਾਬਦਿਕ ਅਰਥਾਂ ਨੂੰ ਵੇਖਿਆ ਜਾਵੇ ਤਾ ਪੜਤਾਲ ਤੋਂ ਭਾਵ ਸ਼ਬਦ ਦਾ ਪਾਠ ਤਾਲ ਦੇ ਆਧਾਰ 'ਤੇ ਕੀਤਾ ਜਾਵੇ। ਪੜਤਾਲ ਨੂੰ ਪੱਟ ਤਾਲ, ਪਰਤ ਤਾਲ, ਪੰਚਤਾਲ, ਪੜਤ ਤਾਲ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਕ ਸ਼ਬਦ ਜਾਂ ਪਦ ਦੀਆ ਵੱਖ-ਵੱਖ ਤੁਕਾਂ ਨੂੰ ਵੱਖ-ਵੱਖ ਤਾਲਾਂ ਵਿਚ ਗਾਉਣ ਨੂੰ 'ਪੜਤਾਲ' ਕਿਹਾ ਜਾਂਦਾ ਹੈ। ਜਿਵੇਂ ਇਕੋ ਬੰਦਿਸ਼ ਵਿਚ ਵੱਖ-ਵੱਖ ਰਾਗਾਂ ਦੇ ਪ੍ਰਯੋਗ ਨੂੰ ਰਾਗ ਸਾਗਰ ਜਾਂ ਰਾਗ ਮਾਲਾ ਕਹਿੰਦੇ ਹਨ ਉਵੇਂ ਹੀ ਇਕੋ ਬੰਦਿਸ਼ ਵਿੱਚ ਵੱਖ-ਵੱਖ ਤਾਲਾਂ ਦੇ ਅੰਤਰਗਤ ਗੀਤ ਨੂੰ ਗਾਉਣਾ 'ਪਰਤਾਲ' ਹੈ।[1] ਗੁਰਮਤਿ ਸੰਗੀਤ ਦੀਆਂ ਬਾਕੀ ਵਿਸ਼ਿਸ਼ਟ ਗਾਇਨ ਸ਼ੈਲੀਆ ਦੀ ਤਰ੍ਹਾਂ ਇਹ ਅਦੁੱਤੀ ਗਾਇਨ ਸ਼ੈਲੀ ਪੜਤਾਲ ਦਾ ਵੀ ਸਰੂਪ ਸਮੇਂ ਦੇ ਕਾਲ ਚੱਕਰ ਵਿੱਚ ਅਪ੍ਰਚੱਲਿਤ ਹੋ ਗਿਆ। ਸੋ ਇਸ ਸ਼ੈਲੀ ਦੇ ਤਾਲਾਂ ਸੰਬੰਧੀ ਵਿਦਵਾਨਾਂ ਵਿੱਚ ਕਈ ਮੱਤਭੇਦ ਹੋ ਗਏ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਇਹ ਛੰਦ ਜਾਤਿ ਨਹੀਂ, ਕਿੰਤੂ ਚਾਰਤਾਲ ਦਾ ਭੇਦ ਪੱਟਤਾਲ, ਹੈ, ਇਸ ਤਾਲ ਵਿੱਚ ਗਾਏ ਜਾਣ ਵਾਲੇ ਪਦਾਂ ਦੀ 'ਪੜਤਾਲ' ਸੰਗਯਾ ਹੋ ਗਈ ਹੈ, ਭਾਵੇਂ ਉਹ ਕਿਸੇ ਧਾਰਨਾ ਦੇ ਹੋਣ"।[2] ਪਰ ਪੜਤਾਲ ਨੂੰ ਚਾਰਤਾਲ ਦਾ ਭੇਦ ਪੱਟਤਾਲ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੜਤਾਲ ਦੇ ਸੰਬੰਧ ਵਿੱਚ ਤਿੰਨ ਪ੍ਰਕਾਰ ਦੇ ਸਿਰਲੇਖ ਅੰਕਿਤ ਹਨ:

---

1. ਨਰੂਲਾ, ਦਰਸ਼ਨ ਸਿੰਘ(ਡਾ.), ਗੁਰਬਾਣੀ ਸੰਗੀਤ ਬਾਰੇ, ਪੰਨਾ 76

2. ਭਾਈਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 747

-ਕਾਨੜਾ ਮਹਲਾ ੪ ਪੜਤਾਲ ਘਰੁ ੫[1]

- ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ[2]

- ਸਾਰੰਗ ਮਹਲਾ ੪ ਘਰੁ ੫ ਦੁਪਦੇ ਪੜਤਾਲ[3]

ਉਪਰੋਕਤ ਸਿਰਲੇਖਾਂ ਤੋਂ ਸਪਸ਼ਟ ਹੈ ਕਿ ਰਾਗ, ਮਹਲਾ, ਘਰੁ ਕਾਵਿ-ਰੂਪ ਅਤੇ ਪੜਾਤਾਲ ਵੱਖੋ ਵੱਖਰੇ ਸੰਕੇਤ ਹਨ। ਪੜਤਾਲ ਨੂੰ ਜੇਕਰ ਚਾਰਤਾਲ ਦਾ ਭੇਦ ਪੱਟਤਾਲ ਮੰਨ ਲਈਏ ਤਾਂ ਘਰੁ ਸੰਬੰਧੀ ਪ੍ਰਚੱਲਿਤ ਮੱਤ ਮੂਲੋਂ ਹੀ ਗ਼ਲਤ ਸਿੱਧ ਹੋ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਘਰੁ ੧੫,੧੩,੫. ਆਦਿ ਪ੍ਰਯੋਗ ਕੀਤੇ ਗਏ ਹਨ ਜੋ ਇਸ ਗੱਲ ਦਾ ਸੰਕੇਤ ਹਨ ਕਿ ਪੜਤਾਲ ਕੇਵਲ ਕਿਸੇ ਇਕ ਤਾਲ ਦਾ ਸੰਕੇਤ ਨਹੀਂ। ਪ੍ਰਾਚੀਨ ਕੀਰਤਨੀਆਂ ਅਨੁਸਾਰ ਪੜਤਾਲ ਨੂੰ ਵੱਖ-ਵੱਖ ਪੰਜ ਤਾਲਾਂ ਦੇ ਅੰਤਰਗਤ ਗਾਇਨ ਕਰਨਾ ਹੈ। ਕੁਝ ਰਾਗੀ ਇਹ ਵਿਚਾਰ ਮੰਨਦੇ ਹਨ ਕਿ ਇਸ ਦਾ ਆਰੰਭ ਪੰਜ ਤਾਲ ਦੀ ਸਵਾਰੀ ਤੋਂ ਹੀ ਕਰਨਾ ਹੈ। ਇਨ੍ਹਾਂ ਵਿਚਾਰਾਂ ਨੂੰ ਛੱਡ ਕੇ ਸਰਬ-ਪ੍ਰਵਾਣਿਤ ਵਿਚਾਰ ਅਨੁਸਾਰ ਇਸ ਸ਼ੈਲੀ ਵਿਚ ਤਾਲਾਂ ਦਾ ਪਰਤਾਵ ਅਤੇ ਤਾਲਾਂ ਦੀ ਗਿਣਤੀ ਪੰਜ ਹੋਣੀ ਚਾਹੀਦੀ ਹੈ। ਪੜਤਾਲ ਸ਼ੈਲੀ ਦੇ ਸੰਬੰਧ ਵਿਚ ਉਪਰੋਕਤ ਚਿੰਨ੍ਹ ਉਪਲੱਬਧ ਹੁੰਦੇ ਹਨ:

-ਪੜਤਾਲ ਤੋਂ ਭਾਵ ਉਹ ਸ਼ਬਦ ਰਚਨਾ ਜਿਸ ਵਿੱਚ ਤਾਲਾਂ ਨੂੰ ਬਦਲ ਬਦਲ ਕੇ ਪ੍ਰਯੋਗ ਕੀਤਾ ਜਾਂਦਾ ਹੈ।

---

1- ਆਦਿ ਗ੍ਰੰਥ, ਪੰਨਾ 1296

2- - ਉਹੀ- ਪੰਨਾ 1341

3- - ਉਹੀ- ਪੰਨਾ 1200

-ਪੜਤਾਲ ਅਧੀਨ ਸ਼ਬਦ ਦੀ ਸਥਾਈ ਦੀ ਤੁੱਕ ਲਈ ਇਕ ਤਾਲ ਹੀ ਰਹਿੰਦਾ ਹੈ ਪਰ ਅੰਤਰੇ ਦੀਆਂ ਤੁਕਾਂ ਦੇ ਗਾਇਨ ਲਈ ਵੱਖ ਵੱਖ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਦਾ ਹੈ।

-ਭਾਰਤੀ ਸੰਗੀਤ ਵਿੱਚ ਪੜਤਾਲ ਗਾਇਕੀ ਦਾ ਪ੍ਰਚੱਲਨ ਨਹੀਂ ਹੈ।

ਪੜਤਾਲ ਵਿੱਚ ਵਰਤੇ ਜਾਂਦੇ ਸ਼ਬਦਾਂ ਦੀ ਲੈਆਤਮਿਕਤਾ, ਵਿਭਿੰਨ ਤਾਲਾਂ ਦੇਪ੍ਰਯੋਗ ਤੋਂ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਭਾਰਤੀ ਛੰਦ ਵਿਧਾਨ ਅਨੁਸਾਰ ਪੜਤਾਲ ਕਿਸ ਛੰਦ ਨਾਲ ਸਮਾਨਤਾ ਰੱਖਦੀ ਹੈ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸੰਗੀਤ ਛੰਦ ਅਜਿਹਾ ਛੰਦ ਹੈ ਜਿਸ ਵਿਚ ਵਾਦਯ ਸੰਗੀਤ ਅਥਵਾ ਮ੍ਰਿਦੰਗ ਦੇ ਬੋਲ ਆਉਂਦੇ ਹਨ ਅਤੇ ਜਿਨ੍ਹਾਂ ਦਾ ਪਾਠ ਲੈਅ, ਤਾਲ ਦਾ ਧਿਆਨ ਰੱਖ ਕੇ ਕੀਤਾ ਜਾਂਦਾ ਹੈ।[1] ਦਸਮ ਗ੍ਰੰਥ ਵਿੱਚ ਵੀ ਇਸ ਛੰਦ ਦਾ ਪ੍ਰਯੋਗ ਕੀਤਾ ਗਿਆ ਹੈ, ਜਿਸ ਦੇ ਸਾਧਾਰਣ ਪਾਠ ਕਰਨ ਤੇ ਹੀ ਪਤਾ ਲਗਦਾ ਹੈ ਕਿ ਇਸ ਵਿੱਚ ਵਰਤੇ ਗਏ ਸ਼ਬਦ ਤਾਲ ਅਤੇ ਮ੍ਰਿਦੰਗ ਦੇ ਬੋਲਾਂ ਅਨੁਸਾਰ ਹਨ। ਪੜਤਾਲ ਰਚਨਾ ਦੇ ਸ਼ਬਦਾਂ ਦੀ ਲੈਅ ਵੀ ਭਿੰਨ-ਭਿੰਨ ਤਾਲਾਂ ਦੇ ਅਨੁਰੂਪ ਹੈ। ਭਾਰਤੀ ਸੰਗੀਤ ਕੋਸ਼ ਵਿੱਚ ਦਰਜ 'ਪੜਤਾਲ' ਨਾਮਕ ਤਕਨੀਕੀ ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ: "ਮ੍ਰਿਦੰਗ ਦੇ ਬੋਲਾਂ ਦੇ ਵਿਭਿੰਨ ਸ਼ਬਦ ਜਾਂ ਵਾਦਯ ਜਿਸ ਰੂਪ ਵਿਚੋਂ, ਹੱਥਾਂ ਦੁਆਰਾ ਕੱਢੇ ਜਾਂਦੇ ਹਨ, ਉਸ ਨੂੰ 'ਪੜਤਾਲ' ਕਿਹਾ ਜਾਂਦਾ ਹੈ। ਦੂਸਰੇ ਅਰਥਾਂ ਦੇ ਅਨੁਸਾਰ ਕਿਸੇ ਵੀ ਸ਼ਲੋਕ ਦੀ ਬਾਣੀ ਦੇ ਛੰਦ ਦੇ ਅਨੁਰੂਪ ਅਵਨਧ ਵਾਦਯ ਉਤੇ ਵਾਦਨ ਉਪਯੋਗੀ ਬੋਲਾਂ ਨੂੰ ਸ਼ਬਦ ਬਾਣੀ ਦਾ 'ਪੜਤਾਲ' ਕਿਹਾ ਜਾਦਾ ਹੈ।[2]

---

1- ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਛੰਦ ਦਿਵਾਕਰ, ਪੰਨਾ 82

2. ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70

ਇਸ ਪਰਿਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਮ੍ਰਿਦੰਗ ਆਦਿ ਦੇ ਬੋਲਾਂ ਦੇ ਧਾਰਣੀ ਕਾਵਿ ਬੋਲਾਂ ਵਿਚ ਰਚਨਾ ਨੂੰ 'ਪੜਤਾਲ' ਕਿਹਾ ਜਾਂਦਾ ਹੈ। ਪੜਤਾਲ ਵਿਚ ਤਾਲ ਦਾ ਬਾਰ-ਬਾਰ ਪਰਤਾਵ ਵੀ ਇਸੇ ਲੈਅਤਮਿਕਤਾ ਦੀ ਵਿਭਿੰਨਤਾ ਉਪਰ ਆਧਾਰਿਤ ਹੈ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਤਰੇ ਦੀਆਂ ਵੱਖ ਵੱਖ ਤੁਕਾਂ ਦੇ ਗਾਇਨ ਲਈ ਵਰਤੇ ਜਾਣ ਵਾਲੇ ਤਾਲਾਂ ਦੀ ਲੈਅ ਸਥਾਈ ਦੀ ਤੁੱਕ ਲਈ ਪ੍ਰਯੋਗ ਕੀਤੇ ਗਏ ਤਾਲ ਦੀਆਂ ਮਾਤ੍ਰਾਵਾਂ ਦੇ ਸਮਾਨ ਹੋਵੇ। ਅੰਤਰੇ ਦੀਆਂ ਇਹ ਤੁਕਾਂ ਸੰਬੰਧਿਤ ਤਾਲ ਦੇ ਇਕ, ਦੋ ਜਾਂ ਵਧੀਕ ਆਵਰਤਨਾਂ ਦੀਆਂ ਵੀ ਹੋ ਸਕਦੀਆਂ ਹਨ।

ਕੁਝ ਰਾਗੀ ਸਿੰਘ ਪੜਤਾਲ ਦਾ ਗਾਇਨ ਪੰਜ ਤਾਲਾਂ ਵਿਚ ਮੰਨਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪੜਤਾਲਾਂ ਦੇ ਅੰਤਰੇ ਦੀਆਂ ਤੁਕਾਂ ਦੋ ਜਾਂ ਤਿੰਨ ਵੀ ਮਿਲਦੀਆਂ ਹਨ। ਉਦਾਹਰਣ ਦੇ ਤੌਰ 'ਤੇ ਰਾਗ ਮਲ੍ਹਾਰ ਅਧੀਨ ਪੜਤਾਲ "ਘਨੁ ਗਰਜਤ ਗੋਬਿੰਦ ਰੂਪ[1] ਅੰਤਰੇ ਦੀਆਂ ਦੋ ਤੁੱਕਾਂ ਹੀ ਹਨ। ਇਸ ਲਈ ਹਰ ਪੜਤਾਲ ਵਿਚ ਪੰਜ ਤਾਲਾਂ ਦਾ ਪ੍ਰਯੋਗ ਨਹੀਂ ਹੋ ਸਕਦਾ।

ਪੜਤਾਲ ਸ਼ੈਲੀ ਦੀ ਲੈਆਤਮਿਕਤਾ, ਵਿਭਿੰਨ ਤਾਲਾਂ ਦੇ ਪ੍ਰਯੋਗ ਤੋਂ ਇਸ ਵਿਚ ਕਲਾਤਮਕ ਪੱਖ ਭਾਰੂ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਇਸ ਤਰ੍ਹਾਂ ਨਹੀਂ ਹੈ। ਪੜਤਾਲ ਇਕ ਕਠਿਨ ਗਾਇਨ ਸ਼ੈਲੀ ਹੈ। ਪੜਤਾਲ ਦੇ ਗਾਇਨ ਲਈ ਗਾਇਕ ਨੂੰ ਜਿੱਥੇ ਜ਼ਿਆਦਾ ਅਭਿਆਸ ਦੀ ਜ਼ਰੂਰਤ ਹੈ ਉਥੇ ਧਰੁਪਦ, ਧਮਾਰ ਅਤੇ ਹੋਰ ਗਾਇਨ ਸ਼ੈਲੀਆਂ ਦਾ ਪੂਰਨ ਗਿਆਨ ਵੀ ਜ਼ਰੂਰੀ ਹੈ ਕਿਉਂ ਜੋ ਇਸ ਵਿਚਲੀ ਗਾਇਕੀ ਦੀਆ ਭਿੰਨ-ਭਿੰਨ

---

1. ਮਲ੍ਹਾਰ ਮਹਲਾ ੫ , ਆਦਿ ਗ੍ਰੰਥ, ਪੰਨਾ 1273

ਪਰਤਾਂ ਵਿਚ ਇਨ੍ਹਾਂ ਗਾਇਨ ਸ਼ੈਲੀਆਂ ਦੇ ਰੰਗ ਵੀ ਨਜ਼ਰ ਆਉਂਦੇ ਹਨ। ਰਿਆਜ਼ ਨਾਲ ਤਾਲਾਂ ਦਾ ਬਦਲਾਵ ਸਹਿਜੇ ਰੂਪ ਵਿਚ ਹੋ ਸਕਦਾ ਹੈ ਅਤੇ ਗੁਰਮਤਿ ਸੰਗੀਤ ਅਨੁਸਾਰ ਸ਼ਬਦ ਪ੍ਰਧਾਨ ਗਾਇਕੀ ਦੇ ਲਕਸ਼ ਦੀ ਪ੍ਰਾਪਤੀ ਹੋ ਸਕਦੀ ਹੈ।

ਪੜਤਾਲ ਸ਼ੈਲੀ ਵਿੱਚ ਵਿਭਿੰਨ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇੱਕ ਹੀ ਰਹਿੰਦਾ ਹੈ। ਪੜਤਾਲ ਦਾ ਗਾਇਨ ਕਰਨ ਲਈ ਬਾਕੀ ਸ਼ੈਲੀਆਂ ਦੀ ਤਰ੍ਹਾਂ ਰਹਾਉ ਦੀ ਤੁੱਕ ਨੂੰ ਸਥਾਈ ਦੇ ਰੂਪ ਵਿਚ ਕਿਸੇ ਇੱਕ ਤਾਲ ਦੇ ਅੰਤਰਗਤ ਰੱਖਿਆ ਜਾਂਦਾ ਹੈ। ਅੰਤਰੇ ਦੀ ਤੁੱਕ ਨੂੰ ਵਿਭਿੰਨ ਤਾਲਾਂ ਅਧੀਨ ਗਾਇਨ ਕਰਨ ਉਪਰੰਤ ਫਿਰ ਸਥਾਈ ਤਾਲ ਵਿਚ ਪਰਤਿਆ ਜਾਂਦਾ ਹੈ ਅੰਤਰੇ ਦੀ ਤੁੱਕ ਪਿਛੋਂ ਤਾਲ ਨਾਲ ਤਿਹਾਈ ਲਗਾ ਕੇ ਸਥਾਈ ਦੀ ਤੁਕ ਦਾ ਗਾਇਨ ਕੀਤਾ ਜਾਂਦਾ ਹੈ। ਜੇ ਤਿਹਾਈ ਨਾ ਹੋਵੇ ਤਾਂ ਸ਼ਬਦਾਂ ਦਾ ਦੁਹਰਾਉ ਕਰਕੇ ਜਾਂ ਤਾਨ ਮੁਕਾ ਮੁਕਾਇਆ ਜਾਂਦਾ ਹੈ। ਇਸ ਤੋਂ ਬਿਨਾਂ ਸਾਧਾਰਨ ਰੂਪ ਵਿਚ ਸਮ ਤੋਂ ਸਥਾਈ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਪੜਤਾਲ ਗਾਇਨ ਦੇ ਨਿਵੇਕਲੇ ਸਰੂਪ ਦਾ ਅਭਿਆਸ ਸਹਿਜੇ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਪੜਤਾਲ ਗਾਇਕੀ ਜਿੱਥੇ ਕਲਾਤਮਕ ਉੱਚਤਾ ਦੀ ਧਾਰਣੀ ਹੈ ਉਥੇ ਇਹ ਭਰਪੂਰ ਰਿਆਜ਼ ,ਅਮੀਰ ਆਵਾਜ਼ ਅਤੇ ਸੰਗੀਤ ਦਾ ਉੱਤਮ ਗਿਆਨ ਚਾਹੁੰਦੀ ਹੈ।ਗੁਰਮਤਿ ਸੰਗੀਤ ਦਾ ਇਹ ਗਾਇਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਗਾਇਨ ਮੁੱਖੀ ਸੁਭਾਅ ਨੂੰ ਪੂਰਨ ਰੂਪ ਵਿਚ ਉਜਾਗਰ ਕਰਦਾ ਹੈ ਅਤੇ ਇਸ ਨੂੰ ਸਿਧੇ ਤੌਰ'ਤੇ ਸੰਗੀਤ ਨਾਲ ਜੋੜਦਾ ਹੈ। ਜਿਹੜਾ ਸੰਗੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਬਾਣੀ ਦਰਸ਼ਨ ਗੁਰਮਤਿ ਦਾ ਅਨੁਸਾਰੀ ਹੈ, ਉਹ ਗੁਰਮਤਿ ਸੰਗੀਤ ਹੈ। ਵਰਤਮਾਨ ਸਮੇਂ ਇਸ ਗਾਇਕੀ ਦੀ ਸੁਰੱਖਿਆ ਸੰਭਾਲ ਅਤੇ ਪ੍ਰਚਾਰ ਇਸ ਪਰੰਪਰਾ ਦੇ ਵਿਰਸੇ ਨੂੰ ਮੁੜ ਸੁਰਜੀਤ ਕਰਨ ਦਾ ਵਿਸ਼ੇਸ਼ ਤੌਰ'ਤੇ ਲੋੜੀਂਦਾ ਜਤਨ ਹੋਵੇਗਾ।

ਪੜਤਾਲ ਸ਼ੈਲੀ ਵਿਚ ਤਾਲਾਂ ਦੇ ਪ੍ਰਯੋਗ ਨੂੰ ਸਮਝਣ ਲਈ 310 ਪੰਨੇ'ਤੇ ਸੁਰ ਲਿਪੀ ਪ੍ਰਸਤੁਤੀ ਕੀਤੀ ਜਾ ਰਹੀ ਹੈ।

## ਲੋਕ ਅੰਗ ਦੀਆਂ ਕੀਰਤਨ ਸ਼ੈਲੀਆਂ

ਲੋਕ ਅੰਗ ਦੀਆਂ ਕੀਰਤਨ/ਗਾਇਨ ਸ਼ੈਲੀਆਂ ਉਹ ਹਨ ਜਿਹੜੀਆਂ ਵੱਖ-ਵੱਖ ਖਿੱਤਿਆਂ, ਜਾਤਾਂ, ਪ੍ਰਾਂਤਾਂ ਦੇ ਮਨੁੱਖੀ ਜੀਵਨ ਵਿੱਚ ਨਿੱਜੀ ਸਮੂਹਿਕ ਭਾਵਾਂ ਦੇ ਪ੍ਰਗਟਾਅ ਲਈ ਪ੍ਰਯੋਗ ਹੁੰਦੀਆਂ ਹਨ। ਗੁਰਮਤਿ ਸੰਗੀਤ ਅੰਤਰਗਤ ਗੁਰੂ ਸਾਹਿਬਾਨ ਨੇ ਬਾਣੀ ਦਾ ਸੰਦੇਸ਼ ਸਰਬ ਲੋਕਾਈ ਤਕ ਪਹੁੰਚਾਉਣ ਲਈ ਲੋਕ ਅੰਗ ਦੀਆਂ ਸ਼ੈਲੀਆਂ ਦੀ ਵੀ ਵਰਤੋਂ ਕੀਤੀ। ਗੁਰਬਾਣੀ ਅਧੀਨ ਇਨ੍ਹਾਂ ਲੋਕ ਕਾਵਿ ਰੂਪਾਂ ਨੂੰ ਗੁਰਮਤਿ ਸੰਗੀਤ ਦਾ ਅੰਕੁਸ਼ ਲਗਾ ਕੇ ਇਨ੍ਹਾਂ ਵਿਚਲੀ ਖੁੱਲ੍ਹ ਨੂੰ ਅਨੁਸ਼ਾਸਿਤ ਕੀਤਾ ਗਿਆ ਹੈ। ਇਹ ਅਨੁਸ਼ਾਸਨ-ਬੱਧਤਾ ਇਨ੍ਹਾਂ ਦੀ ਭਾਵ ਅਭਿਵਿਅਕਤੀ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਸਗੋਂ ਵਿਸ਼ੇ ਦੀ ਸਹਿਜ ਪ੍ਰਸਤੁਤੀ ਵਿੱਚ ਸਹਾਇਕ ਹੈ। ਗੁਰਬਾਣੀ ਵਿੱਚ ਪ੍ਰਯੁਕਤ ਛੰਤ, ਅਲਾਹੁਣੀਆਂ, ਘੋੜੀਆਂ, ਵਾਰ, ਮੁੰਦਾਵਣੀ, ਅੰਜੁਲੀ ਆਦਿ ਲੋਕ ਸ਼ੈਲੀਆਂ ਜਿੱਥੇ ਲੋਕ ਮਨ ਦੀ ਅਭਿਵਿਅਕਤੀ ਦੇ ਨਾਲ ਜੁੜੀਆਂ ਹੋਈਆਂ ਹਨ ਉਥੇ ਇਹ ਇਕ ਵਿਸ਼ਿਸ਼ਟ ਸੰਗੀਤ ਦੀਆਂ ਧਾਰਣੀ ਹਨ। ਇਨ੍ਹਾਂ ਲੋਕ ਰੂਪਾਂ ਨੂੰ ਰਾਗ, ਧੁਨੀ, ਰਹਾਉ, ਅੰਕ ਆਦਿ ਸੰਕੇਤਾਂ ਨਾਲ ਸਰੂਪਿਤ ਕੀਤਾ ਗਿਆ ਹੈ। ਇਨ੍ਹਾਂ ਬਾਰੇ ਵਿਸਤਰਿਤ ਵਰਣਨ ਇਸ ਪ੍ਰਕਾਰ ਹੈ:

(ੳ) <u>ਛੰਤ</u>: ਛੰਤ ਪੰਜਾਬੀ ਲੋਕ ਕਾਵਿ ਦਾ ਇਕ ਅੰਗ ਹੈ। ਛੰਤ ਦੇ ਸੰਬੰਧ ਵਿਚ ਵਿਦਵਾਨਾਂ ਨੇ ਭਿੰਨ ਭਿੰਨ ਅਰਥ ਲਏ ਹਨ। ਛੰਤ ਸੰਸਕ੍ਰਿਤ ਦੇ ਛੌਦਸ ਸ਼ਬਦ ਦਾ ਵਿਕਸਿਤ ਰੂਪ ਹੈ ਅਤੇ ਇਸ ਵਿਚ ਮਾਤ੍ਰਾ, ਵਰਣ, ਯਤਿ ਆਦਿ ਦੇ ਨਿਯਮ ਹਨ।[1]

---

1- <u>ਬ੍ਰਹਤ ਹਿੰਦੀ ਕੋਸ਼</u>, ਪੰਨਾ 464

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਪਦ ਕਾਵਿ ਨੂੰ ਛੰਤ ਕਿਹਾ ਜਾਂਦਾ ਹੈ।"[1] ਭਾਈ ਵੀਰ ਸਿੰਘ ਜੀ ਨੇ ਇਸਨੂੰ ਕਾਵਿ ਦੀ ਕੋਈ ਰਚਨਾ, ਹਰੀ ਜਸ ਦਾ ਗੀਤ ਕਿਹਾ ਹੈ।[2] ਲੋਕਾਂ ਵਿੱਚ ਇਸਦਾ ਪ੍ਰਯੋਗ ਉਨ੍ਹਾਂ ਗੀਤਾਂ ਲਈ ਹੁੰਦਾ ਹੈ ਜੋ ਵਿਆਹ ਦੇ ਅਵਸਰ 'ਤੇ ਲਾੜਾ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ।[3] ਵਿਆਹ ਸ਼ਾਦੀ ਦੇ ਮੌਕੇ 'ਤੇ ਗਾਏ ਜਾਣ ਵਾਲੇ ਗੀਤਾਂ ਨੂੰ ਛੰਤ ਕਿਹਾ ਜਾਂਦਾ ਹੈ। ਛੰਤ ਸ਼ਿੰਗਾਰ ਕਾਵਿ ਦਾ ਉੱਤਮ ਨਮੂਨਾ ਹਨ। ਪੰਜਾਬੀ ਲੋਕ ਛੰਤ ਵਿਚ ਛੰਤ ਦੀਆਂ ਤੁਕਾਂ ਨੂੰ ਦੋ ਭਾਗਾਂ ਵਿੱਚ ਵਿਭਾਜਿਤ ਕਰਕੇ ਅਤੇ ਹਰ ਭਾਗ ਦੇ ਅਖੀਰਲੇ ਸ਼ਬਦ ਨੂੰ ਲਮਕਾ ਕੇ ਟਿਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ। ਇਨ੍ਹਾਂ ਛੰਤਾਂ ਦਾ ਗਾਇਨ ਜ਼ਿਆਦਾਤਰ ਪੀਲੂ, ਖਮਾਜ ਰਾਗਾਂ ਵਿੱਚ ਕੀਤਾ ਜਾਂਦਾ ਹੈ। ਗੁਰਬਾਣੀ ਵਿੱਚ ਛੰਤ ਕਾਵਿ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਭਿੰਨ ਰਾਗਾਂ (ਗਉੜੀ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ, ਬਿਲਾਵਲ ਦਖਣੀ ਆਦਿ) ਅੰਤਰਗਤ ਦਰਜ ਹੈ। ਛੰਤ ਦੇ ਆਮ ਤੌਰ 'ਤੇ ਚਾਰ ਬੰਦ ਹੁੰਦੇ ਹਨ ਅਤੇ ਹਰ ਬੰਦ ਵਿੱਚ ਅਤੇ ਹਰ ਬੰਦ ਵਿੱਚ ਛੇ ਤੁਕਾਂ ਹੁੰਦੀਆਂ ਹਨ ਪਰ ਗੁਰਬਾਣੀ ਵਿੱਚ ਛੰਤ ਦੇ ਪਦਿਆਂ ਦੀ ਸੰਖਿਆ ਸੱਤ, ਅੱਠ, ਨੌਂ ਅਤੇ ਸਤਾਰਾਂ ਵੀ ਮਿਲਦੀ ਹੈ। ਛੰਤਾਂ ਵਿੱਚ ਦਰਜ ਅੰਕ ਇਕ ਛੰਤ ਪੂਰਾ ਹੋਣ ਦਾ ਸੂਚਕ ਹਨ। ਛੰਤਾਂ ਦਾ ਗਾਇਨ ਕ੍ਰਮਵਾਰ ਗਾਉਣ ਦੀ ਰੀਤ ਹੈ। ਇਸ ਲਈ ਛੰਤਾਂ ਨੂੰ ਸਥਾਈ, ਅੰਤਰੇ ਵਿੱਚ ਵਿਭਾਜਨ ਨਹੀਂ ਕੀਤਾ ਗਿਆ। ਗੁਰਬਾਣੀ ਵਿੱਚ ਅੰਕਿਤ ਛੰਤ ਕਾਵਿ ਜਿੱਥੇ ਮੂਲ ਲੋਕ

---

1- ਗੁਰੂ ਛੰਦ ਦਿਵਾਕਰ, ਪੰਨਾ 187

2- ਸ੍ਰੀ ਗੁਰੂ ਗ੍ਰੰਥ ਕੋਸ਼ ,ਪੰਨਾ 333

3- ਪੰਜਾਬੀ ਕੋਸ਼(ਭਾਗ ਦੂਜਾ) ਭਾਸ਼ਾ ਵਿਭਾਗ, ਪੰਨਾ 433

ਕਾਵਿ ਦੀ ਸ਼ਬਦਾਵਲੀ, ਬਿੰਬਾਂ ਤੇ ਪ੍ਰਤੀਕਾਂ ਦੀ ਧਾਰਣੀ ਹੈ ਉਥੇ ਇਸ ਦੇ ਧੁਨ ਦੇ ਸਰੋਦੀਪਣ ਨੂੰ ਕਾਇਮ ਰੱਖਣ ਲਈ ਲੈਅ ਅਨੁਸਾਰ ਸ਼ਬਦਾਂ ਦਾ ਲਮਕਾਅ, ਸ਼ਬਦਾਂ ਅਤੇ ਸਵਰਾਂ ਦਾ ਦੁਹਰਾਉ ਬੜੇ ਸੁਭਾਵਿਕ ਰੂਪ ਵਿਚ ਮੌਜੂਦ ਹੈ। ਸਿੱਖ ਜਗਤ ਵਿਚ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਉਪਰੰਤ ਮਹਾਰਾਜ ਦੀ ਸਵਾਰੀ ਨੂੰ ਵਿਸ਼ਰਾਮ ਵਾਲੇ ਸਥਾਨ ਤੇ ਲਿਜਾਂਦੇ ਸਮੇਂ "ਜਿਥੈ ਜਾਇ ਬਹੇ ਮੇਰਾ ਸਤਿਗੁਰੂ" ਛੰਤ ਦਾ ਗਾਇਨ ਕੀਤਾ ਜਾਂਦਾ ਹੈ। ਇਸਦਾ ਗਾਇਨ ਚਲਦੇ-ਚਲਦੇ ਬਿਨਾਂ ਸਾਜ਼ ਤੋਂ ਸਾਮੂਹਿਕ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ 'ਆਸਾ ਦੀ ਵਾਰ' ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਰਚਿਤ ਛੰਤਾਂ ਦਾ ਰੋਜ਼ਾਨਾ ਗਾਇਨ ਕਰਨ ਦੀ ਪਰੰਪਰਾ ਹੈ। ਛੰਤ ਦੇ ਗਾਇਨ ਕਰਨ ਦੀ ਸੁਰ ਲਿਪੀ ਅੱਗੇ ਪ੍ਰਸਤੁਤ ਕੀਤੀ ਜਾ ਰਹੀ ਹੈ।

ਅਲਾਹੁਣੀ: ਅਲਾਹੁਣੀ ਸ਼ਬਦ ਅਲਾਹਣਾ ਤੋਂ ਬਣਿਆ ਹੈ, ਜਿਸਦਾ ਅਰਥ ਹੈ ਗਾਉਣਾ। ਅਲਾਹੁਣੀ ਦਾ ਸ਼ਾਬਦਿਕ ਅਰਥ ਹੈ ਸ਼ਲਾਘਾ ਜਾ ਉਸਤਤਿ ਦੀ ਕਵਿਤਾ, ਉਹ ਗੀਤ ਜਿਸ ਵਿੱਚ ਕਿਸੇ ਦੇ ਗੁਣ ਗਾਏ ਜਾਣ। ਖ਼ਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਦਾ ਨਾਮ ਅਲਾਹੁਣੀ ਹੈ।[1] ਅਲਾਹੁਣੀ ਸੋਗਮਈ ਕਵਿ ਰੂਪ ਹੈ ਜਿਸ ਵਿੱਚ ਮ੍ਰਿਤਕ ਪ੍ਰਾਣੀ ਦੇ ਗੁਣਾਂ ਨੂੰ ਦੁਖਦਾਇਕ ਸੁਰਾਂ ਵਿੱਚ ਸਲਾਹਿਆ ਜਾਂਦਾ ਹੈ।

ਅਲਾਹੁਣੀ ਗਾਇਨ ਕਰਨ ਦੀ ਆਪਣੀ ਹੀ ਪਰੰਪਰਾ ਹੈ, ਇਹ ਮ੍ਰਿਤਕ ਪ੍ਰਾਣੀ ਦੀ ਬਿਰਾਦਰੀ ਦੀਆਂ ਸਾਰੀਆਂ ਔਰਤਾਂ ਮਿਲ ਕੇ ਗਾਉਂਦੀਆਂ ਹਨ । ਇਸ ਕਾਵਿ ਰੂਪ ਵਿੱਚ ਮਰਾਸਣ ਮੁੱਖੀ ਹੁੰਦੀ ਹੈ। ਸਾਰੀਆਂ ਔਰਤਾਂ ਇਕ ਦਾਇਰੇ ਵਿੱਚ ਖੜ੍ਹੋ

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 85

ਜਾਂਦੀਆਂ ਹਨ ਅਤੇ ਵਿਚਕਾਰ ਨਾਇਣ ਜਾਂ ਮਰਾਸਣ ਖੜ੍ਹਦੀ ਹੈ। ਮਰਾਸਣ ਅਲਾਹੁਣੀ ਬੋਲਦੀ ਹੈ ਅਤੇ ਸਾਰੀਆਂ ਔਰਤਾਂ ਪਿੱਛੇ-ਪਿੱਛੇ ਬੋਲਦੀਆਂ ਹਨ ਅਤੇ ਨਾਲ ਹੀ ਸਭ ਆਪਣੇ ਹੱਥ ਛਾਤੀ ਅਤੇ ਪੱਟਾਂ ਤੇ ਮਾਰ ਕੇ ਪਿੱਟਦੀਆਂ ਹਨ, ਸਭ ਦੇ ਹੱਥ ਇਕ ਲੈਅ ਵਿਚ ਉਠਦੇ ਹਨ। ਅਲਾਹੁਣੀ ਦਾ ਗਾਇਨ ਬਿਨਾਂ ਸਾਜ਼ ਤੋਂ ਕੀਤਾ ਜਾਂਦਾ ਹੈ, ਇਸਦੀ ਆਪਣੀ ਹੀ ਇਕ ਪਹਿਚਾਣ ਹੈ। ਇਸ ਵਿਚ ਖ਼ਾਸ ਹੇਕ, ਆਲਾਪ ਜਾਂ ਲਮਕਾਅ ਹੁੰਦਾ ਹੈ ਜੋ ਉਸ ਦ੍ਰਿਸ਼ ਨੂੰ ਹੋਰ ਸੋਗਮਈ, ਕਰੁਣਾਮਈ ਬਣਾ ਦਿੰਦਾ ਹੈ। ਅਲਾਹੁਣੀਆਂ ਨੂੰ ਕਿਸੇ ਹੋਰ ਮੌਕੇ 'ਤੇ ਗਾਉਣਾ ਅਸ਼ੁਭ ਮੰਨਿਆ ਜਾਂਦਾ ਹੈ। ਅਲਾਹੁਣੀਆਂ ਉਮਰ ਅਤੇ ਲਿੰਗ ਮੁਤਾਬਿਕ ਹੁੰਦੀਆਂ ਹਨ ਜਿਵੇਂ ਬੱਚੇ ਦੀ ਮੌਤ 'ਤੇ ਅਲਾਹੁਣੀ ਵਿੱਚ ਮਮਤਾ ਦੀ ਝਲਕ ਵਿਸ਼ੇਸ਼ ਵਿਖਾਈ ਦਿੰਦੀ ਹੈ, ਜੁਆਨ ਦੀ ਮੌਤ ਤੇ ਅਲਾਹੁਣੀ ਵਿੱਚ ਕਰੁਣਾ ਰਸ ਵਿਸ਼ੇਸ਼ ਹੁੰਦਾ ਹੈ। ਇਸੇ ਤਰ੍ਹਾਂ ਮਰਦ ਦੀ ਮੌਤ ਤੇ ਅਲਾਹੁਣੀ ਵਿਚ ਮਰਦਾਨਾ ਗੁਣ ਅਤੇ ਜਨਾਨੀ ਦੀ ਮੌਤ ਤੇ ਇਸ ਵਿਚ ਜਨਾਨਾ ਗੁਣ ਹੁੰਦੇ ਹਨ।

ਵੈਣ ਅਤੇ ਕੀਰਨੇ ਵੀ ਅਲਾਹੁਣੀਆਂ ਦਾ ਹੀ ਰੂਪ ਹਨ ਪਰ ਇਹ ਦੋ ਇਸਤਰੀਆਂ ਇਕ ਦੂਸਰੇ ਦੇ ਗਲ ਲੱਗ ਕੇ ਪਾਉਂਦੀਆਂ ਹਨ ਜਾਂ ਇਕੱਲੀ ਇਸਤਰੀ ਮੂੰਹ ਢੱਕ ਕੇ ਗਾਉਂਦੀ ਹੈ ਪਰ ਅਲਾਹੁਣੀ ਸਮੂਹ ਇਸਤਰੀਆਂ ਮਿਲ ਕੇ ਗਾਉਂਦੀਆਂ ਹਨ। ਅਲਾਹੁਣੀਆਂ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ ਪਰ ਸਭਨਾਂ ਵਿੱਚ ਇਕੋ ਭਾਵਨਾ ਹੁੰਦੀ ਹੈ ਦਿਲੀ ਵੇਦਨਾ ਅਤੇ ਅਰਮਾਨਾਂ ਦਾ ਪ੍ਰਗਟਾਅ।[1]

---

1. ਬੇਦੀ, ਸੋਹਿੰਦਰ ਸਿੰਘ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਪੰਨਾ 258

ਗੁਰਬਾਣੀ ਅੰਤਰਗਤ ਅਲਾਹੁਣੀ ਵਿੱਚ ਸੰਸਾਰ ਨੂੰ ਨਾਸ਼ਮਾਨ ਦੱਸਦੇ ਹੋਏ, ਜੀਵ ਨੂੰ ਪ੍ਰਮਾਤ੍ਮਾ ਦੀ ਰਜ਼ਾ ਵਿੱਚ ਰਹਿਣ, ਉੱਤਮ ਕੰਮ ਕਰਨ, ਮੌਤ ਨੂੰ ਯਾਦ ਰੱਖਣ ਅਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ ਹੈ। ਅਲਾਹੁਣੀ ਦਾ ਗਾਇਨ ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ ਦੇਹ ਨੂੰ ਦਾਹ ਦੇਣ ਮਗਰੋਂ ਕੀਤਾ ਜਾਂਦਾ ਹੈ।[1] ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ਨੌਂ ਅਲਾਹੁਣੀਆ ਹਨ ਜਿਨ੍ਹਾਂ ਵਿਚੋਂ ਪੰਜ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਚਾਰ ਗੁਰੂ ਅਮਰਦਾਸ ਜੀ ਦੁਆਰਾ ਰਾਗ ਵਡਹੰਸ ਅਧੀਨ ਰਚਿਤ ਹਨ। ਇਨ੍ਹਾਂ ਨੂੰ ਭੈਰਵੀ ਰਾਗ ਵਿਚ ਵੀ ਗਾਇਨ ਕਰਨ ਦੀ ਪਰੰਪਰਾ ਹੈ।[2] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਲਾਹੁਣੀ ਦੇ ਚਾਰ ਬੰਦ ਹਨ ਅਤੇ ਹਰ ਬੰਦ ਵਿਚ ਛੇ ਤੁਕਾਂ ਦਰਜ ਹਨ ਪਰ ਰਾਗ ਵਡਹੰਸ ਦੇ ਦੱਖਣੀ ਪ੍ਰਕਾਰ ਦੀ ਅਲਾਹੁਣੀ ਅੱਠ ਬੰਦ ਅਤੇ ਹਰ ਬੰਦ ਚਾਰ ਤੁਕਾਂ ਦਾ ਧਾਰਣੀ ਹੈ। ਇਸ ਵਿੱਚ ਸਥਾਈ ਵਜੋਂ ਰਹਾਉ ਦੀ ਤੁਕ ਵੀ ਅੰਕਿਤ ਹੈ ਜਦੋਂ ਕਿ ਬਾਕੀ ਅਲਾਹੁਣੀਆਂ ਨੂੰ ਸਥਾਈ ਅੰਤਰੇ ਵਿਚ ਵਿਭਾਜਿਤ ਨਹੀਂ ਕੀਤਾ ਗਿਆ, ਇਹ ਕ੍ਰਮਵਾਰ ਹੀ ਗਾਈਆਂ ਜਾਂਦੀਆਂ ਹਨ। ਅਲਾਹੁਣੀ ਦੇ ਅਨੁਕੂਲ ਵਾਤਾਵਰਣ ਲਈ ਜਿੱਥੇ ਰੋਵਣ, ਮਰਣ, ਰੋਈਐ, ਵਿਛੋੜਾ, ਪਛਤਾਏ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਉਥੇ ਗਾਇਨ ਦੀ ਮੂਲ ਭਾਵਨਾ ਧਿਆਨ ਵਿਚ ਰਖਦੇ ਹੋਏ ਲਮਕਾਅ ਅਤੇ ਹੇਕ ਦੇ ਅਨੁਕੂਲ ਅੰਤਿਮ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਅਲਾਹੁਣੀ ਦੀ ਖ਼ਾਸ ਪਹਿਚਾਣ ਹਨ। ਸ੍ਰੀ ਗੁਰੂ ਗ੍ਰੰਥ

---

1- ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ(ਭਾਗ ਚੌਥਾ), ਪੰਨਾ 141

2- ਗੀਤਾ ਪੈਂਤਲ, ਪੰਜਾਬ ਦੀ ਸੰਗੀਤ ਪਰੰਪਰਾ, ਪੰਨਾ 43

ਸਾਹਿਬ ਵਿਚੋਂ ਰਾਗ ਵਡਹੰਸ ਅਧੀਨ ਅਲਾਹੁਣੀ ਦੇ ਪੁਰਾਤਨ ਸੰਗੀਤਕ ਸਰੂਪ ਦੀ ਸੁਰ ਲਿਪੀ ਪੰਨਿਆਂ ਉਤੇ ਪ੍ਰਸਤੁਤ ਹੈ।

ਮੁੰਦਾਵਣੀ: ਮੁੰਦਾਵਣੀ ਦਾ ਅਰਥ ਹੈ ਬੁਝਾਰਤ, ਅੜਾਉਣੀ, ਜਿਸ ਵਿਚ ਭਾਵ ਜਾਂ ਅਰਥ ਮੁੰਦ ਕੇ, ਬੰਦ ਕਰਕੇ ਯਾ ਲੁਕਾ ਕੇ ਰੱਖਿਆ ਹੋਵੇ, ਐਸੀ ਗੱਲ ਜੋ ਕੋਈ ਛੇਤੀ ਨਾਲ ਨਾ ਸਮਝ ਸਕੇ।[1] ਮੁੰਦਾਵਣੀ ਇਕ ਰੀਤ ਹੈ ਜੋ ਪੋਠੋਹਾਰ ਵਿਚ ਹੁਣ ਤਕ ਵੀ ਪ੍ਰਚੱਲਿਤ ਹੈ। ਇਸ ਅਨੁਸਾਰ ਜੰਞ ਜਦੋਂ ਰੋਟੀ ਖਾਣ ਬੈਠਦੀ ਹੈ ਤਾ ਕੁੜੀਆਂ ਬੁਝਾਰਤਾਂ ਪਾ ਕੇ ਥਾਲੀ ਬੰਨ੍ਹ ਦਿੰਦੀਆ ਹਨ, ਉਹ ਬੁੱਝੀ ਜਾਵੇ ਤਾਂ ਜੰਞ ਰੋਟੀ ਖਾਂਦੀ ਹੈ, ਇਸਨੂੰ ਵੀ ਮੁੰਦਾਵਣੀ ਕਿਹਾ ਜਾਂਦਾ ਹੈ। ਇਹਨਾਂ ਗੀਤਾਂ ਵਿਚ ਥਾਲ ਵਿੱਚ ਪਈਆਂ ਵਸਤਾਂ ਦਾ ਜ਼ਿਕਰ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਮੁੰਦਾਵਣੀ ਮੁਹਰ ਜਾਂ ਛਾਪ ਲਾਉਣ ਦੀ ਕ੍ਰਿਆ ਹੈ।" ਮੁੰਦਾਵਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇ ਅਨੁਸਾਰ ਇਸਦੀ ਅੰਤਿਮ ਮੁਹਰ ਹੈ। ਇਸਦੇ ਸੰਪਾਦਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਮਹਾਨ ਗ੍ਰੰਥ(ਥਾਲ) ਵਿੱਚ ਸਤਿ, ਸੰਤੋਖ ਅਤੇ ਨਾਮ ਜੋ ਕੁਲ ਕਾਇਨਾਤ ਦਾ ਆਸਰਾ ਹਨ, ਜੋ ਕੋਈ ਇਸ ਨਾਮ ਨੂੰ ਖਾਏਗਾ, ਵਿਚਾਰ ਕਰੇਗਾ, ਉਸਦਾ ਕਲਿਆਣ ਹੋਵੇਗਾ। ਜ਼ਾਹਿਰ ਹੈ ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਵਿਚ ਦਾਰਸ਼ਨਿਕ ਬੁਝਾਰਤ ਦੇ ਅਰਥਾਂ ਵਿਚ ਵੀ ਮੁਹਰ ਦੇ ਅਰਥਾਂ ਵਿਚ ਵੀ ਹੈ।[2] ਸਿੱਖਧਰਮ ਵਿੱਚ ਮੁੰਦਾਵਣੀ ਦਾ ਸ੍ਰੀ ਗੁਰੂ

---

1. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 744
2. ਗਿੱਲ, ਮਹਿੰਦਰ ਕੌਰ, ਆਦਿ ਗ੍ਰੰਥ ਲੋਕ ਰੂਪ, ਪੰਨਾ 86

ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਸਮੇ ਅਤੇ ਰੋਸ਼ਾਨਾ ਸ਼ਾਮ ਨੂੰ ਰਹਿਰਾਸ ਪਾਠ ਦੇ ਵਿੱਚ ਗਾਇਨ ਕਰਨ ਦੀ ਪਰੰਪਰਾ ਹੈ। ਇਸ ਦਾ ਗਾਇਨ ਬਿਨਾ ਸਾਜ਼ ਤੋਂ ਸਾਮੂਹਿਕ ਰੂਪ ਵਿਚ ਕੀਤਾ ਜਾਂਦਾ ਹੈ। ਇਸਦੇ ਗਾਇਨ ਸਰੂਪ ਦੀ ਸੁਰ ਲਿਪੀ 318 ਪੰਨੇ'ਤੇ ਦਿੱਤੀ ਜਾ ਰਹੀ ਹੈ।

<u>ਘੋੜੀਆਂ</u>: ਘੋੜੀਆਂ ਪੰਜਾਬ ਦਾ ਲੋਕ ਪ੍ਰਿਯ ਕਾਵਿ ਰੂਪ ਹੈ। ਵਿਆਹ ਦੇ ਮੌਕੇ'ਤੇ ਲਾੜੇ ਦੇ ਘੋੜੀ ਚੜ੍ਹਨ ਵੇਲੇ ਭੈਣਾਂ ਆਪਣੇ ਵੀਰ ਦਾ ਸ਼ਗਨ ਮਨਾਉਣ ਲਈ ਜਿਸ ਪ੍ਰਕਾਰ ਦਾ ਗੀਤ ਗਾਉਂਦੀਆਂ ਹਨ, ਘੋੜੀ ਲੋਕ ਕਾਵਿ-ਰੂਪ ਦੇ ਅੰਤਰਗਤ ਜਾਣਿਆ ਜਾਂਦਾ ਹੈ। ਘੋੜੀਆਂ ਵਿਚ ਤੁਕ ਦੇ ਅਖੀਰਲੇ ਸ਼ਬਦ ਨੂੰ ਵਿਸ਼ੇਸ਼ ਲਮਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ ਅਤੇ ਇਸ ਲਈ ਕਿਸੇ ਵੀ ਸਾਜ਼ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਪਰ ਵਿਆਹ ਤੋਂ ਕੁਝ ਦਿਨ ਪਹਿਲਾਂ ਸ਼ਗਨ ਲਈ ਗਾਏ ਗੀਤ ਘੋੜੀ ਲਈ ਢੋਲਕੀ ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਲਈ ਇਸ ਕਾਵਿ-ਰੂਪ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦੀਆਂ ਰਾਗ ਵਡਹੰਸ ਅਧੀਨ ਦੋ ਘੋੜੀਆਂ ਅੰਕਿਤ ਹਨ, ਜਿਨ੍ਹਾਂ ਵਿੱਚ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਪ੍ਰਭੂ ਦੇ ਮਿਲਾਪ ਦੇ ਸਾਧਨਾਂ ਦਾ ਵਰਣਨ ਹੈ। ਇਹਨਾਂ ਵਿਚ ਮਨੁੱਖੀ ਦੇਹ ਨੂੰ ਘੋੜੀ ਦੇ ਪ੍ਰਤੀਕ ਰਾਹੀਂ ਰੂਪਮਾਨ ਕੀਤਾ ਗਿਆ ਹੈ।ਉਸ ਜੀਵਾਤਮਾ ਨੂੰ ਧੰਨਤਾਯੋਗ ਦੱਸਿਆ ਗਿਆ ਹੈ, ਜੋ ਦੇਹ ਰੂਪ ਘੋੜੀ ਉਤੇ ਉਸ ਪ੍ਰਭੂ ਦੀ ਸਿਫ਼ਤ ਸਲਾਹ ਦੀ ਕਾਠੀ ਪਾ ਕੇ, ਗੁਰੂ ਦੇ ਗਿਆਨ ਨੂੰ ਲਗਾਮ ਬਣਾ ਕੇ, ਇਸ ਸੰਸਾਰ ਦੇ ਔਖੇ ਮਾਰਗਾਂ ਨੂੰ ਪਾਰ ਕਰਦੀ ਹੋਈ ਲੋਕ ਪਰਲੋਕ ਦੀ ਯਾਤਰਾ ਤਹਿ ਕਰਦੀ ਹੈ।

ਗੁਰੂ ਸਾਹਿਬਨ ਨੇ ਘੋੜੀਆਂ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਾਸਤਰੀ ਸੰਗੀਤਕ ਸੰਕੇਤ ਰਾਗ, ਰਹਾਉ ਅਤੇ ਅੰਕਾਂ ਦਾ ਪ੍ਰਯੋਗ ਕੀਤਾ। ਇਹ ਘੋੜੀਆਂ ਸਧਾਣੀ, ਅੰਤਰੇ ਵਿੱਚ ਵਿਭਾਜਿਤ ਹੋਣ ਕਾਰਣ ਇਨ੍ਹਾਂ ਨੂੰ ਲੋਕ ਸੰਗੀਤ ਦੀ ਤਰ੍ਹਾਂ ਕ੍ਰਮਵਾਰ ਗਾਇਨ ਕਰਨ ਦੀ ਬਜਾਏ ਅੰਤਰਿਆਂ ਸਹਿਤ ਗਾਇਨ ਕਰਨ ਦੀ ਪੰਰਪਰਾ ਹੈ। ਘੋੜੀਆਂ ਦੇ ਪੁਰਾਤਨ ਸੰਗੀਤਕ ਸਰੂਪ ਨੂੰ ਸਮਝਣ ਲਈ ਵੇਖੋ 319 ਪੰਨੇ 'ਤੇ।

<u>ਅੰਜੁਲੀ</u>: ਪਾਣੀ ਦੀ ਚੂਲੀ ਦੇਵਤਿਆ ਦੇ ਪਿਤਰਾਂ ਨੂੰ ਅਰਪਣ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ ਰੂਪ ਅੰਜੁਲੀ ਹੈ। ਲੋਕ ਵਿਸ਼ਵਾਸ ਅਨੁਸਾਰ ਇਹ ਪਾਣੀ ਮਰੇ ਹੋਏ ਪ੍ਰਾਣੀ ਨੂੰ ਅਗਲੇ ਲੋਕ ਵਿੱਚ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮਾਰੂ ਰਾਗ ਵਿੱਚ ਦੋ ਅੰਜੁਲੀਆਂ ਦਰਜ ਹਨ। ਰੂਪਕਾਰ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਰਚਨਾਵਾਂ ਦੇ ਅੱਠ-ਅੱਠ ਬੰਦ ਹਨ ਅਤੇ ਹਰ ਬੰਦ ਦੀਆ ਪਹਿਲੀਆਂ ਦੋ ਤੁਕਾਂ ਛੋਟੀਆਂ ਅਤੇ ਤੀਸਰੀ ਤੁਕ ਲੰਬੀ ਹੈ। ਇਨ੍ਹਾਂ ਵਿੱਚ ਰਹਾਉ ਦੀ ਤੁਕ ਦਾ ਪਾਲਣ ਨਹੀਂ ਕੀਤਾ ਗਿਆ। ਇਨ੍ਹਾਂ ਰਚਨਾਵਾਂ ਵਿੱਚ ਬਿਰਖ ਦੇ ਰੂਪ ਤੋਂ ਸੰਸਾਰ ਦੀ ਨਾਸ਼ਮਾਨਤਾ ਦਾ ਵਰਣਨ ਹੈ। ਅੰਜੁਲੀ ਦੇ ਗਾਇਨ ਸਰੂਪ ਦੀ ਸੁਰ ਲਿਪੀ 321 ਪੰਨੇ 'ਤੇ ਦਰਜ ਹੈ।

## <u>ਗੁਰਮਤਿ ਸੰਗੀਤ ਵਿੱਚ ਪ੍ਰਚੱਲਿਤ ਕੀਰਤਨ ਚੌਕੀਆਂ</u>

ਸਿੱਖ ਧਰਮ ਦਾ ਕੇਂਦਰ ਗੁਰਦੁਆਰਾ ਸਾਹਿਬਾਨ ਹਨ ਅਤੇ ਇਨ੍ਹਾਂ ਵਿੱਚ ਹੋਣ ਵਾਲੀ ਕੀਰਤਨ ਪਰੰਪਰਾ ਨਿਰੰਤਰ ਵਿਕਾਸ ਅਧੀਨ ਕਾਰਜਸ਼ੀਲ ਹੈ। ਇੱਥੇ

ਨਿਤਾਪ੍ਰਤੀ ਹੋਣ ਵਾਲੇ ਕੀਰਤਨ ਦੀ ਪਰੰਪਰਾ ਹੁਣ ਸਥਾਪਿਤ ਰੂਪ ਗ੍ਰਹਿਣ ਕਰ ਚੁੱਕੀ ਹੈ ਅਤੇ ਵੱਖ-ਵੱਖ ਸਮੇਂ ਉਤੇ ਹੋਣ ਵਾਲੀਆਂ ਕੀਰਤਨ ਪ੍ਰਸਤੁਤੀਆਂ ਨੂੰ ਭਿੰਨ-ਭਿੰਨ ਚੌਕੀਆਂ ਦਾ ਨਾਮ ਦਿੱਤਾ ਜਾਂਦਾ ਹੈ। ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਦੇ ਪ੍ਰਸੰਗ ਵਿਚ ਵਾਚੀਏ ਤਾਂ ਇਨ੍ਹਾਂ ਚੌਕੀਆਂ ਦੀ ਇਕ ਵਿਸ਼ਿਸ਼ਟ ਪਰੰਪਰਾ ਵਿਦਮਾਨ ਹੈ। ਇਸ ਤੋਂ ਪਹਿਲਾ ਕਿ ਅਸੀਂ ਭਿੰਨ ਭਿੰਨ ਚੌਕੀਆ ਦਾ ਅਧਿਐਨ ਕਰੀਏ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਚੌਕੀ ਤੋਂ ਕੀ ਭਾਵ ਹੈ ?

ਗੁਰਮਤਿ ਸੰਗੀਤ ਵਿਚ ਚੌਕੀ ਚਾਰ ਕੀਰਤਨੀ ਸਿੰਘਾਂ ਦੇ ਜਥੇ ਨੂੰ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਚੌਕੀ ਤੋਂ ਭਾਵ ਚਾਰ ਪਾਵੇ ਅਰਥਾਤ ਕੀਰਤਨ ਦੇ ਚਾਰ ਅੰਗ ਹਨ ਜੋ ਕੀਰਤਨ ਕਰਨ ਵਾਲੇ ਨੇ ਪੂਰੇ ਕਰਨੇ ਹੁੰਦੇ ਹਨ।"[1] ਗੁਰਮਤਿ ਸੰਗੀਤ ਪਰੰਪਰਾ ਵਿਚ ਚੌਕੀਆਂ ਦੀ ਗਿਣਤੀ ਲਈ ਵਿਦਵਾਨਾਂ ਵਿਚ ਮੱਤਭੇਦ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਚੌਕੀਆਂ ਦੀ ਗਿਣਤੀ ਚਾਰ,[2] ਭਾਈ ਵੀਰ ਸਿੰਘ ਜੀ ਨੇ ਪੰਜ, ਭਾਈ ਕ੍ਰਿਪਾਲ ਸਿੰਘ ਜੀ ਨੇ ਪੰਦਰਾਂ[3] ਮੰਨੀ ਹੈ ਪਰ ਗੁਰਮਤਿ ਸੰਗੀਤ ਪੱਧਤੀ ਵਿਚ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰੁ ਦੀ ਚੌਕੀ, ਆਰਤੀ ਦੀ ਚੌਕੀ ਇਹ ਚਾਰ ਚੌਕੀਆਂ ਹੀ ਪ੍ਰਚੱਲਿਤ ਹੋਈਆਂ। ਇਨ੍ਹਾਂ ਚੌਕੀਆਂ ਵਿਚ ਕੀਰਤਨ ਆਰੰਭ ਕਰਨ ਤੋਂ ਪਹਿਲਾਂ ਸੰਗੀਤਮਈ ਮਾਹੌਲ ਪੈਦਾ ਕਰਨ ਲਈ ਸੁਰ ਸਾਜ਼ ਵਜਾਉਣ ਵਾਲਾ ਸਾਜਿੰਦਾ ਸ਼ਾਨ

1. ਗੁਰਸ਼ਬਦ ਰਤਨਾਕਰ-ਮਹਾਨ ਕੋਸ਼,ਪੰਨਾ 449

2. ਗੁਰਸ਼ਬਦ ਰਤਨਾਕਰ-ਮਹਾਨ ਕੋਸ਼,ਪੰਨਾ 463

3. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991,ਪੰਨਾ17

ਜਾਂ ਲਹਿਰਾ ਵਜਾਉਂਦਾ ਹੈ ਜੋ ਭਾਰਤੀ ਸੰਗੀਤ ਵਿੱਚ ਨਗਮਾ ਤੋਂ ਪ੍ਰਸਿੱਧ ਹੈ। ਫਿਰ ਮੰਗਲਾਚਰਨ ਦੇ ਤੌਰ'ਤੇ ਚਾਰ ਤਾਲ ਦੇ ਠੇਕੇ ਵਿਚ ਭਾਰਤੀ ਸੰਗੀਤ ਵਿੱਚ ਪ੍ਰਚੱਲਿਤ ਵੱਡੇ ਖ਼ਿਆਲ ਦੀ ਸ਼ੈਲੀ ਤਰ੍ਹਾਂ 'ਫ਼ਿਰਉਤ' ਜਾਂ ਕਿਸੇ ਵੀ ਸ਼ਬਦ ਦਾ ਸਮੇਂ ਦੇ ਰਾਗ ਵਿੱਚ ਗਾਇਨ ਕੀਤਾ ਜਾਂਦਾ ਹੈ। ਬਾਅਦ ਚ ਧਰੁਪਦ, ਪੜਤਾਲ ਆਦਿ ਵਿਭਿੰਨ ਸ਼ੈਲੀਆਂ ਨੂੰ ਵਿਭਿੰਨ ਤਾਲਾਂ ਅਧੀਨ ਸਮੇਂ ਅਨੁਸਾਰ ਰਾਗਾਂ ਵਿੱਚ ਗਾਇਨ ਕਰਨ ਦੀ ਮਰਿਆਦਾ ਹੈ। ਕੀਰਤਨ ਸਮਾਪਤੀ ਉਤੇ ਚੌਕੀ ਨਾਲ ਸੰਬੰਧਿਤ ਸਮੇਂ ਦੇ ਰਾਗ ਵਿੱਚ ਕੋਈ ਸਲੋਕ ਗਾਇਨ ਕਰਨ ਤੋਂ ਬਾਅਦ ਵਾਰ ਦੀ ਪਉੜੀ ਗਾਈ ਜਾਂਦੀ ਹੈ। ਗੁਰਮਤਿ ਸੰਗੀਤ ਵਿਚ ਹਰ ਚੌਕੀ ਦੀ ਸਮਾਪਤੀ ਸਮੇਂ ਅਰਦਾਸ ਕਰਨ ਦੀ ਪਰੰਪਰਾ ਹੈ। ਇਹ ਕੀਰਤਨ ਚੌਕੀਆਂ ਦਾ ਗਾਇਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅੱਜ ਤਕ ਉਸੇ ਤਰ੍ਹਾਂ ਪਰੰਪਰਾਗਤ ਰੂਪ ਵਿੱਚ ਚਲ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨ੍ਹਾਂ ਆਸਾ ਦੀ ਵਾਰ ਦੀ ਚੌਕੀ, ਸੋਦਰੁ, ਆਰਤੀ ਦੀ ਚੌਕੀ ਤਕਰੀਬਨ ਹਰ ਗੁਰਦੁਆਰੇ ਵਿੱਚ ਗਾਈ ਜਾਂਦੀ ਹੈ।

ਆਸਾ ਦੀ ਵਾਰ ਦੀ ਚੌਕੀ' ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਆਸਾ ਦੀ ਵਾਰ' ਤੋ ਪਿਆ। ਵਾਰ ਪੰਜਾਬ ਦੇ ਲੋਕ ਸੰਗੀਤ ਦਾ ਇਕ ਅਟੁੱਟ ਅੰਗ ਹੈ, ਜਿਸ ਵਿੱਚ ਬਹਾਦਰ ਯੋਧਿਆਂ ਦੀ ਲੜਾਈ, ਸੂਰਬੀਰਤਾ ਨੂੰ ਸੰਗੀਤਮਈ ਪ੍ਰਸਤੁਤੀ ਦੁਆਰਾ ਪੇਸ਼ ਕੀਤਾ ਗਿਆ ਹੈ। ਇਸਦੇ ਗਾਇਕਾਂ ਨੂੰ 'ਢਾਡੀ' ਕਿਹਾ ਜਾਂਦਾ ਹੈ, ਜਿਹੜੇ ਵਾਰਾਂ ਨੂੰ ਸੰਬੰਧਿਤ ਇਲਾਕਾਈ ਧੁਨਾਂ ਅਨੁਸਾਰ ਗਾਇਨ ਕਰਦੇ ਹਨ। ਵਾਰ ਬੀਰ ਰਸ ਨਾਲ ਭਰਪੂਰ ਹੋਣ ਕਾਰਣ ਇਸਦਾ ਗਾਇਨ ਬੁਲੰਦ

ਆਵਾਜ਼ ਵਿਚ ਵਧੇਰੇ ਕਰਕੇ ਤਾਰ ਸਪਤਕ ਵਿੱਚ ਕੀਤਾ ਜਾਂਦਾ ਹੈ। ਵਾਰਾਂ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ। ਢੱਡ ਉਪਰ ਚਾਰ ਮਾਤ੍ਰਾ ਦੇ ਬੋਲ'ਗੇ, ਤਿਟ, ਤਾ, ਗੇਤਾ'ਵਜਾਏ ਜਾਂਦੇ ਹਨ।

ਗੁਰਬਾਣੀ ਅੰਤਰਗਤ ਵਾਰਾਂ ਵਿੱਚ ਅਧਿਆਤਮ ਮਾਰਗ'ਤੇ ਚੱਲਣ ਵੇਲੇ ਉਤਪੰਨ ਦੁਨਿਆਵੀ ਮੋਹ ਮਾਇਆ, ਵਿਸ਼ੇ ਵਿਕਾਰਾਂ ਨਾਲ ਯੁੱਧ ਦਾ ਵਰਣਨ ਹੈ। ਇਨ੍ਹਾਂ ਵਾਰਾਂ ਵਿੱਚ ਸਮਾਜਿਕ ਸਦਾਚਾਰਕ ਕੀਮਤਾਂ ਦੁਆਰਾ ਅਧਿਆਤਮ ਅਨੁਭਵ ਦਾ ਬੋਧ ਕਰਵਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਵਾਰਾਂ ਨੂੰ ਗੁਰੂ ਸਾਹਿਬਾਨ ਦੇ ਸਮੇਂ ਪ੍ਰਚੱਲਿਤ ਨਿਸ਼ਚਿਤ ਧੁਨਾਂ'ਤੇ ਗਾਇਨ ਕਰਨ ਦੇ ਸੰਕੇਤ ਹਨ, ਜਿਵੇਂ :

-ਵਾਰ ਮਾਝ ਕੀ ਤਥਾ ਸਲੋਕ ਮਹਲਾ ੧
ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।।[1]

- ਗਉੜੀ ਕੀ ਵਾਰ ਮਹਲਾ ੫
ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ।।[2]

- ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਭੀ
ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ।।[3] ਆਦਿ

---

1- ਆਦਿ ਗ੍ਰੰਥ, ਪੰਨਾ 137
2- - ਉਹੀ- ਪੰਨਾ 318
3- - ਉਹੀ- ਪੰਨ; 462

ਇਨ੍ਹਾਂ ਵਾਰਾਂ ਤੇ ਗਾਇਨ ਦੇ ਸੰਬੰਧੀ ਧੁਨਾਂ ਦੇ ਸੰਕੇਤ ਤੋਂ ਵਾਰ ਦੀ ਪ੍ਰਾਚੀਨਤਾ ਤੇ ਲੋਕ ਪ੍ਰਿਯਤਾ ਬਾਰੇ ਪਤਾ ਲਗਦਾ ਹੈ। ਵਾਰਾਂ ਉਪਰ ਲੋਕ ਧੁਨਾਂ ਦੇ ਨਾਲ ਰਾਗ, ਘਰੁ ਆਦਿ ਸੰਕੇਤ ਸਿਰਲੇਖ ਰੂਪ ਵਿੱਚ ਵਿਦਮਾਨ ਹਨ। ਇਨ੍ਹਾਂ ਦਾ ਗਾਇਨ ਕਰਨਾ ਕੋਈ ਸਹਿਜ ਕਾਰਜ ਨਹੀਂ। ਆਸਾ ਦੀ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਟੂੰਡੇ ਅਸਰਾਜੈ ਦੀ ਵਾਰ ਦੀ ਧੁਨੀ ਦੇ ਸੰਕੇਤ ਅਨੁਸਾਰ ਅਤੇ ਆਸਾ ਰਾਗ ਵਿੱਚ ਹੀ ਗਾਇਆ ਜਾਂਦਾ ਹੈ। ਆਸਾ ਦੀ ਵਾਰ ਵਿੱਚ ਕੇਵਲ ਸਲੋਕ ਅਤੇ ਪਉੜੀਆਂ ਹੀ ਨਹੀਂ ਬਲਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਛਪੇ ਛੰਤ ਨੂੰ ਵੀ ਗਾਇਨ ਕਰਨ ਦੀ ਪ੍ਰਥਾ ਹੈ। ਆਸਾ ਦੀ ਵਾਰ ਵਿੱਚ ਪਹਿਲਾਂ ਛੰਤ ਦਾ ਰਾਗ ਆਸਾ ਅੰਤਰਗਤ ਟਕਸਾਲੀ ਢੰਗ ਜੋ ਪਰੰਪਰਾਗਤ ਰੂਪ ਵਿੱਚ ਪ੍ਰਚੱਲਿਤ ਹੈ, ਇਹ ਇਕ ਤਾਲ 'ਚ ਜਾਂ ਧੱਕੇ ਵਿਚ ਨਿਬੱਧ ਹੈ, ਗਾਇਨ ਕੀਤਾ ਜਾਂਦਾ ਹੈ। ਛੰਤ ਦੇ ਗਾਇਨ ਕਰਨ ਤੋਂ ਬਾਅਦ ਸਲੋਕ ਦਾ ਗਾਇਨ ਸਹਾਇਕ ਵਾਜੇ ਵਾਲਾ ਰਾਗੀ ਆਸਾ ਰਾਗ ਅਧੀਨ ਅਤੇ ਤਾਲ ਤੋਂ ਸੁਤੰਤਰ ਹੋ ਕੇ ਗਾਇਨ ਕਰਦਾ ਹੈ। ਸਲੋਕ ਦੇ ਗਾਇਨ ਤੇ ਰਾਗੀ ਜਿੱਥੇ ਸਰੋਤੇ ਨੂੰ ਗੁਰਬਾਣੀ ਦਾ ਗਿਆਨ ਕਰਵਾਉਂਦਾ ਹੈ ਉਥੇ ਸੰਬੰਧਿਤ ਰਾਗ ਦਾ ਸਰੂਪ ਵੀ ਸਪਸ਼ਟ ਕਰੀ ਜਾਂਦਾ ਹੈ। ਇਹ ਸਲੋਕ ਫਿਰ ਵਾਰੋ ਵਾਰੀ ਦੋਵੇਂ ਰਾਗੀ ਪੜ੍ਹਦੇ ਹਨ। ਫਿਰ ਪਉੜੀ ਦਾ ਤਿੰਨੇ ਰਾਗੀ ਮਿਲ ਕੇ ਮੱਧ ਲੈਅ ਵਿਚ ਤਾਰ ਸਪਤਕ ਵਿੱਚ ਗਾਇਨ ਕਰਦੇ ਹਨ। ਪਉੜੀ ਲਈ ਖ਼ਾਸ ਤਾਲ ਜੋ ਪਉੜੀ ਲਈ ਵਿਸ਼ੇਸ਼ ਹੈ ਇਸ ਠੇਕੇ ਦੇ ਬੋਲ ਹਨ ਗੇ ਤਿਟ, ਤਾ ਗੇਤਾ। ਇਸ ਵਿੱਚ ਪਹਿਲੇ 'ਗੇ' ਤੇ ਸਮ ਹੈ। ਪਉੜੀ ਦੀ ਆਖਰੀ ਤੁਕ ਨੂੰ ਵਿਸ਼ੇਸ਼ ਰੂਪ ਵਿਚ ਤੋੜਾ ਮਾਰ ਕੇ ਮੁਕਾਇਆ ਜਾਂਦਾ ਹੈ ਅਤੇ ਤੀਜਰੀ ਵਾਰ ਇਕ ਮਾਤ੍ਰਾ ਵਧਾ ਕੇ ਸਮਾਪਤੀ ਕੀਤੀ ਜਾਂਦੀ ਹੈ। ਨਮੂਨੇ ਵਜੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਸਾ ਦੀ ਵਾਰ ਦੀ ਸੁਰ ਲਿਪੀ ਅੱਗੇ 323 ਪੰਨੇ 'ਤੇ ਦਿੱਤੀ ਜਾ ਰਹੀ ਹੈ।

'ਸੋ ਦਰੁ ਦੀ ਚੌਂਕੀ' ਚੌਥੇ ਪਹਿਰ ਵਿੱਚ ਸ਼ਾਮ ਦੇ ਰਾਗਾਂ ਵਿਚ ਬੰਦਨਾ ਕਰਨ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਹੋਰ ਸ਼ਬਦਾਂ ਦਾ ਗਾਇਨ ਕਰਨ ਉਪਰੰਤ ਸੋ ਦਰੁ ਦਾ ਰਾਗ ਆਸਾ ਵਿੱਚ ਪਉੜੀ ਸ਼ੈਲੀ ਵਿੱਚ ਪਉੜੀ ਤਾਲ(ਗੇ, ਤਿਟ,ਤਾ,ਗੇਤਾ) ਵਿੱਚ ਗਾਇਨ ਕਰਨ ਦੀ ਪਰੰਪਰਾ ਹੈ। ਸਿੱਖ ਧਰਮ ਵਿੱਚ ਰੋਜ਼ਾਨਾ ਨਿਤਨੇਮ ਦੀਆਂ ਬਾਣੀਆਂ ਵਿਚੋਂ ਸ਼ਾਮ ਸਮੇ ਦੇ ਰਹਿਰਾਸ ਸਾਹਿਬ ਦੇ ਪਾਠ ਦੀ ਸ਼ੁਰੂਆਤ ਵੀ ਸੋ ਦਰੁ ਦੇ ਗਾਇਨ ਕਰਨ ਤੋਂ ਹੁੰਦੀ ਹੈ। ਸੋ ਦਰੁ ਦੇ ਗਾਇਨ ਕਰਨ ਤੋਂ ਬਾਅਦ ਰਹਿਰਾਸ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਫਿਰ ਅਰਦਾਸ ਕਰਨ ਤੇ ਇਸ ਚੌਂਕੀ ਦੀ ਸਮਾਪਤੀ ਹੁੰਦੀ ਹੈ।

'ਆਰਤੀ ਦੀ ਚੌਂਕੀ' ਵਿੱਚ ਆਰਤੀ ਦਾ ਗਾਇਨ ਕੀਤਾ ਜਾਂਦਾ ਹੈ। ਆਰਤੀ ਭਾਰਤੀਲੋਕ ਧਰਮਾਂ ਦੀ ਪ੍ਰਸਿੱਧ ਰੀਤ ਹੈ ਜਿਸ ਅਧੀਨ ਥਾਲ ਵਿਚ ਧੂਪ, ਦੀਪ, ਚਵਰ, ਫੁੱਲ ਆਦਿ ਵਸਤਾਂ ਪਾ ਕੇ ਆਰਾਧਨਾਮਈ ਗੀਤਾਂ ਨਾਲ ਇਸ਼ਟ ਦੇਵ ਦੀ ਆਰਤੀ ਉਤਾਰੀ ਜਾਂਦੀ ਹੈ। ਆਦਿ ਗ੍ਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਰਵਿਦਾਸ, ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਅਤੇ ਭਗਤ ਕਬੀਰ ਜੀ ਦੀ ਰਾਗ ਪ੍ਰਭਾਤੀ ਅੰਤਰਗਤ ਦਰਜ ਹੈ। ਗੁਰਬਾਣੀ ਅਨੁਸਾਰ ਬਾਕੀ ਧਰਮਾ ਨਾਲੋਂ ਆਰਤੀ ਭਿੰਨ ਹੈ।ਇਸ ਵਿੱਚ ਸੰਸਾਰਿਕ ਵਸਤੂਆਂ ਦੀ ਥਾਂ ਬ੍ਰਹਿਮੰਡ ਵਿਚ ਹੋ ਰਹੀ ਪ੍ਰਮਾਤਮਾ ਦੀ ਆਰਤੀ ਦਾ ਚਿਤ੍ਰਣ ਹੈ। ਇਤਿਹਾਸ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ 1510-12 ਈਸਵੀ ਵਿਚ ਜਗਨਨਾਥਪੁਰੀ ਦੇ ਮੰਦਰ ਵਿਚ ਹੋ ਰਹੀ

ਆਰਤੀ ਨੂੰ ਪਾਖੰਡ ਮੰਨਦਿਆਂ ਹੋਇਆ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ।[1]

## ਸਮਾਜਿਕ ਰਹੁਰੀਤਾਂ, ਮੌਸਮਾਂ (ਰੁੱਤਾਂ)'ਤੇ ਪ੍ਰਚੱਲਿਤ ਵਿਸ਼ੇਸ਼ ਨਿਰਧਾਰਿਤ ਕੀਰਤਨ ਸ਼ੈਲੀਆਂ

ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਸਿੱਖ ਧਰਮ ਵਿੱਚ ਆਸਥਾ ਰੱਖਣ ਵਾਲੇ ਲੋਕਾਂ ਦੇ ਜੀਵਨ ਨਾਲ ਪੂਰਨਤੌਰ 'ਤੇ ਜੁੜੀ ਹੋਈ ਹੈ। ਸਿੱਖੀ ਜੀਵਨ ਦੇ ਆਰੰਭ (ਜਨਮ) ਤੋਂ ਲੈ ਕੇ ਅੰਤ(ਮੌਤ) ਤਕ ਵੱਖ-ਵੱਖ ਰਸਮਾਂ, ਰੀਤਾਂ ਸ਼ਬਦ ਕੀਰਤਨ ਨਾਲ ਸੁਸਜਿਤ ਹਨ। ਜੀਵਨ ਦੀ ਹਰ ਘੜੀ ਹਰ ਪਲ ਜਿੱਥੇ ਉਸ ਪ੍ਰਮਾਤਮਾ ਨੂੰ ਧਿਆਉਣ ਦਾ ਅਤੇ ਨਿਰਮੋਲ ਕੀਰਤਨ ਦੁਆਰਾ ਹਰੀ ਜਸ ਦਾ ਆਦੇਸ਼ ਸਿੱਖ ਜਗਤ ਨੂੰ ਹੈ ਉੱਥੇ ਜੀਵਨ ਦੇ ਹਰ ਅਵਸਰ ਉੱਤੇ ਬਾਣੀ ਦੁਆਰਾ ਜੀਵ ਨੂੰ ਉਪਦੇਸ਼ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਾਜਿਕ ਜੀਵਨ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਹਿਜੇ ਹੀਪਤਾ ਲੱਗ ਜਾਂਦਾ ਹੈ ਕਿ ਗੁਰੂ ਸਾਹਿਬਾਨ ਸਾਨੂੰ ਸਾਡੇ ਸਭਿਆਚਾਰਕ ਜੀਵਨ ਦਾ ਅਧਿਆਤਮਕ ਬਦਲ ਦੇ ਰਹੇ ਹਨ। ਇਸ ਤਰ੍ਹਾਂ ਹਰ ਇਕ ਜੀਵਨ ਘਟਨਾ ਅਤੇ ਕਾਰ ਵਿਹਾਰ ਸੰਬੰਧੀ ਸਾਨੂੰ ਗੁਰਬਾਣੀ ਵਿਚੋਂ ਸ਼ਬਦ ਮਿਲ ਜਾਂਦੇ ਹਨ ਜਿਨ੍ਹਾਂ ਦਾ ਨਿਰਧਾਰਤ ਵਿਧੀ ਅਤੇ ਪਰੰਪਰਾ ਅਨੁਸਾਰ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਇਹ ਪਰੰਪਰਾ ਹੈ ਕਿ ਖੁਸ਼ੀ ਅਤੇ ਗ਼ਮੀ ਦੀ ਰਸਮ ਨਿਰਧਾਰਤ

---

1- ਪਦਮ ਪਿਆਰਾ ਸਿੰਘ, ਆਦਿ ਗ੍ਰੰਥ ਦਾ ਸੰਗੀਤ ਪ੍ਰਬੰਧ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ਬਦ ਕੀਰਤਨ ਦੁਆਰਾ ਸੰਪੰਨ ਕੀਤੀ ਜਾਵੇ। ਗੁਰਮਤਿ ਸੰਗੀਤ ਦੇ ਨਿਪੁੰਨ ਗਾਇਕ (ਕੀਰਤਨੀਏ) ਇਸ ਲਈ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਵਿਭਿੰਨ ਸ਼ੈਲੀਆਂ ਦਾ ਗਾਇਨ ਕਰਦੇ ਆ ਰਹੇ ਹਨ ਜਿਨ੍ਹਾਂ ਦੀ ਇਕ ਸਥਾਪਿਤ ਪਰੰਪਰਾ ਹੈ। ਇਨ੍ਹਾਂ ਵੱਖ-ਵੱਖ ਗਾਇਨ ਸ਼ੈਲੀਆਂ ਦਾ ਅਧਿਐਨ ਸਿੱਖ ਸਮਾਜ ਦੇ ਪ੍ਰਸੰਗ ਵਿਚ ਅਸੀਂ ਅਗਾਂਹ ਕਰ ਰਹੇ ਹਾਂ।

## ਸਮਾਜਿਕ ਜੀਵਨ ਨਾਲ ਸੰਬੰਧਿਤ ਕੀਰਤਨ ਪਰੰਪਰਾ:

ਜਨਮ ਸਮੇਂ ਦੀ ਕੀਰਤਨ ਪਰੰਪਰਾ: ਸਿੱਖ ਧਰਮ ਵਿਚ ਪ੍ਰਮਾਤਮਾ ਵਲੋਂ ਦਿੱਤੀ ਗਈ ਦਾਤ ਦਾ ਭਰਪੂਰ ਸ਼ੁਕਰਾਨਾ ਕੀਤਾ ਜਾਂਦਾ ਹੈ ਅਤੇ ਇਸ ਅਵਸਰ 'ਤੇ ਸ਼ਬਦ ਕੀਰਤਨ ਦੁਆਰਾ ਉਸ ਪ੍ਰਮਾਤਮਾ ਦਾ ਕੋਟਾਨ ਕੋਟ ਧੰਨਵਾਦ ਕੀਤਾ ਜਾਂਦਾ ਹੈ। ਇਸ ਅਵਸਰ ਉਤੇ ਸ਼ੁਕਰਾਨੇ/ਬਖ਼ਸ਼ਿਸ਼ ਦੇ ਸ਼ਬਦਾਂ ਤੋਂ ਇਲਾਵਾ ਬੱਚੇ ਦੇ ਜਨਮ ਨਾਲ ਸੰਬੰਧਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਜਿਵੇਂ:

- ਪੂਤਾ ਮਾਤਾ ਕੀ ਆਸੀਸ।।
  ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
  ਸਦਾ ਭਜਹੁ ਜਗਦੀਸ ।।੧।।[1]
- ਕੈਹਾ ਕੰਚਨੁ ਤੁਟੈ ਸਾਰੁ।।
  ਅਗਨੀ ਗੰਢੁ ਪਾਏ ਲੋਹਾਰੁ।।
  ਗੋਰੀ ਸੇਤੀ ਤੁਟੈ ਭਤਾਰੁ।।

---

1- ਗੂਜਰੀ ਮਹਲਾ ੫, ਆਦਿ ਗ੍ਰੰਥ, ਪੰਨਾ 496

- ਪੁਤੀ ਗੰਢੁ ਪਵੈ ਸੰਸਾਰਿ॥[1]

ਸੂਝੀ ਕੰਨੀ ਨਾਹੀ ਭਾਰ॥

ਗੁਰੁ ਨਾਨਕੁ ਤੁਠਾ ਕੀਨੀ ਦਾਤਿ॥੪॥੭॥ ॥[2]

ਆਦਿ। ਇਹ ਪਰੰਪਰਾ ਹੁਣ ਸਥਾਪਿਤ ਹੋ ਚੁੱਕੀ ਹੈ ਅਤੇ ਇਨਾਂ ਦਾ ਗਾਇਨ ਜ਼ਰੂਰੀ ਸਮਝਿਆ ਜਾਂਦਾ ਹੈ।

ਕੁੜਮਾਈ ਤੇ ਮਿਲਣੀ ਸਮੇਂ ਦੀ ਕੀਰਤਨ ਪਰੰਪਰਾ: ਲੜਕੇ-ਲੜਕੀ ਨੂੰ ਵਿਆਹੁਣ ਹਿਤ ਕੁੜਮਾਈ ਦੀ ਰਸਮ ਸਮੇਂ ਰਾਗੀ ਸਿੰਘਾਂ ਵੱਲੋਂ ਹੋਰ ਸ਼ਬਦਾਂ ਤੋਂ ਇਲਾਵਾ:

- ਸਤੁ ਸੰਤੋਖੁ ਕਰਿ ਭਾਉ

ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥[3]

ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਜਦੋਂ ਲੜਕੇ ਵਾਲੇ ਲੜਕੀ ਨੂੰ ਵਿਆਹੁਣ ਲਈ ਲੜਕੀ ਦੇ ਘਰ ਜਾਂਦੇ ਹਨ ਤਾਂ ਮਿਲਣੀ ਸਮੇਂ ਲੜਕੀ ਵਾਲਿਆਂ ਵਲੋਂ:

" ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ"[4] ਸ਼ਬਦ ਬਿਨਾਂ ਸਾਜ਼ ਤੋਂ ਗਾਇਨ ਕਰਨ ਦੀ ਪਰੰਪਰਾ ਹੈ। ਮਿਲਣੀ ਤੇ ਕੁੜਮਾਈ ਸਮੇਂ ਗਾਇਨ ਕੀਤੇ ਜਾਣ ਵਾਲੇ ਸ਼ਬਦਾਂ ਦੀ ਸੁਰ ਲਿਪੀ ਅਗਲੇ ਪੰਨੇ 'ਤੇ ਦਿੱਤੀ ਜਾ ਰਹੀ ਹੈ।

---

1- ਮਾਰ ਮਾਝ ਕੀ ਸਲੋਕ ਮਹਲਾ ੧, ਆਦਿ ਗ੍ਰੰਥ, ਪੰਨਾ143

2- ਆਸਾ ਮਹਲਾ ੫, - ਉਹੀ- ਪੰਨਾ, 396

3- ਰਾਗੁ ਸੂਹੀ ਮਹਲਾ ੪ , ਉਹੀ ਪੰਨਾ 773

4- ਰਾਗੁ ਸੂਹੀ ਮਹਲਾ ੧, ਉਹੀ ਪੰਨਾ 764

ਆਨੰਦ ਕਾਰਜ: ਗੁਰਮਤਿ ਸੰਗੀਤ ਪਰੰਪਰਾ ਵਿਚ ਵਿਆਹ ਦੀ ਰਸਮ ਦਾ ਵੀ ਆਪਣਾ ਵਿਲੱਖਣ ਰੂਪ ਹੈ। ਵਿਆਹ ਦੀ ਸੰਪੂਰਣ ਰਸਮ ਨੂੰ 'ਆਨੰਦ ਕਾਰਜ' ਨਾਮ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਅਜਿਹੇ ਛੰਤਾਂ ਦੀ ਰਚਨਾ ਮਿਲਦੀ ਹੈ[1] ਜਿਨ੍ਹਾਂ ਦਾ ਸਿੱਖ ਧਰਮ ਵਿਚ ਵਿਆਹ ਦੀ ਰਸਮ ਵੇਲੇ, ਉਚਾਰਨ ਦੇ ਨਾਲ ਪ੍ਰਕਰਮਾ ਲੈ ਕੇ ਰਸਮ ਪੂਰਨ ਹੁੰਦੀ ਹੈ। ਸਿੱਖ ਜਗਤ ਵਿਚ ਇਨ੍ਹਾਂ ਛੰਤਾਂ ਨੂੰ ਲਾਂਵ ਨਾਮ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਪਰ ਬਾਣੀ ਵਿਚ ਲਾਂਵ ਸਿਰਲੇਖ ਨਹੀਂ ਹੈ। ਇਨ੍ਹਾਂ ਛੰਤਾਂ ਦੀ ਲਾਂਵ ਕ੍ਰਮ ਨਾਲ ਆਰੰਭ ਅਤੇ ਸਮਾਪਤੀ ਹੁੰਦੀ ਹੈ। ਇਨ੍ਹਾਂ ਵਿਚ ਪਤੀ ਪਤਨੀ ਦੇ ਰੂਪਕ ਤੇ ਜੀਵਾਤਮਾ ਅਤੇ ਪ੍ਰਮਾਤਮਾ ਦੇ ਮਿਲਣ ਤੋਂ ਸੰਬੰਧਿਤ ਭਾਵਾਂ ਦਾ ਚਿਤ੍ਰਣ ਕੀਤਾ ਗਿਆ ਹੈ।

ਵਿਆਹ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਸਾਹਮਣੇ ਕੀਤੀ ਜਾਂਦੀ ਹੈ। ਇਸ ਵਿੱਚ ਸਭ ਤੋਂ ਪਹਿਲਾਂ 'ਆਸਾ ਦੀ ਵਾਰ' ਦਾ ਕੀਰਤਨ ਹੁੰਦਾ ਹੈ, ਇਸ ਤੋਂ ਬਾਅਦ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰਮਾਤਮਾ ਅੱਗੇ ਅਰਜੋਈ ਵਜੋਂ:

- ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।[2]

---

1- ਸੂਹੀ ਮਹਲਾ ੪ , ਆਦਿ ਗ੍ਰੰਥ ,ਪੰਨਾ 773-74

2- ਸਿਰੀ ਰਾਗ ਕੀ ਵਾਰ ਮਹਲਾ ੪ , ਸਲੋਕ ਮ: ੧ ਪਉੜੀ, ਆਦਿ ਗ੍ਰੰਥ, ਪੰਨਾ91

ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਲੜਕੀ ਦਾ ਪਿਤਾ ਲੜਕੀ ਦੇ ਹੱਥ ਪੱਲਾ ਫੜਾਉਂਦਾ ਹੈ ਤਾਂ ਉਸ ਸਮੇਂ:

-ਉਸਤਤਿ ਨਿੰਦਾ ਨਾਨਕ ਜੀ
ਮੈ ਹਭ ਵਞਾਈ ਛੋੜਿਆ
ਹਭੁ ਕਿਝੁ ਤਿਆਗੀ ।।
ਹਭੇ ਸਾਕ ਕੂੜਾਵੇ ਡਿਠੇ
ਤਉ ਪਲੈ ਤੈਡੈ ਲਾਗੀ ।।੧।।[1]

ਸ਼ਬਦ ਗਾਇਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਤੋਂ ਇਲਾਵਾ ਮੌਕੇ ਅਨੁਸਾਰ ਅਤੇ ਉਸ ਸਮੇਂ ਦੇ ਰਾਗਾਂ ਵਿੱਚ ਹੇਠ ਲਿਖੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ:

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ।।੧।।[2]

- ਇਹੁ ਮਨੁ ਸੁੰਦਰਿ ਆਪਣਾ ਹਰਿਨਾਮਿ ਮਜੀਠੈ ਰੰਗਿ ਰੀ।।
ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ।।੧।।[3]

- ਨਾ ਮੈ ਰੂਪੁ ਨ ਬੰਕੇ ਨੈਣਾ।।
ਨੁ ਕੁਲ ਢੰਗੁ ਨ ਮੀਠੇ ਬੈਣਾ।।੧।।[4]

---

1- ਸਲੋਕ ਮ: ੫, ਆਦਿ ਗ੍ਰੰਥ, ਪੰਨਾ 963

2- ਆਸਾ ਕਬੀਰ ਜੀਉ- ਉਹੀ-, ਪੰਨਾ 482

3- ਆਸਾ ਮਹਲਾ ੫,- ਉਹੀ-, ਪੰਨਾ 400

4- ਰਾਗੁ ਸੂਹੀ ਅਸਟਪਦੀਆਂ ਮਹਲਾ ੧, -ਉਹੀ-, ਪੰਨਾ 750

ਆਦਿ । ਇਸ ਤੋਂ ਬਾਅਦ ਲਾਵਾਂ ਦਾ ਪਾਠ ਹੁੰਦਾ ਹੈ । ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਭਾਈ ਸਾਹਿਬ ਪਹਿਲਾਂ ਇਕ ਲਾਂਵ ਪੜ੍ਹਦੇ ਹਨ ਜੋ ਵਿਆਹੰਦੜ ਜੋੜੀ ਹਜੂਰੀ ਵਿੱਚ ਬੈਠ ਕੇ ਧਿਆਨ ਨਾਲ ਸੁਣਦੀ ਹੈ । ਫਿਰ ਕੀਰਤਨੀਏ ਉਸ ਲਾਂਵ ਨੂੰ ਗਾ ਕੇ ਪੜ੍ਹਦੇ ਹਨ ਅਤੇ ਇਸ ਦੌਰਾਨ ਵਿਆਹੰਦੜ ਜੋੜੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੀ ਹੈ । ਇਸ ਤਰ੍ਹਾਂ ਵਾਰੋ ਵਾਰੀ ਲਾਵਾਂ ਪੜ੍ਹੀਆਂ ਜਾਂਦੀਆਂ ਹਨ । ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਹੀ ਪ੍ਰਕਰਮਾ ਲਈਆ ਜਾਂਦੀਆਂ ਹਨ । ਇਸ ਤੋਂ ਉਪਰੰਤ 'ਅਨੰਦ ਸਾਹਿਬ' ਦਾ ਗਾਇਨ ਕੀਤਾ ਜਾਂਦਾ ਹੈ । ਅਨੰਦ ਸਾਹਿਬ ਦੇ ਗਾਇਨ ਕਰਨ ਤੋਂ ਬਾਅਦ 'ਵੀਆਹੁ ਹੋਆ ਮੇਰੇ ਬਾਬੁਲਾ' ਸ਼ਬਦ ਦਾ ਗਾਇਨ ਕਰਕੇ ਸਮਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ । ਇਸ ਤਰ੍ਹਾਂ ਇਹ 'ਅਨੰਦ ਕਾਰਜ' ਦੀ ਰਸਮ ਪੂਰਨ ਹੁੰਦੀ ਹੈ ।

ਮੌਤ ਉਪਰੰਤ ਰਸਮਾਂ ਸਮੇਂ ਦੀਕੀਤਰਨ ਪਰੰਪਰਾ: ਗੁਰਮਤਿ ਸੰਗੀਤ ਵਿੱਚ ਹਰ ਖੁਸ਼ੀ, ਗਮੀ ਦੇ ਮੌਕੇ ਤੇ ਪ੍ਰਮਾਤਮਾ ਦੇ ਗੁਣ ਗਾਇਨ ਕਰਨ ਅਤੇ ਮਨ ਵਿੱਚ ਵਾਸਾਉਣ ਦੀ ਪਰੰਪਰਾ ਹੈ । ਇਸੇ ਤਰ੍ਹਾਂ ਪ੍ਰਾਣੀ ਦੇ ਅਕਾਲ ਚਲਾਣੇ ਤੇ ਜਦੋਂ ਤਕ ਦੇਹ ਹੈ, ਮਾਰੂ ਰਾਗ ਵਿਚ ਸ਼ਬਦ ਅਤੇ ਮਾਰੂ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ ਮਗਰੋਂ ਦੇਹ ਨੂੰ ਦਾਹ ਦੇਣ ਮਗਰੋਂ ਵਡਹੰਸ ਰਾਗ ਦੀਆਂ ਖਾਸ ਕਰਕੇ ਅਲਾਹੁਣੀਆਂ ਗਾਇਨ ਕਰਨ ਦਾ ਆਦੇਸ਼ ਹੈ । ਇਸ ਤੋਂ ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਜਾਂਦਾ ਹੈ ਅਤੇ ਸਮੇਂ ਦੇ ਨਿਰਧਾਰਤ ਰਾਗਾਂ ਵਿਚ ਮੌਕੇ ਅਨੁਸਾਰ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ । ਉਦਾਹਰਣ ਦੇ ਤੌਰ'ਤੇ

---

1. ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ 963

- ਜਗਤ ਮਹਿ ਝੂਠੀ ਦੇਖੀ ਪ੍ਰੀਤਿ ।।
  ਅਪਨੇ ਹੀ ਸੁਖ ਸਿਉ ਸਭ ਲਾਗੇ
  ਕਿਆ ਦਾਰਾ ਕਿਆ ਮੀਤ ॥[1]

- ਕਿਆ ਤੂ ਸੋਇਆ ਜਾਗੁ ਇਆਨਾ
  ਤੈ ਜੀਵਨੁ ਜਗਿ ਸਚੁ ਕਰਿ ਜਾਨਾ।।[2]

- ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ।।
  ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ।।
  ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ।।੧।।[3]

- ਨਾਂਗੇ ਆਵਨੁ ਨਾਂਗੇ ਜਾਨਾ ।।
  ਕੋਇ ਨ ਰਹਿ ਹੈ ਰਾਜਾ ਰਾਨਾ।।[4]

- ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।।
  ਸੁਤ ਦਾਰਾ ਪਹਿ ਆਨਿ ਲੁਟਾਵੈ।।੧।।
  ਮਨ ਮੇਰੇ ਭੂਲੇ ਕਪਟੁ ਨ ਕੀਜੈ ।।
  ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।।੧।।[5]

---

1- ਦੇਵਗੰਧਾਰੀ ਮਹਲਾ ੯, ਆਦਿ ਗ੍ਰੰਥ, ਪੰਨਾ 536
2- ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ, -ਉਹੀ-, ਪੰਨਾ 794
3- ਰਾਗੁ ਜੈਜਾਵੰਤੀ ਮਹਲਾ ੯, -ਉਹੀ -, ਪੰਨਾ 1352
4- ਭੈਰਉ ਕਬੀਰ ਜੀਉ, - ਉਹੀ - , ਪੰਨਾ 1157-58
5- ਸੋਰਠਿ ਕਬੀਰ ਜੀਉ, - ਉਹੀ -, ਪੰਨਾ 656

ਆਦਿ। ਇਨ੍ਹਾਂ ਸ਼ਬਦਾਂ ਵਿਚ ਸੰਸਾਰ ਦੀ ਨਾਸ਼ਮਾਨਤਾ, ਅਨਮੋਲ ਮਨੁੱਖੀ ਜੀਵਨ ਵਿਚ ਚੰਗੇ ਕਰਮ ਕਰਨ, ਅੰਤ ਸਮਾਂ ਯਾਦ ਰੱਖਣ ਤੇ ਸਮਾਜਿਕ ਕਾਰ ਵਿਹਾਰ ਕਰਦੇ ਸਮੇਂ ਮਾਇਆ ਵਲੋਂ ਉਪਰਾਮ ਹੋ ਕੇ ਪ੍ਰਮਾਤਮਾ ਨੂੰ ਯਾਦ ਕਰਨ ਦਾ ਸੰਦੇਸ਼ ਹੈ। ਇਨ੍ਹਾਂ ਸ਼ਬਦਾਂ ਦੇ ਗਾਇਨ ਕਰਨ ਤੋਂ ਉਪਰੰਤ ਸ੍ਰੀ 'ਅਨੰਦ ਸਾਹਿਬ' ਦਾ ਗਾਇਨ ਕਰਕੇ ਸਮਾਪਤੀ ਕੀਤੀ ਜਾਂਦੀ ਹੈ।

<u>ਮੌਸਮਾਂ (ਰੁੱਤਾਂ) ਨਾਲ ਸੰਬੰਧਿਤ ਕੀਰਤਨ ਸ਼ੈਲੀਆਂ</u>

ਗੁਰਮਤਿ ਸੰਗੀਤ ਪਰੰਪਰਾ ਵਿੱਚ ਕੀਰਤਨ ਲਈ ਰੁੱਤ ਅਤੇ ਮਹੀਨੇ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਰਾਮਾਹ ਵਿਚੋਂ ਮਹੀਨੇ ਨਾਲ ਸੰਬੰਧਿਤ ਸ਼ਬਦ ਦਾ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ ਤੇ ਪਾਠ ਅਤੇ ਗਾਇਨ ਕਰਨ ਦੀ ਪ੍ਰਥਾ ਹੈ। ਪ੍ਰਕ੍ਰਿਤੀ ਦਾ ਮਨ ਨਾਲ ਅਟੁੱਟ ਸੰਬੰਧ ਹੋਣ ਤੇ ਕਵੀ ਬਾਰਾਂ ਮਹੀ- -ਨਿਆਂ ਵਿਚ ਹੋਏ ਰੁੱਤ ਪਰਿਵਰਤਨ ਨੂੰ ਆਧਾਰ ਮੰਨ ਕੇ ਉਸ ਪ੍ਰਭੂ ਦੇ ਵਿਛੋੜੇ ਵਿਚ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਂਦਾ ਹੈ। ਇਹ ਕੋਈ ਛੰਦ ਜਾਤਿ ਨਹੀਂ। ਕਿਸੇ ਵੀ ਛੰਦ ਵਿੱਚ ਬਾਰਾਂ ਮਹੀਨਿਆਂ ਦੇ ਵਰਣਨ ਹੋਣ ਕਰਕੇ ਇਹ ਸੰਗਯਾ ਹੋ ਜਾਂਦੀ ਹੈ।[1] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਾਮਾਹ ਰਾਗ ਤੁਖਾਰੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਅੰਤਰਗਤ ਬਾਰਾਮਾਹ ਅੰਕਿਤ ਹੈ। ਬਾਰਾਮਾਹ ਤੁਖਾਰੀ ਵਿੱਚ ਉਸ ਪ੍ਰਭੂ ਦੇ ਵਿਯੋਗ ਦੀ ਪੀੜਾ ਦਾ ਚਿਤ੍ਰਣ ਹੈ ਅਤੇ ਅੰਤਿਮ ਛੰਤ ਵਿੱਚ ਇਹ ਵਿਯੋਗ ਪੀੜਾ, ਪ੍ਰਭੂ ਦੇ ਮਿਲਾਪ, ਸੰਜੋਗ ਤੋ

---

1. ਭਾਈ ਕਾਨ੍ਹ ਸਿੰਘ ਨਾਭਾ ,<u>ਗੁਰੂ ਛੰਦ ਦਿਵਾਕਰ</u>,ਪੰਨਾ160

ਖੁਸ਼ੀ ਵਿਚ ਪਰਿਵਰਤਿਤ ਹੋ ਜਾਂਦੀ ਹੈ ਅਤੇ ਬਾਰਾਮਾਹ ਮਾਝ ਵਿਚ ਵੀ ਮਨੁੱਖ ਦੇ ਜੀਵਨ ਨੂੰ ਦਰਸਾਇਆ ਹੋਇਆ ਅਧਿਆਤਮਕ ਬੋਧ ਦੇ ਲਕਸ਼ ਨੂੰ ਪ੍ਰਾਪਤ ਕਰਨ ਤੇ ਜੋਰ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਰਾਮਾਹ ਛੰਤ ਰੂਪ ਵਿਚ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦੋਵੇਂ ਬਾਰਾਮਾਹ ਵਿਚ ਗਾਇਨ ਦੇ ਵਿਸ਼ਿਸ਼ਟ ਵਿਧਾਨ ਲਈ ਰਹਾਉ ਵਰਗੇ ਸੰਕੇਤ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਰਾਮਾਹ ਵਿਚੋ ਕੁਝ ਸ਼ਬਦਾਂ ਦੀ ਸੁਰ ਲਿਪੀ 336 ਪੰਨੇ ਤੇ ਪ੍ਰਸਤੁਤ ਕੀਤੀ ਜਾ ਰਹੀ ਹੈ।

ਬਸੰਤ ਰੁਤ ਵਿੱਚ ਰਾਗ ਬਸੰਤ ਦਾ ਵਿਸ਼ੇਸ਼ ਸਥਾਨ ਹੈ। ਗੁਰਮਤਿ ਸੰਗੀਤ ਪਰੰਪਰਾ ਵਿੱਚ ਮਾਘੀ ਦੀ ਸੰਗਰਾਂਦ ਦੇ ਦਿਹਾੜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਸਾਹਿਬ ਰਾਗੀ ਸਿੰਘਾਂ ਨੂੰ ਫੁੱਲ ਭੇਟ ਕਰਕੇ ਬਸੰਤ ਰਾਗ ਖੋਲ੍ਹਣ ਦੀ ਬੇਨਤੀ ਕਰਦੇ ਹਨ। ਇਸ ਦਿਨ ਤੋਂ ਹਰ ਕੀਰਤਨ ਚੌਕੀ ਵਿੱਚ ਬਸੰਤ ਰਾਗ ਖੁਸ਼ੀ ਦਾ ਭਰਿਆ, ਖੇੜਾ ਲਿਆਉਣ ਵਾਲਾ ਰਾਗ ਹੈ ਪਰ ਇਸਨੂੰ ਇਨ੍ਹਾਂ ਦਿਨਾਂ ਵਿੱਚ ਚਾਹੇ ਕੋਈ ਖੁਸ਼ੀ ਹੋਵੇ ਜਾਂ ਗ਼ਮੀ, ਹਰ ਸਮਾਗਮ ਤੇ ਬਸੰਤ ਰਾਗ ਵਿੱਚ ਸ਼ਬਦ ਅਤੇ ਪਉੜੀ ਲਗਾਉਣ ਦੀ ਮਰਿਆਦਾ ਹੈ। ਬਸੰਤ ਰਾਗ ਦੇ ਗਾਇਨ ਕਰਨ ਦੀ ਇਹ ਪ੍ਰਕ੍ਰਿਆ ਹੋਲੇ ਮਹੱਲੇ ਤਕ ਇਸ ਤਰ੍ਹਾਂ ਹੀ ਜਾਰੀ ਰਹਿੰਦੀ ਹੈ ਅਤੇ ਇਨ੍ਹਾਂ ਦਿਨਾਂ ਵਿੱਚ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ । ਜੇ ਕੋਈ ਗਾਇਕ (ਕੀਰਤਨੀਆਂ) ਕੀਰਤਨ ਸਮੇਂ ਬਸੰਤ ਰਾਗ ਵਿੱਚ ਸ਼ਬਦ ਗਾਇਨ ਨਹੀਂ ਕਰਦਾ ਤਾਂ ਉਹ ਰਾਗੀ ਕਿੰਨਾ ਸੰਗੀਤ ਵਿਦਵਾਨ ਹੀ ਕਿਉਂ ਨਾ ਹੋਵੇ ਉਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸਨੇ ਗੁਰਬਾਣੀ ਸੰਗੀਤ ਦੀ ਪਰੰਪਰਗਤ ਸਿਖਿਆ ਨਹੀਂ ਲਈ।

ਬਸੰਤ ਰਾਗ ਦੀ ਹਰ ਕੀਰਤਨ ਚੌਕੀ ਵਿੱਚ ਗਾਇਨ ਕਰਨ ਦੀ ਸਮਾਪਤੀ ਲਈ ਵਿਸ਼ੇਸ਼ ਪਰੰਪਰਾ ਹੈ। ਹੋਲੇ ਮਹੱਲੇ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ 'ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਬਸੰਤ ਰਾਗ ਦੀ ਪਉੜੀ ਲਗਾ ਕੇ 'ਆਸਾ ਦੀ ਵਾਰ' ਅਤੇ ਬਸੰਤ ਰਾਗ ਦੀ ਸਮਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ ਅਤੇ ਇਸਤਰ੍ਹਾਂ ਰਾਗ ਬਸੰਤ ਦਾ ਗਾਇਨ ਅਗਾਮੀ ਸਾਲ ਤਕ ਬੰਦ ਕੀਤਾ ਜਾਂਦਾ ਹੈ। ਫਿਰ ਗੁਲਾਲ ਖੇਡਦੇ ਹੋਏ ਹੋਲੇ ਮਹੱਲੇ ਦਾ ਜਲੂਸ ਕੱਢਿਆ ਜਾਂਦਾ ਹੈ ਅਤੇ ਹੋਲੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਜਿਸਦਾ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ।

ਸਾਵਣ ਮਹੀਨੇ ਵਿੱਚ ਮਲ੍ਹਾਰ ਰਾਗ ਦਾ ਰਾਜ ਹੁੰਦਾ ਹੈ। ਇਸਦਾ ਆਰੰਭ ਸਾਵਣ ਦੀ ਸੰਗਰਾਂਦ ਦੇ ਦਿਹਾੜੇ ਕੀਤਾ ਜਾਂਦਾ ਹੈ ਅਤੇ ਸਾਰਾ ਮਹੀਨਾ ਬਸੰਤ ਰਾਗ ਦੀ ਤਰ੍ਹਾਂ ਹਰ ਕੀਰਤਨ ਚੌਕੀ ਵਿੱਚ ਮਲ੍ਹਾਰ ਰਾਗ ਵਿੱਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ। ਰਾਗ ਬਸੰਤ ਅਤੇ ਰਾਗ ਮਲ੍ਹਾਰ ਦੀ ਪਉੜੀ ਦੇ ਸਰੂਪ ਨੂੰ ਸਮਝਣ ਲਈ ਦੋਨੋਂ ਪਉੜੀਆਂ ਦੀ ਸੁਰ ਲਿਪੀ 339 ਪੰਨੇ 'ਤੇ ਵੇਖੋ ।

## ਗੁਰਮਤਿ ਸੰਗੀਤ ਵਿੱਚ ਪ੍ਰਚੱਲਿਤ ਹੋਰ ਕੀਰਤਨ ਚੌਕੀਆਂ

ਸਿੱਖਾਂ ਦੇ ਹੋਰ ਵੱਡੇ (ਇਤਿਹਾਸਕ ਗੁਰਦੁਆਰਿਆਂ ਵਿਚ) ਤਖਤਾਂ ਉਤੇ ਕੀਰਤਨ ਦੀਆਂ ਆਸਾ ਦੀ ਵਾਰ ਦੀ ਚੌਕੀ, ਸੋ ਦਰੁ, ਆਰਤੀ ਦੀ ਚੌਕੀ ਤੋਂ ਬਿਨਾਂ ਹੋਰ ਚੌਕੀਆਂ ਵੀ ਲਗਾਈਆਂ ਜਾਂਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਇਨ੍ਹਾਂ ਕੀਰਤਨ ਚੌਕੀਆਂ ਦੀ ਪਰੰਪਰਾ ਸਭ ਤੋਂ ਪੁਰਾਤਨ ਅਤੇ ਵਡੇਰੀ ਹੈ। ਗੁਰਮਤਿ ਸੰਗੀਤ ਸੰਬੰਧੀ ਵੱਖ-ਵੱਖ ਪੁਸਤਕਾਂ ਦੇ ਹਵਾਲੇ ਗ੍ਰੰਥਾਂ ਤੋਂ ਪ੍ਰਾਪਤ ਸਰੋਤਾਂ

ਅਤੇ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਵਿਵਹਾਰਕ ਕੀਰਤਨ ਪਰੰਪਰਾ ਤੋਂ ਸਾਨੂੰ ਹੇਠ ਲਿਖੀਆਂ ਕੀਰਤਨ ਚੌਕੀਆਂ ਮਿਲਦੀਆਂ ਹਨ:

ਤਿੰਨ ਪਹਿਰੇ ਦੀ ਚੌਕੀ: ਇਹ ਚੌਕੀ ਸ੍ਰੀ ਹਰਿਮੰਦਰ ਸਾਹਿਬ ਦੇ ਕਿਵਾੜ ਖੁਲ੍ਹਣ ਤੋਂ ਪਹਿਲਾਂ ਰਾਤ ਦੇ ਤੀਸਰੇ ਪਹਿਰ ਵਿਚ ਲਗਾਈ ਜਾਂਦੀ ਸੀ, ਜਿਸ ਵਿਚ ਪ੍ਰਭੂ ਦਰਸ਼ਨ, ਗੁਰੂ ਦਰਸ਼ਨ ਆਦਿ ਦੇ ਵਿਸ਼ੇ ਨਾਲ ਸੰਬੰਧਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਸੀ। ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਜੀ(125 ਸਾਲਾਂ ਦੀ ਉਮਰ ਸੀ) 78 ਵਰ੍ਹੇ ਇਸ ਕੀਰਤਨ ਚੌਕੀ ਵਿਚ ਸਾਰੰਦੇ ਸਾਜ਼ ਨਾਲ ਹਾਜ਼ਰੀ ਭਰਦੇ ਰਹੇ ।

ਆਸਾ ਕੀ ਵਾਰ ਦੀ ਚੌਕੀ: 'ਆਸਾ ਦੀ ਵਾਰ ਦੀ ਚੌਕੀ', ਰਾਗ ਆਸਾ 'ਤੇ ਆਧਾਰਿਤ ਹੈ। ਇਸ ਚੌਕੀ ਵਿਚ 'ਆਸਾ ਦੀ ਵਾਰ' ਦਾ ਵੀ ਗਾਇਨ ਕੀਤਾ ਜਾਂਦਾ ਹੈ। ਇਸ ਬਾਰੇ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ।

ਬਿਲਾਵਲ ਦੀ ਚੌਕੀ: ਰਾਗ ਬਿਲਾਵਲ ਨਾਲ ਸੰਬੰਧਿਤ 'ਬਿਲਾਵਲ ਦੀ ਚੌਕੀ' ਵਿਚ ਰਾਗ ਬਿਲਾਵਲ ਵਿਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ।

ਆਨੰਦ ਦੀ ਚੌਕੀ: ਇਸ ਚੌਕੀ ਵਿਚ ਪੂਰਵ ਦੁਪਹਿਰ ਤੇ ਦੁਪਹਿਰ ਦੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਅੰਤ ਤੇ ਸਮੇਂ ਨਾਲ ਸੰਬੰਧਿਤ ਰਾਗ ਵਿਚ ਪਉੜੀ ਲਗਾ ਕੇ ਚੌਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਇਸਨੂੰ 'ਸਾਰੰਗ ਦੀ ਚੌਕੀ' ਵੀ ਕਿਹਾ ਜਾਂਦਾ ਹੈ।

ਚਰਨ ਕੰਵਲ ਦੀ ਚੌਕੀ: ਇਸ ਚੌਕੀ ਅੰਤਰਗਤ ਦੁਪਹਿਰ ਦੇ ਰਾਗਾਂ ਵਿਚ ਗੁਰਬਾਣੀ ਗਾਇਨ ਕੀਤੀ ਜਾਂਦੀ ਹੈ। ਇਸਨੂੰ 'ਤਿਲੰਗ ਦੀ ਚੌਕੀ' ਵੀ ਆਖਿਆ ਜਾਂਦਾ ਹੈ।

ਸੋ ਦਰੁ ਦੀ ਚੌਕੀ: 'ਸੋ ਦਰੁ ਦੀ ਚੌਕੀ' ਵਿਚ ਸਮੇਂ ਨਾਲ ਸੰਬੰਧਿਤ ਸ਼ਬਦਾਂ ਤੋਂ ਇਲਾਵਾ 'ਸੋ ਦੁਰ' ਦਾ ਗਾਇਨ ਕੀਤਾ ਜਾਂਦਾ ਹੈ।ਪਉੜੀ ਸ਼ੈਲੀ ਵਿਚ ਪਉੜੀ ਤਾਲ ਵਿਚ ਗਾਇਨ ਕੀਤਾ ਜਾਂਦਾ ਹੈ। ਸੋ ਦਰੁ ਦੇ ਗਾਇਨ ਤੋਂ ਬਾਅਦ 'ਰਹਿਰਾਸ ਸਾਹਿਬ' ਦਾ ਪਾਠ ਕਰਕੇ ਉਪਰੰਤ ਅਰਦਾਸ ਕਰਕੇ ਇਸ ਚੌਕੀ ਦੀ ਸਮਾਪਤੀ ਕੀਤੀ ਜਾਂਦੀ ਹੈ।

ਆਰਤੀ ਦੀ ਚੌਕੀ: 'ਆਰਤੀ ਦੀ ਚੌਕੀ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵਿਦਾਸ, ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਵਿਚ ਅਤੇ ਭਗਤ ਕਬੀਰ ਜੀ ਦੁਆਰਾ ਰਚਿਤ ਰਾਗ ਪ੍ਰਭਾਤੀ ਵਿਚ ਆਰਤੀ ਗਾਇਨ'ਤੇ ਆਧਾਰਿਤ ਹੈ।

ਕਾਨੜੇ ਜਾਂ ਕਲਿਆਣ ਦੀ ਚੌਕੀ: 'ਕਾਨੜੇ ਜਾਂ ਕਲਿਆਣ ਦੀ ਚੌਕੀ' ਅਤੇ 'ਆਰਤੀ ਦੀ ਚੌਕੀ' ਸੰਬੰਧੀ ਸਿੱਖ ਸੰਗੀਤਕਾਰਾਂ ਵਿੱਚ ਮੱਤਭੇਦ ਹੈ।ਕੁਝ ਸੰਗੀਤ ਵਿਦਵਾਨਾਂ ਨੇ 'ਆਰਤੀ ਦੀ ਚੌਕੀ' ਅਤੇ 'ਕਾਨੜੇ ਜਾਂ ਕਲਿਆਣ ਦੀ ਚੌਕੀ' ਨੂੰ ਇਕ ਮੰਨਿਆ ਹੈ ਪਰ ਕਈ 'ਆਰਤੀ ਦੀ ਚੌਕੀ' ਨੂੰ ਅਲੱਗ ਅਤੇ 'ਕਾਨੜੇ ਜਾਂ ਕਲਿਆਣ ਦੀ ਚੌਕੀ' ਨੂੰ ਅਲੱਗ ਦੂਸਰੀ ਚੌਕੀ ਮੰਨਦੇ ਹਨ। ਇਨ੍ਹਾਂ ਚੌਕੀਆਂ ਵਿੱਚ ਰਾਤ ਦੇ ਦੂਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਅਤੇ ਪਉੜੀ ਲਗਾਈ ਜਾਂਦੀ ਹੈ।

ਉਪਰੋਕਤ ਉਲੇਖ ਤੋਂ ਸਪਸ਼ਟ ਹੈ ਕਿ ਉਕਤ ਚੌਕੀਆਂ ਵੱਖ-ਵੱਖ ਰਾਗਾਂ ਉਤੇ ਹੀ ਆਧਾਰਿਤ ਸਨ ਜਿਨ੍ਹਾਂ ਵਿਚ ਇਨ੍ਹਾਂ ਰਾਗਾਂ ਅਨੁਸਾਰ ਸ਼ਾਸਤਰੀ ਅੰਦਾਜ਼ ਵਿਚ ਗੁਰਮਤਿ ਗਾਇਨ ਵਿਧੀ ਅਨੁਸਾਰ ਕਸਬੀ ਮੁਹਾਰਤ ਨਾਲ ਗਾਇਨ ਦੀ ਇਕ ਵਿਸ਼ਾਲ ਪਰੰਪਰਾ ਮੌਜੂਦ ਰਹੀ ਹੈ। ਇਹ ਚੌਕੀਆਂ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਵਿਚ ਪ੍ਰਯੋਗ ਹੋਣ ਵਾਲੇ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਸਪਸ਼ਟ ਪ੍ਰਮਾਣ ਅਤੇ ਸਾਕਸ਼ਾਤ ਸਰੂਪ ਹਨ।

ਇਹ ਚੌਕੀਆਂ ਰਾਗਾਂ ਦੇ ਨਾਵਾਂ ਅਨੁਸਾਰ ਅਤੇ ਰਾਗਾਂ ਦੇ ਸਮੇਂ'ਤੇ ਆਧਾਰਿਤ ਹੁੰਦੀਆਂ ਹਨ। ਇਨ੍ਹਾਂ ਚੌਕੀਆਂ ਵਿਚ ਸੰਬੰਧਿਤ ਸਮੇਂ ਦੇ ਰਾਗਾਂ ਵਿਚ ਸ਼ਬਦ ਅਤੇ ਪਉੜੀ ਲਗਾਈ ਜਾਂਦੀ ਹੈ। ਪੁਰਾਤਨ ਰਾਗੀ ਸਿੰਘ ਇਨ੍ਹਾਂ ਕੀਰਤਨ ਚੌਕੀਆਂ ਨੂੰ ਸ਼ੁੱਧ ਪਰੰਪਰਾ ਅਨੁਸਾਰ ਲਗਾਉਂਦੇ ਸਨ ਜੋ ਉੱਚ ਕੋਟੀ ਦੇ ਕਸਬੀ ਕਲਾਕਾਰ ਸਨ। ਇਸ ਬਾਰੇ ਭਾਈ ਕ੍ਰਿਪਾਲ ਸਿੰਘ ਜੀਆਪਣੇ ਲੇਖ 'ਸ੍ਰੀਹਰਿਮੰਦਰ ਸਾਹਿਬ ਦੀਆਂ ਕੀਰਤਨ ਚੌਕੀਆਂ' ਵਿਚ ਲਿਖਦੇ ਹਨ, "ਪੁਰਾਤਨ ਸਮੇਂ ਚੌਕੀ ਦੇ ਆਰੰਭ ਵਿਚ ਪਹਿਲਾ ਸ਼ਬਦ ਡੂੰਘੇ ਰਾਗ ਵਿਚ ਆਲਾਪ ਸਹਿਤ ਗਾਇਆ ਜਾਂਦਾ ਸੀ। ਬਾਕੀ ਦੇ ਸ਼ਬਦ ਰਾਗੀ ਸਿੰਘ ਮੌਕੇ ਅਨੁਸਾਰ ਆਪਣੀ ਮਰਜ਼ੀ ਦੇ ਸਰਲ ਰਾਗਾਂ 'ਚ ਗਾਉਂਦੇ ਸਨ ਪਰ ਅੱਜਕੱਲ੍ਹ ਰਾਗੀ ਸਿੰਘ ਇਸ ਮਰਿਆਦਾ ਨੂੰ ਪੂਰਾ ਨਹੀਂ ਕਰ ਰਹੇ। ਪੁਰਾਤਨ ਸਮੇਂ ਰਾਗੀ ਸਿੰਘ ਹਰ ਰਾਗ ਨੂੰ ਉਸਦੇ ਸਮੇਂ ਅਨੁਸਾਰ ਗਾਉਂਦੇ ਸਨ ਜਿਵੇਂ 'ਆਸਾ ਦੀ ਵਾਰ' ਅੰਮ੍ਰਿਤ ਸਮੇਂ ਅਤੇ ਸ਼ਾਮ ਨੂੰ ਸੋ ਦਰੁ ਦੇ ਆਰੰਭ ਵਿਚ 'ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ' ਵਾਲਾ ਸ਼ਬਦ ਆਸਾ ਰਾਗ ਵਿਚ ਗਾਇਆ ਜਾਂਦਾ ਸੀ। ਅੱਜ ਕੱਲ੍ਹ ਦੇ ਕੁਝ ਨਵੇਂ ਰਾਗੀ

ਸਿੱਖ ਇਸ ਮਰਯਾਦਾ ਦੀ ਪਾਲਣਾ ਨਹੀਂ ਕਰ ਰਹੇ। ਪੁਰਾਤਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਤੇ ਰਬਾਬੀ ਸੰਗੀਤ ਦੇ ਮਹਾਨ ਆਚਾਰਯ ਹੁੰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਭਾਰਤ ਭਰ ਦੇ ਸੰਗੀਤਕਾਰ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆਂ ਜਾਂ ਰਬਾਬੀਆਂ ਨਾਲ ਮੁਕਾਬਲਾ ਕਰਨੋਂ ਝਿਜਕਦੇ ਸਨ ਪਰ ਅੱਜ ਕਲ੍ਹ ਐਸਾ ਨਹੀਂ।[1]

ਸਿੱਖ ਕੀਰਤਨ ਵਿੱਚ ਪ੍ਰਯੁਕਤ ਸ਼ੈਲੀਆਂ ਸੰਬੰਧੀ ਮੱਧਕਾਲੀਨ ਭਾਰਤੀ ਕੀਰਤਨ ਪਰੰਪਰਾ ਦੇ ਪ੍ਰਸੰਗ ਵਿਚ ਕੀਤੀ ਗਈ ਚਰਚਾ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਪਰੰਪਰਾ ਨੂੰ ਸਿੱਖ ਗੁਰੂ ਸਾਹਿਬਾਨਾਂ ਨੇ ਵਿਵਹਾਰਕ ਰੂਪ ਵਿੱਚ ਸਥਾਪਿਤ ਕੀਤਾ। ਗੁਰਮਤਿ ਸੰਗੀਤ ਦੇ ਇਸ ਵਿਵਹਾਰਕ ਰੂਪ ਦਾ ਸਿਧਾਂਤਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਜਾਗਰ ਹੋਣ ਵਾਲਾ ਗੁਰਮਤਿ ਸੰਗੀਤ ਪ੍ਰਬੰਧ ਹੈ। ਇਹ ਸੰਗੀਤ ਪ੍ਰਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਦੀ ਬਾਣੀ ਦੇ ਗਾਇਨ ਹਿੱਤ ਅਤੇ ਬਾਣੀ ਦੇ ਪ੍ਰਯੋਜਨ ਦੀ ਸਿਧੀ ਲਈ ਸਿਰਜਿਆ ਗਿਆ ਹੈ। ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀਆਂ ਕੀਰਤਨ ਗਾਇਨ ਸ਼ੈਲੀਆਂ ਦੇ ਸੰਬੰਧ ਵਿਚ ਕੀਤੀ ਚਰਚਾ ਤੋਂ ਸਪਸ਼ਟ ਹੈ ਕਿ ਇਹ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਧਾਰਨੀ ਹਨ। ਗੁਰਮਤਿ ਸੰਗੀਤ ਦੀਆਂ ਇਨ੍ਹਾਂ ਗਾਇਨ ਸ਼ੈਲੀਆਂ ਦੇ ਸੰਬੰਧ ਵਿੱਚ ਕੀਤੀ ਚਰਚਾ ਤੋਂ ਸਪਸ਼ਟ ਹੈ ਕਿ ਇਹ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਧਾਰਨੀ ਹਨ। ਗੁਰਮਤਿ ਸੰਗੀਤ ਦੀਆਂ ਇਨ੍ਹਾਂ ਗਾਇਨ ਸ਼ੈਲੀਆਂ ਦੀ ਇਹ ਵਿਲੱਖਣਤਾ ਵੀ ਹੈ ਕਿ ਇਨ੍ਹਾਂ ਸ਼ੈਲੀਆਂ ਨੂੰ ਸ਼ਾਸਤਰੀ ਸੰਗੀਤ ਦੇ ਵਿਭਿੰਨ ਸਿਧਾਂਤਾਂ ਦੁਆਰਾ ਸੰਗੀਤ ਬੱਧ ਕਰਨ ਦੀ ਪਰੰਪਰਾ ਹੈ। ਇਹ ਸਿਧਾਂਤ ਭਾਵੇਂ ਭਾਰਤੀ ਸ਼ਾਸਤਰੀ ਸੰਗੀਤ ਦੇ ਆਧਾਰ 'ਤੇ ਉਤਪੰਨ ਹੋਏ ਹਨ ਪਰ ਇਨ੍ਹਾਂ ਵਿੱਚ ਭਾਰਤੀ ਸ਼ਾਸਤਰੀ ਸੰਗੀਤ ਦੇ ਅਨੁਸ਼ਾਸਨ ਦੀ ਕੱਟੜਤਾ ਨਾਲ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਦਾ ਬੰਧੇਜ ਹੈ। ਜਿਸਦੇ ਅੰਤਰਗਤ ਅਧਿਆਤਮ ਆਨੰਦ

1- ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-1991, ਪੰਨਾ 18

ਅਤੇ ਅਧਿਆਤਮ ਬੋਧ ਦਾ ਲਕਸ਼ ਨਿਰਧਾਰਣ ਹੈ। ਉਦਾਹਰਣ ਦੇ ਤੌਰ 'ਤੇ ਇਨ੍ਹਾਂ ਸ਼ੈਲੀਆਂ ਨੂੰ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ ਵਾਂਗੂ ਰਾਗ ਅਤੇ ਸਥਾਈ , ਅੰਤਰਾ ਭਾਗਾਂ ਵਿੱਚ ਨਿਬੱਧ ਕਰਨ ਦੇ ਸੰਕੇਤ ਤੇ ਸਿਰਲੇਖ ਦਿੱਤੇ ਗਏ ਹਨ। ਇਹ ਸਿਰਲੇਖ ਸਨਾਤਨੀ ਕਾਵਿ ਦੇ ਅੰਤਰਗਤ ਪ੍ਰਯੋਗ ਹੋਣ ਵਾਲੇ ਸ਼ਾਸਤਰੀ ਗਾਇਨ ਰੂਪਾਂ ਲਈ ਹੀ ਨਹੀਂ ਸਗੋਂ ਲੋਕ ਅੰਗ ਦੀਆਂ ਅਲਾਹੁਣੀਆਂ, ਘੋੜੀਆਂ ਸ਼ੈਲੀਆਂ ਨੂੰ ਵੀ ਰਾਗ, ਸਥਾਈ, ਅੰਤਰਾ ਆਦਿ ਅਨੁਸਾਰ ਨਿਬੱਧ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਵਿੱਚ ਇਸ ਪਰੰਪਰਾ ਦੇ ਸੰਸਥਾਪਕ ਅਤੇ ਪ੍ਰਚਾਰਕਾਂ ਨੇ ਗੁਰਮਤਿ ਸੰਗੀਤ ਦੀਆਂ ਸ਼ੈਲੀਆਂ ਨੂੰ ਸ਼ਾਸਤਰੀ ਆਧਾਰ ਪ੍ਰਦਾਨ ਕਰਵਾਇਆ ਹੈ। ਇਹ ਸ਼ਾਸਤਰੀ ਆਧਾਰ ਭਾਰਤੀ ਸ਼ਾਸਤਰੀ ਸੰਗੀਤ ਦੇ ਉਨ੍ਹਾਂ ਨਿਯਮਾਂ ਤੇ ਸਿਧਾਂਤਾਂ ਦੀ ਸਹਾਇਤਾ ਨਾਲ ਉਤਪੰਨ ਹੋਇਆ ਹੈ ਜੋ ਗੁਰਮਤਿ ਸੰਗੀਤ ਦੇ ਪ੍ਰਯੋਜਨ ਦੀ ਸਿਧੀ ਲਈ ਲਾਭਕਾਰੀ ਸਨ। ਉਦਾਹਰਣ ਦੇ ਤੌਰ 'ਤੇ ਕਲਾਤਮਕ ਪ੍ਰਦਰਸ਼ਨ ਆਡੰਬਰ ਤੇ ਆਕਰਸ਼ਣ ਦੇ ਪ੍ਰਯੋਗ ਤੇ ਹੋਣ ਵਾਲੇ ਸ਼ਾਸਤਰੀ ਸੰਗੀਤ ਦੇ ਗਾਇਨ ਤੱਤਾਂ ਨੂੰ ਗੁਰਮਤਿ ਸੰਗੀਤ ਵਿੱਚ ਕੋਈ ਸਥਾਨ ਨਹੀਂ ਦਿੱਤਾ ਗਿਆ, ਅਤੇ ਨਾ ਹੀ ਇਨ੍ਹਾਂ ਦੇ ਸੰਬੰਧ ਵਿੱਚ ਕੋਈ ਸੰਕੇਤ ਜਾਂ ਹਵਾਲਾ ਉਪਲਬਧ ਹੁੰਦਾ ਹੈ। ਸਗੋਂ ਇਸ ਕਿਸਮ ਦੇ ਆਡੰਬਰ ਦਾ ਖੰਡਨ ਕੀਤਾ ਗਿਆ ਹੈ।

-ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ।।
ਹਉਮੈ ਵਿਚਿ ਗਾਵਹਿ ਬਿਰਥਾ ਜਾਇ।।[1]

---

1- ਗਉੜੀ ਗੁਆਰੇਰੀ ਮਹਲਾ ੩ ਆਦਿ ਗ੍ਰੰਥ, ਪੰਨਾ 158

\- ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥ [1]

ਗੁਰੂ ਸਾਹਿਬ ਨੇ ਉਪਰੋਕਤ ਅਨੁਸਾਰ ਸਿਰਜਤ ਪਰੰਪਰਾ ਨੂੰ ਕੇਵਲ ਲਿਖਿਤ ਜਾਂ ਸਿਧਾਂਤਕ ਰੂਪ ਤਕ ਹੀ ਸੀਮਤ ਨਹੀਂ ਕੀਤਾ ਸਗੋਂ ਇਸ ਨੂੰ ਭਿੰਨ ਭਿੰਨ ਕੀਰਤਨ ਚੌਕੀਆਂ ਦੇ ਰੂਪ ਵਿੱਚ ਨਿਤਾਪ੍ਰਤੀ ਅਤੇ ਜੀਵਨ ਦੇ ਵੱਖ-ਵੱਖ ਰਸਮਾਂ, ਉਤਸਵਾਂ, ਅਵਸਰਾਂ, ਤੇ ਮੌਸਮਾਂ ਆਦਿ ਤੇ ਬਾਕਾਇਦਾ ਗਾਉਣ ਦੀ ਪਰੰਪਰਾ ਦਾ ਵਿਵਹਾਰਕ ਰੂਪ ਵਿੱਚ ਪ੍ਰਚਲਨ ਕੀਤਾ। ਗੁਰੂ ਸਾਹਿਬ ਨੇ ਇਨ੍ਹਾਂ ਕੀਰਤਨ ਸ਼ੈਲੀਆਂ ਨੂੰ ਖੁਦ ਗਾਇਆ, ਕਸਬੀ ਤੇ ਸਾਧਾਰਣ ਸਿੱਖ ਸੰਗਤਾਂ ਤੋਂ ਗਵਾਇਆ ਅਤੇ ਕਲਜੁਗ ਵਿੱਚ ਕੀਰਤਨ ਨੂੰ ਪ੍ਰਧਾਨ ਦਰਜਾ ਦਿੰਦਿਆ ਇਸਨੂੰ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾ ਦਿੱਤਾ ਜਿਨ੍ਹਾਂ ਦਾ ਅੱਜ ਤਕ ਪ੍ਰਚਲਨ ਹੈ ਇਹੋ ਕਾਰਣ ਹੈ ਕਿ ਇਹ ਕੀਰਤਨ ਸ਼ੈਲੀਆਂ ਸੀਨਾ-ਬ-ਸੀਨਾ ਸਾਡੇ ਕੋਲ ਪਹੁੰਚੀਆਂ ਹਨ। ਇਨ੍ਹਾਂ ਕੀਰਤਨ ਸ਼ੈਲੀਆਂ ਦਾ ਸ਼ਾਸਤਰੀ ਅਧਿਐਨ, ਪਛਾਣ ਅਤੇ ਸਰੂਪ ਦੀ ਸਥਾਪਤੀ ਦਾ ਉਪਰੋਕਤ ਯਤਨ ਵਿਸ਼ੇ ਦੀ ਸੀਮਾ ਨੂੰ ਮੁੱਖ ਰਖਕੇ ਸੰਖੇਪ ਰੂਪ ਵਿੱਚ ਹੀ ਕੀਤਾ ਗਿਆ ਹੈ ਵਰਨਾ ਇਹ ਵਿਸ਼ਾ ਗੰਭੀਰ ਖੋਜ ਅਤੇ ਵਿਸਤਰਿਤ ਅਧਿਐਨ ਦੀ ਮੰਗ ਕਰਦਾ ਹੈ।

---

1) ਸਲੋਕ ਮਹਲਾ ੩ (ਪਉੜੀ), ਆਦਿ ਗ੍ਰੰਥ, ਪੰਨਾ 1285

ਸਿਰੀ ਰਾਗੁ ਮਹਲਾ ੧ ਘਰੁ

ਅਮਲੁ ਕਰਿ ਧਰਤੀ ਬੀਜੁ ਸਬਦੋ ਕਰ ਸਚ ਕੀ ਆਬ ਨਿਤ ਦੇਹਿ ਪਾਣੀ ॥

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥੧॥

ਮਤੁ ਜਾਣਸਹਿ ਗਲੀ ਪਾਇਆ ॥

ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥੧॥ ਰਹਾਉ॥

ਐਬ ਤਨਿ ਚਿਕੜੋ ਇਹ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲ ਪਾਈ ॥

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥ ॥

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥

ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥ ॥

ਤੀਹ ਕਰਿ ਰਖੇ ਪੰਜਿ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ॥

ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥

(ਆਦਿ ਗ੍ਰੰਥ ਪੰਨਾ 23,24)

ਰਾਗ ਸਿਰੀ — ਚਾਰ ਤਾਲ (ਵਿਲੰਬਿਤ ਲੈਅ)

| + | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਪ | – | ਧੁ | ਪ | – | – | ਰੁ | ਗ | ਰੁ | ਸ | – | ਸਰੁ |
| ਜਾ | ਣ | ਸਹਿ | ਗ | S | ਲੀ | ਪ | S | S | ਇਆ | S | ਮਤੁ |
| ਪ | – | ਧੁ | ਪ | – | – | ਰੁ | ਗ | ਰੁ | ਸ | – | – |
| ਜਾ | ਣ | ਸਹਿ | ਗ | S | ਲੀ | ਪ | S | S | ਇਆ | S | S |
| ਸ | ਰੁ | – | ਗ | ਰੁ | ਸ | ਪ | ਮ' | ਧੁ | ਪ | – | – |
| ਮਾ | ਲ | ਕੈ | ਮਾ | S | ਣੈ | ਰੂ | ਪ | ਕੀ | ਸੋ | S | ਭਾ |
| ਨ | – | ਨਧੁ | ਪ | – | – | ਰੁ | ਗ | ਰੁ | ਸ | – | ਸਰੁ |
| ਇਤੁ | ਬਿ | ਧੀ | ਜਨ | ਮੁ | ਗ | ਵਾ | S | S | ਇਆ | S | ਮਤੁ |
| ਪ | | | | | | | | | | | |
| ਜਾ | | | | | | | | | | | |
| **ਅੰਤਰਾ** | | | | | | | | | | | |
| ਪ | ਮ' | ਪ | ਨ | – | – | ਸਂ | – | ਰੇਂ | ਸਂ | – | – |
| ਅਮ | ਲੁ | ਕਰਿ | ਧਰ | ਤੀ | S | ਬੀ | ਜੁ | ਸਬ | ਦੋ | ਕ | ਰਿ |
| ਰੇਂ | – | – | ਗਂ | ਰੇਂ | ਸਂ | ਨ | ਧੁ | – | ਪ | – | – |
| ਸ | ਚ | ਕੀ | ਆ | ਬ | ਨਿਤ | ਦੇ | ਹਿ | S | ਪਾ | S | ਣੀ |
| ਪ | ਮ' | ਪ | ਨ | – | – | ਸਂ | – | ਰੇਂ | ਸਂ | – | – |
| ਹੋ | ਇ | ਕਿਰ | ਸਾ | ਣੁ | ਈ | ਮਾ | ਨੁ | ਜੰ | ਮਾ | ਇ | ਲੈ |
| ਰੇਂ | – | – | ਗਂ | ਰੇਂ | ਸਂ | ਨ | ਧੁ | – | ਪ | – | – |
| ਭਿ | ਸ | ਤੁ | ਦੋ | ਜਕੁ | ਮੂੜੇ | ਏ | S | ਵ | ਜਾ | S | ਣੀ |

| | | | | | | | | | | |
|---|---|---|---|---|---|---|---|---|---|---|
| | | – | – | – | – | ਰੇ | ਗ | – | ਮ | – | ਮਰੁ |
| ਤ੍ਰਿ | ਮ | ਤੇ | ਤੋ | ਜਰ | ਮੁੜੇ | ਏ | ऽ | ਦ | ਕਾ | ਈ | ਮਤੇ |
| ਪ<br>ਜਾ | | | | | | | | | | | |

ਦੂਜਾ ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਮੰ | ਪ | ਨ | – | – | ਸੰ | – | ਰੇਂ | ਸੰ | – | – |
| ਔਂ | ਬ | ਤੋਨ | ਗਿ | ਕ | ਜੁੜੇ | ਇ | ਹ | ਮਨ | ਮੀ | ਤ | ਤੋ |
| ਰੇਂ | – | – | ਗਂ | ਰੇਂ | ਸੰ | ਨ | ਧ | – | ਪ | – | – |
| ਰਮ | ਲ | ਕੀ | ਸਾ | ਰ | ਨਹੀ | ਮੂ | ऽ | ਕਿ | ਪਾ | ऽ | ਈ |
| ਪ | ਮੰ | ਪ | ਨ | – | – | ਸੰ | – | ਰੇਂ | ਸੰ | – | – |
| ਤਉ | ਰ | ਉਸ | ਤ | ਦ | ਨਿਤ | ਕਾ | ਧਿਆ | ऽ | ਹੋ | ऽ | ਜੇ |
| ਰੇਂ | – | – | ਗਂ | ਰੇਂ | ਸੰ | ਨ | ਧ | – | ਪ | – | – |
| ਕਿਉ | ऽ | ਧੂ | ਛੂੰ | ऽ | ਜਾ | ਨ | ਹ | ਧੁ | ਕਾ | ऽ | ਈ |
| ਨ | – | ਧ | ਪ | – | – | ਰੇ | ਗ | ਰੇ | ਸਾ | – | ਮਰੁ |
| ਕਿਉ | ऽ | ਧੂ | ਛੂੰ | ऽ | ਜਾ | ਨ | ਹ | ਧੁ | ਕਾ | ਈ | ਮਤੇ |
| ਪ<br>ਜਾ | | | | | | | | | | | |

ਮੰਝਾਰੀ

| | | | | | | | | | | | |
|---|---|---|---|---|---|---|---|---|---|---|---|
| ਸ<br>ਆ | ਰੇ<br>ਖ | –<br>ਜੁ | ਗ<br>ਕੁਨ | ਰੇ<br>ਹੋ | –<br>ऽ | ਪ<br>ਪਉ | ਜ | ਧ<br>ਕੀ | ਪ<br>ਧਾ | –<br>ऽ | –<br>ਜੋ |
| ਨ<br>ਇਹ | ਧ<br>ਮ | –<br>ਨ | ਪ<br>ਰ | –<br>ऽ | –<br>ਤ | ਰੇ<br>ਸਾ | ਗ<br>ऽ | ਰੇ<br>ऽ | ਸ<br>ਇਆ | –<br>ऽ | –<br>ऽ |
| ਸ<br>ਮਨ | ਰੇ<br>ਮ | –<br>ਕੀ | ਗ<br>ਨ | ਰੇ<br>ਦ | –<br>ਰਿ | ਪ<br>ਇ | –<br>ਲਹਿ | ਧ<br>ਪ | ਪ<br>ਸਿੰ | –<br>ऽ | –<br>ਦੇ |
| ਨ<br>ਕਿਨੀ | ਨ<br>ਧ<br>ਕ | –<br>ਹਿ | ਪ<br>ਏ | –<br>ਕ | –<br>ਧਿ | ਰੇ<br>ਆ | ਗ<br>ऽ | ਰੇ<br>ऽ | ਸ<br>ਇਆ | –<br>ऽ | –<br>ऽ |

ਆਕੋਗ

| | | | | | | | | | | | |
|---|---|---|---|---|---|---|---|---|---|---|---|
| ਪ | ਮੰ | ਪ | ਨ | – | – | ਸੰ | – | ਰੇਂ | ਸੰ | – | – |
| ਔ | ਹ | ਰਹਿ | ਰ | ऽ | ਥੇ | ਪੰ | ਜਿ | ਰਹਿ | ਸਾ | ऽ | ਧੀ |
| ਰੇਂ | ਉ | – | ਗਂ | ਰੇਂ | ਸੰ | ਨ | ਧ | – | ਪ | – | – |
| ਨਾ | ਉ | ਸੌ | ਤਾ | ਨ | ਮਤ | ਕ | ऽ | ਇ | ਜਾ | ऽ | ਈ |
| ਪ | ਮੰ | ਪ | ਨ | – | – | ਸੰ | – | ਰੇਂ | ਸੰ | – | – |
| ਨਾ | ਨ | ਕ | ਆ | ऽ | ਖੈ | ਹ | ਹਿ | ਪ | ਤ | ਲ | ਹੋ |
| ਰੇਂ | – | – | ਗਂ | ਰੇਂ | ਸੰ | ਨ | ਧ | – | ਪ | – | – |
| ਮ | ਨ | ਧਨੁ | ਇ | ਨ | ਦੂ | ਸੌ | ऽ | ਕਿ | ਆ | ऽ | ਹੀ |
| ਨ | ਨ<br>ਧ | ਧ | ਪ | – | – | ਰੇ | ਗ | ਰੇ | ਸ | – | ਮਰ |
| ਸਾ | ਲ | ਧਨੁ | ਕਿ | ਤ | ਦੂ | ਜੀ | ऽ | ਕਿ | ਆ | ਹੀ | ਮਤੇ |
| ਪ<br>ਜਾ | | | | | | | | | | | |

## ਬਸੰਤ ਮਹਲਾ ੫ ਘਰੁ ੧.

ਗੁਰੁ ਸੇਵਉ ਕਰਿ ਨਮਸਕਾਰ॥ਆਜੁ ਹਮਾਰੈ ਮੰਗਲ ਚਾਰ॥

ਆਜੁ ਹਮਾਰੈ ਮਹਾ ਅਨੰਦ॥ਚਿੰਤ ਲਥੀ ਭੇਟੇ ਗੋਬਿੰਦ ॥

ਆਜੁ ਹਮਾਰੈ ਗ੍ਰਿਹਿ ਬਸੰਤ॥ਗੁਨ ਗਾਏ ਪ੍ਰਭ ਤੁਮ੍ਹ ਬੇਅੰਤ ॥ ੧ ॥ ਰਹਾਉ॥

ਆਜੁ ਹਮਾਰੈ ਬਨੇ ਫਾਗ॥ਪ੍ਰਭ ਸੰਗੀ ਮਿਲਿ ਖੇਲਨ ਲਾਗ॥

ਹੋਲੀ ਕੀਨੀ ਸੰਤ ਸੇਵ॥ਰੰਗੁ ਲਾਗਾ ਅਤਿ ਲਾਲ ਦੇਵ ॥ ॥

ਮਨੁ ਤਨੁ ਮਉਲਿਓ ਅਤਿ ਅਨੂਪ॥ਸੂਕੈ ਨਾਹੀ ਛਾਵ ਧੂਪ ॥

ਸਗਲੀ ਰੂਤੀ ਹਰਿਆ ਹੋਇ॥ਸਦ ਬਸੰਤ ਗੁਰ ਮਿਲੇ ਦੇਵ ॥

ਬਿਰਖੁ ਜੰਮਿਓ ਹੈ ਪਾਰਜਾਤ॥ਫੂਲ ਲਗੇ ਫਲ ਰਤਨ ਭਾਂਤਿ ॥

ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ॥

(ਆਦਿ ਗ੍ਰੰਥ ਪੰਨਾ ੧੧੮੦)

ਤਾਲ ਚੌਚਲ

| + | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| ਸਥਾਈ | | | | | | | | | | ਪ | — | — | — |
| | | | | | | | | | | ਗੁ | ਰੁ | ਸੇ | ऽ |
| ਰੇ | — | — | — | — | — | — | — | — | — | — | ਗ | ਰਂ | ਸਂ |
| ਵਉ | ऽ | ऽ | ਕ | ऽ | ਰਿ | ऽ | ऽ | ऽ | ऽ | ਨ | ऽ | ਮ | ਸ |
| ਨ | ਸਂ | — | ਨ | ਸਂ | ਰਂ | ਗੁ | ਰਂ | ਸਂ | — | ਨ | ਧ | ਪ | ਮ |
| ਕਾ | ऽ | ऽ | ਰ | ऽ | ऽ | ऽ | ऽ | ऽ | ऽ | ਆ | ऽ | ਜੁ | ਹ |
| ਪ | ਧ | — | ਨੁ | — | ਸਂ | — | — | — | — | ਨੁਧ | ਨ | ਧੁ | ਪ |
| ਮਾ | ऽ | ऽ | ਰੈ | ऽ | ऽ | ऽ | ऽ | ऽ | ऽ | ਮੰऽ | ऽ | ਗ | ਲ |
| ਪ | — | — | — | — | — | — | — | — | — | ਪ | — | — | — |
| ਚਾ | ऽ | ऽ | ਰ | ऽ | ऽ | ऽ | ऽ | ऽ | ऽ | ਆ | ऽ | ਜੁ | ਹ |
| ਰਂ | — | — | — | — | — | — | — | — | — | — | ਗੁਂ | ਰਂ | ਸਂ |
| ਮਾ | ऽ | ऽ | ਰੈ | ऽ | ऽ | ऽ | ऽ | ऽ | ऽ | ਮ | ऽ | ਹਾ | ਅ |

| | | | | | | | | | | | | | |
|---|---|---|---|---|---|---|---|---|---|---|---|---|---|
| ਨ | ਸੰ | — | ਨ | ਸੰ | ਰੰ | ਗ̱ | ਰੰ | ਸੰ | — | ਨ̱ | ਧ | ਪ | ਮ |
| ਨੂ | S | S | ਟ | S | S | S | S | S | S | ਸ੍ਰਿ | S | ਤ | ਲ |
| ਪ | ਧ | — | ਨ̱ | — | ਸੰ | — | — | — | — | (ਨ̱ ਧ) | ਨ̱ | ਧ̱ | ਪ |
| ਸ਼ੀ | S | S | ਭੇ | S | S | S | S | S | S | ਏ S | S | ਜੇ | S |
| ਪ | — | — | — | — | — | — | — | — | — | ਪ | — | — | ਧ |
| ਖਿ | S | S | ਟ | S | S | S | S | S | S | ਹੋ | S | ਲੀ | S |
| ਨ | — | — | ਸੰ | — | — | — | — | — | — | ਪ | — | — | ਧ |
| ਕੀ | S | S | ਲੀ | S | S | S | S | S | S | ਹੋ | S | ਲੀ | S |
| ਨ | — | — | ਸੰ | — | — | — | — | — | — | ਪ | — | — | — |
| ਕੀ | S | S | ਲੀ | S | S | S | S | S | S | ਹੋ | S | ਲੀ | S |
| ਨ | — | — | ਸੰ | — | ਰੰ | — | ਸੰ | ਨ̱ | — | ਧ | — | ਪ | — |
| ਕੀ | S | S | ਲੀ | S | S | S | ਸੈ | S | S | S | S | ਤ | S |
| ਮ | — | — | ਮ | ਗ | ਮ | ਗ | ਮ | — | — | — | — | — | — |
| ਸੇ | S | S | ਦ | S | S | S | S | S | S | ਰੰ | ਗੁ | ਲਾ | S |
| ਪ | — | — | ਧ | — | ਨ̱ | — | — | — | — | ਨ̱ | — | ਧ̱ | — |
| ਗ | S | S | ਅ | S | ਤਿ | S | S | S | S | ਲਾ | S | S | ਲ |
| ਪ | — | — | — | — | — | — | — | — | — | ਪ | — | — | ਧ |
| ਦੇ | S | S | ਦ | S | S | S | S | S | S | ਹੋ | S | ਲੀ | S |
| ਨ | — | — | ਸੰ | — | ਰੰ | — | ਸੰ | ਨੰ̱ | — | ਧ | — | ਪ | — |
| ਕੀ | S | S | ਲੀ | S | S | S | ਸੈ | S | S | S | S | ਤ | S |
| ਮ | — | — | ਮ | ਗ | ਮ | ਗ | ਮ | — | — | — | — | — | — |
| ਸੇ | S | S | ਦ | S | S | S | S | S | S | ਰੰ | ਗੁ | ਲਾ | S |
| ਪ | — | — | ਧ | — | ਨ̱ | — | — | — | — | ਨ̱ | — | ਧ̱ | — |
| ਗਾ | S | S | ਅ | S | ਤਿ | S | S | S | S | ਲਾ | S | S | ਲ |
| ਪ | — | — | — | — | — | — | — | — | — | — | — | — | — |
| ਦੇ | S | S | S | S | S | S | ਦ | S | S | S | S | S | S |

ਨੋਟ:- ਸ਼ਬਦ ਦੀਆਂ ਬਾਕੀ ਤੁਕਾਂ 'ਗੁਰ ਸੇਵਉ ਕਰਿ ਨਮਸਕਾਰ' ਉਪਰ ਹੀ ਇਸੇ ਢੰਗ ਨਾਲ ਲਾਉਣੀਆਂ ਹਨ।

ਨਟ ਨਾਰਾਇਣ ਮਹਲਾ ਪੜਤਾਲ

ੴ ਸਤਿਗੁਰ ਪ੍ਰਸਾਦਿ ॥

ਮੇਰੇ ਮਨ ਸੇਵ ਸਫਲ ਹਰਿ ਘਾਲ ॥

ਲੇ ਗੁਰ ਪਗ ਰੇਨ ਰਵਾਲ ॥

ਸਭ ਦਾਲਦ ਭੰਜਿ ਦੁਖ ਦਾਲ ॥

ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ ਰਹਾਉ ॥

ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ

ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ ॥

ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ

ਹਮ ਹਰਿ ਕੀ ਗੁਰ ਕੀਈ ਹੈ ਬਸੀਠੀ

ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥੧॥

ਹਰਿ ਆਵਤੇ ਕੀ ਖਬਰਿ ਗੁਰਿ ਪਾਈ

ਮਨਿ ਤਨਿ ਆਨਦੋ ਆਨੰਦ ਭਏ

ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥

ਜਨੁ ਨਾਨਕੁ ਹਰਿ ਹਰਿ ਮਿਲੇ

ਭਏ ਗਲਤਾਨ ਹਾਲ ਨਿਹਾਲ ਨਿਹਾਲ ॥੨॥

(ਆਦਿ ਗ੍ਰੰਥ, ਪੰਨਾ 977)

| × | 2 | 0 | 3 |
|---|---|---|---|
| ਸਥਾਈ | ਸਾਰੇ ਸਾਸਾ ਧਧ ਧਧ | ਗ ਮ ਰੇ ਸਾ | ਸਾ ਰੇ ਸਾ ਸਾ |
| | ਮੇऽ ਰੇऽ ਮऽ ਨऽ | ਸੇ ऽ ਵ ਸ | ਫ ਲ ਹ ਰਿ |
| ਧ - - ਧ | ਸਾਰੇ ਸਾਸਾ ਧਧ ਧਧ | ਗ ਮ ਰੇ ਸਾ | ਸਾ ਰੇ ਸਾ ਸਾ |
| ਘਾ ऽ ऽ ਲ | ਮੇऽ ਰੇऽ ਮऽ ਨऽ | ਸੇ ऽ ਵ ਸ | ਫ ਲ ਹ ਰਿ |
| ਧ - - ਧ | - ਧ ਧ - | ਧ ਧ ਪ ਪ | ਰੇਗ ਮਪ ਗ ਮ |
| ਘਾ ऽ ऽ ऽ | ऽ ਲ ਲੇ ऽ | ਗੁ ਰ ਪ ਗ | ਰੇऽ ऽऽ ਨ ਰ |
| ਮ ਰੇ - - | ਸਾ ਸਾ ਸਾ ਸਾ | ਸਾਰੇ ਸਾਸਾ ਸਾ ਸਾ | ਧ਼ ਧ਼ ਧ਼ ਧ਼ |
| ਵ ऽ ऽ ऽ | ऽ ਲ ਸ ਭਿ | ਦਾऽ ऽऽ ਲ ਦ | ਭੰ ਜਿ ਦੁ ਖ |
| ਸਾ ਸਾ ਰੇ ਰੇ | ਸਾ ਸਾ ਸਾ ਸਾ | ਗ ਮ ਧ ਪ | ਸਾਂ ਰੇਂ ਸਾਂ ਸਾਂ |
| ਦਾ ऽ ऽ ऽ | ऽ ਲ ਹ ਰਿ | ਹੋ ਹੋ ਹੋ ऽ | ਨ ਦ ਰਿ ਨਿ |

| | | | |
|---|---|---|---|
| ਸਾਂਸਾਂ | ਧਪ | ਗਮ | ਰੇਸਾ |
| ਗਾS | SS | SS | ਲS |

## ਅੰਤਰਾ ਇਕ ਤਾਲ

| x | | | 0 | 2 | | 0 | | 3 | 4 | | |
|---|---|---|---|---|---|---|---|---|---|---|---|
| ਪ | ਪ | ਪ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | ਸਾਂ |
| ਹ | ਰਿ | ਕਾ | ਗ੍ਰਿਹ | ਹ | ਰਿ | ਆ | ਪਿ | ਸ | ਵਾ | S | ਰਿਓ |
| ਧ | ਪ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | ਪ | – | ਪ |
| ਹ | ਰਿ | ਰੰ | ਗ | ਰੰ | ਗ | ਮਹ | ਲ | ਬੇ | ਅੰ | S | ਤ |
| ਪ | ਧ | ਪ | ਗ | ਮ | ਪ | ਗ | ਮ | ਸਾ | ਰੇ | ਸਾ | ਸਾ |
| ਲਾ | S | ਲ | ਲਾ | S | ਲ | ਹ | ਰਿ | S | ਲਾ | S | ਲ |

## ਦੀਪ ਚੰਦੀ

| x | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| ਪ | ਪ | – | ਸਾਂ | ਸਾਂ | ਸਾਂ | – | ਸਾਂ | ਸਾਂ | ਰੇ | ਮ | – | – | – |
| ਹ | ਰਿ | S | ਆ | ਪ | ਣੀ | S | ਕ੍ਰਿ | ਪਾ | ਕ | ਰੀ | S | S | S |
| ਧ | – | ਪ | ਸਾਂ | – | ਰੇਂ | – | ਸਾਂ | – | – | ਧ | ਧ | ਪ | ਪ |
| ਆ | S | ਪਿ | ਗ੍ਰਿ | S | ਹਿ | S | ਆ | S | S | ਇਓ | S | S | S |

## ਆੜਾ ਚਾਰਤਾਲ

| x | | 2 | | 0 | | 3 | | 0 | | 4 | | 0 | |
|---|---|---|---|---|---|---|---|---|---|---|---|---|---|
| ਧ | ਪ | ਗ | ਮ | ਪ | ਪ | ਗ | ਮ | ਰੇ | ਮ | ਰੇ | – | ਸਾ | – |
| ਹ | ਮ | ਸੰਗ | ਕੀ | ਗੁ | ਰ | ਕੀ | ਈ | ਹੈ | ਧ | ਸੀ | S | ਠੀ | S |
| ਸਾ | ਸਾ | ਰੇ | ਰੇ | ਸਾ | ਸਾ | ਧ | – | ਪੰ | – | – | – | ਸਾ | ਸਾ |
| ਹ | ਮ | ਹ | S | ਰਿ | S | ਦੇ | S | ਪੇ | S | S | S | ਬੁਈ | S |
| ਮ | ਮ | ਰੇਗ | ਮਪ | ਪ | ਪ | ਸਾਂ | ਰੇਂ | ਸਾਂ | ਸਾਂ | ਸਾਰੇਂ | ਸਾਸਾ | ਧ | ਪ |
| S | ਲਿੰ | ਗਾS | SS | ਲ | ਨਿ | ਗਾ | S | ਲ | ਨਿ | ਗਾS | SS | ਲ | ਨਿ |

## ਅੱਧਾ ਤਿੰਨ ਤਾਲ

| | | | |
|---|---|---|---|
| ਗ | – | ਮ | ਰੇ |
| ਗਾ | S | S | ਲ |

## ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਪ | ਸਾਂ | - | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | - |
| ਰ | ਹਿ | ਆ | ਦੁ | ਤੇ | ऽ | ਕੀ | ਧ | ਚ | ਰਿ | ਤ੍ਰ | ਰਿ | ਧਾ | ऽ | ਹੀ | ऽ |
| ਧ | ਧ | ਧ | ਧ | ਸਾਂ | ਰੇਂ | ਸਾਂ | - | ਸਾਂ | ਸਾਂ | ਰੇਂ | ਸਾਂ | ਧ | - | ਪ | - |
| ਮ | ਨਿ | ਤ | ਨਿ | ਆ | ਨ | ਦੋ | ऽ | ਆ | ਨੈ | ਦ | ਬ | ਹੋ | ऽ | ਰ | ਹਿ |
| ਪ | ਰੇਂ | ਸਾਂ | ਸਾਂ | ਧ | - | ਪ | ਪ | ਗ | ਮ | ਪ | ਗ | ਮ | ਸਾ | ਰੇ | ਸਾ |
| ਆ | ਦ | ਤੇ | ਸੁ | ਨੇ | ऽ | ਮੇਂ | ਰੇ | ਲਾ | ਲ | ਰ | ਹਿ | ਦਾ | ऽ | ऽ | ਲ |

## ਰੂਪਕ

| X | | | 2 | | 0 | | X | | | 2 | | 3 | |
|---|---|---|---|---|---|---|---|---|---|---|---|---|---|
| ਸ | ਰੇ | ਸਾ | ਪ | ਪ | ਧ | ਪ | ਗ | ਮ | ਸਾ | ਰੇ | - | ਸ | - |
| ਜ | ਨੁ | ਨਾ | ਨ | ਰੁ | ਹ | ਰਿ | ਰ | ਰਿ | ਮਿ | ਲੇ | ऽ | ऽ | ऽ |
| ਸਾ | ਸਾ | - | ਪ | ਪ | ਪ | ਪ | ਸਾਂ | - | - | ਸਾਂ | - | - | ਰੇ |
| ਬ | ਏ | ऽ | ਗ | ਲ | ਤਾ | ਨ | ਜਾ | ऽ | ऽ | ਲ | ऽ | ऽ | ਨਿ |
| ਸਾ | - | - | ਧ | - | ਪ | ਪ | | | | | | | |
| ਗ | ऽ | ऽ | ਲ | ऽ | ऽ | ਨਿ | | | | | | | |

## ਅਗੋਂ ਤਿੰਨਤਾਲ

| | | | |
|---|---|---|---|
| ਗ | - | ਮ | ਰੇ |
| ਜਾ | ऽ | ऽ | ਲ |

(ਇਸ ਤੋਂ ਬਾਅਦ ਅਸਥਾਈ ਦਾ ਗਾਇਨ ਕਰਨਾ ਹੈ)

---

ਤਾਰਾ ਸਿੰਘ (ਪ੍ਰੋ.), ਪੜਤਾਲ ਗਾਇਕੀ, ਪੰਨਾ 10 - 12

ਆਸਾ ਮਹਲਾ ੪ ਛੰਤ ਘਰੁ ੪

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰ ਮੁਖਿ ਲਾਵਾ ॥

ਗੁਰ ਸਿਖਾ ਕੀ ਘਾਲ ਥਾਇ ਪਈ ਜਿਨ੍ ਹਰਿ ਨਾਮੁ ਧਿਆਵਾ॥

ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥ ॥

| | | | | | | | |
|---|---|---|---|---|---|---|---|
| S | ਨੀ̱̣ | ਗ̱ | ਰੇ | ਨੀ̱̣ | ਸਾ | ਗਾ̱ | ਰੇ |
| S | ਜਿ | ਥੈਂ | S | ਜਾ | ਇ | ਬ | ਹੈ |
| ਰੇ | ਸਾ | ਸਾ | ਸਾ | ਨੀ̳ | ਨੀ̱̣ | ਸਾ | ਸਾ |
| S | ਮੇ | ਰਾ | S | ਸ | ਤਿ | ਗੁ̱ | ਰੂ̳ |
| S | ਨੀ̱̣ | ਗ̱ | ਰੇ | ਨੀ̱̣ | ਸਾ | ਗਾ̱ | ਰੇ |
| S | ਸੋ | S | S | ਥਾ | ਨੁ̱ | ਸੁ̱ | ਹਾ |
| ਰੇ | ਸਾ | – | – | ਨੀ̱̣ | ਨੀ̱̣ | ਸਾ | ਸਾ |
| S | ਵਾ | S | S | ਰਾ | ਮ | ਰਾ | ਜੇ |

(ਛੰਤ ਦੀਆਂ ਬਾਕੀ ਤੁਕਾਂ ਇਸੀ ਢੰਗ ਨਾਲ
ਗਾਇਨ ਕਰਨੀਆਂ ਹਨ)

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ

ਧੰਨੁ ਸਿਰੰਦਾ ਸਚਾ ਪਾਤਿਸਾਹੁ, ਜਿਨਿਜਗੁ ਧੰਧੈ ਲਾਇਆ।।
ਮੁਹਲਤਿ ਪੁਨੀ ਪਾਈ ਭਰੀ, ਜਾਨੀਅੜਾ, ਘਤਿ ਚਲਾਇਆ।।
ਜਾਨੀ ਘਤਿ ਚਲਾਇਆ ਲਿਖਿਆ ਆਇਆ,ਰੁੰਨੇ ਵੀਰ ਸਬਾਏ।।
ਕਾਂਇਆ ਹੰਸ ਥੀਆ ਵੇਛੋੜਾ, ਜਾਂ ਦਿਨ ਪੁੰਨੇ ਮੇਰੀ ਮਾਏ ।।
ਜੇਹਾ ਲਿਖਿਆ ਤੇਹਾ ਪਾਇਆ, ਜੇਹਾ ਪੁਰਬਿ ਕਮਾਇਆ।।
ਧੰਨੁ ਸਿਰੰਦਾ ਸਚਾ ਪਾਤਿਸਾਹੁ, ਜਿਨਿ ਜਗੁ ਧੰਧੈ ਲਾਇਆ।।੧।।

(ਆਦਿ ਗ੍ਰੰਥ ਪੰਨਾ 578-79)

## ਛੋਟੀ ਤਿੰਨ ਤਾਲ

+

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਂ | – | ਨੁ | – | ਪ | – | ਮ | – | ਰ | – | – | – | – | ਨ਼ | – | – |
| ਰੰ | ऽ | ऽ | ऽ | ਦਾ | ऽ | ऽ | ऽ | ऽ | ऽ | ऽ | ਸ | ऽ | ਚਾ | ऽ | ऽ |
| ਸ | – | – | – | – | – | – | – | – | – | – | ਨ | – | – | – | – |
| ਪਾ | ऽ | ऽ | ਤਿ | ਸਾ | ऽ | ਹੁ | ऽ | ऽ | ऽ | ऽ | ਜਿ | ऽ | ਨਿ | ऽ | ਜ |
| ਸਂ | – | ਨੁ | – | ਪ | – | ਮ | – | ਰ | – | – | – | – | ਨ਼ | – | – |
| ਰੰ | ऽ | ऽ | ऽ | ਦਾ | ऽ | ऽ | ऽ | ऽ | ऽ | ऽ | ਸ | ऽ | ਚਾ | ऽ | ऽ |
| ਸ | – | – | – | – | – | – | – | – | – | – | ਮ | ਰ | ਮ | – | – |
| ਪਾ | ऽ | ऽ | ਤਿ | ਸਾ | ऽ | ਹੁ | ऽ | ऽ | ऽ | ऽ | ਜਿ | ਨਿ | ਜ | ऽ | ਗੁ |
| ਪ | – | – | – | ਨੁ | – | ਪ | – | – | – | – | ਮ | ਰ | ਮ | – | – |
| ਧੰ | ऽ | ऽ | ऽ | ਧੈਂ | ऽ | ऽ | ऽ | ऽ | ऽ | ऽ | ਜਿ | ਨਿ | ਜ | ऽ | ਗੁ |
| ਪ | – | – | – | ਨੁ | – | ਪ | – | – | – | – | ਨੁ | – | – | – | ਧ |
| ਧੰ | ऽ | ऽ | ऽ | ਧੈਂ | ऽ | ऽ | ऽ | ऽ | ऽ | ऽ | ਜਿ | ਨਿ | ਜ | ऽ | ਗੁ |
| ਪ | – | ਧ | – | ਨੁ | – | ਸਂ | – | ਨ | ਧ | ਪ | ਮ | ਰ | – | ਸ | ਨ਼ |
| ਧੰ | ऽ | ऽ | ऽ | ਧੈਂ | ऽ | ऽ | ऽ | ਲਾ | ऽ | ऽ | ऽ | ਇਆ | ऽ | ऽ | ऽ |
| ਸ | – | – | – | – | – | – | – | – | – | – | ਨ | – | – | – | – |
| (ਦਾ) | ऽ | ऽ | ऽ | ऽ | ऽ | ऽ | ऽ | ऽ | ऽ | ऽ | ਮੁ | ਹ | ਲ | ऽ | ਤਿ |

| | | | |
|---|---|---|---|
| ਸੰ – ਨ – | ਧ – ਮ – | ਗ – – – | – ਨ – – |
| ਧੁ ऽ ऽ ऽ | ਨ ऽ ऽ ऽ | ऽ ऽ ऽ ਧਾ | ऽ ਈ ऽ ਤ |
| ਸ – – – | – – – – | – – – ਨੀ | – – – – |
| ਹੀ ऽ ऽ ऽ | (ਦਾ) ऽ ऽ ऽ | ऽ ऽ ऽ ਮੁ | ਰ ਨ ऽ ਤਿ |
| ਸੰ – ਨ – | ਧ – ਮ – | ਗ – – – | – ਨ – – |
| ਧੁੰ ऽ ऽ ऽ | ਨ ऽ ऽ ऽ | ऽ ऽ ऽ ਧਾ | ऽ ਈ ऽ ਤ |
| ਸ – – – | – – – – | – – – ਮ | ਗ ਮ – – |
| ਹੀ ऽ ऽ ऽ | (ਦਾ) ऽ ऽ ऽ | ऽ ऽ ऽ ਜਾ | ऽ ਨੀ ऽ ਅ |
| ਧ – – – | ਨ – ਧ – | – – – ਮ | ਗ ਮ – – |
| ਤੇ ऽ ऽ ऽ | ऽ ऽ ऽ ऽ | ऽ ऽ ऽ ਜਾ | ऽ ਨੀ ऽ ਅ |
| ਧ – – – | ਨ – ਧ – | – – – ਨ | – – – ਧ |
| ਤੇ ऽ ऽ ऽ | ऽ ऽ ऽ ऽ | ऽ ऽ ऽ ਜਾ | ऽ ਨੀ ऽ ਅ |
| ਧ – ਧ – | ਨ – ਸੰ – | ਨ ਧ ਧ ਮ | ਗ – ਮ ਨ |
| ਤੇਂ ऽ ऽ ऽ | ਘ ऽ ਤਿ ਦ | ਨਾ ऽ ऽ ऽ | ਇਆ ऽ ऽ ऽ |
| ਸ – – – | – – ਸੰ – | ਗੰ – ਰੰ – | |
| (ਦਾ) ऽ ऽ ऽ | ऽ ऽ (ਮੈਂ ऽ | ਦਾ ऽ ਹੀ ऽ) | |

## ਅੰਤਰਾ

| | | | |
|---|---|---|---|
| | | | ਸੰ – ਨ – |
| | | | ਜਾ ऽ ਨੀ ऽ |
| ਨ – – ਸੰ | – ਰੰ – – | – – – ਸੰ | ਰੰ ਸੰ – ਨ |
| ऽ ऽ ऽ ਘ | ਤਿ (ਜੀ) ऽ ਦ | ऽ ऽ ऽ ਦਾ | ऽ ਇਆ ऽ ऽ |
| ਸੰ – – – | – – ਸੰ – | ਗੰ – ਰੰ – | ਸੰ – ਨ – |
| (ਦਾ) ऽ ऽ ऽ | ऽ ऽ (ਮੈਂ ऽ | ਦਾ ऽ ਹੀ ऽ) | ਜਾ ऽ ਨੀ ऽ |
| ਨ – – ਸੰ | – ਰੰ – – | – – – ਗੰ | ਰੰ ਸੰ ਨ – |
| ऽ ऽ ऽ ਘ | ਤਿ (ਜੀ) ऽ ਦ | ऽ ऽ ऽ ਦਾ | ऽ (ਇਆ ऽ ऽ |
| ਸੰ – – – | ਸੰ – – – | – – – ਗੰ | – – – ਰੰ |
| (ਦਾ) ऽ ऽ ऽ | ਦਿ ਖਿ ਆ ऽ | ਆ ਇ ਆ ऽ | ਤੂੰ ऽ ਨੇ ऽ |

| | | | |
|---|---|---|---|
| ਰੇ – – – | – – – ਮਂ | ਗਂ – ਰੇਂ – | ਸਂ – ਨ – |
| ਵੀ ऽ ਰ ਸ | ਥ ਏ ऽ (ਮੈਂ | ਵਾਂ ऽ ਰੀ ऽ) | ਜਾ ऽ ਨੀ ऽ |
| ਨ – – ਸਂ | – ਰੇਂ – – | – – – ਗਂ | ਰੇਂ ਸਂ – ਨ |
| ऽ ऽ ऽ ਘ | ਤਿ (ਜੀ) ऽ ਚ | ऽ ऽ ऽ ਲਾ | ऽ (ਇਆ ऽ ऽ |
| ਸਂ – – – | – – ਮਂ – | ਗਂ – ਰੇਂ – | ਸਂ – ਨ – |
| (ਵਾਂ) ऽ ऽ ऽ | ऽ ऽ (ਮੈਂ ऽ | ਵਾਂ ऽ ਰੀ) ऽ) | ਜਾ ऽ ਨੀ ऽ |
| ਨ – – ਸਂ | – ਰੇਂ – – | – – – ਗਂ | ਰੇਂ ਸਂ – ਨ |
| ऽ ऽ ऽ ਘ | ਤਿ (ਜੀ) ऽ ਚ | ऽ ऽ ऽ ਲਾ | ऽ ਇਆ ऽ ऽ |
| ਸਂ | | | |
| (ਵਾਂ) | | | |

ਦੂਜਾ ਅੰਤਰਾ

| | | | |
|---|---|---|---|
| | | ਮਂ | ਰੇਂ ਮਂ – – |
| | ਧਂ | ਲਾਂ | ऽ ਇਆਂ ऽ ऽ |
| ਪ – – – | ਪਂ – – – | – – – ਪਂ | ਮਂ ਧਂ – ਪਂ |
| ਹੰ ऽ ऽ ऽ | ਸ ऽ ऽ ऽ | ऽ ऽ ऽ ਥੀ | ऽ ਆ ऽ ਏ |
| ਮਂ – – – | ਗਂ – ਰੇਂ – | – – – ਮਂ | ਰੇਂ ਮਂ – – |
| ਛੋ ऽ ऽ ऽ | ਤੂੰ ऽ ऽ ऽ | ऽ ऽ ऽ ਲਾਂ | ऽ ਇਆਂ ऽ ऽ |
| ਪਂ – – – | ਪਂ – – – | – – – ਪਂ | ਮਂ ਧਂ – ਪਂ |
| ਹੰ ऽ ऽ ऽ | ਸ ऽ ऽ ऽ | ऽ ऽ ऽ ਥੀ | ऽ ਆ ऽ ਏ |
| ਮਂ – – – | ਗਂ – ਰੇਂ – | ਮਂ – – – | – – ਗਂ – |
| ਛੋ ऽ ऽ ऽ | ਤੂੰ ऽ ऽ ऽ | ਜਾ ऽ ਇ ਨ | ਪ੍ਰੀ ऽ ਤੇ ऽ |
| ਗਂ – ਰੇਂ – | – – – ਮਂ | ਗਂ – ਰੇਂ – | ਸਂ – ਨ – |
| ਮੇਂ ऽ ਰੀ ऽ | ਆ ऽ ਏ (ਮੈਂ | ਵਾ ऽ ਰੀ ऽ) | ਜਾ ऽ ਨੀ ऽ |
| ਨ – – ਸਂ | – ਰੇਂ – – | – – – ਗਂ | ਰੇਂ ਸਂ – ਨ |
| ऽ ऽ ऽ ਘ | ਤਿ (ਜੀ) ऽ ਚ | ऽ ऽ ऽ ਲਾ | ऽ ਇਆ ऽ ऽ |
| ਸਂ – – – | – – ਮਂ – | ਗਂ – ਰੇਂ – | ਸਂ – ਨ – |
| (ਵਾ) ऽ ऽ ऽ | ऽ ऽ (ਮੈਂ ऽ | ਵਾ ऽ ਰੀ ऽ) | ਜਾ ऽ ਨੀ ऽ |
| ਨ – – ਸਂ | – ਰੇਂ – – | – – – ਗਂ | ਰੇਂ ਸਂ – ਨ |
| ऽ ऽ ऽ ਘ | ਤਿ (ਜੀ) ऽ ਚ | ऽ ऽ ऽ ਲਾ | ऽ ਇਆ ऽ ऽ |
| ਸਂ | | | |
| (ਵ) | | | |

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਂਵਲੀ (ਭਾਗ ਪਹਿਲਾ), ਪੰਨਾ 252 - 254

ਅਸਥਾਈ ਦੀ ਇਹ ਰੀਤ ਵੀ ਸਿੱਖ ਕੀਰਤਨੀਆਂ ਵਿਚ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਹੈ।

| ਰਾਗ ਵਡਹੰਸ | | | | | | | | ਤਾਲ ਸੂਲਫਾਕਤਾ | |
|---|---|---|---|---|---|---|---|---|---|
| ਸਾ | ਰੇ | ਰੇ | ਗਾ | ਰੇ | ਰੇ | ਸਾ | ਸਾ | ਨ਼ੀ | ਧ਼ਾ |
| ਧੰ | ਨੁ | ऽ | ਸ੍ਰਿ | ਰੰ | ऽ | ਦਾ | ऽ | ऽ | ऽ |
| ਧ਼ | ਸਾ | ਸਾ | ਸਾ | ਸਾ | ਰੇ | ਰੇ | ਗ | ਰੇ | ਸਾ |
| ਸ | ਤਾ | ऽ | ऽ | ਪਾਂ | ਤਿ | ਸ਼ਾ | ऽ | ਹ | ऽ |
| ਸਾ | ਰੇ | ਰੇ | ਮ | ਮ | ਗ | ਗ | ਰੇ | ਰੇ | ਗ |
| ਜਿ | ਨ | ਜ | ਗ | ਧੀ | ऽ | ਧੇ | ऽ | ऽ | ऽ |
| ਰੇ | – | ਸ | – | – | – | – | – | – | – |
| ਲਾ | ऽ | ਇ | ਆ | ऽ | ऽ | ऽ | ऽ | ऽ | ऽ |
| | | | | | | | | ਪ | – |
| | | | | | | | | ਜਾ | ਲੀ |
| ਪ | – | ਪ | ਮ | ਮ | ਧਾ | ਧਾ | ਧਾ | ਮ | ਮ |
| ਧਘ | ऽ | ਤ੍ਰਿ | ਤ | ਲਾਂ | ऽ | ਇ | ਆ | ऽ | ऽ |
| ਮ | ਗ | ਰੇ | ਗ | ਮ | ਮ | ਮ | ਮ | ਮ | ਮ |
| ਕਿ | ਖਿ | ਆ | ऽ | ਆ | ऽ | ਇ | ਆ | ऽ | ऽ |
| ਰੇ | – | – | – | – | – | – | – | – | ਗਾ |
| ਰੰ | ऽ | ਨੇ | ऽ | ਵੀ | ऽ | ऽ | ਰ | ऽ | ਸ |
| ਰੇ | – | ਸਾ | – | – | – | – | – | – | – |
| ਘੋ | ऽ | ਏ | ऽ | ऽ | ऽ | ऽ | ऽ | ऽ | ऽ |
| ਸਾ | ਰੇ | ਰੇ | ਗਾ | ਰੇ | ਰੇ | ਸਾਂ | ਸਾ | ਨੀ | ਧ਼ |
| ਸੇ | ऽ | ऽ | ਗਾਂ | ਕ੍ਰਿ | ਖਿ | ਆ | ऽ | ऽ | ऽ |
| ਧ਼ | ਸਾ | ਸਾ | ਸਾ | ਸਾ | ਰੇ | ਰੇ | ਗ | ਰੇ | ਸਾ |
| ਤੰ | ऽ | ਗ | ऽ | ਪਾ | ਇ | ਆ | ऽ | ऽ | ऽ |
| ਸਾ | ਰੇ | ਰੇ | ਮ | ਮ | ਗ | ਗ | ਰੇ | ਰੇ | ਗ |
| ਤੇ | ऽ | ਗ | ऽ | ਪਾ | ਇ | ਆ | ऽ | ऽ | ऽ |
| ਰੇ | – | ਸਾ | – | – | – | – | – | – | – |
| ਜੋ | ऽ | ऽ | ਤ | ऽ | ਪੁ | ਰ | ਖ | ऽ | ਰ |
| ਰੇ | – | ਸਾ | – | – | | | | | |
| ਮ | ऽ | ਇ | ਆ | ऽ | | | | | |

ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜਾ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ ਸੰਸਾਰ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

(ਆਦਿ ਗ੍ਰੰਥ, ਪੰਨਾ 1429)

| | | | | | | | | | |
|---|---|---|---|---|---|---|---|---|---|
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਥਾ ऽ | ऽ ਲ | ਵਿ | ਚ | ਤਿੰਨ | ਵਸ | ਤੂ ऽ | ਪ | ਈ ऽ | ਓ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਸਤੁ | ਸੰ ऽ | ਤੋ | ਖ | ऽ | ਵੀਚਾ | ऽऽ | ਰੋ | ऽऽ | ऽ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਅੰ ऽ | ਮ੍ਰਿਤ | ਨਾ | ਮ | ऽ | ਠਾ ਕੁ | ਰ ਕਾ | ਪ | ਇ ऽ | ਓ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਜਿਸ | ਕਾ ऽ | ਸ | ਭ | ਸ | ਉਧਾ | ऽऽ | ਰੋ | ऽऽ | ऽ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਜੇ ऽ | ਕੋ ऽ | ਖਾ | ऽ | ਵੈ | ਜੋ ऽ | ਕੋ ऽ | ਭੁੰ | ऽऽ | ਚੈ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਤਿਸ | ਕਾ ऽ | ਸ | ਭ | ਸ | ਉਧਾ | ऽऽ | ਰੋ | ऽऽ | ऽ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਏ ऽ | ਹ ऽ | ਵ | ਸ | ਤ | ਤਜੀ | ਨਹਿ | ਜਾ | ऽऽ | ਈ |
| ਨੀ ਸਂ | ਸਂ ਰੇਂ | ਸੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਨਿਤ | ਨਿਤ | ਰ | ਖ | ऽ | ਉਰਿ | ਧਾ ऽ | ਰੋ | ऽऽ | ऽ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨ |
| ਤਮ | ਸੰ ऽ | ਸਾ | ਰ | ऽ | ਚਰ | ਨਲ | ਗ | ਤਰੀ | ਐ |
| ਨੀ ਸਂ | ਸਂ ਰੇਂ | ਰੇਂ | ਸਂ | — | ਨੀ ਸਂ | ਸਂ ਰੇਂ | ਰੇਂ | ਸਂ – | ਨੀ |
| ਸਭ | ਨਾਨ | ਕ | ਬ੍ਰ | ਹਮ | ਪਸਾ | ऽऽ | ਰੋ | ऽऽ | ऽ |

ਵਡਹੰਸ ਮਹਲਾ ੪ ਘੋੜੀਆ

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥

ਜਨਮੁ ਵਡ ਧੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥

ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵਰੰਗੜੀਆ ॥

ਏਹ ਦੇਹ ਸੁ ਬਾਂਕੀ, ਜਿਤ ਹਰਿ ਜਾਪੀ ਹਰਿ ਹਰਿ ਨਾਮ ਸੁਹਾਵੀਆ ॥

ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥

... ... ... ... ... ... ... .

ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥ ॥

(ਆਦਿ ਗ੍ਰੰਥ ਪੰਨਾ ੫੭੫.)

ਰਾਗ ਵਡਹੰਸ — ਤਾਲ ਦਾਦਰਾ

| | | | |
|---|---|---|---|
| + | 0 | + | 0 |
| ਸਥਾਈ | | | ਮ —<br>ਘੋ ੜੀ |
| ਗ ਰ — | ਗ ਮ — | ਪ ਮ — | ਗ ਰ ਮ |
| ਤੇ ਜ ਣ | ਦੇ ਹ ऽ | ਜੀ ਰਾ ਮਿਉ | ਪਾ ਈਆ (ਦੇ) |
| ਗ ਰ — | — ਮ — | ਗ ਰ — | ਗ ਮ — |
| ਰਾ ਮ ऽ | ऽ ਘੋ ੜੀ | ਤੇ ਜ ਣ | ਦੇ ਹ ऽ |
| ਪ ਮ — | ਗ ਰ ਮ | ਗ ਰ — | — ਮ — |
| ਜੀ ਰਾ ਮਿਉ | ਪਾ ਈਆ (ਦੇ) | ਰਾ ਮ ऽ | ऽ ਧ ਨੁ |
| ਗ ਰ — | ਗ ਮ — | ਪ ਮ — | ਗ ਰ ਮ |
| ਮਾ ਣ ਸ | ਜਨ ਮੁ ऽ | ऽ ਪੁੰ ਨਿ | ਪਾ ਇਆ (ਦੇ) |
| ਗ ਰ — | — ਮ — | ਗ ਰ — | ਗ ਮ — |
| ਰਾ ਮ ऽ | ऽ ਧ ਨੁ | ਮਾ ਣ ਸ | ਜਨ ਮੁ ऽ |
| ਪ ਮ — | ਗ ਰ ਮ | ਗ ਰ — | — ਮ — |
| ऽ ਪੁੰ ਨਿ | ਪਾ ਈਆ (ਦੇ) | ਰਾ ਮ ऽ | ऽ ਘੋ ੜੀ |

| | | | | | | | | | | | |
|---|---|---|---|---|---|---|---|---|---|---|---|
| ਗ | ਰ | — | ਗ | ਮ | — | ਪ | ਮ | — | ਗ | ਰ | ਮ |
| ਤੇ | ਜ | ਣ | ਦੇ | ਹ | S | ਜੀ | ਰਾ | ਮਿ | ਪਾ | ਈਆ | (ਦੇ) |
| ਗ | | | | | | | | | | | |
| ਗਮ | | | | | | | | | | | |

<u>ਅੰਤਰਾ</u>

| | | | | | | | | | | | |
|---|---|---|---|---|---|---|---|---|---|---|---|
| | | | | | | ਮ | — | — | — | — | — |
| | | | | | | ਮਾ | ਣ | ਸ | ਜਨ | ਮੁ | ਵਡ |
| ਪ | ਧ | ਮ | ਗਮ | ਪ | ਧ | — | — | — | — | ਪ | ਮ |
| ਪੁੰ | ਨੇ | S | ਪਾਇ | ਆ | S | ਦੇ | ਹ | ਸੁ | ਕੰ | ਚ | ਨ |
| ਗਮ | ਧ | — | ਪ | — | — | ਮ | — | — | — | — | — |
| ਚੰS | ਗ | ੜੀ | ਆ | S | S | ਮਾ | ਣ | ਸ | ਜਨ | ਮੁ | ਵਡ |
| ਧ | ਪ | ਮ | ਗਮ | ਪ | ਧ | — | — | — | — | ਪ | ਮ |
| ਪੁੰ | ਨੇ | S | ਪਾਇ | ਆ | S | ਦੇ | ਹ | ਸੁ | ਕੰ | ਚ | ਨ |
| ਗਮ | ਧ | — | ਪ | — | — | ਮ | — | — | — | — | — |
| ਚੰS | ਗ | ੜੀ | ਆ | S | S | ਗੁਰ | ਮੁ | ਖਿ | ਰੰ | ਗੁ | ਚ |
| ਧ | ਪ | ਮ | ਗ | ਰ | — | ਧ | — | — | ਧ | ਪ | — |
| ਲੂ | ਲਾ | S | ਪਾ | ਵੈ | S | ਹਰਿ | ਹ | ਰਿ | ਹਰਿ | ਨ | ਵ |
| ਧ | ਪ | ਮ | ਗਰ | ਪ | — | — | ਗ | ਰ | ਗ | ਮ | — |
| ਰੰ | ਗ | ੜੀ | ਆS | ਧੋ | ੜੀ | ਤੇ | ਜ | ਣਿ | ਦੇ | ਹ | S |
| ਪ | ਮ | — | ਗ | ਰ | ਮ | ਗ | | | | | |
| ਜੀ | ਰਾ | ਮਿ | ਪਾ | ਈਆ | (ਦੇ) | ਗਮ | | | | | |

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, <u>ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਂਵਲੀ</u>,
ਪੰਨਾ 257 - 58

ਮਾਰੂ ਮਹਲਾ ੫

ਬਿਰਖੈ ਹੇਠਿ ਸਭਿ ਜੰਤ ਇਕਠੇ ।।

ਇਕਿ ਤਤੇ ਇਕਿ ਬੋਲਨਿ ਮਿਠੇ।।

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।।

ਪਾਪ ਕਰੇਦੜ ਸਰਪਰ ਮੁਠੇ।।

ਅਜਰਾਈਲਿ ਫੜੇ ਫੜਿ ਕੁਠੇ ।।

ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ।। ।।

ਸੰਗਿ ਨ ਕੋਈ ਭਈਆ ਬੇਬਾ।।

ਮਾਲੁ ਜੋਬਨੁ ਧਨੁ ਛੋਡਿ ਵਞੇਸਾ ।।

ਕਰਣ ਕਰੀਮ ਨ ਜਾਤੋ ਕਰਤਾ, ਤਿਲ ਪੀੜੇ ਜਿਉ ਘਾਣੀਆ ।। ।।

... ... ... ... ... ... ... ..

ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ।।

(ਆਦਿ ਗ੍ਰੰਥ, ਪੰਨਾ ੧੦੧੯)

ਰਾਗ ਮਾਰੂ — ਤਾਲ:- ਛੋਟੀ ਤਿੰਨ ਤਾਲ (ਮਧਯ ਲੈਅ)

| × | | | | ੨ | | | | ੦ | | | | ੩ | | | |
|---|---|---|---|---|---|---|---|---|---|---|---|---|---|---|---|
| | | | | | | ਗ | ਮ | ਪ | — | — | ਪ | ਪ | ਮ | ਗ | — |
| | | | | | | ਬਿ | ਰ | ਖੈ | ऽ | ऽ | ਹੇ | ਠ | ਸ | ਭ | ऽ |
| — | — | — | ਮ | ਧ | ਪ | — | — | — | — | ਮ<br>ਗ | ਮ | — | ਗ | — | — |
| ऽ | ऽ | ऽ | ਜੰ | ऽ | ਤ | ऽ | ऽ | ऽ | ऽ | ਇ | ਕ | ऽ | ਠੇ | ऽ | ऽ |
| — | — | — | — | — | — | ਗ | ਮ | ਪ | — | ਧ | ਮ | ਪ | ਮ | ਗ | — |
| ऽ | ऽ | ऽ | ऽ | ऽ | ऽ | ਇ | ਕ | ਤ | ऽ | ऽ | ਤੇ | ऽ | ਇ | ਕ | ऽ |
| — | — | — | ਮ | ਧ | ਪ | ਪ | — | — | — | ਮ<br>ਗ | ਮ | — | ਗ | — | ਮ |
| ऽ | ऽ | ऽ | ਬੋ | ऽ | ਲ | ਨ | ऽ | ऽ | ऽ | ऽ | ਮਿ | ऽ | ਠੇ | ऽ | ऽ |
| ਗ | ਰ | ਸ | — | — | — | ਗ | ਮ | ਪ | ਨ | ਨ | ਨ | — | ਸੰ | — | — |
| ਵਾ | ऽ | ऽ | ऽ | ऽ | ऽ | ਅ | ऽਸ | ਤੁ | ऽ | ਉ | ਦੋ | ऽ | ਤੁ | ऽ | ऽ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| — | — | — | ਨ | ਸਾਂ | ਨ | ਧ | — | ਪ | — | ਮ | ਪ | ਧ | ਨ | — | — |
| ऽ | ऽ | ऽ | ਭ | ਇਆ | ਉ | ਠ | ऽ | ऽ | ऽ | ऽ | ਤ | ऽ | ਲੇ | ऽ | ऽ |
| ਸਾਂ | — | — | — | — | — | ਨ | ਨ | ਨ | ਨ | — | ਨ | — | ਧ | — | ਪ |
| ऽ | ऽ | ऽ | ऽ | ऽ | ऽ | ਜਿ | ਉ | ਜਿ | ਉ | ऽ | ਦਾ | ऽ | ਦਾ | ऽ | ऽ |
| ਪ | — | — | ਨ | ਨ | ਨ | ਸਾਂ | — | — | — | — | ਸਾਂ | ਨ | ਧ | ਪ | — |
| ऽ | ऽ | ऽ | ਕਿ | ਉ | ਜਿ | ਉ | ऽ | ऽ | ऽ | ऽ | ਅਉ | ऽ | ਧ | ऽ | ऽ |
| — | — | ਪ | ਧ | — | — | — | ਪ | ਮ | — | — | — | — | ਗ | — | — |
| ऽ | ऽ | ਇ | ਹਾ | ऽ | ऽ | ऽ | ਹੀ | ਆ | ऽ | ऽ | ऽ | ऽ | ਵਾ | ऽ | ऽ |
| — | — | — | ਗ | ਮ | ਪ | ਪ | — | ਮਗ | — | — | ਗ | — | ਰੇਮ | — | ਰੇ |
| ऽ | ऽ | ऽ | ਜਿ | ਉ | ਜਿ | ਉ | ऽ | ऽऽ | ऽ | ऽ | ਅਉ | ऽ | ਧ | ऽ | ਇ |
| ਮ | ਮ | ਮ | — | — | — | | | | | | | | | | |
| ਹਾ | ਹੀ | ਆ | ऽ | ऽ | ऽ | | | | | | | | | | |

ਗਿਆਨ ਸਿੰਘ ਐਬਟਾਬਾਦ, <u>ਗੁਰਬਾਣੀ ਸੰਗੀਤ</u> ( ਭਾਗ ਪਹਿਲਾ), ਪੰਨਾ 203-4

ੴ ਸਤਿਗੁਰ ਪ੍ਰਸਾਦਿ ।।

ਆਸਾ ਮਹਲਾ ੪ ਛੰਤ ਘਰੁ ੪

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ।।
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ।।
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ।।
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ।।

(ਆਦਿ ਗ੍ਰੰਥ ਪੰਨਾ 448)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ
ਸੈਭੰ ਗੁਰ ਪ੍ਰਸਾਦਿ ।।

ਆਸਾ ਮਹਲਾ ੧

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਦੀ ਧੁਨੀ ।।

ਸਲੋਕੁ ਮਹਲਾ ੧

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ।। ੧ ।।
ਮਃ ੨ ।। ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ।।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ।। 2 ।।
ਮਃ ੧ ।। ਨਾਨਕ ਗੁਰੂ ਨ ਚੇਤਨੀ ਮਨਿ ਆਪਨੇ ਸੁਚੇਤ ।।
ਛੁਟੇ ਤਿਲ ਬੂਆੜ ਕਿਉ ਸੁੰਞੇ ਅੰਦਰਿ ਖੇਤੁ ।।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ।।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ।। 3 ।।
।। ਪਉੜੀ ।। ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ।।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ।।
ਕਰਿ ਆਸਣੁ ਡਿਠੋ ਚਾਉ ।। ੧ ।।

ਰਾਗ ਆਸਾ ਏਕਤਾਲ

| x | | 2 | | 0 | | 3 | | | | | |
|---|---|---|---|---|---|---|---|---|---|---|---|
| ਧ | ਪਧ | ਸੰਨੀ | ਧ | ਪ | ਗ | – | ਰੇ | ਸਾ | ਰੇ | ਰੇ | ਸਾ |
| ਗੋਬਿ | ਅੰਦS | SS | ਮ੍ਰਿ | ਤ | ਕ੍ਰਿ | S | ਨੇ | S | ਨੋ | ਇ | ਣਾ |
| ਸਾ | ਰੇ | ਮ | ਮ | – | – | ਪ | – | – | – | ਧ | – |
| ਮ | ਨੁ | ਪ੍ਰੇ | ਮਿ | ਰ | ਤੰਗਾ | ਰਾ | S | ਮ | ਰਾ | ਜੇ | S |
| ਧ | ਪਧ | ਸੰਨੀ | ਧ | ਪ | ਗ | – | ਰੇ | ਸਾ | ਰੇ | ਰੇ | ਸਾ |
| ਮਨੁ | ਰਾS | SS | ਸਿ | S | ਰ | ਸ | ਦ | ਟੀ | ਲਾ | ਇ | ਆ |
| ਸਾ | ਰੇ | ਮ | ਮ | – | – | ਪ | – | – | – | ਧ | – |
| ਰੈ | S | ਣ | ਨੁ | ਸੋ | S | ਇੰ | ਨਾ | S | S | S | S |
| ਪ | ਧ | ਸੰਨੀ | ਧ | ਪ | ਗ | – | ਰੇ | ਸਾ | ਰੇ | ਰੇ | ਸਾ |
| ਗੁ | ਰ | SS | ਮੁ | ਖਿ | ਰੈ | S | ਗਿ | ਚ | ਨੁ | ਇ | ਆ |
| ਸਾ | ਰੇ | ਮ | ਮ | – | – | ਪ | – | – | – | ਧ | – |
| ਮੇ | ਰਾ | ਮ | ਨੁ | ਤ | ਨੈ | ਕ੍ਰਿ | S | ਨਾ | S | S | S |
| ਧ | ਪਧ | ਸੰਨੀ | ਧ | ਪ | ਗ | – | ਰੇ | ਸਾ | ਰੇ | ਰੇ | ਸਾ |
| ਜਨੁ | ਨਾS | SS | ਨ | ਕੁ | ਮੁ | ਸ | ਰਿ | ਛ | ਨੇ | ਕਿ | ਆ |
| ਸਾ | ਰੇ | ਮ | ਮ | – | – | ਪ | – | – | – | ਧ | – |
| ਸ | ਤੁ | ਜ | ਨ | ਮੁ | ਧ | ਨੁ | – | ਪੈ | ਨਾ | S | S |

# ਸਲੋਕ ਤੇ ਪਉੜੀ

ਸਾਂ — — — — — — — — — — — — — —

੧ੳ ਸ ਤਿ ਨਾ ਮੁ ਕ ਰ ਤਾ ਪੁ ਰ ਖੁ ਨਿ ਰ ਭ ਉ

— — ਰੇ ਨੀ ਸਾਂ ਨੀ ਧ ਪ ਮ — — — — — —

ਨਿ ਰ ਵੈ ਰ ऽ ऽ ऽ ऽ ਅ ਕਾ ਲ ਮੂ ਰ ਤਿ ਅ

ਮ — — — — — — — — ਧ — — — — —

ਜੂ ਨੀ ਸੈ ਭੰ ਗੁ ਰ ਪ੍ਰ ਸਾ ਦਿ ਆ ਸਾ ਮ ਹ ਲਾ ਪ

— — — — — — — — — ਪ — — — — —

ਹਿ ਲਾ ਵਾ ਰ ਸ ਲੋ ਕਾ ਨਾ ਲਿ ਸ ਲੋ ਕ ਭੀ ਮ ਹ

— — — — — ਧ ਪ ਮ ਗ ਗ ਰੇ ਸਾ ਮ — —

ਲੇ ਪ ਹਿ ਲੇ ਕੇ ਲਿ ਖੇ ऽ ऽ ऽ ऽ ऽ ਟੁੰ ਡੇ ਅ

— — — — ਧ ਮ ਗ ਸਾ ਰੇ ਗ ਰੇ ਰੇ ਰੇ ਸਾ —

ਸ ਰਾ ਜੈ ਕੀ ਧੁ ऽ ਨੀ ਸ ਲੋ ਕੁ ਮ ਹ ਲਾ ਪ ਹਿ

— ਸਾਂ — — — — — — — — ਨੀ ਧ — — —

ਲਾ ਬ ਰੀ ਗੁ ਰ ਆ ਪ ਣੇ ਪ ਣੇ ऽ ऽ ਦਿ ਉ ਹਾ

— — — — — ਪ — — — — — — — — —

ੜੀ ਸ ਦ ਵਾ ਰ ऽ ऽ ऽ ਜਿ ਨਿ ਮਾ ਣ ਸ ਤੇ ਦੇ

— — — ਧ ਪ ਮ ਗ ਰੇ ਸਾ — ਰੇ ਮ ਗ ਰੇ ਸਾ

ਵ ਤੇ ਕੀ ਏ ऽ ऽ ऽ ऽ ਕ ਰ ਤ ਨ ਲਾ ऽ ਗੀ

ਸਾ ਰੇ ਗ ਰੇ ਸ ਮ — — — — — — — — — — — —

ਵਾ ऽ ऽ ਰ ऽ ਮ ਹ ਲਾ ੨ ਜੇ ਸ ਉ ਚੰ ਦਾ ਉ ਗ ਵ

ਮ — — — — — — — — — — ਪ — — — — — — — — —

ਹਿ ਸੂ ਰ ਜ ਚ ੜ੍ਹ ਹਿ ਹ ਜਾ ਰ ਏ ਤੇ ਚਾ ਨ ਣ ਹੋ ਦਿ ਆਂ ਗੁ ਰ

— — — — — — — — — — — — —

ਬਿ ਨੁ ਘੋ ਰ ਅੰ ਧਾ ਰ ਮ ਹ ਲਾ ਪ ਹਿ ਲਾ

ਧ — — — — — — — — — — — ਧ — — ਪ ਧ ਸਾਂ ਨੀ ਧ
ਨਾ ਨ ਕ ਗੁ ਰੂ ਨ ਚੇ ਤ ਨੀ ਮ ਨਿ ਆ ਪ ਣੈ ਸੁ ਚੇ ऽ ऽ ऽ ऽ

ਪ ਧ ਧ ਸਾਂ ਸਾਂ — — — — — — ਸਾਂ — — — — — — — —
ਤ ऽ ऽ ऽ ਛੁ ਟੇ ਤਿ ਲ ਬੂ ਆ ੜ ਜਿ ਉ ਸੁੰ ਞੇ ਅੰ ਦ ਰ ਖੇਂ ਤ

ਨੀ — — — — — ਸਂ — — — — — — — — — ਰੇਂ — — —
ਖੇਂ ਤੈ ਅੰ ਦ ਰਿ ਛੁ ਟਿ ਆ ਕ ਹੁ ਨਾ ਨ ਕ ਸ ਉ ਨਾ ਹ ਫ ਲੀ ਅ ਹਿ

ਰੇਂ — — — ਸਾਂ — —
ਫੁ ਲੀ ਅ ਹਿ ਬ ਪੁ ੜੇ

---

ਤਾਲ ਪਉੜੀ

---

| 1 | 2 | 3 | 4 | | 1 | 2 | 3 | 4 |
|---|---|---|---|---|---|---|---|---|
| | | | | | ਸਾਂ | — | — | — |
| | | | | | ਭੀ | ਤਨ | ਵਿਚਿ | ਸੁਆਹ |
| ਸਾਂ | ਸਾਂ | ਧਨੀ | ਪਧ | | ਸਾ | ਸਾਂ | — | — |
| ਪਉੜੀ, ਆ | ਪੀ | ਨੈ | ਆਪੁ | | ਸਾ | ਜਿਓ | ऽ | ऽ |
| ਸਾਂ | ਸਾਂ | ਸਾਂ | ਧ | | — | — | ਧਨੀ | ਪਧ |
| ਆ | ਪੀ | ਨੈ | ऽ | | ऽ | ऽ | ਰ | ਚਿਓ |
| ਸਾਂ | ਸਾਂ | — | — | | | | | |
| ਨਾ | ਉ | ऽ | ऽ | | | | | |

(ਬਾਕੀ ਸਤਰਾਂ ਇਸੇ ਤਰ੍ਹਾਂ ਹੀ ਗਾਈਆਂ ਜਾਂਦੀਆਂ ਹਨ)

(ਇਸ ਦਾ ਮੁਕਾਮ ਵਿਸ਼ੇਸ਼ ਤਿਹਾਈ ਨਾਲ)

| | | | | | | | | |
|---|---|---|---|---|---|---|---|---|
| ਸਾਂ | ਸਾਂ | ਸਾਂ | ਰੇਂਸਾਂ | | ਧ | — | ਸਾਂ | ਨੀਧ |
| ਕੀਤ | ਆ | ਸ | ਣੁ | | ऽ | ऽ | ਡਿ | ਠੋ |
| ਸਂ | ਸਂ | — | ਸਂ | | ਨੀਧ | ਸਾਂ | ਸਾਂ | — |
| ਚਾ | ਉ | ऽ | ਡਿ | | ਠੋ | ਚਾ | ਉ | ऽ |
| ਸਾਂ | ਨੀ | ਧ | ਸਾਂ | | ਸਾਂ | | | |
| ਡਿ | ਠੋ | | ਚਾ | | ਉ | | | |

ਧਨਾਸੀ ਭਗਤ ਧੰਨਾ ਜੀ ਕੀ

ਗੋਪਾਲ ਤੇਰਾ ਆਰਤਾ ॥

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ॥ਰਹਾਉ॥

ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹੀਆ ਛਾਦਨੁ ਨੀਕਾ। ਅਨਾਜੁ ਮਗਉ ਸਤ ਸੀ ਕਾ ॥ ॥

ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥

ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ॥ ॥ ।

(ਆਦਿ ਗ੍ਰੰਥ, ਪੰਨਾ 695)

| ਰਾਗ ਆਸਾਵਰੀ | | | | | | | | | | | | ਤਿੰਨ ਤਾਲ | | | |
|---|---|---|---|---|---|---|---|---|---|---|---|---|---|---|---|
| x ਸਥਾਈ | | | | ੨ | | | | ੦ | | | | ੩ | | | |
| | | | | | | | ਮ | ਮ | ਪ | – | ਧ॒ | ਪ | ਮ | ਪ | ਧ॒ |
| | | | | | | | ਹੇ | ਗੋ | ਪਾ | ऽ | ਲ | ਤੇ | ऽ | ਰਾ | ऽ |
| ਸਂ | – | – | ਨ॒ | ਗ॒ਂ | ਰੇਂ | ਸਂ | ਨਰੇਂ | ਸਂ | ਧ॒ | – | ਨ॒ | ਪ | ਮ | ਪ | ਧ॒ |
| ਆ | ऽ | ऽ | ਰ | ਤਾ | ऽ | ऽ | ਹੇ | ਗੋ | ਪਾ | ऽ | ਲ | ਤੇ | ऽ | ਰਾ | ऽ |
| ਸਂ | – | – | – | ਸਂ | ਨ॒ | ਸਂ | – | – | ਸਂ | ਨ॒ | ਸਂ | ਧ॒ਨ॒ | ਪਧ॒ | ਮ | ਪ |
| ਆ | ऽ | ऽ | ਰ | ਤਾ | ऽ | ऽ | ऽ | ऽ | ਜੋ | ਜ | ਨ | ਤੁ | ਮ | ਰੀ | ऽ |
| ਮ ਗ॒ | ਗ॒ | ਰ | ਸ | ਰ | – | ਮ | – | – | ਰ | ਮ | – | ਪ | – | ਪ | ਧ॒ |
| ਭ | ਗ | ਤਿ | ਕ | ਰੰ | ऽ | ਤੇ | ऽ | ऽ | ਤਿ | ਨ | ਕੇ | ਕਾ | ऽ | ਜ | ਸ |
| ਸਂ | – | – | ਰੇਂ | ਗ॒ਂ | ਰੇਂ | ਸਂ | ਸਂ | | | | | | | | |
| ਵਾ | ऽ | ऽ | ਰ | ਤਾ | ऽ | ऽ | ਹੇ | | | | | | | | |
| ਅੰਤਰਾ | | | | | | | | | | | | | | | |
| | | | | | | ਸਂ | – | – | ਗ॒ਂ | – | – | ਰੇਂ | – | ਸਂ | ਰੇਂ |
| | | | | | | ਦਾ | ਲਿ | ऽ | ਸੀ | ऽ | ਧਾ | ਮਾ | ऽ | ਗਉ | ऽ |
| ਗ॒ਂ | – | ਰੇਂ | ਸਂ | ਰੇਂ | – | ਸਂ | – | – | ਨ | – | – | – | – | – | – |
| ਘੀ | ऽ | ऽ | ऽ | ਉ | ऽ | ਹਮ | ਰਾ | ऽ | ਖੁ | ਸ਼ੀ | ਕ | ਰੈ | ऽ | ਨਿ | ਤ |
| ਸਂ | – | – | ਰੇਂ | ਗ॒ਂ | ਰੇਂ | ਸਂ | ਨਰੇਂ | ਸਂ | ਧ॒ | – | ਨ॒ | | | | |
| ਜੀ | ऽ | ऽ | ऽ | ਉ | ऽ | ऽ | ਹੇ | ਗੋ | ਪਾ | ऽ | ਲ | | | | |

## ਰਾਗੁ ਸੂਹੀ ਮਹਲਾ ੪ ਛੰਤ ਘਰੁ ੧

ਸਤੁ ਸੰਤੋਖੁ ਕਰਿ ਭਾਉ, ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ ।।
ਸੰਤ ਜਨਾ ਕਰਿ ਮੇਲੁ,ਗੁਰਬਾਣੀ ਗਾਵਾਈਆ ਬਲਿਰਾਮ ਜੀਉ।।
ਬਾਣੀ ਗੁਰ ਗਾਈ ਪਰਮ ਗਤਿ ਪਾਈ, ਪੰਚਮਿਲੇ ਸੋਹਾਇਆ।।
ਗਇਆ ਕ੍ਰੋਧੁ, ਮਮਤਾ ਤਨਿ ਨਾਠੀ, ਪਾਖੰਡੁ ਭਰਮੁ ਗਵਾਇਆ।।
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ।।
ਗੁਰ .. ਪਰਸਾਦੀ ਬ੍ਰਹਮੁ ਪਛਾਤਾ, ਨਾਨਕ ਗੁਣੀ ਗਹੀਰਾ।। ।।

( ਆਦਿ ਗ੍ਰੰਥ ਪੰਨਾ,773)

ਤਾਲ ਦਈਆ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| | | | | | | | | | | | | ਨੀ<br>ਸ | ਸਾ<br>ਤੁ |
| ਰੇ<br>ਸੰ | ਗੁ<br>S | ਰੇ<br>ਤੋ | ਸਾ<br>S | —<br>ਖੁ | ਨੀ<br>ਕ | ਸਾ<br>ਰਿ | ਰੇ<br>ਭਾ | ਗੁ<br>S | ਰੇ<br>ਉ | ਸਾ<br>ਕੁੜ | —<br>ਮੁ | ਨੀ<br>ਕੁ | —<br>ੜ |
| ਧ<br>ਮਾ | —<br>ਈ | —<br>ਆ | ਸ<br>ਇ | —<br>ਆ | —<br>ਬ | —<br>ਲਿ | ਰੇਗ<br>ਰਾS | ਮ<br>ਮ | —<br>ਜੀ | ਗ<br>ਉ | ਰੇ<br>S | —<br>S | —<br>S |
| ਮ<br>ਸੰ | —<br>S | ਗ<br>ਤ | ਮ<br>ਜ | —<br>ਨਾ | ਗੁ<br>ਕ | ਰ<br>ਰਿ | ਗੁ<br>ਮੇ | —<br>ਲੁ | ਰ<br>ਗੁ | ਸਾ<br>ਰ | —<br>ਬਾ | ਨੀ<br>S | ਧ<br>ਣੀ |
| ਸਾ<br>ਗਾ | —<br>ਵਾ | —<br>ਈ | ਰੇ<br>ਆ | —<br>S | ਗੁ<br>ਬ | —<br>ਲਿ | ਰੇ<br>ਰਾ | —<br>Sਮ | —<br>ਜੀ | ਗੁ<br>ਉ | ਰੇ<br>S | ਸਾ<br>S | ਨੀ<br>S |
| ਸਾ<br>S | —<br>S | —<br>S | —<br>S | —<br>S | —<br>S | —<br>S | ਸਾ<br>ਬਾ | —<br>ਣੀ | —<br>ਗੁ | —<br>ਰ | —<br>ਗਾ | ਨੀ<br>ਈ | ਸਾ<br>ਪ |
| ਰੇ<br>ਰ | ਰੇ<br>ਮ | ਗੁ<br>ਗ | ਗੁ<br>ਤਿ | ਰੇ<br>ਪਾ | ਸਾ<br>ਈ | —<br>S | ਧ<br>ਪੰ | —<br>ਚ | —<br>ਮਿ | ਸਾ<br>ਲੇ | —<br>S | —<br>ਸੋ | —<br>S |
| ਰੇਗ<br>ਹਾS | ਮ<br>S | —<br>S | ਗ<br>ਇਆ | ਰੇ<br>S | —<br>S | —<br>S | ਮ<br>ਗਇ | —<br>ਆ | ਗ<br>ਕ੍ਰੋ | ਮ<br>S | —<br>ਧੁ | ਗੁ<br>ਮ | ਰੇ<br>ਮ |

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| ਗ̲ | — | ਰੇ | ਸਾ | — | ਨੀ̲ | ਧ | ਸਾ | — | — | ਰੇ | — | ਗ̲ | — |
| ਤ | ਤ | ਨਿ | ਨਾ | ਠੀ | ਠੀ | S | ਪਾ | ਖੰ | ਡੁ | ਤ | ਰ | ਮੁ | ਗ |
| ਰੇ | — | — | ਗ̲ | ਰੇ | ਸਾ | ਨੀ̲ | ਸਾ | — | — | — | — | — | — |
| ਵਾ | S | S | ਇਆ | S | S | S | S | S | S | S | S | S | S |
| ਸਾ | — | — | — | — | ਨੀ̲ | ਸਾ | ਰੇ | ਗ̲ | ਰੇ | ਸਾ | — | ਨੀ̲ | — |
| ਹਉ | ਮੈਂ | S | ਪੀ | ਰ | ਗ | ਈ | ਸੁ | ਖੁ | ਪਾ | ਇ | ਆ | ਆ | S |
| ਧ̲ | — | — | ਸਾ | — | — | — | ਰੇਗ̲ | ਮ | — | ਗ̲ | ਰੇ | — | — |
| ਰੋ | ਗ | ਤ | ਤ | ਏ | S | ਸ | ਗੀS | S | S | ਗਾ | S | S | S |
| ਰੇ | — | — | — | — | — | — | ਮ | — | ਗ̲ | ਮ | — | ਗ̲ | ਰੇ |
| S | S | S | S | S | ਗੁ | ਰ | ਪ | ਰ | S | ਸਾ | S | ਦੀ | S |
| ਗ̲ | — | ਰੇ | ਸਾ | — | ਨੀ̲ | ਧ̲ | ਸਾ | — | — | ਰੇ | — | ਗ̲ | — |
| ਛੂ | ਟ | ਸੁ | ਪ | ਛਾ | ਤਾ | S | ਨਾ | ਨ | ਕ | ਗੁ | ਣੀ | ਗ | ਹੀ |
| ਸਾ | — | — | | | | | | | | | | | |
| ਰਾ | S | S | | | | | | | | | | | |

## ਰਾਗ ਸੂਹੀ ਮਹਲਾ ੧ ਛੰਤੁ ਘਰੁ

ਹਮ ਘਰਿ ਸਾਜਨ ਆਏ।। ਸਾਚੈ ਮੇਲਿ ਮਿਲਾਏ।।
ਸਹਜਿ ਮਿਲਾਏ ਹਰ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ।।
ਸਾਈ ਵਸਤੁ ਪਰਾਪਤਿ ਹੋਈ, ਜਿਸੁ ਸੇਤੀ ਮਨੁ ਲਾਇਆ।।
ਅਨਦਿਨੁ ਮੇਲੁ ਭਇਆ ਮਨੁ ਮਾਨਿਆ, ਘਰ ਮੰਦਰ ਸੋਹਾਏ।।
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ।

(ਆਦਿ ਗ੍ਰੰਥ, ਪੰਨਾ 764)

---

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਾ | – | ਰੇ | – | ਰੇ | – | ਗੁ | – | ਰੇ | – | – | ਸਾ | ਨੀ | ਧ |
| ਹਮ | S | ਘ | S | S | S | ਰਿ | S | ਸਾ | S | S | ਜ | S | ਨ |
| ਸਾ | – | – | – | ਸਾ | – | – | ਸਾ | – | – | ਰੇ | ਗੁ | ਰੇ | ਸਾ |
| ਆ | S | S | S | ਏ | S | S | ਮਹਾ | ਰਾ | S | ਜਾ | S | S | S |
| ਸਾ | ਰੇ | – | ਰੇ | – | ਮ | – | ਗ | – | – | ਰੇ | – | ਗੁ | – |
| ਹਮ | ਘ | S | S | S | ਰਿ | S | ਸਾ | S | S | ਜ | S | ਨ | S |
| ਰੇ | – | – | ਸ | – | – | – | – | – | – | – | – | – | – |
| ਆ | S | S | ਏ | S | S | S | S | S | S | S | S | S | S |
| ਸਾ | – | ਰੇ | – | ਰੇ | – | ਗੁ | – | ਰੇ | – | – | ਸਾ | ਨੀ | ਧ |
| ਸਾ | S | S | S | ਚੈ | S | S | S | ਮੇ | S | S | ਲਿ | S | ਮਿ |
| ਸਾ | – | – | – | ਸਾ | – | – | ਸਾ | ਰੇ | – | ਰੇ | ਗੁ | ਰੇ | ਸਾ |
| ਲਾ | S | S | S | ਏ | S | S | S | S | S | S | S | S | S |
| ਸਾ | ਰੇ | – | ਰੇ | – | ਮ | – | ਗ | – | – | ਰੇ | – | ਗੁ | – |
| ਸਾ | S | S | ਏ | S | S | S | ਮੇ | S | S | ਲਿ | S | ਮਿ | S |
| ਰੇ | – | – | ਸਾ | – | – | – | – | – | – | – | – | – | – |
| ਲਾ | S | S | ਏ | S | S | S | S | S | S | S | S | S | S |

| | | | | | | | | | | | | | |
|---|---|---|---|---|---|---|---|---|---|---|---|---|---|
| ਪ | – | – | – | ਪ | – | ਮ | – | ਪ | – | ਧ | – | ਮ | ਮ |
| ਮਹਿ | ऽ | ऽ | ऽ | ਲ · | ऽ | ਇਆ | ऽ | ਲਾ | ऽ | ਏ | ऽ | ऽ | ऽ |
| ਗ ਰੇ | – | – | – | ਰੇ | – | ਗ | – | ਮ | – | – | ਮ | – | – |
| ਰਹਿ | ऽ | ऽ | ऽ | ਮ | ऽ | ਨ | ऽ | ਲਾ | ऽ | ऽ | ਏ | ऽ | ऽ |
| ਗ | ਰੇ | – | ਰੇ | – | – | – | ਰੇ | – | – | – | ਰੇ | ਗ | – |
| ਪੰ | ऽ | ऽ | ਚ | ऽ | ऽ | ਇਆ | ऽ | ऽ | ਏ | ऽ | ऽ | ਸੁ | ਖ |
| ਰੇ | – | – | – | ਸ | – | – | | | | | | | |
| ਪਾ | ऽ | ऽ | ऽ | ਇਆ | ऽ | ऽ | | | | | | | |

(ਬਾਕੀ ਤੁਕਾਂ ਇਸੇ ਅੰਤਰੇ ਤੇ ਹੀ ਢਾਲੀਆਂ ਜਾਣ)

ਸੂਹੀ ਮਹਲਾ

-ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ।
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ।।
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ।।
ਸਤਿਗੁਰੁ ਗੁਰੁ ਪੂਰਾ ਅਰਾਧਹੁ ਸਭਿ ਕਿਲਵਿਖ ਪਾਪ ਗਵਾਇਆ।।
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ।।
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ।।੧।।

-ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ।।
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ।।
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ।।
ਹਰਿ ਆਤਮਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ।।
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰ ਜਨ ਮੰਗਲ ਗਾਏ।।
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ।।

-ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ।।
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ।।
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ।।
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ।।
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ।।
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ।।

-ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ।।
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ।।
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ।।
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਧਾਈ।।
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ।।
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ।।

( ਆਦਿ ਗ੍ਰੰਥ ਪੰਨਾ 773-74)

ਰਾਗ , ਲਾਵਾਂ

ਤਾਲ ਢਈਆ

| 0 | 1 | 2 | 0 | 1 | 2 |
|---|---|---|---|---|---|
| | | | | | ਨ̣ ਸ |
| | | | | | ਹ ਰਿ |
| ਰ ਗ̱ ਰ | ਮ – | ਨ̣ ਮ | ਰ ਗ̱ ਰ | ਮ – | ਨ̱ – |
| ਪਹਿ ਲ ੜੀ | ਲਾ ਵ | ਪ ਰ | ਵਿ ਰ ਤੀ | ਕ ਰ | ਮ ਦ੍ਰਿ |
| ਪ – – | ਮ – | – – | ਰਗ ਮ – | ਗ ਰ | – – |
| ੜਾ ऽ ऽ | ਇਆ ऽ | ਬ ਲਿ | ਰਾ ऽ ਮ ਜੀ | ਉ ऽ | ऽ ऽ |
| ਮ – ਗ | ਮ – | ਗ̱ ਰ | ਗ̱ – ਰ | ਮ – | ਨ̣̱ ਪ̣ |
| ਬਾ ऽ ਣੀ | ਬ੍ਰ ਹ | ਮਾ ऽ | ਵੇ ऽ ਦੁ | ਧਰ ਮੁ | ਦ੍ਰਿ ੜ੍ਹ |
| ਮ – – | ਰ – | ਗ̱ – | ਰ – – | ਗ̱ ਰ | ਮ ਨ̣ |
| ਪਾ ਪ ਤ | ਜਾ ਇਆ | ਬ ਲਿ | ਰਾ ऽਮ ਜੀ | ਉ ऽ | ऽ ऽ |
| ਮ – – | – – | – – | ਮ – – | – – | ਨ̣ ਸ |
| ऽ ऽ ऽ | ऽ ऽ | ऽ ऽ | ਧਰ ਮੁ ਦ੍ਰਿ | ੜ੍ਹ ਹੁ | ਹ ਰਿ |
| ਰ ਗ̱ ਰ | ਮ – | ਨ̣̱ – | ਧ – – | ਮ – | – – |
| ਨਾ ਮੁ ਧਿ | ਆ ऽ | ਵ ਹੁ | ਸਿ ਮ੍ਰਿ ਤਿ | ਨਾ ऽ | ਮੁ ਦ੍ਰਿ |
| ਰਗ ਮ – | ਗ ਰ | – – | ਮ – ਗ | ਮ – | ਗ̱ ਰ |
| ੜਾऽ ऽ ऽ | ਇਆ ऽ | ऽ ऽ | ਸਤਿ ਗੁ ਰੁ | ਗੁ ਰੁ | ਪੂ ऽ |
| ਗ̱ – ਰ | ਮ – | ਨ̣̱ ਪ̣ | ਮ – – | ਰ – | ਗ̱ – |
| ਰਾ ऽ ਆ | ਰਾ ਧਹੁ | ਸ ਭਿ | ਕਿਲ ਵਿ ਖ | ਪ ऽ | ਪ ਗ |
| ਰ – – | ਗ̱ ਰ | ਮ ਨ̣ | ਮ – – | – – | – – |
| ਵਾ ऽ ऽ | ਇਆ ऽ | ऽ ऽ | ऽ ऽ ऽ | ऽ ऽ | ऽ ऽ |
| ਮ – – | – – | ਨ̣ ਮ | ਰ ਗ̱ ਰ | ਮ – | ਨ̱ – |
| ਸਹ ਜੁ ਅ | ਨੰ ਦੁ | ਹੋ ऽ | ਆ ऽ ਵਡ | ਭਾ ਗੀ | ਮ ਨਿ |
| ਪ̣ – – | ਮ – | – – | ਰਗ ਮ – | ਗ ਰ | – – |
| ਹਰਿ ਹ ਰਿ | ਮੀ ऽ | ਠਾ ऽ | ਲਾऽ ऽ ऽ | ਇਆ ऽ | ऽ ऽ |
| ਰ – – | – – | – – | ਮ – ਗ | ਮ – | ਗ̱ ਰ |
| ऽ ऽ ऽ | ऽ ऽ | ਜ ਨੁ | ਕ ਹੈ ऽ | ਨਾ ऽ | ਨ ਕੁ |

| | | | | | | | | | | | | | |
|---|---|---|---|---|---|---|---|---|---|---|---|---|---|
| ਗ | - | ਰ | ਮ | - | ਨ਼ | ਧ਼ | ਸ | - | - | ਰ | - | ਗ | - |
| ਲਾ | ऽ | ਵ | ਪ | ਹਿ | ਲੀ | ਆ | ਹੈ | ऽ | ਭੁ | ਕਾ | ऽ | ਸੁ | ਰ |
| ਰ | - | - | ਗ | ਰ | ਸ | ਨ਼ | ਸ | - | - | - | - | - | - |
| ਚ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ਹ | ਰਿ |
| ਨ਼ | - | ਰ | ਸ | - | - | - | - | | | | | | |
| ਪਹਿ | ਲ | ੜੀ | ਲਾ | ऽ | ਵ | ऽ | ऽ | | | | | | |

ਨੋਟ: 'ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ' ਤੇ "ਹਰਿ ਤੀਜੜੀ ਲਾਵ" "ਮਨਿ ਚਾਉ ਭਇਆ" ਵਿਚ ਦੋਨੋ ਲਾਵਾਂ ਪਹਿਲੀ ਲਾਂਵ ਤੇ ਲਾਉਣੀਆਂ ਹਨ।

## ਚਉਥੜੀ ਲਾਵ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| | | | | | | | | | | | | ਸ | - |
| | | | | | | | | | | | | ਹ | ਰਿ |
| ਸ | - | - | ਸ | ਰ | ਸ | - | ਪ | - | - | - | - | - | - |
| ਚਉ | ਥ | ੜੀ | ਲਾ | ਵ | ਮ | ਨਿ | ਸਹ | ਜੁ | ਭ | ਇਆ | ऽ | ਹ | ਰਿ |
| ਸ ਰ | ਰ | - | ਸ | - | ਪ | - | ਸਪ | ਧ | ਪ | ਸ | ਗ | ਰ | - |
| ਪਾ | ऽ | ऽ | ਇਆ | ऽ | ਬ | ਲਿ | ਰਾऽ | ऽਮ | ਜੀ | ਉ | ऽ | ऽ | ऽ |
| ਰ | - | - | - | - | - | - | ਪ | - | - | ਸ | - | ਪ | ਸ |
| ऽ | ऽ | ऽ | ऽ | ऽ | ऽ | ऽ | ਗੁਰ | ਮੁ | ਖਿ | ਮਿ | ਲਿ | ਆ | ਸੁ |
| ਗ | - | ਰ | ਸ | - | ਰ | - | ਨ | - | - | ਸ | - | ਰ | - |
| ਭਾ | ਇ | ਹਰਿ | ਮਨਿ | ਤਨਿ | ਮੀ | ਠਾ | ਲਾ | ऽ | ऽ | ਇਆ | ऽ | ਬ | ਲਿ |
| ਸ | - | - | ਮ ਸ | ਸ | - | - | - | - | - | - | - | - | - |
| ਰਾ | ਮ | ਜੀ | ਉ | ऽ | ऽ | ऽ | ऽ | ऽ | ऽ | ऽ | ऽ | ਹ | ਰਿ |
| ਸ | - | - | ਸ | ਰ | ਸ | - | ਸ | ਪ | - | - | - | - | - |
| ਮੀ | ऽ | ਠਾ | ਲਾ | ऽ | ਇਆ | ऽ | ਮੇਂ | ਰੇ | ਪ੍ਰਭ | ਭਾ | ऽ | ਇਆ | ऽ |
| ਸ ਰ | ਰ | - | ਸ | - | ਪ | - | ਸਪ | ਧ | ਪ | ਸ | ਗ | ਰ | - |
| ਅਨ | ਦਿ | ਨੁ | ਹ | ਰਿ | ਲਿ | ਵ | ਲਾऽ | ऽ | ऽ | ਈ | ऽ | ऽ | ऽ |

| | | | | | |
|---|---|---|---|---|---|
| ਰੇ — — | — — | — — | ਪ — — | ਮ — | ਪ ਮ |
| ऽ ऽ ऽ | ऽ ऽ | ऽ ऽ | ਮ ਨ ਚਿੰ | ਦਿਆ ऽ | ਫ ਲੁ |
| ਗੁ — ਰੇ | ਮ — | ਰੇ — | ਨ਼ — — | ਸ — | ਰੇ — |
| ਪਾ ऽ ਇਆ | ਸੁਆਮੀ | ਹ ਰਿ | ਨਾ ऽ ਮਿ | ਵ ਜੀ | ऽ ਵ |
| ਮ — — | ਮੇਂ ਸ | — — | — — — | — — | — — |
| ਧਾ ऽ ऽ | ਈ ऽ | ऽ ऽ | ऽ ऽ ऽ | ऽ ऽ | ऽ ऽ |
| ਮ — — | ਮ ਰੇ | ਮ — | ਮ ਪ — | — — | — — |
| ਹਰਿ ਪ੍ਰ ਭਿ | ਠਾ ऽ | ਕੁ ਰਿ | ਕਾ ਜੁ ਰ | ਚਾ ऽ | ਇਆ ऽ |
| ਮ — — | ਗ ਰੇ | ਮ ਗ | ਮ ਪ — | — — | — — |
| ਹਰਿ ਪ੍ਰ ਭਿ | ਠਾ ऽ | ਕੁ ਰਿ | ਕਾ ਜੁ ਰ | ਚਾ ਇਆ | ਧ ਨ |
| ਮੇਂ ਰੇ — | ਮ — | ਪ — | ਮਪ ਧ ਪ | ਮ ਗ | ਰੇ — |
| ਹਿ ਰ ਦੈ | ਨਾ ऽ | ਮਿ ਵ | ਗਾऽ ऽ ऽ | ਸੀ ऽ | ऽ ऽ |
| ਰੇ — — | — — | — — | ਪ — — | ਮ — | ਪ ਮ |
| ऽ ऽ ऽ | ऽ ऽ | ਸ ਨੁ | ਨਾ ਨ ਕੁ | ਚੋ ऽ | ਚੌ ऽ |
| ਗ — ਰੇ | ਮ — | ਰੇ — | ਨ਼ — — | ਸ — | ਰੇ — |
| ਤਉ ऽ ਪੀ | ਪਾ ਵੈ | ਹ ਰਿ | ਧਾ ऽ ਇਆ | ਪ੍ਰ ਭੁ | ਅ ਵਿ |
| ਮ — — | ਮੇਂ ਸ | — — | — — — | — — | — — |
| ਨਾ ऽ ऽ | ਸੀ ऽ | ऽ ऽ | ऽ ऽ ऽ | ऽ ऽ | ऽ ऽ |
| ਪ — — | ਮ — | ਪ ਮ | ਗੁ — ਧ | ਸ — | ਰੇ — |
| ਵਾਹਿ ਗੁ ਰੂ | ਕੀ ऽ | ਕਾ ऽ | ਖਾ ऽ ਲ | ਸਾ ऽ | ਸਿ ਰੀ |
| ਨ਼ — — | ਸ — | ਰੇ — | ਮ — — | ਮੇਂ ਸ | — — |
| ਵਾਹਿ ਗੁ ਰੂ | ਜੀ ऽ | ਕੀ ऽ | ਫ ਤੇ ऽ | ऽ ऽ | ऽ ऽ |
| ਸ — — | — — | — — | ਨ਼ — ਰੇ | ਸ — | — — |
| ऽ ऽ ऽ | ऽ ऽ | ਹ ਰਿ | ਤਉ ਪੀ ਤੀ | ਵਾ ऽ | ਵੈ ऽ |
| ਸ | | | | | |
| ऽ | | | | | |

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ,

( ਭਾਗ ਦੂਜਾ ), ਪੰਨਾ 986 - 988

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ।।

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।।

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।।

ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।।

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ

ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ

(ਆਦਿ ਗ੍ਰੰਥ ਪੰਨਾ -1108)

| ਰਾਗ ਤੁਖਾਰੀ | | | | | | | | | | | | ਤੀਨ ਤਾਲ | | | |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| | | | | | | | | ਨੀ | ਸਾ | - | ਮੇ | ਗੁ | ਗੁਮੇ | ਪ | ਮੇ |
| | | | | | | | | ਸਾ | ਵ | ਣ | ਸ | ਰ | ਸS | S | ਮ |
| (ਪ) | - | ਪ | - | ਮੇ | ਗੁ | ਰੇ | ਸਾ | ਧ | ਧ | ਧ | - | ਨੀ | ਧ | ਪ | - |
| ਨਾ | S | ਘ | ਣ | ਵ | ਰ | ਸ | ਹਿ | ਘ | ਣ | ਵ | ਰ | ਸ | ਹਿ | ਰੁ | ਤਿ |
| ਗੁ | - | ਪਧ | ਪਮੇ | ਗੁ | ਰੇ | ਸਾ | - | ਗੁ | - | ਮੇ | - | ਪ | ਪ | ਨੀ | - |
| ਆ | S | SS | SS | S | S | ਏ | S | ਮੈ | S | ਮ | ਨਿ | ਤ | ਨਿ | ਸ | ਹੁ |
| ਸਾਂ | ਨੀ | ਸਾਂ | - | ਧ | ਧ | ਪ | - | ਧ | ਧ | ਧ | ਧ | ਨੀ | ਧ | ਪ | - |
| ਭਾ | S | ਵੈ | S | S | S | S | S | ਪਿਰ | ਪ | ਰ | ਦੇ | S | ਸਿ | ਸਿ | S |
| ਗੁ | - | ਪਧ | ਪਮੇ | ਗੁ | ਰੇ | ਸਾ | - | ਪ | - | ਪ | - | ਗੁ | ਮੇ | ਪ | - |
| ਧਾ | S | SS | SS | S | S | ਏ | S | ਪਿ | ਰੁ | ਘ | ਰਿ | ਨ | ਹੀ | ਆ | ਵੈ |
| ਸਾਂ | ਸਾਂ | ਸਾਂ | ਸਾਂ | ਰੇਂ | ਨੀ | ਸਾਂ | - | - | ਗੁਂ | ਗੁਂ | ਗੁਂ | ਰੇਂ | ਰੇਂ | ਸਾਂ | ਸਾਂ |
| ਮ | ਰੀ | ਐਂ | S | ਹਾ | S | ਵੈ | S | S | ਦਾ | ਮ | ਨਿ | ਚ | ਮ | ਕਿ | ਤ |
| ਰੇਂ | ਨੀ | ਸਾਂ | ਸਾਂ | ਧ | ਧ | ਪ | - | | | | | | | | |
| ਰਾ | S | S | S | ਏ | S | S | S | | | | | | | | |

ਬਾਰਹ ਮਾਹ ਮਾਝ ਮਹਲਾ ੫ ਘਰੁ

ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਆਗੈ ਸਭਿ ਨਿਵੰਨਿ।।

ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ।।

ਮਾਣਕੁ ਮੋਤੀ ਨਾਮੁ ਪ੍ਰਭ, ਉਨ ਲਗੈ ਨਾਹੀ ਸੰਨਿ ।।

ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ ।।

ਜੋ ਹਰਿ ਲੋੜੇ, ਸੋ ਕਰੇ, ਸੋਈ ਜੀਅ ਕਰੰਨਿ ।।

ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ ।।

ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ

ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ ।।

ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ।।

(ਆਦਿ ਗ੍ਰੰਥ ਪੰਨਾ 790)

| ਰਾਗ ਮਾਝ | | | | | ਤਾਲ ਦਾਦਰਾ |
|---|---|---|---|---|---|
| X | | | O | | |
| | | | | ਰੇ | ਸਸ |
| | | | | ਹਰਿ | ਜੇਠ |
| ਪ | — | — | — | ਪ | ਪ |
| ਜੁ | ੜੰ | ਦਾ | S | ਲੋ | ੜੀ |
| ਸਗਸ | ਗਰੇ | ਗ | ਸਾ | ਰੇ | ਸਸ |
| ਐਂS | SS | S | S | ਜਿਸੁ | ਆS |
| ਪ | — | ਸਪ | ਸਪ. | ਨੀਸਂ | ਸਂਰੇਂ |
| ਗੈ | S | ਸS | ਤਿS | SS | ਨਿS |

| | | | | | |
|---|---|---|---|---|---|
| ਨੀਪਨੀ | ਸਗਮ | ਮ | ਰੇ | ਰੇਰੇ | ਸਪ |
| ਦੇSS | ਕਿSS | S | S | ਜੰਗ | ਸਜਣ |
| ਨੀਸੰ | ਨੀ | — | — | ਸਾਂ | — |
| ਦਾS | ਵ | ਇ | S | ਲ | ਗਿ |
| ਰੇਂਨੀ | ਸਾਂ | ਸਾਂ | ਸਾਂ | ਸਾਂ | ਰੇਂ |
| ਆ | S | S | S | ਕਿ | ਮੈ |
| ਸਗਮ | ਮ | ਰੇ | ਰੇ | ਪ | ਪ |
| ਨSS | S | S | ਏ | ਈ | S |
| ਗਰੇਗ | ਸਰੇ | ਨੀਸ | | | |
| ਫੰSS | ਕਿS | SS | | | |

ਬਸੰਤ ਕੀ ਵਾਰ ਮਹਲਾ ੫, ਪਉੜੀ

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ।।

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ।।

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ।।

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ।।

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ।।੧।।

(ਆਦਿ ਗ੍ਰੰਥ, ਪੰਨਾ ੧੧੯੩)

ਰਾਗ ਬਸੰਤ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | × | | | | × | | | | × | | | |
| ਸਂ | ਸਂ | ਸਂ | ਸਂ | ਸਂ | ਸਂ | ਸਂ | ਸਂ | ਨ | -ਨ | ਰੇਂ | ਨ | ਧ | ਧ | ਸਂ | ਧ |
| ਹਰਿ | ਕਾ | ਨਾ | ਮੁਧਿ | ਆ | ऽਇ | ਕੈ | ਓ | ਧਿਆ | ऽਰਿ | ਆ | ਹੋਹੁ | ਹਰਿ | ਆ | ਭ | ਈ |
| ਕਰ | ਮਿਲਿ | ਖੰ | ਤੈ | ਪਾ | ऽਈ | ਐ | ਓ | ਧਿਆ | ऽਰਿ | ਆ | ਇਹ | ਰੁ | ਤਿਸੁ | ਹਾ | ਈ |
| ਵਣੁ | ਤ੍ਰਿਣ | ਤ੍ਰਿਭ | ਵਣੁ | ਮਉ | ऽਲਿ | ਆ | ਓ | ਧਿਆ | ऽਰਿ | ਆ | ਅੰਮ੍ਰਿ | ਤ | ਫਲੁ | ਪਾ | ਈ |
| ਗ | ਗ | ਮ' | ਪ | ਨ | -ਨ | ਧ | ਮ' | ਗ | — | ਰੇ | ਸ | ਸ | ਸ | ਸ | ਸ |
| ਮਿਲ | ਸਾ | ਧੂ | ਸੁਖ | ਊ | ऽਪ | ਜੈ | ऽ | ਵਾ | ऽ | ऽ | ਲ | ਥੀ | ਸਭ | ਛਾ | ਈ |
| ਮ<br>ਮ' | ਗ | — | ਗ | ਮ' | ਪ | ਮ' | ਪ | ਸਂ | ਸਂ | ਨਧ | ਨ | ਸਂ | — | — | ਸਂ |
| ਵਾ | ऽ | ऽ | ਭਾਈ | ਵਾ | ऽ | ऽ | ਜੀ | ਨਾ | ਨ | ऽऽ | ਕ | ਹੋ | ऽ | ऽ | ਜੀ |
| ਸਂ | ਨ | ਧਮ' | ਧ | ਨ | -ਨ | ਧ | ਮ'ਮ' | ਗ | — | — | ਸਂ | ਸਂ | ਨ | ਧਮ' | ਧ |
| ਨਾ | ਨਕ | ਸਿਮ | ਰੈ | ਏ | ऽਕ | ਨ | ऽਮ | ਵਾ | ऽ | ऽ | ਫਿਰ | ਬਹੁ | ੜਿਨ | ਧਾऽ | ਈ |
| ਨ | ਧ | ਮ'ਗ | ਮ' | ਗ | ਰੇ | ਸ | — | ਸ | | | | | | | |
| ਜੀ | ਵੇ | ऽऽ | ਹਉ | ਵਾ | ਰਿਓ | ਵੇ | ऽ | ਵਾ | | | | | | | |

ਗਿਆਨ ਸਿੰਘ ਐਬਟਾਬਾਦ, ਗੁਰਬਾਣੀ ਸੰਗੀਤ ( ਭਾਗ ਪਹਿਲਾ ) ਪੰਨਾ 263.

ਵਾਰ ਮਲਾਰ ਕੀ ਮਹਲਾ ੧, ਪਉੜੀ

ਰਾਣੇ ਕੈਲਾਸ ਤਥਾ ਮਲਦੇ ਕੀਧੁਨਿ ।।

ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ।।

ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ।।

ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ।।

ਸੂਰਜ ਚੰਦੁ ਉਪਾਇ ਜੋਤਿ ਸਮਾਣਿਆ ।।

ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ।।

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ।।

ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ।।

ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ।।੧।।

(ਆਦਿ ਗ੍ਰੰਥ, ਪੰਨਾ ੧੨੭੯ )

| | | | | | | | | | | | | | | | |
|---|---|---|---|---|---|---|---|---|---|---|---|---|---|---|---|
| + | | | | + | | | | + | | | | + | | | |
| ਸ | – | – | ਰ | ਮ | – | – | – | ਮ<br>ਪ | – | – | – | – | – | – | – |
| ਆ | ऽ | ਪੀ | ऽ | ਨੈ੍ | ऽ | ਆ | ਪੁ | ਸਾ | ऽ | ऽ | ਜਿ | (ਵਾ | ਹ | ਵਾ | ऽ) |
| ਧ | – | ਸਂ | – | ਧ | – | ਪ | – | ਮ | – | – | ਗ | ਪ | – | – | – |
| ਆ | ऽ | ਪੁ | ਪ | ਛਾ | ऽ | ਣਿ | ऽ | ਆ | ऽ | ऽ | ऽ | ऽ | ऽ | ऽ | ऽ |
| ਸ | – | – | ਰ | ਮ | – | – | – | ਮ<br>ਪ | – | – | – | – | – | – | – |
| ਅੰ | ऽ | ਬ | ਰੁ | ਧ | ਰ | ਤਿ | ਵਿ | ਛੋ | ऽ | ऽ | ੜਿ | (ਵਾ | ਹ | ਵਾ) | ਚੰ |
| ਧ | – | ਸਂ | – | ਧ | – | ਪ | ਮ | – | – | – | ਗ | ਪ | – | – | – |
| ਦੋ | ऽ | ਆ | ऽ | ਤਾ | ऽ | ऽ | ਣਿ | ਆ | ऽ | ऽ | ऽ | ऽ | ऽ | ਵਿ | ਣੁ |
| ਮ | – | – | ਰ | ਮ | – | – | – | ਪ | – | – | – | – | – | – | – |
| ਥੰ | ऽ | ਮ੍ਹਾ | ऽ | ਗ | ਗ | ਨੁ | ਰ | ਹਾ | ऽ | ਇ | ऽ | (ਵਾ | ਹ | ਵਾ | ऽ) |
| ਧ | – | ਸਂ | – | ਧ | – | ਪ | ਮ | – | – | – | ਗ | ਪ | – | – | – |
| ਸ | ਬ | ਦੁ | ਨੀ | ਸਾ | ऽ | ऽ | ਣਿ | ਆ | ऽ | ऽ | ऽ | ऽ | ऽ | ऽ | ऽ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | — | — | ਗ | ਮ | ਰ | — | — | ਸ | — | — | — | — | — | — | — |
| ਸੂ | ऽ | ਰ | ਜੁ | ਚੈ | ऽ | ਦੁ | ਉ | ਪਾ | ऽ | ਇ | ऽ | (ਵਾ | ਹ | ਵਾ | ऽ) |
| ਮ | — | — | — | — | ਰ | — | — | ਗ | — | — | — | — | — | — | — |
| ਜੋ | ऽ | ਤਿ | ਸ | ਮ | ऽ | ਹਿ | ऽ | ਆ | ऽ | ऽ | ऽ | ऽ | ऽ | ऽ | ऽ |
| ਮ | — | — | ਗ | ਮ | — | ਰ | — | ਸ | — | — | — | — | — | — | — |
| ਕੀ | ऽ | ਏ | ऽ | ਗਾ | ऽ | ਤਿ | ਇ | ਨੈ | ऽ | ऽ | ਤੁ | (ਵਾ | ਹ | ਵਾ | ऽ) |
| ਮ | — | — | — | — | ਰ | — | — | ਗ | — | — | — | — | — | — | — |
| ਚੋ | ऽ | ਜ | ਇ | ਡਾ | ऽ | ऽ | ਇ | ਆ | ऽ | ऽ | ऽ | ऽ | ऽ | ऽ | ऽ |
| ਮ | — | — | ਰ | ਮ | — | — | — | ਮ ਪ | — | — | — | — | — | — | — |
| ਤੀ | ऽ | ਰ | ਥ | ਧ | ਰ | ਮ | ਵੀ | ਚਾ | ऽ | ऽ | ਰ | (ਵਾ | ਹ | ਵਾ | ऽ) |
| ਧਂ | — | ਸਂ | — | ਧ | — | ਪ | ਮ | — | — | — | ਗ | ਪ | — | — | — |
| ਨਾ | ऽ | ਵ | ਣ | ਪੁ | ਰ | ਬਾ | ਇ | ਆ | ऽ | ऽ | ऽ | ऽ | ऽ | ऽ | ऽ |
| ਮ | — | — | ਰ | ਮ | — | — | — | ਪ | — | — | — | — | — | — | — |
| ਤੁ | ਧੁ | ਸ | ਰਿ | ਅ | ਵ | ਰੁ | ਨ | ਕੋ | ऽ | ਇ | ऽ | (ਵਾ | ਹ | ਵਾ) | ਕਿ |
| ਧ | — | ਸਂ | — | ਧ | — | ਪ | ਮ | — | — | — | ਗ | ਪ | — | — | — |
| ਆ | ऽ | ਖਿ | ਵ | ਧਾ | ऽ | ਇ | ऽ | ਆ | ऽ | ऽ | ऽ | ऽ | ऽ | ऽ | ऽ |
| ਸਂ | — | — | — | — | ਰਂ | — | — | ਸਂ | — | — | — | — | — | — | — |
| ਸ | ऽ | ਚੈ | ऽ | ਤ | ਖ | ਤਿ | ਨਿ | ਵਾ | ऽ | ऽ | ਸੁ | (ਵਾ | ਹ | ਵਾ | ऽ) |
| ਸਂ | — | — | — | — | ਰਂ | — | — | ਸਂ | — | — | — | — | — | — | — |
| ਸ | ऽ | ਚੈ | ऽ | ਤ | ਖ | ਤਿ | ਨ | ਵਾ | ऽ | ऽ | ਸੁ | ਹੋ | ऽ | ਰ | ऽ |
| ਧ | — | ਸਂ | — | ਧ | — | ਧ | ਮ | — | — | — | ਗ | ਪ | — | — | — |
| ਆ | ऽ | ਵ | ਣ | ਜਾ | ऽ | ਹਿ | ऽ | ਆ | ऽ | ऽ | ऽ | ऽ | ऽ | ऽ | ऽ |
| ਧ | — | ਸਂ | — | ਧ | — | ਪ | ਮ | — | — | — | — | ਪ | — | — | — |
| ਤੇ | ऽ | ਰਾ | ऽ | ਣਾ | ऽ | ਅ | ऽ | ਸ | ऽ | ਤਿ | ऽ | ਹੈ | ऽ | ऽ | ऽ |
| ਮ | — | — | — | — | — | — | — | — | ਰ | — | — | ਸ | — | — | — |
| ਵਾ | ऽ | ਹਿ | ਗੁ | ਰੂ | ऽ | ऽ | ऽ | ਵਾ | ऽ | ਹਿ | ਗੁ | ਰੂ | ऽ | ऽ | ऽ |
| ਸ | | | | | | | | | | | | | | | |
| ऽ | | | | | | | | | | | | | | | |

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰਾਚੀਨ ਰੀਤ ਰਤਨਾਵਲੀ ( ਭਾਗ ਦੂਜਾ), ਪੰਨਾ 980-81

# ਅਧਿਆਇ ਪੰਜਵਾਂ

**********
********
******
****
**

## ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤ

ਪੂਰਵਲੇ ਅਧਿਆਇ ਵਿਚ ਗੁਰਮਤਿ ਸੰਗੀਤ ਸੰਬੰਧੀ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਇਹ ਪਰੰਪਰਾ ਸੁਤੰਤਰ, ਮੌਲਿਕ ਅਤੇ ਵਿਲੱਖਣ ਪਹਿਚਾਣ ਰੱਖਦੀ ਹੈ। ਇਸਦੇ ਇਹ ਗੁਣ ਇਸਦੇ ਸੰਗੀਤ ਪ੍ਰਬੰਧ ਵਿਚ ਕਾਰਜਸ਼ੀਲ ਸਮੂਹ ਸੰਗੀਤ ਰੂਪਾਂ, ਤੱਤਾਂ ਤੇ ਉਪਕਰਣਾਂ ਕਰਕੇ ਹਨ । ਇਸ ਪਰੰਪਰਾ ਦੀ ਪਿੱਠ ਭੂਮੀ , ਉਤਪਤੀ ਤੇ ਵਿਕਾਸ ਤੇ ਜੋ ਵਿਲੱਖਣਤਾਵਾਂ ਪ੍ਰਗਟ ਹੁੰਦੀਆ ਹਨ ਉਨ੍ਹਾ ਦੇ ਆਧਾਰ'ਤੇ ਸਪਸ਼ਟ ਹੈ ਕਿ ਇਸ ਪਰੰਪਰਾ ਨੇ ਆਪਣੀਆਂ ਪੂਰਵਲੀਆਂ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਵਿਚੋਂ ਗੁਰਮਤਿ ਸੰਗੀਤ ਪ੍ਰਤੀ ਉਪਯੋਗ ਰੂਪਾਂ, ਤੱਤਾਂ ਤੇ ਉਪਕਰਣਾਂ ਨੂੰ ਮੌਲਿਕ ਵਿਧੀ ਦੁਆਰਾ ਇਸਤੇ--ਮਾਲ ਕੀਤਾ ਹੈ। ਸਿੱਧੇ ਤੌਰ 'ਤੇ ਗੁਰਮਤਿ ਸੰਗੀਤ ਮਾਰਗੀ ਤੇ ਦੇਸ਼ੀ ਸੰਗੀਤ ਵਿਚਲੇ ਗੁਣਾਂ ਨੂੰ ਵਿਵਹਾਰ ਦੇ ਪੱਧਰ 'ਤੇ ਵਿਸ਼ਿਸ਼ਟ ਪਹੁੰਚ ਦੁਆਰਾ ਅਪਣਾ ਰਿਹਾ ਹੈ। ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਜੋ ਕਿ ਮਾਰਗੀ ਅਤੇ ਦੇਸ਼ੀ ਸੰਗੀਤ ਦਾ ਹੀ ਪਰਵਰਤਿਤ ਰੂਪ ਹੈ, ਵਿਚ ਅਧਿਆਤਮਕ ਸੰਗੀਤ (ਸਮੂਹ ਧਾਰਮਿਕ ਸੰਗੀਤ ਪਰੰਪਰਾਵਾਂ) ਵੀ ਸੰਮਿਲਤ ਹੋ ਗਿਆ ਹੈ। ਗੁਰਮਤਿ ਸੰਗੀਤ ਵਿਚ ਸੰਮਿਲਤ ਇਨ੍ਹਾਂ ਪਰੰਪਰਾਵਾਂ ਦਾ ਵਖੋ-ਵੱਖਰਾ ਅਧਿਐਨ ਇਸਦੇ ਪ੍ਰਬੰਧ ਦੀ ਮੌਲਿਕਤਾ ਪ੍ਰਗਟਾਉਣ ਅਤੇ ਵਿਲੱਖਣਤਾ ਪਹਿਚਾਨਣ ਵਿਚ ਸਹਾਈ ਹੁੰਦਾ ਹੈ। ਇਸੇ ਸੰਦਰਭ ਵਿਚ ਅਸੀਂ ਆਪਣੇ ਖੋਜ ਕਾਰਜ ਵਿਚ ਸ਼ਾਸਤਰੀ ਸੰਗੀਤ ਦੀ ਦ੍ਰਿਸ਼ਟੀ ਤੋਂ ਗੁਰਮਤਿ ਸੰਗੀਤ ਦੇ ਤੱਤਾਂ ਨੂੰ ਪਛਾਨਣ ਦਾ ਯਤਨ ਕਰ ਰਹੇ ਹਾਂ। ਇਹ ਯਤਨ ਇਸ ਲਈ ਹੈ ਤਾਂ ਕਿ ਗੁਰਮਤਿ ਸੰਗੀਤ ਪ੍ਰਬੰਧ ਨੂੰ ਭਾਰਤੀ ਸੰਗੀਤ ਵਿਚ ਸੁਤੰਤਰ ਤੌਰ'ਤੇ ਨਿਖੇੜਿਆ ਜਾ ਸਕੇ। ਇਸ ਤੋਂ ਪਹਿਲਾਂ ਕਿ ਅਸੀਂ ਗੁਰਮਤਿ ਸੰਗੀਤ ਪ੍ਰਬੰਧ ਵਿਚ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤਾਂ ਦੀ ਪਹਿਚਾਣ ਤੇ ਪ੍ਰਯੋਗ ਨੂੰ ਵਿਸ਼ਲੇਸ਼ਤ ਕਰੀਏ, ਜ਼ਰੂਰੀ ਹੈ ਪਹਿਲਾਂ ਇਨ੍ਹਾਂ ਤੱਤਾਂ ਦੀ ਪਹਿਚਾਣ ਕਰ ਲਈ ਜਾਵੇ।

## ਗੁਰਮਤਿ ਸੰਗੀਤ ਵਿਚ ਪ੍ਰਯੁਕਤ ਰਾਗ ਦਾ ਭਾਰਤੀ ਸ਼ਾਸਤਰੀ ਸੰਗੀਤਕ ਸੰਦਰਭ

ਰਾਗ ਭਾਰਤੀ ਸੰਗੀਤ ਦੀ ਮੂਲ ਇਕਾਈ ਹੈ। ਭਾਰਤੀ ਸੰਗੀਤ ਵਿਸ਼ੇਸ਼ ਕਰਕੇ ਸ਼ਾਸਤਰੀ ਸੰਗੀਤ ਦੀ ਸਮੁੱਚੀ ਕਾਰਜ ਵਿਧੀ/ਕਲਾ ਪ੍ਰਦਰਸ਼ਨ ਰਾਗ, ਰਾਗ ਰੂਪ ਤੇ ਰਾਗ ਦੇ ਬਹੁਪੱਖੀ ਪ੍ਰਯੋਗ ਉਤੇ ਹੀ ਆਧਾਰਿਤ ਹੈ। ਇਸ ਰਾਗ ਨੂੰ ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਦੋਹਾਂ ਵਿਚ ਹੀ ਭਰਪੂਰ ਰੂਪ ਵਿਚ ਪ੍ਰਯੋਗ ਕੀਤਾ ਹੈ ਜਿਸ ਨੇ ਭਾਰਤੀ ਸੰਗੀਤ ਵਿਚੋਂ ਹੀ ਗੁਰਮਤਿ ਸੰਗੀਤ ਵਿਚ ਪ੍ਰਵੇਸ਼ ਕੀਤਾ ਹੈ ਪਰੰਤੂ ਇਨ੍ਹਾਂ ਦੋਵੇਂ ਪਰੰਪਰਾਵਾਂ ਵਿਚ ਰਾਗ ਦਾ ਪ੍ਰਯੋਗ ਤੇ ਮਹੱਤਵ ਅੱਡੋ-ਅੱਡਰਾ ਹੈ।

ਰਾਗ ਭਾਰਤੀ ਸੰਗੀਤ ਦਾ ਪ੍ਰਮੁੱਖ ਤੱਤ ਹੈ। ਭਾਰਤੀ ਸੰਗੀਤ ਅਤੇ ਇਸਦੀਆਂ ਵਿਭਿੰਨ ਧਾਰਾਵਾਂ ਵਿਚ ਇਸਦਾ ਕੇਂਦਰਕਾਰੀ ਮਹੱਤਵ ਹੈ। ਜੇਕਰ ਰਾਗ ਨੂੰ ਸ਼ਾਸਤਰੀ ਸੰਗੀਤ ਦੀ ਜਿੰਦ ਜਾਨ ਕਿਹਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸਦਾ ਮੂਲ ਗੁਣ ਰੰਜਕਤਾ ਹੈ ਜਿਹਾ ਕਿ ਅਸੀਂ ਆਪਣੇ ਤੀਸਰੇ ਅਧਿਆਇ ਵਿਚ ਰਾਗ ਅਤੇ ਇਸਦੇ ਗੁਣਾਂ ਸੰਬੰਧੀ ਵਿਸਤਰਿਤ ਚਰਚਾ ਕਰ ਆਏ ਹਾਂ। ਉਸ ਤੋਂ ਸਪਸ਼ਟ ਹੈ ਕਿ ਰਾਗ ਤੋਂ ਬਿਨਾਂ ਭਾਰਤੀ ਸੰਗੀਤ ਦੀ ਕਲਪਨਾ ਅਸੰਭਵ ਹੈ। ਸਦੀਆਂ ਤੋਂ ਵਿਕਸਿਤ ਅਤੇ ਸੰਗੀਤ ਸ਼ਾਸਤਰ ਦੁਆਰਾ ਪ੍ਰਵਾਣਿਤ ਸ਼ਾਸਤਰ ਵਿਚ ਰਾਗ ਆਪਣੇ ਸੁਰਾਤਮਕ ਸਰੂਪ, ਵਿਭਿੰਨ ਲੱਛਣਾਂ ਅਤੇ ਮੌਲਿਕ ਸ਼ਾਸਤਰੀ ਨਿਯਮਾਂ ਦੁਆਰਾ ਇਕ ਅਜਿਹਾ ਵਾਤਾਵਰਣ ਸਿਰਜਦਾ ਹੈ ਜੋ ਆਪਣੇ ਸਰੋਤੇ ਦੇ ਮਨ ਨੂੰ ਬਾਹਰੀ ਅਤੇ ਅੰਤਰੀਵੀ ਤੌਰ'ਤੇ ਵਸੀਭੂਤ ਕਰਨ ਦੀ ਸਮਰੱਥਾ ਰੱਖਦਾ ਹੈ। ਰੰਜਕਤਾ ਪ੍ਰਦਾਨ ਕਰਨ ਦੇ ਨਾਲ ਨਾਲ ਇਹ ਆਪਣੇ ਸੁਰਾਤਮਕ ਸਰੂਪ ਦੁਆਰਾ ਬਾਹਰੀ ਇੰਦ੍ਰਿਆਵੀ ਆਕਰਸ਼ਣ ਤੋਂ ਅਲੱਗ ਕਰਕੇ ਆਨੰਦ ਦੀ ਦਸ਼ਾ ਵੱਲ ਲਿਜਾਂਦਾ ਹੈ ਅਤੇ ਇਸ ਸਮੇਂ ਇਸ ਰਾਗ ਦੇ ਮਾਧਿਅਮ ਦੁਆਰਾ ਗਾਇਨ ਕੀਤਾ ਵਿਸ਼ਾ ਵਸਤੂ, ਸਰੋਤੇ ਦੇ

ਅੰਦਰ ਤਕ ਉਤਰਣ ਤੇ ਵੱਸਣ ਦੀ ਸਮਰੱਥਾ ਰੱਖਦਾ ਹੈ। ਸਾਧਾਰਣ ਰੂਪ ਵਿਚ ਦੁਨਿਆਵੀ ਸੰਗੀਤ (ਸ਼ਾਸਤਰੀ ਜਾਂ ਲੋਕ ਸੰਗੀਤ) ਸਾਡੀਆਂ ਇੰਦ੍ਰਿਆਵੀ, ਦੁਨਿਆਵੀ, ਮਾਨਸਿਕ ਰੁਚੀਆਂ ਦੀ ਤ੍ਰਿਪਤੀ/ਭਾਵ ਵਿਰੇਚਨ ਕਰਦਾ ਹੈ ਅਤੇ ਜਦੋਂ ਇਸ ਦੁਆਰਾ ਇਲਾਹੀ ਬਾਣੀ ਜਾਂ ਕਿਸੇ ਅਧਿਆਤਮਕ ਕਾਵਿ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਉਸ ਤਰ੍ਹਾਂ ਦਾ ਅਧਿਆਤਮਕ ਬੋਧ ਅਤੇ ਰੱਬੀ ਸਤਿ ਦਾ ਸਹਿਜ ਆਭਾਸ ਕਰਾਉਣ ਦੀ ਸਮਰੱਥਾ ਰੱਖਦਾ ਹੈ। ਦੂਸਰੇ ਸ਼ਬਦਾਂ ਵਿਚ ਸ਼ਾਸਤਰੀ ਸੰਗੀਤ, ਅਰਧ ਸ਼ਾਸਤਰੀ ਸੰਗੀਤ ਵਿਚ ਇਹ ਕਲਾਤਮਕ ਆਨੰਦ ਉਪਜਾਉਂਦਾ ਹੈ ਤੇ ਬਾਣੀ/ਅਧਿਆਤਮਕ ਕਾਵਿ ਦੇ ਗਾਇਨ ਦੇ ਅੰਤਰਗਤ ਇਹ ਅਧਿਆਤਮਕ ਆਨੰਦ ਉਪਜਾਉਂਦਾ ਹੈ ਕਿਉਂਕਿ ਇਹ ਮਨੁੱਖੀ ਮਨ ਨੂੰ ਆਪਣੇ ਰਾਗਾਤਮਕ ਸੁਮੋਹਨ ਦੁਆਰਾ ਵੱਸ ਕਰਨ ਦੀ ਸਮਰੱਥਾ ਰੱਖਦਾ ਹੈ। ਰਾਗ ਦਾ ਇਕ ਗੁਣ ਇਹ ਵੀ ਹੈ ਕਿ ਇਹ ਸਮਾਂ, ਸਥਾਨ ਅਤੇ ਪ੍ਰਕ੍ਰਿਤੀ ਅਨੁਸਾਰ ਪਰਿਵਰਤਨਸ਼ੀਲ ਹੈ। ਸ਼ਾਸਤਰੀ, ਅਰਧ ਸ਼ਾਸਤਰੀ, ਲੋਕ ਅਤੇ ਭਗਤੀ ਸੰਗੀਤ ਵਿਚ ਇਸਦਾ ਵਿਭਿੰਨ ਪ੍ਰਯੋਗ ਇਸ ਗੱਲ ਦਾ ਸਾਖਸ਼ੀ ਹੈ ਕਿ ਇਸ ਦੁਆਰਾ ਹਰੇਕ ਸਥਾਨ, ਵਰਗ, ਜਾਤੀ ਦੇ ਲੋਕਾਂ ਨੂੰ ਆਪਣੀ ਗੱਲ ਕਹੀ ਜਾ ਸਕਦੀ ਹੈ। ਅਜਿਹੇ ਗੁਣਾਂ ਕਰਕੇ ਹੀ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਇਸ ਮਹੱਤਵਪੂਰਣ ਕੇਂਦਰੀ ਤੱਤ ਰਾਗ ਨੂੰ ਕੇਂਦਰੀ ਸੰਗੀਤਕ ਇਕਾਈ ਵਜੋਂ ਅਪਣਾਇਆ ਗਿਆ ਹੈ।

<u>ਗੁਰਮਤਿ ਸੰਗੀਤ ਵਿਚ ਰਾਗ ਦਾ ਪ੍ਰਯੋਗ:</u> ਗੁਰਮਤਿ ਸੰਗੀਤ ਵਿਚ ਰਾਗ ਦਾ ਪ੍ਰਮੁੱਖ ਸਥਾਨ ਹੈ। ਗੁਰਮਤਿ ਸੰਗੀਤ ਵਿਚ ਰਾਗ ਕੇਵਲ ਨਾਮ ਕਰਕੇ ਹੀ ਸ਼ਾਸਤਰੀ ਸੰਗੀਤ ਦੇ ਤੱਤ ਵਜੋਂ ਵਿਦਮਾਨ ਨਹੀਂ ਸਗੋਂ ਇਸਦੇ ਨਾਲ ਇਸਦੇ ਰਾਗਾਤਮਕ ਸਰੂਪ, ਭਾਵ ਸੁਰ, ਆਰੋਹ-ਅਵਰੋਹ, ਗ੍ਰਹਿ ਸੁਰ, ਅੰਸ਼, ਨਿਆਸ, ਵਾਦੀ, ਸੰਵਾਦੀ ਤੱਤ ਆਦਿ ਵੀ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤਾਂ ਵਜੋਂ ਉਜਾਗਰ ਹੁੰਦੇ ਹਨ। ਮੱਧਕਾਲੀਨ ਸ਼ਾਸਤਰੀ ਸੰਗੀਤ ਦੇ

ਸੰਦਰਭ ਵਿਚ ਵਾਚੀਏ ਤਾਂ ਰਾਗ ਲੱਛਣ, ਰਾਗ ਰਾਗਣੀ ਵਰਗੀਕਰਣ ਦੀ ਇਹ ਵਿਸ਼ਾਲ ਪਰੰਪਰਾ ਗੁਰਮਤਿ ਸੰਗੀਤ ਨਾਲ ਜੁੜੀ ਹੋਈ ਹੈ ਅਤੇ ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਯੋਗ ਨੂੰ ਸਮਝਣ ਲਈ ਇਨ੍ਹਾਂ ਤੱਤਾਂ ਦੀ ਵਿਵਹਾਰਕਤਾ ਪਹਿਚਾਣਨਾ ਅਨਿਵਾਰਯ ਹੈ। ਰਾਗ ਦੇ ਵੱਖ-ਵੱਖ ਸਰੂਪ, ਵੱਖ-ਵੱਖ ਰਾਗ ਪ੍ਰਕਾਰ, ਮਿਸ਼ਰਤ ਰਾਗ, ਰਾਗ ਅੰਗ ਇਹ ਸਾਰਾ ਰਾਗ ਸੰਸਾਰ ਭਾਰਤੀ ਸ਼ਾਸਤਰੀ ਸੰਗੀਤ ਵਿਚੋਂ ਹੀ ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋ ਰਿਹਾ ਹੈ।

ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਮੁੱਖ ਅਤੇ ਕੇਂਦਰੀ ਸਥਾਨ ਦੀ ਸਪਸ਼ਟ ਉਦਾ--ਹਰਣ **ਇਸ** ਪਰੰਪਰਾ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਾਤਮਕ ਸੰਪਾਦਨਾ ਹੈ। ਇਸ ਵਿਚ ਬਾਣੀ ਸੰਕਲਨ ਦੇ ਵਰਗੀਕਰਣ ਦਾ ਆਧਾਰ ਰਾਗਾਤਮਕ ਹੈ। ਵਿਭਿੰਨ ਰਾਗਾਂ ਦੇ ਸਿਰਲੇਖਾਂ ਦੇ ਅੰਤਰਗਤ ਪਹਿਲਾਂ ਗੁਰੂ ਸਾਹਿਬਾਨ ਤੇ ਫਿਰ ਸੰਤਾਂ ਭਗਤਾਂ ਦੀ ਬਾਣੀ ਨੂੰ ਅੰਕਿਤ ਕੀਤਾ ਗਿਆ ਹੈ। ਇਸ ਅਨੁਸਾਰ ਹਰੇਕ ਰਾਗ ਵਿਚ ਪਹਿਲਾਂ ਮਹਲਾ ੧ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਫਿਰ ਕ੍ਰਮਵਾਰ ਮਹਲਾ ੨ ਤੇ ਗੁਰੂ ਸਾਹਿਬਾਨ ਦੀ ਬਾਣੀ ਹੈ ।ਇਸ ਬਾਣੀ ਵਿਚ ਪਹਿਲਾਂ ਬਾਣੀ ਦੇ ਸਨਾਤਨੀ ਕਾਵਿ ਰੂਪ ਤੇ ਫਿਰ ਲੋਕ ਕਾਵਿ ਰੂਪਾਂ ਨੂੰ ਅੰਕਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤਤਕਰਾ ਵੀ ਪ੍ਰਯੁਕਤ ਰਾਗਾਂ ਅਨੁਸਾਰ ਹੈ ਜਿਸ ਵਿਚ ਸਿਰੀ ਤੋਂ ਜੈਜਾਵੰਤੀ ਤਕ ਰਾਗ ਕ੍ਰਮਵਾਰ ਦਰਜ ਹਨ। ਇਨ੍ਹਾਂ ਰਾਗਾਂ ਨੂੰ ਮੁੱਖ ਰਾਗ(ਸ਼ੁਧ ਰਾਗ) ਮੰਨਦੇ ਹਾਂ ਕਿਉਂਕਿ ਇਨ੍ਹਾਂ ਰਾਗਾਂ ਦੇ ਅੰਤਰਗਤ ਹੋਰ ਰਾਗ ਵੀ ਦਰਜ ਹਨ। ਇਨ੍ਹਾਂ ਰਾਗਾਂ ਵਿਚ ਬਾਣੀ ਦੀ ਅੰਕਣ ਇਕ ਵਿਸ਼ੇਸ਼ ਪ੍ਰਕਾਰ ਦੀ ਅੰਕ ਗਿਣਤੀ ਅਨੁਸਾਰ ਹੈ ਜਿਸ ਵਿਚ ਕਿਸੇ ਰਾਗ ਵਿਚ ਵੱਖ-ਵੱਖ ਕਾਵਿ ਰੂਪ ਵਿਚ ਵੱਖ-ਵੱਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਅੰਕਾਂ ਦੁਆਰਾ ਦਰਸਾਇਆ ਗਿਆ ਹੈ। ਉਦਾਹਰਣ ਦੇ ਤੌਰ'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 157 ਤੇ ਰਾਗ ਗਉੜੀ ਬੈਰਾਗਣਿ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਖੀਰ ਵਿਚ ਅੰਕ ੪ ॥ ੨ ॥ ੧ ॥ ਇਸ ਪ੍ਰਕਾਰ ਦਰਜ ਹੈ ਜਿਸ ਤੋਂ

ਭਾਵ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸ਼ਬਦ ਗਉੜੀ ਬੈਰਾਗਣਿ ਰਾਗ ਵਿਚ ਚਉਪਦੇ ਕਾਵਿ ਰੂਪ ਵਿਚ ਹਨ ਅਤੇ ਕੁੱਲ 19 ਸ਼ਬਦ ਇਸ ਰਾਗ ਵਿਚ ਹੋ ਗਏ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਰੋਕਤ ਵਿਸ਼ਲੇਸ਼ਣ ਤੋਂ ਰਾਗ ਦਾ ਪ੍ਰਯੋਗ ਤੇ ਮਹੱਤਵ ਸਪਸ਼ਟ ਹੈ ਜਿਸ ਵਿਚ ਰਾਗ ਨੂੰ ਵਰਗੀਕਰਣ, ਲੇਖਨ ਅਤੇ ਅੰਕ ਵਿਚ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਇਹ ਮਹੱਤਤਾ ਅੰਕਣ ਵੇਲੇ ਸੰਕਲਨ ਤਕ ਹੀ ਸੀਮਤ ਨਹੀਂ ਸਗੋਂ ਰਾਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਿਸ਼ਿਸ਼ਟ ਮਾਧਿਅਮ ਵਜੋਂ ਅਪਣਾਇਆ ਗਿਆ ਹੈ।

ਰਾਗ ਦੇ ਸ਼ਾਸਤਰੀ ਸਰੂਪ ਅਤੇ ਗੁਣਾਤਮਕ ਲੱਛਣਾਂ ਸੰਬੰਧੀ ਉਕਤ ਚਰਚਾ ਦੇ ਸੰਦਰਭ ਵਿਚ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਰਾਗਾਂ ਅਤੇ ਇਨ੍ਹਾਂ ਸੰਬੰਧੀ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਮੱਧਕਾਲੀਨ ਰਾਗ ਪਰੰਪਰਾ ਨੂੰ ਦ੍ਰਿਸ਼ਟੀਗੋਚਰ ਰੱਖਦਿਆਂ ਮੌਲਿਕ ਵਿਧੀ ਦਾ ਪ੍ਰਯੋਗ ਕਰ ਰਹੇ ਹਨ। ਅਜਿਹਾ ਗੁਰਮਤਿ ਸੰਗੀਤ ਦੀ ਮੌਲਿਕ ਭਿੰਨਤਾ ਕਰਕੇ ਹੀ ਹੈ। ਗੁਰਮਤਿ ਸੰਗੀਤ ਅਨੁਸਾਰ ਰਾਗਾਂ ਦੇ ਪ੍ਰਯੋਗ ਨੂੰ ਅਸੀਂ ਹੇਠ ਲਿਖੇ ਅਨੁਸਾਰ ਵਿਭਾਜਿਤ ਕਰ ਸਕਦੇ ਹਾਂ:

ਮੁੱਖ ਰਾਗ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਤਕਰੇ ਤੇ ਸਿਰਲੇਖ ਅਨੁਸਾਰ ਦਰਜ 31 ਰਾਗਾਂ ਨੂੰ ਮੁੱਖ ਰਾਗ ਕਿਹਾ ਜਾਂਦਾ ਹੈ ਜਿਵੇਂ : ਸਿਰੀ, ਮਾਝ, ਗਉੜੀ, ਆਸਾ ਆਦਿ।

ਮਿਸ਼ਰਤ ਰਾਗ: ਮਿਸ਼ਰਤ ਰਾਗ ਮੁੱਖ ਰਾਗ ਨਾਲ ਇਕ ਹੋਰ ਰਾਗ ਮਿਲ ਕੇ ਸੰਯੁਕਤ ਰੂਪ ਵਿਚ ਪੇਸ਼ ਕੀਤੇ ਗਏ ਹਨ। ਇਹ 31 ਮੁੱਖ ਰਾਗਾਂ ਦੇ ਅੰਤਰਗਤ ਦਰਜ ਹਨ। ਉਦਾਹਰਣ ਦੇ ਤੌਰ'ਤੇ ਰਾਗ ਗਉੜੀ ਪੂਰਬੀ ਦੀ ਰਾਗ ਗਉੜੀ ਅਤੇ ਪੂਰਬੀ ਦੀਆਂ ਮਧੁਰ ਸੁਰਾਵਲੀਆਂ ਦੇ ਮੇਲ ਤੋਂ ਰਚਨਾ ਹੁੰਦੀ ਹੈ।

ਦੱਖਣੀ ਰਾਗ: ਭਾਰਤੀ ਸੰਗੀਤ ਵਿਚ ਉਤੱਰੀ (ਹਿੰਦੁਸਤਾਨੀ) ਅਤੇ ਦੱਖਣੀ (ਕਰਨਾਟਕੀ) ਸੰਗੀਤ ਪੱਧਤੀਆਂ ਪ੍ਰਚਾਰ ਵਿਚ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦਾ ਸੰਦੇਸ਼ ਲੋਕਾਈ ਤਕ ਪਹੁੰਚਾ--ਉਣ ਲਈ ਦੋਵੇਂ ਪੱਧਤੀਆਂ ਦੇ ਰਾਗਾਂ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਖਣੀ ਪੱਧਤੀ ਦੇ ਰਾਗਾਂ ਦੇ ਨਾਮ ਨਾਲ 'ਦਖਣੀ' ਸ਼ਬਦ ਅੰਕਿਤ ਹੈ ਜਿਵੇਂ ਗਉੜੀ ਦਖਣੀ, ਵਡਹੰਸ ਦਖਣੀ, ਰਾਮਕਲੀ ਦਖਣੀ ਆਦਿ। ਇਨ੍ਹਾਂ ਰਾਗਾਂ ਦੇ ਨਾਦਾਤਮਕ ਸਰੂਪ ਵੀ ਕਰਨਾਟਕੀ ਪੱਧਤੀ ਵਿਚ ਮਿਲਦੇ ਹਨ।

ਮੌਸਮੀ ਰਾਗ: ਗੁਰਮਤਿ ਸੰਗੀਤ ਪਰੰਪਰਾ ਵਿਚ ਮੌਸਮਾਂ ਤੇ ਵੀ ਰਾਗਾਂ ਦਾ ਪਹਿਰਾ ਹੈ। ਇਨ੍ਹਾਂ ਰਾਗਾਂ ਵਿਚ ਦਰਜ ਬਾਣੀ ਦੇ ਸਾਧਾਰਣ ਪਾਠ ਰਾਹੀਂ ਹੀ ਸੰਬੰਧਿਤ ਮੌਸਮ ਦਾ ਆਭਾਸ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਤੇ ਮਲ੍ਹਾਰ ਮੌਸਮੀ ਰਾਗ ਹਨ। ਗੁਰਮਤਿ ਸੰਗੀਤ ਵਿਚ ਇਨ੍ਹਾਂ ਰਾਗਾਂ ਦੇ ਸੰਬੰਧਿਤ ਮੌਸਮ ਸਮੇਂ ਗਾਇਨ ਕਰਨ ਦੀ ਵਿਸ਼ੇਸ਼ ਪਰੰਪਰਾ ਹੈ। ਬਸੰਤ ਰੁੱਤ ਤੋਂ ਹੋਲੀ ਤਕ ਰਾਗ ਬਸੰਤ ਦਾ ਗਾਇਨ ਹਰ ਚੌਕੀ ਵਿਚ ਕਰਨ ਦੀ ਪਰੰਪਰਾ ਹੈ। ਇਸ ਤਰ੍ਹਾਂ ਰਾਗ ਮਲ੍ਹਾਰ ਦਾ ਸਾਵਣ ਮਹੀਨੇ ਹਰ ਖੁਸ਼ੀ,ਗਮੀ ਦੇ ਮੌਕੇ'ਤੇ ਗਾਇਨ ਕੀਤਾ ਜਾਂਦਾ ਹੈ।

ਸਨਾਤਨੀ ਰਾਗ: ਗੁਰਮਤਿ ਸੰਗੀਤ ਵਿਚ ਬਾਣੀ ਦੀ ਸਫਲ ਪ੍ਰਸਤੁਤੀ ਲਈ ਸਨਾਤਨੀ ਕਾਵਿ ਰੂਪਾਂ ਲਈ ਸੁਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਉਦਾਹਰਣ ਦੇ ਤੌਰ'ਤੇ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਲਈ

ਪ੍ਰਯੋਗ ਕੀਤੇ ਰਾਗ ਸਿਰੀ, ਮਾਝ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਸਨਾਤਨੀ ਰਾਗ ਹਨ।

ਦੇਸ਼ੀ ਰਾਗ: ਗੁਰਮਤਿ ਸੰਗੀਤ ਵਿਚ ਗੁਰੂ ਸਾਹਿਬਾਨ ਨੇ ਦੇਸੀ, ਇਲਾਕਾਈ, ਜਾਤੀਆਂ ਵਿਚ ਪ੍ਰਚੱਲਿਤ ਸੰਗੀਤ ਤੋਂ ਵਿਕਸਿਤ ਦੇਸ਼ੀ ਰਾਗਾਂ ਦਾ ਵੀ ਪ੍ਰਯੋਗ ਕੀਤਾ। ਉਦਾਹਰਣ ਦੇ ਤੌਰ'ਤੇ ਮਾਝ, ਆਸਾ, ਤਿਲੰਗ ਦੇਸ਼ੀ ਰਾਗ ਹਨ।

<u>ਭਾਰਤੀ ਰਾਗ ਵਰਗੀਕਰਣ ਅਤੇ ਗੁਰਮਤਿ ਸੰਗੀਤ:</u> ਭਾਰਤੀ ਸੰਗੀਤ ਵਿਚ ਰਾਗ ਵਰਗੀ--ਕਰਣ ਦੇ ਸਮੇਂ ਸਮੇਂ ਤੇ ਭਿੰਨ-ਭਿੰਨ ਮੱਤ ਪ੍ਰਚਾਰ ਵਿਚ ਰਹੇ ਹਨ। ਮੱਧਕਾਲ ਵਿਚ ਰਾਗ ਰਾਗਣੀ ਵਰਗੀਕਰਣ, ਰਾਗਾਂਗ ਵਰਗੀਕਰਣ, ਮੇਲ ਵਰਗੀਕਰਣ ਪ੍ਰਚਾਰ ਵਿਚ ਸਨ । ਮੱਧਕਾਲ ਵਿਚ ਪ੍ਰਚੱਲਿਤ ਰਾਗ ਰਾਗਣੀ ਵਰਗੀਕਰਣ ਆਰੰਭ ਤੋਂ ਹੀ ਵਾਦ-ਵਿਵਾਦ ਦਾ ਸ਼ਿਕਾਰ ਰਿਹਾ ਹੈ। ਇਨ੍ਹਾਂ ਵਰਗੀਕਰਣਾਂ ਨੇ ਭਾਰਤੀ ਸੰਗੀਤ ਵਿਚ ਕੋਈ ਸੇਧ ਪ੍ਰਦਾਨ ਕਰਨ ਦੀ ਬਜਾਏ ਅਨੇਕ ਮੱਤ, ਵਾਦ ਵਿਵਾਦ ਤੇ ਬਿਖੇੜਿਆਂ ਨੂੰ ਜਨਮ ਦਿੱਤਾ ਹੈ। ਵਿਦਵਾਨਾਂ ਵਲੋਂ ਰਾਗਾਂ ਦੇ ਸਰੂਪਾਂ ਸੰਬੰਧੀ ਕਈ ਭਰਮ ਭੁਲੇਖੇ ਵੀ ਪਾਏ ਜਾਂਦੇ ਹਨ । ਅਜਿਹੇ ਸਮੇਂ ਗੁਰੂ ਸਾਹਿਬਾਨ ਨੇ ਰਾਗ ਰਾਗਣੀ ਵਰਗੀਕਰਣ ਦੇ ਵਿਵਾਦ ਤੋਂ ਨਿਰਲੇਪ ਰਹਿੰਦਿਆਂ ਇਕ ਮੌਲਿਕ ਤੇ ਨਵੀਨ ਰਾਗ ਵਰਗੀਕਰਣ ਸਿਰਜਿਆ। ਇਸ ਨਵੀਨ ਮੌਲਿਕ ਪ੍ਰਬੰਧ ਨੂੰ ਜਾਣਨ ਲਈ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੰਬੰਧੀ ਦਰਜ ਫੁਰਮਾਨਾਂ ਨੂੰ ਧਿਆਨ ਦੇਣਾ ਯੋਗ ਪ੍ਰਤੀਤ ਹੁੰਦਾ ਹੈ :

- ਕੇਤੇ ਰਾਗ ਪਰੀ ਸਿਉ ਕਹੀਅਨਿ ।।[1]
- ਰਾਗ ਰਤਨ ਪਰਵਾਰ ਪਰੀਆ ।।[2]

---

1. ਆਸਾ ਮਹਲਾ ੧, <u>ਆਦਿ ਗ੍ਰੰਥ</u>, ਪੰਨਾ 6.

2. ਰਾਮਕਲੀ ਮਹਲਾ- ੩ ,ਉਹੀ-, ਪੰਨਾ 917

- ਇਕ ਗਾਵਹਿ ਰਾਗ ਪਰੀਆਰਾਗਿ ਨ ਭੀਜਈ ।।[1]

ਇਹਨਾਂ ਫੁਰਮਾਨਾਂ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਰਾਗ ਰਾਗਣੀ ਵਰਗੀਕਰਣ ਨੂੰ ਮਾਨਤਾ ਨਹੀਂ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਵਜੋਂ ਕਿਧਰੇ ਵੀ ਰਾਗਣੀ ਸ਼ਬਦ ਨਹੀਂ ਮਿਲਦਾ ਬੇਸ਼ਕ ਰਾਗਾਂ ਦੇ ਨਾਮ ਇਸਤਰੀ ਵਾਚਕ ਹੀ ਕਿਉਂ ਨਾ ਹੋਣ। ਉਦਾਹਰਣ ਦੇ ਤੌਰ'ਤੇ ਧਨਾਸਰੀ, ਗਉੜੀ, ਸੂਹੀ, ਰਾਮਕਲੀ ਆਦਿ । ਗੁਰਮਤਿ ਸੰਗੀਤ ਵਿਚ ਪ੍ਰਯੋਗ ਕੀਤਾ ਗਿਆ ਰਾਗ ਰਾਗਣੀ ਵਰਗੀਕਰਣ ਗੁਰਮਤਿ ਸੰਗੀਤ ਲਈ ਅਤਿ ਲਾਹੇਵੰਦ ਤੇ ਭਾਰਤੀ ਸੰਗੀਤ ਲਈ ਸੇਧ ਪੂਰਨ ਹੈ। ਇਸ ਵਿਚ ਰਾਗਾਂ ਦਾ ਵਰਗੀਕਰਣ ਸਿੱਧੇ ਤੇ ਸਰਲ ਵਿਧੀ ਦੁਆਰਾ ਕੀਤਾ ਗਿਆ ਹੈ ਜਿਸ ਵਿਚ ਸ਼ੁਧ, ਸਨਾਤਨੀ ਪ੍ਰਮੁੱਖ ਤੇ ਪ੍ਰਚੱਲਿਤ ਰਾਗਾਂ ਨੂੰ ਪ੍ਰਮੁੱਖ ਸਵੀਕਾਰਿਆ ਗਿਆ ਹੈ ਅਤੇ ਮੁੱਖ ਰਾਗਾਂ ਅਧੀਨ ਉਨ੍ਹਾਂ ਦੇ ਪ੍ਰਕਾਰਾਂ ਨੂੰ ਨਿਰਧਾਰਿਤ ਕੀਤਾ ਗਿਆ ਹੈ। ਇਸ ਵਰਗੀਕਰਣ ਵਿਚ ਸ਼ੁਧ, ਛਾਇਆਲਗ, ਸੰਕੀਰਣ ਰਾਗਾਂ ਅਨੁਸਾਰ ਵਰਗੀਕਰਣ ਕੀਤਾ ਗਿਆ ਹੈ।

ਸ਼ੁਧ ਰਾਗ: ਸ਼ੁਧ ਰਾਗ ਉਹ ਹਨ ਜਿਨ੍ਹਾਂ ਰਾਗਾਂ ਦਾ ਸਰੂਪ ਸਾਰੇ ਰਾਗਾਂ ਤੋਂ ਪੂਰਨ ਤੌਰ'ਤੇ ਭਿੰਨ ਹੁੰਦਾ ਹੈ ਜਿਸ ਵਿਚ ਕਿਸੇ ਹੋਰ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਉਦਾਹਰਣ ਦੇ ਤੌਰ'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤਤਕਰੇ ਵਿਚ ਇਕੱਤੀ ਰਾਗ ਸ਼ੁੱਧ ਰਾਗ ਹਨ।

ਛਾਇਆਲਗ ਰਾਗ: ਛਾਇਆਲਗ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮਿਸ਼ਰਣ ਤੋਂ ਹੁੰਦੀ ਹੈ। ਜਿਵੇਂ ਰਾਗ ਗਉੜੀ ਮਾਝ ਦੀ ਰਚਨਾ ਗਉੜੀ ਅਤੇ ਮਾਝ (ਗਉੜੀ+ਮਾਝ) ਦੀਆਂ ਮਧੁਰ ਸੁਰਾਵਲੀਆਂ ਦੇ ਮਿਸ਼ਰਣ ਤੋਂ ਹੋਈ ਹੈ। ਇਸ ਤੋਂ ਬਿਨਾਂ ਗਉੜੀ ਦੀਪਕੀ, ਗਉੜੀ ਚੇਤੀ, ਆਸਾ ਕਾਫ਼ੀ ਆਦਿ ਛਾਇਆਲਗ ਰਾਗ ਹਨ।

---

1- ਸ਼ਲੋਕ ਮਹਲਾ ੩ ਆਦਿ ਗ੍ਰੰਥ, ਪੰਨਾ 1285

ਸੰਕੀਰਣ ਰਾਗ: ਸੁਧ ਅਤੇ ਛਾਇਆਲਗ ਰਾਗਾਂ ਦੇ ਮੇਲ ਤੋਂ ਸੰਕੀਰਣ ਰਾਗ ਬਣਦਾ ਹੈ। ਇਸ ਵਿਚ ਤਿੰਨ ਰਾਗ ਅਤੇ ਤਿੰਨ ਤੋਂ ਵੱਧ ਰਾਗ ਵੀ ਪਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ 'ਗਉੜੀ ਪੂਰਬੀ ਦੀਪਕੀ' ਸੰਕੀਰਣ ਰਾਗ ਹੈ। ਇਸ ਵਿਚ ਗਉੜੀ+ਪੂਰਬੀ+ਦੀਪਕੀ ਤਿੰਨ ਰਾਗਾਂ ਦਾ ਮਿਸ਼੍ਰਣ ਹੈ।

ਗੁਰਮਤਿ ਸੰਗੀਤ ਵਿਚ ਵਿਭਿੰਨ ਗਾਇਨ ਸ਼ੈਲੀਆਂ ਲਈ ਵਿਭਿੰਨ ਰਾਗਾਂ ਦਾ ਪ੍ਰਯੋਗ ਕੀਤਾ ਹੈ। ਇਹ ਰਾਗ ਸੰਬੰਧਿਤ ਸ਼ੈਲੀ ਦੀ ਪ੍ਰਕ੍ਰਿਤੀ ਅਨੁਸਾਰ ਅਤਿ ਢੁਕਵੇਂ ਹਨ। ਰਾਗ ਅਤੇ ਗਾਇਨ ਸ਼ੈਲੀ ਦੀ ਇਹ ਸਾਂਝ ਬਾਣੀ ਦੇ ਅੰਤਰੀਵੀ ਭਾਵਾਂ ਨੂੰ ਰਸਾਤਮਕ ਪੱਧਰ 'ਤੇ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਸਨਾਤਨੀ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ ਉਥੇ ਲੋਕ ਕਾਵਿ/ ਗਾਇਨ ਸ਼ੈਲੀਆਂ ਲਈ ਪ੍ਰਯੋਗ ਕੀਤੇ ਗਏ ਰਾਗ ਵੀ ਪ੍ਰਕ੍ਰਿਤੀ ਦੇ ਅਨੁਕੂਲ ਹਨ। ਉਦਾਹਰਣ ਦੇ ਤੌਰ'ਤੇ ਰਾਗ ਸਿਰੀ-ਪਹਰੇ, ਰਾਗ ਗਉੜੀ-ਛੰਤ, ਰਾਗ ਮਾਝ-ਵਾਰ, ਰਾਗ ਆਸਾ--ਵਾਰ, ਰਾਗ ਵਡਹੰਸ-ਅਲਾਹੁਣੀਆਂ, ਰਾਗ ਸੂਹੀ-ਕੁਚੱਜੀ, ਸੁਚੱਜੀ, ਮੰਗਲਮਈ ਸ਼ਬਦ, ਰਾਗ ਮਾਰੂ-ਸੋਹਲੇ, ਰਾਗ ਤੁਖਾਰੀ- ਬਾਰਾਂ ਮਾਹ ਆਦਿ ਆਪੋ ਆਪਣੀ ਪ੍ਰਕ੍ਰਿਤੀ ਅਨੁਸਾਰ ਢੁੱਕਵੀਆਂ ਕਾਵਿ/ਗਾਇਨ ਸ਼ੈਲੀਆਂ ਦੇ ਧਾਰਣੀ ਹਨ।

ਗੁਰੂ ਸਾਹਿਬਾਨ ਨੇ ਬਾਣੀ ਦਾ ਸੰਦੇਸ਼ ਸਰਬ ਲੋਕਾਈ ਤਕ ਪਹੁੰਚਾਉਣ ਲਈ ਰਾਗ ਦਾ ਪ੍ਰਯੋਗ ਸਰੋਤਿਆਂ ਦੀ ਮਨੋਦਿਸ਼ਾ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਜਿਵੇਂ ਕਿ ਰਾਗ ਰਾਮਕਲੀ ਨਾਥ ਅਤੇ ਜੋਗੀਆਂ ਦਾ ਪ੍ਰਿਯ ਰਾਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਦੇ ਸੰਬੰਧ ਵਿਚ ਉਚਾਰੀ ਬਾਣੀ 'ਸਿਧ ਗੋਸਟਿ', ਦੱਖਣੀ ਓਅੰਕਾਰ' ਰਾਗ ਰਾਮਕਲੀ ਵਿਚ ਹੈ। ਇਸ ਵਿਚ ਨਾਥ, ਜੋਗੀਆਂ ਦੇ ਜੋਗ ਸਿਧਾਂਤਾਂ ਦਾ ਵਰਣਨ ਹੈ।

## ਗੁਰਮਤਿ ਸੰਗੀਤ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ

ਗੁਰਮਤਿ ਸੰਗੀਤ ਵਿਚ ਬਾਣੀ ਦੀ ਪ੍ਰਸਤੁਤੀ ਲਈ ਵੱਖ-ਵੱਖ ਕੀਰਤਨ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਗਾਇਨ ਸ਼ੈਲੀਆਂ ਵਿਚ ਭਾਰਤੀ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਨਕਸ਼ ਉਜਾਗਰ ਹੁੰਦਾ ਹੈ। ਜਿਵੇਂ ਕਿ ਅਸੀਂ ਪਹਿਲੇ ਅਧਿਆਇ ਵਿਚ ਵਰਣਨ ਕਰ ਆਏ ਹਾਂ ਕਿ ਗੁਰਮਤਿ ਸੰਗੀਤ ਦਾ ਇਕ ਨਿਵੇਕਲਾ ਪ੍ਰਬੰਧ ਅਤੇ ਅਮੋਲਕ ਅਨੁਸ਼ਾਸਨ ਹੈ। ਇਸਦੀ ਇਹ ਵਿਲੱਖਣਤਾ ਹੀ ਇਸਨੂੰ ਭਾਰਤੀ ਸੰਗੀਤ ਨਾਲੋਂ ਅਲੱਗ ਕਰਦੀ ਹੈ ਪਰੰਤੂ ਕਿਉਂ ਜੋ ਇਸ ਸੰਗੀਤ ਪਰੰਪਰਾ ਵਿਚ ਪ੍ਰਯੁਕਤ ਸੰਗੀਤ ਤੱਤ ਭਾਰਤੀ ਸ਼ਾਸਤਰੀ ਸੰਗੀਤ ਵਿਚੋਂ ਲਏ ਗਏ ਹਨ ਇਸ ਲਈ ਇਨ੍ਹਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਦੋਵੇਂ ਪਰੰਪਰਾਵਾਂ ਦੇ ਸੰਦਰਭ ਵਿਚ ਹੀ ਕੀਤਾ ਜਾਣਾ ਬਣਦਾ ਹੈ। ਭਾਰਤੀ ਸ਼ਾਸਤਰੀ ਸੰਗੀਤ ਵਿਚ ਪ੍ਰਬੰਧ, ਧਰੁਪਦ, ਖ਼ਿਆਲ, ਠੁਮਰੀ, ਟੱਪਾ ਆਦਿ ਗਾਇਨ ਸ਼ੈਲੀਆਂ ਪ੍ਰਚਾਰ ਵਿਚ ਹਨ। ਇਨ੍ਹਾਂ ਗਾਇਨ ਸ਼ੈਲੀਆਂ ਦਾ ਮਨੋਰਥ ਆਪਣੇ ਵਿਸ਼ਿਸ਼ਟ ਸਰੂਪ ਅਤੇ ਸ਼ਾਸਤਰੀ ਨਿਯਮਾਂ ਉਪਰ ਆਧਾਰਿਤ ਵਿਲੱਖਣ ਪਹਿਚਾਣ ਦੁਆਰਾ ਕਲਾਤਮਕ ਆਨੰਦ ਸਿਰਜਣਾ ਹੈ। ਸਦੀਆਂ ਦੇ ਪਰੰਪਰਾਗਤ ਰਿਆਜ਼ ਦੁਆਰਾ ਹੀ ਇਨ੍ਹਾਂ ਸ਼ੈਲੀਆਂ ਨੇ ਗਾਇਕ ਵਿਅਕਤੀਤਵ ਨੂੰ ਇਕ ਅਮੀਰ ਪਿੱਠ ਭੂਮੀ, ਵਿਸਤਰਿਤ ਅਤੇ ਪ੍ਰਭਾਵੀ ਸੌਂਦਰ-ਯਾਤਮਕ ਖੇਤਰ ਪ੍ਰਦਾਨ ਕੀਤਾ ਹੈ। ਵਿਅਕਤੀਗਤ ਪ੍ਰਤਿਭਾਵਾਂ ਨੇ ਇਨ੍ਹਾਂ ਸ਼ੈਲੀਆਂ ਨੂੰ ਸਮੇਂ-ਸਮੇਂ ਨਿਖਾਰਿਆ ਅਤੇ ਸਵੀਕਾਰਿਆ ਹੈ। ਇਨ੍ਹਾਂ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਵਿਚ ਵੀ ਪ੍ਰਯੋਗ ਕੀਤਾ ਗਿਆ ਹੈ। ਅੰਤਰ ਕੇਵਲ ਇਹ ਹੈ ਕਿ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਅਧੀਨ ਕਲਾਤਮਕ ਆਨੰਦ ਦੀ ਬਜਾਏ ਇਨ੍ਹਾਂ ਦਾ ਪ੍ਰਯੋਜਨ ਅਧਿਆਤਮਕ ਆਨੰਦ ਦੀ ਪ੍ਰਾਪਤੀ ਹੈ। ਇੱਥੇ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ ਨਾਮ ਦੀ ਬਜਾਏ ਬਾਣੀ ਪ੍ਰਧਾਨ ਹੋਣ ਕਰਕੇ ਕਾਵਿਕ ਨਾਮ ਦਿੱਤਾ ਗਿਆ ਹੈ ਕਿਉਂ ਜੋ ਬਾਣੀ ਕਾਵਿਕ ਜਾਮੇ ਵਿਚ ਦਰਜ ਹੈ। ਭਿੰਨ-ਭਿੰਨ ਕਾਵਿ ਰੂਪ ਭਿੰਨ-ਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ

ਉਤੇ ਆਧਾਰਿਤ ਹਨ। ਸ਼ਾਸਤਰੀ ਕਾਵਿ ਸਰੂਪ ਸਿੱਧੇ ਤੌਰ'ਤੇ ਸ਼ਾਸਤਰੀ ਗਾਇਨ ਸ਼ੈਲੀਆਂ ਨਾਲ ਸੰਬੰਧ ਰੱਖਦੇ ਹਨ। ਸ਼ਾਸਤਰੀ ਗਾਇਨ ਸ਼ੈਲੀਆਂ ਵਿਚ ਹਰੇਕ ਗਾਇਨ ਸ਼ੈਲੀ ਦਾ ਆਪਣਾ ਰੂਪ ਵਿਧਾਨ ਹੈ।

ਅਸਟਪਦੀ ਬਾਣੀ ਰੂਪ ਪ੍ਰਬੰਧ ਗਾਇਨ ਦੇ ਰੂਪ ਵਿਚ: ਭਾਰਤੀ ਸੰਗੀਤ ਵਿਚ ਮੱਧਕਾਲ ਵਿਚ ਪ੍ਰਚੱਲਿਤ ਪ੍ਰਬੰਧ ਸ਼ੈਲੀ ਦੇ ਚਾਰ ਅੰਗ ਉਦਗ੍ਰਾਹ, ਮੇਲਾਪਕ, ਧਰੁਵ, ਆਭੋਗ ਹਨ। ਇਹ ਚਾਰ ਧਾਤੂ ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ। ਗੀਤ ਦਾ ਆਰੰਭਿਕ ਭਾਗ ਭਾਵ ਜਿੱਥੋਂ ਗੀਤ ਦੀ ਸ਼ੁਰੂਆਤ ਹੁੰਦੀ ਹੈ, ਉਦਗ੍ਰਾਹ ਅਖਵਾਉਂਦਾ ਹੈ। ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦੇ ਸੰਜੋਗ ਤੋਂ ਮੇਲਾਪਕ ਬਣਦਾ ਹੈ। ਧਰੁਵ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਵਿਦਮਾਨ ਹੈ। ਇਸਦਾ ਗਾਇਨ ਗੀਤ ਵਿਚ ਬਾਰ-ਬਾਰ ਕੀਤਾ ਜਾਂਦਾ ਹੈ। ਪ੍ਰਬੰਧ ਗਾਨ ਦਾ ਅੰਤਿਮ ਅਤੇ ਚੌਥਾ ਭਾਗ ਆਭੋਗ ਹੈ ਜਿਸ ਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ। ਗੁਰਮਤਿ ਸੰਗੀਤ ਵਿਚ ਪ੍ਰਬੰਧ ਅੰਗ ਤੋਂ ਅਸ਼ਟਪਦੀ ਸ਼ੈਲੀ ਦਾ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਦੇ ਗਾਇਨ ਲਈ ਪ੍ਰਬੰਧ ਸ਼ੈਲੀ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਸਟਪਦੀਆਂ ਵਿਚ ਰਹਾਉ ਦੀ ਤੁਕ ਤੋਂ ਪਹਿਲਾ ਬੰਦ ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ ਧਰੁਵ ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ।

ਪਦ ਬਾਣੀ ਰੂਪ ਧਰੁਪਦ ਗਾਇਨ ਦੇ ਰੂਪ ਵਿਚ: ਧਰੁਪਦ ਭਾਰਤੀ ਸੰਗੀਤ ਦੀ ਪ੍ਰਤੀਨਿਧ ਗਾਇਨ ਸ਼ੈਲੀ ਹੈ। ਧਰੁਪਦ ਵਿਚ ਸਥਾਈ, ਅੰਤਰਾ, ਸੰਚਾਰੀ, ਆਭੋਗ ਭਿੰਨ-ਭਿੰਨ ਅੰਗ ਹਨ। ਧਰੁਪਦ ਵਿਚ ਸਥਾਈ ਨੂੰ ਮੁੱਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ

ਵਿਸਤਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸੇ ਭਾਗ ਦਾ ਹੀ ਗਾਇਨ ਕੀਤਾ ਜਾਂਦਾ ਹੈ। ਅੰਤਰਾ ਦਾ ਗਾਇਨ ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਕੀਤਾ ਜਾਂਦਾ ਹੈ। ਇਸ ਭਾਗ ਦਾ ਗਾਇਨ ਆਮ ਤੌਰ'ਤੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਸ਼ੁਰੂ ਕਰਕੇ ਅੰਤ ਮੱਧ ਸੜਜ ਤੇ ਸਮਾਪਤੀ ਕਰਦੇ ਹਨ। ਸੰਚਾਰੀ ਚਰਣ ਵਿਚ ਕਲਾਤਮਕ ਪੱਖ ਨਾਲ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਵਿਚ ਗਮਕ, ਮੀਂਡ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਧਰੁਪਦ ਦੇ ਅੰਤਿਮ ਚਰਣ ਆਭੋਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ ਅਤੇ ਇਸਦਾ ਗਾਇਨ ਤਿੰਨਾਂ ਸਪਤਕਾਂ ਵਿਚ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਵਿਚ ਪ੍ਰਚੱਲਿਤ ਧਰੁਪਦ ਦੇ ਇਸੇ ਪੈਟਰਨ'ਤੇ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਪਦ ਕਾਵਿ ਵਿਸ਼ਿਸ਼ਟ ਰੂਪ ਵਿਚ ਅਨੁਸ਼ਾਸਿਤ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਪਰੰਪਰਾ ਅੰਤਰਗਤ ਲਗਭਗ ਸਮੂਹ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਬਾਣੀ ਰਚਨਾ ਲਈ ਇਸ ਸ਼ੈਲੀ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਪਦ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੇ ਪਦ (ਧਰੁਪਦ) ਸ਼ੈਲੀ ਨੂੰ ਗੁਰਮਤਿ ਸੰਗੀਤ ਦੀ ਪ੍ਰਧਾਨ ਸ਼ੈਲੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਦੇ ਵਿਚ ਰਹਉ ਦੀ ਤੁਕ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ, ਇਸਨੂੰ ਸ਼ਬਦ ਦਾ ਕੇਂਦਰ ਮੰਨ ਕੇ ਧਰੁਵ ਦੀ ਤਰ੍ਹਾਂ ਬਾਰ-ਬਾਰ ਗਾਇਨ ਕਰਨ ਦੀ ਪਰੰਪਰਾ ਹੈ। ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧, ੨, ੩, ੪ ਦੇ ਰੂਪ ਵਿਚ ਦਰਜ ਅੰਕ ਜੋ ਅੰਤਰਿਆਂ ਦੀ ਸੀਮਾ ਦਾ ਸੂਚਕ ਹਨ। ਇਹ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ।

<u>ਹੋਲੀ ਬਾਣੀ ਰੂਪ ਧਮਾਰ ਗਾਇਨ ਦੇ ਰੂਪ ਵਿਚ:</u> ਭਾਰਤੀ ਸੰਗੀਤ ਵਿਚ ਪ੍ਰਚੱਲਿਤ ਧਮਾਰ ਸ਼ੈਲੀ ਦਾ ਗਾਇਨ ਧਮਾਰ ਤਾਲ ਵਿਚ ਕੀਤਾ ਜਾਂਦਾ ਹੈ। ਧਮਾਰ ਤਾਲ ਤੋਂ ਹੀ

ਇਸ ਸ਼ੈਲੀ ਦਾ ਨਾਮ 'ਧਮਾਰ' ਗਾਇਨ ਸ਼ੈਲੀ ਪਿਆ। ਇਸ ਵਿਚ ਕ੍ਰਿਸ਼ਨ ਤੇ ਰਾਧਾ ਦੀ ਹੋਲੀ ਲੀਲ੍ਹਾਵਾਂ ਦਾ ਵਰਣਨ ਹੋਣ ਕਾਰਣ ਇਸਨੂੰ 'ਹੋਲੀ ਦਾ ਗੀਤ' ਵੀ ਕਿਹਾ ਜਾਂਦਾ ਹੈ। ਧਮਾਰ ਸ਼ੈਲੀ ਦੇ ਦੋ ਭਾਗ ਸਥਾਈ ਤੇ ਅੰਤਰਾ ਹੁੰਦੇ ਹਨ। ਗੁਰਮਤਿ ਸੰਗੀਤ ਵਿਚ ਹੋਲੀ ਨਾਲ ਸੰਬੰਧਿਤ ਸ਼ਬਦ ਉਦਾਹਰਣ ਦੇ ਤੌਰ 'ਤੇ:

- ਹੋਲੀ ਕੀਨੀ ਸੰਤ ਸੇਵ ॥
  ਰੰਗੁ ਲਾਗਾ ਅਤਿ ਲਾਲ ਦੇਵ ॥ ॥[1]

- ਲਾਲ ਰੰਗੁ ਤਿਸ ਕਉ ਲਗਾ,
  ਜਿਸ ਕੇ ਵਡਭਾਗਾ ॥
  ਮੈਲਾ ਕਦੇ ਨ ਹੋਵਈ
  ਨਹ ਲਾਗੈ ਦਾਗਾ ॥੧ ॥[2]

- ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
  ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧ ॥[3]

ਆਦਿ ਨੂੰ ਧਮਾਰ ਅੰਗ ਤੇ ਗਾਇਨ ਕੀਤਾ ਜਾਂਦਾ ਹੈ। ਇਹ ਧਮਾਰ ਸ਼ੈਲੀ ਭਾਰਤੀ ਸੰਗੀਤ ਦੀ ਧਮਾਰ ਸ਼ੈਲੀ ਨਾਲੋਂ ਬ੍ਰਿੰਦਾਬਨ (ਉਤੱਰ-ਪ੍ਰਦੇਸ਼) ਵਿਚ ਪ੍ਰਚੱਲਿਤ ਧਮਾਰ ਸ਼ੈਲੀ ਨਾਲ ਜ਼ਿਆਦਾ ਸਮਾਨਤਾ ਰੱਖਦੀ ਹੈ।

---

1- ਬਸੰਤੁ ਮਹਲਾ ੫, ਆਦਿ ਗ੍ਰੰਥ, ਪੰਨਾ 1180

2- ਬਿਲਾਵਲੁ ਮਹਲਾ ੫, -ਉਹੀ-, ਪੰਨਾ 808-9

3- ਸਿਰੀ ਰਾਗ ਮਹਲਾ ੧, ਆਦਿ ਗ੍ਰੰਥ, ਪੰਨਾ 18

ਪੜਤਾਲ ਬਾਣੀ ਰੂਪ ਪੰਚਤਾਲੇਸ੍ਵਰ ਗਾਇਨ ਦੇ ਰੂਪ ਵਿਚ : ਭਾਰਤੀ ਸੰਗੀਤ ਵਿਚ ਪ੍ਰਾਚੀਨ ਸਮੇਂ ਵਿਚ 'ਪੰਚਤਾਲੇਸ੍ਵਰ' ਨਾਮਕ ਗਾਇਨ ਸ਼ੈਲੀ ਪ੍ਰਚਾਰ ਵਿਚ ਸੀ[1] ਜੋ ਸਮੇਂ ਦੇ ਕਾਲ ਚੱਕਰ ਵਿਚ ਹੀ ਅਾਲੋਪ ਹੋ ਗਈ। ਗੁਰਮਤਿ ਸੰਗੀਤ ਪਰੰਪਰਾ ਅੰਤਰਗਤ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੇ ਸੰਚਾਰ ਲਈ 'ਪੰਚਤਾਲੇਸ੍ਵਰ' ਸ਼ੈਲੀ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ 'ਪੜਤਾਲ' ਨਾਮ ਤੋਂ ਦਰਜ ਹੈ। ਇਸ ਵਿਚ ਭਿੰਨ-ਭਿੰਨ ਤਾਲਾਂ ਦੇ ਪ੍ਰਯੋਗ ਤੋਂ 'ਪੜਤਾਲ' ਸ਼ੈਲੀ ਨਾਮ ਪਿਆ। ਪੜਤਾਲ ਸ਼ੈਲੀ ਅਧੀਨ ਸ਼ਬਦ ਵਿਚ ਸੰਬੰਧਿਤ ਰਾਗ ਅਧੀਨ ਸਥਾਈ ਦੀ ਤੁਕ ਦਾ ਗਾਇਨ ਕਿਸੇ ਇਕ ਤਾਲ ਵਿਚ ਕਰਨ ਤੋਂ ਬਾਅਦ ਅੰਤਰਿਆਂ ਦੀਆਂ ਤੁਕਾਂ ਨੂੰ ਭਿੰਨ-ਭਿੰਨ ਤਾਲਾਂ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਹਰ ਅੰਤਰੇ ਦਾ ਗਾਇਨ ਕਰਨ ਤੋਂ ਬਾਅਦ ਸਥਾਈ ਦੀ ਤੁਕ ਦਾ ਗਾਇਨ ਕਰਨ ਲਈ ਮੁੜ ਸਥਾਈ ਤਾਲ ਵਿਚ ਪਰਤਿਆ ਜਾਂਦਾ ਹੈ। ਪੜਤਾਲ ਸ਼ੈਲੀ ਵਿਚ ਵਿਭਿੰਨ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇਕ ਹੀ ਰਹਿੰਦਾ ਹੈ।

ਗੁਰਮਤਿ ਸੰਗੀਤ ਵਿਚ ਪ੍ਰਯੁਕਤ ਸੰਗੀਤਕ ਸੰਕੇਤ

1- ਸਥਾਈ: ਸਥਾਈ ਭਾਰਤੀ ਸ਼ਾਸਤਰੀ ਸੰਗੀਤ ਦਾ ਇਕ ਵਿਸ਼ਿਸ਼ਟ ਤੱਤ ਹੈ। ਗੁਰਮਤਿ ਸੰਗੀਤ ਵਿਚ ਇਸ ਤੱਤ ਦੇ ਮਹੱਤਵ ਨੂੰ ਸਵੀਕਾਰਿਆ ਗਿਆ ਹੈ ਅਤੇ ਇਸਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਬਾਣੀ ਦੇ ਲਿਖਿਤ ਰੂਪ ਨੂੰ ਦੇਖੀਏ ਤਾਂ ਰਾਗਾਤਮਕ ਬਾਣੀਆਂ ਵਿਚ ਥਾਂ ਥਾਂ ਰਹਾਉ ਦਾ ਸੰਕੇਤ ਨਜ਼ਰ ਆਉਂਦਾ ਹੈ। ਰਹਾਉ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਧਰੁਵ, ਪਦ ਅਰਥਾਤ ਅਟਲ ਜਾਂ ਅਚਲ ਪਦ ਵਜੋਂ ਵਿਦਮਾਨ ਹੈ। ਇਸਨੂੰ ਸਥਾਈ ਵੀ ਕਿਹਾ ਜਾਂਦਾ ਹੈ। ਇਸ ਸਥਾਈ ਦੇ ਬਾਰ-ਬਾਰ ਗਾਇਨ ਦੁਆਰਾ ਹੀ ਸੰਬੰਧਿਤ ਰਾਗ ਅਤੇ ਕਾਵਿ ਵਿਚ ਅਭਿਵਿਅਕਤ ਭਾਵਾਂ ਨੇ ਸੌਂਦਰਯ ਸਿਰਜਿਆ ਹੈ।

1. ਸ੍ਰੀ ਮਾਨਵਲੀ ਰਾਮਕ੍ਰਿਸ਼ਣ ਕਵੀ, ਭਰਤ ਕੋਸ਼, ਪੰਨਾ 344

ਬਾਣੀ ਵਿਚ ਇਸਨੂੰ ਰਹਾਉ ਦਾ ਵਿਸ਼ੇਸ਼ ਸੰਕੇਤ ਦੇ ਕੇ ਭਾਰਤੀ ਸ਼ਾਸਤਰੀ ਸੰਗੀਤ ਦੇ ਇਸ ਵਿਸ਼ਿਸ਼ਟ ਤੱਤ ਦਾ ਸਦ ਉਪਯੋਗ ਕੀਤਾ ਹੈ, ਆਪਣੇ ਸ਼ਾਸਤਰੀ ਮਹੱਤਵ ਕਰਕੇ ਹੀ ਇਹ ਤੱਤ ਗੁਰਮਤਿ ਸੰਗੀਤ ਦਾ ਵਿਸ਼ੇਸ਼ ਅੰਗ ਵਜੋਂ ਪ੍ਰਵਾਣਿਤ ਕੀਤਾ ਜਾਂਦਾ ਹੈ।

2- <u>ਅੰਤਰਾ:</u> ਭਾਰਤੀ ਸ਼ਾਸਤਰੀ ਸੰਗੀਤ ਵਿਚ ਸਥਾਈ ਤੋਂ ਬਾਅਦ ਅੰਤਰਾ ਦਾ ਸਥਾਨ ਹੈ। ਗੁਰਮਤਿ ਸੰਗੀਤ ਵਿਚ ਅੰਤਰਾ ਅੰਕ ੧, ੨, ੩, ਸੰਕੇਤ ਵਜੋਂ ਦਰਜ ਹੈ। ਭਾਰਤੀ ਸ਼ਾਸਤਰੀ ਸੰਗੀਤ ਦੀ ਤਰ੍ਹਾਂ ਹੀ ਇਨ੍ਹਾਂ ਅੰਤਰਿਆਂ ਨੂੰ ਰਹਾਉ ਦੀ ਤੁਕ ਵਿਚ ਦਰਜ ਭਾਵਾਂ ਨੂੰ ਸੁਲਝਾਉਣ ਲਈ ਹਰ ਸਥਾਈ ਦੀ ਤੁਕ ਤੋਂ ਬਾਅਦ ਗਾਇਨ ਕਰਨ ਦੀ ਪਰੰਪਰਾ ਹੈ।

3- <u>ਯਤਿ:</u> ਯਤਿ ਦਾ ਸੰਬੰਧ ਤਬਲਾ ਵਜਾਉਣ ਦੀ ਸ਼ੈਲੀ ਨਾਲ ਹੈ। ਯਤਿ ਤੋਂ ਭਾਵ ਲੈਅ ਦੀ ਨਿਰੰਤਰ ਗਤੀ ਦੇ ਠਹਿਰਾਵ ਦੀਆਂ ਭਿੰਨ-ਭਿੰਨ ਅਵਸਥਾਵਾਂ। ਯਤਿ ਦੁਆਰਾ ਕਿਸੇ ਤਾਲ ਨੂੰ ਵਿਭਿੰਨ ਛੰਦਾਂ ਵਿਚ ਪਰਣਿਤ ਕੀਤਾ ਜਾਂਦਾ ਹੈ।[1] ਇਸ ਤੋਂ ਸਪਸ਼ਟ ਹੈ ਕਿ ਲੈਅ ਦਾ ਸੰਬੰਧ ਕੇਵਲ ਤਾਲ ਨਾਲ ਹੀ ਨਹੀਂ ਬਲਕਿ ਕਾਵਿ/ਗਾਇਨ ਸ਼ੈਲੀ ਵਿਚ ਪ੍ਰਯੋਗ ਹੋਣ ਵਾਲੇ ਵਿਸ਼ਰਾਮ ਤੋਂ ਹੈ। ਗੁਰਮਤਿ ਸੰਗੀਤ ਵਿਚ ਯਤਿ ਸ਼ਬਦ ਨੂੰ 'ਜਤਿ' ਕਿਹਾ ਗਿਆ ਹੈ। ਗੁਰਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਅਧੀਨ ਰਾਗ ਬਿਲਾਵਲ ਵਿਚ ਇਕ ਸਿਰਲੇਖ ਅੰਕਿਤ ਹੈ- 'ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ'[2] ਜਤਿ (ਯਤਿ) ਦੀ ਉਕਤ ਪਰਿਭਾਸ਼ਾ ਅਨੁਸਾਰ ਇਸ ਸਿਰਲੇਖ ਤੋਂ ਭਾਵ ਹੈ ਕਿ ਇਸ ਸ਼ਬਦ ਦਾ ਦਸਵੇਂ ਘਰੁ ਦੀ ਲੈਅ ਅਤੇ ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਸਹਿਤ ਰਾਗ ਬਿਲਾਵਲ ਅਧੀਨ ਗਾਇਨ ਕਰਨਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਸੰਗੀਤ ਦੀ ਧਾਰਣਾ ਦਾ ਨਾਉਂ ਜਤਿ(ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿੱਥੇ ਵਿਸ਼੍ਰਾਮ ਹੋਵੇ ਉਸਨੂੰ ਭੀ ਜਤਿ ਦੀ ਸੰਗਯਾ ਹੈ। ਡਾ. ਚਰਨ ਸਿੰਘ ਨੇ

---

1- ਬੰਧੋਪਾਧਿਆਇ,ਸ੍ਰੀ ਪਦ, <u>ਸੰਗੀਤ ਭਾਸ਼ਯ</u>, ਪੰਨਾ 287

2- ਮਹਲਾ ੧, <u>ਆਦਿ ਗ੍ਰੰਥ</u>, ਪੰਨਾ 838

ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਲਿਖਿਆ ਹੈ, "ਜਤਿ, ਗਤਿ, ਸਪਥ ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ ਤਾਂ ਉਸਨੂੰ ਜਤਿ ਕਹਿੰਦੇ ਹਨ। ਜਦ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁਲ੍ਹੀ ਨਿਕਲੇ (ਜਿਸ ਨੂੰ ਕੜ ਕੁਟ ਆਖਦੇ ਹਨ) ਤਾਂ ਉਸਦੀ ਸੰਗਯਾ ਸਾਥ ਹੁੰਦੀ ਹੈ[1]" ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਸਮੇਂ ਤਬਲੇ ਦੇ ਬੰਦ ਬੋਲਾਂ ਦਾ ਪ੍ਰਚਲਨ ਵੀ ਹੋ ਚੁੱਕਾ ਸੀ ਪਰ ਜਤਿ ਸੰਬੰਧੀ ਕੋਈ ਠੋਸ ਆਧਾਰ ਜਾਂ ਹਵਾਲਾ ਨਹੀਂ ਮਿਲਦਾ ਜਿਸ ਤੋਂ ਸਹੀ ਸੇਧ ਮਿਲ ਸਕੇ। ਇਹ ਵਿਸ਼ਾ ਖੋਜ ਦਾ ਮੁਹਤਾਜ ਹੈ।

4- <u>ਧੁਨੀ:</u> ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਵਾਰਾਂ ਉਪਰ ਮੱਧਕਾਲ ਵਿਚ ਪ੍ਰਚੱਲਿਤ ਧੁਨੀਆਂ ਦੇ ਸਿਰਲੇਖ ਅੰਕਿਤ ਹਨ। ਉਦਾਹਰਣ ਦੇ ਤੌਰ ਤੇ:

- ਵਾਰ ਮਾਝ ਕੀ ਤਥਾ ਸਲੋਕ ਮਹਲਾ ੧
  ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ[2]।
- ਗਉੜੀ ਕੀ ਵਾਰ ਮਹਲਾ ੫
  ਰਾਇ ਕਮਾਲਦੀ ਮੌਜਦੀ ਕੀਵਾਰ ਕੀ ਧੁਨਿ ਉਪਰਿ ਗਾਵਣੀ[3]।।
- ਆਸਾ ਮਹਲਾ ੧ ਵਾਰ ਸਲੋਕਾਂ ਨਾਲ ਸਲੋਕ ਭੀ
  ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ[4]।

ਆਦਿ

---

1- <u>ਮਹਾਨ ਕੋਸ਼</u>, ਪੰਨਾ 441

2- <u>ਆਦਿ ਗ੍ਰੰਥ</u>, ਪੰਨਾ 137

3- - ਉਹੀ -, ਪੰਨਾ 318

4- -ਉਹੀ- , ਪੰਨਾ 462

ਉਪਰੋਕਤ ਸਿਰਲੇਖਾਂ ਤੋਂ ਸਪਸ਼ਟ ਹੈ ਕਿ ਵਾਰ ਉਪਰ ਜਿੱਥੇ ਲੋਕ ਸੰਗੀਤ ਅੰਗ ਤੇ ਧੁਨੀ ਦਾ ਸੰਕੇਤ ਹੈ ਉਥੇ ਸ਼ਾਸਤਰੀ ਸੰਗੀਤ ਦੇ ਤੌਰ 'ਤੇ ਰਾਗ ਵੀ ਨਿਰਧਾਰਤ ਕੀਤੇ ਗਏ ਹਨ। ਲੋਕ ਵਾਰਾਂ ਦੀਆਂ ਧੁਨੀਆਂ ਉਤੇ ਰਾਗਾਂ ਦਾ ਨਿਰਧਾਰਣ ਗੁਰਮਤਿ ਸੰਗੀਤ, ਲੋਕ ਸੰਗੀਤ ਅਤੇ ਸ਼ਾਸਤਰੀ ਸੰਕੀਤ ਦਾ ਮੇਲ ਦਰਸਾਉਂਦਾ ਹੈ। ਗੁਰਬਾਣੀ ਵਿਚ ਵਾਰ ਧੁਨੀ ਅਤੇ ਰਾਗ ਦੀ ਸੰਯੁਕਤ ਪ੍ਰਸਤੁਤੀ ਗੁਰਬਾਣੀ ਦੀਆਂ ਵਾਰਾਂ ਦੀ ਸੰਚਾਰ ਪ੍ਰਕ੍ਰਿਆ ਦੇ ਨਿਵੇਕਲੇ ਪ੍ਰਬੰਧ ਨੂੰ ਉਜਾਗਰ ਕਰਦੀ ਹੈ। ਉਦਾਹਰਣ ਦੇ ਤੌਰ 'ਤੇ 'ਆਸਾ ਦੀ ਵਾਰ' ਆਪਣੇ ਸੰਗੀਤ ਸਰੂਪਾਂ ਸਦਕਾ ਸਮਰਸਤਾ ਦੀ ਧਾਰਣੀ ਹੈ। ਆਸਾ ਦੀ ਵਾਰ ਅਤੇ ਇਸਦੀ ਨਿਰਧਾਰਤ ਵਾਰ, ਧੁਨੀ ਅਤੇ ਰਾਗ ਆਸਾ ਵਿਚ ਇਸ ਸਮਰੂਪੀ ਤੇ ਸਮਸੁਰੀ ਸਾਂਝ ਸਦਕਾ ਹੀ ਵਾਰ ਉਤੇ ਧੁਨੀ ਦਾ ਸਿਰਲੇਖ ਸੰਭਵ ਹੋ ਸਕਿਆ ਹੈ।[1] ਆਸਾ ਦੀ ਵਾਰ ਤੋਂ ਬਿਨਾਂ ਬਾਕੀ ਵਾਰਾਂ ਦੇ ਸਿਰਲੇਖਾਂ ਵਿਚ ਵਾਰ ਦੇ ਨਾਲ ਰਾਗ ਅੰਕਿਤ ਹਨ। ਇਹ ਸ਼ਾਸਤਰੀ ਸੰਗੀਤ ਦੀ ਦ੍ਰਿਸ਼ਟੀ ਵਿਸ਼ਿਸ਼ਟਤਾ ਰਾਗ ਨਾਲ ਸੁਰਾਤਮਕ ਸੰਬੰਧ ਸਿਰਜਦੇ ਹਨ। ਇਸ ਤੋਂ ਧੁਨੀ ਸੰਕੇਤ ਵਿਚ ਲੁਪਤ ਗੁਰਮਤਿ ਸੰਗੀਤ ਦਾ ਸ਼ਾਸਤਰੀ ਸੰਗੀਤ ਨਾਲ ਸੰਬੰਧ ਪ੍ਰਗਟ ਹੁੰਦਾ ਹੈ। ਗੁਰਬਾਣੀ ਅੰਤਰਗਤ ਲੋਕ ਵਾਰਾਂ ਉਪਰ ਸ਼ਾਸਤਰੀ ਸੰਗੀਤ ਦੇ ਸੰਕੇਤਾਂ ਦੁਆਰਾ ਜਿੱਥੇ ਵਿਸ਼ਿਸ਼ਟ ਸ਼ਾਸਤਰੀ ਪਹਿਚਾਣ ਕਰਵਾਈ ਹੈ ਉਥੇ ਇਹ ਗੁਰਮਤਿ ਸੰਗੀਤ ਪ੍ਰਬੰਧ ਦੇ ਅਨੁਸ਼ਾਸਨ ਦੀ ਵੀ ਇਕ ਮਿਸਾਲ ਹੈ।

ਰਾਗ ਸਿਰਲੇਖ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ ਉਪਰ ਰਾਗ, ਮਹਲਾ, ਘਰੁ, ਕਾਵਿ/ਗਾਇਨ ਸ਼ੈਲੀ ਆਦਿ ਸੰਕੇਤ ਅੰਕਿਤ ਹਨ ਜਿਨ੍ਹਾਂ 'ਚੋਂ ਪਹਿਲਾਂ ਰਾਗ ਦਾ ਸਭ ਤੋਂ ਪਹਿਲਾਂ ਆਉਣਾ ਇਸ ਗੱਲ ਦਾ ਸੰਕੇਤ ਕਰਦੇ ਹਨ ਕਿ ਸੰਬੰਧਿਤ ਬਾਣੀ ਨੂੰ

---

1- ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 95

ਨਿਰਧਾਰਤ ਰਾਗਾਂ ਵਿਚ ਗਾਇਨਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਧ ਰਾਗਾਂ (ਮੁੱਖ ਰਾਗ) ਦੇ ਸਿਰਲੇਖ ਸਿੱਧੇ ਰੂਪ ਵਿਚ ਹੀ ਅੰਕਿਤ ਹਨ ਜਿਵੇਂ ਸਿਰੀ ਮਾਝ, ਗਉੜੀ, ਗੂਜਰੀ, ਆਸਾ ਆਦਿ। ਮਿਸ੍ਰਤ ਰਾਗ (ਛਾਇਆਲਗ ਰਾਗ) ਦੇ ਸਿਰਲੇਖ ਵਿਭਿੰਨ ਰੂਪਾਂ ਵਿਚ ਦਰਜ ਹਨ। ਉਦਾਹਰਣ ਦੇ ਤੌਰ 'ਤੇ ਸਿਰਲੇਖ 'ਗਉੜੀ ਭੀ ਸੋਰਠਿ ਭੀ'[1] ਜਿਸ ਬਾਰੇ ਪ੍ਰੋ. ਸਾਹਿਬ ਸਿੰਘ ਅਨੁਸਾਰ " ਇਹ ਸ਼ਬਦ ਗਉੜੀ ਰਾਗਨੀ ਵਿਚ ਭੀ ਗਾਉਣਾ ਹੈ ਤੇ ਸੋਰਠਿ ਰਾਗਨੀ ਵਿਚ ਭੀ।[2] ਪਰ ਬਹੁਮਤ ਇਸ ਵਿਚ ਹੈ ਕਿ ਰਾਗ ਗਉੜੀ ਅਤੇ ਸੋਰਠਿ ਦੇ ਸੰਯੁਕਤ ਰੂਪ 'ਰਾਗ ਗਉੜੀ ਸੋਰਠਿ' ਤੋਂ ਹੈ। 'ਰਾਗ ਗਉੜੀ ਮਾਝ ਮਹਲਾ ੪ '[3] ਦਾ ਸਿਰਲੇਖ ਸਪਸ਼ਟ ਹੈ ਕਿ ਸੰਬੰਧਿਤ ਸ਼ਬਦ ਦਾ ਗਾਇਨ ਰਾਗ ਗਉੜੀ ਮਾਝ ਵਿਚ ਕਰਨ ਦਾ ਆਦੇਸ਼ ਹੈ। ਇਸੇ ਹੀ ਰਾਗ ਦਾ ਦੂਸਰਾ ਸਿਰਲੇਖ 'ਗਉੜੀ ਮਹਲਾ ੫ ਮਾਝ'[4] ਹੈ ਭਾਵ ਗਉੜੀ+ਮਾਝ ਦੇ ਰਾਗ ਦੇ ਮਿਸ਼ਰਣ ਤੋਂ ਰਾਗ 'ਗਉੜੀ ਮਾਝ' ਦੀ ਰਚਨਾ ਹੋਈ ਹੈ। ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਸੰਤੁ ਮਹਲਾ ੧ ਹਿੰਡੋਲ'[5] 'ਪ੍ਰਭਾਤੀ ਮਹਲਾ ੪ ਬਿਭਾਸ'[6] ਆਦਿ ਰਾਗ ਮਿਸ਼ਰਤ ਰਾਗ ਵਜੋਂ ਅੰਕਿਤ ਹਨ।

---

1- ਆਦਿ ਗ੍ਰੰਥ, ਪੰਨਾ 330

2- ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਪੋਥੀਦੂਜੀ)ਪੰਨਾ 90

3- - ਉਹੀ - , ਪੰਨਾ 172

4- - ਉਹੀ - ਸ੍ਰੀ ਗੁਰੂ, ਗ੍ਰੰਥ ਸਾਹਿਬ ਦਰਪਣ (ਪੋਥੀ ਦੂਜੀ) ਪੰਨਾ 217

5- - ਉਹੀ - ਪੰਨਾ 1171

6- - ਉਹੀ - ਪੰਨਾ 1335

<u>ਦੱਖਣੀ ਪੱਧਤੀ ਦੇ ਰਾਗ:</u> ਗੁਰਮਤਿ ਸੰਗੀਤ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਲ ਤਕ ਭਾਰਤੀ ਸੰਗੀਤ ਦੋ ਪੱਧਤੀਆਂ (ਹਿੰਦੁਸਤਾਨੀ ਜਾਂ ਉਤੱਰੀ ਭਾਰਤੀ ਸੰਗੀਤ ਅਤੇ ਕਰਨਾਟਕੀ ਜਾਂ ਦੱਖਣੀ ਭਾਰਤੀ ਸੰਗੀਤ) ਅਧੀਨ ਵਿਭਾਜਿਤ ਹੋ ਚੁੱਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਪ੍ਰਮਾਤਮਾ ਦੇ ਸੰਦੇਸ਼ ਨੂੰ ਸਰਬ ਲੋਕਾਈ ਤਕ ਪਹੁੰਚਾਉਣ ਲਈ ਵਿਸ਼ਵ ਭ੍ਰਮਣ ਕੀਤਾ ਜੋ ਚਾਰ ਉਦਾਸੀਆਂ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਉਦਾਸੀਆਂ ਦੌਰਾਨ ਦੱਖਣੀ ਭਾਰਤ ਵੀ ਗਏ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਅਤੇ ਸੰਗੀਤ ਦਾ ਅਧਿਐਨ ਕੀਤਾ। ਆਪ ਨੇ ਆਪਣੀ ਬਾਣੀ ਦੇ ਗਾਇਨ ਲਈ ਦੱਖਣੀ ਭਾਰਤੀ ਸੰਗੀਤ ਦੇ ਰਾਗਾਂ ਦਾ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਨਾਮ ਨਾਲ ਅੰਕਿਤ 'ਦਖਣੀ' ਸ਼ਬਦ, ਦੱਖਣੀ ਪੱਧਤੀ ਦੇ ਰਾਗ ਹੋਣ ਦਾ ਸੂਚਕ ਹਨ ਅਤੇ ਇਨ੍ਹਾਂ ਦੇ ਨਾਦਾਤਮਕ ਸਰੂਪ ਵੀ ਦੱਖਣੀ ਪੱਧਤੀ ਵਿਚ ਹੀ ਮਿਲਦੇ ਹਨ। ਇਹ ਦੱਖਣੀ ਰਾਗ ਪ੍ਰਕਾਰ ਮੁੱਖ ਰਾਗਾਂ ਅਧੀਨ ਦਰਜ ਹਨ। ਗੁਰੂ ਨਾਨਕ ਬਾਣੀ ਵਿਚ ਪ੍ਰਯੁਕਤ ਦੱਖਣੀ ਰਾਗ ਪਕਾਰ ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਪ੍ਰਭਾਤੀ ਦਖਣੀ ਹਨ।

<u>ਸੁਧੰਗ:</u> 'ਸੁਧੰਗ' ਤੋਂ ਭਾਵ ਸ਼ੁਧ ਅੰਗ ਜਾਂ ਜਿਸ ਵਿਚ ਸਾਰੇ ਸੁਰ ਸ਼ੁਧ ਸਵਰ ਲਗਦੇ ਹਨ। ਹਿੰਦੁਸਤਾਨੀ ਸੰਗੀਤ ਵਿਚ ਰਾਗ ਆਸਾਵਰੀ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ। ਇਕ ਸਰੂਪ ਵਿਚ ਕੋਮਲ ਰਿਸ਼ਭ ਲਗਦਾ ਹੈ ਅਤੇ ਦੂਸਰੇ ਸਰੂਪ ਵਿਚ ਰਿਸ਼ਭ ਸ਼ੁਧ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਵਿਚ ਪ੍ਰਾਚੀਨ ਸਮੇਂ ਕੋਮਲ ਰਿਸ਼ਭ ਵਾਲੀ ਆਸਾਵਰੀ ਪ੍ਰਚੱਲਿਤ ਸੀ ਪਰ ਇਸਨੂੰ ਕੋਮਲ ਰਿਸ਼ਭ ਵਾਲੀ ਆਸਾਵਰੀ ਨਹੀਂ ਸੀ ਲਿਖਿਆ ਜਾਂਦਾ ਸਗੋਂ ਸ਼ੁਧ ਅੰਗ ਵਾਲੀ ਆਸਾਵਰੀ ਨੂੰ 'ਆਸਾਵਰੀ ਸੁਧੰਗ' ਦਾ ਨਾਮ ਦਿੱਤਾ ਜਾਂਦਾ ਸੀ। ਗੁਰਮਤਿ ਸੰਗੀਤ ਵਿਚ ਆਸਾਵਰੀ ਦੇ ਦੋਵਾਂ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚ ਕੋਮਲ ਰਿਸ਼ਭ ਵਾਲੀ 'ਆਸਾਵਰੀ' ਨੂੰ ਆਸਾਵਰੀ ਅਤੇ ਸ਼ੁਧ ਰਿਸ਼ਭ ਵਾਲੀ ਆਸਾਵਰੀ ਲਈ 'ਆਸਾਵਰੀ ਸੁਧੰਗ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਤਾਲ: ਗੁਰਮਤਿ ਸੰਗੀਤ ਵਿਚ ਗਾਇਨ ਹਿੱਤ ਵੱਖ-ਵੱਖ ਤਾਲਾਂ ਦੇ ਅਨੇਕ ਰੂਪ ਪ੍ਰਚਾਰ ਵਿਚ ਰਹੇ ਹਨ। ਸਰਬ ਪ੍ਰਥਮ ਇਥੇ ਵਰਣਨ ਯੋਗ ਹੈ ਕਿ ਘਰੁ ਸੰਕੇਤ ਨੂੰ ਅਜੇ ਵਿਦਵਾਨਾਂ ਨੇ ਤਾਲ ਨਾਲ ਹੀ ਜੋੜਿਆ ਹੈ। ਤਾਲ ਨਾਲ ਇਸਦੇ ਗਹਿਰੇ ਸੰਬੰਧਾਂ ਦਾ ਪ੍ਰਮਾਣ ਈਰਾਨੀ ਤਾਲ ਪੱਧਤੀ ਵਿਚ ਪ੍ਰਚੱਲਿਤ ਗਾਹ ਪਰੰਪਰਾ ਹੈ ਜਿਸ ਵਿਚ ਤਾਲਾਂ ਨੂੰ ਇਕ ਗਾਹ, ਦੋ ਗਾਹ, ਸਿਹ ਗਾਹ, ਚਹਾਰ ਗਾਹ ਆਦਿ ਨਾਮਾਂ ਨਾਲ ਪੁਕਾਰਿਆ ਜਾਂਦਾ ਹੈ।[1] ਗਾਹ ਦਾ ਅਰਥ 'ਘਰੁ' ਹੈ ਇਸ ਲਈ ਸੰਭਵ ਹੈ ਕਿ ਗੁਰੂ ਸਾਹਿਬ ਨੇ ਵੀ ਘਰੁ ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਇਕ ਹੋਰ ਮੱਤ ਅਨੁਸਾਰ ਫ਼ਾਰਸੀ ਬਹਿਰ ਦੀ ਬੁਨਿਆਦ ਉਤੇ ਹਜ਼ਰਤ ਅਮੀਰ ਖ਼ੁਸਰੋ ਨੇ 17 ਤਾਲ ਈਜ਼ਾਦ ਕੀਤੇ ਜਿਨ੍ਹਾਂ ਦੇ ਨਾਮ ਕ੍ਰਮਵਾਰ ਪਸ਼ਤੋ, ਜੋਬਹਾਰ, ਕੱਵਾਲੀ, ਸੁਲਫ਼ਾਖਤਾ, ਜਤ, ਪਟ, ਚਪਕ, ਜਲਦ ਤਿਲਾਨਾ, ਸਵਾਰੀ, ਆੜਾ ਚੌਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖ਼ਮਸ, ਫ਼ਰੋਦਸਤ, ਕੈਦ, ਪਹਲਵਾਨ ਹਨ। ਇਹ ਤਾਲ ਹਿੰਦੁਸਤਾਨੀ ਤਾਲਾਂ ਦੇ ਸਮਾਨ ਰੂਪ ਹੀ ਸਨ ਜੋ ਫ਼ਾਰਸੀ ਨਾਮਾਂ ਨਾਲ ਹੀ ਪਚਾਰ ਵਿਚ ਆਏ। ਇਹ ਵੀ ਕਿਹਾ ਜਾਂਦਾ ਹੈ ਕਿ ਅਮੀਰ ਖ਼ੁਸਰੋ ਨੇ ਹਿੰਦੁਸਤਾਨੀ ਪੁਰਾਣੇ ਤਾਲਾਂ ਦਾ ਜੁਆਬ ਨਿੱਜੀ ਤਾਲਾਂ ਵਿਚ ਦਿੱਤਾ ਸੀ।[2] ਅਮੀਰ ਖ਼ੁਸਰੋ ਦੁਆਰਾ ਪ੍ਰਚਾਰ ਵਿਚ ਲਿਆਏ ਗਏ ਇਨ੍ਹਾਂ ਤਾਲਾਂ ਦੀ ਗਿਣਤੀ 17 ਹੈ। ਇਸ ਲਈ ਹੋ ਸਕਦਾ ਹੈ ਕਿ ਬਾਣੀ ਦੇ 17 ਘਰੁ ਇਨ੍ਹਾਂ ਉਪਰੋਕਤ ਤਾਲਾਂ ਦੇ ਹੀ ਰੂਪ ਹੋਣ। ਕੁਝ ਵੀ ਹੋਵੇ ਬਹੁਤੇ ਵਿਦਵਾਨ 'ਘਰੁ' ਨੂੰ ਤਾਲ ਦੇ ਰੂਪ ਵਿਚ ਸਵੀਕਾਰਦੇ ਹਨ। ਹੁਣ ਕਿਉਂ ਜੋ 'ਘਰੁ' ਦੀ ਇਹ ਪਰੰਪਰਾ ਪ੍ਰਚਾਰ ਵਿਚ ਨਹੀਂ, ਇਸ ਲਈ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਹੋਣ ਵਾਲੇ ਤਾਲਾਂ ਨੂੰ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਨਾਮਾਂ ਨਾਲ ਹੀ

---

1- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪਹਿਲੀ) ਪੰਨਾ 14

2- ਨਿਬੰਧ ਸੰਗੀਤ, ਪੰਨਾ 557-58

ਪ੍ਰਚਾਰਿਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਸਮੂਹ ਤਾਲ ਭਾਰਤੀ ਸੰਗੀਤ ਵਿਚੋਂ ਹੀ ਸਿੱਧੇ ਰੂਪ ਵਿਚ ਪ੍ਰਯੋਗ ਹੋ ਰਹੇ ਹਨ। ਭਾਵੇਂ ਕੁਝ ਤਾਲਾਂ ਦੇ ਰੂਪ ਅਤੇ ਕੁਝ ਨਵੇਂ ਤਾਲ ਵੀ ਪ੍ਰਚਾਰ ਵਿਚ ਹਨ ਪਰੰਤੂ ਇਨ੍ਹਾਂ ਦੀ ਵਾਦਨ ਪਰੰਪਰਾ ਅਤੇ ਮੂਲ ਵਿਧੀ ਭਾਰਤੀ ਪਰੰਪਰਾ ਅਨੁਸਾਰ ਹੀ ਹੈ। ਉਦਾਹਰਣ ਦੇ ਤੌਰ'ਤੇ 'ਆਸਾ ਦੀ ਵਾਰ ਦੀ ਚੌਂਕੀ' ਵਿਚ ਪ੍ਰਯੋਗ ਹੋਣ ਵਾਲੇ ਤਾਲਾਂ ਦਾ ਸੰਖਿਪਤ ਵਰਣਨ ਇਸ ਪ੍ਰਕਾਰ ਹੈ:

'ਆਸਾ ਦੀ ਵਾਰ ਦੀ ਚੌਂਕੀ' ਦੇ ਆਰੰਭ ਵਿਚ ਵੰਦਨਾ ਦੇ ਤੌਰ 'ਤੇ ਸ਼ਬਦ ਦਾ ਗਾਇਨ ਕਰਨ ਲਈ ਖ਼ਿਆਲ ਅੰਗ ਤੋਂ ਏਕਤਾਲ, ਤੀਨ ਤਾਲ ਆਦਿ ਜਾਂ ਧਰੁਪਦ ਸ਼ੈਲੀ ਵਿਚ ਚਾਰਤਾਲ, ਸੂਲਫ਼ਾਖਤਾ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਉਪਰੰਤ ਵਿਭਿੰਨ ਸ਼ੈਲੀਆਂ ਲਈ ਭਿੰਨ-ਭਿੰਨ ਤਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ । ਉਦਾਹਰਣ ਦੇ ਤੌਰ 'ਤੇ ਪਦ ਗਾਇਨ ਲਈ ਚਾਰਤਾਲ, ਸੂਲਫ਼ਾਖਤਾ ਆਦਿ,ਹੋਲੀ ਦੇ ਸ਼ਬਦਾਂ ਲਈ ਧਾਮਾਰ ਤਾਲ ਅਤੇ ਪੜਤਾਲ ਸ਼ੈਲੀ ਵਿਚ ਹਰ ਅੰਤਰੇ ਲਈ ਭਿੰਨ ਤਾਲ ਪ੍ਰਯੋਗ ਹੁੰਦਾ ਹੈ। ਇਸ ਲਈ ਪੜਤਾਲ ਦੇ ਗਾਇਨ ਲਈ ਕਈ ਤਾਲ ਵਰਤੇ ਜਾਂਦੇ ਹਨ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਾਗ ਸਾਰੰਗ ਵਿਚ ਦਰਜ ਪੜਤਾਲ'ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ' ਵਿਚ ਸਥਾਈ ਦੀ ਤੁਕ ਲਈ ਏਕ ਤਾਲ, ਪਹਿਲਾ ਅੰਤਰਾ-ਤਾਲ ਧਮਾਰ, ਦੂਸਰਾ-ਆੜਾ ਚੌਤਾਲ, ਤੀਸਰਾ-ਤਾਲ ਰੂਪਕ ਅਤੇ ਚੌਥੇ ਅੰਤਰੇ ਦਾ ਗਾਇਨ ਏਕ ਤਾਲ ਵਿਚ ਕੀਤਾ ਜਾਂਦਾ ਹੈ। ਉਪਰੋਕਤ ਸ਼ੈਲੀਆਂ ਤੋਂ ਇਲਾਵਾ ਆਸਾ ਦੀ ਵਾਰ ਦੇ ਗਾਇਨ ਵਿਚ ਪਹਿਲਾਂ ਛੰਤ ਦਾ ਗਾਇਨ ਏਕ ਤਾਲ ਵਿਚ, ਫਿਰ ਅਨਿੱਬਧ ਗਾਨ ਦੇ ਤੌਰ ਤੇ ਸਲੋਕ ਦਾ ਗਾਇਨ ਕਰਨ ਉਪਰੰਤ ਪਉੜੀ ਦਾ ਗਾਇਨ ਪਉੜੀ ਤਾਲ (ਗੇ, ਤਿਟ, ਤਾ,ਗੇਤਾ) ਵਿਚ ਕਰਕੇ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ।

## ਗੁਰਮਤਿ ਸੰਗੀਤ ਵਿਚ ਪ੍ਰਯੁਕਤ ਸਾਜ਼(ਭਾਰਤੀ ਸੰਗੀਤ ਦੇ ਸੰਦਰਭ ਵਿਚ )

ਭਾਰਤੀ ਸੰਗੀਤ ਵਿਚ ਮੂਲ ਆਧਾਰ ਸਾਜ਼ ਵਜੋਂ ਤਾਨਪੁਰੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਤੰਤੀ ਸਾਜ਼ ਹੈ ਜਿਸ ਵਿਚੋਂ ਸਪਤਕ ਤੇ ਸਮੂਹ ਸਵਰ, ਸਹਾਇਕ ਸਵਰ ਪ੍ਰਾਪਤ ਹੁੰਦੇ ਹਨ। ਇਸਨੂੰ ਸਵਰਾਂ ਦੀ ਸ਼ੁਧਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸੇ ਆਧਾਰ 'ਤੇ ਵੱਖ-ਵੱਖ ਤੰਤੀ ਸਾਜ਼ ਵਿਕਸਿਤ ਹੋਏ ਹਨ। ਭਾਰਤੀ ਸੰਗੀਤ ਦੀ ਪ੍ਰਾਚੀਨ ਵਾਦਨ ਪਰੰਪਰਾ ਤੰਤੀ ਸਾਜ਼ਾਂ 'ਤੇ ਹੀ ਆਧਾਰਿਤ ਹੈ। ਪ੍ਰਾਚੀਨ ਸਮੇਂ ਵਿਚ ਸਮੂਹ ਸਾਜ਼ਾਂ ਨੂੰ ਵੀਣਾ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਦਾਹਰਣ ਦੇ ਤੌਰ 'ਤੇ ਕਰਕਰੀ ਵੀਣਾ, ਬਾਣ ਵੀਣਾ, ਗੋਧਾ ਵੀਣਾ ਆਦਿ। ਇੱਥੋਂ ਤਕ ਕਿ ਮਨੁੱਖੀ ਸਰੀਰ ਨੂੰ ਵੀ 'ਗਾਇਤਰੀ ਵੀਣਾ' ਆਖਿਆ ਜਾਂਦਾ ਸੀ। ਤੰਤੀ ਸਾਜ਼ਾਂ ਵਿਚ ਤੰਦ ਤੇ ਤਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਸੰਗੀਤ ਦੇ ਸਵਰ ਕਿਉਂ ਜੋ ਇਕ ਸਥਾਨ ਤੇ ਸਦਾ ਲਈ ਸਥਿਰ ਨਹੀਂ ਹੁੰਦੇ ਭਾਵ ਇਕੋ ਹੀ ਸਵਰ ਦੇ ਵੱਖ-ਵੱਖ ਰਾਗਾਂ ਅਤੇ ਪਰੰਪਰਾਵਾਂ ਵਿਚ ਭਿੰਨ-ਭਿੰਨ ਰੂਪ ਉਪਲੱਬਧ ਹੁੰਦੇ ਹਨ।ਉਦਾਹਰਣ ਦੇ ਤੌਰ 'ਤੇ ਰਿਸ਼ਭ ਸੁਰ ਦਾ ਸਥਾਨ ਭਾਵੇਂ ਸਪਤਕ ਵਿਚ ਨਿਸ਼ਚਿਤ ਹੈ ਪਰੰਤੂ ਭੈਰਵ, ਮਾਰਵਾ, ਤੋੜੀ, ਸਿਰੀ ਆਦਿ ਰਾਗਾਂ ਲਈ ਇਸ ਦਾ ਪ੍ਰਯੋਗ ਭਿੰਨ-ਭਿੰਨ ਵਿਧੀਆਂ ਦੁਆਰਾ ਕੀਤਾ ਜਾਂਦਾ ਹੈ। ਸਵਰ ਦੇ ਇਨ੍ਹਾਂ ਵਿਭਿੰਨ ਰੂਪਾਂ ਦੀ ਪ੍ਰਾਪਤੀ ਤੰਤੀ ਸਾਜ਼ਾਂ ਦੁਆਰਾ ਹੀ ਸੰਭਵ ਹੈ। ਇਹ ਭਾਰਤੀ ਸੰਗੀਤ ਦੀ ਮੌਲਿਕਤਾ ਵੀ ਹੈ ਵਿਲੱਖਣਤਾ ਵੀ ।

ਗੁਰਮਤਿ ਸੰਗੀਤ ਵਿਚ ਵੀ ਸਵਰ, ਰਾਗ ਅਤੇ ਗਾਇਨ ਦੇ ਸ਼ੁਧ ਰੂਪ ਨੂੰ ਕਾਇਮ ਰਖਣ ਲਈ ਵੱਖ-ਵੱਖ ਤੰਤੀ ਸਾਜ਼ਾਂ ਦਾ ਸੰਗਤ ਹਿੱਤ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਦੇ ਪ੍ਰਯੋਗ ਦੀ ਮੂਲ ਧਾਰਣਾ ਭਾਰਤੀ ਸੰਗੀਤ ਵਿਚੋਂ ਹੀ ਲਈ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਮਰਦਾਨਾ ਲਈ ਵਿਸ਼ੇਸ਼ ਕਿਸਮ ਦਾ ਰਬਾਬ ਤਿਆਰ ਕਰਾਉਣਾ[1], ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਾਰੰਦਾ ਸਾਜ਼ ਦਾ ਨਿਰਮਾਣ[2], ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਾਰੰਦਾ ਤੇ ਜੋੜੀ ਆਦਿ ਸਾਜ਼ਾਂ ਦਾ ਪ੍ਰਚਲਨ, ਕੁਝ ਵਿਦਵਾਨਾਂ ਨੇ ਗੁਰੂ ਹਰਗੋਬਿੰਦ ਜੀ ਨੂੰ ਤਾਊਸ ਸਾਜ਼ ਦਾ ਕਰਤਾ ਮੰਨਿਆ ਹੈ[3] ਪਰ ਭਾਈ ਵੀਰ ਸਿੰਘ ਜੀ ਅਨੁਸਾਰ ਤਾਊਸ ਸਾਜ਼ ਨੂੰ ਭਾਈ ਕਾਹਨ ਸਿੰਘ ਜੀ ਰਾਗੀ ਪਟਿਆਲੇ ਵਾਲਿਆਂ ਨੇ ਬਣਾਇਆ ਤੇ ਪ੍ਰਚੱਲਿਤ ਕੀਤਾ।[4] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਾਨਪੁਰਾ[5] ਦਾ ਕਿਰਿਆਤਮਕ ਰੂਪ ਵਿਚ ਪ੍ਰਚਲਨ ਇਸ ਗੱਲ ਦਾ ਸਾਖਸ਼ੀ ਹੈ ਕਿ ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਨੂੰ ਪੂਰਨ ਰੂਪ ਵਿਚ ਅਪਣਾਇਆ ਗਿਆ ਹੈ ਅਤੇ ਗੁਰਮਤਿ ਸੰਗੀਤ ਦੀ ਸਹੀ ਗਾਇਨ ਵਿਧੀ ਇਨ੍ਹਾਂ ਸਾਜ਼ਾਂ ਦੀ ਸੰਗਤੀ ਕੀਤੇ ਜਾਣ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਸਾਜ਼ ਕਿਉਂ ਜੋ ਮੂਲ ਰੂਪ ਵਿਚ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਰਹੇ ਹਨ ਅਤੇ ਇਨ੍ਹਾਂ ਸਾਜ਼ਾਂ ਨੂੰ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਵਿਧੀ ਅਨੁਸਾਰ ਨਵ ਸਰੂਪ ਦਿੱਤਾ ਗਿਆ ਹੈ। ਇਸ ਲਈ ਇਹ ਸਾਜ਼ ਭਾਰਤੀ ਵਾਦਨ ਪਰੰਪਰਾ ਵਿਚੋਂ ਪਰਿਵਰਤਿਤ ਗੁਰਮਤਿ ਸੰਗੀਤ ਦੀ ਵਿਸ਼ੇਸ਼ ਨਿਧੀ ਕਹੇ ਜਾ ਸਕਦੇ ਹਨ।

ਗੁਰਮਤਿ ਸੰਗੀਤ ਵਿਚ ਇਨ੍ਹਾਂ ਸਾਜ਼ਾਂ ਦਾ ਮਹੱਤਵ ਸਿੱਧੇ ਤੌਰ 'ਤੇ ਸੁਤੰਤਰ ਵਾਦਨ ਨਾਲ ਸੰਬੰਧ ਨਹੀਂ ਰਖਦਾ ਸਗੋਂ ਇਹ ਸ਼ਬਦ ਪ੍ਰਧਾਨ ਗਾਇਨ ਨਾਲ ਸੰਗਤ ਕਰਨ

---

1- ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 816

2- ਤਾਰਾ ਸਿੰਘ (ਪ੍ਰੋ.), ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ, ਭੂਮਿਕਾ

3- ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 41

4- ਭਾਈ ਵੀਰ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਪੰਨਾ 31

5- ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991, ਪੰਨਾ 42

ਹਿੱਤ ਪ੍ਰਯੋਗ ਵਿਚ ਲਿਆਏ ਜਾਂਦੇ ਹਨ। ਇਨ੍ਹਾਂ ਸਾਜ਼ਾਂ ਦਾ ਗਾਇਨ ਦੌਰਾਨ ਜਿੱਥੇ ਸਵਰ ਦੇਣ ਦੀ ਪ੍ਰਥਾ ਹੈ ਉਥੇ ਸਥਾਈ ਅਤੇ ਅੰਤਰਾ ਵਿਚਕਾਰਲੇ ਵਕਫ਼ਿਆਂ ਤੋਂ ਇਲਾਵਾ ਸ਼ਾਨ, ਲਹਿਰਾ ਆਦਿ ਸਮੇਂ ਇਨ੍ਹਾਂ ਦਾ ਵਾਦਨ ਕੀਤਾ ਜਾਂਦਾ ਹੈ। ਰਾਗ ਅਤੇ ਚੌਕੀ ਦਾ ਮਾਹੌਲ ਬੰਨ੍ਹਣ ਲਈ ਵੀ ਇਹ ਸਾਜ਼ ਸਹਾਇਕ ਸਿੱਧ ਹੁੰਦੇ ਹਨ।

ਵਰਤਮਾਨ ਸਮੇਂ ਇਨ੍ਹਾਂ ਸਾਜ਼ਾਂ ਦਾ ਪ੍ਰਯੋਗ ਨਾਂ ਮਾਤਰ ਹੀ ਹੋ ਰਿਹਾ ਹੈ ਜਿਸਨੂੰ ਪੁਨਰ ਪ੍ਰਚਾਰਿਤ ਕਰਨਾ ਹਰ ਸ਼ਾਸਤਰੀ ਸੰਗੀਤ ਪ੍ਰੇਮੀ ਦਾ ਧਰਮ ਹੈ ਤਾਂ ਹੀ ਅਸੀਂ ਗੁਰਮਤਿ ਸੰਗੀਤ ਦੀ ਸਹੀ ਗਾਇਨ [illegible] ਵਿਧੀ ਨੂੰ ਮੂਰਤੀਮਾਨ ਕਰ ਸਕਦੇ ਹਾਂ। ਇਨ੍ਹਾਂ ਤੰਤੀ ਸਾਜ਼ਾਂ ਤੋਂ ਬਿਨਾਂ ਗੁਰਮਤਿ ਸੰਗੀਤ ਦਾ ਮਹੱਤਵਪੂਰਨ ਸਾਜ਼ ਜੋੜੀ ਜਾਂ ਤਬਲਾ ਹੈ। ਪੁਰਾਤਨ ਸਮੇਂ ਵਿਚ ਵੱਡ ਆਕਾਰੀ ਆਟੇ ਦੇ ਧਾਮੇ ਤਬਲਿਆਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜੋ ਗੁਰਮਤਿ ਗਾਇਕੀ ਦੀ ਗੰਭੀਰਤਾ ਨੂੰ ਪੂਰਨ ਰੂਪ ਵਿਚ ਕਾਇਮ ਰਖਣ ਹਿੱਤ ਸਹਾਈ ਹੁੰਦੇ ਸਨ। ਜੋੜੀ ਵਾਦਨ ਦੀ ਇਕ ਵਿਸ਼ੇਸ਼ ਪਰੰਪਰਾ ਜਿਸ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਜਤਿ' ਵਜੋਂ ਦਰਜ ਹੈ।[1] ਇਸ ਗੱਲ ਦਾ ਪ੍ਰਮਾਣ ਹੈ ਕਿ ਜੋੜੀ ਵਾਦਨ ਦੀ ਇਸ ਪਰੰਪਰਾ ਦਾ ਵਿਸਤਰਿਤ ਰੂਪ ਵਿਚ ਪ੍ਰਚਾਰ ਰਿਹਾ ਹੈ। ਇੱਥੋਂ ਤਕ ਕਿ ਜੋੜੀ ਵਾਦਨ ਦੇ ਭਿੰਨ-ਭਿੰਨ ਘਰਾਣੇ ਅਤੇ ਟਕਸਾਲਾਂ ਦੀ ਪਰੰਪਰਾ ਵੀ ਗੁਰਮਤਿ ਸੰਗੀਤ ਦੀ ਇਸ ਵਾਦਨ ਪਰੰਪਰਾ ਦਾ ਹਿੱਸਾ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਸੰਗੀਤ ਦੀ ਸਾਜ਼ ਪਰੰਪਰਾ ਮੂਲ ਰੂਪ ਵਿਚ ਭਾਰਤੀ ਸੰਗੀਤ ਦੇ ਸ਼ਾਸਤਰੀ ਤੇ ਲੋਕ ਸਾਜ਼ਾਂ ਉਪਰ ਆਧਾਰਿਤ ਹੈ ਪਰੰਤੂ ਜਿਸ ਨਵ ਵਿਧੀ ਤੇ ਮੌਲਿਕਤਾ ਨਾਲ ਗੁਰਮਤਿ ਸੰਗੀਤ ਵਿਚ ਇਨ੍ਹਾਂ ਨੂੰ ਪੁਨਰ

---

1- 'ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ'
(ਆਦਿ ਗ੍ਰੰਥ, ਪੰਨਾ 838)

ਪ੍ਰਚਾਰਿਤ ਤੇ ਪੁਨਰ ਸਿਰਜਿਤ ਕੀਤਾ ਗਿਆ ਹੈ ਉਹ ਆਪਣੇ ਆਪ ਵਿਚ ਵਿਲੱਖਣ ਹੈ ਅਤੇ ਇਹ ਵਿਸ਼ਾ ਹੋਰ ਵਧੇਰੇ ਖੋਜ ਦੀ ਮੰਗ ਕਰਦਾ ਹੈ।

## ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਰਤਨ ਕੇਂਦਰ

ਗੁਰਮਤਿ ਸੰਗੀਤ ਪਰੰਪਰਾ ਨੂੰ ਵਿਵਹਾਰਕ ਰੂਪ ਵਿਚ ਸੁਦ੍ਰਿੜ੍ਹ ਅਤੇ ਸਥਾਪਿਤ ਕਰਨ ਹਿੱਤ ਸ਼ਾਸਤਰੀ ਸੰਗੀਤ ਵਾਂਗ ਇਸਨੂੰ ਅਭਿਆਸ ਕਰਨ ਨਾਲ ਨਹੀਂ ਤੋਰਿਆ ਗਿਆ ਸਗੋਂ ਪੂਰਨ ਰੂਪ ਵਿਚ ਬਾਕਾਇਦਗੀ ਨਾਲ ਇਸਦੀ ਪਾਲਣਾ ਕੀਤੀ ਗਈ। ਨਿਤਾਪ੍ਰਤੀ ਅਤੇ ਜੀਵਨ ਦੇ ਹਰ ਪਲ ਅੰਗ ਸੰਗ ਕੀਰਤਨ ਇਕ ਨਿਰੰਤਰ ਅਭਿਆਸ ਵੀ ਤਾਂ ਹੈ। ਗੁਰਮਤਿ ਸੰਗੀਤ ਦੇ ਇਤਿਹਾਸ 'ਚੋਂ ਸਾਨੂੰ ਕਈ ਸੰਕੇਤ ਉਪਲੱਬਧ ਹੋ ਜਾਂਦੇ ਹਨ ਜਿਨ੍ਹਾਂ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਨਾਲ-ਨਾਲ ਕੀਰਤਨ ਦੇ ਕੇਂਦਰ ਵਜੋਂ ਉਜਾਗਰ ਕੀਤੇ। ਕਰਤਾਰਪੁਰ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤਕ ਇਨ੍ਹਾਂ ਕੀਰਤਨ ਕੇਂਦਰਾਂ ਦਾ ਵਿਕਾਸ ਗੁਰਮਤਿ ਸੰਗੀਤ ਦੇ ਵਿਕਾਸ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਇਨ੍ਹਾਂ ਕੀਰਤਨ ਕੇਂਦਰਾਂ ਵਿਚ ਭਾਈ ਮਰਦਾਨਾ ਤੋਂ ਲੈ ਕੇ ਇਸੇ ਖਾਨਦਾਨ ਦੇ ਘਰਾਣੇਦਾਰ ਰਬਾਬੀ ਭਾਈ ਸੱਤਾ ਤੇ ਬਲਵੰਡ ਇਸ ਖੇਤਰ ਵਿਚ ਕਾਰਜਸ਼ੀਲ ਹਨ। ਪਹਿਲਾਂ ਵਰਣਨ ਕੀਤੀਆਂ ਗਈਆਂ ਕੀਰਤਨ ਚੌਕੀਆਂ ਦਾ ਵਿਵਹਾਰਕ ਪ੍ਰਚਲਨ ਤੇ ਵਿਕਾਸ ਇਨ੍ਹਾਂ ਕੀਰਤਨ ਕੇਂਦਰਾਂ ਵਿਚ ਹੀ ਹੋਇਆ। ਇਨਾਂ ਕੀਰਤਨ ਕੇਂਦਰਾਂ ਵਿਚ ਹੀ ਰਬਾਬ, ਸਾਰੰਦਾ, ਤਾਊਸ ਵਰਗੇ ਗੁਰਮਤਿ ਸੰਗੀਤ ਵਿਚ ਪ੍ਰਵਾਣਿਤ ਤੰਤੀ ਸਾਜ਼ਾਂ ਦੀ ਧੁਨੀ ਗੂੰਜੀ। ਇਸਦੇ ਨਾਲ ਹੀ ਗੁਰੂ ਸਾਹਿਬ ਨੇ ਇਨ੍ਹਾਂ ਸਾਜ਼ਾਂ ਨੂੰ ਗੁਰਮਤਿ ਸੰਗੀਤ ਦੇ ਅਨੁਕੂਲ ਸਰੂਪ ਵੀ ਬਖਸ਼ੇ। ਇਸ ਲਈ ਗੁਰਮਤਿ ਸੰਗੀਤ ਦੇ ਇਨ੍ਹਾਂ ਕੇਂਦਰਾਂ ਨੂੰ ਸਾਧਾਰਣ ਦ੍ਰਿਸ਼ਟੀ ਤੋਂ ਨਾਂ ਵੇਖਦਿਆਂ ਹੋਇਆਂ ਵਿਸ਼ੇਸ਼ ਤੱਥ ਖੋਜੀ, ਤੱਥ ਆਧਾਰੀ ਵਿਧੀ ਦੁਆਰਾ ਪਹਿਚਾਣਨ ਅਤੇ ਵਿਸ਼ਲੇਸ਼ਿਤ ਕਰਨ ਦੀ ਲੋੜ ਹੈ।

## ਗੁਰਮਤਿ ਸੰਗੀਤ ਦੀ ਘਰਾਣਾ ਪਰੰਪਰਾ

ਭਾਰਤੀ ਸ਼ਾਸਤਰੀ ਸੰਗੀਤ ਵਿਚ ਜਿਵੇਂ ਗਾਇਕਾਂ ਅਤੇ ਸੰਗੀਤਕਾਰਾਂ ਦੇ ਭਿੰਨ-ਭਿੰਨ ਘਰਾਣੇ ਮੌਜੂਦ ਹਨ ਤਿਵੇਂ ਹੀ ਗੁਰਮਤਿ ਸੰਗੀਤ ਵਿਚ ਘਰਾਣੇਦਾਰੀ ਦੀ ਇਕ ਵਡੇਰੀ ਪਰੰਪਰਾ ਰਖਦੀ ਹੈ। ਗੁਰਮਤਿ ਸੰਗੀਤ ਦੇ ਪ੍ਰਥਮ ਸੰਗੀਤਾਚਾਰੀਆ ਰਬਾਬੀ ਭਾਈ ਮਰਦਾਨਾ ਹੋਏ ਹਨ। ਭਾਈ ਮਰਦਾਨਾ ਦੀ ਮਹਾਨ ਸੰਗੀਤਕ ਸਖ਼ਸ਼ੀਅਤ ਸੰਬੰਧੀ ਇਸ ਤੋਂ ਜ਼ਿਆਦਾ ਕੀ ਕਿਹਾ ਜਾ ਸਕਦਾ ਹੈ, ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਪੁਰਖ ਵਰਗੇ ਨੇ ਆਪਣੀ ਇਲਾਹੀ ਬਾਣੀ ਦੇ ਸੰਗੀਤ ਹਿੱਤ ਗਾਇਕ ਅਤੇ ਵਾਦਕ ਵਜੋਂ ਚੁਣਿਆ। ਭਾਈ ਮਰਦਾਨਾ ਜੀ ਨੇ ਦੇਸ਼ ਦੇਸ਼ਾਂਤਰ ਅਤੇ ਵੱਖ-ਵੱਖ ਖਿਤਿਆਂ, ਜਾਤਾਂ, ਇਲਾਕਿਆਂ ਨੂੰ ਆਪਣੀ ਰਬਾਬ ਦੀ ਧੁਨੀ ਦੁਆਰਾ ਮੰਤਰਮੁਗਧ ਕੀਤਾ। ਲੋਕਾਈ ਸੋਧਣ ਲਈ ਗੁਰੂ ਨਾਨਕ ਸਾਹਿਬ ਦੇ ਕੀਤੇ ਯਤਨਾਂ ਵਿਚ ਭਾਈ ਮਰਦਾਨੇ ਦਾ ਵਿਸ਼ੇਸ਼ ਹੱਥ ਸੀ। ਭਾਈ ਮਰਦਾਨੇ ਨੇ ਆਪਣੀ ਸੰਗੀਤਕ ਪ੍ਰਤਿਭਾ ਦੁਆਰਾ ਗੁਰੂ ਨਾਨਕ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਇਆ। ਕਰਤਾਰਪੁਰ ਦੀ ਸਥਾਪਨਾ ਸਮੇਂ ਗੁਰੂ ਨਾਨਕ ਬਾਣੀ ਦਾ ਨਿਤਾਪ੍ਰਤੀ ਗਾਇਨ ਭਾਈ ਮਰਦਾਨਾ ਕਰਿਆ ਕਰਦੇ ਸਨ। ਭਾਰਤੀ ਸੰਗੀਤ ਦੇ ਸੰਦਰਭ ਵਿਚ ਭਾਈ ਮਰਦਾਨਾ ਦੀ ਮਹਾਨ ਸਖ਼ਸ਼ੀਅਤ ਦਾ ਇਕ ਉਲੇਖ ਪ੍ਰਾਪਤ ਹੁੰਦਾ ਹੈ ਜਿਸ ਵਿਚ ਸਮਰਾਟ ਤਾਨਸੇਨ ਦੇ ਗੁਰੂ ਸੁਆਮੀ ਹਰੀਦਾਸ ਨੂੰ ਭਾਈ ਮਰਦਾਨਾ ਦੇ ਸ਼ਾਗਿ-ਰਦ ਦਰਸਾਇਆ ਗਿਆ ਹੈ।[1]

ਭਾਈ ਮਰਦਾਨਾ ਤੋਂ ਬਾਅਦ ਇਨ੍ਹਾਂ ਦੇ ਪੁੱਤਰ ਸ਼ਹਿਜਾਦ ਅਤੇ ਭਾਈ ਸ਼ਹਿਜਾਦ ਤੋਂ ਬਾਅਦ ਭਾਈ ਸੱਤਾ ਅਤੇ ਬਲਵੰਡ ਅਤੇ ਇਸੇ ਖਾਨਦਾਨ ਨਾਲ ਸੰਬੰਧਿਤ ਭਾਈ ਸਾਦੂ,

---

1 ਹਵਾਲਾ, ਸਤਬੀਰ ਸਿੰਘ ( ਪ੍ਰਿੰਸੀਪਲ)
<u>ਪੁਰਾਤਨ ਇਤਿਹਾਸਕ ਜੀਵਨੀਆਂ</u>, ਪੰਨਾ 26

ਬਾਦੂ ਸਮੇਂ-ਸਮੇ ਵੱਖ-ਵੱਖ ਕੀਰਤਨ ਕੇਂਦਰਾਂ ਉਤੇ ਆਪਣੀ ਕਸਬੀ ਨਿਪੁੰਨਤਾ ਨਾਲ ਗੁਰਮਤਿ ਸੰਗੀਤ ਦਾ ਪ੍ਰਚਾਰ ਕਰਦੇ ਰਹੇ। ਇਹ ਪਰੰਪਰਾ ਕਿਸੇ ਵੀ ਤਰ੍ਹਾਂ ਭਾਰਤੀ ਸੰਗੀਤ ਨਾਲੋਂ ਘੱਟ ਨਹੀਂ ਸੀ। ਮੁਗਲ ਦਰਬਾਰ ਵਿਚ ਪਨਪੀ ਸ਼ਾਸਤਰੀ ਸੰਗੀਤ ਪਰੰਪਰਾ ਅਤੇ ਗੁਰੂ ਦਰਬਾਰ ਵਿਚਪਨਪੀ ਗੁਰਮਤਿ ਸੰਗੀਤ ਦੀ ਪਰੰਪਰਾ ਲਗਭਗ ਸਮਾਨ ਰੂਪ ਵਿਚ ਪ੍ਰਚੱਲਿਤ ਰਹੀਆਂ ਹਨ। ਗੁਰੂ ਬਾਬੇ ਦੇ ਸੰਗੀਤਕਾਰ ਹਮੇਸ਼ਾ ਹੀ ਰਾਜ ਘਰਾਣੇ ਦੇ ਸੰਗੀਤਕਾਰਾਂ ਤੋਂ ਉੱਤਮ ਸਮਝਣ ਦੀ ਸੰਤੁਸ਼ਟੀ ਪ੍ਰਾਪਤ ਕਰਦੇ ਰਹੇ। ਮੁਗਲ ਦਰਬਾਰ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੀ ਉਮਰ ਲਗਭਗ ਉਨੀ ਹੀ ਹੈ ਜਿੰਨੀ ਗੁਰੂ ਦਰਬਾਰ ਵਿਚ ਗੁਰਮਤਿ ਸੰਗੀਤ ਦੇ ਆਰੰਭ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਤੱਕ। ਮੁਗਲ ਦਰਬਾਰ ਦੇ ਸੰਗੀਤਕਾਰਾਂ ਨੂੰ'ਬਾਬਰ ਕੇ' ਭਾਵ ਬਾਬਰ ਦਰਬਾਰ ਦੀ ਪਰੰਪਰਾ ਦੇ ਸੰਗੀਤਕਾਰ ਅਤੇ ਬਾਬੇ ਨਾਨਕ ਦੇ ਰਬਾਬੀਆਂ ਨੂੰ 'ਬਾਬੇ ਕੇ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਉਪਰੋਕਤ ਸੰਬੋਧਨਾਂ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਦੇ ਘਰਾਣੇਦਾਰ ਗਾਇਕਾਂ ਦੀ ਭਾਰਤੀ ਸੰਗੀਤ ਦੇ ਘਰਾਣੇਦਾਰ ਗਾਇਕਾਂ ਨਾਲ ਤੁਲਨਾ ਵੀ ਹੋ ਰਹੀ ਸੀ ਅਤੇ ਇਨ੍ਹਾਂ ਨੇ ਇਕ ਵੱਖਰੀ ਪਹਿਚਾਣ ਤੇ ਸਥਾਨ ਪ੍ਰਾਪਤ ਕਰ ਲਿਆ ਸੀ।

## ਕੀਰਤਨ ਪ੍ਰਸਤੁਤੀ ਵਿਚ ਸ਼ਾਸਤਰੀ ਸੰਗੀਤ ਦੇ ਤੱਤ

ਸਿੱਖ ਧਰਮ ਵਿਚ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ। ਇਸ ਕੀਰਤਨ ਨੂੰ ਸ਼ਬਦ ਨਾਲ ਜੋੜਿਆ ਗਿਆਹੈ ਅਤੇ ਸ਼ਬਦ-ਕੀਰਤਨ ਦੀ ਇਸ ਸੰਜੁਗਤ ਪ੍ਰਸਤੁਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ ਇਕ ਨਿਸ਼ਚਿਤ ਪ੍ਰਬੰਧ ਦਾ ਧਾਰਣੀ ਬਣਾਇਆ ਗਿਆ ਹੈ। ਇਹ ਸ਼ਬਦ-ਕੀਰਤਨ ਉਸ ਪ੍ਰਮਾਤਮਾ ਦਾ ਕੇਵਲ ਗੁਣ ਕੀਰਤਨ ਜਾਂਨਾਮ ਰਟਨ ਹੀਨਹੀਂ ਸਗੋਂ ਇਸ ਦੁਆਰਾ ਮਨ ਵਿਚ ਬਾਣੀ ਸਤਿ ਦਾ ਪ੍ਰਕਾਸ਼ ਵੀ ਹੋਣਾ ਹੈ ਤੇ ਬੋਧ ਵੀ। ਇਸ ਤਰ੍ਹਾਂ ਸ਼ਬਦ-ਕੀਰਤਨ'ਮਨਵਸਾਉਣ' ਅਤੇ 'ਆਤਮ ਬੋਧ' ਦੇ ਪ੍ਰਸੰਗ ਵਿਚ ਦੂਸਰੀਆਂ ਸੰਕੀਰਤਨ ਪਰੰਪਰਾਵਾਂ ਅਤੇ ਕੀਰਤਨ ਪੱਧਤੀਆਂ ਨਾਲੋਂ ਅਲੱਗ ਹੋ

ਜਾਂਦਾ ਹੈ। ਇਸ ਵਿਲੱਖਣਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਇਮ ਰੱਖਿਆ ਗਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਤੋਂ ਭਲੀ ਭਾਂਤ ਸਪਸ਼ਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਸਥਾਪਿਤ ਅਤੇ ਸਮੂਹ ਗੁਰੂ ਸਾਹਿਬਾਨ ਦੁਆਰਾ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਪ੍ਰਚਾਰੀ ਗਈ ਇਸ ਪਰੰਪਰਾ ਦੇ ਸਿਧਾਂਤਕ ਪੱਖਾਂ ਨੂੰ ਲਿਖਿਤ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਦਰਸਾਏ ਗਏ ਸਿੱਖ ਧਰਮ ਦੇ ਹਰ ਰਹੁਰੀਤਾਂ ਅਤੇ ਅਚਾਰ ਵਿਹਾਰ ਵਾਂਗ ਇਸ ਦੇ ਕੀਰਤਨ ਦੀ ਵੀ ਨਿਸ਼ਚਿਤ ਅਤੇ ਵਿਸ਼ੇਸ਼ ਪਰੰਪਰਾ ਹੈ। ਇਸੇ ਕਰਕੇ ਅਸੀਂ ਇਸਨੂੰ 'ਗੁਰਮਤਿ ਸੰਗੀਤ' ਆਖਦੇ ਹਾਂ। ਗੁਰਮਤਿ ਭਾਵੇਂ ਸਿੱਧੇ ਤੌਰ 'ਤੇ ਸਿੱਖ ਧਰਮ ਦਰਸ਼ਨ ਨਾਲ ਸੰਬੰਧਿਤ ਹੈ ਪਰੰਤੂ ਜੇਕਰ ਵੱਖ-ਵੱਖ ਸਿੱਖ ਧਰਮ ਦਰਸ਼ਨ ਦੇ ਵਿਆਖਿਆਕਾਰਾਂ ਦੇ ਵਿਚਾਰਾਂ ਨੂੰ ਵਾਚੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਸਤਿਗੁਰੂ ਦੁਆਰਾ ਦਿਤਾ ਗਿਆ ਸਿਧਾਂਤ[1] ਸਤਿਗੁਰੂ ਦੁਆਰਾ ਸਿੱਧ ਕੀਤਾ ਗਿਆ ਸਿਧਾਂਤ[2] ਜਾਂ ਉਹ ਮਾਰਗ ਜਾਂ ਧਾਰਣਾ ਅਤੇ ਰਹੁ ਰੀਤ ਹੈ ਜੋ ਦਸਾਂ ਗੁਰੂ ਸਾਹਿਬਾਨਾਂ ਦੁਆਰਾ ਦਰਸਾਏ ਗਏ ਗਿਆਨ ਉਪਦੇਸ਼ ਉਤੇ ਕਾਇਮ ਹੋਈ ਹੈ।[3] ਇਸ ਤਰ੍ਹਾਂ ਗੁਰੂ ਸਾਹਿਬ ਦੁਆਰਾ ਦਰਸਾਇਆ ਗਿਆ ਸੰਗੀਤ ਸਿਧਾਂਤ, ਰਹੁ ਰੀਤ ਭਾਵ ਇਸਦਾ ਸਿਧਾਂਤਕ ਅਤੇ ਵਿਵਹਾਰਕ ਸਮੁੱਚ 'ਗੁਰਮਤਿ ਸੰਗੀਤ' ਹੈ।

ਗੁਰਮਤਿ ਸੰਗੀਤ ਪ੍ਰਬੰਧ ਦਾ ਮੂਲ ਅਤੇ ਕੇਂਦਰੀ ਨੁਕਤਾ ਸਹਿਜ ਹੈ। ਇਹ ਸਹਿਜ ਸਮੁੱਚੀ ਗਾਇਨ ਪ੍ਰਸਤੁਤੀ ਦਾ ਬੁਨਿਆਦੀ ਲੱਛਣ ਹੈ। ਬਾਣੀ ਦਾ ਕਥਨ ਹੈ:

- ਇਕਿ ਗਾਵਤ ਰਹੈ ਮਨਿ ਸਾਦੁ ਨ ਪਾਇ ।।
  ਹਉਮੈ ਵਿਚਿ ਗਾਵਹਿ ਬਿਰਥਾ ਜਾਇ ।।[4]

---

1- ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 418

2- ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ (ਭਾਗ ਪਹਿਲਾ), ਪੰਨਾ 395

3- ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 289

4- ਗਉੜੀ ਗੁਆਰੇਰੀ ਮਹਲਾ 3 , ਆਦਿ ਗ੍ਰੰਥ, ਪੰਨਾ 158

" ਆਪਿ ਗਾਵਾਏ ਸੁ ਹਰਿ-ਗੁਨ ਗਾਉ ।।[1]

- ਗੁਰਮਤਿ ਬਾਜੈ ਸਬਦੁ ਅਨਾਹਦੁ
  ਗੁਰਮਤਿ ਮਨੂਆ ਗਾਵੈ ।।[2]

- ਸਹਜੇ ਗਾਵਿਆ ਥਾਇ ਪਵੈ
  ਬਿਨੁ ਸਹਜੈ ਕਥਨੀ ਬਾਦਿ ।।[3]

ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਗਾਇਨ ਪ੍ਰਸਤੁਤੀ ਵਿਚ ਕਲਾ ਦੇ ਆਡੰਬਰ ਆਕਰਸ਼ਣ ਅਤੇ ਪ੍ਰਲੋਭਨ ਦਾ ਤਿਆਗ ਬੁਨਿਆਦੀ ਤੌਰ 'ਤੇ ਮਹੱਤਵਪੂਰਨ ਹੈ। ਗੁਰਮਤਿ ਸੰਗੀਤ ਦੀ ਕਿਸੇ ਵੀ ਸ਼ਬਦ-ਕੀਰਤਨ ਪ੍ਰਸਤੁਤੀ ਵਿਚ ਜਦੋਂ- ਜਦੋਂ ਸ਼ਬਦ ਦੀ ਬਜਾਏ ਰਾਗ/ਗਾਇਨ ਦਾ ਕਲਾਤਮਕ ਪੱਖ ਪ੍ਰਧਾਨ ਭਾਵੀ ਹੋਵੇਗਾ ਤਦੋਂ ਹੀ ਗੁਰਮਤਿ ਸੰਗੀਤ ਦੀ ਇਹ ਪ੍ਰਸਤੁਤੀ ਆਪਣੇ ਲਕਸ਼ ਨਾਲੋਂ ਵਿਛੜ ਜਾਵੇਗੀ।

ਭਾਰਤੀ ਸੰਗੀਤ ਵਿਚ ਮੰਚਪ੍ਰਸਤੁਤੀ ਹੁੰਦੀ ਹੈ ਉਸੇ ਤਰ੍ਹਾਂ ਗੁਰਮਤਿ ਸੰਗੀਤ ਵਿਚ ਇਸ ਪਰੰਪਰਾ ਨੂੰ ਵਿਵਹਾਰਕ ਤੌਰ 'ਤੇ ਸਜੀਵ ਰੱਖਣ ਲਈ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾਇਆ ਗਿਆ ਅਤੇ ਇਸ ਕੀਰਤਨ ਪ੍ਰਸਤੁਤੀ ਨੂੰ 'ਕੀਰਤਨ ਚੌਕੀ' ਦਾ ਨਾਮ ਦਿੱਤਾ ਗਿਆ ਹੈ। ਗੁਰਮਤਿ ਸੰਗੀਤ ਦੁਆਰਾ ਸੰਗੀਤ ਪ੍ਰਸਤੁਤੀ ਦਾ ਉਦੇਸ਼ ਕਲਾਤਮਕ ਆਨੰਦ ਦੀ ਪ੍ਰਾਪਤੀ ਕਰਨਾ ਨਹੀਂ ਸਗੋਂ ਬਾਣੀ ਦੁਆਰਾ ਅਧਿਆਤਮਕ ਆਨੰਦ ਤੇ ਅਧਿਆਤਮਕ ਬੋਧ ਦੀ ਪ੍ਰਾਪਤੀ ਕਰਾਉਣਾ ਹੈ। ਗੁਰਮਤਿ ਸੰਗੀਤ ਵਿਚ ਭਿੰਨ-ਭਿੰਨ

---

1- ਗਉੜੀ ਸੁਖਮਨੀ ਮਹਲਾ ੫ ਅਸਟਪਦੀ, ਆਦਿ ਗ੍ਰੰਥ ਪੰਨਾ 270

2- ਗਉੜੀ ਪੂਰਬੀ ਮਹਲਾ ੫, - ਉਹੀ - ਪੰਨਾ 172

3- ਸਿਰੀ ਰਾਗ ਮਹਲਾ, ੩ -ਉਹੀ - ਪੰਨਾ 68

ਕੀਰਤਨ ਸ਼ੈਲੀਆਂ ਅਤੇ ਰੂਪਾਂ ਦੁਆਰਾ ਬਾਣੀ ਦਾ ਗਾਇਨ ਪ੍ਰਸਤੁਤ ਕੀਤਾ ਜਾਂਦਾ ਹੈ ਜੋ ਗੁਰਮਤਿ ਅਨੁਸਾਰ ਜੀਵਨ ਜਾਚ ਸਿਖਾਉਂਦਾ ਹੈ। ਇਸ ਕੀਰਤਨ ਪ੍ਰਸਤੁਤੀ ਵਿਚ ਵਿਆਪਕ ਸਭਿਆਚਾਰ ਦਾ ਅਧਿਆਤਮਕ ਸਭਿਆਚਾਰਕ ਬਦਲ ਦੇ ਤੌਰ 'ਤੇ ਰੂਪਾਂਤਰਣ ਕੀਤਾ ਜਾਂਦਾ ਹੈ। ਗੁਰੂ ਸਾਹਿਬ ਨੇ ਕੀਰਤਨ ਚੌਕੀਆਂ ਦੀ ਵਿਸ਼ਾਲ ਪਰੰਪਰਾ ਸਥਾਪਿਤ ਕੀਤੀ ਹੈ।

<u>ਵਿਭਿੰਨ ਜੀਵਨ-ਰਸਮਾਂ ਤੇ ਮੌਸਮਾਂ ਨਾਲ ਸੰਬੰਧਿਤ ਕੀਰਤਨ ਚੌਕੀਆਂ</u>

ਸਿੱਖ ਧਰਮ ਵਿਚ ਸਮਾਜਿਕ ਜੀਵਨ-ਰਸਮਾਂ ਅਤੇ ਮੌਸਮਾਂ ਨਾਲ ਵੀ ਸੰਬੰਧਿਤ ਕੀਰਤਨ ਚੌਕੀਆਂ ਹਨ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

<u>ਸਮਾਜਿਕ ਜੀਵਨ-ਰਸਮਾਂ ਨਾਲ ਸੰਬੰਧਿਤ ਕੀਰਤਨ ਚੌਕੀਆਂ</u>: ਸਮਾਜਿਕ ਜੀਵਨ ਨਾਲ ਸੰਬੰਧਿਤ ਰਸਮਾਂ ਰਿਵਾਜਾਂ ਵਿਚ ਵੀ ਗੁਰਮਤਿ ਸੰਗੀਤ ਦੀ ਵਿਸ਼ੇਸ਼ ਪਰੰਪਰਾ ਹੈ। ਬੱਚੇ ਦੇ ਜਨਮ ਸਮੇਂ ਪ੍ਰਮਾਤਮਾ ਵਲੋਂ ਦਿੱਤੀ ਗਈ ਦਾਤ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਅਵਸਰ 'ਤੇ ਸ਼ੁਕਰਾਨੇ ਦੇ ਸ਼ਬਦਾਂ ਤੋਂ ਇਲਾਵਾ ਜਨਮ ਨਾਲ ਸੰਬੰਧਿਤ ਸ਼ਬਦਾਂ ਦਾ ਵੀ ਸਮੇਂ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਗਾਇਨ ਕਰਨ ਦੀ ਪਰੰਪਰਾ ਹੈ । ਉਦਾਹਰਣ ਦੇ ਤੌਰ ਤੇ:

- ਪੂਤਾ ਮਾਤਾ ਕੀ ਆਸੀਸ ।।[1]
- ਗੁਝੀ ਛੰਨੀ ਨਾਹੀ ਬਾਤ ।।
  ਗੁਰੁ ਨਾਨਕੁ ਤੁਠਾ ਕੀਨੀ ਦਾਤ ।।[2]

---

1. ਗੁਜਰੀ ਮਹਲਾ ੫, <u>ਆਦਿ ਗ੍ਰੰਥ</u>, ਪੰਨਾ 496
2. ਆਸਾ ਮਹਲਾ ੫, <u>ਆਦਿ ਗ੍ਰੰਥ</u>, ਪੰਨਾ 396

ਇਸੇ ਤਰ੍ਹਾਂ ਲੜਕੇ ਲੜਕੀ ਨੂੰ ਵਿਆਹੁਣ ਹਿੱਤ ਕੁੜਮਾਈ ਦੀ ਰਸਮ ਸਮੇਂ ਰਾਗੀ ਸਿੰਘ ਰਾਗ ਸੂਹੀ ਵਿਚ ਸ਼ਬਦ

ਸਤੁ ਸੰਤੋਖੁ ਕਰ ਭਾਉ

ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ।।[1]

ਗਾਇਨ ਕਰਦੇ ਹਨ। ਜਦੋਂ ਲੜਕੇ ਵਾਲੇ ਲੜਕੇ ਨੂੰ ਵਿਆਹੁਣ ਲਈ ਲੜਕੀ ਦੇ ਘਰ ਜਾਂਦੇ ਹਨ ਤਾਂ ਮਿਲਣੀ ਸਮੇਂ ਲੜਕੀ ਵਾਲੇ ਬਿਨਾ ਸਾਜ਼ਾਂ ਤੋਂ

ਹਮਿ ਘਰਿ ਸਾਜਨ ਆਏ

ਸਾਚੈ ਮੇਲਿ ਮਿਲਾਏ ।।[2]

ਸ਼ਬਦ ਗਾਇਨ ਕਰਦੇ ਹਨ। ਵਿਆਹ ਤੋਂ ਪੂਰਵ ਸ਼ਗਨ ਸਮੇਂ ਲੋਕ ਸੰਗੀਤ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਘੋੜੀਆਂ ਵੀ ਗਾਈਆਂ ਜਾਂਦੀਆਂ ਹਨ । ਵਿਆਹ ਸਮੇਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰਮਾਤਮਾਂ ਪਾਸੋਂ ਆਸ਼ੀਰਵਾਦ, ਅਰਜੋਈ ਵਜੋਂ ਰਾਗੀ ਸਿੰਘ

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ।।

ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।[3]

ਸ਼ਬਦ ਗਾਇਨ ਕਰਨ ਤੋਂ ਇਲਾਵਾ

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ

ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ।।[4]

---

1- ਸੂਹੀ ਮਹਲਾ ੪, ਆਦਿ ਗ੍ਰੰਥ, ਪੰਨਾ 773

2- ਸੂਹੀ ਮਹਲਾ ੧, - ਉਹੀ - ਪੰਨਾ 764

3- ਸਲੋਕ ਮਹਲਾ ੧, ਆਦਿ ਗ੍ਰੰਥ, ਪੰਨਾ 91

4- ਆਸਾ ਕਬੀਰ ਜੀਉ, ਆਦਿ ਗ੍ਰੰਥ, ਪੰਨਾ 482

—ਸੰਤਾਂ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ।।[1]

ਲੜਕੀ ਦਾ ਪਿਤਾ ਲੜਕੀ ਨੂੰ ਪੱਲਾ ਪਕੜਾਉਂਦਾ ਹੈ ਤਾਂ ਉਸ ਸਮੇਂ

ਹਭੇ ਸਾਰ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ ।।[2]

ਸ਼ਬਦ ਦਾ ਉਚਾਰਨ ਕੀਤਾ ਜਾਂਦਾ ਹੈ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਰਾਮਦਾਸ ਜੀ ਦੇ ਛੰਤਾਂ ਦਾ ਰਾਗ ਸੂਹੀ ਵਿਚ ਗਾਇਨ ਕੀਤਾ ਜਾਂਦਾ ਹੈ। ਇਹ ਛੰਤ ਲਾਵਾਂ ਦੇ ਨਾਮ ਤੇ ਪ੍ਰਸਿੱਧ ਹਨ। ਛੰਤਾਂ ਦੇ ਗਾਇਨ ਦਾ ਟਕਸਾਲੀ ਢੰਗ ਜੋ ਕਿਰਿਆਤਮਕ ਤੌਰ 'ਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਪਰੰਪਰਾਗਤ ਤੌਰ 'ਤੇ ਵਿਦਮਾਨ ਹੈ। ਇਨ੍ਹਾਂ ਛੰਤਾਂ ਦੇ ਗਾਇਨ ਅਤੇ ਵਿਆਹੰਦੜ ਜੋੜੀ ਦੇ ਪਰਕਰਮਾ ਲੈਣ ਤੇ ਇਹ ਰਸਮ ਪੂਰਨ ਹੁੰਦੀ ਹੈ। ਇਸ ਤੋਂ ਬਾਅਦ

"ਵੀਆਹੁ ਹੋਆ ਮੇਰੇ ਬਾਬੋਲਾ,
ਗੁਰਮੁਖੇ ਹਰਿ ਪਾਇਆ।।[3]

ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਉਪਰੰਤ ਅਨੰਦ ਸਾਹਿਬ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਅਰਦਾਸ ਕਰਕੇ ਸਮਾਪਤੀ ਕੀਤੀ ਜਾਂਦੀ ਹੈ।

ਉਪਰੋਕਤ ਸਮਾਜਿਕ ਰਸਮਾਂ ਤੋਂ ਇਲਾਵਾ ਜਦੋਂ ਮਨੁੱਖ ਇਸ ਸੰਸਾਰਿਕ ਯਾਤਰਾ ਨੂੰ ਪਾਰ ਕਰਕੇ ਜਾਦਾ ਹੈ ਤਾਂ ਉਸ ਸਮੇਂ ਵੀ ਗੁਰਮਤਿ ਸੰਗੀਤ ਦੀ ਵਿਸ਼ੇਸ਼ ਪ੍ਰਥਾ ਹੈ। ਪ੍ਰਾਣੀ ਦੇ ਚਲਾਣੇ ਪਰ ਜਦ ਤਕ ਦੇਹ ਹੈ ਮਾਰੂ ਦੇ ਸ਼ਬਦ, ਮਾਰੂ ਦੀ ਵਾਰ

---

1- ਸੂਹੀ ਮਹਲਾ ੫, ਆਦਿ ਗ੍ਰੰਥ, ਪੰਨਾ 783
2- ਸਲੋਕ ਮਹਲਾ ੫, - ਉਹੀ - ,ਪੰਨਾ 963
3- ਸਿਰੀ ਰਾਗੁ ਮਹਲਾ ੪ ,ਆਦਿ ਗ੍ਰੰਥ, ਪੰਨਾ 78

ਗਾਈ ਜਾਂਦੀ ਹੈ ਅਤੇ ਦੇਹ ਨੂੰ ਦਾਹ ਦੇਣ ਮਗਰੋਂ ਵਡਹੰਸ ਰਾਗ ਦੀਆਂ ਖ਼ਾਸ ਕਰਕੇ ਅਲਾਹੁਣੀਆ ਗਾਇਨ ਕਰਨ ਦੀ ਪਰੰਪਰਾ ਹੈ।[1] ਫਿਰ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਣ ਤੋਂ ਬਾਅਦ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਂਦਾ ਹੈ ਜਿਵੇਂ:

- ਰੇ ਮਨ ਐਸੀ ਕਰਹਿ ਇਆਨਥ ।।
  ਤਜਿ ਸਾਰੰਗਧਰ ਭ੍ਰਮਿ ਤੂ ਭੂਲਾ
  ਮੋਹਿ ਲਪਟਿਓ ਦਾਸੀ ਸੰਗ ਸਨਾਥ ।।[2]
- ਮੇਰੇ ਮਨ ਨਾਮੁ ਹਿਰਦੈ ਧਾਰਿ ।।
  ਕਰਿ ਪ੍ਰੀਤਿ ਮਨੁ ਤਨੁ ਲਾਇ,
  ਹਰਿ ਸਿਉ ਅਵਰ ਸਗਲ ਵਿਸਾਰਿ ।।[3]
- ਰੇ ਮਨ ਵਤ੍ਰ ਬੀਜਣ ਨਾਉ ।।
  ਬੋਇ ਖੇਤੀ ਲਾਇ ਮਨੂਆ
  ਭਲੋ ਸਮਉ ਸੁਆਉ ।।[4]
- ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।
  ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ।।[5]

---

1. ਭਾਈ ਵੀਰ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਪੰਨਾ 31
2. ਮਾਰੂ ਮਹਲਾ ਪ, ਆਦਿ ਗ੍ਰੰਥ, ਪੰਨਾ 1007
3. ਮਾਰੂ ਮਹਲਾ ਪ, ਆਦਿ ਗ੍ਰੰਥ, ਪੰਨਾ 1007
4. ਮਾਰੂ ਮਹਲਾ ਪ, ਆਦਿ ਗ੍ਰੰਥ, ਪੰਨਾ 1002
5. ਸਲੋਕ ਮਹਾਲਾ ੯, ਆਦਿ ਗ੍ਰੰਥ, ਪੰਨਾ 1428

ਇਨ੍ਹਾਂ ਸ਼ਬਦਾਂ ਦਾ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਵਿਚ ਸੰਸਾਰ ਦੀ ਨਾਸ਼ਮਾਨਤਾ, ਅਮੁੱਲਾ ਮਨੁੱਖੀ ਜੀਵਨ ਵਿਚ ਚੰਗੇ ਕਰਮ ਕਰਨ ਆਦਿ ਵਿਸ਼ਿਆਂ ਤੋਂ ਇਲਾਵਾ ਸੰਸਾਰਿਕ ਕਾਰ ਵਿਹਾਰ ਕਰਦੇ ਹੋਏ ਮਾਇਆ ਵਲੋਂ ਉਪਰਾਮ ਹੋ ਕੇ ਪ੍ਰਮਾਤਮਾ ਨੂੰ ਯਾਦ ਕਰਨ ਦਾ ਸੰਦੇਸ਼ ਹੈ।

(ਅ) <u>ਗੁਰਦੁਆਰਾ ਸਾਹਿਬਾਨ ਵਿਚ ਪ੍ਰਚੱਲਿਤ ਕੀਰਤਨ ਚੌਕੀਆਂ</u>

ਸਿੱਖੀ ਕੇਂਦਰ ਗੁਰਦੁਆਰਾ ਸਾਹਿਬਾਨ ਵਿਚ ਕੀਰਤਨ ਨਿਤਾਪ੍ਰਤੀ ਪਰੰਪਰਾ ਰੂਪ ਵਿਚ ਵਿਦਮਾਨ ਹੈ ਜਿਸ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ ਅਤੇ ਸ਼ਾਮ ਸਮੇਂ ਸੋਦਰੁ ਅਤੇ ਆਰਤੀ ਦੀ ਚੌਕੀ ਦੇ ਗਾਇਨ ਦਾ ਆਦੇਸ਼ ਹੈ।

(1) ਆਸਾ ਦੀ ਵਾਰ ਦੀ ਚੌਕੀ : ਆਸਾ ਦੀ ਵਾਰ ਦੀ ਚੌਕੀ ਸਮੇਂ 'ਆਸਾ ਦੀ ਵਾਰ' ਦਾ ਗਾਇਨ ਕੀਤਾ ਜਾਂਦਾ ਹੈ। ਇਸਦਾ ਗਾਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਕੇਤ ਅਨੁਸਾਰ ਆਸਾ ਰਾਗ ਵਿਚ ਟੁੰਡੇ ਅਸਰਾਜੈ ਦੀ ਧੁਨੀ 'ਤੇ ਆਧਾਰਿਤ ਹੁੰਦਾ ਹੈ। ਇਸ ਵਿਚ ਸਲੋਕ ਅਤੇ ਪਉੜੀਆਂ ਤੋਂ ਇਲਾਵਾ ਸ੍ਰੀ ਗੁਰੂ ਰਾਮਦਾਸ ਜੀ ਦੇ ਛੰਤਾਂ ਦਾ ਵੀ ਗਾਇਨ ਕੀਤਾ ਜਾਂਦਾ ਹੈ। ਆਸਾ ਦੀ ਵਾਰ ਵਿਚ ਪਹਿਲਾਂ ਛੰਤ ਜੋ ਏਕ ਤਾਲ ਵਿਚ ਨਿਬੱਧ ਹੁੰਦਾ ਹੈ, ਗਾਇਨ ਕਰਨ ਤੋਂ ਬਾਅਦ ਸਹਾਇਕ ਰਾਗੀ ਆਸਾ ਰਾਗ ਵਿਚ ਹੀ ਤਾਲ ਤੋਂ ਸੁਤੰਤਰ ਹੋ ਕੇ ਸਲੋਕ ਗਾਇਨ ਕਰਦਾ ਹੈ। ਸਲੋਕ ਦੇ ਗਾਇਨ ਵਿਚ ਰਾਗੀ ਸਾਹਿਬ ਜਿਥੇ ਬਾਣੀ ਦਾ ਬੋਧ ਕਰਵਾਉਂਦੇ ਹਨ ਉਥੇ ਨਾਲ-ਨਾਲ ਰਾਗ ਦਾ ਸਰੂਪ ਵੀ ਸਪਸ਼ਟ ਕਰੀ ਜਾਂਦੇ ਹਨ। ਫਿਰ ਅੰਤ ਤੇ ਤਿੰਨੇ ਰਾਗੀ ਮਿਲ ਕੇ ਪਉੜੀ ਦਾ ਪਉੜੀ ਤਾਲ ਵਿਚ ਗਾਇਨ ਕਰਦੇ ਹਨ। ਇਸ ਪਉੜੀ ਦਾ ਗਾਇਨ ਢੰਗ ਵੀ ਪਰੰਪਰਾਗਤ ਰੂਪ ਵਿਚ ਪ੍ਰਚਲਨ ਹੈ।

(11) ਸੋਦਰੁ ਦੀ ਚੌਂਕੀ: ਚੌਥੇ ਪਹਿਰ ਦੀ ਸੋਦਰੁ ਦੀ ਚੌਂਕੀ ਵਿਚ ਸ਼ਾਮ ਦੇ ਰਾਗਾਂ ਵਿਚ ਵੰਦਨਾ ਕਰਨ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਹੋਰ ਸ਼ਬਦਾਂ ਦੇ ਗਾਇਨ ਕਰਨ ਉਪਰੰਤ ਸੋਦਰੁ ਦਾ ਪਉੜੀ ਸ਼ੈਲੀ( Style ) ਦੀਤਰ੍ਹਾਂ ਪਉੜੀ ਤਾਲ (ਗੇ, ਤਿਟ, ਤਾ, ਗੇਤਾ) ਵਿਚ ਗਾਇਨ ਕਰਨ ਦੀ ਪਰੰਪਰਾ ਹੈ। ਸਿੱਖ ਧਰਮ ਵਿਚ ਰੋਜ਼ਾਨਾ ਨਿਤਨੇਮ ਦੀਆਂ ਬਾਣੀਆਂ ਵਿਚੋਂ ਸ਼ਾਮ ਸਮੇਂ ਦੀ ਰਹਿਰਾਸ ਸਾਹਿਬ ਦੇ ਪਾਠ ਦੀ ਸ਼ੁਰੂਆਤ ਵੀ ਸੋਦਰੁ ਦੇ ਗਾਇਨ ਕਰਨ ਤੋਂ ਹੁੰਦੀ ਹੈ। ਸੋਦਰੁ ਦੇ ਗਾਇਨ ਕਰਨ ਤੋਂ ਬਾਅਦ ਰਹਿਰਾਸ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਫਿਰ ਅਰਦਾਸ ਕਰਨ ਤੇ ਇਸ ਚੌਂਕੀ ਦੀ ਸਮਾਪਤੀ ਹੁੰਦੀ ਹੈ।

(11) ਆਰਤੀ ਦੀ ਚੌਂਕੀ: ਭਾਰਤੀ ਲੋਕ ਧਰਮਾਂ ਵਿਚ ਥਾਲ ਵਿਚ ਧੂਪ, ਦੀਪ ਆਦਿ ਵਸਤਾਂ ਰੱਖ ਕੇ ਦੇਵੀ-ਦੇਵਤਿਆਂ ਦੀ ਆਰਤੀ ਉਤਾਰੀ ਜਾਂਦੀ ਹੈ ਪਰ ਗੁਰਮਤਿ ਸੰਗੀਤ ਵਿਚ ਬਾਕੀ ਧਰਮਾਂ ਨਾਲੋਂ ਆਰਤੀ ਭਿੰਨ ਹੈ। ਇਸ ਅਧੀਨ ਬ੍ਰਹਿਮੰਡ ਵਿਚ ਪ੍ਰਮਾਤਮਾ ਵਲੋਂ ਹੋ ਰਹੀ ਆਰਤੀ ਦਾ ਵਰਣਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਭਗਤ ਰਵਿਦਾਸ, ਭਗਤ ਧੰਨਾ ਅਤੇ ਭਗਤ ਕਬੀਰ ਜੀ ਦੀ ਰਚਿਤ ਆਰਤੀ ਅੰਕਿਤ ਹੈ। ਗੁਰਮਤਿ ਸੰਗੀਤ ਵਿਚ ਆਰਤੀ ਦੀ ਚੌਂਕੀ ਸਮੇਂ ਆਰਤੀ ਦੇ ਸ਼ਬਦਾਂ ਦਾ ਗਾਇਨ ਕਰਨ ਦਾ ਆਦੇਸ਼ ਹੈ।

## (ੲ)ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਪ੍ਰਚੱਲਿਤ ਕੀਰਤਨ ਚੌਂਕੀਆਂ

ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਸ਼ੇਸ਼ ਕਰਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅੱਠੇ ਪਹਿਰ ਕੀਰਤਨ ਚੌਂਕੀ ਦੁਆਰਾ ਸ਼ਬਦ ਦੀ ਧੁਨੀ ਗੁੰਜਾਰਿਤ ਰਹਿੰਦੀ ਹੈ। ਇਹ ਕੀਰਤਨ ਚੌਂਕੀਆਂ ਆਸਾ ਦੀ ਵਾਰ ਦੀ ਚੌਂਕੀ, ਆਨੰਦ ਦੀ ਚੌਂਕੀ, ਚਰਨ ਕੰਵਲ ਦੀ ਚੌਂਕੀ, ਸੋਦਰੁ ਦੀ ਚੌਂਕੀ, ਕੀਰਤਨ ਸੋਹਿਲੇ ਦੀ ਚੌਂਕੀ ਹਨ। ਇਨਾਂ ਚੌਂਕੀਆਂ ਵਿਚ ਸ਼ਾਸਤਰੀ ਸੰਗੀਤ ਦੇ ਭਿੰਨ-ਭਿੰਨ ਤੱਤਾਂ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਹੈ:

ਇਨ੍ਹਾਂ ਚੌਕੀਆਂ ਵਿਚ ਕੀਰਤਨ ਦੀ ਪ੍ਰਸਤੁਤੀ ਲਈ ਸਭ ਤੋਂ ਪਹਿਲਾਂ ਸੰਗੀਤ-ਮਈ ਮਾਹੌਲ ਪੈਦਾ ਕਰਨ ਲਈ ਸਾਜਿੰਦਾ ਵਲੋਂ ਸ਼ਾਨ ਜਾਂ ਲਹਿਰਾ ਵਜਾਇਆ ਜਾਂਦਾ ਹੈ ਜੋ ਭਾਰਤੀ ਸੰਗੀਤ ਵਿਚ 'ਨਗਮਾ' ਦੇ ਨਾਮ ਤੋਂ ਪ੍ਰਸਿੱਧ ਹੈ। ਇਸ ਤੋਂ ਉਪਰੰਤ ਬੰਦਨਾ ਜਾਂ ਮੰਗਲਾਚਰਨ ਦੇ ਤੌਰ 'ਤੇ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ :

- ਡੰਡਉਤਿ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ ।।
  ਡੋਲਨ ਤੇ ਰਾਖਹੁ ਪ੍ਰਭੂ, ਨਾਨਕ ਦੇ ਕਰਿ ਹਥ ।।੧ ।। ੨੯ ।।[1]
- ਫਿਰਤ ਫਿਰਤ ਪ੍ਰਭ ਆਇਆ, ਪਰਿਆ ਤਉ ਸਰਨਾਇ ।।
  ਨਾਨਕ ਕੀ ਪ੍ਰਭ ਬੇਨਤੀ, ਅਪਨੀ ਭਗਤੀ ਲਾਇ ।।[2]

ਇਨ੍ਹਾਂ ਸ਼ਬਦਾਂ ਦਾ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ ਵਿਲੰਬਿਤ ਖ਼ਿਆਲ ਜਾ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ। ਖ਼ਿਆਲ ਅੰਗ ਤੋਂ ਸ਼ਬਦ ਦਾ ਗਾਇਨ ਏਕ ਤਾਲ, ਤੀਨ ਤਾਲ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਬਾਣੀ ਪ੍ਰਧਾਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਵਿਲੰਬਿਤ ਖ਼ਿਆਲ ਦੀ ਤਰ੍ਹਾਂ ਵਿਸਤਾਰ ਨਹੀਂ ਕੀਤਾ ਜਾਂਦਾ। ਇਸ ਸ਼ਬਦ ਦਾ ਗਾਇਨ ਚਾਰ ਤਾਲ, ਸੂਲਫ਼ਾਖਤਾ ਵਿਚ ਵੀ ਕੀਤਾ ਜਾਂਦਾ ਹੈ ਜੋ ਧਰੁਪਦ ਅੰਗ 'ਤੇ ਆਧਾਰਿਤ ਹੈ। ਬੰਦਨਾ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਹੋਰ ਸ਼ਬਦਾਂ ਦਾ ਗਾਇਨ ਮੱਧ ਲੈਅ ਵਿਚ ਦਰੁੱਤ ਖ਼ਿਆਲ ਦੀ ਤਰ੍ਹਾਂ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਭਿੰਨ-ਭਿੰਨ

---

1- ਗਉੜੀ ਬਾਵਨ ਅਖਰੀ ਮਹਲਾ ੫ ਸਲੋਕੁ, ਆਦਿ ਗ੍ਰੰਥ, ਪੰਨਾ 256

2- ਗਉੜੀ ਸੁਖਮਨੀ ਮਹਲਾ ੫ ਸਲੋਕੁ, ਆਦਿ ਗ੍ਰੰਥ, ਪੰਨਾ 289

ਲੈਅਕਾਰੀਆਂ, ਬੋਲ ਆਲਾਪ, ਬੋਲ ਤਾਨਾਂ ਲੈ ਕੇ ਬਾਣੀ ਦੇ ਭਾਵ ਨੂੰ ਉਜਾਗਰ ਕੀਤਾ ਜਾਂਦਾ ਹੈ। ਦਰੁੱਤ ਖਿਆਲ ਤੋਂ ਇਲਾਵਾ ਪ੍ਰਬੰਧ, ਧਰੁਪਦ, ਪੜਤਾਲ ਆਦਿ ਸ਼ੈਲੀਆਂ ਦੀ ਵੀ ਵਿਭਿੰਨ ਤਾਲਾਂ ਵਿਚ ਪ੍ਰਸਤੁਤੀ ਕਰਨ ਉਪਰੰਤ ਅਰਧ ਸ਼ਾਸਤਰੀ ਸੰਗੀਤ ਵਿਚ ਪ੍ਰਚੱਲਿਤ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ। ਇਸ ਪਉੜੀ ਦਾ ਚੌਕੀ ਨਾਲ ਸੰਬੰਧਿਤ ਸਮੇਂ ਦੇ ਰਾਗ ਵਿਚ ਗਾਇਨ ਕਰਨ ਦੀ ਪਰੰਪਰਾ ਹੈ। ਪਉੜੀ ਲਈ ਵਿਸ਼ੇਸ਼ ਪ੍ਰਕਾਰ ਦਾ ਤਾਲ ਜਿਸ ਦੇ ਬੋਲ ਗੇ, ਤਿਟ, ਤਾ, ਗੇਤਾ ਹਨ, ਦਾ ਪ੍ਰਯੋਗ ਕੀਤਾ ਜਾਂਦਾ ਹੈ।

(ਸ) <u>ਵਿਭਿੰਨ ਮੌਸਮਾਂ ਨਾਲ ਸੰਬੰਧਿਤ ਕੀਰਤਨ ਚੌਕੀਆਂ</u>: ਗੁਰਮਤਿ ਸੰਗੀਤ ਪਰੰਪਰਾ ਵਿਚ ਮੌਸਮ ਦਾ ਵੀ ਵਿਸ਼ੇਸ਼ ਮਹੱਤਵ ਹੈ। ਉਦਾਹਰਣ ਦੇ ਤੌਰ 'ਤੇ ਬਸੰਤ ਰੁੱਤ ਵਿਚ ਹਰ ਕੀਰਤਨ ਚੌਕੀ ਵਿਚ ਬਸੰਤ ਰਾਗ ਵਿਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ। ਬਸੰਤ ਰਾਗ ਦੇ ਗਾਉਣ ਦੀ ਇਹ ਪ੍ਰਕ੍ਰਿਆ ਮਾਘ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ (ਬਸੰਤ ਰੁੱਤ) ਤੋਂ ਲੈ ਕੇ ਹੋਲੀ ਤਕ ਜਾਰੀ ਰਹਿੰਦੀ ਹੈ। ਬਸੰਤ ਰਾਗ ਤੋਂ ਇਲਾਵਾ ਸਾਵਣ ਮਹੀਨੇ ਵਿਚ ਮਲ੍ਹਾਰ ਰਾਗ ਦਾ ਹਰ ਖੁਸ਼ੀ, ਗਮੀ ਦੇ ਮੌਕੇ'ਤੇ ਸ਼ਬਦ ਅਤੇ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਪਰੰਪਰਾ ਸਾਨੂੰ ਸਿਧਾਂਤਕ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਿਤ ਬਾਣੀ ਪ੍ਰਬੰਧ ਤੋਂ ਪ੍ਰਾਪਤ ਹੁੰਦੀ ਹੈ। ਇਸਦੇ ਨਾਲ ਹੀ ਗੁਰੂ ਇਤਿਹਾਸ ਦੇ ਹਵਾਲੇ ਤੇ ਸੰਕੇਤ ਇਸ ਪ੍ਰਬੰਧ ਦੀਆਂ ਵਿਸ਼ਿਸ਼ਟਤਾਵਾ ਨੂੰ ਦ੍ਰਿੜ੍ਹਾਉਣ ਵਿਚ ਸਹਾਈ ਹੁੰਦੇ ਹਨ। ਵਿਵਹਾਰਕ ਰੂਪ ਵਿਚ ਪ੍ਰਚੱਲਿਤ ਗੁਰਮਤਿ ਸੰਗੀਤ ਪਰੰਪਰਾ ਨੇ ਇਸ ਪ੍ਰਬੰਧ ਦੇ ਕਿਰਿਆਤਮਕ ਪ੍ਰਯੋਗ ਨੂੰ ਸਾਕਾਰ ਕਰਨ ਲਈ ਅਨੇਕ ਸਿਧਾਂਤ ਸਿਰਜੇ ਹਨ। ਗੁਰਮਤਿ ਸੰਗੀਤ ਪ੍ਰਬੰਧ ਅਤੇ ਇਸ ਵਿਵਹਾਰਕ ਪਰੰਪਰਾ 'ਚੋਂ ਉਪਜੇ ਵਿਭਿੰਨ ਸਿਧਾਂਤਾਂ ਅਤੇ ਇਨ੍ਹਾਂ ਦੀ

ਸਮੁੱਚੀ ਵਿਵਹਾਰਕਤਾ ਨੂੰ ਗਹੁ ਨਾਲ ਵਾਚੀਏ ਤਾਂ ਸਾਡੇ ਸਾਹਮਣੇ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬਾਨ ਗੁਰਮਤਿ ਸੰਗੀਤ ਦੀ ਵਿਲੱਖਣ ਪਰੰਪਰਾ ਵਜੋਂ ਸਥਾਪਨਾ ਹਿੱਤ ਪ੍ਰਯੋਗ ਹੋਣ ਵਾਲੀਆਂ ਸੰਗੀਤਕ ਇਕਾਇਆਂ, ਤੱਤਾਂ ਤੇ ਉਪਕਰਣਾਂ ਆਦਿ ਦਾ ਪ੍ਰਯੋਗ ਭਾਰਤੀ ਸੰਗੀਤ ਵਿਚੋਂ ਹੀ ਕਰ ਰਹੇ ਹਨ । ਇਸ ਪ੍ਰਬੰਧ ਵਿਚ ਸੰਗੀਤ ਦਾ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਦਾ ਪ੍ਰਯੋਗ ਮੌਲਿਕ ਪੈਂਹਚ ਅਤੇ ਵਿਸ਼ਿਸ਼ਟ ਗੁਰਮਤਿ ਸੰਗੀਤ ਅਨੁਸ਼ਾਸਨ ਦੇ ਅੰਤਰਗਤ ਕੀਤਾ ਗਿਆ ਹੈ ਜਿਸਦਾ ਜ਼ਿਕਰ ਅਸੀਂ ਪਹਿਲੇ ਅਧਿਆਇ 'ਗੁਰਮਤਿ ਸੰਗੀਤ ਉਤਪਤੀ ਤੇ ਵਿਕਾਸ' ਵਿਚ ਕਰ ਆਏ ਹਾਂ । ਗੁਰਮਤਿ ਸੰਗੀਤ ਦੇ ਇਸ ਵਡੇਰੇ ਅਨੁਸ਼ਾਸਨ ਦੇ ਅੰਤਰਗਤ ਇਨ੍ਹਾਂ ਸ਼ਾਸਤਰੀ ਸੰਗੀਤ ਦੀਆਂ ਇਕਾਈਆਂ ਤੱਤਾਂ ਤੇ ਉਪਕਰਣਾਂ ਦਾ ਇਕ ਆਪਣਾ ਅਨੁਸ਼ਾਸਨ ਹੈ । ਗੁਰਮਤਿ ਸੰਗੀਤ ਉਸ ਅਨੁਸ਼ਾਸਨ ਦੀ ਮੌਲਿਕਤਾ ਨੂੰ ਵੀ ਪਹਿਚਾਣ ਕਰ ਰਹੇ ਅਤੇ ਇਨ੍ਹਾਂ ਸਮੂਹ ਸ਼ਸਤਰੀ ਸੰਗੀਤ ਦੇ ਤੱਤਾਂ ਤੇ ਗੁਣਾਂ ਦਾ ਸਦ ਉਪਯੋਗ ਕਰ ਰਹੇ ਹਨ । ਇਥੇ ਇਕ ਹੋਰ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਇਨ੍ਹਾਂ ਤੱਤਾਂ ਦੇ ਮੂਲ ਗੁਣ, ਪਹਿਚਾਣ ਅਤੇ ਅਨੁਸ਼ਾਸਨ ਨੂੰ ਸਵੀਕਾਰਦਿਆਂ ਇਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਅਨੁਸਾਰੀ ਬਣਾਇਆ ਗਿਆ ਹੈ । ਸ਼ਾਸਤਰੀ ਸੰਗੀਤ ਵਿਚ ਇਨ੍ਹਾਂ ਤੱਤਾਂ ਨੂੰ ਨਕਾਰਿਆ ਨਹੀਂ ਗਿਆ ਸਗੋਂ ਸ਼ਿੰਗਾਰਿਆ ਅਤੇ ਸਵੀਕਾਰਿਆ ਗਿਆ ਹੈ । ਉਦਾਹਰਣ ਦੇ ਤੌਰ 'ਤੇ ਗੁਰਮਤਿ ਸੰਗੀਤ ਦੇ ਰਾਗ ਅਤੇ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬਾਨ ਵੱਖ ਵੱਖ ਭਾਰਤੀ ਰਾਗਾਂ, ਉਨ੍ਹਾਂ ਦੇ ਮੂਲ ਨਾਵਾਂ, ਸਰੂਪਾਂ ਦਾ ਗੁਣਾਂ ਸਹਿਤ ਪ੍ਰਯੋਗ ਕਰ ਰਹੇ ਹਨ ਪਰੰਤੂ ਉਹ ਭਾਰਤੀ ਸੰਗੀਤ ਵਾਂਗ ਰਾਗ ਦੀ ਪ੍ਰਧਾਨਤਾ ਤੇ ਰਾਗ ਦੇ ਪ੍ਰਯੋਗ ਨੂੰ ਪੂਰਨ ਰੂਪ ਵਿਚ ਸਵੀਕਾਰਦਿਆਂ ਰਾਗ ਨੂੰ ਅਧਿਆਤਮਕ ਉਦੇਸ਼ ਦੇ ਪ੍ਰਯੋਜਨ ਨਾਲ ਅਨੁਸ਼ਾਸਿਤ ਕਰ ਦਿੰਦੇ ਹਨ । ਇਥੇ ਇਹ ਨਹੀਂ ਕਿ ਗੁਰੂ ਸਾਹਿਬ ਰਾਗ ਦੇ ਮੂਲ ਗੁਣ ਤੇ ਉਸਦੀ ਭਾਰਤੀ ਵਿਆਖਿਆ ਨੂੰ ਬਿਲਕੁਲ ਹੀ ਨਕਾਰਦੇ ਹਨ ਸਗੋਂ ਗੁਰੂ ਸਾਹਿਬ ਆਪਣੀ ਮੌਲਿਕ ਛੋਹ ਦੁਆਰਾ ਇਸ ਰਾਗ ਪਰੰਪਰਾ ਨੂੰ ਨਵੀਂ ਸੇਧ ਵੀ ਪ੍ਰਦਾਨ ਕਰਦੇ ਹਨ । ਰਾਗ ਵਰਗੀਕਰਣ ਦੀ

ਉਪਰੋਕਤ ਚਰਚਾ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ । ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਵੀ ਇਹੋ ਪਹੁੰਚ ਹੈ ਕਿ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਨੂੰ ਉਨ੍ਹਾਂ ਦੇ ਮੂਲ ਗੁਣਾਂ ਅਨੁਸਾਰ ਕੇਵਲ ਅੰਗ ( Style ) ਰੂਪ ਵਿਚ ਸਵੀਕਾਰਿਆ ਗਿਆ ਤੇ ਇਨ੍ਹਾਂ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਕਲਾਤਮਕ ਪ੍ਰਯੋਜਨ ਨੂੰ ਬਾਣੀ ਗਾਇਨ ਦੇ ਉਦੇਸ਼ ਹਿੱਤ ਪ੍ਰਯੋਗ ਕਰਦਿਆਂ ਅਧਿਆਤਮਕ ਪ੍ਰਯੋਜਨ ਦਾ ਧਾਰਣੀ ਬਣਾਇਆ ਗਿਆ ਹੈ ।

ਵਿਵਹਾਰਕ ਰੂਪ ਵਿਚ ਪ੍ਰਚੱਲਿਤ ਕੀਰਤਨ ਸ਼ੈਲੀਆਂ, ਕੀਰਤਨ ਚੌਕੀਆਂ, ਤਾਲ, ਸਾਜ਼, ਕੀਰਤਨ ਕੇਂਦਰ, ਘਰਾਣਾ ਪਰੰਪਰਾ ਇਹ ਸਭ ਕੁਝ ਮਿਲ ਕੇ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਦੇ ਸਮਾਨਅੰਤਰ ਗੁਰਮਤਿ ਸੰਗੀਤ ਦੀ ਪਰੰਪਰਾ ਉਜਾਗਰ ਕਰ ਆਏ ਹਾਂ। ਅੰਤਰ ਦੋਹਾਂ ਦੇ ਪ੍ਰਯੋਜਨ ਦਾ ਹੈ। ਦੋਹਾਂ ਦੇ ਰਸਤੇ ਅਤੇ ਮੰਜ਼ਿਲ ਅਲੱਗ ਅਲੱਗ ਹਨ। ਦੋਹਾਂ ਵਿਚ ਕੋਈ ਵਿਰੋਧ ਨਹੀਂ ਸਗੋਂ ਆਦਾਨ ਪ੍ਰਦਾਨ ਹੈ। ਵਿਵਹਾਰਕ ਰੂਪ ਵਿਚ ਕਸਬੀ ਗਾਇਕਾਂ ਦੁਆਰਾ ਪ੍ਰਚੱਲਿਤ ਕੀਰਤਨ ਪਰੰਪਰਾ ਵਿਚ ਪ੍ਰਯੁਕਤ ਸ਼ਾਸਤਰੀ ਤੱਤ ਅਤੇ ਸ਼ਾਸਤਰੀ ਅੰਦਾਜ਼ ਕੀਰਤਨ ਚੌਕੀਆਂ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਸ਼ਾਸਤਰੀ ਗਾਇਨ ਅੰਦਾਜ਼ ਦਾ ਪ੍ਰਚਲਨ ਇਸ ਪਰੰਪਰਾ ਦੇ ਮੂਲ ਗੁਣ ਵਜੋਂ ਉਜਾਗਰ ਹੁੰਦਾ ਹੈ। ਇੱਥੋਂ ਤਕ ਕਿ ਲੋਕ ਅੰਗ ਦੀਆਂ ਸ਼ੈਲੀਆਂ ਨੂੰ ਵੀ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਅਧੀਨ ਰੱਖਣ ਲਈ ਰਾਗ , ਸਥਾਈ, ਅੰਤਰਾ ਆਦਿ ਸੰਕੇਤਾਂ ਨਾਲ ਨਿਸ਼ਚਿਤ ਤੇ ਨਿਰਧਾਰਿਤ ਰੂਪ ਪ੍ਰਦਾਨ ਕਰਵਾਇਆ ਗਿਆ ਹੈ। ਜਿਸਦੀ ਮਿਸਾਲ ਭਾਰਤੀ ਸੰਗੀਤ ਦੀ ਇਕਾਈਆਂ, ਤੱਤਾਂ ਤੇ ਉਪਕਰਣਾਂ ਦਾ ਇਕ ਆਪਣਾ ਅਨੁਸ਼ਾਸਨ ਹੈ। ਗੁਰਮਤਿ ਸੰਗੀਤ ਉਸ ਅਨੁਸ਼ਾਸਨ ਦੀ ਮੌਲਿਕਤਾ ਨੂੰ ਵੀ ਪਹਿਚਾਣ ਕਰ ਰਹੇ ਅਤੇ ਇਨ੍ਹਾਂ ਸਮੂਹ ਸ਼ਾਸਤਰੀ ਸੰਗੀਤ ਦੇ ਤੱਤਾਂ ਤੇ ਗੁਣਾਂ ਦਾ ਸਦ ਉਪਯੋਗ ਕਰ ਰਹੇ ਹਨ। ਇੱਥੇ ਇਕ ਹੋਰ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਇਨ੍ਹਾਂ ਤੱਤਾਂ ਦੇ ਮੂਲ ਗੁਣ, ਪਹਿਚਾਣ ਅਤੇ ਅਨੁਸ਼ਾਸਨ ਨੂੰ ਸਵੀਕਾਰਦਿਆਂ

ਇਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਅਨੁਸਾਰੀ ਬਣਾਇਆ ਗਿਆ ਹੈ। ਸ਼ਾਸਤਰੀ ਸੰਗੀਤ ਵਿਚ ਇਨ੍ਹਾਂ ਤੱਤਾਂ ਨੂੰ ਨਕਾਰਿਆ ਨਹੀਂ ਗਿਆ ਸਗੋਂ ਸ਼ਿੰਗਾਰਿਆ ਅਤੇ ਸਵੀਕਾਰਿਆ ਗਿਆ ਹੈ। ਉਦਾਹਰਣ ਦੇ ਤੌਰ 'ਤੇ ਗੁਰਮਤਿ ਸੰਗੀਤ ਦੇ ਰਾਗ ਅਤੇ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਗੁਰੂ ਸਾਹਿਬਾਨ ਵੱਖ-ਵੱਖ ਭਾਰਤੀ ਰਾਗਾਂ, ਉਨ੍ਹਾਂ ਦੇ ਮੂਲ ਨਾਵਾਂ, ਸਰੂਪਾਂ ਦਾ ਗੁਣਾਂ ਸਹਿਤ ਪ੍ਰਯੋਗ ਕਰ ਰਹੇ ਹਨ ਪਰੰਤੂ ਉਹ ਭਾਰਤੀ ਸੰਗੀਤ ਵਾਂਗ ਰਾਗ ਦੀ ਪ੍ਰਧਾਨਤਾ ਤੇ ਰਾਗ ਦੇ ਪ੍ਰਯੋਗ ਨੂੰ ਪੂਰਨ ਰੂਪ ਵਿਚ ਸਵੀਕਾਰਦਿਆਂ ਰਾਗ ਨੂੰ ਅਧਿਆਤਮਕ ਉਦੇਸ਼ ਦੇ ਪ੍ਰਯੋਜਨ ਨਾਲ ਅਨੁਸ਼ਾਸਿਤ ਕਰ ਦਿੰਦੇ ਹਨ। ਇੱਥੇ ਇਹ ਨਹੀਂ ਕਿ ਗੁਰੂ ਸਾਹਿਬ ਰਾਗ ਦੇ ਮੂਲ ਗੁਣਾਂ ਤੇ ਉਸਦੀ ਭਾਰਤੀ ਵਿਆਖਿਆ ਨੂੰ ਬਿਲਕੁਲ ਹੀ ਨਕਾਰਦੇ ਹਨ ਸਗੋਂ ਗੁਰੂ ਸਾਹਿਬ ਆਪਣੀ ਮੌਲਿਕ ਛੋਹ ਦੁਆਰਾ ਇਸ ਰਾਗ ਪਰੰਪਰਾ ਨੂੰ ਨਵੀਂ ਸੇਧ ਵੀ ਪ੍ਰਦਾਨ ਕਰਦੇ ਹਨ। ਰਾਗ ਵਰਗੀਕਰਣ ਦੀ ਉਪਰੋਕਤ ਚਰਚਾ ਸੋ ਲੋਕ ਸੰਗੀਤਕ ਪਰੰਪਰਾ ਵਿਚ ਨਹੀਂ ਮਿਲਦੀ। ਜਦੋਂ ਗੁਰਮਤਿ ਸੰਗੀਤ ਦੇ ਕਸਬੀ ਗਾਇਕ ਕਿਸੇ ਵਾਰ ਜਾਂ ਵਿਸ਼ੇਸ਼ ਰੂਪ ਵਿਚ 'ਆਸਾ ਦੀ ਵਾਰ' ਦੀ ਚੌਕੀ ਦਾ ਗਾਇਨ ਕਰਦੇ ਹਨ ਤਾਂ ਇਹ ਗਾਇਨ ਆਪਣੇ ਮੌਲਿਕ ਗੁਣਾਂ ਤੋਂ ਵਖਰੇ ਸੰਗੀਤਕ ਰੂਪ ਕਰਕੇ ਕਿਸੇ ਸ਼ਾਸਤਰੀ ਸੰਗੀਤ ਦੀ ਪਰੰਪਰਾ ਨਾਲੋਂ ਉਣਾ ਨਹੀਂ ਜਾਪਦਾ। ਇਸ ਪਰੰਪਰਾ ਦਾ ਨਿਸ਼ਚਿਤ ਆਧਾਰਿਤ ਤੇ ਵਿਸ਼ਿਸ਼ਟ ਗਾਇਨ ਪ੍ਰਬੰਧ ਗੁਰਮਤਿ ਸੰਗੀਤ ਨੂੰ ਨਿਵੇਕਲੀ ਅਤੇ ਵਿਲੱਖਣ ਪਰੰਪਰਾ ਵਜੋਂ ਉਜਾਗਰ ਕਰਦਾ ਹੈ।

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਪਰੰਪਰਾ ਵਿਚ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਦੇ ਵਿਭਿੰਨ ਤੱਤ ਮੌਲਿਕ ਵਿਧੀ ਦੁਆਰਾ ਪ੍ਰਯੋਗ ਹੋ ਰਹੇ ਹਨ। ਗੁਰਮਤਿ ਸੰਗੀਤ ਨੇ ਇਨ੍ਹਾਂ ਸ਼ਾਸਤਰੀ ਤੱਤਾਂ ਨੂੰ ਨਵੀਨ ਮੌਲਿਕ ਪਹੁੰਚ ਦੁਆਰਾ ਸਵੀਕਾਰਿਆ ਤੇ ਸ਼ਿੰਗਾਰਿਆ ਹੈ ਜੋ ਸਮੁੱਚੇ ਭਾਰਤੀ ਸੰਗੀਤ ਲਈ ਮਾਣ ਵਾਲੀ ਗੱਲ ਹੈ ਅਤੇ ਗੁਰਮਤਿ ਸੰਗੀਤ ਦੁਆਰਾ ਨਵੀਨ ਵਿਧੀ ਮੌਲਿਕ ਪਹੁੰਚਦੁਆਰਾ ਇਹ ਪ੍ਰਯੋਗ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਭਾਰਤੀ ਸੰਗੀਤ ਲਈ ਨਿਵੇਕਲਾ ਤੇ ਵਡੇਰਾ ਯੋਗਦਾਨ ਹੈ।

—o–o—

## ਉਪਸੰਹਾਰ

ਗੁਰਮਤਿ ਸੰਗੀਤ ਵਿੱਚੋਂ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤ ਲੱਭਣ ਦਾ ਸਾਡਾ ਇਹ ਯਤਨ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੋਵੇਂ ਪਰੰਪਰਾਵਾਂ ਲਈ ਲਾਹੇਵੰਦ ਹੈ। ਗੁਰਮਤਿ ਸੰਗੀਤ ਪਰੰਪਰਾ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਇਸਦੇ ਸਰੂਪ ਦੇ ਬਹੁਪੱਖੀ ਬਹੁਪਰਤੀ ਤੇ ਬਹੁ ਦਿਸ਼ਾਵੀ ਵਿਸ਼ਲੇਸ਼ਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਇਸ ਪਰੰਪਰਾ ਨੇ ਆਪਣੇ ਮੌਲਿਕ ਰੂਪ ਦੀ ਸਿਰਜਣਾ ਤੇ ਨਿਵੇਕਲੇ ਰੂਪ ਦੀ ਘਾੜਤ ਭਾਰਤੀ ਸੰਗੀਤ ਤੇ ਕਾਵਿ ਦੀਆਂ ਵਿਭਿੰਨ ਪਰੰਪਰਾਵਾਂ ਦੇ ਤੱਤਾਂ ਤੇ ਉਪਕਰਣਾਂ ਅਤੇ ਪ੍ਰਯੋਗ ਵਿਚ ਪ੍ਰਚੱਲਿਤ ਵਿਭਿੰਨ ਕਲਾਤਮਕ ਪ੍ਰਵਿਰਤੀਆਂ ਦੇ ਰੂਪਾਂਤਰਣ ਦੁਆਰਾ ਕੀਤੀ ਹੈ। ਸਨਾਤਨੀ ਕਾਵਿ ਸ਼ਾਸਤਰੀ ਸੰਗੀਤ, ਲੋਕ ਕਾਵਿ-ਲੋਕ ਸੰਗੀਤ, ਭਗਤੀ ਸੰਗੀਤ, ਇਲਾਕਾਈ ਕਾਵਿ ਅਤੇ ਗਾਇਨ ਪਰੰਪਰਾਵਾਂ ਤੇ ਹੋਰ ਕਈ ਕਾਵਿਕ ਸੰਗੀਤਕ ਉਪਕਰਣ ਗੁਰਮਤਿ ਸੰਗੀਤ ਦੇ ਬਾਣੀ ਪ੍ਰਬੰਧ ਵਿਚ ਸਮਿਲਿਤ ਹਨ। ਇਸ ਬਾਣੀ ਪ੍ਰਬੰਧ ਦਾ ਸੰਗੀਤ ਪ੍ਰਬੰਧ ਉਕਤ ਅਨੁਸਾਰ ਸੁਤੰਤਰ ਤੇ ਮੌਲਿਕ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਸੇ ਲਈ ਗੁਰਮਤਿ ਸੰਗੀਤ ਦੀ ਮੌਲਿਕਤਾ ਤੇ ਵਿਲੱਖਣਤਾ ਨੂੰ ਪਛਾਣਨ ਲਈ ਸਰਬ ਪ੍ਰਥਮ ਇਸ ਵਿਚ ਪ੍ਰਯੁਕਤ ਵਿਭਿੰਨ ਤੱਤਾਂ ਉਪਕਰਣਾਂ ਤੇ ਕਲਾਤਮਕ ਪ੍ਰਵਿਰਤੀਆਂ ਦਾ ਨਿਖੇੜਾ ਅਤਿ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਸ ਨਿਖੇੜੇ ਦੁਆਰਾ ਜਿਥੇ ਅਸੀਂ ਇਸ ਪਰੰਪਰਾ ਦੇ ਸਮ੍ਰਿਧ ਤੇ ਵਿਸ਼ਾਲ ਕਲਾਤਮਕ ਖਜ਼ਾਨੇ ਦੇ ਦਰਸ਼ਨ ਕਰ ਸਕਦੇ ਹਾਂ ਉਥੇ ਇਸ ਪਰੰਪਰਾ ਦੇ ਅਨੁਸ਼ਾਸਨ ਨੂੰ ਸਮਝਣ ਵਿਚ ਵੀ ਸਹਾਇਤਾ ਮਿਲਦੀ ਹੈ। ਉਪਰੋਕਤ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਵਿਸ਼ਲੇਸ਼ਣ ਭਾਰਤੀ ਸੰਗੀਤ ਲਈ ਵੀ ਲਾਹੇਵੰਦ ਹੈ ਕਿਉਂਕਿ ਅਜੇ ਤਕ ਗੁਰਮਤਿ ਸੰਗੀਤ ਵਰਗੀ ਨਿੱਗਰ ਤੇ ਅਮੀਰ ਪਰੰਪਰਾ ਸੰਬੰਧੀ ਭਾਰਤੀ ਸੰਗੀਤ ਦੇ ਵਿਸ਼ਲੇਸ਼ਕ ਖਾਮੋਸ਼ ਹੀ ਰਹੇ ਹਨ।

ਨਿਸ਼ਚਯ ਹੀ ਉਹ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤਾਂ ਤੇ ਉਪਕਰਣਾਂ ਦੇ **ਮੌਲਿਕ,** ਵਿਲੱਖਣ ਤੇ ਨਵੀਨ ਪ੍ਰਯੋਗ **ਤੋਂ** ਜਾਣੂ ਹੋਣਗੇ ।

ਗੁਰਮਤਿ ਸੰਗੀਤ ਸੰਬੰਧੀ ਕੀਤੇ ਗਏ ਇਸ ਖੋਜ ਕਾਰਜ ਨੂੰ ਅਸੀਂ ਆਪਣੀ ਸੁਵਿਧਾ ਲਈ ਪੰਜ ਭਾਗਾਂ ਵਿਚ ਵਿਭਾਜਿਤ ਕੀਤਾ ਸੀ। ਸਾਡਾ ਪਹਿਲਾ ਅਧਿਆਇ ਗੁਰਮਤਿ ਸੰਗੀਤ ਦੀ ਉਤਪਤੀ ਤੇ ਵਿਕਾਸ ਨਾਲ ਸੰਬੰਧਿਤ ਸੀ ਕਿਉਂਕਿ ਸਰਬ ਪ੍ਰਥਮ ਇਸ ਪਰੰਪਰਾ ਦੀ ਭਰਪੂਰ ਪਹਿਚਾਣ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਅਤੇ ਸਰੂਪਗਤ ਵਿਚਾਰ ਇਸਦੀ ਪਹਿਚਾਣ ਲਈ ਲਾਜ਼ਮੀ ਸੀ। ਗੁਰਮਤਿ ਸੰਗੀਤ ਨਾਲ ਸਾਂਝ ਸਥਾਪਿਤ ਕਰਨ ਲਈ ਅਸੀਂ ਇਸਦੀ ਉਤਪਤੀ ਤੇ ਵਿਕਾਸ ਸੰਬੰਧੀ ਵਿਗਿਆਨਕ ਵਿਧੀ ਦੁਆਰਾ ਵਿਸ਼ਲੇਸ਼ਣ ਕੀਤਾ ਹੈ। ਗੁਰਮਤਿ ਸੰਗੀਤ ਦੀ ਉਤਪਤੀ ਸੰਬੰਧੀ ਅਸੀਂ ਦੇਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਖਾਲਕ ਦੇ ਆਦੇਸ਼ ਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਮਾਨਵੀ ਜੁਗਤਾਂ ਤੇ ਵਿਭਿੰਨ ਕਲਾਤਮਕ ਉਪਕਰਣਾਂ ਦਾ ਪ੍ਰਯੋਗ ਕੀਤਾ। ਉਨ੍ਹਾਂ ਖਸਮ ਦੀ ਬਾਣੀ ਦੇ ਸੰਚਾਰ ਲਈ ਸੰਗੀਤ ਨੂੰ ਮਾਧਿਅਮ ਰੂਪ ਵਿਚ ਚੁਣਿਆ ਕਿਉਂਕਿ ਸੰਗੀਤ ਜਨ ਮਾਨਸ ਵਿਚ ਵਿਆਪਕ ਤੇ ਪ੍ਰਭਾਵਸ਼ਾਲੀ ਕਲਾ ਹੈ। ਇਸਦੇ ਮਾਧਿਅਮ ਦੁਆਰਾ ਹਰੇਕ ਕਿਸਮ ਦੇ ਸਰੋਤੇ ਨੂੰ ਸੰਬੋਧਿਤ ਹੋਇਆ ਜਾ ਸਕਦਾ ਹੈ ਕਿਉਂਕਿ ਹਰ ਖਿੱਤੇ, ਹਰ ਇਲਾਕੇ ਦੇ ਲੋਕਾਂ ਕੋਲ ਆਪੋ ਆਪਣੀ ਕੋਈ ਨਾ ਕੋਈ ਸੰਗੀਤ ਪਰੰਪਰਾ ਜ਼ਰੂਰ ਹੈ। ਸੁਰਾਂ ਦੀ ਭਾਸ਼ਾ ਦਿਲਾਂ ਦੀ ਭਾਸ਼ਾ ਹੈ ਅਤੇ ਰਾਗ ਦਾ ਸੰਸਾਰ ਸਿੱਧੇ ਤੌਰ 'ਤੇ ਮਨੁੱਖੀ ਮਨ ਦੇ ਭਾਵ ਸੰਸਾਰ ਨਾਲ ਜੁੜਿਆ ਹੋਇਆ ਹੈ। ਇਸ ਲਈ ਸੰਗੀਤ ਨੂੰ ਕਿਸੇ ਜਾਣ ਪਹਿਚਾਣ ਜਾਂ

ਸਮਝਣ ਲਈ ਵਿਸਤਰਿਤ ਅਧਿਐਨ ਲਾਜ਼ਮੀ ਹੈ। ਮੱਧਕਾਲੀਨ ਭਾਰਤੀ ਸੰਗੀਤ ਗ੍ਰੰਥਾਂ ਵਿਚ ਹੋਈ ਸਿਧਾਂਤਕ ਚਰਚਾ ਦਾ ਵਿਸ਼ਲੇਸ਼ਣ ਕਰਨ ਉਪਰੰਤ ਅਸੀ ਮੱਧ ਕਾਲ ਵਿਚ ਪ੍ਰਚੱਲਿਤ ਭਿੰਨ-ਭਿੰਨ ਗਾਇਨ ਸ਼ੈਲੀਆਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਤੋਂ ਮੱਧਕਾਲੀਨ ਗਾਇਨ ਪ੍ਰਬੰਧ ਉਜਾਗਰ ਹੁੰਦਾ ਹੈ। ਇਸਦੇ ਨਾਲਹੀ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀ ਤਾਲ ਪੱਧਤੀ ਦਾ ਅਧਿਐਨ ਕਰਨ ਲਈ ਯਤਨ ਰਿਹਾ ਹੈ। ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਸਾਡੇ ਉਕਤ ਅਧਿਐਨ ਤੋ ਇਸ ਪਰੰਪਰਾ ਦੇ ਸਮੁੱਚੇ ਸਰੂਪ ਨੂੰ ਜਾਣਿਆ ਜਾ ਸਕਦਾ ਹੈ। ਇਹ ਅਧਿਐਨ ਕਿਉਂ ਜੋ ਸ਼ਾਸਤਰੀ ਤੱਤਾਂ ਦੇ ਨਿਰਧਾਰਣ ਲਈ ਲਾਜ਼ਮੀ ਸੀ ਇਸ ਲਈ ਸਾਡਾ ਇਹ ਯਤਨ ਰਿਹਾ ਹੈ ਕਿ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਨੂੰ ਉਸਦੀਆਂ ਸਮਕਾਲੀਨ ਪਰੰਪਰਾਵਾਂ ਦੇ ਸੰਦਰਭ ਵਿਚ ਜਾਣਿਆ ਜਾ ਸਕੇ।

ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਸੰਬੰਧੀ ਸਾਡਾ ਤੀਸਰਾ ਅਧਿਆਇ ਵਿਸ਼ੇਸ਼ ਰੂਪ ਵਿਚ ਮਹੱਤਵਪੂਰਨ ਹੈ ਇਸ ਅਧਿਆਇ ਵਿਚ ਪਹਿਲੇ ਅਧਿਆਇ ਅਤੇ ਦੂਸਰੇ ਅਧਿਆਇ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਕੀਤੀ ਗਈ ਵਿਚਾਰ ਚਰਚਾ ਨੂੰ ਆਧਾਰ ਰੂਪ ਵਿਚ ਗ੍ਰਹਿਣ ਕਰਕੇ ਅਸੀਂ ਰਾਗ ਸੰਬੰਧੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਚਰਚਾ ਕੀਤੀ ਹੈ। ਭਾਰਤੀ ਸੰਗੀਤ ਵਿਚ ਰਾਗ ਦਾ ਪਰਿਚਯ, ਮਹੱਤਵ, ਰਾਗ ਦੇ ਵਿਭਿੰਨ ਲੱਛਣਾਂ ਦੇ ਵਰਣਨ ਤੋ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਰਾਗਾਂ ਨੂੰ ਅਸੀਂ ਸ਼ੁੱਧ, ਛਾਇਆਲਗ, ਸੰਕੀਰਣ ਵਰਗੀਕਰਣ ਦੀ ਦ੍ਰਿਸ਼ਟੀ ਤੋਂ ਵਾਚਿਆ ਹੈ। ਗੁਰਮਤਿ ਸੰਗੀਤ ਦੇ ਭਿੰਨ-ਭਿੰਨ ਰਾਗਾਂ ਦੇ ਅਧਿਐਨ ਤੋਂ ਸਾਡੇ ਸਾਹਮਣੇ ਇਹ ਸਪਸ਼ਟ ਹੋਇਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਲਈ ਮੌਲਿਕ ਕਿਸਮ ਦਾ ਰਾਗ ਪ੍ਰਬੰਧ ਸਿਰਜਿਆ ਹੈ ਜੋ ਭਾਵੇਂ ਮੂਲ ਰੂਪ ਵਿਚ ਭਾਰਤੀ ਸੰਗੀਤ ਦੇ ਉਪਰਕਰਣਾਂ'ਤੇ ਹੀ ਆਧਾਰਿਤ ਹੈ ਪਰ ਇਸਦੀ

ਵਿਆਖਿਆ ਦੀ ਜ਼ਰੂਰਤ ਨਹੀਂ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦਾ ਪ੍ਰਯੋਗ ਬਾਣੀ ਦੇ ਸੰਚਾਰ ਲਈ ਕੀਤਾ। ਇਹ ਪ੍ਰਯੋਗ ਸਾਧਾਰਨ ਤੌਰ ਤੇ ਸਿੱਧੇ ਪੱਧਰ ਦਾ ਨਹੀਂ ਸੀ ਸਗੋਂ ਗੁਰੂ ਸਾਹਿਬਾਨ ਨੇ ਗੁਰੂ ਕਾਲੀਨ ਤੇ ਸਮਕਾਲੀਨ ਪਰੰਪਰਾਵਾਂ ਦੇ ਅਧਿਐਨ 'ਚੋਂ ਉਨ੍ਹਾਂ ਦੀਆਂ ਸੀਮਾਵਾਂ ਨੂੰ ਪੂਰਨ ਰੂਪ ਵਿਚ ਸਮਝਦਿਆਂ ਨਿਵੇਕਲੀ ਕਿਸਮ ਦਾ ਪ੍ਰਯੋਗ ਆਰੰਭਿਆ। ਭਾਈ ਮਰਦਾਨਾ ਜੋ ਕਿ ਕੁਸ਼ਲ ਰਬਾਬੀ ਤੇ ਗਾਇਕ ਸੀ, ਆਪ ਦਾ ਸਾਥੀ, ਸੰਗੀਤਕਾਰ ਤੇ ਪ੍ਰਥਮ ਸਿੱਖ ਹੋਇਆ ਜਿਸਨੇ ਆਪਣੇ ਰਬਾਬ ਤੇ ਗਾਇਨ ਦੁਆਰਾ ਇਸ ਪਰੰਪਰਾ ਦੀ ਪੁਨਰ ਪ੍ਰਸਤੁੱਤੀ ਕਰਨਾ ਆਰੰਭ ਕੀਤਾ। ਗੁਰਮਤਿ ਸੰਗੀਤ ਸਹਿਜੇ ਹੀ ਆਪਣੀਆਂ ਸਮਕਾਲੀਨ ਪਰੰਪਰਾਵਾਂ ਨਾਲੋਂ ਅੱਡਰਾ ਤੇ ਭਿੰਨ ਰੂਪ ਗ੍ਰਹਿਣ ਕਰ ਗਿਆ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਨਕਸ਼ ਤੇ ਜਲੰਦੇ ਜਗਤ ਨੂੰ ਤਾਰਨ ਦੀ ਵਿਧੀ ਬਾਕੀਆਂ ਨਾਲੋਂ ਅੱਡਰੀ ਤੇ ਭਿੰਨ ਸੀ। ਇਸ ਉਦੇਸ਼ ਦੀ ਪੂਰਤੀ ਲਈ ਇਕ ਨਿਸ਼ਚਿਤ ਰਾਗ ਪ੍ਰਬੰਧ, ਗਾਇਨ ਰੂਪ, ਵਿਸ਼ੇਸ਼ ਸਾਜ਼ ਅਤੇ ਨਿਸ਼ਚਿਤ ਪ੍ਰਸਤੁਤੀ ਵਿਧਾਨ ਦੀ ਸਿਰਜਣਾ ਗੁਰੂ ਸਾਹਿਬ ਨੇ ਕੀਤੀ ਅਤੇ ਇਸਨੂੰ ਬਾਣੀ ਬੋਧ ਤੇ ਪ੍ਰਕਾਸ਼ਨ ਦੇ ਵਿਸ਼ਿਸ਼ਟ ਮਾਧਿਅਮ ਵਜੋਂ ਅਪਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਗੁਰਮਤਿ ਸੰਗੀਤ ਦੀ ਉਤਪਤੀ ਤੇ ਸਥਾਪਨਾ ਕਰਨ ਦਾ ਆਰੰਭ ਵੱਖ-ਵੱਖ ਗੁਰੂ ਸਾਹਿਬਾਨਾਂ ਦੁਆਰਾ ਵਿਵਹਾਰਕ ਰੂਪ ਵਿਚ ਪ੍ਰਚਲਨ ਵਿਚ ਆਇਆ। ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਭਿੰਨ-ਭਿੰਨ ਰਾਗਾਂ ਤੇ ਗਾਇਨ ਰੂਪਾਂ ਵਿਚ ਬਾਣੀ ਰਚ ਕੇ ਉਸਨੂੰ ਭਿੰਨ-ਭਿੰਨ ਸਾਜ਼ਾਂ ਤੇ ਕਸਬੀ ਗਾਇਕਾਂ, ਸਾਧਾਰਨ ਸਿੱਖ ਸੰਗਤਾਂ ਦੁਆਰਾ ਗਵਾਉਣ ਦੀ ਪਰੰਪਰਾ ਨੂੰ ਕਿਰਿਆਤਮਕ ਸੰਜੀਵਤਾ ਪ੍ਰਦਾਨ ਕੀਤੀ। ਸ੍ਰੀ ਗੁਰੂ ਨਾਨਕ ਦੇਵਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪਰੰਪਰਾ ਦੇ ਵਿਕਾਸ ਤੋਂ ਗੁਰਮਤਿ ਸੰਗੀਤ ਦੀ

ਸਥਾਪਤੀ ਤੇ ਮੌਲਿਕ ਵਿਲੱਖਣਤਾ ਇਕ ਪ੍ਰਬੰਧ ਦੇ ਰੂਪ ਵਿਚ ਸਾਡੇ ਸਾਹਮਣੇ ਉਜਾਗਰ ਹੁੰਦੀਆਂ ਹਨ ਜਿਸ ਵਿਚ ਇਸ ਪਰੰਪਰਾ ਦਾ ਰਾਗ ਗਾਇਨ, ਤਾਲ, ਸਾਜ਼, ਪ੍ਰਸਤੁਤੀ ਆਦਿ ਦਾ ਵਿਸ਼ਿਸ਼ਟ ਨਿਸ਼ਚਿਤ ਤੇ ਆਧਾਰਿਤ/ਪ੍ਰਬੰਧ ਹੈ।

ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਦੀ ਪਛਾਣ ਲਈ ਮੱਧਕਾਲੀਨ ਭਾਰਤੀ ਸੰਗੀਤ ਦੇ ਸੰਦਰਭ ਵਿਚ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਸ਼ਾਸਤਰਿਕ ਜਾਣ ਪਛਾਣ ਦਾ ਕਾਰਜ ਅਸੀਂ ਆਪਣੇ ਦੂਸਰੇ ਅਧਿਆਇ ਵਿਚ ਕੀਤਾ ਹੈ। ਸ਼ਾਸਤਰੀ ਸੰਗੀਤਦੀ ਪਰਿਭਾਸ਼ਾ ਨਿਸ਼ਚਿਤ ਕਰਨ ਲਈ ਪ੍ਰਚੱਲਿਤ ਵਿਭਿੰਨ ਮੱਤਾਂ ਦੇ ਆਧਾਰ ਤੇ ਵਿਸ਼ਲੇਸ਼ਣਾਤਮਕ ਪਸਾਰੇ ਦਾ ਆਭਾਸ ਸਹਿਜੇ ਹੀ ਹੋ ਜਾਂਦਾ ਹੈ। ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੀ ਪਿੱਠ ਭੂਮੀ ਜਾਣਨ ਲਈ ਅਸੀਂ ਵੇਖਿਆ ਹੈ ਕਿ ਵੈਦਿਕ ਕਾਲ ਤੋ ਲੈ ਕੇ ਭਿੰਨ-ਭਿੰਨ ਕਾਲਾਂ ਵਿਚ ਭਾਰਤੀ ਸ਼ਾਸਤਰੀ ਸੰਗੀਤ ਨਿਰੰਤਰ ਪ੍ਰਚਾਰ ਅਧੀਨ ਰਿਹਾ ਹੈ ਅਤੇ ਕ੍ਰਿਆਤਮਕ ਕਾਰਜਸ਼ੀਲਤਾ ਦੇ ਨਾਲ ਨਾਲ ਅਨੇਕ ਸੰਗੀਤ ਗ੍ਰੰਥਾਂ ਨੇ ਸਿਧਾਂਤਕ ਤੌਰ ਤੇ ਵੀ ਵਡੇਰਾ ਯੋਗਦਾਨ ਪਾਇਆ ਹੈ। ਭਾਰਤੀ ਸ਼ਾਸਤਰੀ ਸੰਗੀਤ ਦੀ ਇਸ ਸਿਧਾਂਤਕ ਪਿੱਠ ਭੂਮੀ ਨੇ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਨੂੰ ਇਕ ਗੌਰਵਸ਼ਾਲੀ ਪਰੰਪਰਾ ਦਾ ਮਾਰਗ ਬਣਾਇਆ ਹੈ ਇਸੇ ਕਰਕੇ ਹੀ ਮੱਧ ਕਾਲ ਵਿਚ ਭਾਰਤੀ ਸੰਗੀਤ ਦੀਭਿੰਨ-ਭਿੰਨ ਧਾਰਵਾਂ ਦਾ ਖੂਬ ਪ੍ਰਚਾਰ ਰਿਹਾ ਹੈ ਕਿਉਂ ਜੋ ਇਨ੍ਹਾਂ ਤੋਂ ਸ਼ਾਸਤਰੀ ਸੰਗੀਤ ਦੀ ਸਮ੍ਰਿਧ ਪਿੱਠ ਭੂਮੀ ਮੌਜੂਦ ਸੀ। ਇਸ ਉਪਰਾਂਤ ਅਸੀਂ ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਦੇ ਕ੍ਰਮਿਕ ਵਿਕਾਸ ਦੇ ਅੰਤਰਗਤ ਕ੍ਰਿਆਤਮਕਤਾ ਤੇ ਸਿਧਾਂਤਿਕਤਾ ਨੂੰ ਜੋੜਦਿਆਂ ਵਿਸ਼ਲੇਸ਼ਣਾਤਮਕ ਚਰਚਾ ਕੀਤੀ ਹੈ ਜਿਸਦੇ ਅੰਤਰਗਤ ਸਪਸ਼ਟ ਹੋਇਆ ਹੈ ਕਿ ਅਮੀਰ ਅਤੇ ਵਿਕਾਸਸ਼ੀਲ ਪਰੰਪਰਾਵਾਂ

ਵਾਂਗੂ ਭਾਰਤੀ ਸ਼ਾਸਤਰੀ ਸੰਗੀਤ ਦੇ ਸਿਧਾਂਤਕਾਰਾਂ ਵਿਚ ਵੀ ਭਿੰਨ-ਭਿੰਨ ਮਤਾਂ ਦਾ ਪ੍ਰਚਾਰ ਰਿਹਾ। ਰਾਗ ਰਾਗਣੀ ਵਰਗੀਕਰਣ ਦਾ ਮਸਲਾ ਇਸਦੀ ਇਕ ਸਪਸ਼ਟ ਉਦਾਹਰਣ ਹੈ ਜਿਸਦੇ ਅੰਤਰਗਤ ਵੱਖ-ਵੱਖ ਮਤਾਂ ਅਨੁਸਾਰ ਕਈ-ਕਈ ਰਾਗ ਮਾਲਾਵਾਂ ਪ੍ਰਚਾਰ ਵਿਚ ਰਹੀਆਂ ਹਨ ਪਰੰਤੂ ਭਾਰਤੀ ਸ਼ਾਸਤਰੀ ਸੰਗੀਤ ਦੀ ਗੌਰਵਸ਼ਾਲੀ ਪਰੰਪਰਾ ਲਈ ਇਨ੍ਹਾਂ ਮੱਤਾਂ ਦੇ ਬਖੇੜੇ ਸਮਸਿਆ ਨਹੀਂ ਬਣੀ ਕਿਉਂ ਜੋ ਮੱਧਕਾਲ ਵਿਚ ਭਾਰਤੀ ਸੰਗੀਤ ਉਤੇ ਸਿਧਾਂਤਿਕਤਾ ਨਾਲੋਂ ਕਿਰਿਆਤਮਕਤਾ ਹਾਵੀ ਸੀ। ਰਾਗ ਦੇ ਸ਼ਾਸਤਰ ਅਤੇ ਸ਼ਾਸਤਰਿਕ ਵਿਵਾਦਾਂ ਦੀ ਬਜਾਏ ਰਾਗ ਪ੍ਰਸਤੁਤੀ ਅਤੇ ਰਾਗ ਸਾਧਨਾ ਉਤੇ ਬਲ ਦਿੱਤਾ ਜਾਂਦਾ ਸੀ। ਮੱਧਕਾਲੀਨ ਭਾਰਤੀ ਸ਼ਾਸਤਰੀ ਸੰਗੀਤ ਕਿਸੇ ਵੇਲੇ ਰਾਜਸੀ ਸਰਪ੍ਰਸਤੀ ਦੇ ਅਧੀਨ ਰਾਜ ਦਰਬਾਰਾਂ ਵਿਚ ਅਤੇ ਵਿਭਿੰਨ ਧਰਮਾਂ ਦੇ ਅੰਤਰਗੱਤ ਪ੍ਰਚਾਰ ਅਧੀਨ ਰਿਹਾ। ਇਸ ਵਿਸ਼ਲੇਸ਼ਣ ਤੋਂ ਸਾਡੇ ਸਾਹਮਣੇ ਇਹ ਤੱਥ ਵੀ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਭਾਰਤੀ ਸ਼ਾਸਤਰੀ ਸੰਗੀਤ ਦੀ ਪਰੰਪਰਾ ਇੰਨੀ ਅਮੀਰ ਸੀ ਕਿ ਭਾਰਤੀ ਸੰਗੀਤ ਪਰੰਪਰਾ, ਮੁਗਲ ਦਰਬਾਰ ਅਤੇ ਗੁਰਮਤਿ ਸੰਗੀਤ ਪਰੰਪਰਾ ਲਗਭਗ ਸਮਾਨੰਤਰ ਰੂਪ ਵਿਚ ਕਾਰਜ਼ਸ਼ੀਲ ਰਹੀਆਂਅਤੇ ਇਨ੍ਹਾਂ ਵਿਚ ਸ਼ਾਸਤਰੀ ਸੰਗੀਤ ਆਪਣੇ ਸਰੂਪ ਦੀ ਵਿਸ਼ਿਸ਼ਟਤਾ ਕਰਕੇ ਵਿਸ਼ੇਸ਼ ਰੂਪ ਵਿਚ ਪ੍ਰਚੱਲਿਤ ਰਿਹਾ। ਸਵਾਮੀ ਹਰੀਦਾਸ ਦੀ ਪਰੰਪਰਾ ਸਮਰਾਟ ਤਾਨਸੇਨ ਵਰਗੇ 'ਬਾਬਰ ਕੇ' ਗਾਇਕ ਅਤੇ ਭਾਈ ਮਰਦਾਨੇ ਵਰਗੇ 'ਬਾਬੇ ਕੇ' ਸੰਗੀਤਕਾਰ ਮੱਧਕਾਲੀਨ ਸੰਗੀਤ ਪਰੰਪਰਾ ਦੇ ਪ੍ਰਤੀਨਿਧਾਂ ਵਜੋਂ ਪ੍ਰਗਟ ਹੁੰਦੇ ਹਨ। ਇਸ ਅਧਿਆਇ ਦੇ ਅੰਤਰਗਤ ਅਸੀਂ ਮੱਧਕਾਲੀਨ ਰਾਗ ਵਰਗੀਕਰਣ ਦਾ ਵਿਸਤਾਰ ਵਿਚ ਅਧਿਐਨ ਕੀਤਾ ਹੈ ਕਿਉਂਕਿ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਦੇ

ਪ੍ਰਯੋਗ ਦੀ ਦ੍ਰਿਸ਼ਟੀ ਵੱਖਰੀ ਹੈ। ਭਿੰਨ-ਭਿੰਨ ਇਲਾਕਿਆਂ ਦੇ ਰਾਗ, ਸਨਾਤਨੀ ਰਾਗ, ਦੇਸ਼ੀ ਰਾਗ, ਮੌਸਮੀ ਰਾਗ ਗੁਰਮਤਿ ਸੰਗੀਤ ਪ੍ਰਬੰਧ ਦੀ ਵਨਸੁਵੰਨਤਾ ਦਰਸਾਉਂਦੇ ਹਨ।

ਇਸ ਅਧਿਆਇ ਅੰਤਰਗਤ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਰਾਗਾਂਦੇ ਸਰੂਪਾਂ ਲਈ ਅਸੀਂ ਗੁਰਮਤਿ ਸੰਗੀਤ ਦੇ ਕਿਰਿਆਤਮਕ ਪਰੰਪਰਾ, ਗੁਰਮਤਿ ਸੰਗੀਤ ਸੰਬੰਧੀ ਗ੍ਰੰਥ (ਹਵਾਲਾਪੁਸਤਕਾਂ) ਅਤੇ ਵੱਖ-ਵੱਖ ਸੰਗੀਤ/ਗੁਰਮਤਿ ਸੰਗੀਤ ਵਿਦਵਾਨਾਂ ਦੀਆਂ ਵਿਸ਼ੇਸ਼ਗ ਰਾਵਾਂ ਤੇ ਵਿਚਾਰ ਵਟਾਂਦਰੇ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ। ਇਸ ਆਧਾਰ ਤੇ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਵੱਖ ਵੱਖ ਸਰੂਪਾਂ ਦਾ ਵਰਣਨ ਸਾਡੇ ਇਸ ਖੋਜ ਕਾਰਜ ਦੀ ਵਿਸ਼ੇਸ਼ ਪ੍ਰਾਪਤੀ ਹੈ। ਰਾਗ ਪ੍ਰਬੰਧ ਕਿਉਂ ਜੋ ਭਾਰਤੀ ਸੰਗੀਤਨਾਲ ਸਿੱਧੇ ਤੌਰ ਤੇ ਸੰਬੰਧਿਤ ਹੈ। ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀਸੰਗੀਤ ਦੇ ਤੱਤਾਂ ਦੀ ਖੋਜ ਲਈ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ ਵਿਸ਼ੇਸ਼ ਤੌਰ'ਤੇਮਹੱਤਵਪੂਰਨ ਸਿੱਧ ਹੋਇਆ ਹੈ।

ਮੱਧਕਾਲੀਨ ਭਾਰਤੀ ਕੀਰਤਨ ਪਰੰਪਰਾ ਦੇ ਪ੍ਰਸੰਗ ਵਿਚ ਸਿੱਖ ਕੀਰਤਨ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਦੇ ਸ਼ਾਸਤਰੀ ਅਧਿਐਨ ਨੂੰ ਅਸੀਂ ਆਪਣੇ ਚੌਥੇ ਅਧਿਆਇ ਦਾ ਵਿਸ਼ਾ ਬਣਾਇਆ ਹੈ। ਸਾਡਾ ਇਹ ਅਧਿਆਇ ਇਸ ਕਰਕੇ ਵੀ ਵਿਸ਼ਸ਼ੇ ਹੈ ਕਿਉਂ ਜੋ ਪਹਿਲੀ ਵਾਰ ਗੁਰਮਤਿ ਸੰਗੀਤਦੀਆਂ ਗਾਇਨ ਸ਼ੈਲੀਆਂ ਨੂੰ ਭਾਰਤੀ ਸ਼ਾਸਤਰੀ ਸੰਗੀਤ ਦੇ ਗਾਇਨ ਪ੍ਰਬੰਧ ਤੇ ਗਾਇਨ ਤੱਤਾਂ ਦੇ ਅਧਾਰ'ਤੇ ਇਕ ਨਿਸ਼ਚਿਤ ਸ਼ਾਸਤਰਿਕ ਦ੍ਰਿਸ਼ਟੀ ਤੋਂ ਅਧਿਐਨ ਦਾ ਵਿਸ਼ਾ ਬਣਾਇਆ ਹੈ। ਅਸੀਂ ਗੁਰਮਤਿ ਸੰਗੀਤ ਨੂੰ ਸ਼ਾਸਤਰੀ ਅੰਗ ਅਤੇ ਲੋਕ ਅੰਗ ਦੀਆਂ ਸ਼ੈਲੀਆਂ ਵਿਚ ਵਿਭਾਜਿਤ ਕੀਤਾ ਹੈ ਅਤੇ ਹਰ ਇਕ ਦੀ ਮੌਲਿਕਤਾ ਨੂੰ ਸੰਗੀਤਸ਼ਾਸਤਰਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਬਿਨਾਂ ਸਿੱਖ ਧਰਮ

ਅਤੇ ਸਿੱਖੀ ਜੀਵਨ ਵਿਚ ਵੱਖ-ਵੱਖ ਰਸਮਾਂ, ਮੌਸਮਾਂ ਤੇ ਧਾਰਮਿਕ ਪਰੰਪਰਾਵਾਂ ਨਾਲ ਸੰਬੰਧਿਤ ਕੀਰਤਨ ਚੌਕੀਆਂ ਨੂੰ ਹੀ ਸ਼ਾਸਤਰੀ ਦ੍ਰਿਸ਼ਟੀ ਤੋਂ ਪਰਖਣ ਦੀ ਕੋਸ਼ਿਸ਼ ਕੀਤੀ ਹੈ ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਦੀ ਉੱਤਮ ਕਲਾਤਮਿਕਤਾ ਨੂੰ ਇਸਦੀ ਕਿਰਿਆਤਮਕਤਾ ਵਿਚੋਂ ਹੀ ਲੱਭਿਆ ਜਾ ਸਕਦਾ ਹੈ ਪਰ ਸਰੂਪ ਵਰਣਨ, ਸੁਰ ਲਿਪੀ ਅਤੇ ਵਿਸ਼ਲੇਸ਼ਣ ਦੁਆਰਾ ਅਸੀਂ ਇਨ੍ਹਾਂ ਦੇ ਉੱਤਮ ਗੁਣਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪੂਰਵਲੇ ਚਾਰ ਅਧਿਆਇਆਂ ਵਿਚ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਸੰਬੰਧੀ ਵਿਸ਼ਲੇਸ਼ਣਾਤਮਕ ਚਰਚਾ ਤੋਂ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਪ੍ਰਚਲਨ ਸੰਬੰਧੀ ਸਾਨੂੰ ਭਰਪੂਰ ਜਾਣਕਾਰੀ ਉਪਲੱਬਧ ਹੋਦੀ ਹੈ। ਇਹ ਸਪਸ਼ਟ ਹੋ ਗਿਆ ਹੈਕਿ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਭਿੰਨ ਉਪਕਰਣਾਂ ਤੇ ਸੰਗੀਤ ਇਕਾਈਆਂ ਦਾ ਇਸਤੇਮਾਲ ਤਾਂ ਕੀਤਾ ਗਿਆ ਹੈ ਪਰਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਗਟ ਹੋਣ ਵਾਲੇ ਸੰਗੀਤ ਪ੍ਰਬੰਧ ਦੇ ਅਧੀਨ ਹੀ ਰਖਿਆ ਗਿਆ ਹੈ। ਇਸ ਅੰਤਿਮ ਪੰਜਵੇਂ ਅਧਿਆਇ ਵਿਚ ਅਸੀਂ ਭਾਰਤੀ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਗੁਰਮਤਿ ਸੰਗੀਤ ਦੇ ਅੰਤਰਗਤ ਸਪਸ਼ਟ ਰੂਪ ਵਿਚ ਵਿਸ਼ਲੇਸ਼ਣ ਕੀਤਾ ਹੈ। ਅਸੀਂ ਵੇਖਿਆ ਹੈ ਕਿ ਇਨ੍ਹਾਂ ਸੰਗੀਤ ਤੱਤਾਂ ਦੀ ਭਾਰਤੀ ਸ਼ਾਸਤਰੀ ਸੰਗੀਤ ਵਿਚ ਮੌਲਿਕ ਪ੍ਰਯੋਗ ਵਿਧੀ ਪਛਾਣ ਅਤੇ ਮਹੱਤਤਾ ਹੈ ਪਰੰਤੂ ਗੁਰਮਤਿ ਸੰਗੀਤ ਵਿਚ ਇਨ੍ਹਾਂ ਦੇਮੂਲ ਗੁਣ ਅਤੇ ਵਿਸ਼ੇਸ਼ਤਾਵਾਂ ਨੂੰ ਭਲੀ ਭਾਂਤ ਇਸਤੇਮਾਲ ਕਰਦਿਆਂ ਗੁਰਮਤਿ ਸੰਗੀਤ ਪ੍ਰਬੰਧ ਦੇ ਪ੍ਰਯੋਜਨ ਨੂੰ ਸਿੱਧ ਕੀਤਾ ਗਿਆ ਹੈ। ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਇਹ ਤੱਤ ਸਾਨੂੰ ਸਰਬਪ੍ਰਥਮ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਤੋਂ ਪ੍ਰਾਪਤ ਹੋਏ ਹਨ। ਇਸ ਰਾਗ ਪ੍ਰਬੰਧ ਸੰਬੰਧੀ ਅਸੀਂ ਚੌਥੇ ਅਧਿਆਇ ਵਿਚ ਵਿਸਥਾਰ ਪੂਰਵਕ ਚਰਚਾ ਕਰ ਆਏ ਹਾਂ ਜਿਸ ਤੋਂ ਸਾਨੂੰ ਗੁਰਮਤਿ ਸੰਗੀਤ ਵਿਚ ਰਾਗਾਂ ਦੇ ਵਿਵਿਧ ਪੱਖੀ ਪ੍ਰਯੋਗ ਦਾ ਆਭਾਸ ਹੋਇਆ ਹੈ। ਇਸ ਅਧਿਆਇ ਵਿਚ ਅਸੀਂ ਭਾਰਤੀ ਸ਼ਾਸਤਰੀ

ਸ਼ਾਸਤਰੀ ਸੰਗੀਤ ਦੇ ਵਿਸ਼ਿਸ਼ਟ ਤੱਤ ਵਜੋਂ ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਯੋਗ ਅਤੇ ਮਹੱਤਵ ਸੰਬੰਧੀ ਵਿਚਾਰ ਕੀਤੀ ਹੈ। ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਅਧੀਨ ਇਕੱਤੀ ਮੁੱਖ ਰਾਗਾਂ ਦੇ ਅਧੀਨ 27 ਪ੍ਰਕਾਰ ਆਪਣੇ ਬਹੁ ਰੰਗੀ ਰੂਪਾਂ ਵਿਚ ਪ੍ਰਗਟ ਹੋਏ ਹਨ। ਇਸ ਉਪਰੰਤ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਵਿਚ ਅਸਟਪਦੀ, ਪਦ, ਹੋਲੀ, ਪੜਤਾਲ ਦਾ ਸ਼ਾਸਤਰੀ ਵਿਵੇਚਨ ਵਿਸ਼ੇਸ਼ ਹੈ। ਇਸੇ ਤਰ੍ਹਾਂ ਲੋਕ ਗਾਇਨ ਸ਼ੈਲੀਆਂ ਦੇ ਅੰਤਰਗਤ ਅਨੁਸ਼ਾਸ਼ਨਬੱਧਤਾ ਨੇ ਲੋਕ ਗਾਇਨ ਸ਼ੈਲੀਆਂ ਵਿਚ ਸ਼ਾਸਤਰੀ ਤੱਤਾਂ ਦੇ ਅਧਿਐਨ ਨੂੰ ਨਵੀਨ ਆਧਾਰ ਦਿਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਸੰਗੀਤਕ ਸੰਕੇਤਾਂ ਦੁਆਰਾ ਇਸ ਪ੍ਰਬੰਧ ਦੇ ਵਿਸ਼ੇਸ਼ ਰੂਪ ਨੂੰ ਦਰਸਾਇਆ ਗਿਆ ਹੈ। ਇਹ ਸੰਗੀਤਕ ਸੰਕੇਤ ਸਿੱਧੇ ਤੌਰ 'ਤੇ ਸ਼ਾਸਤਰੀ ਸੰਗੀਤ ਨਾਲ ਸੰਬੰਧਿਤ ਹਨ। ਇਸ ਤੋਂ ਬਿਨਾਂ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਸਾਜ ਅਤੇ ਇਨ੍ਹਾਂ ਦੇ ਵਾਦਨ ਦਾ ਆਧਾਰ ਸ਼ਾਸਤਰੀ ਸੰਗੀਤ ਹੀ ਹੈ। ਸੰਗੀਤ ਦੇ ਕੇਂਦਰਾਂ ਅਤੇ ਘਰਾਣਾਂ ਪਰੰਪਰਾ ਵਾਂਗੂ ਗੁਰਮਤਿ ਸੰਗੀਤ ਵਿਚ ਵੀ ਕੀਰਤਨ ਕੇਂਦਰ ਅਤੇ ਕੀਰਤਨੀਆਂ ਦੀ ਵਿਸ਼ਾਲ ਪਰੰਪਰਾ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਸ ਵਿਚ ਕਾਰਜ ਵਿਧੀ ਦੇ ਬੁਨਿਆਦੀ ਤੌਰ 'ਤੇ ਸੁਭਾਅ ਸ਼ਾਸਤਰੀ ਸੰਗੀਤ ਦੇ ਸਮਾਨ ਹੀ ਹੈ। ਗੁਰਮਤਿ ਸੰਗੀਤ ਵਿਚ ਪ੍ਰਚਲਿਤ ਚੌਂਕੀਆਂ ਦੇ ਵਿਸਤਰਿਤ ਅਧਿਐਨ ਤੋਂ ਸਪਸ਼ਟ ਹੈ ਕਿ ਹਰ ਕੀਰਤਨ ਚੌਂਕੀ ਆਪਣੇ ਆਪ ਵਿਚ ਵਿਸ਼ੇਸ਼ ਨਿਯਮਾਂ ਵਿਚ ਬੱਝੀ ਹੋਈ ਹੈ ਅਤੇ ਇਨ੍ਹਾਂ ਨਿਯਮਾਂ ਵਿਚ ਸ਼ਾਸਤਰੀ ਸੰਗੀਤ ਦੇ ਤੱਤਾਂ ਦੁਆਰਾ ਗੁਰਮਤਿ ਸੰਗੀਤ ਦੀ ਪ੍ਰੋੜ ਅਤੇ ਵਿਸ਼ਿਸ਼ਟ ਪਰੰਪਰਾ ਸਿਰਜੀ ਗਈ ਹੈ। ਇਹ ਕੀਰਤਨਚੌਂਕੀਆਂ ਇਕ ਸੁਨਿਸ਼ਚਿਤ ਕੀਰਤਨ ਪ੍ਰਸਤੁਤੀ ਦੇ ਰੂਪ ਵਿਚ ਪ੍ਰਗਟ ਹੋ ਰਹੀਆਂ ਹਨ ਇਨ੍ਹਾਂ ਸੰਬੰਧੀ ਵਧੇਰੇ ਜਾਣਕਾਰੀ ਇਨ੍ਹਾਂ ਦੇ ਸਰੂਪਾਂ ਸੰਬੰਧੀ

ਵਿਸ਼ਲੇਸ਼ਣ ਅਤੇ ਸਰੂਪਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਕਿਉਂਕਿ ਇਨ੍ਹਾਂ ਵਿਚ ਵੱਖ-ਵੱਖ ਰਾਗਾਂ ਅਤੇ ਵਿਸ਼ੇਸ਼ ਗਾਇਨ ਸ਼ੈਲੀਆਂ ਦਾ ਵਿਸ਼ੇਸ਼ ਵਿਧੀ ਦੁਆਰਾ ਪ੍ਰਚਾਰ ਰਿਹਾ ਹੈ। ਜਦੋਂ ਗੁਰੂ ਸਾਹਿਬ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਨੂੰ ਕੀਰਤਨ ਰੂਪ ਵਿਚ ਪ੍ਰਸਤੁਤ ਕਰਦੇ ਹਨ ਤਾਂ ਇਹ ਉਨ੍ਹਾਂ ਨੂੰ ਵਿਸ਼ੇਸ਼ ਸ਼ਾਸਤਰੀ ਅੰਗ ਜਾਂ ਸ਼ਾਸਤਰੀ ਅੰਦਾਜ਼ ਵੀ ਪ੍ਰਦਾਨ ਕਰ ਰਹੇ ਹਨ ਉਦਾਹਰਣ ਦੇ ਤੌਰ'ਤੇ ਸਾਰੀਆਂ ਲੋਕ ਗਾਇਨ ਸ਼ੈਲੀਆਂ ਰਾਗਾਂ ਵਿਚ ਨਿਬੱਧ ਹਨ ਅਤੇ ਇਨ੍ਹਾਂ ਦੀ ਪ੍ਰਸਤੁਤੀ ਕੀਰਤਨ ਰੂਪ ਵਿਚ ਹੁੰਦੀ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਵਿਚ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਭਰਪੂਰ ਇਸਤੇਮਾਲ ਕੀਤਾ ਗਿਆ ਹੈ। ਇਨ੍ਹਾਂ ਤੱਤਾਂ ਦੇ ਪ੍ਰਯੋਗ ਨੇ ਗੁਰਮਤਿ ਸੰਗੀਤ ਪ੍ਰਬੰਧ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਹ ਤੱਤ ਆਪਣੇ ਵਿਸ਼ੇਸ਼ ਪ੍ਰਯੋਗ ਕਰਕੇ ਮਹੱਤਵਪੂਰਨ ਹਨ ਅਤੇ ਗੁਰਮਤਿ ਸੰਗੀਤ ਦੇ ਗੁਣਾਤਮਕ ਮਿਆਰ ਅਤੇ ਅਨੁਸ਼ਾਸ਼ਨ ਨੂੰ ਸਿਰਜਣ ਵਿਚ ਵੀ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ ਭਾਵੇਂ ਇਨ੍ਹਾਂ ਸ਼ਾਸਤਰੀ ਸੰਗੀਤ ਤੱਤਾਂ ਦਾ ਇਸਤੇਮਾਲ ਗੁਰਮਤਿ ਸੰਗੀਤ ਵਿਚ ਕੀਤਾ ਗਿਆ ਹੈ ਪਰੰਤੂ ਇਹ ਪ੍ਰਯੋਗ ਗੁਰਮਤਿ ਸੰਗੀਤ ਦੀ ਮੌਲਿਕਤਾ ਦਾ ਧਾਰਣੀ ਹੈ। ਗੁਰਮਤਿ ਸੰਗੀਤ ਦੁਆਰਾ ਇਸ ਪ੍ਰਯੋਗ ਨੇ ਭਾਰਤੀ ਸ਼ਾਸਤਰੀ ਸੰਗੀਤ ਦੇ ਇਨ੍ਹਾਂ ਤੱਤਾਂ ਨੂੰ ਇਕ ਨਵੀਨ ਸਥਾਨ, ਨਵੀਨ ਪ੍ਰਯੋਗ ਅਤੇ ਨਵੀਨ ਮਹੱਤਵ ਦਿੱਤਾ ਹੈ ਜਿਸ ਨੇ ਇਨ੍ਹਾਂ ਦੀ ਗੁਣਾਂਤਮਕ ਉਚੱਤਾ ਵਿਚ ਹੋਰ ਵੀ ਵਾਧਾ ਕੀਤਾ ਹੈ। ਗੁਰਮਤਿ ਸੰਗੀਤ ਨੇ ਇਨ੍ਹਾਂ ਸ਼ਾਸਤਰੀ ਸੰਗੀਤਕ ਤੱਤਾਂ ਦੇ ਗੁਣਾਤਮਕ ਸਰੂਪ ਤੇ ਅਧਿਐਨ ਦੀਆਂ ਅਨੇਕ ਸੰਭਾਵਨਾਵਾਂ ਉਤਪੰਨ ਕੀਤੀਆਂ ਹਨ ਇਸ ਲਈ ਭਾਰਤੀ ਸ਼ਾਸਤਰੀ ਸੰਗੀਤ ਗੁਰਮਤਿ ਸੰਗੀਤ ਦਾ ਹਮੇਸ਼ਾ ਹੀ ਆਭਾਰੀ ਰਹੇਗਾ।

—o—o—

# ਪੁਸਤਕ ਸੂਚੀ


**ਪੰਜਾਬੀ:**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ
ਫਰੀਦਕੋਟ ਵਾਲਾ ਟੀਕਾ, ਭਾਸ਼ਾ ਵਿਭਾਗ, ਪੰਜਾਬ, 1970.

ਸਤਿਬੀਰ ਸਿੰਘ, (ਪ੍ਰਿੰਸੀਪਲ), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1985.

ਸਤਿਬੀਰ ਸਿੰਘ (ਪ੍ਰਿੰਸੀਪਲ), ਪਰਤਖਿ ਹਰਿ (ਜੀਵਨ ਗੁਰੂ ਅਰਜਨ ਦੇਵ ਜੀ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1982.

ਸਤਿਬੀਰ ਸਿੰਘ, (ਪ੍ਰਿੰਸੀਪਲ), ਪੁਰਾਤਨ ਇਤਿਹਾਸਕ ਜੀਵਨੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1985.

ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪਹਿਲੀ, ਦੂਜੀ, ਤੀਜੀ), ਰਾਜ਼ ਪਬਲਿਸ਼ਰਜ਼, ਜਲੰਧਰ.

ਸੋਢੀ, ਮਿਹਰਬਾਨ ਜੀ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, (ਸੰਪਾ. ਕਿਰਪਾਲ ਸਿੰਘ), ਸਿੱਖ ਹਿਸਟਰੀ ਰਿਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ, (ਪਹਿਲੀ ਵਾਰ), 1962.

ਸੰਤ ਸਰਵਣ ਸਿੰਘ(ਗੰਧਰਵ) — ਸੁਰ ਸਿਮਰਣ ਸੰਗੀਤ (ਭਾਗ ਦੂਜਾ, ਤੀਜਾ, ਚੌਥਾ), ਸੰਤ ਸਰਵਣ ਸਿੰਘ 'ਗੰਧਰਵ' ਪਿੰਡ ਤੇ ਡਾਕ. ਡੁਮੇਲੀ, ਵਰਾਸਤਾ-ਫਗਵਾੜਾ, ਜ਼ਿਲ੍ਹਾ ਕਪੂਰਥਲਾ

ਸੰਤ ਦਾਸ ਛਿਬਰ, — ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ, (ਸੰਪਾ: ਗੁਰਦੇਵ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਪਹਿਲਾ ਸੰਸ.)1983.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ), — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਸ਼ਰਮਾ, ਜਗੇਂਦਰ ਪਾਲ, ਚਰਿੱਤਰ ਸਿੰਘ, — ਭਾਰਤੀ ਸੰਗੀਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪਹਿਲਾ ਸੰਸ.), 1988.

ਸ਼ਾਂਤੀ ਗੋਵਰਧਨ, — ਸੰਗੀਤ ਸ਼ਾਸਤਰ ਦਰਪਣ(ਭਾਗ ਪਹਿਲਾ) (ਅਨੁ. ਮਿਸਿਜ਼ ਸਵਿੰਦਰ ਗਿੱਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਹਰਬੰਸ ਸਿੰਘ(ਪ੍ਰੋ.) — ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹਰਬੰਸ ਸਿੰਘ(ਪ੍ਰੋ.) — ਨਿਰਬਾਣ ਕੀਰਤਨ, ਖਾਲਸਾ ਬ੍ਰਦਰਜ਼ ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ

ਕਪਿਲਾ, ਸੁਰਿੰਦਰ, — ਸੰਗੀਤ ਰਤਨਾਵਲੀ, (ਸੰਪਾ. ਡਾ. ਗੁਰਨਾਮ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਖੋਸਲਾ, ਚੰਦਰਕਾਂਤਾ, *ਸੰਗੀਤ ਗ੍ਰੰਥ ਤੇ ਭਾਰਤੀ ਸੰਗੀਤ ਦਾ ਇਤਿਹਾਸ* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ(ਪਹਿਲਾ ਸੰਸ.), 1982.

ਗਿਆਨ ਸਿੰਘ ਐਬਟਾਬਾਦ, *ਗੁਰਬਾਣੀ ਸੰਗੀਤ*( ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ, 1987.

*ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ*, ਚੀਫ਼ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ, 1985

ਗੁਰਨਾਮ ਸਿੰਘ(ਡਾ.) *ਆਦਿ ਗ੍ਰੰਥ: ਰਾਗ ਕੋਸ਼*, ਪਵਿੱਤਰ ਪ੍ਰਮਾਣਿਕ ਪਰਕਾਸ਼ਨ, ਪਟਿਆਲਾ, 1983.

ਗੁਰਨਾਮ ਸਿੰਘ(ਡਾ.) *ਸੰਗੀਤ ਨਿਬੰਧਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਗੋਸਲ, ਏ. ਐਸ. *ਸਿੱਖ ਧਰਮ ਅਤੇ ਸੰਗੀਤ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1982.

*ਚੋਣਵੀਆਂ ਕਾਫੀਆਂ*, (ਸੰਪਾ. ਸੁਰਿੰਦਰ ਸਿੰਘ ਕੋਹਲੀ), ਭਾਸ਼ਾ ਵਿਭਾਗ, ਪੰਜਾਬ, 1973.

*ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, (ਸੰਪਾ. ਪਿਆਰਾ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ(ਪਹਿਲਾ ਸੰਸਕਰਣ), ਨਵੰਬਰ, 1974.

ਜੋਧ ਸਿੰਘ, ਸ੍ਰੀ ਕਰਤਾਰਪੁਰ ਬੀੜ ਦੇ ਦਰਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਤਾਰਾ ਸਿੰਘ(ਪ੍ਰੋ.), ਪੜਤਾਲ ਗਾਇਕੀ,
(ਸੰਪਾ. ਸ੍ਰੀ ਮਤੀ ਸੁਰਜੀਤ ਕੌਰ, ਡਾ. ਗੁਰਨਾਮ
ਸਿੰਘ), ਗੁਰਮਤਿ ਸੰਗੀਤ ਪ੍ਰਕਾਸ਼ਨ, 34-ਏ,
ਖਾਲਸਾ ਕਾਲਜ, ਕਾਲੋਨੀ, ਪਟਿਆਲਾ।

- ਓਹੀ- ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ
ਲੋਕ ਸੰਪਰਕ ਵਿਭਾਗ, ਪੰਜਾਬ,

- ਓਹੀ - ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ 1992.

- ਓਹੀ - ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ,
ਪ੍ਰਕਾਸ਼ਨ ਤੇ ਵਿਕਰੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

ਤਾਰਾ ਸਿੰਘ(ਪ੍ਰੋ.), ਸੁਰਜੀਤ ਕੌਰ, ਵਾਦਨ ਕਲਾ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

ਤਾਰਾ ਸਿੰਘ 'ਨਰੋਤਮ', ਗੁਰੂ ਗਿਰਾਰਥ ਕੋਸ਼, ਰਾਜਿੰਦਰਾ ਪ੍ਰੈਸ,
ਪਟਿਆਲਾ, ਸੰਨ 1955 ਬਿਕ੍ਰਮੀ 1898 ਈ.

ਦੇਵਿੰਦਰ ਸਿੰਘ(ਡਾ.) ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ,
ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ
ਕਾਲਜ, ਅੰਮ੍ਰਿਤਸਰ, 1986.

ਨਰੂਲਾ, ਦਰਸ਼ਨ ਸਿੰਘ(ਡਾ.), ਸੰਗੀਤ ਸਮੀਖਿਆ, ਲਿਟਰੇਚਰ ਹਾਊਸ
14, ਭਾਈ ਵੀਰ ਸਿੰਘ ਮਾਰਕੀਟ, ਪੁਤਲੀਘਰ,
ਅੰਮ੍ਰਿਤਸਰ

ਨਰੂਲਾ, ਦਰਸ਼ਨ ਸਿੰਘ(ਡਾ.) ਗੁਰਬਾਣੀ ਸੰਗੀਤ ਬਾਰੇ, ਗੁਰਮਤਿ ਸਟੱਡੀ ਸਰਕਲ, ਮਲੋਟ, 1985.

ਨਿਗਮ, ਵੀ. ਐਸ. ਸੰਗੀਤ ਕੌਮੁਦੀ, (ਅਨੁ. ਸ਼ਮਸ਼ੇਰ ਸਿੰਘ ਕਰੀਰ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, (ਪਹਿਲਾ ਸੰਸਕਰਣ), 1977.

- ਉਹੀ - ਗੁਰੂ ਗ੍ਰੰਥ ਸੰਕੇਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼, (ਸੰਪਾ. ਗੁਰਦੇਵ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1989.

ਪੰਜਾਬੀ ਕੋਸ਼ ਭਾਸ਼ਾ ਵਿਭਾਗ, ਪੰਜਾਬ

ਬਾਲੀ, ਐਚ. ਐਸ. ਸੰਗੀਤ ਪ੍ਰਕਾਸ਼, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ(ਦੂਜਾ ਸੰਸਕਰਣ), 1986.

ਬੇਦੀ, ਸੋਹਿੰਦਰ ਸਿੰਘ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਲੋਕ ਪ੍ਰਕਾਸ਼ਨ, ਨਈ ਦਿੱਲੀ

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ, ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.

ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ
ਸ੍ਰੀ ਗੁਰੂ ਨਾਨਕ ਪੁਸਤਕਾਲੈ, ਲਾਹੌਰ

ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ (ਭਾਗ ਦੂਜਾ),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੇਟੀ, ਅੰਮ੍ਰਿਤਸਰ

- ਉਹੀ - ਗੁਰੁ ਛੰਦ ਦਿਵਾਕਰ,
ਭਾਸ਼ਾ ਵਿਭਾਗ, ਪੰਜਾਬ, 1981 .

- ਉਹੀ - ਮਹਾਨ ਕੋਸ਼, (ਗੁਰਸ਼ਬਦ ਰਤਨਾਕਰ),
ਭਾਸ਼ਾ ਵਿਭਾਗ, ਪੰਜਾਬ 1981.

ਭਾਈ ਵੀਰ ਸਿੰਘ, ਗੁਰੂ ਗ੍ਰੰਥ ਕੋਸ਼,
ਖਾਲਸਾ ਟ੍ਰੈਕਟ ਸੁਸਾਇਟੀ , ਅੰਮ੍ਰਿਤਸਰ

- ਉਹੀ - ਸ੍ਰੀ ਗੁਰੂ ਨਾਨਕ ਚਮਤਕਾਰ (ਪੂਰਬਾਰਧ)
ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ

- ਉਹੀ - ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ,
(ਪੋਥੀ ਪਹਿਲੀ, ਦੂਜੀ, ਪੰਜਵੀ) ਖਾਲਸਾ ਸਮਾਚਾਰ,
ਹਾਲ ਬਾਜ਼ਾਰ, ਅੰਮ੍ਰਿਤਸਰ

ਭੋਗਲ, ਪਿਆਰਾ ਸਿੰਘ, ਸਾਹਿਤਕ ਨਿਬੰਧ, ਹਿਰਦੈਜੀਤ ਪ੍ਰਕਾਸ਼ਨ, ਜਲੰਧਰ

ਮਨਮੋਹਨ ਸਿੰਘ (ਡਾ.) ਗੁਰੂ ਨਾਨਕ ਅਤੇ ਭਗਤੀ ਅੰਦੋਲਨ,
ਭਾਸ਼ਾ ਵਿਭਾਗ, ਪੰਜਾਬ

ਹਿੰਦੀ

ਉਮੇਸ਼ ਜੋਸ਼ੀ — ਭਾਰਤੀਯ ਸੰਗੀਤ ਕਾ ਇਤਿਹਾਸ, ਮਾਨਸਰੋਵਰ ਪ੍ਰਕਾਸ਼ਨ, ਫਿਰੋਜ਼ਾਬਾਗ, 1956

ਅਹੋਬਲ — ਸੰਗੀਤ ਪਾਰਿਜਾਤ, (ਭਾਸ਼ਯਕਾਰ ਪੰ.ਕਲਿੰਦ ਜੀ), ਸੰਗੀਤ ਕਾਰਯਲਯ, ਹਾਥਰਸ (ਉੱਤਰ-ਪ੍ਰਦੇਸ਼) ਨਵੰਬਰ, 1956

ਆਚਾਰੀਆ ਬ੍ਰਹਸਪਤਿ — ਸੰਗੀਤ ਚਿੰਤਾਮਣੀ, ਸੰਗੀਤ ਕਾਰਯਾਲਯ ਹਾਥਰਸ, (ਉੱਤਰ-ਪ੍ਰਦੇਸ਼) , 1956

- ਉਹੀ - — ਮੁਸਲਮਾਨ ਔਰ ਭਾਰਤੀਯ ਸੰਗੀਤ, ਰਾਜਕਮਲ ਪ੍ਰਕਾਸ਼ਨ, ਦਿਲੀ 1974

- ਉਹੀ - — ਨਾਟਯ ਸ਼ਾਸਤਰ 27ਵਾਂ ਅਧਿਆਇ, ਬ੍ਰਹਸਪਤਿ ਪਬਲੀਕੇਸ਼ਨਸ, ਨਈ ਦਿੱਲੀ , (ਪ੍ਰਥਮ ਸੰਸ), 1986

ਸਕਸੈਨਾ, ਮਧੁਬਾਲਾ, — ਖਿਆਲ ਸ਼ੈਲੀ ਕਾ ਵਿਕਾਸ, ਵਿਸ਼ਾਲ ਪਬਲੀਕੇਸ਼ਨਸ, ਕੁਰਕਸ਼ੇਤਰ, 1985

ਸੀਤਲ, ਪ੍ਰਭੂਦਿਆਲ, — ਬ੍ਰਜ ਕੇ ਧਰਮ ਸੰਪ੍ਰਦਾਵਾਂ ਕਾ ਇਤਿਹਾਸ, ਨੈਸ਼ਨਲ ਪਬਲੀਸ਼ਿੰਗ ਹਾਊਸ, ਦਿੱਲੀ - 6

ਸੇਨ, ਅਰੁਣ ਕੁਮਾਰ(ਡਾ.) — ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ, ਮਧਯਪ੍ਰਦੇਸ਼, ਹਿੰਦੀ ਗ੍ਰੰਥ ਅਕਾਦਮੀ, ਭੋਪਾਲ (ਪ੍ਰਥਮ ਸੰਸ), 1973

ਸ਼ਾਸਤਰੀ, ਕੇ. ਵਾਸੁਦੇਵ — ਸੰਗੀਤ ਸ਼ਾਸਤਰ, ਹਿੰਦੀ ਸਮਿਤੀ, ਸੂਚਨਾ ਵਿਭਾਗ(ਉੱਤਰ-ਪ੍ਰਦੇਸ਼) ਲਖਨਊ(ਦੂਜਾ ਸੰਸ.) 1968.

ਸ਼ਾਰੰਗਦੇਵ (ਪੰਡਿਤ) — ਸੰਗੀਤ ਰਤਨਾਕਰ(ਭਾਗ ਦੋ) (ਅਨੁ. ਲਕਸ਼ਮੀ ਨਰਾਇਣ ਗਰਗ), ਸੰਗੀਤ ਕਾਰਯਾਲਯ ਹਾਥਰਸ,(ਉੱਤਰ-ਪ੍ਰਦੇਸ਼),1975.

ਸ਼ਿਆਮ ਸੁੰਦਰ ਦਾਸ — ਹਿੰਦੀ ਸ਼ਬਦ ਸਾਗਰ, ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ

ਸ੍ਰੀ ਭਗਵਤੀ ਪ੍ਰਸਾਦ ਪ੍ਰੇਮ ਸ਼ੰਕਰ ਭੱਟ — ਪੁਸ਼ਟੀ ਸੰਗੀਤ ਪ੍ਰਕਾਸ਼, ਸੰਗੀਤ ਨਾਟਕ ਅਕਾਦਮੀ, ਨਈ ਦਿੱਲੀ,1973.

ਸ੍ਰੀ ਵਾਸਤਵ, ਹਰੀਸ਼ ਚੰਦਰ, — ਰਾਗ ਪਰਿਚਯ (ਭਾਗ ਏਕ), ਸੰਗੀਤ ਸਦਨ ਪ੍ਰਕਾਸ਼ਨ,ਅਲਾਹਾਬਾਦ,1980.

ਗੀਤਾ ਪੈਂਤਲ, — ਪੰਜਾਬ ਕੀ ਸੰਗੀਤ ਪਰੰਪਰਾ, ਰਾਧਾ ਪਬਲੀਕੇਸ਼ਨਸ ਦਰਿਆਗੰਜ,ਨਵੀਂ ਦਿੱਲੀ (ਪ੍ਰਥਮ ਸੰਸ.)1988.

ਗੋਵਿੰਦ ਰਾਵ ਰਾਜੁਰਕਰ, — ਸੰਗੀਤ ਸ਼ਾਸਤਰ ਪਰਾਗ, ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ

ਚੌਧਰੀ, ਸੁਭੱਦਰਾ(ਡਾ.) — ਭਾਰਤੀਯ ਸੰਗੀਤ ਮੇਂ ਤਾਲ ਔਰ ਰੂਪ ਵਿਧਾਨ, ਕ੍ਰਿਸ਼ਣਾ ਬ੍ਰਦਰਜ਼, ਮਹਾਤਮਾ ਗਾਂਧੀ ਮਾਰਗ, ਅਜਮੇਰ, (ਪ੍ਰਥਮ ਸੰਸ.),1975.

ਚੌਧਰੀ, ਵਿਮਲਾਕਾਂਤ ਰਾਏ, *ਭਾਰਤੀਯ ਸੰਗੀਤ ਕੋਸ਼*, ਭਾਰਤੀਯ ਗਿਆਨਪੀਠ ਪ੍ਰਕਾਸ਼ਨ, ਨਵੀਂ ਦਿੱਲੀ, 1975

ਜ.ਤ੍ਰਿ.ਸ਼ਾਹ, *ਮਲਾਰ ਕੇ ਪ੍ਰਕਾਰ*, 41/1 ਸ਼ਿਵਨੇਰੀ ਸ਼ਿਵਾ ਜੀ ਪਾਰਕ, ਰਾਉਤ ਰੋਡ, ਦਾਦਰ, ਬੰਬਈ-26

ਜਗਦੀਸ਼ ਸਹਾਏ ਕੁਲਸ਼੍ਰੇਸ਼ਠ *ਸੰਗੀਤ ਸ਼ਾਸਤਰ*, (ਸੰਪਾ. ਲਕਸ਼ਮੀ ਨਾਰਾਇਣ ਗਰਗ) ਸੰਗੀਤ ਕਾਰਯਾਲਯ ਹਾਥਰਸ,(ਉੱਤਰ-ਪ੍ਰਦੇਸ਼), ਜੂਨ, 1970.

ਜੌਹਰੀ, ਪੁਸ਼ਪਾ (ਡਾ.) *ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ*, ਅਭਿਵਿਅੰਜਨਾ, ਨਵੀਂ ਦਿੱਲੀ, 1985.

ਠਾਕੁਰ, ਓਅੰਕਾਰ ਨਾਥ, *ਸੰਗੀਤਾਂਜਲਿ* (ਭਾਗ ਪਹਿਲਾ, ਚੌਥਾ) ਓਅੰਕਾਰ ਨਾਥ ਠਾਕੁਰ ਲੇਖਕ ਤੇ ਪ੍ਰਕਾਸ਼ਕ

ਨਰੂਲਾ, ਡੀ.ਐਸ.(ਡਾ.) *ਗੁਰੂ ਨਾਨਕ ਸੰਗੀਤਗ੍ਰੰਥ*, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1978

ਨਿਖਿਲ ਘੋਸ਼ *ਰਾਗ-ਤਾਲ ਕੇ ਮੂਲ ਤੱਤਵ ਔਰ ਅਭਿਨਵ ਸਵਰਲਿਪਿ ਪੱਧਤੀ*, ( ਅਨੁ. ਮਦਨ ਲਾਲ ਵਿਆਸ), ਵਿਲੇਪੋਹਲੇ ਸੰਗੀਤ ਮਹਾਂਭਾਰਤੀ, ਬੰਬਈ

*ਨਿਬੰਧ ਸੰਗੀਤ* (ਸੰਪਾ. ਲਕਸ਼ਮੀ ਨਾਰਾਇਣ ਗਰਗ), ਸੰਗੀਤ ਕਾਰਯਾਲਯ, ਹਾਥਰਸ (ਉੱਤਰ-ਪ੍ਰਦੇਸ਼), 1979

ਪਰਾਂਜਪੇ, ਸਰਚੰਦ੍ਰ ਸ਼੍ਰੀ ਧਰ *ਸੰਗੀਤ ਬੋਧ*, ਮਧਯ ਪ੍ਰਦੇਸ਼, ਹਿੰਦੀ ਗ੍ਰੰਥ ਅਕਾਦਮੀ 1980

ਪਾਸ਼ਰਵਦੇਵ, *ਸੰਗੀਤ ਸਮਯਸਾਰ*, (ਸੰਪਾ. ਅਨੁ. ਆਚਾਰੀਆ ਬ੍ਰਹਸਪਤਿ ਸ਼੍ਰੀ ਕੁੰਦਕੁੰਦਭਾਰਤੀ, ਦਿੱਲੀ, (ਪ੍ਰਥਮ ਸੈਂਸ), 1977

ਪੀਤਾਂਬਰ ਦੱਤ ਬੜਥਵਾਲ (ਡਾ.), *ਗੋਰਖਬਾਨੀ*, ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ 2017 ਬਿਕ੍ਰਮੀ

ਬੰਦੋਪਾਧਿਆਇ, ਸ਼੍ਰੀਪਦ, *ਸੰਗੀਤ ਭਾਸ਼ਯ*, ਬੀ.ਆਰ.ਪਬਲੀਸ਼ਿੰਗ ਕਾਰਪੋਰੇਸ਼ਨ ਦਿੱਲੀ, (ਪ੍ਰਥਮ ਸੰਸ) 1985.

ਭਾਤਖੰਡੇ, ਵੀ.ਐਨ, *ਕ੍ਰਮਿਕ ਪੁਸਤਕ ਮਲਿਕਾ*(ਭਾਗ ਦੂਜਾ, ਤੀਜਾ,ਚੌਥਾ ਸੰਗੀਤ ਕਾਰਯਾਲਯ ਹਾਥਰਸ, ਉੱਤਰ-ਪ੍ਰਦੇਸ਼

ਵਸੰਤ, *ਸੰਗੀਤ ਵਿਸ਼ਾਰਦ*, ਸੰਗੀਤ ਕਾਰਯਾਲਯ ਹਾਥਰਸ (ਉੱਤਰ-ਪ੍ਰਦੇਸ਼) ਨਵੰਬਰ, 1956 .

- ਉਹੀ - *ਰਾਗ ਕੋਸ਼*, ( ਸੰਪਾ. ਲਕਸ਼ਮੀ ਨਾਰਾਇਣ ਗਰਗ) ਸੰਗੀਤ ਕਾਰਯਾਲਯ ਹਾਥਰਸ (ਉੱਤਰ-ਪ੍ਰਦੇਸ਼),1990

ਵਰਮਾ ਧੀਰੇਂਦਰ (ਡਾ.) ਬ੍ਰਜੇਸ਼ਵਰ ਵਰਮਾ (ਡਾ.) *ਹਿੰਦੀ ਸਾਹਿਤ ਕੋਸ਼* (ਭਾਗ ਪਹਿਲਾ) ਗਿਆਨ ਮੰਡਲ ਲਿਮਟਿਡ, ਬਨਾਰਸ-2015 ਬਿਕਰਮੀ

ਵਿਨਾਇਕ ਰਾਵ ਪਟਵਰਧਨ, *ਰਾਗ ਵਿਗਿਆਨ* (ਭਾਗ ਪੰਜ), ਸੰਗੀਤ ਗੌਰਵ ਗ੍ਰੰਥਮਾਲਾ, ਪੂਨਾ

ਵਿਜੇਂਦਰ ਸਨਾਤਕ *ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ*, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ-7 . (ਦੂਜਾ ਸੰਸ), 1968 .

ਰਾਜਾ ਨਵਾਬ ਅਲੀ, *ਮਾਰਿਫੁਨਗਮਾਤ* (ਪ੍ਰਥਮ ਭਾਗ), ਸੰਗੀਤ ਕਾਰਯਾਲਯ, ਹਾਥਰਸ (ਉੱਤਰ-ਪ੍ਰਦੇਸ਼), ਅਕਤੂਬਰ, 1974 .

ਰਾਮ ਅਵਤਾਰ ਵੀਰ — ਭਾਰਤੀਯ ਸੰਗੀਤ(ਪ੍ਰਥਮ ਭਾਗ),ਵੀਰ ਸੰਗੀਤ ਪ੍ਰਕਾਸ਼ਨ,ਨਵੀਂ ਦਿੱਲੀ-110035,1986.

ਰਾਮ ਕ੍ਰਿਸ਼ਨ ਬੁਆ ਵੁਝੇ — ਸੰਗੀਤ ਕਲਾ ਪ੍ਰਕਾਸ਼, ਰਾਮ ਕ੍ਰਿਸ਼ਨ ਸੰਗੀਤ ਵਿਦਿਆਪੀਠ,ਪੂਨਾ-2,19

ਰਾਮਾਮਾਤਯ, — ਸਵਰ ਮੇਲ ਕਲਾਨਿਧੀ,(ਅਨੁ.ਪੰਡਿਤ ਵਿਸ਼ੰਭਰ ਨਾਥ ਭੱਟ),ਸੰਗੀਤ ਕਾਰਯਾਲਯ ਹਾਥਰਸ (ਉੱਤਰ-ਪ੍ਰਦੇਸ਼),1963.

<u>ਸੰਸਕ੍ਰਿਤ</u>

ਭਰਤਮੁਨੀ — ਨਾਟਯ ਸ਼ਾਸਤਰ,ਨਿਰਣਯ ਸਾਗਰ,ਪ੍ਰੈਸ, ਬੰਬਈ

ਐਮ ਰਾਮ ਕ੍ਰਿਸ਼ਣ ਕਵੀ, — ਭਰਤ ਕੋਸ਼, ਮੁਨਸ਼ੀਰਾਮ ਮਨੋਹਰਲਾਲ ਪਬਲੀਕੇਸ਼ਨਸ ਪ੍ਰਾਈਵੇਟ ਲਿਮਟਿਡ,(ਦੂਜਾ ਸੰਸ.) 1983.

ਸ਼ਾਰਗੰਦੇਵ(ਪੰਡਿਤ), — ਸੰਗੀਤ ਰਤਨਾਕਰ,(ਸੰਪਾ. ਸੁਬਰਾਹਮਣੀਅਮ ਸ਼ਾਸਤ੍ਰੀ),ਮਦਰਾਸ,1959.

ਅੰਗਰੇਜ਼ੀ

- Bhatkhande, V.N. — A Short Historical Survey of the Music of Upper India, Bombay, 1924
- C.R. Day — The Music and Musical Instruments of Southern India and the Deccan, B.R. Publishing Corpn., Delhi.
- Chatterji, Suniti Kumar — Jayadeva, Sahitya Akademy, New Delhi, (Second Edition), 1981
- Gautam, M.R. — Evolution of Raga and Tala in Music Munshiram Manoharlal Publishers Pvt. Ltd. (First Edition), 1989.
- Gurnam Singh — Musicological Study of Guru Nanak Bani (Unpublished doctoral dissertation) Punjab University, Chandigarh, 1988
- Mansukhani, G.S. — Indian Classical Music and Sikh Kirtan, Oxford IBH Publishing Co., New Delhi 1982.
- Prajnanananda, Swami — A Historical Study of Indian Music, Munshiram Manoharlal Publishers Pvt. Ltd. (Second Edition) 1981
- Ranade, G.H. — Hindustani Music: Its Physics and Aesthetics, Popular Prakashan, Bombay, (Third Ediction), 1971
- Shivananda, Swami — Bhakti and Sankirtan, The Divine Life Society, (U.P) 1984
- Sinha, Purnima — An Approach to the study of Indian Music Indian Publications, Calcutta, 1970.
- Simon Robert Leopold, — Spiritual Aspects of Indian Music, Sundeep Prakashna, Delhi, 1984.
- Tagore, S.M. — Universal History of Music, Mittal Publications, New Delhi.
- Walter Cafman — The Ragas of North India, Oxford IBH Publishing Company, Calcutta.
- Willard Capt. — A Treatise on the Music of Hindustan, N.A. Calcutta, 1834.

ਪਤ੍ਰਿਕਾਵਾਂ

ਨਾਨਕ ਪ੍ਰਕਾਸ਼ ਪਤ੍ਰਿਕਾ (ਅੰਕ ਪਹਿਲਾ) — ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970

ਸਿਮ੍ਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, — (ਸੰਪਾ. ਪ੍ਰਿੰਸੀਪਲ ਸਤਿਬੀਰ ਸਿੰਘ, ਡਾ. ਗੁਰਨਾਮ ਸਿੰਘ), 199